ਵਲਜਾਰਾ ਬੇਰੀ

ਬਾਤਾਂ ਮੁੱਢ ਕਦੀਮ ਦੀਆਂ

ਸੰਪੂਰਨ

www.PunjabiLibrary.com

www.PunjabiLibrary.com

ਏਸੇ ਕਲਮ ਤੋਂ :

- ☆ ਲੋਕਧਾਰਾ ਵਿਸ਼ਵਕੋਸ਼ (ਅੱਠ ਜਿਲਦਾਂ—ਸੰਪੂਰਨ ਸੈੱਟ)
- ☆ ਲੋਕ ਧਰਮ
- ☆ ਪੰਜਾਬ ਦੀਆਂ ਜਨੌਰ ਕਹਾਣੀਆਂ
- ☆ ਪੰਜਾਬ ਦੀਆਂ ਲੋਕ ਕਹਾਣੀਆਂ
- ☆ ਬਾਤਾਂ ਮੁੱਢ ਕਦੀਮ ਦੀਆਂ (ਸੰਪੂਰਨ)
- ☆ ਪੰਜਾਬੀ ਸਾਹਿਤ ਇਤਿਹਾਸ ਦੀਆਂ ਲੋਕ-ਰੁੜ੍ਹੀਆਂ

ਬਾਤਾਂ ਮੁੱਢ ਕਦੀਮ ਦੀਆਂ

(ਸੰਪੂਰਨ)

ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ

ਨੈ.ਬੁ.ਸ਼.

ਨੈਸ਼ਨਲ ਬੁਕ ਸ਼ਾਪ
ਪਲੱਈਅਰ ਗਾਰਡਨ ਮਾਰਕੀਟ,
ਚਾਂਦਨੀ ਚੌਂਕ, ਦਿੱਲੀ-110006

BATAN MUDH KADEEM DIAN

(A collection of Panjabi Myths, Legends and Folk Tales)

by :

Dr. Sohinder Singh Wanjara Bedi
J-11/80, Rajouri Garden Ext.,
New Delhi-110027

Published by :
NATIONAL BOOK SHOP
Pleasure Garden Market, Chandni Chowk, Delhi-110006
Ph. : 011-23278392 e-mail : nbs_bookshop@rediff.com

© ਸ੍ਰੀਮਤੀ ਕੁੰਦਨ ਕੌਰ ਬੇਦੀ

ਪਹਿਲੀ ਵਾਰ : 2010

ISBN 81-7116-462-5

PRICE : 200.00

ਪ੍ਰਕਾਸ਼ਕ
ਨੈਸ਼ਨਲ ਬੁਕ ਸ਼ਾਪ ਪਲੱਈਅਰ ਗਾਰਡਨ ਮਾਰਕੀਟ,
ਚਾਂਦਨੀ ਚੌਕ, ਦਿੱਲੀ-110006 ਫ਼ੋਨ : 011-23278392

ਪ੍ਰਿੰਟਰ
ਬੀ. ਕੇ. ਆਫਸੈੱਟ ਦਿੱਲੀ-110032

ਲੋਕ-ਕਹਾਣੀਆਂ ਦੇ ਅਗਿਆਤ ਸਿਰਜਕਾਂ ਦੇ ਨਾਂ

ਤਤਕਰਾ

ਲੋਕਧਾਰਾ ਦਾ ਤਪੱਸਵੀ : ਡਾ. ਵਣਜਾਰਾ ਬੇਦੀ	—ਗੁਰਬਚਨ ਸਿੰਘ ਭੁੱਲਰ	11
ਭੂਮਿਕਾ	—ਡਾ. ਵਣਜਾਰਾ ਬੇਦੀ	17
ਬਾਤਾਂ		19
01. ਮਾਇਆ ਅਤੇ ਕਰਮ		25
02. ਹੱਕ ਨਿਆਂ ਦੀ ਰੋਟੀ		27
03. ਤੀਵੀਆਂ ਦੇ ਵਸਫ਼		28
04. ਜਦੋਂ ਕੋਈ ਰਜਦਾ ਨਹੀਂ		31
05. ਸੋਨੇ ਦਾ ਬੂਟਾ		34
06. ਇਕ ਦੂਜੇ ਦੀ ਨੌਕਰੀ		37
07. ਹੋਣੀ ਦਾ ਚਮਤਕਾਰ		39
08. ਰਲ ਬੈਠਣ ਦੀ ਬਰਕਤ		40
09. ਦਾਨਾ ਸ਼ਾਹੂਕਾਰ		43
10. ਛੰਭ ਦਾ ਇਨਸਾਫ਼		45
11. ਮਾਇਆ ਦੇ ਰੂਪ		46
12. ਇਕ ਕਬਰ ਹਜ਼ਾਰ ਅਠੂਏਂ		50
13. ਕੌੜੇ ਸੁਪਨੇ		51
14. ਨੇਜ਼ੇ ਨੂੰ ਫਲ		52
15. ਵਹੁਟੀ ਕਿਸ ਦੀ		54
16. ਸੰਜੋਗ		56
17. ਸਬਰ ਦੀ ਹੱਦ		59
18. ਤ੍ਰਿੰਡਾ		60

19. ਪਰਾਏ ਧਨ ਦਾ ਹਸ਼ਰ 62
20. ਸੰਧਿਆ 64
21. ਪਿਤਰਾਂ ਨੂੰ ਦਾਨ 65
22. ਸੱਚ ਦਾ ਨਿਤਾਰਾ 67
23. ਨਿੱਕਾ ਜਿਹਾ ਚਲਿਤ੍ਰ 70
24. ਲੋਈ ਚਲਿਤ੍ਰ 72
25. ਅਗਨੀ ਪ੍ਰੀਖਿਆ 74
26. ਅੰਨ੍ਹੇ ਦਾ ਸਵਾਂਗ 75
27. ਮੁੱਲਾ ਦੇ ਸ਼ਿਕਾਰੀ 77
28. ਚੰਦਰੀ ਸੰਗਤ 78
29. ਸ਼ੇਰ ਅਤੇ ਬਾਂਦਰ 79
30. ਲੂਣ ਦਾ ਘਰ 81
31. ਟਾਹਲੀ ਮੇਰੇ ਬੱਚੇ 82
32. ਸ਼ੇਰ ਅਤੇ ਬ੍ਰਾਹਮਣ 84
33. ਕੁੱਕੜ ਤੇ ਡੱਡੂ 89
34. ਘਾਹ ਤੇ ਮੋਥਾ 90
35. ਇਕ ਖਾਵਾਂ ਕਿ ਦੋ ਖਾਵਾਂ 90
36. ਡੱਡੂ ਰਾਜਕੁਮਾਰ 95
37. ਸੰਦਲਾਂ 97
38. ਸ਼ਾਹਣੀ ਚਿੜੀ 102
39. ਅਨਾਰਾਂ ਸ਼ਹਿਜ਼ਾਦੀ – 106
40. ਨੀਲ ਕੰਵਲ 116
41. ਸਬਜ਼ ਪਰੀ 127
42. ਪੰਜ ਜੁਤੀਆਂ 138
43. ਸੋਨੇ ਦੀ ਚਿੜੀ 145
44. ਨੇਕੀ ਦੇ ਬਦਲੇ ਬਦੀ 154
45. ਕੋਈ ਅਨੋਖਾ ਕੰਮ 161

46. ਅੱਧਾ ਭਾਈ ਜਾਗਦਾ 168
47. ਕਬੂਤਰੀ ਸ਼ਹਿਜ਼ਾਦੀ 177
48. ਅਮਰ ਫਲ ਤੇ ਪ੍ਰੇਮ 184
49. ਅੱਧੀ ਉਮਰ ਦਾ ਉਧਾਰ 186
50. ਨਿੱਕਾ ਜਿਹਾ ਚਲਿੱਤਰ 191
51. ਅੰਨ੍ਹੇ ਦਾ ਸਵਾਂਗ 194
52. ਸੁੰਢ ਤੇ ਹਲਦੀ 200
53. ਸੱਪ ਤੇ ਡੱਡੂ 204
54. ਚਿੜੀ ਤੇ ਕਾਂ 206
55. ਜੂੰ ਤੇ ਕੁੱਕੜ 209
56. ਜੂਠਾ ਅੰਬ 211
57. ਭਲੇ ਦਾ ਭਲਾ 214
58. ਇਕ ਛਿਣ ਦਾ ਖੁਦਾ 217
59. ਆਪੋ ਆਪਣਾ ਸੁਭਾਅ 219
60. ਸੱਚ ਤੇ ਝੂਠ 220
61. ਅੰਨ੍ਹੇ ਤੇ ਸੁਜਾਖੇ 220
62. ਇਕ ਪਾਸੇ 221
63. ਗੱਲ ਪੁਛਣ ਦਾ ਢੰਗ 221
64. ਮਰਦ ਦੀ ਮੁੱਛ 223
65. ਮੀਆਂ ਮਿਠੂ ਦੀ ਮਜ਼ਾਰ 225
66. ਖੂਹ ਕਿਸਦਾ ? 230
67. ਖ਼ੁਦਾ ਦਾ ਸੱਦਾ 232
68. ਦੁਨੀਆਂ ਦਾ ਪਾਤਸ਼ਾਹ 233
69. ਕਲਿਜੁਗ ਦਾ ਰੰਗ 234
70. ਕਲਿਜੁਗ ਦਾ ਪਹਿਰਾ 237
71. ਪੰਜ ਮੁਖਾ ਦੈਂਤ 238

ਮੁੱਢੀਆਂ

72. ਬੱਚੇ ਦਾ ਜਨਮ 240
73. ਮਨੁੱਖ ਦੀ ਉਮਰ 240
74. ਪੇਟ ਦੀ ਧੁੰਨੀ 241
75. ਖੋਪਰੀ ਦੀ ਛੁਣੀ 242
76. ਮੌਤ 243
77. ਮੌਤ ਦਾ ਜਨਮ 244
78. ਚੰਨ ਠੰਢਾ ਕਿਉਂ 244
79. ਸੂਰਜ ਕਾਣਾ 245
80. ਸੂਰਜ ਗਰਮ ਕਿਉਂ ? 245
81. ਚੰਨ ਗ੍ਰਹਿਣ 246
82. ਦਿਨ ਤੇ ਰਾਤ 246
83. ਅਸਮਾਨੀ ਬਿਜਲੀ 246
84. ਬੱਦਲੀ 247
85. ਗਾਲੜ੍ਹ 247
86. ਤੋਤਾ 247
87. ਕਬੂਤਰ 248
88. ਕਾਂ 248
89. ਚਕੀਰਾਹਾ 249
90. ਅੱਕ ਦਾ ਪੌਦਾ 249
91. ਹੰਸ 250
92. ਕੋਇਲ 250
93. ਮੋਰ ਦੇ ਪੰਖ 250
94. ਮੋਰ ਪੈਰਾਂ ਨੂੰ ਵੇਖ ਕਿਉਂ ਝੁਰਦਾ ਹੈ ? 251

ਜੀਵਨ-ਵੇਰਵਾ 253

ਲੋਕਧਾਰਾ ਦਾ ਤਪੱਸਵੀ : ਡਾ. ਵਣਜਾਰਾ ਬੇਦੀ

ਪੰਜਾਬੀ ਲੋਕਧਾਰਾ ਦੀ ਗੱਲ ਕਦੀ ਵੀ, ਕਿਤੇ ਵੀ ਚੱਲੇ, ਇਕਦਮ ਡਾ. ਵਣਜਾਰਾ ਬੇਦੀ ਦੀ ਮੂਰਤ ਮਨ ਦੀਆਂ ਅੱਖਾਂ ਅੱਗੇ ਉੱਭਰ ਆਉਂਦੀ ਹੈ। ਅਸਲ ਵਿਚ ਤਾਂ ਪੰਜਾਬੀ ਲੋਕਧਾਰਾ ਅਤੇ ਡਾ. ਵਣਜਾਰਾ ਬੇਦੀ ਸਮਾਨਾਰਥੀ ਬਣ ਗਏ ਹਨ। ਇਹ ਰਾਂਝਾ-ਰਾਂਝਾ ਆਖਦਿਆਂ, ਆਪ ਹੀ ਰਾਂਝਾ ਹੋ ਜਾਣ ਦੀ ਇਕ ਉਜਾਗਰ ਉਦਾਹਰਨ ਹੈ। ਤੇ ਇਹ ਮੂਰਤ ਆਮ ਅਕਾਦਮਿਕ ਅਰਥਾਂ ਵਿਚ ਸਾਧਾਰਨ ਖੋਜਕਾਰ ਵਾਲੀ ਨਹੀਂ, ਰਿਖੀਸਰਾਂ-ਤਪੀਸਰਾਂ, ਵਾਲੀ ਹੈ—ਰਿਖੀਆਂ ਵਾਲੀ ਗਹਿਰ-ਗੰਭੀਰਤਾ, ਗਿਆਨਵਾਨਤਾ ਤੇ ਵਿਚਾਰਵਾਨਤਾ ਅਤੇ ਤਪੱਸਵੀਆਂ ਵਾਲੀ ਸਾਧਨਾ, ਲਗਨ ਤੇ ਅਣਥੱਕਤਾ।

ਡਾ. ਵਣਜਾਰਾ ਬੇਦੀ ਤੋਂ ਪਹਿਲਾਂ ਪੰਜਾਬੀ ਲੋਕਧਾਰਾ ਦੀ ਖੋਜ ਦੇ ਖੇਤਰ ਵਿਚ ਜੋ ਯਤਨ ਹੋਏ, ਉਹ ਮੋਟੇ ਤੌਰ ਉੱਤੇ ਲੋਕਗੀਤ ਇਕੱਠੇ ਕਰਨ ਤੱਕ, ਸੀਮਤ ਸਨ। ਇਨ੍ਹਾਂ ਨੇ ਲੋਕਧਾਰਾ ਨੂੰ ਉਹਦੀ ਸਮੁੱਚਤਾ ਵਿਚ ਲਿਆ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਲੋਕਧਾਰਾ ਸੰਬੰਧਿਤ ਭਾਈਚਾਰੇ ਦੇ ਸਭਿਆਚਾਰ, ਪਰੰਪਰਾ ਅਤੇ ਵਿਰਸੇ ਦੀ ਸਾਕਾਰਤਾ ਹੋਣ ਕਰਕੇ ਲੋਕਾਂ ਦੇ ਮਨ ਵਿਚ ਵਸੀ ਹੋਈ ਹੁੰਦੀ ਹੈ ਅਤੇ ਇਸੇ ਕਾਰਨ ਚਿਰਜੀਵੀ ਹੁੰਦੀ ਹੈ। ਪਰ ਇਹ ਗੱਲ ਵੀ ਏਨੀਂ ਹੀ ਸੱਚ ਹੈ ਕਿ ਇਸ ਉੱਤੇ ਇਤਿਹਾਸ ਦੀ ਧੂੜ ਵੀ ਪੈਂਦੀ ਰਹਿੰਦੀ ਹੈ ਅਤੇ ਹੁਣ, ਖ਼ਾਸ ਕਰਕੇ ਵਿਗਿਆਨ ਤੇ ਤਕਨਾਲੋਜੀ ਦੁਆਲੇ ਕਾਹਲੀ ਨਾਲ ਘੁੰਮਦੀ ਜ਼ਿੰਦਗੀ ਦੇ ਰੌਲੇ-ਗੌਲੇ ਵਿਚ, ਇਸ ਦੀ ਸੁਰੀਲੀ ਸੁਰ ਗੁਆਚਣ ਵੀ ਲੱਗ ਪਈ ਹੈ। ਇਸੇ ਕਰਕੇ ਲੋਕਧਾਰਾ ਨੂੰ ਇਹਦੇ ਮੂਲ ਮੌਖਿਕ ਰੂਪ ਤੋਂ ਲਿਖਤ ਵਿਚ ਉਤਾਰਨਾਂ ਬਹੁਤ ਮਹੱਤਵ ਪੂਰਨ ਹੋ ਗਿਆ ਹੈ। ਇਥੇ ਹੀ ਡਾ. ਵਣਜਾਰਾ ਬੇਦੀ ਦੀ ਵਡਮੁੱਲੀ ਭੂਮਿਕਾ ਆਉਂਦੀ ਹੈ।

ਲੋਕਧਾਰਾ ਦਾ ਵਾਸਾ ਲੋਕ-ਮਨ ਵਿਚ ਹੋਣ ਦੇ ਬਾਵਜੂਦ ਜ਼ਰੂਰੀ ਨਹੀਂ ਕਿ ਹਰ ਕੋਈ ਇਸਦੀ ਹੋਂਦ ਬਾਰੇ ਅਤੇ ਇਸ ਦੇ ਮਹੱਤਵ ਬਾਰੇ ਸੁਚੇਤ ਅਤੇ ਜਾਗਰਿਤ ਹੋਵੇ। ਇਹ ਇੰਜ ਹੁੰਦਾ ਹੈ ਜਿਵੇਂ ਕਿਸੇ ਪਰਿਵਾਰ ਦੇ ਵਿਹੜੇ ਵਿਚ ਮੋਹਰਾਂ ਦੀ ਗਾਗਰ ਦੱਬੀ ਪਈ ਹੋਵੇ ਅਤੇ ਉਸ ਘਰ ਵਿਚ ਵਸਦੇ ਜੀਆਂ ਨੂੰ ਉਹਦੀ ਸੋਝੀ ਹੀ ਨਾ ਹੋਵੇ ਤੇ ਉਹ ਉਹਦੇ ਉੱਤੇ ਤੁਰੇ ਫਿਰਦੇ ਹੋਣ। ਡਾ. ਵਣਜਾਰਾ ਬੇਦੀ ਨੇ ਲੋਕਧਾਰਾਈ ਮੋਹਰਾਂ ਦੀ ਇਸ ਗਾਗਰ ਤੋਂ ਅਤੇ ਇਸ ਦੇ ਮੁੱਲ ਤੋਂ ਪੰਜਾਬੀਆਂ ਨੂੰ ਜਾਣੂ ਕਰਵਾਉਣ ਦਾ ਭਰਪੂਰ ਹੰਭਲਾ ਮਾਰਿਆ।

ਲੋਕਧਾਰਾ ਦੇ ਖੇਤਰ ਵਿਚ ਡਾ. ਵਣਜਾਰਾ ਬੇਦੀ ਦਾ ਕੰਮ ਮਾਤਰਾ ਦੇ ਪੱਖੋਂ ਵੀ ਭਾਰਾ-ਗੌਰਾ ਹੈ ਅਤੇ ਗੁਣਤਾ ਦੇ ਪੱਖੋਂ ਵੀ ਨਿੱਗਰ-ਨਰੋਆ ਹੈ। ਆਮ ਕਰਕੇ ਕਿਹਾ

ਜਾਂਦਾ ਹੈ ਕਿ ਇਹਨਾਂ ਨੇ ਇਕ ਸੰਸਥਾ ਜਿੰਨਾ ਕੰਮ ਕੀਤਾ ਹੈ। ਮੈਂ ਸਮਝਦਾ ਹਾਂ ਕਿ ਇਹ ਆਖਣਾ ਵੀ ਇਹਨਾਂ ਦੇ ਕੰਮ ਦਾ ਪੂਰਾ ਮੁੱਲ ਨਾ ਪਾਉਣ ਵਾਂਗ ਹੈ। ਇਹ ਗੱਲ ਇਹਨਾਂ ਅਰਥਾਂ ਵਿਚ ਤਾਂ ਠੀਕ ਹੈ ਕਿ ਜੋ ਖੋਜ-ਕਾਰਜ ਇਹਨਾਂ ਨੇ ਨੇਪਰੇ ਚਾੜ੍ਹਿਆ ਹੈ, ਉਹ ਕਿਸੇ ਇਕੱਲੇ-ਇਕਹਿਰੇ ਵਿਅਕਤੀ ਦੇ ਵਿਤ ਤੋਂ ਬਾਹਰ ਦੀ ਗੱਲ ਹੈ; ਏ ਨਾਂ ਕੰਮ ਕੋਈ ਸੰਸਥਾ ਹੀ ਨਿਭਾ ਸਕਦੀ ਹੈ, ਜਿਸ ਵਿਚ ਅਨੇਕ ਖੋਜਕਾਰਾਂ ਦਾ ਅਮਲਾ ਸਿਰ ਜੋੜ ਕੇ ਕੰਮ ਕਰ ਰਿਹਾ ਹੋਵੇ। ਪਰ ਇਹ ਗੱਲ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਪੰਜਾਬੀ ਲੋਕਧਾਰਾ ਦੀ ਖੋਜ ਦੇ ਖੇਤਰ ਵਿਚ ਇਸ ਇਕ ਇਕੱਲੇ-ਇਕਹਿਰੇ ਵਿਅਕਤੀ ਨੇ ਤਾਂ ਸੰਸਥਾ ਜਿੰਨਾ ਕੰਮ ਕਰ ਦਿਖਾਇਆ, ਪਰ ਆਪਣੀ ਪ੍ਰਾਪਤੀ ਦੇ ਪੱਖੋਂ ਇਸ ਇਕੱਲੇ-ਇਕਹਿਰੇ ਵਿਅਕਤੀ ਦੇ ਬਰਾਬਰ ਦੇ ਕੱਦ ਵਾਲੀ ਕੋਈ ਸੰਸਥਾ ਨਜ਼ਰ ਨਹੀਂ ਆਉਂਦੀ।

ਡਾ. ਵਣਜਾਰਾ ਬੇਦੀ ਦੀ ਘਾਲਣਾ ਦੇਖਦਿਆਂ, ਪੰਜਾਬੀ ਵਿਚ ਭਾਈ ਕਾਨ੍ਹ ਸਿੰਘ ਨਾਭਾ ਦਾ ਨਾਂ ਜ਼ਰੂਰ ਚੇਤੇ ਆਉਂਦਾ ਹੈ। ਉਹਨਾਂ ਵਲੋਂ ਆਪਣੇ ਸਮੇਂ ਵਿਚ ਤਿਆਰ ਕੀਤਾ ਗਿਆ 'ਮਹਾਨ ਕੋਸ਼' ਸਚਮੁੱਚ ਇਕ ਕਾਰਨਾਮਾ ਸੀ। ਪਰ ਭਾਈ ਸਾਹਿਬ ਦੀ ਪ੍ਰਾਪਤੀ ਵਿਚ ਲੱਗੀ ਘਾਲਣਾ ਨੂੰ ਰੱਤੀ-ਭਰ ਵੀ ਛੁਟਿਆਏ ਬਿਨਾਂ ਇਹ ਕਹਿਣਾ ਵਾਜਬ ਹੋਵੇਗਾ ਕਿ ਉਹਨਾਂ ਨੂੰ ਅਤੇ ਡਾ. ਵਣਜਾਰਾ ਬੇਦੀ ਨੂੰ ਪ੍ਰਾਪਤ ਸਹੂਲਤਾਂ ਅਤੇ ਵਸੀਲਿਆਂ ਵਿਚ ਧਰਤੀ-ਅਸਮਾਨ ਦਾ ਫ਼ਰਕ ਹੈ। ਭਾਈ ਸਾਹਿਬ ਨੂੰ ਖੋਜ-ਕਾਰਜ ਵਿਚ ਵੀ ਸਹਾਇਤਾ ਦੀ ਕੋਈ ਘਾਟ ਨਹੀਂ ਸੀ ਅਤੇ ਆਪਣੀ ਰਚਨਾ ਦੇ ਪ੍ਰਕਾਸ਼ਨ ਵਿਚ ਵੀ। 'ਮਹਾਨ ਕੋਸ਼' ਦੀ ਛਪਾਈ ਲਈ ਸਿੱਖ ਰਾਜੇ ਵੀ ਤਤਪਰ ਸਨ ਅਤੇ ਸਿੱਖ-ਭਾਈਚਾਰੇ ਦੇ ਆਗੂ ਵੀ। ਦੂਜੇ ਪਾਸੇ—ਡਾ. ਵਣਜਾਰਾ ਬੇਦੀ ਨੂੰ ਆਪਣਾ ਖੋਜ-ਕਾਰਜ ਵੀ ਇਕੱਲਿਆਂ ਪੂਰਾ ਕਰਨਾ ਪਿਆ ਅਤੇ ਉਹਨੂੰ ਪੁਸਤਕਾਂ ਦਾ ਰੂਪ ਦੇਣ ਲਈ, ਖ਼ਾਸ ਕਰਕੇ 'ਪੰਜਾਬੀ ਲੋਕਧਾਰਾ ਵਿਸ਼ਵਕੋਸ਼' ਦੇ ਸੰਬੰਧ ਵਿਚ, ਜਤਨ ਵੀ ਆਪ ਹੀ ਕਰਨੇ ਪਏ। ਏਨਾਂ ਫੈਲਵਾਂ ਕਾਰਜ ਨੇਪਰੇ ਚਾੜ੍ਹਨ ਲਈ ਇਹਨਾਂ ਨੂੰ ਆਪਣੇ ਤਨ ਦੀ ਬੱਤੀ ਵੀ ਬੇਪਰਵਾਹ ਹੋ ਕੇ ਦੋਵਾਂ ਪਾਸਿਆਂ ਤੋਂ ਬਾਲਣੀ ਪਈ ਅਤੇ ਆਪਣੇ ਮਨ ਨੂੰ ਵੀ ਹੋਰ ਸਭ ਪਾਸਿਆਂ ਤੋਂ ਹਟਾ ਕੇ ਆਪਣੇ ਚਿਤਵੇ ਹੋਏ ਨਿਸ਼ਾਨੇ ਦੀ ਪੂਰਤੀ ਲਈ ਖੋਜ-ਸਾਗਰ ਵਿਚ ਡੂੰਘਾ ਹੀ ਡੂੰਘਾ ਉਤਾਰਨਾ ਪਿਆ। ਇਸ ਦੇ ਫਲਸਰੂਪ ਇਹਨਾਂ ਦੀ ਸਰੀਰਕ ਹਾਲਤ ਅੱਜ ਸਾਡੇ ਸਾਹਮਣੇ ਹੈ। ਤੇ 'ਪੰਜਾਬੀ ਲੋਕਧਾਰਾ ਵਿਸ਼ਵਕੋਸ਼' ਅਤੇ 'ਪਰੰਪਰਾ' ਰਸਾਲੇ ਦੇ ਪ੍ਰਕਾਸ਼ਨ ਲਈ ਇਹਨਾਂ ਨੂੰ ਆਪਣੇ ਸਾਧਾਰਨ ਮਾਇਕ ਵਸੀਲੇ ਨਿਚੋੜਨ ਦੀ ਕੁਰਬਾਨੀ ਵੀ ਦੇਣੀ ਪਈ। ਇਉਂ ਇਹ ਕੋਈ ਅਤਿਕਥਨੀ ਨਹੀਂ ਕਿ ਡਾ. ਵਣਜਾਰਾ ਬੇਦੀ ਨੇ ਤਨ, ਮਨ ਅਤੇ ਧਨ, ਬਿਨਾਂ ਕਿਸੇ ਸੰਕੋਚ ਜਾਂ ਸਰਫੇ ਤੋਂ, ਪੰਜਾਬੀ ਲੋਕਧਾਰਾ ਦੇ ਹਵਾਲੇ ਕਰ ਦਿੱਤੇ।

ਆਮ ਦੇਖਣ ਵਿਚ ਆਇਆ ਹੈ ਕਿ ਸਾਡੇ ਬਹੁਤੇ ਖੋਜੀਆਂ ਦਾ ਕੰਮ ਨੌਕਰੀ ਦੀ ਪ੍ਰਾਪਤੀ ਵੱਲ ਜਾਂ ਪ੍ਰਾਪਤ ਨੌਕਰੀ ਵਿਚ ਅਗਲੇਰੀ ਤਰੱਕੀ ਵੱਲ ਸੇਧਿਆ ਹੋਇਆ ਹੁੰਦਾ ਹੈ। ਇਸੇ ਕਰਕੇ ਨੌਕਰੀ ਜਾਂ ਤਰੱਕੀ ਦੇ ਉਦੇਸ਼ ਦੀ ਪੂਰਤੀ ਹੋ ਜਾਣ ਮਗਰੋਂ ਅਜਿਹੇ ਖੋਜੀ ਅਮਲੀ ਖੋਜ-ਖੇਤਰ ਵਿਚੋਂ ਬਾਹਰ ਹੋ ਜਾਂਦੇ ਹਨ ਅਤੇ ਆਪਣੀ ਪੁਰਾਣੀ

ਕਮਾਈ ਭੋਰ-ਭੋਰ ਖਾਣ ਲਗਦੇ ਹਨ ਤੇ ਉਸ ਸਹਾਰੇ ਆਪਣੇ ਆਪ ਨੂੰ ਖੋਜੀ ਕਹਾਉਂਦੇ ਰਹਿੰਦੇ ਹਨ। ਡਾ. ਵਣਜਾਰਾ ਬੇਦੀ ਨੇ ਅਜਿਹਾ ਕੋਈ ਉਦੇਸ਼ ਸਾਹਮਣੇ ਨਹੀਂ ਰਖਿਆ। ਇਹਨਾਂ ਦੇ ਖੋਜ-ਕਾਰਜ ਦਾ ਉਦੇਸ਼ ਖੋਜ-ਕਾਰਜ ਹੀ ਸੀ। ਇਹਨਾਂ ਦੇ ਕੰਮ ਸੰਬੰਧੀ ਦੋ ਗੱਲਾਂ ਦੇਖਣ ਵਾਲੀਆਂ ਹਨ। ਇਕ ਤਾਂ ਹੈ ਇਹਨਾਂ ਦਾ ਪ੍ਰਾਪਤੀ ਦੀ ਕਿਸੇ ਹਉਮੈਂ ਤੋਂ ਉੱਕਾ ਹੀ ਮੁਕਤ, ਸਿਰੜੀ, ਨਿਸ਼ਕਾਮ, ਸ਼ਾਂਤ, ਸਾਧੂ ਸੁਭਾਅ। ਇਹਨਾਂ ਨੂੰ ਮਿਲੋ ਤਾਂ ਲਗਦਾ ਹੈ, ਜਿਵੇਂ ਫੁੱਲਾਂ ਨਾਲ ਭਰੇ ਹੋਏ ਕੰਢਿਆਂ ਵਾਲੀ ਨਿਰਮਲ-ਨਿੱਤਰੀ ਝੀਲ ਤੋਂ ਆਇਆ ਹਵਾ ਦਾ ਮਹਿਕਦਾ ਬੁੱਲ੍ਹਾ ਤੁਹਾਡੇ ਤਨ-ਮਨ ਵਿਚੋਂ ਲੰਘ ਗਿਆ ਹੋਵੇ। ਪਿਛਲੇ ਪੱਚੀ ਸਾਲਾਂ ਤੋਂ ਹਰ ਮਿਲਣੀ ਵਿਚ ਮੈਨੂੰ ਤਾਂ ਇਹੋ ਅਨੁਭਵ ਹੋਇਆ ਹੈ। ਦੂਜੀ ਗੱਲ ਹੈ, ਇਹਨਾਂ ਵਲੋਂ ਪੂਰਨੇ ਪਾਏ ਜਾਣਾ। ਜਿਸ ਟੀਚੇ ਵੱਲ ਇਹ ਤੁਰੇ, ਉਸ ਤੱਕ ਪੁੱਜਣ ਲਈ ਕੋਈ ਗਾਡੀ ਰਾਹ ਤਾਂ ਕੀ, ਕੋਈ ਚੱਜ ਦੀ ਪਗਡੰਡੀ ਵੀ ਨਹੀਂ ਸੀ ਮਿਲਦੀ। ਪੰਜਾਬੀ ਲੋਕਧਾਰਾ ਦੇ ਖੇਤਰ ਵਿਚ ਇਹ ਆਪ ਅਣਗਾਹੇ ਰਾਹਾਂ ਉੱਤੇ ਤੁਰੇ, ਪਰ ਆਪਣੇ ਮਗਰਲਿਆਂ ਲਈ ਮਾਰਗ ਉਲੀਕਦੇ ਗਏ।

ਵਣਜਾਰਾ ਬੇਦੀ ਬਨਾਮ ਸੰਸਥਾਵਾਂ ਦੇ ਸੰਬੰਧ ਵਿਚ ਇਹ ਗੱਲ ਵੀ ਧਿਆਨ ਮੰਗਦੀ ਹੈ ਕਿ ਪੰਜਾਬੀ ਦੇ ਵਿਕਾਸ ਦੇ ਨਾਂ ਉੱਤੇ ਕਾਰਜਸ਼ੀਲ ਕਿਸੇ ਸੰਸਥਾ, ਯੂਨੀਵਰਸਿਟੀ ਜਾਂ ਵਿਭਾਗ ਨੇ ਕੋਈ ਅਜਿਹੀ ਪੇਸ਼ਕਸ਼ ਨਹੀਂ ਕੀਤੀ, ਜੋ ਇਹਨਾਂ ਦੇ ਕੰਮ ਵਿਚ ਅਤੇ ਇਉਂ ਅੰਤ ਨੂੰ ਪੰਜਾਬੀ ਸਭਿਆਚਾਰ ਦੇ ਭਲੇ ਵਿਚ ਸਹਾਇਕ ਹੋਵੇ। ਕਿਸੇ ਸੰਸਥਾ ਵਲੋਂ ਇਸ ਖੇਤਰ ਵਿਚ ਇਹਨਾਂ ਦੇ ਗਹਿਰ-ਗੰਭੀਰ ਅਤੇ ਭਰਪੂਰ ਅਨੁਭਵ ਤੋਂ ਲਾਭ ਖੱਟਣ ਦਾ ਕੋਈ ਯਤਨ ਹੋਇਆ ਵੀ ਨਜ਼ਰ ਨਹੀਂ ਪੈਂਦਾ। ਹੁਣ ਪੰਜਾਬ ਦੇ ਕੁਝ ਵਿਸ਼ਵ-ਵਿਦਿਆਲਿਆਂ ਵਿਚ ਲੋਕਧਾਰਾ ਵੱਲ ਧਿਆਨ ਦਿਤਾ ਜਾਣ ਲਗਿਆ ਹੈ। ਮੈਂ ਸਮਝਦਾ ਹਾਂ, ਇਹ ਵੀ ਇਕ ਤਰ੍ਹਾਂ ਨਾਲ ਡਾ. ਵਣਜਾਰਾ ਬੇਦੀ ਦੀ ਕਿਰਤ-ਕਮਾਈ ਦਾ ਹੀ ਸਿੱਟਾ ਹੈ।

ਡਾ. ਵਣਜਾਰਾ ਬੇਦੀ ਨੂੰ ਲੋਕਧਾਰਾ ਨਾਲ ਆਪਣਾ ਇਸ਼ਕ—ਜਿਸ ਨੂੰ ਉਹ ਇਸ਼ਕ ਮਜਾਜੀ ਵੀ ਆਖਦੇ ਹਨ ਅਤੇ ਇਸ਼ਕ ਹਕੀਕੀ ਵੀ, ਭਾਵ ਜਿਸਮ ਤੋਂ ਰੂਹ ਦੀਆਂ ਡੂੰਘਾਣਾਂ ਤਕ ਉਤਰਿਆ ਹੋਇਆ ਅਤੇ ਆਪਣੇ ਜ਼ਿੰਦਗੀ ਦੇ ਹਰ ਕਣ, ਹਰ ਸਾਹ ਵਿਚ ਸਮਾਇਆ ਹੋਇਆ, ਜੀਵਨ ਦਾ ਸਾਰਾ ਨਸ਼ਾ ਅਤੇ ਰੂਹ ਦਾ ਅਨੰਦ ਵੀ ਆਖਦੇ ਹਨ—ਨਿਭਾਉਣ ਲਈ ਹੋਰ ਅਨੇਕ ਇਸ਼ਕ ਕੁਰਬਾਨ ਕਰਨੇ ਪਏ।

ਇਹਨਾਂ ਦਾ ਪਹਿਲਾ ਇਸ਼ਕ ਕਵਿਤਾ ਸੀ। ਕਾਵਿ-ਮੰਡਲ ਵੱਲ ਜਾਂਦੇ ਰਾਹ ਉਤੇ ਇਹ ਰੂਹ ਦੀ ਤ੍ਰਿਪਤੀ ਅਤੇ ਸੁਪਨ-ਮੱਤੇ ਚਾਵਾਂ ਨਾਲ ਤੁਰੇ। ਲਿਖਣ ਨੂੰ ਇਹ ਰਚਨਾਤਮਕ ਕਾਰਜ ਦੇ ਨਾਲ-ਨਾਲ ਦੈਵੀ ਕਾਰਜ ਵੀ ਮੰਨਦੇ ਹਨ। ਇਹਨਾਂ ਦਾ ਕਹਿਣਾ ਹੈ, "ਜਿਸ ਮਾਨਸਿਕ ਅਵਸਥਾ ਵਿਚੋਂ ਸਿਰਜਣਾ ਕੀਤੀ ਜਾਂਦੀ ਹੈ, ਉਹ ਦੈਵੀ ਅਵਸਥਾ ਵਾਂਗ ਸ੍ਰੈ ਨਾਲ ਇਕਸੁਰਤਾ ਵਾਲੀ ਅਦਭੁਤ ਅਤੇ ਅਲੌਕਿਕ ਅਵਸਥਾ ਹੁੰਦੀ ਹੈ। ... ਜਦੋਂ ਮੈਂ ਪਹਿਲੀ ਕਵਿਤਾ ਕਿਸੇ ਵਿਜੋਗੀ ਅਵਸਥਾ ਵਿਚ ਲਿਖੀ ਸੀ, ਤਾਂ ਮੈਨੂੰ ਆਪਣਾ ਆਪਾ ਵਿਰਾਟ ਅਤੇ ਪਸਰਿਆ ਹੋਇਆ ਲਗਿਆ, ਕਈ ਦਿਨ ਖੁਮਾਰੀ ਚੜ੍ਹੀ ਰਹੀ। ਸਿਰਜਣ ਦੀ ਇਹੋ ਖੁਮਾਰੀ ਮਗਰੋਂ ਮੈਨੂੰ ਜ਼ਿੰਦਗੀ ਦੇ ਰਹੱਸਾਂ ਨੂੰ ਸਮਝਣ, ਮਨ ਦੇ ਧੁਰ ਅੰਦਰਲੇ

ਤੱਕ ਉਤਰਨ ਅਤੇ ਸੁਹਜ-ਅਨੰਦ ਦੇ ਜਲੌ ਨੂੰ ਮਾਣਨ ਵਿਚ ਸਹਾਇਕ ਹੋਈ !" ਇਹਨਾਂ ਨੇ ਬਹੁਤ ਸਾਰੀ ਕਾਵਿ-ਰਚਨਾ ਕੀਤੀ ਅਤੇ "ਖ਼ੁਸ਼ਬੂਆਂ" (1944), "ਕੰਵਲ ਪੱਤੀਆਂ" (1956) ਅਤੇ "ਪਾਣੀ ਅੰਦਰ ਲੀਕ" (1964) ਨਾਂ ਦੇ ਤਿੰਨ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਕਰਵਾਏ। ਇਹਨਾਂ ਨੇ ਅਧਿਆਤਮਕ, ਰਹੱਸਵਾਦੀ ਰੰਗਣ ਵਾਲੀਆਂ ਕਵਿਤਾਵਾਂ ਵੀ ਲਿਖੀਆਂ ਅਤੇ ਸਮਕਾਲੀ ਵਿਸ਼ੇ ਵੀ ਅਪਣਾਏ। ਇਹਨਾਂ ਦੇ ਪਿਆਰ-ਗੀਤਾਂ ਵਿਚੋਂ ਲੋਕਗੀਤਾਂ ਦੀ ਮਹਿਕ ਆਉਂਦੀ ਹੈ। ਇਹਨਾਂ ਨੇ ਦੋ-ਢਾਈ ਦਰਜਨ ਕਹਾਣੀਆਂ ਵੀ ਲਿਖੀਆਂ, ਜਿਨ੍ਹਾਂ ਵਿਚੋਂ ਕੁਝ ਸਮੇਂ-ਸਮੇਂ ਪੱਤਰ-ਪੱਤਰਿਕਾਵਾਂ ਵਿਚ ਛਪੀਆਂ। ਭਾਵੇਂ ਇਹਨਾਂ ਨੇ ਇਕਾਂਗੀ ਅਤੇ ਪੂਰੇ ਨਾਟਕ ਵੀ ਲਿਖੇ, ਪਰ ਕਹਾਣੀ ਵਿਚ ਇਹਨਾਂ ਦੀ ਵਧੀਕ ਦਿਲਚਸਪੀ ਸੀ। ਕਹਾਣੀ ਨੂੰ ਇਹ ਇਕ ਅਜਿਹਾ ਰੂਪਾਕਾਰ ਮੰਨਦੇ ਹਨ, ਜਿਸ ਵਿਚ ਇੱਛਾ ਅਨੁਸਾਰ ਮਨ ਇਕਾਗਰ ਕਰ ਕੇ ਰਚਨਾ ਕੀਤੀ ਜਾ ਸਕਦੀ ਹੈ। ਇਹਨਾਂ ਦੀ ਕਹਾਣੀ-ਰਚਨਾ ਦਾ ਮਹੱਤਵ ਇਕ ਗੱਲ ਵਿਚ ਵੀ ਹੈ ਕਿ ਇਹ ਰੁਚੀ ਸਹਿਜੇ-ਸਹਿਜੇ ਲੋਕ-ਕਹਾਣੀਆਂ ਵੱਲ ਅਤੇ ਇਕ ਹਜ਼ਾਰ ਤੋਂ ਵੱਧ ਦੀ ਗਿਣਤੀ ਵਿਚ ਉਹਨਾਂ ਦੇ ਸੰਗ੍ਰਹਿ ਵੱਲ ਲੈ ਗਈ ਅਤੇ ਅੰਤ ਨੂੰ ਲੋਕਧਾਰਾਈ ਖੋਜ ਲਈ ਪ੍ਰੇਰਨਾ ਬਣੀ।

ਡਾ. ਵਣਜਾਰਾ ਬੇਦੀ ਦੀ ਸੈ੍ਵਜੀਵਨੀ ਪੰਜ ਪੁਸਤਕਾਂ ਦੇ ਰੂਪ ਵਿਚ ਸਾਡੇ ਸਾਹਮਣੇ ਆਈ ਹੈ। ਕਹਾਣੀ-ਕਲਾ ਇਸ ਰਚਨਾ ਵਿਚ ਵੀ ਸਹਾਇਕ ਸਿੱਧ ਹੋਈ। ਇਹ ਕਹਿੰਦੇ ਹਨ, "ਮੈਂ ਆਪਣੇ ਜੀਵਨ ਦੀਆਂ ਘਟਨਾਵਾਂ/ਸਿਮਰਤੀਆਂ ਦੀ ਪੇਸ਼ਕਾਰੀ ਨਿੱਕੀ ਕਹਾਣੀ ਦੇ ਰੂਪਾਕਾਰ ਵਿਚ ਹੀ ਕੀਤੀ ਹੈ ਅਤੇ ਸੈ੍- ਜੀਵਨੀ ਦੇ ਬਹੁਤੇ ਕਾਂਡ ਆਪਣੇ ਆਪ ਵਿਚ ਵੀ ਮੁਕੰਮਲ ਹਨ ਤੇ ਨਾਵਲ ਵਾਂਗ ਅੱਗੇ-ਪਿੱਛੇ ਵੀ ਫੈਲੇ ਹੋਏ ਹਨ।"

ਇਹਨਾਂ ਨੇ ਸਾਹਿਤਕ ਆਲੋਚਨਾ ਦੀਆਂ ਵੀ ਅੱਧੀ ਦਰਜਨ ਪੁਸਤਕਾਂ ਲਿਖੀਆਂ ਹਨ। ਇਹਨਾਂ ਪੁਸਤਕਾਂ ਵਿਚ ਇਹਨਾਂ ਨੇ "ਪੰਜਾਬੀ ਸਾਹਿਤ-ਇਤਿਹਾਸ ਨੂੰ ਉਸ ਦੇ ਬੁਨਿਆਦੀ ਸਰੂਪ ਵਿਚ ਪਛਾਣਨਾ ਚਾਹਿਆ ਹੈ ਅਤੇ ਲੋਕ-ਸਭਿਆਚਾਰ ਅਤੇ ਉਸ ਦੇ ਭਾਵੁਕ ਤੇ ਬੌਧਿਕ ਪਸਾਰ, ਲੋਕਧਾਰਾ ਦੇ ਪਰਿਪੇਖ ਵਿਚ ਪੰਜਾਬੀਆਂ ਦੀਆਂ ਮੂਲ ਸਾਹਿਤਕ ਪ੍ਰਵਿਰਤੀਆਂ ਦਾ ਅਧਿਐਨ ਕੀਤਾ ਹੈ।" ਇਹਨਾਂ ਦੀ ਧਾਰਨਾ ਹੈ ਕਿ "ਪੰਜਾਬ ਦੀ ਲੋਕ-ਸੰਸਕ੍ਰਿਤੀ ਅਤੇ ਉਹਦੀਆਂ ਪਰੰਪਰਾਵਾਂ ਤੇ ਲੋਕ-ਮਾਨਸ ਨਾਲ ਉਹਦੀ ਇਕਾਗਰਤਾ ਨੂੰ ਸਮਝੇ ਬਗੈਰ ਪੰਜਾਬੀ ਸਾਹਿਤ ਦੇ ਪਰੰਪਰਕ ਅਤੇ ਆਧੁਨਿਕ ਸਰੂਪ ਅਤੇ ਚਰਿਤਰ ਦੀ ਪਛਾਣ ਅਸੰਭਵ ਹੈ।"

1979 ਤੋਂ ਇਹਨਾਂ ਨੇ ਨਿਰੋਲ ਲੋਕਧਾਰਾ ਨੂੰ ਸਮਰਪਿਤ ਤ੍ਰੈਮਾਸਕ "ਪਰੰਪਰਾ" ਕੱਢਣਾ ਸ਼ੁਰੂ ਕੀਤਾ। ਇਹਨਾਂ ਦੇ ਬਾਕੀ ਕਾਰਜ ਵਾਂਗ ਇਹ ਲੋਕਧਾਰਾ ਦੀ ਸੰਭਾਲ ਅਤੇ ਉਹਦੇ ਅਧਿਐਨ ਦਾ ਇਕ ਵਡਮੁੱਲਾ ਯਤਨ ਸੀ। ਵਿਅਕਤੀ ਕਿੰਨਾਂ ਹੀ ਪ੍ਰਤਿਭਾ-ਸ਼ਾਲੀ ਹੋਵੇ, ਆਕਾਰ ਦੇ ਪੱਖੋਂ ਕੰਮ ਨਿਭਾਉਣ ਦੀ ਕੋਈ-ਨਾ-ਕੋਈ ਸੀਮਾ ਤਾਂ ਹੁੰਦੀ ਹੀ ਹੈ ! ਇਸ ਉਪਰੰਤ, ਵਿਸ਼ਵਕੋਸ਼ ਦੇ ਪ੍ਰਕਾਸ਼ਨ ਵਾਂਗ ਇਸ ਰਸਾਲੇ ਦਾ ਹਰ ਅੰਕ ਵੱਡੀ ਰਕਮ ਲੋੜਦਾ ਸੀ। ਅਜਿਹੇ ਕਾਰਨਾਂ ਕਰਕੇ ਇਹ 13 ਅੰਕਾਂ ਮਗਰੋਂ 1982 ਵਿਚ ਬੰਦ ਕਰਨਾ ਪਿਆ।

ਉਂਜ ਜਿਸ ਖੇਤਰ ਵਿਚ ਡਾ. ਵਣਜਾਰਾ ਬੇਦੀ ਨੇ "ਬੜੀ ਸੁਹਿਰਦਤਾ, ਚਾਅ ਅਤੇ ਲਗਨ ਨਾਲ ਇਕਰਸ ਕੰਮ ਕੀਤਾ ਹੈ", ਉਹ ਲੋਕਧਾਰਾ ਹੀ ਹੈ। ਇਹਨਾਂ ਦੀ ਕਾਇਆ ਜਿਵੇਂ "ਲੋਕ-ਸਭਿਆਚਾਰ ਵਿਚ ਪੂਰੀ ਤਰ੍ਹਾਂ ਫੈਲ ਕੇ ਰਚ-ਮਿਚ ਗਈ" ਅਤੇ ਇਹ "ਪੰਜਾਬੀ ਦੀ ਲੋਕਧਾਰਾ ਨੂੰ ਉਸਦੀ ਸੰਪੂਰਨ ਕਾਇਆ ਵਿਚ, ਰੋਮ-ਰੋਮ ਸਮੇਤ ਸਾਂਭਣ ਲਈ ਯਤਨਸ਼ੀਲ" ਰਹੇ।

ਡਾ. ਵਣਜਾਰਾ ਬੇਦੀ ਨੇ ਲੋਕਧਾਰਾ ਦੀ ਸੰਭਾਲ ਲਈ ਇਹਨੂੰ ਕੇਵਲ ਇਕੱਤਰ ਹੀ ਨਹੀਂ ਕੀਤਾ, ਸਗੋਂ ਇਹਦਾ ਸੰਕਲਨ-ਸੰਪਾਦਨ ਵੀ ਕੀਤਾ। ਤੇ ਇਹ ਗੱਲ ਵੀ ਜ਼ਿਕਰ ਯੋਗ ਹੈ ਕਿ ਇਹਨਾਂ ਨੇ ਇਹ ਸਭ ਕੁਝ ਸਿੱਧਾ ਮੂਲ ਸੋਮੇਂ ਤੋਂ, ਭਾਵ ਲੋਕ-ਮੂੰਹ ਤੋਂ ਪ੍ਰਾਪਤ ਕੀਤਾ, ਕਿਸੇ ਦੂਜੈਲੇ ਸਾਧਨ ਤੋਂ ਨਹੀਂ। ਇਸ ਤੋਂ ਵੀ ਵੱਧ ਮਹੱਤਵ ਪੂਰਨ ਗੱਲ ਹੈ, ਇਹਨਾਂ ਵਲੋਂ ਇਸ ਸਾਰੀ ਸਮੱਗਰੀ ਦਾ ਵਿਗਿਆਨਕ ਵਿਧੀ ਨਾਲ ਅਧਿਐਨ-ਵਿਸ਼ਲੇਸ਼ਣ ਅਤੇ ਫੇਰ ਇਸ ਆਧਾਰ ਉੱਤੇ ਧਾਰਨਾਵਾਂ ਅਤੇ ਸਿਧਾਂਤਾਂ ਦੀ ਪੇਸ਼ਕਾਰੀ।

ਡਾ. ਵਣਜਾਰਾ ਬੇਦੀ ਨੇ ਲੋਕਧਾਰਾ ਇਕੱਠੀ ਕਰਨ ਦਾ ਕੰਮ ਦਸਵੀਂ ਵਿਚ ਪੜ੍ਹਦਿਆਂ ਹੀ ਵਿੱਢ ਦਿੱਤਾ ਸੀ। ਸਭ ਤੋਂ ਪਹਿਲਾਂ ਇਹਨਾਂ ਨੇ ਅਖਾਣ ਇਕੱਠੇ ਕਰਨੇ ਸ਼ੁਰੂ ਕੀਤੇ। ਇਹੋ ਭੰਡਾਰ ਮਗਰੋਂ ਦਸ ਹਜ਼ਾਰ ਤੋਂ ਵੱਧ ਅਖਾਣਾਂ ਦੀ ਪੁਸਤਕ "ਲੋਕ ਆਖਦੇ ਹਨ" ਦੇ ਰੂਪ ਵਿਚ ਸਾਹਮਣੇ ਆਇਆ। ਅਖਾਣਾਂ ਸੰਬੰਧੀ ਖੋਜ-ਕਾਰਜ ਕਰ ਕੇ ਹੀ, ਇਹਨਾਂ ਨੇ ਪੀ. ਐਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ। ਇਉਂ ਇਹ ਲੋਕ-ਸਾਹਿਤ ਨੂੰ ਸੰਗ੍ਰਹਿਤ ਕਰਨ ਤੋਂ ਉਹਦੇ ਆਲੋਚਨਾਤਮਕ ਅਧਿਐਨ ਵੱਲ ਅੱਗੇ ਵਧੇ।

"ਪੰਜਾਬੀ ਲੋਕਧਾਰਾ ਵਿਸ਼ਵਕੋਸ਼" ਨੂੰ ਨਿਰਸੰਦੇਹ ਡਾ. ਵਣਜਾਰਾ ਬੇਦੀ ਦੀ ਲੋਕਧਾਰਾਈ ਘਾਲਣਾ ਦੀ ਸਿਖਰ ਕਿਹਾ ਜਾ ਸਕਦਾ ਹੈ। ਇਹ ਪੰਜਾਬੀ ਲੋਕਧਾਰਾ ਅਤੇ ਇਸ ਕਰਕੇ ਪੰਜਾਬੀ ਸਭਿਆਚਾਰ ਨਾਲ ਸੰਬੰਧਿਤ ਹਵਾਲਾ-ਗ੍ਰੰਥ ਹੀ ਨਹੀਂ, ਸਗੋਂ ਉਹਨਾਂ ਦੀ ਦਿਹਮਾਨ ਸਾਕਾਰਤਾ ਹੋ ਨਿੱਬੜਿਆ ਹੈ। ਇਸ ਰਚਨਾ ਵਿਚੋਂ ਸੰਪੂਰਨ ਪੰਜਾਬੀ ਲੋਕ-ਚੇਤਨਾ ਦੇ ਦਰਸ਼ਨ, ਉਹਦੀਆਂ ਪੜਾਅ-ਵਾਰ ਗੁਣਾਤਮਕ ਤਬਦੀਲੀਆਂ ਸਮੇਤ, ਉਹਦੇ ਵਿਲੱਖਣ ਸਭਿਆਚਾਰਕ ਜਲੌਅ ਵਿਚ ਹੁੰਦੇ ਹਨ। ਇਸ ਵਿਚਲੀਆਂ ਅਨੇਕਾਂ-ਅਨੇਕ ਐਂਟਰੀਆਂ ਸੰਬੰਧਿਤ ਵਿਸ਼ੇ ਬਾਰੇ ਭਰਪੂਰ ਅਤੇ ਸਰਬੰਗੀ ਜਾਣਕਾਰੀ ਦੇਣ ਵਾਲੇ ਲੇਖਾਂ ਵਾਂਗ ਹਨ।

ਇਸ ਮਹਾਨ ਕਾਰਜ ਵਿਚ 'ਸਟੈਂਡਰਡ ਫੋਕਲੋਰ ਡਿਕਸ਼ਨਰੀ' ਇਹਨਾਂ ਲਈ ਪ੍ਰੇਰਨਾ ਦਾ ਸੋਮਾ ਬਣੀ। ਇਹ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਧਰਮ-ਈਮਾਨ ਅਤੇ ਵੱਡਾ ਰੱਬ ਮੰਨਦੇ ਹਨ ਅਤੇ ਲੋਕਧਾਰਾ ਨੂੰ ਆਪਣਾ ਛੋਟਾ ਇਸ਼ਟ ਅਤੇ ਡਿਕਸ਼ਨਰੀ ਨੂੰ ਆਪਣਾ ਇਸ਼ਟ-ਗ੍ਰੰਥ, "ਜਿਸ ਨੂੰ ਮੈਂ ਕਈ ਵਾਰ ਫੁੱਲ ਚੜ੍ਹਾਏ ਹਨ ਅਤੇ ਨਮਸਕਾਰ ਕੀਤਾ ਹੈ ਅਤੇ ਜਿਸ ਦੀ ਧੂੜ ਮੈਂ ਕਈ ਵਾਰ ਮੱਥੇ ਲਾਈ ਹੈ।"

"ਪੰਜਾਬੀ ਲੋਕਧਾਰਾ ਵਿਸ਼ਵਕੋਸ਼" ਦਾ ਕੰਮ 1950 ਵਿਚ ਆਰੰਭਿਆ ਗਿਆ ਅਤੇ ਇਸ ਦੀ ਸਮੱਗਰੀ ਮੌਖਿਕ ਅਤੇ ਲਿਖਤੀ, ਦੋਵਾਂ ਵਸੀਲਿਆਂ ਤੋਂ ਇਕੱਠੀ ਕੀਤੀ ਜਾਣ ਲੱਗੀ। ਜਿਥੋਂ ਕਿਤੋਂ ਵੀ ਕਦੀ ਪੰਜਾਬੀ ਪਰੰਪਰਾ ਅਤੇ ਸਭਿਆਚਾਰ ਦੇ ਵੰਨਸੁਵੰਨੇ ਪੱਖਾਂ-ਪਾਸਾਰਾਂ, ਰੀਤੀ-ਰਿਵਾਜਾਂ, ਵਿਸ਼ਵਾਸਾਂ, ਭਰਮ- ਮਨੌਤਾਂ, ਮੇਲਿਆਂ-ਪੁਰਬਾਂ, ਲੋਕ-

ਨਾਇਕਾਂ ਆਦਿ ਬਾਰੇ ਕੋਈ ਵੇਰਵਾ ਮਿਲਦਾ, ਇਹ ਪਰਚੀ ਉਤੇ ਲਿਖ ਲੈਂਦੇ। ਇਹ ਦਸਦੇ ਹਨ, "ਪੰਦਰਾਂ ਸਾਲਾਂ ਬਾਅਦ ਜਦੋਂ ਮੈਂ ਉਹਨਾਂ ਪਰਚੀਆਂ ਨੂੰ ਅੱਖਰ-ਕਰਮ ਅਨੁਸਾਰ ਤਰਤੀਬ ਦਿੱਤੀ, ਤਾਂ ਕੋਸ਼ ਦਾ ਪਹਿਲਾ ਕੱਚਾ ਖਰੜਾ ਤਿਆਰ ਸੀ। ਬਾਅਦ ਵਿਚ ਮੈਂ ਪੰਜ ਸਾਲ ਲਾ ਕੇ ਇਸ ਨੂੰ ਸੋਧਿਆ ਅਤੇ ਪੱਕਾ ਖਰੜਾ ਤਿਆਰ ਕੀਤਾ।"

ਇਹਨਾਂ ਨੇ ਇਹ ਵਿਸ਼ਵਕੋਸ਼ ਦਸ ਜਿਲਦਾਂ ਵਿਚ ਵਿਉਂਤਿਆ ਸੀ। ਅੰਤ ਨੂੰ ਇਹਨੂੰ ਅੱਠ ਜਿਲਦਾਂ ਵਿਚ ਸਮੇਟਣ ਦਾ ਫੈਸਲਾ ਕੀਤਾ ਗਿਆ। ਚਾਰ ਸੈਂਚੀਆਂ ਛਪਣ ਮਗਰੋਂ ਇਹ ਕੰਮ ਹੋਰ ਉਲਝ ਗਿਆ। ਇਹ ਦਸਦੇ ਹਨ "ਲੰਮਾ ਅਰਸਾ ਬੀਤ ਜਾਣ ਕਾਰਨ ਅਤੇ ਲੋਕਧਾਰਾ ਸੰਬੰਧੀ ਕਾਫੀ ਕੁਝ ਨਵਾਂ ਇਕੱਤਰ ਹੋ ਜਾਣ ਅਤੇ ਕਈ ਪੱਖਾਂ-ਪਾਸਾਰਾਂ ਬਾਰੇ ਗਹਿਰਾਈ ਨਾਲ ਅਧਿਐਨ ਹੋ ਜਾਣ ਸਦਕਾ ਇਹ ਬਾਕੀ ਦਾ ਖਰੜਾ ਛਪਣ ਤੋਂ ਪਹਿਲਾਂ ਫਿਰ ਸੋਧ ਮੰਗਦਾ ਸੀ।" ਸੁਧਾਈ ਦਾ ਇਹ ਕਾਰਜ ਆਪਣੀ ਵਿਸ਼ਾਲਤਾ ਅਤੇ ਇਹਨਾਂ ਦੀ ਮਾੜੀ ਸਿਹਤ ਕਾਰਨ ਕੁਝ ਬਹੁਤਾ ਹੀ ਜਟਿਲ ਰੂਪ ਧਾਰਨ ਕਰਦਾ ਗਿਆ। ਮੰਦੀ ਸਰੀਰਕ ਹਾਲਤ ਮਨ ਨੂੰ ਇਕਾਗਰ ਨਹੀਂ ਸੀ ਹੋਣ ਦਿੰਦੀ ਅਤੇ ਇਹ ਇਸ ਕੰਮ ਦੀ ਮਹੱਤਤਾ ਸਮਝਦੇ ਹੋਏ ਵੀ ਕਈ ਵਾਰ ਨਿਰ-ਉਤਸ਼ਾਹ ਹੋ ਜਾਂਦੇ ਸਨ। ਤਨ ਦੀ ਮੰਦਹਾਲੀ ਅਤੇ ਮਨ ਦੀ ਨਿਰਉਤਸ਼ਾਹ ਅਵਸਥਾ ਕਈ ਵਾਰ ਲੰਮੇ ਸਮਿਆਂ ਤੱਕ ਖਰੜੇ ਨੂੰ ਹੱਥ ਨਹੀਂ ਸਨ ਲਾਉਣ ਦਿੰਦੀਆਂ।

ਤਦ ਵੀ ਭਲੇ ਵੇਲਿਆਂ ਵਿਚ ਛਪੀਆਂ ਚਾਰ ਸੈਂਚੀਆਂ ਤੋਂ ਮਗਰੋਂ ਹੁਣ ਦੋ ਹੋਰ ਸੈਂਚੀਆਂ ਛਪ ਚੁੱਕੀਆਂ ਹਨ। ਸੱਤਵੀਂ, ਪ ਵਾਲੀ ਪੰਜ-ਅੱਖਰੀ ਦੀ ਸੈਂਚੀ ਛਪਣ ਲਈ ਜਾ ਚੁੱਕੀ ਹੈ। ਅੰਤਿਮ, ਅੱਠਵੀਂ ਸੈਂਚੀ, ਜਿਸ ਵਿਚ ਯ ਵਾਲੀ ਸਤਰ ਸ਼ਾਮਲ ਹੈ, ਅਜੇ ਸੁਧਾਈ ਲੋੜਦੀ ਹੈ।*

ਪੰਜਾਬੀ ਸਭਿਆਚਾਰ ਦੀ ਕਦਰ ਪਛਾਣਨ ਵਾਲੇ ਹਰ ਵਿਅਕਤੀ ਦੀ ਅਰਦਾਸ ਹੈ ਕਿ—ਡਾ. ਵਣਜਾਰਾ ਬੇਦੀ ਲੰਮੀ ਬੀਮਾਰੀ ਵਿਚੋਂ ਤੰਦਰੁਸਤ ਹੋ ਕੇ ਨਿਕਲਣ ਅਤੇ ਸਾਡੀਆਂ ਝੋਲੀਆਂ ਲੋਕਧਾਰਾ ਦੇ ਮੋਤੀਆਂ ਨਾਲ ਭਰਦੇ ਰਹਿਣ। ਰੱਬ ਕਰੇ, ਇਹ ਅੱਧੀ ਸਦੀ ਨਾਲੋਂ ਵਧ ਸਮੇਂ ਤੋਂ ਲੋਕਧਾਰਾ ਨਾਲ ਪਿਆਰ ਦਾ ਜੋ "ਅਜਬ ਦਸਤੂਰ" ਨਿਭਾਉਂਦੇ ਆਏ ਹਨ, ਉਹ ਲੰਮੇ ਸਮੇਂ ਤੱਕ ਇਉਂ ਹੀ ਨਿਭਦਾ ਰਹੇ ਅਤੇ ਇਹ ਨੂਰੀ ਰਾਹ ਉੱਤੇ ਅਗੇਰੇ ਹੀ ਅਗੇਰੇ ਵਧਦੇ ਜਾਣ, ਕਿਉਂਕਿ ਇਹਨਾਂ ਦਾ ਕਹਿਣਾ ਹੈ :

ਪਿਛਾਂਹ ਮੁੜਨ ਦਾ ਕਰਾਂ ਜੇ ਜੇਰਾ,
ਦਿਸੇ ਸੁੰਞ-ਮੁਸੁੰਞਾ ਨ੍ਹੇਰਾ,
ਅਗਾਂਹ ਵਧਾਂ ਤੇ ਨੂਰ !
ਪਿਆਰ ਦਾ ਅਜਬ ਦਸਤੂਰ !

-ਗੁਰਬਚਨ ਸਿੰਘ ਭੁੱਲਰ

ਸੈਂਚੀਆਂ 5 ਤੋਂ 8 ਤੀਕ ਲੇਖਕ ਦੀ ਹਾਜ਼ਰੀ ਵਿਚ ਨੈਸ਼ਨਲ ਬੁਕ ਸ਼ਾਪ, ਦਿੱਲੀ ਨੇ ਪ੍ਰਕਾਸ਼ਿਤ ਕੀਤੀਆਂ। -ਪ੍ਰਕਾਸ਼ਕ

ਭੂਮਿਕਾ

ਸੰਸਕ੍ਰਿਤੀ ਦੀ ਮੂਲ ਨੁਹਾਰ ਜਾਤੀ ਦੀਆਂ ਲੋਕ-ਕਹਾਣੀਆਂ ਵਿਚੋਂ ਪਛਾਣੀ ਜਾ ਸਕਦੀ ਹੈ। ਹਰ ਕਹਾਣੀ ਕਿਸੇ ਸੋਚ, ਸੰਕਲਪ, ਮਨੌਤ ਅਤੇ ਧਾਰਨਾ ਦਾ ਗਲਪ ਬਿੰਬ ਹੋਣ ਕਰ ਕੇ ਇਕ ਵਿਸ਼ੇਸ਼ ਅਰਥ ਰਖਦੀ ਹੈ। ਕੋਈ ਲੋਕ-ਕਹਾਣੀ ਨਿਰੋਲ ਕਲਪਨਾ ਦਾ ਫਲ ਹੋਣ ਦੇ ਬਾਵਜੂਦ ਵੀ ਮਨੁੱਖ ਦੀ ਕਿਸੇ ਸੋਚ ਨੂੰ ਪ੍ਰਗਟਾਂਦੀ ਹੈ, ਕੋਈ ਕਿਸੇ ਇਤਿਹਾਸਕ ਘਟਨਾ ਦਾ ਵਿਕ੍ਰਿਤ ਰੂਪ ਹੈ। ਕਿਸੇ ਕਹਾਣੀ ਵਿਚ ਨੈਤਿਕ ਕੀਮਤਾਂ ਕਦਰਾਂ ਨੂੰ ਉਜਾਗਰ ਕੀਤਾ ਗਿਆ ਹੈ। ਕਿਸੇ ਹੋਰ ਵਿਚ ਕੋਈ ਵਿਹਾਰਕ ਗਿਆਨ ਹੈ। ਕੋਈ ਸੰਸਕ੍ਰਿਤੀ ਦੇ ਕਿਸੇ ਵਿਸ਼ੇਸ਼ ਪੱਖ ਨੂੰ ਉਘਾੜਦੀ ਹੈ। ਕੋਈ ਕਿਸੇ ਰੀਤ ਸੰਸਕਾਰ ਦਾ ਮੁੱਢ ਪੇਸ਼ ਕਰਦੀ ਹੈ। ਇਸ ਤਰ੍ਹਾਂ ਕੋਈ ਲੋਕ-ਕਹਾਣੀ ਰਹੱਸ ਸਿਰਜਦੀ ਹੈ, ਕੋਈ ਰਹੱਸ ਖੋਲ੍ਹਦੀ ਹੈ। ਇਸੇ ਵਿਵਧਤਾ ਸਦਕਾ ਲੋਕ-ਕਹਾਣੀਆਂ ਵਿਚ ਸੰਸਕ੍ਰਿਤੀ ਆਪਣੇ ਪੂਰੇ ਪੱਖ-ਪਸਾਰ ਵਿਚ ਫੈਲੀ ਹੋਈ ਮਿਲਦੀ ਹੈ।

ਲੋਕ-ਕਹਾਣੀਆਂ ਦੇ ਵਡਮੁੱਲੇ ਵਿਰਸੇ ਦੀ ਸੰਭਾਲ ਪੰਜਾਬੀਆਂ ਲਈ ਆਪਣੇ ਮੂਲ ਨੁਹਾਰ ਪਛਾਣਨ ਵਾਸਤੇ ਜ਼ਰੂਰੀ ਹੈ। ਮੈਂ ਹੁਣ ਤਕ ਇਕ ਹਜ਼ਾਰ ਤੋਂ ਉਪਰ ਲੋਕ-ਕਹਾਣੀਆਂ ਇਕੱਠੀਆਂ ਕੀਤੀਆਂ ਹਨ, ਜਿਨ੍ਹਾਂ ਵਿਚੋਂ ਕੁਝ ਤਾਂ ਲੋਕਾਂ ਤੋਂ ਜਿਵੇਂ ਸੁਣੀਆਂ ਹਨ, ਉਵੇਂ ਹੀ ਲਿਖ ਦਿਤੀਆਂ ਹਨ, ਪਰ ਕੁਝ ਕੁ ਨੂੰ ਆਪਣੀ ਬੋਲੀ ਵਿਚ ਲਿਖਿਆ ਹੈ। 'ਪੰਜਾਬ ਦੀਆਂ ਲੋਕ-ਕਹਾਣੀਆਂ' 'ਪੰਜਾਬ ਦਾ ਲੋਕ-ਸਾਹਿਤ' ਵਿਚ ਲੋਕ-ਕਹਾਣੀਆਂ ਨੂੰ ਲੋਕਾਂ ਦੇ ਆਪਣੇ ਮੁਹਾਂਵਰੇ ਤੇ ਬੋਲੀ ਵਿਚ ਸੰਕਲਨ ਕੀਤਾ ਗਿਆ ਹੈ। ਲੋਕ-ਕਹਾਣੀਆਂ ਨੂੰ ਜੇ ਉਨ੍ਹਾਂ ਦੀ ਮੂਲ ਕਾਇਆ ਵਿਚ ਸਮੇਟਣਾ ਹੋਵੇ, ਤਾਂ ਉਨ੍ਹਾਂ ਨੂੰ ਲੋਕਾਂ ਦੀ ਬੋਲੀ ਵਿਚ ਲਿਪੀਬਧ ਕਰਨਾ ਜ਼ਰੂਰੀ ਹੈ। ਪਰ ਇਸ ਸੋਝੀ ਤੋਂ ਪਹਿਲਾਂ ਹੀ ਮੈਂ ਬੇਸ਼ੁਮਾਰ ਕਹਾਣੀਆਂ ਇਕਤ੍ਰ ਕਰ ਚੁਕਾ ਸੀ,

ਜਿਨ੍ਹਾਂ ਨੂੰ ਪ੍ਰਕਾਸ਼ਿਤ ਕਰਨਾ ਵੀ ਜ਼ਰੂਰੀ ਸੀ। ਉਨ੍ਹਾਂ ਕਹਾਣੀਆਂ ਨੂੰ ਨਵੇਂ ਸਿਰਿਉਂ ਲੋਕਾਂ ਤੋਂ ਸੁਣ ਕੇ ਲਿਖਣਾ ਵਸੋਂ ਬਾਹਰੀ ਗੱਲ ਹੈ।

ਭਾਵੇਂ ਇਹ ਕਹਾਣੀਆਂ ਕੇਂਦਰੀ ਬੋਲੀ ਵਿਚ ਹਨ, ਪਰ ਮੈਂ ਕਿਸੇ ਕਹਾਣੀ ਦਾ ਵਿਧੀ ਵਿਧਾਨ ਤੇ ਈਡੀਅਮ ਨਹੀਂ ਬਦਲਿਆ। ਪੰਜਾਬੀ ਲੋਕ-ਕਹਾਣੀਆਂ ਦੇ ਵਿਵਧ ਰੂਪਾਂ ਵਿਚੋਂ ਕੁਝ ਰੂਪ ਇਸ ਸੰਕਲਨ ਵਿਚ ਪੇਸ਼ ਹਨ।

–ਵਣਜਾਰਾ ਬੇਦੀ

ਬਾਤਾਂ

ਬਾਤ (ਲੋਕ-ਕਹਾਣੀ) ਦੀ ਪਰਿਭਾਸ਼ਾ, ਸਰੂਪ ਅਤੇ ਲੱਛਣ ਨਿਸਚਤ ਕਰਨੇ ਇਤਨੇ ਸੌਖੇ ਨਹੀਂ ਜਿਤਨੇ ਪਹਿਲੀ ਨਜ਼ਰੇ ਦਿਸ ਆਉਂਦੇ ਹਨ। ਰੂਪ ਅਤੇ ਵਿਸ਼ੇ ਦੇ ਪੱਖੋਂ ਬਾਤਾਂ ਇਤਨੀਆਂ ਬਹੁ-ਬਿਦ ਤੇ ਵੰਨ-ਸੁਵੰਨੀਆਂ ਹਨ ਅਤੇ ਹਰੇਕ ਰੂਪ ਦਾ ਬੁਨਿਆਦੀ ਸੁਭਾਵ, ਸੰਸਕਾਰ ਅਤੇ ਕਥਾ-ਸੰਸਾਰ ਇਕ ਦੂਜੇ ਨਾਲੋਂ ਇਤਨਾ ਵੱਖਰਾ ਹੈ ਕਿ ਇਸ ਸਾਰੇ ਪਾਸਾਰੇ ਨੂੰ ਇਕ ਪਰਿਭਾਸ਼ਕ ਇਕਾਈ ਵਿਚ ਬੰਨ੍ਹਣਾ ਸਹਿਜ ਨਹੀਂ। ਕਈ ਬਾਤਾਂ ਕਿਸੇ ਇਕ ਜਾਂ ਦੂਜੇ ਧਰਮ ਦਾ ਅੰਗ ਬਣ ਗਈਆਂ ਹਨ, ਜਿਸ ਕਰ ਕੇ ਉਨ੍ਹਾਂ ਬਾਤਾਂ ਵਿਚ, ਇਕ ਖ਼ਾਸ ਸੰਪ੍ਰਦਾਇ ਸ਼ਰਧਾ ਰਖਦੀ ਹੈ। ਕੋਈ ਬਾਤ ਨਿਰੋਲ ਕਲਪਨਾ ਉਤੇ ਆਧਾਰਿਤ ਹੈ; ਕੋਈ ਕਿਸੇ ਇਤਿਹਾਸਕ ਘਟਨਾ ਦਾ ਵਿਕ੍ਰਿਤ ਰੂਪ ਹੈ। ਕਿਸੇ ਕਥਾ-ਕਹਾਣੀ ਵਿਚ ਕਿਸੇ ਵਿਸ਼ੇਸ਼ ਸੰਕਲਪ ਦੀ ਵਿਆਖਿਆ ਹੈ ਅਤੇ ਕਿਸੇ ਵਿਚ ਨੈਤਿਕ ਕਦਰਾਂ-ਕੀਮਤਾਂ ਨੂੰ ਉਜਾਗਰ ਕੀਤਾ ਗਿਆ ਹੈ। ਕੋਈ ਬਾਤ ਨਿਰੋਲ ਉਪਦੇਸ਼ਾਤਮਿਕ ਹੈ। ਕੋਈ ਵਿਹਾਰਕ ਗਿਆਨ ਦਿੰਦੀ ਹੈ ਅਤੇ ਕਿਸੇ ਦਾ ਮਨੋਰਥ ਨਿਰੋਲ ਮਨੋਰੰਜਨ ਹੈ। ਕੋਈ ਬਾਤ ਜੀਵਨ ਦੇ ਰਹੱਸ ਖੋਲ੍ਹਦੀ ਹੈ, ਕੋਈ ਰਹੱਸ ਸਿਰਜਦੀ ਹੈ। ਕਿਸੇ ਬਾਤ ਦੇ ਪਾਤਰ ਮਨੁਖ ਹਨ, ਕਿਸੇ ਦੇ ਪਸ਼ੂ, ਕਿਸੇ ਦੇ ਪਰਾਸ਼ਰੀਰਕ। ਕਿਸੇ ਬਾਤ ਵਿਚ ਜੜ੍ਹ ਪਾਤਰ ਪ੍ਰਾਣਾਧਾਰੀ ਰੂਪ ਵਿਚ ਮਨੁਖਾਂ ਵਾਂਗ ਵਿਚਰਦੇ ਤੇ ਕਾਰ-ਵਿਹਾਰ ਕਰਦੇ ਹਨ ਅਤੇ ਕਿਸੇ ਹੋਰ ਦੇ ਪਾਤਰ ਭੂਤ-ਪ੍ਰੇਤ ਹਨ। ਕਿਸੇ ਬਾਤ ਵਿਚ ਅਮੂਰਤ ਸੰਕਲਪ ਸਮੂਰਤ ਰੂਪ ਵਿਚ ਵਿਚਰਦੇ ਹਨ। ਇਤਨੀ ਵਿਵਿਧਤਾ ਦੇ ਹੁੰਦਿਆਂ ਬਾਤਾਂ ਦੀ ਪਰਿਭਾਸ਼ਾ ਕਠਨ ਜਾਪਦੀ ਹੈ। ਪਰ ਜੇ ਜ਼ਰਾ ਗਹੁ ਨਾਲ ਵੇਖੀਏ ਤਾਂ ਹਰ ਬਾਤ ਵਿਚ ਕੁਝ ਮੂਲ-ਤੱਤ ਸਾਂਝੇ ਮਿਲ ਜਾਂਦੇ ਹਨ। ਇਹ ਪ੍ਰਮੁਖ ਮੂਲ-ਤੱਤ ਹਨ : (ੳ) ਬ੍ਰਿਤਾਂਤਕ ਤੱਤ (ਅ) ਲੋਕ-ਮਨ ਦੀ ਅਭਿਵਿਅਕਤੀ (ੲ) ਪਰੰਪਰਾਗਤ ਰੂੜ੍ਹੀਆਂ ਆਦਿ। ਬ੍ਰਿਤਾਂਤ ਤੋਂ ਬਗੈਰ ਤਾਂ ਕੋਈ ਕਹਾਣੀ ਸਿਰਜੀ ਹੀ ਨਹੀਂ ਜਾ ਸਕਦੀ। ਜੇ ਉਸ ਬ੍ਰਿਤਾਂਤ ਵਿਚ ਲੋਕ-ਮਨ ਦਾ ਪਾਸਾਰ ਨਹੀਂ ਤਾਂ ਉਹ ਕਹਾਣੀ ਤਾਂ ਹੋਵੇਗੀ, ਪਰ ਬਾਤ ਨਹੀਂ। ਜੇ ਉਸ ਵਿਚ ਪਰੰਪਰਾਗਤ ਕਥਾਨਿਕ ਰੂੜ੍ਹੀਆਂ ਅਤੇ ਤੱਤ ਨਾ ਹੋਣ ਤਾਂ ਨਾ ਉਹ ਕਥਾ ਲੋਕ-ਪਰੰਪਰਾ ਦਾ ਅੰਗ ਬਣਦੀ ਹੈ ਅਤੇ ਨਾ ਉਸ ਦੀ ਸਾਮੂਹਿਕ ਹੋਂਦ ਸਥਾਪਿਤ ਹੁੰਦੀ ਹੈ। ਮੱਧਕਾਲ ਵਿਚ ਸਮੂਹ ਸਦਾ ਪਰੰਪਰਾਗਤ ਰਿਹਾ ਹੈ। ਉਸ ਨੇ ਆਪਣੀ ਵਿਅਕਤੀਗਤ ਹੋਂਦ ਤੇ ਸੁਪਨੇ ਸਧਰਾਂ ਆਦਿ ਨੂੰ ਕਬੀਲਾ ਭਾਵਨਾ ਨਾਲ ਇਕਸੁਰ ਰਖਿਆ। ਕਬੀਲਾ ਭਾਵਨਾ ਵਿਚ ਲੋਕ-ਮਨ ਆਪਣੇ ਪੂਰੇ ਰੰਗ-ਰੂਪ ਅਤੇ ਪਾਸਾਰ ਵਿਚ ਪ੍ਰਕਾਸ਼ਮਾਨ ਰਹਿੰਦਾ ਹੈ। ਅਜਿਹੀ ਸਥਿਤੀ ਵਿਚ ਵਿਅਕਤੀ ਸਮੂਹ ਦਾ ਇਕ ਅੰਗ ਬਣ ਕੇ ਵਿਗਸਿਤ ਹੁੰਦਾ

ਹੈ। ਜੇ ਸਮੂਹ ਅਤੇ ਵਿਅਕਤੀ ਵਿਚ ਕਦੇ ਤਣਾਓ ਪੈਦਾ ਹੋਵੇ ਤਾਂ ਵਿਅਕਤੀ ਸਮੂਹ ਨਾਲੋਂ ਟੁਟ ਕੇ ਭਾਵੇਂ ਵੱਖਰਾ ਜਾ ਖਲੋਵੇ, ਪਰ ਸਮੂਹ ਵਿਚ ਕਦੇ ਕੋਈ ਤਰੇੜ ਨਹੀਂ ਸੀ ਆਉਂਦੀ।

ਲੋਕ-ਮਨ ਬਾਤਾਂ ਵਿਚ ਆਪਣੇ ਪੂਰੇ ਪੱਖ ਪਾਸਾਰ ਵਿਚ ਪ੍ਰਕਾਸ਼ਮਾਨ ਹੁੰਦਾ ਹੈ, ਜਦੋਂ ਬਾਤਾਂ ਵਿਚ ਜੜ੍ਹ ਅਤੇ ਅਮੂਰਤ ਵਸਤੂਆਂ ਪ੍ਰਾਣਧਾਰੀ ਅਤੇ ਸਮੂਰਤ ਰੂਪ ਵਿਚ ਵਿਚਰਦੀਆਂ ਹਨ। ਪਸ਼ੂ, ਪੰਛੀ ਮਨੁਖਾਂ ਵਾਂਗ ਬੋਲਦੇ, ਸੋਚਦੇ ਤੇ ਵਿਵਹਾਰ ਕਰਦੇ ਹਨ; ਸੁਪਨਾਂ ਵਾਸਤਵਿਕ ਜੀਵਨ ਦੇ ਯਥਾਰਥ ਦਾ ਹੀ ਪਾਸਾਰ ਹੁੰਦਾ ਹੈ ਅਤੇ ਸੁਪਨੇ ਵਿਚ ਵੇਖੇ ਪ੍ਰਾਣੀ ਲਈ ਵੀ ਪ੍ਰੇਮ ਭਾਵ ਉਦੈ ਹੋ ਜਾਂਦੇ ਹਨ। ਜਦੋਂ ਮੌਤ-ਜੀਵਨ ਵਿਚ ਕੋਈ ਨਿਖੇੜ ਨਹੀਂ ਰਹਿੰਦਾ (ਮੋਇਆ ਸੁਤਾ ਇਕ ਬਰੋਬਰ—ਅਖਾਣ), ਮੋਇਆ ਹੋਇਆ ਪ੍ਰਾਣੀ ਮੁੜ ਸੁਰਜੀਤ ਹੋ ਜਾਂਦਾ ਹੈ। ਸਮੇਂ ਸਥਾਨ ਦਾ ਕੋਈ ਵਿਗਿਆਨਕ ਬੋਧ ਨਹੀਂ ਰਹਿੰਦਾ, ਕਾਰੂੰ ਅਤੇ ਗੁਰੂ ਨਾਨਕ ਯੁਗਾਂ ਦੀ ਵਿਥ ਅਤੇ ਫ਼ਾਸਲੇ ਦੀ ਦੂਰੀ ਦੇ ਬਾਵਜੂਦ ਵੀ ਆਮ੍ਹੋ-ਸਾਹਮਣੇ ਬੈਠੇ ਗੱਲਾਂ ਕਰਦੇ ਹਨ। ਕਾਲ ਦੀ ਹੋਂਦ ਮੁਕ ਜਾਂਦੀ ਹੈ। ਲੋਕ ਅਤੇ ਪਰਲੋਕ ਵਿਚ ਕੋਈ ਨਿਖੇੜ ਨਹੀਂ ਰਹਿੰਦਾ। ਇਸ ਲੋਕ ਵਿਚ ਵਿਚਰਦਾ ਪ੍ਰਾਣੀ ਸਹਿਜੇ ਹੀ ਪ੍ਰਲੋਕ ਦੇ ਦਰਸ਼ਨ ਕਰ ਕੇ ਫਿਰ ਇਸ ਲੋਕ ਵਿਚ ਵਾਪਸ ਪਰਤ ਆਉਂਦਾ ਹੈ ਜਿਵੇਂ ਨਾਲ ਦੇ ਪਿੰਡ ਗਿਆ ਹੋਵੇ। ਸੁਰਮਾ ਪਾਉਣ ਨਾਲ ਨਾਇਕ ਅਦ੍ਰਿਸ਼ਟ ਹੋ ਜਾਂਦਾ ਹੈ, ਪਊਏ ਨਾਲ ਹਵਾ ਵਿਚ ਤਰਦਾ ਹੈ, ਆਦਿ ... ਆਦਿ, ਤਾਂ ਲੋਕ-ਮਨ ਆਪਣੇ ਪੂਰੇ ਜਲੌ ਵਿਚ ਉਦੈ ਹੁੰਦਾ ਹੈ।

ਉਪਰੋਕਤ ਤਿੰਨਾਂ ਤੱਤਾਂ ਨੂੰ ਮੁਖ ਰਖਦਿਆਂ ਬਾਤਾਂ ਦੀ ਪਰਿਭਾਸ਼ਾ ਸਹਿਜ ਹੋ ਜਾਂਦੀ ਹੈ। ਸੋ, ਬਾਤ ਲੋਕ-ਮਨ ਦੀ ਬ੍ਰਿਤਾਂਤਕ ਅਭਿਵਿਅਕਤੀ ਹੈ। ਇਸ ਦਾ ਨਿਰਮਾਣ ਜਾਤੀ ਦੀਆਂ ਪਰੰਪਰਾਗਤ ਰੂੜੀਆਂ ਅਤੇ ਤੱਤਾਂ ਤੋਂ ਹੁੰਦਾ ਹੈ ਅਤੇ ਇਹ ਕਿਸੇ ਸੰਸਕ੍ਰਿਤੀ ਵਿਚ ਵਿਚਰਦੀ ਉਸ ਦੀ ਪਰੰਪਰਾ ਬਣ ਜਾਂਦੀ ਹੈ।

ਬਾਤਾਂ ਦੇ ਇਹ ਤਿੰਨੋਂ ਲੱਛਣ ਮਧਕਾਲ ਦੇ ਸਾਰੇ ਕਥਾ ਸਾਹਿੱਤ ਵਿਚ ਉਜਾਗਰ ਮਿਲਦੇ ਹਨ। ਦੂਜੇ ਸ਼ਬਦਾਂ ਵਿਚ ਮਧਕਾਲੀਨ ਕਥਾ ਸਾਹਿੱਤ ਭਾਵੇਂ ਮੌਖਿਕ ਹੈ ਅਤੇ ਭਾਵੇਂ ਲਿਪੀਬਧ, ਲੋਕ-ਮਨ ਦੀ ਬ੍ਰਿਤਾਂਤਕ ਅਭਿਵਿਅਕਤੀ ਹੈ ਅਤੇ ਪਰੰਪਰਾ ਦੇ ਪ੍ਰਵਾਹ ਦਾ ਸਜੀਵ ਅੰਗ।

ਬਾਤਾਂ ਬਾਰੇ ਇਕ ਹੋਰ ਪਖੋਂ ਵੀ ਚਰਚਾ ਕਰਨੀ ਜ਼ਰੂਰੀ ਹੈ। ਬਾਤਾਂ ਦਾ ਕੀ ਉਦੇਸ਼ ਹੈ ? ਉਹ ਕਿਸ ਆਸ਼ੇ ਨਾਲ ਰਚੀਆਂ ਜਾਂਦੀਆਂ ਹਨ। ਆਮ ਤੌਰ ਉਤੇ ਇਸ ਪ੍ਰਸ਼ਨ ਦਾ ਇਹੋ ਉੱਤਰ ਦਿਤਾ ਜਾਂਦਾ ਹੈ ਕਿ ਬਾਤਾਂ ਮਨੋਰੰਜਨ ਦਾ ਸਾਧਨ ਹਨ, ਪਰ ਬਾਤਾਂ ਦੇ ਇਕ ਦੋ ਵਿਸ਼ੇਸ਼ ਰੂਪਾਂ ਜਾਂ ਕੁਝ ਕੁ ਕਹਾਣੀਆਂ ਲਈ ਤਾਂ ਇਹ ਗੱਲ ਠੀਕ ਢੁਕਦੀ ਹੈ, ਪਰ ਸਭਨਾਂ ਲਈ ਨਹੀਂ। ਲੋਕ-ਕਹਾਣੀਆਂ ਦੇ ਵਿਵਿਧ ਰੂਪਾਂ ਅਤੇ ਵੰਨਗੀਆਂ ਨੂੰ ਮੁਖ ਰਖਿਆਂ, ਇਹ ਗੱਲ ਉਸੇ ਤਰ੍ਹਾਂ ਅਰਥਹੀਣ ਹੋ ਜਾਂਦੀ ਹੈ ਜਿਵੇਂ ਇਹ ਕਿਹਾ ਜਾਵੇ ਕਿ ਨਿਕੀ ਕਹਾਣੀ ਜਾਂ ਨਾਵਲ ਦਾ ਉਦੇਸ਼ ਮਨੋਰੰਜਨ ਹੈ। ਸਾਹਿੱਤ ਦਾ ਮੂਲ ਉਦੇਸ਼ ਮਨੋਰੰਜਨ ਨਹੀਂ, ਜੀਵਨ ਦੀਆਂ ਹਕੀਕਤਾਂ ਤੋਂ ਜਾਣੂੰ ਕਰਵਾ ਕੇ, ਮਨੁਖ ਨੂੰ ਨਵੀਂ ਸੋਝੀ ਦੇਣਾ ਜਾਂ ਮਨੁਖ ਦੇ ਅੰਦਰ ਦੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਨ ਵਿਚ

ਉਸ ਦੀ ਅਗਵਾਈ ਕਰਨਾ ਹੈ। ਇਹੋ ਮਨੋਰਥ ਬਾਤਾਂ ਦਾ ਹੈ। ਨੀਤੀ ਕਥਾਵਾਂ ਤਾਂ ਸਪਸ਼ਟ ਰੂਪ ਵਿਚ ਉਪਦੇਸ਼ਾਤਮਿਕ ਹਨ ਹੀ ਅਤੇ ਉਨ੍ਹਾਂ ਦਾ ਮਨੋਰਥ ਵਿਵਹਾਰਕ ਗਿਆਨ ਪ੍ਰਦਾਨ ਕਰਨਾ ਹੈ। ਧਾਰਮਿਕ ਕਥਾਵਾਂ—ਸੁਖਨ, ਬਚਨ, ਮਸਲੇ ਆਦਿ ਦਾ ਉਦੇਸ਼ ਅਧਿਆਤਮਕ ਭਾਵਨਾ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਉਜਾਗਰ ਕਰਨਾ ਹੈ। ਪੁਰਾਣ ਕਥਾਵਾਂ ਦੇਵ-ਪੂਜਾ ਵਿਚ ਸ਼ਰਧਾ ਪੈਦਾ ਕਰਦੀਆਂ ਹਨ। ਟੋਟਕਿਆਂ ਵਿਚ ਜੀਵਨ ਦੇ ਵਰਤਾਰੇ ਦਾ ਵਰਨਣ ਹੈ। ਨਿਰੋਲ ਮਨੋਰੰਜਨ ਦਾ ਸਾਧਨ ਤਾਂ ਪਰੀ ਕਥਾਵਾਂ ਵੀ ਨਹੀਂ ਕਹੀਆਂ ਜਾ ਸਕਦੀਆਂ। ਕਿਉਂ ਜੋ ਪਰੀ ਕਥਾਵਾਂ ਵੀ ਮਨ ਵਿਚ ਨਵੀਂ ਉਤੇਜਨਾ ਅਤੇ ਸਾਹਸ ਭਰਦੀਆਂ ਹਨ, ਅੰਦਰੋਂ ਬਾਹਰ ਵਲ ਖਿਲਰਨ ਅਤੇ ਅਸੰਭਵ ਤੇ ਅਪਹੁੰਚ ਨੂੰ ਪ੍ਰਾਪਤ ਕਰਨ ਦੇ ਕਲਪਨਾਤਮਕ ਯਤਨ ਹਨ। ਸੰਕਟ ਸਮੇਂ ਮਨ ਨੂੰ ਟਿਕਾਣੇ ਰੱਖਣ ਅਤੇ ਮੰਤਵ ਸਿਧੀ ਲਈ ਨਿਰੰਤਰ ਸਾਧਨਾ ਤੇ ਉੱਦਮ ਦੀ ਪ੍ਰੇਰਨਾ ਹਨ।

ਬਾਤਾਂ ਜੀਵਨ ਦੀਆਂ ਚੇਸ਼ਟਾਵਾਂ, ਸਧਰਾਂ ਅਤੇ ਹਕੀਕਤਾਂ ਦਾ ਬ੍ਰਿਤਾਂਤ ਹਨ। ਇਹ ਸਾਨੂੰ ਸਤਈ ਜ਼ਿੰਦਗੀ ਤੋਂ ਧੁਰ ਤਹਿ ਤਕ ਲਿਜਾ ਕੇ ਜੀਵਨ ਦੇ ਅੰਦਰ ਦੇ ਸਾਰੇ ਪ੍ਰਵਾਹ ਦੇ ਪਾਰਾਦਰਸ਼ੀ ਦੀਦਾਰੇ ਕਰਵਾਉਂਦੀਆਂ ਹਨ। ਇਹ ਸਰੀਰ ਦੇ ਅੰਦਰ ਵਸਦੇ ਮਨ, ਕਲਪਨਾ ਅਤੇ ਆਤਮਾ ਦੀਆਂ ਉਡਾਰੀਆਂ ਅਤੇ ਸ੍ਰਿਸ਼ਟੀ ਦੇ ਸਾਰੇ ਪਸਾਰੇ ਦੀਆਂ ਯਾਤਰਾ ਹਨ। ਕਿਹੜਾ ਮਨ ਹੈ ਜਿਸ ਸੁਪਨਿਆਂ ਨੂੰ ਹਕੀਕਤਾਂ ਵਿਚ ਬਦਲਦੇ ਵੇਖਣ ਦੀ ਚੇਸ਼ਟਾ ਨਹੀਂ ਕੀਤੀ ? ਕਿਹੜਾ ਹੈ ਜਿਸ ਕਲਪਨਾ ਦੇ ਖੰਭਾਂ ਉਤੇ ਬਹਿ ਕੇ ਇਸ ਲੋਕ ਦੀਆਂ ਹੱਦਾਂ ਟਪ ਕੇ ਪਰੀਆਂ ਦੀ ਅਨੂਠੀ ਦੁਨੀਆਂ ਜਾਂ ਪਰਲੋਕ ਵਿਚ ਗਮਨ ਨਹੀਂ ਕੀਤਾ। ਜੇ ਕੋਈ ਮਨੁਖੀ ਕਲਪਨਾ ਅਤੇ ਸੁਪਨਿਆਂ ਦੀ ਮਿਥਿਆ ਦੁਨੀਆਂ ਨੂੰ ਭੋਗਦਾ ਹੈ, ਤਾਂ ਉਹ ਅਪਹੁੰਚ ਜਗਤ ਵੀ ਸਾਡੀ ਵਾਸਤਵਿਕਤਾ ਦਾ ਮਹੱਤਵਪੂਰਣ ਅੰਗ ਹੈ ਅਤੇ ਬਾਤਾਂ ਵਿਚ ਇਸੇ ਜਗਤ ਨੂੰ ਸਥੂਲ ਰੂਪ ਵਿਚ ਦਰਸਾਇਆ ਗਿਆ ਹੁੰਦਾ ਹੈ।

ਬਾਤਾਂ ਨੂੰ ਸੁਭਾਵ ਦੇ ਪਖੋਂ ਤਿੰਨ ਪ੍ਰਮੁਖ ਵਰਗਾਂ ਵਿਚ ਵੰਡਿਆ ਗਿਆ ਹੈ—ਮਿਥ, ਦੰਦ-ਕਥਾ ਤੇ ਕਹਾਣੀ। ਭਾਵੇਂ ਇਹ ਤਿੰਨੋਂ ਵਰਗ ਲੋਕ-ਮਨ ਦੀ ਬ੍ਰਿਤਾਂਤਕ ਅਭਿਵਿਅਕਤੀ ਹਨ ਅਤੇ ਇਨ੍ਹਾਂ ਤਿੰਨਾਂ ਦੀ ਸਿਰਜਨਾ ਕਥਾਨਿਕ ਰੂੜ੍ਹੀਆਂ ਅਤੇ ਪਰੰਪਰਾਗਤ ਤੱਤਾਂ ਤੋਂ ਹੀ ਹੁੰਦੀ ਹੈ ਅਤੇ ਕੋਈ ਇਕ ਰੂੜ੍ਹੀ, ਕਿਸੇ ਮਿਥ, ਦੰਦ-ਕਥਾ ਜਾਂ ਕਹਾਣੀ ਵਿਚ ਸਾਂਝੀ ਵੀ ਹੋ ਸਕਦੀ ਹੈ, ਪਰ ਬੁਨਿਆਦੀ ਅੰਤਰ ਇਨ੍ਹਾਂ ਤਿੰਨਾਂ ਵੰਨਗੀਆਂ ਦੀ ਪ੍ਰਕਿਰਤੀ ਵਿਚ ਹੈ। ਮਿਥ ਵਿਸ਼ਵਾਸ ਉਪਰ ਆਧਾਰਿਤ ਦੇਵੀ ਦੇਵਤਿਆਂ ਜਾਂ ਪੌਰਾਣਿਕ ਪਾਤਰਾਂ ਨਾਲ ਸੰਬੰਧਿਤ ਪੂਰਬ-ਇਤਿਹਾਸਕ ਕਾਲ ਵਿਚ ਵਾਪਰੀ ਕੋਈ ਘਟਨਾ ਜਾਂ ਬ੍ਰਿਤਾਂਤ ਹੈ। ਦੰਦ-ਕਥਾ ਇਤਿਹਾਸਕ ਤੱਥ ਉਪਰ ਆਧਾਰਿਤ ਕਿਸੇ ਇਤਿਹਾਸਕ ਵਿਅਕਤੀ, ਘਟਨਾ ਜਾਂ ਸਥਿਤੀ ਨਾਲ ਸੰਬੰਧਿਤ ਪਰੰਪਰਾਗਤ ਬਿਰਤਾਂਤ ਹੈ, ਜਿਸ ਵਿਚ ਤੱਥ ਅਤੇ ਮਿੱਥ ਦਾ ਸੁਮੇਲ ਹੁੰਦਾ ਹੈ ਅਥਵਾ ਇਸ ਦਾ ਬ੍ਰਿਤਾਂਤ ਇਤਿਹਾਸ ਦਾ ਵਿਕ੍ਰਿਤ ਰੂਪ ਹੈ। ਤੀਜੇ ਵਰਗ ਦੀ ਕਹਾਣੀ ਨਿਰੋਲ ਕਲਪਨਾ ਉਤੇ ਆਧਾਰਿਤ ਪਰੰਪਰਾਗਤ ਬ੍ਰਿਤਾਂਤ ਹੈ। ਇਸ ਵਰਗ ਦੀ ਕਹਾਣੀ ਦੇ ਪਾਤਰ ਤੇ ਘਟਨਾਵਾਂ ਸਭ ਕਲਪਿਤ ਹੁੰਦੀਆਂ ਹਨ। ਇਕੋ ਬ੍ਰਿਤਾਂਤ ਜੇ ਕਿਸੇ ਦੇਵੀ ਦੇਵਤੇ ਨਾਲ ਜੋੜ ਦੇਈਏ ਤਾਂ ਮਿਥ ਹੋਂਦ ਵਿਚ ਆਉਂਦੀ ਹੈ ; ਜੇ ਕਿਸੇ ਇਤਿਹਾਸਕ ਵਿਅਕਤੀ ਨਾਲ ਜੋੜੀਏ ਤਾਂ ਦੰਦ-ਕਥਾ;

ਜੇ ਕਲਪਿਤ ਪਾਤਰ ਨਾਲ ਜੋੜ ਦੇਈਏ ਤਾਂ ਲੋਕ-ਕਹਾਣੀ ਦਾ ਜਨਮ ਹੁੰਦਾ ਹੈ।

ਬਾਤਾਂ ਸ਼ਬਦ ਵਿਸਤ੍ਰਿਤ ਰੂਪ ਵਿਚ ਲੋਕ-ਕਹਾਣੀਆਂ ਦੇ ਸਮੁਚ ਲਈ ਵੀ ਵਰਤਿਆ ਜਾਂਦਾ ਹੈ, ਜਿਸ ਵਿਚ ਉਪਰ ਵਰਨਣ ਤਿੰਨੇ ਵਰਗ—ਮਿਥ, ਦੰਦ-ਕਥਾ ਤੇ ਕਹਾਣੀ ਆ ਜਾਂਦੇ ਹਨ, ਪਰ ਸੀਮਤ ਅਰਥਾਂ ਵਿਚ ਇਹ ਪਦ ਤੀਜੇ ਵਰਗ ਦੀਆਂ ਕਹਾਣੀਆਂ ਲਈ ਵੀ ਪ੍ਰਯੋਗ ਹੁੰਦਾ ਹੈ, ਜਿਸ ਵਿਚ ਕੇਵਲ ਕਲਪਿਤ ਕਥਾਵਾਂ, ਨੀਤੀ, ਪਰੀ ਤੇ ਪ੍ਰੇਤ-ਕਥਾਵਾਂ ਆਦਿ ਹੀ ਆਉਂਦੀਆਂ ਹਨ। ਇਹ ਤਿੰਨੋਂ ਵਰਗ ਅੱਗੋਂ ਕਈ ਰੂਪਾਂ ਵਿਚ ਫੈਲੇ ਹੋਏ ਹਨ।

ਬਾਤਾਂ ਦੇ ਭਿੰਨ ਭਿੰਨ ਰੂਪਾਂ ਦੀ ਚਰਚਾ ਕਰਨ ਤੋਂ ਪਹਿਲਾਂ ਇਥੇ ਇਕ ਹੋਰ ਗੱਲ ਸਪਸ਼ਟ ਕਰਨੀ ਜ਼ਰੂਰੀ ਹੈ। ਕੀ ਧਾਰਮਿਕ ਕਥਾ—ਸਾਹਿੱਤ ਸਾਖੀ, ਬਚਪਨ, ਅਸਲੇ, ਮਸਲੇ ਆਦਿ ਲੋਕ-ਕਹਾਣੀਆਂ ਅਥਵਾ ਬਾਤਾਂ ਦਾ ਹੀ ਇਕ ਵਰਗ ਜਾਂ ਰੂਪ ਹਨ ? ਜਿਵੇਂ ਕਿ ਅਸੀਂ ਪਿਛੇ ਬਾਤਾਂ ਦੀ ਪਰਿਭਾਸ਼ਾ ਕਰਦਿਆਂ ਦਸਿਆ ਹੈ ਕਿ ਜਿਸ ਰਚਨਾ ਵਿਚ ਲੋਕ-ਮਨ ਦਾ ਬ੍ਰਿਤਾਂਤਕ ਅਭਿਵਿਅਕਤ ਹੋਵੇ ਅਤੇ ਜੋ ਰਚਨਾ ਪਰੰਪਰਾਗਤ ਰੂੜ੍ਹੀਆਂ ਨਾਲ ਸਿਰਜੀ ਗਈ ਹੋਵੇ, ਉਹ ਭਾਵੇਂ ਸਾਖੀ ਹੋਵੇ ਭਾਵੇਂ ਨੀਤੀ-ਕਥਾ, ਉਹ ਲੋਕ-ਕਹਾਣੀ ਅਥਵਾ ਬਾਤਾਂ ਦਾ ਹੀ ਇਕ ਰੂਪ ਹੈ। ਸਾਖੀਆਂ, ਬਚਨ, ਅਸਲੇ, ਮਸਲੇ, ਗੋਸ਼ਟਾਂ ਆਦਿ ਕਥਾ-ਰੂਪ ਬੇਸ਼ਕ ਕਿਸੇ ਇਤਿਹਾਸਕ ਵਿਅਕਤੀ ਨਾਲ ਸੰਬੰਧਿਤ ਹੁੰਦੇ ਹਨ, ਪਰ ਇਹ ਬ੍ਰਿਤਾਂਤ ਅਰਧ-ਸੱਚ ਜਾਂ ਵਿਕ੍ਰਿਤ ਇਤਿਹਾਸ ਹਨ, ਜੋ ਲੋਕ-ਮਨ ਵਿਚੋਂ ਪ੍ਰਵਾਹਿਤ ਹੋ ਕੇ ਅਤੇ ਉਸ ਦੀ ਅਭਿਵਿਅਕਤੀ ਬਣ ਕੇ ਰੂਪਮਾਨ ਹੁੰਦੇ ਹਨ। ਇਸ ਲਈ ਇਹ ਸਾਰਾ ਕਥਾ-ਸਾਹਿੱਤ ਦੰਦ-ਕਥਾ ਦੇ ਅੰਤਰਗਤ ਆਉਂਦਾ ਹੈ। ਸਾਧਾਂ, ਸੰਤਾਂ, ਪੀਰਾਂ-ਫ਼ਕੀਰਾਂ, ਗੁਰੂ-ਵਿਅਕਤੀਆਂ, ਰਾਜਿਆਂ, ਸੂਰਮਿਆਂ ਅਤੇ ਪ੍ਰੇਮੀਆਂ ਆਦਿ ਨਾਲ ਸੰਬੰਧਿਤ ਸਭ ਕਥਾ-ਕਹਾਣੀਆਂ ਮੂਲ ਵਿਚ ਦੰਦ-ਕਥਾਵਾਂ ਹੀ ਹਨ।

ਬਾਤਾਂ ਦੇ ਅਨੇਕਾਂ ਰੂਪਾਂ ਹਨ ਅਤੇ ਇਨ੍ਹਾਂ ਕਥਾ-ਰੂਪਾਂ ਬਾਰੇ ਚਰਚਾ ਕਰਨੀ ਜ਼ਰੂਰੀ ਹੈ। ਮੱਧਕਾਲੀਨ ਕਥਾ-ਸਾਹਿੱਤ ਵਸਤੂ ਅਤੇ ਰੂਪ ਦੇ ਪਖੋਂ ਲੋਕ-ਸਾਹਿੱਤ ਦਾ ਹੀ ਹਾਣੀ ਹੈ। ਲੋਕ-ਸਾਹਿੱਤ ਵਿਚ ਰੂਪ ਦਾ ਆਧਾਰ ਨਾ ਤਾਂ ਕੋਈ ਵਿਅਕਤੀਗਤ ਵਿਰਤੀ ਹੁੰਦੀ ਹੈ ਅਤੇ ਨਾ ਹੀ ਕਲਪਨਾ। ਰੂਪ ਲੋਕ-ਚੇਤਨਤਾ ਵਿਚੋਂ ਉਭਰਦਾ ਹੈ ਅਤੇ ਸਮਾਜਿਕ ਰਿਸ਼ਤਿਆਂ, ਭਾਵਾਂ, ਵਿਚਾਰਾਂ, ਸੰਕਲਪਾਂ ਦਾ ਹੀ ਸਥੂਲ ਫੈਲਾਓ ਹੁੰਦਾ ਹੈ। ਇਹ ਰੂਪ ਲੋਕ-ਸੰਸਕ੍ਰਿਤੀ ਤੋਂ ਸ਼ਕਤੀ ਗ੍ਰਹਿਣ ਕਰ ਕੇ ਮੌਲਦਾ ਤੇ ਸਥਾਪਿਤ ਹੁੰਦਾ ਹੈ ਅਤੇ ਫਿਰ ਸੰਸਕ੍ਰਿਤੀ ਵਿਚ ਇਕਾਈ ਬਣ ਕੇ ਲੀਨ ਹੋ ਜਾਂਦਾ ਹੈ, ਕਿਉਂ ਜੋ ਲੋਕ-ਸਾਹਿੱਤ ਦੀ ਸਿਰਜਨਾ ਨਿਰੋਲ ਸਾਂਸਕ੍ਰਿਤਕ ਰੂੜ੍ਹੀਆਂ ਅਤੇ ਸਾਹਿੱਤਕ ਪ੍ਰਵਿਰਤੀਆਂ ਦੀ ਸੰਜੁਗਤ ਸ਼ਕਤੀ ਤੋਂ ਹੁੰਦੀ ਹੈ। ਇਸ ਲਈ ਪੰਜਾਬ ਦੀ ਲੋਕ-ਸੰਸਕ੍ਰਿਤੀ ਦੇ ਵਿਸ਼ਾਲ ਪਾਸਾਰੇ ਵਿਚੋਂ ਹੀ ਸਾਡੀਆਂ ਬਾਤਾਂ ਅਤੇ ਕਥਾ-ਸਾਹਿੱਤ ਨੇ ਰੂਪ ਗ੍ਰਹਿਣ ਕੀਤੇ ਹਨ। ਕਥਾ-ਦੁਆਰਾ ਲੋਕ-ਕਲਪਨਾ ਜੀਵਨ ਦੇ ਕਿਸੇ ਅਨੁਭਵ-ਖੰਡ ਦਾ ਸੱਚ ਉਜਾਗਰ ਕਰਦੀ ਹੈ। ਇਸ ਲਈ ਅਜਿਹੇ ਰੂਪ-ਪ੍ਰਬੰਧਾਂ ਦੀ ਸਿਰਜਨਾ ਕੀਤੀ ਗਈ ਹੈ, ਜੋ ਉਸ ਸੱਚ ਨੂੰ ਦੂਜਿਆਂ ਤਕ ਸੁਹਜਾਤਮਿਕ ਢੰਗ ਨਾਲ ਪਹੁੰਚਾ ਸਕਣ।

ਮੱਧਕਾਲੀਨ ਕਥਾ-ਸਾਹਿੱਤ ਵਿਚ ਵਸਤੂ ਉਤੇ ਜ਼ੋਰ ਵਧੇਰੇ ਹੈ, ਰੂਪ ਤਾਂ ਕੇਵਲ ਮਾਧਿਅਮ ਹੈ ਜੋ ਵਸਤੂ ਦਾ ਸਹਿਜ ਅੰਗ ਬਣ ਗਿਆ ਹੈ। ਇਸ ਲਈ ਰੂਪ ਤੇ ਵਸਤੂ

ਇਕ ਦੂਜੇ ਵਿਚ ਸੰਜੁਗਤ ਹੋਂਦ ਬਣ ਕੇ ਲੀਨ ਹਨ। ਵਸਤੂ ਵਾਂਗ ਰੂਪ ਵੀ ਲੰਮੀ ਪ੍ਰਕ੍ਰਿਆ ਵਿਚ ਢਲ ਕੇ ਲੋਕ-ਪ੍ਰਵਾਨਗੀ ਪ੍ਰਾਪਤ ਕਰਦੇ ਹੋਏ, ਸਹਿਜੇ ਸਹਿਜੇ ਸਥਾਪਿਤ ਹੋ ਜਾਂਦੇ ਹਨ ਅਤੇ ਕਥਾ-ਪਰੰਪਰਾ ਦਾ ਅੰਗ ਬਣ ਜਾਂਦੇ ਹਨ। ਪਰ ਜਦੋਂ ਕੋਈ ਰੂਪ ਸਥਾਪਿਤ ਹੋ ਜਾਂਦਾ ਹੈ ਤਾਂ ਵਸਤੂ ਵਾਂਗ ਉਹ ਵੀ ਪਰੰਪਰਾ ਬਣ ਜਾਂਦਾ ਹੈ ਅਤੇ ਫਿਰ ਉਸ ਰੂਪ ਵਿਚ ਜੋ ਵੀ ਸਿਰਜਿਆ ਜਾਂਦਾ ਹੈ, ਉਸ ਦੀ ਵਸਤੂ, ਉਸ ਰੂਪ ਦੇ ਵਸਤੂ ਦੇ ਬਣ ਚੁਕੇ ਸੰਸਕਾਰਾਂ ਦੇ ਅਨੁਕੂਲ ਲੈਣੀ ਪੈਂਦੀ ਹੈ। ਇਸ ਲਈ ਲੋਕ-ਸਾਹਿੱਤ ਵਿਚ ਰੂਪ ਅਤੇ ਵਸਤੂ ਇਕ ਦੂਜੇ ਵਿਚ ਇਤਨੇ ਵਿਲੀਨ ਹੋ ਜਾਂਦੇ ਹਨ ਕਿ ਉਨ੍ਹਾਂ ਦੀ ਸੰਜੁਗਤ ਹੋਂਦ ਨਿਖੇੜੀ ਨਹੀਂ ਜਾ ਸਕਦੀ।

ਮਧਕਾਲੀ ਕਥਾਵਾਂ ਆਕਾਰ ਵਿਚ ਲਘੂ ਵੀ ਹਨ ਅਤੇ ਦੀਰਘ ਵੀ, ਗਦ ਵਿਚ ਵੀ ਹਨ ਅਤੇ ਪਦ ਵਿਚ ਵੀ। ਪੰਜਾਬੀ ਦੀ ਸਭ ਤੋਂ ਛੋਟੀ ਬਾਤ ਚਾਰ ਸਤਰਾਂ ਦੀ ਹੈ, ਪਰ ਬ੍ਰਿਤਾਂਤ ਅਦਭੁਤ ਹੋਣ ਕਰਕੇ ਰੋਚਕ ਹੈ :

ਕਰ ਕਹਾਣੀ ਕੱਲਿਆ,
ਸੁਣ ਕਹਾਣੀ ਡੋਰਿਆ।
ਅੰਨ੍ਹੇ ਚੋਰ ਪਕੜਿਆ,
ਤੇ ਲੂਲ੍ਹਾ ਮਗਰ ਦੌੜਿਆ।

ਇਸ ਤੋਂ ਅਦਭੁਤ ਅਤੇ ਅਲੌਕਿਕ ਘਟਨਾ ਹੋਰ ਕੀ ਹੋ ਸਕਦੀ ਹੈ ਕਿ ਕੱਲਾ (ਥੱਥਾ) ਕਹਾਣੀ ਪਾ ਰਿਹਾ ਹੋਵੇ ਅਤੇ ਡੋਰਾ ਸੁਣ ਰਿਹਾ ਹੋਵੇ। ਕਹਾਣੀ ਦੀ ਘਟਨਾ ਵੀ ਬੜੀ ਵਚਿਤ੍ਰ ਹੈ—ਅੰਨ੍ਹੇ ਨੇ ਚੋਰ ਨੂੰ ਫੜ ਲਿਆ ਅਤੇ ਲੂਲ੍ਹਾ ਅੰਨ੍ਹੇ ਦੀ ਸਹਾਇਤਾ ਕਰਨ ਲਈ ਉਸ ਦੇ ਮਗਰ ਮਗਰ ਦੌੜਿਆ। ਇਸ ਰਚਨਾ ਵਿਚੋਂ ਇਕ ਸੰਪੂਰਨ ਕਥਾ ਦਾ ਆਨੰਦ ਝਰਦਾ ਹੈ। ਹੈ ਤਾਂ ਇਹ ਬਾਲ ਕਥਾ, ਪਰ ਬਾਤ ਦੀ ਪ੍ਰਕ੍ਰਿਤੀ ਦੀ ਪੂਰੀ ਸੋਝੀ ਕਰਵਾ ਦਿੰਦੀ ਹੈ।

ਕੁਝ ਕਥਾਵਾਂ ਦਾ ਵਸਤੂ ਇਕਹਿਰਾ ਹੈ ਅਤੇ ਉਨ੍ਹਾਂ ਵਿਚ ਜੀਵਨ ਦੇ ਕਿਸੇ ਤੱਥ, ਵਿਹਾਰ ਤੇ ਅਨੁਭਵ-ਖੰਡ ਦਾ ਹੀ ਪ੍ਰਗਟਾਅ ਹੈ। ਅਜਿਹੀਆਂ ਕਥਾਵਾਂ ਆਕਾਰ ਵਿਚ ਭਾਵੇਂ ਛੋਟੀਆਂ ਹਨ, ਪਰ ਪ੍ਰਭਾਵ ਉਨ੍ਹਾਂ ਦਾ ਲੰਮੀਆਂ ਕਥਾਵਾਂ ਨਾਲੋਂ ਵੀ ਬਲਵਾਨ ਹੈ। ਚੁਟਕਲੇ, ਗੱਲਾਂ, ਹਸਾਵਣੀਆਂ, ਸੁਖਨ ਆਦਿ ਇਸੇ ਵੰਨਗੀ ਦੀਆਂ ਲਘੂ-ਕਥਾਵਾਂ ਹਨ।

ਲੰਮੀਆਂ ਕਥਾਵਾਂ ਵਿਚ ਵਸਤੂ ਕਾਲ ਅਤੇ ਸਥਾਨ ਵਿਚ ਹੀ ਨਹੀਂ, ਅਸੀਮ ਜੀਵਨ ਵਿਚ ਵੀ ਫੈਲਿਆ ਹੁੰਦਾ ਹੈ। ਇਸੇ ਫੈਲਾਓ ਵਿਚ ਕਥਾ ਦੀ ਗਹਿਰਾਈ ਅਤੇ ਸ਼ਕਤੀ ਛੁਪੀ ਹੋਈ ਹੈ, ਨਾਵਲ ਵਾਂਗ ਲੰਮੀਆਂ ਕਥਾਵਾਂ ਦਾ ਪਾਸਾਰ ਬਹੁ-ਪੱਖਾ ਹੁੰਦਾ ਹੈ। ਪਰੀ-ਕਥਾਵਾਂ ਤੇ ਕਿੱਸੇ ਇਸੇ ਵੰਨਗੀ ਦੀਆਂ ਕਹਾਣੀਆਂ ਹਨ।

ਕਥਾ ਦੇ ਹਰ ਰੂਪ ਦੀ ਆਪਣੀ ਵਖਰੀ ਬਣਤਰ ਹੈ। ਮੁੱਢੀ ਵਿਚ ਕਿਸੇ ਹੋਂਦ ਦੀ ਵਿਆਖਿਆ ਹੈ, ਇਸ ਲਈ ਇਨ੍ਹਾਂ ਕਥਾਵਾਂ ਵਿਚ ਕਾਰਨ-ਕਾਰਜ ਦਾ ਵਚਿਤ੍ਰ ਸੰਬੰਧ ਅਤੇ ਇਕਹਿਰੀ ਜਿਹੀ ਘਟਨਾ ਹੈ, ਮਿਸਾਲ ਲਈ 'ਮੋਰ ਪੈਰ ਵੇਖ ਕੇ ਕਿਉਂ ਝੁਰਦਾ ਹੈ', ਦੀ ਮੁੱਢੀ ਲਓ। ਕਬੂਤਰ ਕਿਸੇ ਵਿਆਹ ਤੇ ਜਾਣ ਵੇਲੇ ਮੋਰਾਂ ਤੋਂ ਪੈਰ ਮੰਗ ਕੇ ਲੈ ਗਏ ਤੇ ਮੁੜ ਉਨ੍ਹਾਂ ਨੇ ਵਾਪਸ ਨਹੀਂ ਕੀਤੇ। ਸਰੀਰ ਦਾ ਕੋਈ ਅੰਗ ਮੰਗ

ਕੇ ਲੈ ਜਾਣਾ ਆਪਣੇ ਆਪ ਵਿਚ ਇਕ ਵਚਿਤ੍ਰ ਘਟਨਾ ਹੈ ਅਤੇ ਮੰਗ ਕੇ ਚੀਜ਼ ਵਾਪਸ ਨਾ ਕਰਨੀ ਮਨੁਖੀ ਕਮਜ਼ੋਰੀ। ਵਰਤ ਕਥਾ ਵਿਚ ਵੀ ਕਾਰਨ-ਕਾਰਜ ਦਾ ਸਿਲਸਿਲਾ ਜੁੜਿਆ ਹੁੰਦਾ ਹੈ, ਪਰ ਮੁਢੀ ਤੇ ਵਰਤ-ਕਥਾ ਦੇ ਕਾਰਨ-ਕਾਰਜ ਵਿਚ ਬੜਾ ਅੰਤਰ ਹੈ। ਪਹਿਲਾ ਜਿਤਨਾ ਵਚਿਤ੍ਰ ਹੁੰਦਾ ਹੈ ਦੂਜਾ ਉਤਨਾ ਹੀ ਸਾਧਾਰਨ। ਵਰਤ-ਕਥਾ ਵਿਚ ਵਰਤ ਦੁਆਰਾ ਕਿਸੇ ਇਸ਼ਟ ਨੂੰ ਪ੍ਰਸੰਨ ਕਰਨ ਦੀ ਕਥਾ ਹੁੰਦੀ ਹੈ, ਜੋ ਲੰਮੇ ਕਾਲ ਅਤੇ ਸਥਾਨ ਵਿਚ ਫੈਲੀ ਹੁੰਦੀ ਹੈ।

ਨੀਤੀ-ਕਥਾ ਵਿਚ ਵਚਿਤ੍ਰਤਾ ਤੇ ਵਾਸਤਵਿਕਤਾ ਦਾ ਪ੍ਰਭਾਵਸ਼ਾਲੀ ਸੰਜੋਗ ਹੁੰਦਾ ਹੈ। ਕਥਾ ਦੇ ਪਾਤਰ ਪਸ਼ੂ ਪੰਛੀ, ਜੜ੍ਹ ਪਦਾਰਥ, ਸੂਖਮ ਭਾਵ, ਆਦਿ ਵਸਤੂ-ਜਗਤ ਨਾਲੋਂ ਵੱਖਰੀ ਹੋਂਦ ਦੇ ਮਾਲਕ ਹਨ। ਪਸ਼ੂ ਪੰਛੀ ਮਨੁਖਾਂ ਵਾਂਗ ਬੋਲਦੇ, ਕਾਰਜ ਕਰਦੇ, ਰਿਸ਼ਤੇ ਬਣਾਉਂਦੇ, ਦੁਸ਼ਮਣੀਆਂ ਪਾਲਦੇ ਅਤੇ ਦੋਸਤੀਆਂ ਨਿਭਾਉਂਦੇ ਹਨ। ਜੜ੍ਹ ਪਦਾਰਥ ਚੇਤਨ ਮਨੁਖ ਵਾਂਗ, ਅਤੇ ਸੂਖਮ ਭਾਵ ਆਕਾਰ ਗ੍ਰਹਿਣ ਕਰ ਕੇ, ਵਿਚਰਦੇ ਤੇ ਕਾਰਜ ਸਾਧਦੇ ਹਨ। ਇਸ ਦੇ ਉਲਟ ਪਰੀ-ਕਥਾਵਾਂ ਦੀ ਵਚਿਤ੍ਰਤਾ, ਨੀਤੀ-ਕਥਾਵਾਂ ਦੀ ਵਚਿਤ੍ਰਤਾ ਨਾਲੋਂ ਬਿਲਕੁਲ ਹੀ ਵਖਰੇ ਚਰਿਤ੍ਰ ਦੀ ਹੈ। ਪਰੀ ਜਗਤ ਦਾ ਚਰਿਤ੍ਰ ਵਸਤੂ-ਜਗਤ ਨਾਲੋਂ ਅਨੂਠਾ ਤੇ ਵਿਲਖਣ ਹੈ। ਇਸੇ ਤਰ੍ਹਾਂ ਬਾਤਾਂ ਦੇ ਅਨੇਕਾਂ ਹੋਰ ਰੂਪ ਹਨ। ਇਹ ਕਥਾ-ਰੂਪ ਵਸਤੂ ਨਾਲ ਇਕਾਗਰ ਹਨ ਅਤੇ ਇਨ੍ਹਾਂ ਦੇ ਨਾਂ ਵੀ ਵਿਸ਼ੇ-ਵਸਤੂ, ਕਥਾ-ਪ੍ਰਕ੍ਰਿਤੀ ਜਾਂ ਕਥਾ-ਪਾਤਰਾਂ ਤੇ ਆਧਾਰਤ ਹਨ। ਮੁਢੀ ਤੇ ਅਸਲਿਆਂ ਵਿਚ ਕਿਸੇ ਜੀਵ ਵਸਤੂ ਜਾਂ ਪ੍ਰਾਕ੍ਰਿਤਕ ਦ੍ਰਿਸ਼ਟੀਮਾਨ ਦੀ ਪ੍ਰਥਮ ਹੋਂਦ ਦਾ ਬਿਰਤਾਂਤ ਹੈ ਅਤੇ ਇਹ ਨਾਂ ਇਨ੍ਹਾਂ ਕਥਾਵਾਂ ਦੀ ਪ੍ਰਕ੍ਰਿਤੀ ਦੇ ਅਨੁਕੂਲ ਹੈ। ਜਨੌਰ-ਕਥਾ, ਪ੍ਰੇਤ-ਕਥਾ, ਪਰੀ-ਕਥਾ ਆਦਿ ਰੂਪਾਂ ਦੇ ਨਾਂ ਪ੍ਰਧਾਨ ਪਾਤਰਾਂ ਤੇ ਆਧਾਰਤ ਹਨ। ਹਰੇਕ ਰੂਪ ਦਾ ਵੱਖਰਾ ਕਥਾ-ਸੰਸਾਰ ਹੈ। ਨੀਤੀ-ਕਥਾ ਤੇ ਹਿਕਾਇਤਾਂ ਨੈਤਿਕਤਾ ਨੂੰ ਉਜਾਗਰ ਕਰਦੀਆਂ ਹਨ ਅਤੇ ਟੋਟਕਿਆਂ ਵਿਚ ਕੋਈ ਵਿਹਾਰਕ ਗੱਲ ਵਿਆਖੀ ਗਈ ਹੈ। ਸਾਖੀ, ਬਚਨ, ਸੁਖਨ, ਗੋਸ਼ਟ, ਮਸਲੇ ਆਦਿ ਕਥਾ-ਰੂਪ ਮਹਾਂ-ਪੁਰਖਾਂ ਦੀ ਕਥਨੀ, ਕਰਨੀ ਤੇ ਸੋਚਣੀ ਦੇ ਬਿਰਤਾਂਤ ਹਨ। ਸਿਧੀ ਅਤੇ ਮਹਾਤਮ ਕਥਾ ਦੇ ਦੋ ਰਹੱਸਮਈ ਰੂਪ ਹਨ, ਜਿਨ੍ਹਾਂ ਦਾ ਸਹਿਜ ਫਲ ਸਰੋਤਿਆਂ ਨੂੰ ਪ੍ਰਾਪਤ ਹੁੰਦਾ ਹੈ। ਮਹਾਤਮ ਦਾ ਫਲ ਅਧਿਆਤਮਕ ਹੈ ਸਿਧੀ ਦਾ ਸਰੀਰਕ। ਗੱਲਾਂ, ਚੁਟਕਲੇ ਤੇ ਕਹਾਵਤਾਂ ਲਘੂ ਕਥਾਵਾਂ ਹਨ, ਜੋ ਬੋਲ-ਚਾਲ ਦੇ ਪ੍ਰਵਾਹ ਵਿਚ ਵਿਚਰਦੀਆਂ ਰਹਿੰਦੀਆਂ ਹਨ। ਹਸਾਵਣੀ ਹਾਸੇ-ਮਜ਼ਾਕ ਦੀ ਕਥਾ ਹੈ। ਗੱਪ ਵਿਚ ਗਲਪ ਅਤਿ ਕਥਨੀ ਰੂਪ ਵਿਚ ਵਿਚਰਦੀ ਹੈ। ਫਕੜ ਵਿਚ ਗੱਲ ਨਿਰਸੰਕੋਚ ਕਹਿ ਲਈ ਗਈ ਹੈ। ਬੁਝਾਵਲ ਕਥਾ ਵਿਚ ਕਥਾ ਅਤੇ ਬੁਝਾਰਤ ਦੋਵੇਂ ਮਿਸ਼ਰਤ ਤੇ ਇਕਾਗਰ ਹਨ। ਇਹ ਕਥਾ ਸਿਰਫ ਸੁਣੀ ਹੀ ਨਹੀਂ ਜਾਂਦੀ, ਬੁਝੀ ਵੀ ਜਾਂਦੀ ਹੈ। ਚਲਿਤਰ ਵਿਚ ਇਸਤਰੀ ਦੀ ਪ੍ਰਕ੍ਰਿਤੀ ਦਾ ਬਿਰਤਾਂਤਕ ਵਰਨਣ ਹੈ।

ਬਾਤਾਂ ਦੇ ਅਨੇਕਾਂ ਰੂਪ ਹਨ ਜਿਨ੍ਹਾਂ ਵਿਚੋਂ 26 ਰੂਪਾਂ ਦੀ ਚਰਚਾ 'ਮਧਕਾਲੀਨ ਪੰਜਾਬੀ ਕਥਾ : ਰੂਪ ਤੇ ਪਰੰਪਰਾ' ਵਿਚ ਕੀਤੀ ਗਈ ਹੈ। ਅਨੇਕਾਂ ਸਥਾਨਿਕ ਕਥਾ ਰੂਪ ਅਜੇ ਸਾਹਮਣੇ ਨਹੀਂ ਆਏ ਅਤੇ ਅੱਖੋਂ ਪਰੋਖੇ ਵਿਚਰ ਰਹੇ ਹਨ।

-ਵਣਜਾਰਾ ਬੇਦੀ

ਮਾਇਆ ਅਤੇ ਕਰਮ

ਇਕ ਵਾਰ ਕਿਸੇ ਜੰਗਲ ਬੀਆਬਾਨ ਵਿਚ, 'ਮਾਇਆ' ਅਤੇ 'ਕਰਮ' ਦਾ ਸਹਿਜ ਸੁਭਾ ਮੇਲ ਹੋ ਗਿਆ। ਕੁਝ ਚਿਰ ਉਹ ਦੋਵੇਂ ਲੋਕਾਂ ਦੇ ਦੁਖ-ਸੁਖ, ਇੱਛਾਵਾਂ ਤੇ ਸਧਰਾਂ ਆਦਿ ਬਾਰੇ ਚਰਚਾ ਕਰਦੇ ਰਹੇ। ਫਿਰ ਮਾਇਆ ਨੇ ਆਪਣਾ ਵਡਿਤਣ ਦਸਦਿਆਂ ਕਰਮ ਨੂੰ ਕਿਹਾ, "ਹੇ ਕਰਮ ! ਭਾਵੇਂ ਤੂੰ ਬੜਾ ਬਲੀ ਏਂ, ਪਰ ਮੈਂ ਤੇਰੇ ਤੋਂ ਵਧ ਸ਼ਕਤੀਵਾਨ ਹਾਂ, ਜਿਥੇ ਮੇਰੇ ਪੈਰ ਪੈਂਦੇ ਨੇ, ਉਥੇ ਲੋਕਾਂ ਦੇ ਭਾਗ ਜਾਗ ਪੈਂਦੇ ਨੇ।"

ਕਰਮ ਧੀਰਜ ਨਾਲ ਮਾਇਆ ਦੀਆਂ ਡੀਂਗਾਂ ਸੁਣਦਾ ਰਿਹਾ। ਫਿਰ ਉਹ ਬੜੇ ਸ਼ਾਂਤ ਪੂਰਵਕ ਢੰਗ ਨਾਲ ਬੋਲਿਆ, "ਹੇ ਮਾਇਆ ! ਵਡਿਆਈ ਮਾਰਨ ਦਾ ਕੋਈ ਫ਼ਾਇਦਾ ਨਹੀਂ, ਤੂੰ ਆਪਣਾ ਕੋਈ ਚਮਤਕਾਰ ਵਿਖਾਵੇਂ ਤਾਂ ਮੈਂ ਜਾਣਾਂ।"

"ਮੈਂ ਅੱਗੇ ਕਈ ਵਾਰ ਚਮਤਕਾਰ ਵਿਖਾ ਚੁਕੀ ਹਾਂ। ਭੁਖ ਤੋਂ ਲਾਚਾਰ ਕਈ ਲੋਕਾਂ ਨੂੰ ਮੈਂ ਅੱਖ ਪਲਕਾਰੇ ਵਿਚ ਵੱਡੇ ਵੱਡੇ ਭੰਡਾਰਿਆਂ ਦਾ ਮਾਲਕ ਬਣਾ ਦਿਤਾ ਏ। ਜੇ ਤੈਨੂੰ ਮੇਰੀ ਗੱਲ ਤੇ ਯਕੀਨ ਨਹੀਂ ਤਾਂ ਮੈਂ ਫਿਰ ਕਿਸੇ ਦਿਨ ਤੈਨੂੰ ਆਪਣੀ ਸ਼ਕਤੀ ਵਿਖਾ ਦੇਵਾਂਗੀ।" ਹੰਕਾਰ ਵਿਚ ਮਤੀ ਮਾਇਆ ਨੇ ਕਿਹਾ।

ਦੇਵਨੈਤ ਉਦੋਂ ਇਕ ਲਕੜਹਾਰਾ, ਹੱਥ ਵਿਚ ਕੁਹਾੜਾ ਫੜੀ, ਉਧਰੋਂ ਦੀ ਲੰਘ ਰਿਹਾ ਸੀ। ਕਰਮ ਨੇ ਮਾਇਆ ਨੂੰ ਕਿਹਾ, "ਵੇਖ, ਉਹ ਸਾਹਮਣਿਓਂ ਇਕ ਲਕੜਹਾਰਾ ਆ ਰਿਹਾ ਏ, ਤੂੰ ਉਸ ਨੂੰ ਧਨਵਾਨ ਬਣਾ ਦੇਵੇਂ ਤਾਂ ਜਾਣਾਂ।"

ਮਾਇਆ ਨੇ, ਉਸੇ ਵੇਲੇ, ਇਕ ਸੋਨੇ ਦਾ ਕੰਙਣ ਆਪਣੀਆਂ ਬਾਹਵਾਂ ਵਿਚੋਂ ਉਤਾਰ ਕੇ, ਲਕੜਹਾਰੇ ਦੇ ਅੱਗੇ ਸੁਟਿਆ। ਲਕੜਹਾਰੇ ਨੇ ਰਾਹ ਵਿਚ ਕੰਙਣ ਪਿਆ ਵੇਖ ਝਟ ਚੁਕ ਲਿਆ। ਉਸ ਨੇ ਕੰਙਣ ਨੂੰ ਸਿਧਾ ਪੁੱਠਾ ਕਰ ਕੇ ਵੇਖਿਆ। ਇਹ ਜਾਣ ਕੇ ਕਿ ਉਹ ਕੰਙਣ ਸੋਨੇ ਦਾ ਹੈ, ਲਕੜਹਾਰਾ ਖ਼ੁਸ਼ੀ ਨਾਲ ਫੁਲਿਆ ਨਾ ਸਮਾਇਆ। ਉਸ ਨੇ ਸਿਰ ਨਾਲ ਬੰਨ੍ਹੇ ਪਟਕੇ ਦਾ ਲੜ ਖੋਲ੍ਹ ਕੇ, ਕੰਙਣ ਬੰਨ੍ਹ ਲਿਆ ਅਤੇ ਲਕੜਾਂ ਨੂੰ ਕੱਟੇ ਬਗੈਰ ਘਰ ਵਲ ਵਾਪਸ ਤੁਰ ਪਿਆ।

ਲਕੜਹਾਰੇ ਨੂੰ ਸਖ਼ਤ ਭੁੱਖ ਲੱਗ ਗਈ। ਉਸ ਨੇ ਆਪਣੀ ਲਾਂਗੜ ਦੇ ਲੜ ਨਾਲ ਦੁਪਹਿਰੀ ਬੰਨ੍ਹੀ ਹੋਈ ਸੀ। ਸੋ ਉਸ ਨੇ ਸੋਚਿਆ, ਕਿਉਂ ਨਾ ਰੋਟੀ ਹੁਣੇ ਖਾ ਲਈ ਜਾਵੇ। ਉਸ ਨੇ, ਸਿਰ ਨਾਲੋਂ ਪਟਕਾ ਖੋਲ੍ਹਿਆ ਅਤੇ ਘਾਹ ਉਪਰ ਵਿਛਾ ਦਿਤਾ। ਫਿਰ ਲਾਂਗੜ ਨਾਲੋਂ ਰੋਟੀ ਖੋਲ੍ਹ ਕੇ ਪਟਕੇ ਉਪਰ ਰਖ ਕੇ ਬੜੇ ਸਵਾਦ ਨਾਲ ਖਾਣ ਲੱਗਾ। ਅਜੇ ਉਸ ਨੇ ਇਕ ਫੁਲਕਾ ਖਾਧਾ ਸੀ ਕਿ ਉਸ ਨੂੰ ਸਖ਼ਤ ਪਿਆਸ ਲੱਗ ਗਈ। ਕੋਲ ਹੀ ਇਕ ਨਦੀ ਵਗਦੀ ਸੀ, ਲਕੜਹਾਰਾ ਪਾਣੀ ਪੀਣ ਲਈ ਨਦੀ ਉਤੇ ਗਿਆ। ਅੱਖ ਪਲਕਾਰੇ ਵਿਚ ਇਕ ਇੱਲ੍ਹ ਉਡਦੀ ਹੋਈ ਉਥੇ ਆਈ ਅਤੇ ਰੋਟੀ ਉਪਰ ਝਪਟੀ। ਰੋਟੀ ਤਾਂ ਉਸ ਦੇ ਪੰਜਿਆਂ ਵਿਚ ਨਾ ਆਈ, ਪਰ ਉਹ ਪਟਕਾ, ਜਿਸ ਵਿਚ ਸੋਨੇ ਦਾ ਕੰਙਣ ਬੰਨ੍ਹਿਆ ਹੋਇਆ ਸੀ, ਉਸ ਦੇ ਪੰਜੇ ਵਿਚ ਆ ਗਿਆ। ਇੱਲ੍ਹ ਕੰਙਣ ਲੈ ਕੇ ਇਕ ਦਰੱਖ਼ਤ ਉਪਰ ਜਾ ਬੈਠੀ ਅਤੇ ਲਕੜਹਾਰਾ ਹੱਥ ਮਲਦਾ ਰਹਿ ਗਿਆ।

ਇਹ ਨਜ਼ਾਰਾ ਵੇਖ ਕੇ ਕਰਮ ਨੇ ਵਿਅੰਗ ਨਾਲ ਮਾਇਆ ਨੂੰ ਕਿਹਾ, "ਵੇਖਿਆ ਈ,

ਤੇਰਾ ਸੋਨੇ ਦਾ ਕੰਙਣ ਵੀ, ਇਸ ਗ਼ਰੀਬ ਲਕੜਹਾਰੇ ਦਾ ਕੁਝ ਨਹੀਂ ਸੰਵਾਰ ਸਕਿਆ।"

ਮਾਇਆ ਕਹਿਣ ਲੱਗੀ, "ਇਹ ਤਾਂ ਸੁਤੇ ਸਿਧ ਹੋ ਗਿਐ, ਵੈਸੇ ਮੇਰੇ ਵਿਚ ਤੇਰੇ ਤੋਂ ਵਧ ਸਮਰੱਥਾ ਏ। ਸਾਰੀ ਦੁਨੀਆਂ ਮਾਇਆ ਲਈ ਤਾਂਘਦੀ ਫਿਰਦੀ ਏ।"

"ਮਾਇਆ ! ਜੇ ਕੋਈ ਸੱਧਰ ਦਿਲ ਵਿਚ ਰਹਿ ਗਈ ਹੋਵੇ ਤਾਂ ਉਹ ਵੀ ਕੱਢ ਲੈ।" ਕਰਮ ਨੇ ਮੁਸਕਰਾ ਕੇ ਕਿਹਾ।

ਮਾਇਆ ਨੇ ਆਪਣਾ ਅਪਮਾਨ ਹੁੰਦਾ ਵੇਖ ਕੇ ਕਿਹਾ, "ਲੈ ਫਿਰ ਐਤਕੀਂ ਵੇਖ ਲੈ।"

ਜਦੋਂ ਲਕੜਹਾਰਾ ਉਥੋਂ ਤੁਰਨ ਲੱਗਾ ਤਾਂ ਮਾਇਆ ਨੇ ਆਪਣੀ ਉਂਗਲ ਨਾਲੋਂ ਇਕ ਕੀਮਤੀ ਮੁੰਦਰੀ ਉਤਾਰ ਕੇ ਉਸ ਦੇ ਅੱਗੇ ਸੁੱਟੀ। ਲਕੜਹਾਰੇ ਨੇ ਪੈਰਾਂ ਵਿਚ ਸੋਨੇ ਦੀ ਮੁੰਦਰੀ ਪਈ ਵੇਖੀ, ਤਾਂ ਉਹ ਖ਼ੁਸ਼ੀ ਨਾਲ ਕਹਿਣ ਲੱਗਾ, "ਰਬ ਬੜਾ ਪਰਵਰਦਿਗਾਰ ਏ, ਜੇ ਕੰਙਣ ਇੱਲ੍ਹ ਲੈ ਗਈ ਤਾਂ ਮੁੰਦਰੀ ਭੇਜ ਦਿਤੀ।" ਫਿਰ ਉਸ ਨੇ ਆਪਣੀ ਲਾਂਗੜ ਨਾਲ ਮੁੰਦਰੀ ਬੰਨ੍ਹ ਲਈ ਅਤੇ ਨਦੀ ਦੇ ਨਾਲ ਨਾਲ ਤੁਰ ਪਿਆ।

ਰੁੱਤ ਖੁਲ੍ਹੀ ਸੀ ਅਤੇ ਮਨ ਪ੍ਰਸੰਨ; ਨਦੀ ਦਾ ਪਾਣੀ ਵੇਖ ਕੇ ਲਕੜਹਾਰੇ ਦਾ ਚਿੱਤ ਨ੍ਹਾਉਣ ਲਈ ਕਰ ਆਇਆ। ਉਸ ਝਟ ਆਪਣੇ ਕਪੜੇ ਉਤਾਰੇ ਅਤੇ ਨਦੀ ਵਿਚ ਉਤਰ ਪਿਆ। ਜਦੋਂ ਲਕੜਹਾਰਾ ਨਹਾ ਕੇ ਬਾਹਰ ਨਿਕਲਿਆ ਤਾਂ ਉਸ ਨੇ ਆਪਣਾ ਪਿੰਡਾ ਲਾਂਗੜ ਦੇ ਨਾਲ ਪੂੰਝਿਆ। ਅਚਾਨਕ ਮੁੰਦਰੀ ਲਾਂਗੜ ਨਾਲੋਂ ਖੁਲ੍ਹ ਕੇ ਨਦੀ ਵਿਚ ਜਾ ਪਈ ਅਤੇ ਵੇਖਦੇ ਵੇਖਦੇ ਇਕ ਮੱਛੀ ਉਸ ਨੂੰ ਨਿਗਲ ਗਈ। ਲਕੜਹਾਰਾ ਫਿਰ ਹੱਥ ਮਲਦਾ ਰਹਿ ਗਿਆ ਅਤੇ ਕਰਮਾਂ ਨੂੰ ਕੋਸਣ ਲੱਗਾ।

ਇਹ ਵੇਖ ਮਾਇਆ ਬੜੀ ਸ਼ਰਮਿੰਦੀ ਹੋਈ ਅਤੇ ਕਰਮ ਨੂੰ ਆਖਣ ਲੱਗੀ, "ਹਜ਼ੂਰ ! ਮੈਂ ਤਾਂ ਹਾਰ ਗਈ ਹਾਂ। ਹੁਣ ਤੁਹਾਡੀ ਵਾਰੀ ਏ, ਤੁਸੀਂ ਆਪਣੀ ਸ਼ਕਤੀ ਵਿਖਾਓ ਤਾਂ ਮੈਂ ਜਾਣਾਂ।"

ਕਰਮ ਕਹਿਣ ਲੱਗਾ, "ਅੱਜ ਨਹੀਂ, ਕਲ੍ਹ ਮੈਂ ਆਪਣਾ ਚਮਤਕਾਰ ਵਿਖਾਵਾਂਗਾ। ਕਲ੍ਹ ਤੂੰ ਇਸੇ ਵੇਲੇ ਇਥੇ ਹੀ ਆ ਜਾਵੀਂ ਤੇ ਵੇਖੀਂ ਮੇਰਾ ਕਮਾਲ !"

ਅਗਲੇ ਦਿਨ, ਮਾਇਆ ਅਤੇ ਕਰਮ ਦੋਵੇਂ, ਉਸੇ ਜੰਗਲ ਵਿਚ, ਮਿਥੇ ਹੋਏ ਸਮੇਂ ਤੇ ਇਕੱਠੇ ਹੋਏ। ਰੋਜ਼ ਵਾਂਙ ਅੱਜ ਫਿਰ ਲਕੜਹਾਰਾ ਕੁਹਾੜੀ ਚੁੱਕੀ ਲੱਕੜਾਂ ਕੱਟਣ ਲਈ ਜੰਗਲ ਵਲ ਜਾ ਰਿਹਾ ਸੀ। ਮਾਇਆ ਨੇ ਕਰਮ ਨੂੰ ਕਿਹਾ, "ਵੇਖ, ਉਹੋ ਕਲ੍ਹ ਵਾਲਾ ਲਕੜਹਾਰਾ ਅੱਜ ਫਿਰ ਲਕੜਾਂ ਕੱਟਣ ਲਈ ਜਾ ਰਿਹਾ ਏ, ਇਸੇ ਉਤੇ ਆਪਣਾ ਕਮਾਲ ਵਿਖਾ।"

ਕਰਮ ਨੇ ਲਕੜਹਾਰੇ ਦੇ ਅੱਗੇ ਇਕ ਟਕਾ ਸੁੱਟ ਦਿਤਾ। ਲਕੜਹਾਰੇ ਨੇ ਆਪਣੇ ਪੈਰਾਂ ਵਿਚ ਟਕਾ ਪਿਆ ਵੇਖਿਆ ਤਾਂ ਖ਼ੁਸ਼ੀ ਨਾਲ ਚੁਕ ਲਿਆ। ਉਹ ਹਰ ਰੋਜ਼ ਜਿਤਨੀਆਂ ਲਕੜਾਂ ਕੱਟਦਾ ਸੀ, ਉਹ ਮਸਾਂ ਦੋ ਚਾਰ ਟਕਿਆਂ ਦੀਆਂ ਹੀ ਵਿਕਦੀਆਂ ਸਨ। ਲਕੜਹਾਰੇ ਦੀ ਤਬੀਅਤ ਇਕ ਤਾਂ ਵੈਸੇ ਹੀ ਢਿੱਲੀ ਸੀ, ਦੂਜਾ ਕਲ੍ਹ ਵਾਲੀ ਘਟਨਾ ਤੋਂ ਉਹ ਬੜਾ ਨਿਰਾਸ਼ ਸੀ। ਸੋ ਉਹ ਥਕਿਆ ਹੁਟਿਆ ਮਹਿਸੂਸ ਕਰ ਰਿਹਾ ਸੀ। ਇਸ ਲਈ ਆਰਾਮ ਕਰਨ ਦੇ ਵਿਚਾਰ ਨਾਲ ਉਹ ਇਕ ਦਰੱਖ਼ਤ ਦੇ ਹੇਠਾਂ ਜਾ ਲੇਟਿਆ।

ਥੋੜੀ ਦੇਰ ਬਾਅਦ ਲਕੜਹਾਰੇ ਨੂੰ ਭੁੱਖ ਲੱਗੀ ਅਤੇ ਉਹ ਰੋਟੀ ਖਾਣ ਦੇ ਵਿਚਾਰ ਨਾਲ ਨਦੀ ਵਲ ਤੁਰ ਪਿਆ। ਨਦੀ ਦੇ ਕੰਢੇ ਕੁਝ ਮਛੇਰੇ ਜਾਲ ਵਿਛਾ ਕੇ ਮੱਛੀਆਂ ਪਕੜ ਰਹੇ ਸਨ। ਲਕੜਹਾਰੇ ਦਾ ਦਿਲ ਮੱਛੀ ਖਾਣ ਨੂੰ ਕੀਤਾ। ਉਸ ਨੇ ਇਕ ਮੱਛੀ ਵਲ ਇਸ਼ਾਰਾ ਕਰ ਕੇ ਮਛੇਰੇ ਤੋਂ ਉਸ ਦਾ ਮੁੱਲ ਪੁਛਿਆ। ਮਛੇਰੇ ਨੇ ਇਕ ਟਕਾ ਦੱਸਿਆ। ਲਕੜਹਾਰੇ ਨੇ ਟਕਾ ਦੇ ਕੇ ਉਹ ਮੱਛੀ ਖ਼ਰੀਦ ਲਈ।

ਲਕੜਹਾਰੇ ਦਾ ਦਿਲ ਕੀਤਾ, ਹੁਣੇ ਮੱਛੀ ਭੁੰਨ ਕੇ ਰੋਟੀ ਖਾ ਲਈ ਜਾਵੇ। ਉਹ ਕੁਹਾੜਾ ਲੈ ਕੇ ਇਕ ਦਰੱਖ਼ਤ ਨਾਲੋਂ ਲਕੜਾਂ ਚੀਰਨ ਲੱਗਾ। ਦੇਵਨੈਤ, ਉਸ ਦਰੱਖ਼ਤ ਉਪਰ ਉਸੇ ਇੱਲ੍ਹ ਦਾ ਆਲ੍ਹਣਾ ਸੀ, ਜਿਹੜੀ ਸੋਨੇ ਦਾ ਕੰਙਣ ਚੁਕ ਕੇ ਲੈ ਗਈ ਸੀ। ਲਕੜਹਾਰਾ ਦਰੱਖ਼ਤ ਉਤੇ ਚੜ੍ਹਿਆ ਤਾਂ ਇੱਲ੍ਹ ਡਰਕੇ ਆਲ੍ਹਣੇ ਵਿਚੋਂ ਉੱਡ ਗਈ। ਲਕੜਹਾਰੇ ਨੂੰ ਸ਼ੱਕ ਪਿਆ ਕਿ ਹੋਵੇ ਨਾ ਹੋਵੇ ਇਹ ਇੱਲ੍ਹ ਕਲ੍ਹ ਵਾਲੀ ਹੀ ਹੈ। ਉਸ ਨੇ ਇੱਲ੍ਹ ਦੇ ਆਲ੍ਹਣੇ ਨੂੰ ਨੀਝ ਨਾਲ ਵੇਖਿਆ ਤਾਂ ਉਸ ਨੂੰ ਉਥੇ ਆਪਣਾ ਪਟਕਾ ਲਟਕਦਾ ਹੋਇਆ ਵਿਖਾਈ ਦਿਤਾ। ਉਹ ਦਰੱਖ਼ਤ ਉਪਰ ਚੜ੍ਹ ਕੇ ਆਲ੍ਹਣੇ ਵਿਚੋਂ ਸੋਨੇ ਦਾ ਕੰਙਣ ਕੱਢ ਲਿਆਇਆ।

ਫਿਰ ਲਕੜਹਾਰੇ ਨੇ ਕੁਝ ਲਕੜਾਂ ਜੋੜੀਆਂ ਅਤੇ ਅੱਗ ਬਾਲ ਕੇ ਮੱਛੀ ਭੁੰਨੀ! ਜਦੋਂ ਉਹ ਮੱਛੀ ਨੂੰ ਚੀਰ ਕੇ ਖਾਣ ਲੱਗਾ ਤਾਂ ਉਸ ਦੇ ਢਿੱਡ ਵਿਚੋਂ ਕਲ੍ਹ ਵਾਲੀ ਮੁੰਦਰੀ ਨਿਕਲ ਆਈ। ਲਕੜਹਾਰੇ ਦਾ ਮਨ ਮੁੰਦਰੀ ਵੇਖ ਕੇ ਬੜਾ ਖ਼ੁਸ਼ ਹੋਇਆ। ਲਕੜਹਾਰੇ ਨੇ ਝਟਪਟ ਰੋਟੀ ਖਾਧੀ ਅਤੇ ਮੁੰਦਰੀ ਤੇ ਕੰਙਣ ਲੈ ਕੇ ਨੱਚਦਾ ਟਪਦਾ ਹੋਇਆ ਘਰ ਵਲ ਤੁਰ ਪਿਆ।

ਕਰਮ ਨੇ ਮਾਇਆ ਨੂੰ ਕਿਹਾ, "ਵੇਖਿਆ ਈ ਮੇਰਾ ਕਮਾਲ, ਮੇਰੇ ਦੋ ਪੈਸਿਆਂ ਨੇ ਉਹ ਕੁਝ ਕਰ ਵਿਖਾਇਆ ਏ ਜੋ ਤੇਰੇ ਸੋਨੇ ਦੀ ਮੁੰਦਰੀ ਤੇ ਕੰਙਣ ਦੋਵੇਂ ਨਹੀਂ ਕਰ ਸਕੇ।"

ਮਾਇਆ ਨੇ ਕਰਮ ਦੀ ਸ਼ਕਤੀ ਨੂੰ ਪ੍ਰਣਾਮ ਕਰਦਿਆਂ ਕਿਹਾ, "ਕਰਮ ! ਤੂੰ ਬਲੀ ਏਂ।

ਹੱਕ ਨਿਆਂ ਦੀ ਰੋਟੀ

ਇਕ ਰਾਜੇ ਦੇ ਦਰਬਾਰ ਵਿਚ ਕੋਈ ਮਹਾਤਮਾ ਪੁਰਸ਼ ਆਇਆ। ਕਾਫ਼ੀ ਚਿਰ ਵਚਨ-ਬਿਲਾਸ ਹੁੰਦਾ ਰਿਹਾ। ਜਦੋਂ ਖਾਣੇ ਦਾ ਵੇਲਾ ਹੋਇਆ, ਤਾਂ ਰਾਜੇ ਨੇ ਮਹਾਤਮਾ ਦੇ ਅੱਗੇ ਕਈ ਤਰ੍ਹਾਂ ਦੇ ਖਾਣੇ ਪਰੋਸੇ ਤੇ ਕਿਹਾ, "ਮਹਾਰਾਜ ! ਭੋਗ ਲਗਾਓ।"

ਮਹਾਤਮਾ ਜੀ ਕਹਿਣ ਲੱਗੇ, "ਰਾਜਾ ਜੀ, ਮੈਂ ਹਮੇਸ਼ਾਂ ਹੱਕ ਨਿਆਂ ਦੀ ਰੋਟੀ ਖਾਂਦਾ ਹਾਂ। ਕੀ ਇਹ ਭੋਜਨ ਹੱਕ ਨਿਆਂ ਦਾ ਏ ?"

ਰਾਜਾ ਹੈਰਾਨ ਹੋ ਕੇ ਮਹਾਤਮਾ ਵਲ ਵੇਖਣ ਲੱਗਾ। ਫਿਰ ਉਸ ਨੇ ਨਿਮਰਤਾ ਨਾਲ ਪੁਛਿਆ, "ਮਹਾਰਾਜ, ਹੱਕ ਨਿਆਂ ਦੀ ਰੋਟੀ ਕਿਸ ਤਰ੍ਹਾਂ ਦੀ ਹੁੰਦੀ ਹੈ ? ਜ਼ਰਾ ਸਮਝਾਓ ਤਾਂ ਸਹੀ।"

ਮਹਾਤਮਾ ਨੇ ਕਿਹਾ, "ਤੇਰੀ ਹੀ ਨਗਰੀ ਵਿਚ, ਮਹਿਲਾਂ ਦੇ ਪਿਛਵਾੜੇ ਵਲ, ਇਕ ਬੁੱਢੀ ਰਹਿੰਦੀ ਹੈ, ਜਿਸ ਦਾ ਨਾਂ ਮਾਈ ਦੌਲਤਾਂ ਏ। ਤੂੰ ਉਸ ਤੋਂ ਹੱਕ ਨਿਆਂ ਦੀ ਰੋਟੀ ਮੰਗੀਂ, ਆਪੇ ਸਮਝ ਆ ਜਾਵੇਗੀ।"

ਰਾਜਾ ਉਸੇ ਵੇਲੇ ਫ਼ਕੀਰ ਦਾ ਭੇਸ ਧਾਰ ਕੇ ਬੁੱਢੀ ਦੇ ਘਰ ਪੁੱਜਾ ਅਤੇ ਕਹਿਣ ਲੱਗਾ, "ਮਾਈ ! ਸਖ਼ਤ ਭੁੱਖ ਲੱਗੀ ਏ, ਕੁਝ ਖਾਣ ਨੂੰ ਦੇ, ਤੇਰਾ ਪੁੰਨ ਹੋਸੀ।" ਪਰ ਜਦੋਂ ਬੁੱਢੀ ਰੋਟੀ ਲਿਆ ਕੇ ਭਿਛਿਆ ਦੇਣ ਲੱਗੀ ਤਾਂ ਰਾਜੇ ਨੇ ਕਿਹਾ, "ਮਾਈ ! ਮੈਨੂੰ ਹੱਕ ਨਿਆਂ ਦੀ ਰੋਟੀ ਚਾਹੀਦੀ ਹੈ।"

ਬੁੱਢੀ ਨੇ ਨਿਰਾਸ ਹੋ ਕੇ ਕਿਹਾ, "ਮੇਰੇ ਕੋਲ ਤਾਂ ਅੱਜ ਇਕੋ ਰੋਟੀ ਏ, ਉਹ ਵੀ ਅੱਧੀ ਹੱਕ ਨਿਆਂ ਦੀ ਏ ਤੇ ਅੱਧੀ ਬੇਹੱਕ ਦੀ।"

ਰਾਜੇ ਨੇ ਹੈਰਾਨ ਹੋ ਕੇ ਪੁਛਿਆ, "ਮਾਈ ਜੀ, ਅੱਧੀ ਬੇਹੱਕ ਦੀ ਕਿਵੇਂ ਹੋਈ?"

ਬੁੱਢੀ ਨੇ ਦੱਸਿਆ, "ਕਲ੍ਹ ਸ਼ਾਮ ਵੇਲੇ ਮੈਂ ਬੂਹੇ ਅੱਗੇ ਬੈਠੀ ਚਰਖ਼ਾ ਕੱਤ ਰਹੀ ਸਾਂ। ਅੱਧਾ ਮੁੱਢਾ ਮੈਂ ਕੱਤਿਆ ਸੀ ਕਿ ਹਨੇਰਾ ਡੂੰਘਾ ਹੋਣ ਲੱਗਾ। ਮੈਂ ਚਰਖ਼ਾ ਛੱਡ ਕੇ ਉਠਣ ਹੀ ਲੱਗੀ ਸਾਂ ਕਿ ਰਾਜੇ ਦੇ ਆਦਮੀ ਇਧਰੋਂ ਦੀ ਲੰਘੇ ਅਤੇ ਕਿਸੇ ਅਧਿਕਾਰੀ ਨੂੰ ਉਡੀਕਣ ਲਈ ਇਥੇ ਖੜੇ ਹੋ ਗਏ। ਉਨ੍ਹਾਂ ਕੋਲ ਮਿਸ਼ਾਲਾਂ ਸਨ। ਮੈਂ ਮਿਸ਼ਾਲਾਂ ਦੀ ਰੌਸ਼ਨੀ ਵਿਚ ਬਾਕੀ ਮੁੱਢੀ ਪੂਰਾ ਕਰ ਲਿਆ। ਉਸੇ ਮੁੱਢੇ ਨੂੰ ਵੇਚ ਕੇ ਮੈਂ ਆਟਾ ਲਿਆਂਦਾ ਤੇ ਇਹ ਰੋਟੀ ਬਣਾਈ। ਇਸ ਵਾਸਤੇ ਮੇਰੀ ਇਹ ਅੱਧੀ ਰੋਟੀ ਤਾਂ ਹੱਕ ਦੀ ਹੈ, ਪਰ ਅੱਧੀ ਨਾਹੱਕ ਦੀ ਏ।"

ਰਾਜੇ ਨੇ ਗੱਲ ਸੁਣ ਕੇ ਬੁੱਢੀ ਦੇ ਪੈਰ ਫੜ ਲਏ। ਫਿਰ ਉਹ ਦੌੜਦਾ ਹੋਇਆ ਮਹਾਤਮਾ ਕੋਲ ਆਇਆ ਤੇ ਕਹਿਣ ਲੱਗਾ, "ਮਹਾਰਾਜ, ਮੇਰੀ ਸਾਰੀ ਰੋਟੀ ਹੀ ਬੇਹੱਕੀ ਹੈ।"

ਤੀਵੀਆਂ ਦੇ ਵਸਫ਼

ਇਕ ਵਾਰ ਬਹਾਦਰ ਸ਼ਾਹ ਨਾਂ ਦਾ ਇਕ ਬਾਦਸ਼ਾਹ ਆਪਣੇ ਸਾਥੀਆਂ ਨਾਲ ਸ਼ਿਕਾਰ ਖੇਡਣ ਲਈ ਜੰਗਲ ਵਿਚ ਗਿਆ। ਰਸਤੇ ਵਿਚ ਉਸ ਨੂੰ ਇਕ ਲਕੜਹਾਰਾ ਮਿਲ ਗਿਆ, ਜੋ ਲਕੜੀਆਂ ਦੀ ਗੱਡ ਸਿਰ ਉਤੇ ਲੱਦੀ ਸ਼ਹਿਰ ਵਲ ਵੇਚਣ ਲਈ ਜਾ ਰਿਹਾ ਸੀ। ਬਾਦਸ਼ਾਹ ਨੇ ਲਕੜਹਾਰੇ ਤੋਂ ਪੁਛਿਆ, "ਤੂੰ ਕੌਣ ਏਂ, ਤੇ ਕੀ ਕਰਦਾ ਏਂ ?"

"ਮਹਾਰਾਜ, ਮੈਂ ਲਕੜਹਾਰਾ ਹਾਂ, ਤੇ ਲਕੜੀਆਂ ਕੱਟ ਕੇ ਗੁਜ਼ਾਰਾ ਤੋਰਦਾ ਹਾਂ।"

"ਤੇਰਾ ਨਾਂ ਕੀ ਏ ?"

"ਜੀ ਮੇਰਾ ਨਾਂ ਬਹਾਦਰ ਸ਼ਾਹ ਏ।"

ਬਾਦਸ਼ਾਹ ਹੈਰਾਨ ਹੋ ਕੇ ਲਕੜਹਾਰੇ ਵਲ ਵੇਖਣ ਲੱਗਾ। ਉਹਨੇ ਦਿਲ ਵਿਚ ਸੋਚਿਆ, "ਮੇਰਾ ਨਾਂ ਬਹਾਦਰ ਸ਼ਾਹ ਏ ਅਤੇ ਮੈਂ ਇਤਨੇ ਵੱਡੇ ਦੇਸ਼ ਦਾ ਪਾਤਸ਼ਾਹ ਹਾਂ। ਇਸ ਸ਼ਖਸ਼ ਦਾ ਨਾਂ ਵੀ ਬਹਾਦਰ ਸ਼ਾਹ ਏ, ਪਰ ਇਹ ਵਿਚਾਰਾ ਲਕੜੀਆਂ ਕੱਟ ਕੇ ਪੇਟ ਪਾਲਦਾ ਏ, ਇਹ ਰੱਬ ਦੀ ਕੀ ਖੇਡ ਹੋਈ ?"

ਜਦੋਂ ਸ਼ਿਕਾਰ ਖੇਡ ਕੇ ਬਹਾਦਰ ਸ਼ਾਹ ਵਾਪਿਸ ਮਹਿਲਾਂ ਵਿਚ ਗਿਆ ਤਾਂ ਉਸ ਨੇ ਆਪਣੇ ਮੁਲਕ ਦੇ ਕਈ ਦਾਨਸ਼ਮੰਦਾਂ ਨੂੰ ਸੱਦ ਕੇ ਪੁਛਿਆ, "ਅੱਜ ਇਕ ਅਜੀਬ ਗੱਲ ਹੋਈ, ਮੈਨੂੰ ਜੰਗਲ ਵਿਚ ਇਕ ਲਕੜਹਾਰਾ ਮਿਲਿਆ, ਜਿਸ ਦਾ ਨਾਂ ਵੀ ਬਹਾਦਰ ਸ਼ਾਹ ਸੀ। ਅਸਾਂ ਦੋਹਾਂ ਦਾ ਨਾਂ ਇਕੋ ਏ, ਦੇਸ਼ ਇਕੋ ਏ, ਜੂਨ ਤੇ ਧਰਮ ਇਕੋ ਏ, ਫਿਰ ਵੀ ਸਾਡੀ ਦੋਹਾਂ ਦੀ ਕਿਸਮਤ ਵਿਚ ਜ਼ਿਮੀਂ ਆਸਮਾਨ ਦਾ ਫ਼ਰਕ ਕਿਉਂ ਏ ?"

ਕਿਸੇ ਦਰਬਾਰੀ ਨੇ ਕਿਹਾ, "ਇਹ ਪਿਛਲੇ ਜਨਮਾਂ ਦੇ ਕਰਮਾਂ ਦਾ ਫਲ ਏ।" ਕਿਸੇ ਕਿਹਾ, "ਲਕੜਹਾਰੇ ਨੇ ਪਿਛਲੇ ਜਨਮ ਵਿਚ ਕੋਈ ਘੋਰ ਪਾਪ ਕੀਤਾ ਹੋਣੈ, ਅਤੇ ਤੁਸਾਂ ਤਪੱਸਿਆ, ਇਸੇ ਵਾਸਤੇ ਉਸ ਦੇ ਹਿੱਸੇ ਗ਼ਰੀਬੀ ਆਈ ਏ ਅਤੇ ਤੁਹਾਡੇ ਹਿੱਸੇ ਪਾਤਸ਼ਾਹੀ।" ਪਰ ਇਨ੍ਹਾਂ ਗੱਲਾਂ ਨਾਲ ਬਾਦਸ਼ਾਹ ਦੀ ਤਸੱਲੀ ਨਾ ਹੋਈ। ਕਿਉਂ ਜੋ ਉਹ ਮੁਸਲਮਾਨ ਹੋਣ ਦੇ ਨਾਤੇ ਪਿਛਲੇ ਜਨਮਾਂ ਤੇ ਕਰਮਾਂ ਵਿਚ ਵਿਸ਼ਵਾਸ ਨਹੀਂ ਸੀ ਰਖਦਾ। ਅਖ਼ੀਰ ਬਾਦਸ਼ਾਹ ਨੇ ਇਹੋ ਸਵਾਲ ਆਪਣੀ ਮਲਕਾ ਕੋਲੋਂ ਪੁਛਿਆ।

ਬਹਾਦਰ ਸ਼ਾਹ ਦੀ ਮਲਕਾ ਬੜੀ ਸਿਆਣੀ ਤੇ ਸੂਝਵਾਨ ਸੀ। ਸੋਚ ਕੇ ਆਖਣ ਲੱਗੀ, "ਬਾਦਸ਼ਾਹ ਸਲਾਮਤ ! ਕਿਸਮਤ ਤੀਵੀਆਂ ਬਣਾਉਂਦੀਆਂ ਹਨ, ਮੈਨੂੰ ਤਾਂ ਲੱਗਦਾ ਏ ਕਿ ਉਸ ਲਕੜਹਾਰੇ ਦੀ ਤ੍ਰੀਮਤ ਬਹੁਤੀ ਅਕਲਮੰਦ ਨਹੀਂ, ਇਸੇ ਲਈ ਉਸ ਨੇ ਸਾਰੀ ਉਮਰ ਲਕੜੀਆਂ ਢੋਂਦਿਆਂ ਹੀ ਗੁਜ਼ਾਰ ਦਿਤੀ ਏ।"

ਬਾਦਸ਼ਾਹ ਇਹ ਗੱਲ ਸੁਣ ਕੇ ਕਰੋਧ ਵਿਚ ਆ ਗਿਆ ਤੇ ਕਹਿਣ ਲੱਗਾ, "ਤੇਰਾ ਮਤਲਬ ਏ ਕਿ ਤੇਰੀ ਸਿਆਣਪ ਕਰ ਕੇ ਮੈਨੂੰ ਬਾਦਸ਼ਾਹੀ ਮਿਲੀ ਏ। ਤੂੰ ਮੇਰਾ ਅਤੇ ਮੇਰੀ ਕੁਲ ਦਾ ਅਪਮਾਨ ਕੀਤਾ ਏ। ਮੈਂ ਤੈਨੂੰ ਮਹਿਲਾਂ ਵਿਚੋਂ ਨਿਕਲ ਜਾਣ ਦਾ ਹੁਕਮ ਦਿੰਦਾ ਹਾਂ।"

ਫਿਰ ਬਹਾਦਰ ਸ਼ਾਹ ਨੇ ਲਕੜਹਾਰੇ ਨੂੰ ਸੱਦਿਆ ਅਤੇ ਮਲਕਾ ਨੂੰ ਉਸ ਦੇ ਹਵਾਲੇ ਕਰਦਾ ਹੋਇਆ ਕਹਿਣ ਲੱਗਾ, "ਮੂਰਖੇ, ਜੇ ਤੂੰ ਇਸ ਦਲਿਦਰੀ ਨੂੰ ਵੀ ਬਾਦਸ਼ਾਹ ਬਣਾ ਦੇਵੇਂ, ਤਾਂ ਮੈਂ ਜਾਣਾਂ।"

ਮਲਕਾ ਦਾ ਬਾਦਸ਼ਾਹ ਅੱਗੇ ਕੀ ਜ਼ੋਰ ਸੀ। ਉਹ ਸਬਰ ਦਾ ਘੁੱਟ ਭਰ ਕੇ ਲਕੜਹਾਰੇ ਨਾਲ ਤੁਰ ਪਈ। ਲਕੜਹਾਰਾ, ਬਾਦਸ਼ਾਹ ਤੋਂ ਡਰਦਾ, ਮਲਕਾ ਨੂੰ ਨਾਲ ਲੈ ਤੁਰਿਆ ਅਤੇ ਉਸ ਨੂੰ ਜੰਗਲ ਵਿਚ ਆਪਣੀ ਝੁੱਗੀ ਵਿਚ ਲਿਆ ਕੇ ਕਹਿਣ ਲੱਗਾ, "ਬੱਚੀਏ ! ਮੇਰੇ ਪਿਛੇ ਤੈਨੂੰ ਵੀ ਮੁਸੀਬਤਾਂ ਝਾਗਣੀਆਂ ਪਈਆਂ ਨੇ। ਮੇਰੇ ਭਾਗਾਂ ਵਿਚ ਤਾਂ ਗ਼ਰੀਬੀ ਲਿਖੀ ਗਈ ਸੀ, ਸ਼ਾਇਦ ਤੇਰੇ ਭਾਗ ਵਿਚ ਵੀ ਅੱਲਾ ਨੇ ਇਹੋ ਕੁਝ ਲਿਖਿਆ ਹੋਵੇ।"

ਮਲਕਾ ਬੜੇ ਧੀਰਜ ਨਾਲ ਬੋਲੀ, "ਬਾਬਾ ! ਅੱਜ ਤੋਂ ਤੂੰ ਮੇਰਾ ਪਿਓ ਏਂ ਤੇ ਮੈਂ ਤੇਰੀ ਧੀ ਆਂ, ਪਰ ਤੂੰ ਜਿਹੜੀ ਇਹ ਗੱਲ ਆਖੀ ਏ ਕਿ ਤੇਰੇ ਭਾਗਾਂ ਵਿਚ ਗ਼ਰੀਬੀ ਲਿਖੀ ਹੋਈ ਏ, ਇਹ ਮੈਂ ਨਹੀਂ ਮੰਨਦੀ। ਬੰਦਾ ਆਪਣੀ ਕਿਸਮਤ ਖ਼ੁਦ ਘੜਦਾ ਏ। ਬਾਦਸ਼ਾਹ ਨੇ ਕਰੋਧ ਵਿਚ ਆ ਕੇ ਮੈਨੂੰ ਤੇਰੇ ਹਵਾਲੇ ਕਰ ਦਿਤੈ। ਜੇ ਮੇਰਾ ਵਸ ਚਲਿਆ ਤਾਂ ਮੈਂ ਤੇਰੀ ਕਿਸਮਤ ਬਦਲ ਕੇ ਵਿਖਾ ਦਿਆਂਗੀ।"

ਮਲਕਾ ਲਕੜਹਾਰੇ ਦੀ ਝੁੱਗੀ ਵਿਚ ਹੀ ਰਹਿਣ ਲੱਗ ਪਈ। ਉਸ ਪਰਿਵਾਰ ਦੇ ਕੁਲ ਪੰਜ ਜੀਅ ਸਨ—ਤਿੰਨ ਬੱਚੇ, ਇਕ ਤ੍ਰੀਮਤ ਤੇ ਇਕ ਉਹ ਆਪ। ਲਕੜਹਾਰੇ ਦਾ ਸਾਰਾ ਟੱਬਰ ਜੰਗਲ ਵਿਚ ਜਾਂਦਾ। ਲਕੜਹਾਰਾ ਲਕੜੀਆਂ ਕਟਦਾ, ਉਸ ਦੇ ਧੀਆਂ ਪੁਤਰ ਲਕੜੀਆਂ ਚੁਣਦੇ ਅਤੇ ਲਕੜਹਾਰੇ ਦੀ ਔਰਤ ਗਡ ਬੰਨ੍ਹਦੀ। ਫਿਰ ਲਕੜਹਾਰਾ ਸ਼ਹਿਰ ਜਾ ਕੇ ਲਕੜਾਂ ਵੇਚ ਆਉਂਦਾ ਤੇ ਵਾਪਸੀ ਉਤੇ ਉਹ ਤੰਦੂਰੋਂ ਕੁਝ ਪੱਕੀਆਂ ਪਕਾਈਆਂ ਰੋਟੀਆਂ ਲੈ ਆਉਂਦਾ, ਜੋ ਉਹ ਸਾਰੇ ਰਲ-ਮਿਲ ਕੇ ਖਾ ਲੈਂਦੇ।

ਮਲਕਾ ਦੋ ਚਾਰ ਦਿਨ ਇਹ ਸਭ ਕੁਝ ਵੇਖਦੀ ਰਹੀ। ਫਿਰ ਇਕ ਦਿਨ ਉਹ ਲਕੜਹਾਰੇ ਨੂੰ ਕਹਿਣ ਲੱਗੀ, "ਬਾਬਾ ! ਤੂੰ ਤੰਦੂਰੋਂ ਪੱਕੀਆਂ ਪਕਾਈਆਂ ਰੋਟੀਆਂ ਲਿਆਣ ਦੀ ਥਾਂ ਬਜ਼ਾਰੋਂ ਕਣਕ ਦੇ ਦਾਣੇ ਲਿਆਇਆ ਕਰ। ਅਸੀਂ ਰਲ ਕੇ ਆਟਾ ਪੀਹ ਲਿਆ ਕਰਾਂਗੇ।" ਲਕੜਹਾਰੇ ਨੇ ਇਸੇ ਤਰ੍ਹਾਂ ਕੀਤਾ। ਮਲਕਾ ਨੇ ਹਰ ਰੋਜ਼ ਕੁਝ ਆਟਾ ਬਚਾਣਾ ਸ਼ੁਰੂ ਕਰ ਦਿਤਾ। ਜਦੋਂ ਬਹੁਤ ਸਾਰਾ ਆਟਾ ਇਕੱਠਾ ਹੋ ਗਿਆ ਤਾਂ ਮਲਕਾ ਦੇ ਕਹਿਣ ਉਤੇ ਲਕੜਹਾਰਾ ਉਹ ਆਟਾ ਵੇਚ ਕੇ ਇਕ ਖੋਤਾ ਖ਼ਰੀਦ ਲਿਆਇਆ। ਇਸ ਤਰ੍ਹਾਂ ਲਕੜਾਂ ਢੋਣ ਦਾ ਕੰਮ ਸੌਖਾ ਹੋ ਗਿਆ। ਹੁਣ ਲਕੜਹਾਰਾ ਬਹੁਤ ਸਾਰੀਆਂ ਲਕੜਾਂ ਕਟ ਲੈਂਦਾ ਅਤੇ ਇਕੋ ਵਾਰ ਖੋਤੇ ਉਤੇ ਲੱਦਕੇ ਸ਼ਹਿਰ ਵੇਚ ਆਉਂਦਾ ਤੇ ਕਾਫ਼ੀ ਸਾਰਾ ਅਨਾਜ ਅਤੇ ਘਰ ਦਾ ਵਲੇਵਾਂ ਖ਼ਰੀਦ ਲਿਆਉਂਦਾ।

ਕੁਝ ਦਿਨ ਹੋਰ ਲੰਘ ਗਏ। ਮਲਕਾ ਇਕ ਦਿਨ ਲਕੜਹਾਰੇ ਨੂੰ ਕਹਿਣ ਲੱਗੀ, "ਬਾਬਾ ! ਤੂੰ ਰੋਜ਼ ਲਕੜੀਆਂ ਕੱਟਕੇ ਸ਼ਹਿਰ ਵੇਚ ਆਉਂਦਾ ਏਂ, ਇਸ ਤਰ੍ਹਾਂ ਠੀਕ ਨਹੀਂ। ਕੁਝ ਲਕੜੀਆਂ ਤੂੰ ਸ਼ਹਿਰ ਲਿਜਾਇਆ ਕਰ, ਬਾਕੀ ਦੀਆਂ ਜੰਗਲ ਵਿਚ ਹੀ ਕਿਸੇ ਖਡ ਵਿਚ ਇਕੱਠੀਆਂ ਕਰ ਦਿਤਾ ਕਰ, ਤਾਂ ਜੋ ਵੇਲੇ-ਕੁਵੇਲੇ ਕੰਮ ਆ ਸਕਣ।" ਲਕੜਹਾਰੇ ਨੂੰ ਇਹ ਗੱਲ ਬੜੀ ਪਸੰਦ ਆਈ ਅਤੇ ਉਸ ਨੇ ਇਸੇ ਤਰ੍ਹਾਂ ਕਰਨਾ ਸ਼ੁਰੂ ਕਰ ਦਿਤਾ। ਕੁਝ ਮਹੀਨਿਆਂ ਵਿਚ ਹੀ ਜੰਗਲ ਵਿਚ ਇਕ ਵੱਡਾ ਸਾਰਾ ਅੰਬਾਰ ਲੱਗ ਪਿਆ।

ਰੱਬ ਦੀ ਕਰਨੀ, ਗਰਮੀਆਂ ਦੇ ਦਿਨ ਸਨ, ਜੰਗਲ ਵਿਚ ਅਚਨਚੇਤ ਅੱਗ ਲੱਗ ਗਈ ਅਤੇ ਲਕੜੀਆਂ ਦਾ ਸਾਰਾ ਅੰਬਾਰ ਸੜ ਕੇ ਕੋਲੇ ਹੋ ਗਿਆ। ਜਦੋਂ ਅਗਲੇ ਦਿਨ ਲਕੜਹਾਰਾ ਉਥੇ ਲਕੜਾਂ ਰੱਖਣ ਵਾਸਤੇ ਗਿਆ ਤਾਂ ਸਾਰੀਆਂ ਲਕੜੀਆਂ ਸੜੀਆਂ ਪਈਆਂ ਵੇਖ, ਉਹ ਬੜਾ ਹੀ ਦੁਖੀ ਹੋਇਆ। ਉਸ ਦੀ ਕਈ ਵਰ੍ਹਿਆਂ ਦੀ ਮਿਹਨਤ ਸੁਆਹ ਹੋ ਗਈ ਸੀ। ਲਕੜਹਾਰੇ ਨੇ ਜਦੋਂ ਕੋਲਿਆਂ ਨੂੰ ਫੋਲਿਆ ਤਾਂ ਹੇਠੋਂ ਕਿਸੇ ਪੀਲੀ ਧਾਤ ਦੇ ਕੁਝ ਟੁਕੜੇ ਨਿਕਲੇ। ਦੁਖੀ ਬਹਾਦਰ ਹਉਕੇ ਲੈਂਦਾ ਤੇ ਅੱਖਾਂ ਵਿਚ ਅੱਥਰੂ ਭਰੀ, ਝੁੱਗੀ ਵਿਚ ਪਹੁੰਚਿਆ ਅਤੇ ਮਲਕਾ ਨੂੰ ਕਹਿਣ ਲੱਗਾ, "ਧੀਏ, ਸਾਡੀ ਸਾਰੀ ਮਿਹਨਤ

ਉਤੇ ਪਾਣੀ ਫਿਰ ਗਿਆ ਏ।" ਫਿਰ ਪੀਲੇ ਟੁਕੜੇ ਮਲਕਾ ਦੀ ਤਲੀ ਉਤੇ ਧਰਦਾ ਹੋਇਆ ਆਖਣ ਲੱਗਾ, "ਬੱਚੀਏ ! ਲਕੜਾਂ ਤਾਂ ਸਾਰੀਆਂ ਸੜ ਕੇ ਕੋਲੇ ਹੋ ਗਈਆਂ ਨੇ, ਪਰ ਉਥੇ ਕੋਲਿਆਂ ਹੇਠੋਂ ਇਹ ਪੀਲੇ ਪੀਲੇ ਟੁਕੜੇ ਨਿਕਲੇ ਨੇ। ਇਹ ਪਤਾ ਨਹੀਂ ਕੀ ਸ਼ੈ ਏ ?"

ਇਹ ਪੀਲੇ ਟੁਕੜੇ ਸੋਨੇ ਦੇ ਸਨ। ਜੰਗਲ ਵਿਚ ਜਿਥੇ ਲਕੜੀਆਂ ਜੋੜੀਆਂ ਗਈਆਂ ਸਨ, ਉਥੇ ਹੇਠਾਂ ਸੋਨੇ ਦੀ ਖ਼ਾਨ ਸੀ। ਅੱਗ ਦੇ ਲੰਬੂਆਂ ਨਾਲ ਖ਼ਾਨ ਦਾ ਸੋਨਾ ਪਿਘਲ ਕੇ ਇਕੱਠਾ ਹੋ ਗਿਆ ਅਤੇ ਜਦੋਂ ਅੱਗ ਬੁਝੀ ਤਾਂ ਪੀਲੇ ਟੁਕੜਿਆਂ ਦੀ ਸ਼ਕਲ ਵਿਚ ਜੰਮ ਗਿਆ। ਮਲਕਾ ਨੇ ਝਟ ਪਛਾਣ ਲਿਆ ਕਿ ਇਹ ਪੀਲੇ ਟੁਕੜੇ ਸੋਨੇ ਦੇ ਹਨ। ਸੋ ਉਸ ਨੇ ਖ਼ੁਸ਼ੀ ਨਾਲ ਉਛਲਦਿਆਂ ਹੋਇਆਂ ਆਖਿਆ, "ਬਾਬਾ ! ਤੇਰੀ ਮਿਹਨਤ ਨੂੰ ਫਲ ਲੱਗ ਗਿਐ; ਇਹ ਤਾਂ ਸੋਨੇ ਦੇ ਟੁਕੜੇ ਨੇ, ਇਨ੍ਹਾਂ ਨੂੰ ਸ਼ਹਿਰ ਵੇਚ ਆ, ਤੈਨੂੰ ਚੰਗੇ ਰੁਪਏ ਮਿਲ ਜਾਣਗੇ।"

ਵੇਖਦਿਆਂ ਵੇਖਦਿਆਂ ਲਕੜਹਾਰਾ ਵੱਡਾ ਅਮੀਰ ਹੋ ਗਿਆ। ਉਸ ਨੇ ਇਕ ਵੱਡੀ ਸਾਰੀ ਹਵੇਲੀ ਬਣਵਾਈ ਅਤੇ ਅਮੀਰੀ ਠਾਠ-ਬਾਠ ਨਾਲ ਰਹਿਣ ਲੱਗ ਪਿਆ।

ਕੁਝ ਦਿਨ ਲੰਘੇ ਤਾਂ ਮਲਕਾ ਦੇ ਕਹਿਣ ਉਤੇ ਲਕੜਹਾਰੇ ਨੇ ਬਾਦਸ਼ਾਹ ਨੂੰ ਦਾਅਵਤ ਉਤੇ ਸੱਦਿਆ। ਬਾਦਸ਼ਾਹ ਨੇ ਲਕੜਹਾਰੇ ਨੂੰ ਪਛਾਣਿਆ ਤਾਂ ਨਾ, ਪਰ ਉਸ ਨੂੰ ਕੋਈ ਅਮੀਰ ਸਮਝ ਕੇ, ਉਸ ਦੇ ਘਰ ਰੋਟੀ ਖਾਣੀ ਪ੍ਰਵਾਨ ਕਰ ਲਈ।

ਜਦੋਂ ਬਾਦਸ਼ਾਹ ਰੋਟੀ ਖਾ ਰਿਹਾ ਸੀ ਤਾਂ ਮਲਕਾ ਬਾਦਸ਼ਾਹ ਦੇ ਸਾਹਮਣੇ ਹੱਥ ਜੋੜ ਕੇ ਆ ਖੜੀ ਹੋਈ ਤੇ ਕਹਿਣ ਲੱਗੀ, "ਬਾਦਸ਼ਾਹ ਸਲਾਮਤ, ਇਹ ਧਨੀ ਉਹੋ ਲਕੜੀਆਂ ਵੇਚਣ ਵਾਲਾ ਦਲਿਦਰੀ ਬਹਾਦਰ ਸ਼ਾਹ ਏ, ਜਿਸ ਦੇ ਹਵਾਲੇ ਤੁਸਾਂ ਇਸ ਨਾਚੀਜ਼ ਨੂੰ ਕੀਤਾ ਸੀ। ਮੈਂ ਇਸ ਦੀ ਕਿਸਮਤ ਬਦਲ ਦਿਤੀ ਹੈ। ਦਾਸੀ ਨੂੰ ਮੁੜ ਗ੍ਰਹਿਣ ਕਰ ਲਉ।"

ਬਾਦਸ਼ਾਹ ਇਹ ਸੁਣ ਕੇ ਹੱਕਾ-ਬੱਕਾ ਰਹਿ ਗਿਆ। ਉਹ ਆਪਣੀ ਮਲਕਾ ਦੀ ਸੂਝ ਤੇ ਸਿਆਣਪ ਉਤੇ ਬੜਾ ਖ਼ੁਸ਼ ਹੋਇਆ। ਫਿਰ ਆਪਣੇ ਕੀਤੇ ਉਤੇ ਪਛਤਾਂਦਾ ਹੋਇਆ, ਮਲਕਾ ਨੂੰ ਮੁੜ ਮਹਿਲਾਂ ਵਿਚ ਲੈ ਗਿਆ।

ਜਦੋਂ ਕੋਈ ਰਜਦਾ ਨਹੀਂ

ਇਕ ਕਰਣੀ ਵਾਲੇ ਮਹਾਤਮਾ ਕੋਲ ਇਕ ਸ਼ਖ਼ਸ ਹਰ ਰੋਜ਼ ਜਾਂਦਾ ਅਤੇ ਰੱਜ ਕੇ ਸੇਵਾ ਕਰਦਾ। ਕਦੇ ਉਹ ਸ਼ਖ਼ਸ ਮਹਾਤਮਾ ਲਈ ਘਰੋਂ ਪ੍ਰਸ਼ਾਦੇ ਪਕਾ ਕੇ ਲੈ ਜਾਂਦਾ, ਕਦੇ ਕੋਈ ਫਲ ਮਠਿਆਈ ਆਦਿ। ਇਕ ਦਿਨ ਕਾਫ਼ੀ ਦੇਰ ਤਕ ਉਹ ਭਗਤ, ਜਿਸ ਦਾ ਨਾਂ ਮਨਸਾ ਸੀ, ਮਹਾਤਮਾ ਦੇ ਚਰਣਾਂ ਵਿਚ ਬੈਠਾ ਰਿਹਾ। ਜਦੋਂ ਬਾਕੀ

ਸਭ ਲੋਕ ਚਲੇ ਗਏ ਤਾਂ ਮਹਾਤਮਾ ਨੇ ਮਨਸੇ ਨੂੰ ਪੁਛਿਆ, "ਭਗਤਾ, ਅੱਜ ਘਰ ਨਹੀਂ ਜਾਣਾ ?"

"ਮਹਾਰਾਜ ! ਘਰ ਤਾਂ ਭੁਖ ਨੰਗ ਵਰਤੀ ਪਈ ਏ, ਕੋਈ ਬਖਸ਼ਿਸ਼ ਕਰੋ।" ਮਨਸੇ ਨੇ ਅੱਖਾਂ ਵਿਚ ਅਥਰੂ ਭਰ ਕੇ ਕਿਹਾ।

ਮਹਾਤਮਾ ਮੁਸਕਰਾ ਪਏ ਅਤੇ ਫਿਰ ਆਪਣੇ ਆਸਨ ਦੇ ਹੇਠੋਂ ਉਨ੍ਹਾਂ ਨੇ ਇਕ ਪੁਰਾਣਾ ਜਿਹਾ ਚੌ-ਮੁਖੀਆ ਦੀਵਾ ਕਢਿਆ ਅਤੇ ਮਨਸੇ ਨੂੰ ਦੇਂਦੇ ਹੋਏ ਸਮਝਾਇਆ, "ਬੇਟਾ, ਇਸ ਦੀਵੇ ਵਿਚ ਉਥੋਂ ਜੋਤ ਦਾ ਤੇਲ ਪਾ ਲੈ। ਫਿਰ ਰਾਤੀਂ ਇਕ ਬੱਤੀ ਨੂੰ ਬਾਲ ਕੇ ਪੂਰਬ ਦਿਸ਼ਾ ਵਲ ਜਾਵੀਂ। ਜਿਥੇ ਬੱਤੀ ਬੁਝ ਜਾਵੇ ਉਥੋਂ ਜ਼ਮੀਨ ਖੋਦੀਂ, ਹੇਠੋਂ ਖ਼ਜ਼ਾਨਾ ਨਿਕਲੇਗਾ। ਜੇ ਉਸ ਖ਼ਜ਼ਾਨੇ ਨਾਲ ਕੰਮ ਸਰ ਜਾਵੇ ਤਾਂ ਠੀਕ ਏ, ਦੀਵਾ ਭੰਨ ਕੇ ਸੁਟ ਦੇਵੀਂ। ਨਹੀਂ ਤਾਂ ਫਿਰ ਦੂਜੀ ਰਾਤ ਨੂੰ ਉੱਤਰ ਜਾਂ ਪੱਛਮ ਦੀ ਦਿਸ਼ਾ ਵਲ ਚਲਾ ਜਾਵੀਂ। ਤਿੰਨਾਂ ਦਿਸ਼ਾਵਾਂ ਵਿਚ ਜਾਣ ਦਾ ਕੋਈ ਹਰਜ਼ ਨਹੀਂ, ਪਰ ਚੌਥੀ ਦੱਖਣ ਦਿਸ਼ਾ ਵਲ ਭੁੱਲ ਕੇ ਵੀ ਨਾ ਜਾਵੀਂ। ਜੇ ਭੁਲ-ਭੁਲੇਖੇ ਚਲਾ ਵੀ ਜਾਵੇਂ ਤਾਂ ਕਿਸੇ ਮਹਿਲ ਦੇ ਅੰਦਰ ਪੈਰ ਨਾ ਪਾਈਂ। ਜੇ ਮਹਿਲ ਦੇ ਅੰਦਰ ਚਲਾ ਵੀ ਜਾਵੇਂ ਤਾਂ ਹੇਠਾਂ ਵਲ ਪੌੜੀਆਂ ਨਾ ਉਤਰੀਂ।"

"ਅੱਛਾ, ਮਹਾਰਾਜ ! ਜਿਵੇਂ ਤੁਹਾਡਾ ਹੁਕਮ।" ਮਹਾਤਮਾ ਦੇ ਚਰਨ ਛੂਹ ਕੇ ਮਨਸਾ ਘਰ ਆ ਗਿਆ। ਜਦੋਂ ਰਾਤ ਪਈ, ਤਾਂ ਉਸ ਨੇ ਚੌ-ਮੁਖੀਏ ਦੀਵੇ ਦੀ ਇਕ ਜੋਤ ਬਾਲੀ ਅਤੇ ਚੜ੍ਹਦੇ ਵਲ ਤੁਰ ਪਿਆ। ਕਾਫ਼ੀ ਦੂਰ ਜਾ ਕੇ, ਇਕ ਬੋਹੜ ਦੇ ਕੋਲ ਪਹੁੰਚਦੇ ਸਾਰ ਹੀ ਦੀਵਾ ਬੁਝ ਗਿਆ। ਮਨਸੇ ਨੇ ਉਥੋਂ ਮਿੱਟੀ ਪੁੱਟੀ ਤਾਂ ਹੇਠੋਂ ਖ਼ਜ਼ਾਨਾ ਨਿਕਲਿਆ। ਪਰ ਉਸ ਨੂੰ ਉਹ ਧਨ ਬਹੁਤ ਥੋੜਾ ਲੱਗਾ।

ਕੁਝ ਦਿਨਾਂ ਬਾਅਦ ਉਹ ਸ਼ਖ਼ਸ ਦੀਵੇ ਦੀ ਜੋਤ ਬਾਲ ਕੇ ਦੂਜੀ ਦਿਸ਼ਾ ਵਲ ਗਿਆ। ਜਿਥੇ ਦੀਵੇ ਦੀ ਜੋਤ ਬੁਝੀ, ਉਥੋਂ ਉਸ ਨੇ ਹੇਠੋਂ ਜ਼ਮੀਨ ਪੁੱਟੀ ਤਾਂ ਹੀਰੇ ਨਿਕਲੇ, ਪਰ ਉਸ ਦਾ ਮਨ ਫੇਰ ਵੀ ਨਾ ਭਰਿਆ।

ਫਿਰ ਉਹ ਦੀਵਾ ਬਾਲ ਕੇ ਤੀਜੀ ਦਿਸ਼ਾ ਵਲ ਗਿਆ। ਜਿਥੇ ਦੀਵਾ ਬੁਝਿਆ, ਉਥੋਂ ਉਸ ਨੇ ਧਰਤੀ ਪੁੱਟੀ ਤਾਂ ਅਸ਼ਰਫ਼ੀਆਂ ਨਿਕਲੀਆਂ। ਤਿੰਨਾਂ ਦਿਸ਼ਾਵਾਂ ਵਿਚੋਂ ਉਸ ਨੂੰ ਕਾਫ਼ੀ ਸਾਰਾ ਧਨ ਦੌਲਤ ਤੇ ਹੀਰੇ ਮੋਤੀ ਮਿਲ ਗਏ। ਮਨਸਾ ਉਹ ਸਾਰਾ ਧਨ ਢੋ ਕੇ ਘਰ ਲੈ ਆਇਆ ਅਤੇ ਆਨੰਦ ਨਾਲ ਰਹਿਣ ਲੱਗ ਪਿਆ।

ਪਰ ਮਨ ਉਸ ਦਾ ਫੇਰ ਵੀ ਤ੍ਰਿਪਤ ਨਹੀਂ ਸੀ ਹੋਇਆ। ਦੱਖਣ ਦਿਸ਼ਾ ਬਾਕੀ ਰਹਿ ਗਈ ਸੀ। ਉਸ ਦਿਸ਼ਾ ਨੂੰ ਜਾ ਕੇ ਵੇਖਣ ਲਈ ਮਨਸੇ ਦਾ ਮਨ ਸਦਾ ਵਿਆਕੁਲ ਰਹਿਣ ਲੱਗਾ। ਮਨਸੇ ਨੇ ਸੋਚਿਆ—ਚੌਥੀ ਦਿਸ਼ਾ ਵਲ ਬੜੀਆਂ ਕੀਮਤੀ ਵਸਤੂਆਂ ਹੋਣਗੀਆਂ। ਉਨ੍ਹਾਂ ਨੂੰ ਪ੍ਰਾਪਤ ਕਰਨ ਵਿਚ ਕੀ ਹਰਜ ਏ। ਸ਼ਾਇਦ ਉਸ ਦਿਸ਼ਾ ਦਾ ਖ਼ਜ਼ਾਨਾ ਮਹਾਤਮਾ ਨੇ ਕਿਸੇ ਹੋਰ ਸ਼ਰਧਾਲੂ ਵਾਸਤੇ ਰਾਖਵਾਂ ਕੀਤਾ ਹੋਵੇ। ਇਸੇ ਲਈ ਉਸ ਦਿਸ਼ਾ ਵਲ ਜਾਣ ਤੋਂ ਵਰਜਿਆ ਹੋਵੇ।

ਸੋ, ਸ਼ਰਧਾਲੂ ਮਨ ਨੂੰ ਰੋਕ ਨਾ ਸਕਿਆ ਅਤੇ ਇਕ ਰਾਤ ਚੌ-ਮੁਖੀਏ ਦੀਵੇ ਦੀ ਚੌਥੀ ਬੱਤੀ ਜਲਾ ਕੇ ਦੱਖਣ ਦਿਸ਼ਾ ਵਲ ਤੁਰ ਪਿਆ। ਕਾਫ਼ੀ ਦੇਰ

ਤੁਰਨ ਮਗਰੋਂ ਉਸ ਨੂੰ ਇਕ ਖ਼ੂਬਸੂਰਤ ਮਹਿਲ ਵਿਖਾਈ ਦਿਤਾ, ਜਿਸ ਦੇ ਦਰਵਾਜ਼ੇ ਕੋਲ ਜਾ ਕੇ ਬੱਤੀ ਬੁਝ ਗਈ। ਸੋ ਉਹ ਚਾਈਂ ਚਾਈਂ ਮਹਿਲ ਦੇ ਅੰਦਰ ਜਾਣ ਲੱਗਾ।

ਪਰ ਮਹਾਤਮਾ ਨੇ ਉਸ ਨੂੰ ਮਹਿਲ ਦੇ ਅੰਦਰ ਜਾਣ ਤੋਂ ਵਰਜਿਆ ਸੀ। ਸੋ ਮਨਸਾ ਕੁਝ ਚਿਰ ਮਹਿਲ ਦੇ ਬਾਹਰ ਹੀ ਖੜਾ ਸੋਚਦਾ ਰਿਹਾ। ਅਖੀਰ ਉਸ ਨੇ ਮਨ ਨੂੰ ਸਮਝਾਇਆ ਕਿ ਮਹਿਲ ਨੂੰ ਅੰਦਰੋਂ ਵੇਖਣ ਵਿਚ ਕੀ ਹਰਜ ਏ, ਉਹ ਇਥੋਂ ਕੁਝ ਵੀ ਨਹੀਂ ਲਿਜਾਵੇਗਾ।

ਇਕ ਝਰੋਖੇ ਵਿਚੋਂ ਮਨਸੇ ਨੇ ਵੇਖਿਆ ਕਿ ਕਮਰੇ ਧਨ-ਦੌਲਤ ਨਾਲ ਭਰੇ ਪਏ ਸਨ। ਕਿਧਰੇ ਹੀਰੇ ਮੋਤੀਆਂ ਦੇ ਅੰਬਾਰ ਲੱਗੇ ਹੋਏ ਸਨ। ਇਕ ਥਾਂ ਸੋਨੇ ਦੇ ਮੋਤੀ ਸਨ, ਕਿਧਰੇ ਕੀਮਤੀ ਵਸਤਰ ਪਏ ਸਨ। ਇਕ ਕਮਰੇ ਵਿਚ ਕੁਝ ਖੜਕਾ ਹੋ ਰਿਹਾ ਸੀ। ਮਨਸੇ ਨੂੰ ਲੱਗਿਆ ਜਿਵੇਂ ਇਥੇ ਕੋਈ ਸ਼ਾਹ ਪਰੀ ਰਹਿੰਦੀ ਹੋਵੇ। ਮਨਸਾ ਕਈ ਕਮਰਿਆਂ ਵਿਚੋਂ ਲੰਘਦਾ ਹੋਇਆ ਉਥੇ ਪੁੱਜਾ।

ਜਦੋਂ ਮਨਸਾ ਪੌੜੀਆਂ ਉਤਰਣ ਲੱਗਾ ਤਾਂ ਉਸ ਨੂੰ ਮਹਾਤਮਾ ਦੀ ਗੱਲ ਚੇਤੇ ਆ ਗਈ ਕਿ ਉਹ ਕੋਈ ਪੌੜੀਆਂ ਨਾ ਉਤਰੇ। ਪਰ ਹੇਠੋਂ ਬੜੀ ਮਧੁਰ ਧੁਨੀ ਸੁਣਾਈ ਦੇ ਰਹੀ ਸੀ, ਸ਼ਾਇਦ ਕੋਈ ਸੁੰਦਰੀ ਸਾਜ਼ ਸੁਰ ਕਰ ਰਹੀ ਸੀ। ਸੋ ਮਨਸਾ ਕਾਹਲੀ ਕਾਹਲੀ ਹੇਠਾਂ ਉਤਰਿਆ। ਕਈ ਕਮਰਿਆਂ ਵਿਚੋਂ ਲੰਘ ਕੇ ਅਖ਼ੀਰ ਉਹ ਇਕ ਕੋਠੇ ਵਿਚ ਪੁੱਜਾ, ਜਿਥੇ ਇਕ ਚਿੱਟੀ ਦੁੱਧ ਦਾਹੜੀ ਵਾਲਾ ਬ੍ਰਿਧ ਬੈਠਾ ਚੱਕੀ ਪੀਹ ਰਿਹਾ ਸੀ। ਨਵੇਂ ਆਦਮੀ ਨੂੰ ਵੇਖ ਕੇ ਬੁੱਢੇ ਦੀਆਂ ਅੱਖਾਂ ਵਿਚ ਚਮਕ ਆ ਗਈ। ਮਨਸੇ ਨੇ ਬ੍ਰਿਧ ਤੋਂ ਪੁਛਿਆ, "ਤੂੰ ਕੌਣ ਏਂ ? ਏਥੇ ਬੈਠਾ ਕੀ ਕਰਦਾ ਏਂ ?"

ਬ੍ਰਿਧ ਨੇ ਕਿਹਾ, "ਮੈਂ ਇਸ ਮਹਿਲ ਦਾ ਮਾਲਕ ਹਾਂ। ਇਹ ਚੱਕੀ ਜਦ ਤਕ ਚਲਦੀ ਰਹੇਗੀ, ਇਹ ਮਹਿਲ ਉਦੋਂ ਤਕ ਖੜਾ ਰਹੇਗਾ। ਜੇ ਮਹਿਲ ਡਿਗ ਪਿਆ ਤਾਂ ਅਸੀਂ ਸ਼ਭ ਹੇਠਾਂ ਆ ਕੇ ਮਰ ਜਾਵਾਂਗੇ। ਤੂੰ ਜ਼ਰਾ ਚੱਲ ਝੋ, ਮੈਂ ਤੇਰੇ ਲਈ ਕੁਝ ਕੀਮਤੀ ਪਦਾਰਥ ਲਿਆਉਂਦਾ ਹਾਂ।" ਇਹ ਕਹਿ ਕੇ ਬ੍ਰਿਧ ਨੇ ਚੱਕੀ ਦਾ ਹੱਥ ਮਨਸੇ ਨੂੰ ਫੜਾਇਆ। ਮਨਸੇ ਦਾ ਚੱਕੀ ਨੂੰ ਗੇੜਾ ਦੇਣ ਦੀ ਢਿੱਲ ਸੀ ਕਿ ਬ੍ਰਿਧ ਮੁਸਕਾਇਆ। ਫਿਰ ਬ੍ਰਿਧ ਦਰਵਾਜ਼ੇ ਤੋਂ ਬਾਹਰ ਨਿਕਲਦੇ ਹੋਏ ਕਹਿਣ ਲੱਗਾ, "ਵੇਖ, ਮੈਨੂੰ ਏਥੇ ਬਾਰ੍ਹਾਂ ਸਾਲ ਹੋ ਗਏ ਨੇ ਚੱਕੀ ਪੀਂਹਦੇ ਨੂੰ, ਤੂੰ ਉਦੋਂ ਤਕ ਚੱਕੀ ਪੀਸਦਾ ਰਹੀਂ, ਜਦੋਂ ਤਕ ਕੋਈ ਨਵਾਂ ਸ਼ਖ਼ਸ ਇਥੇ ਤੇਰੀ ਮਦਦ ਲਈ ਨਾ ਆ ਜਾਵੇ। ਮੈਂ ਹੁਣ ਚਲਦਾ ਹਾਂ, ਇਹ ਸਭ ਮਹਿਲ ਤੇਰੇ ਨੇ। ਜੇ ਚੱਕੀ ਪੀਹਣੀ ਬੰਦ ਕਰ ਦੇਵੇਂਗਾ ਤਾਂ ਇਹ ਮਹਿਲ ਤੇਰੇ ਉਪਰ ਡਿਗ ਪੈਣਗੇ ਤੇ ਤੂੰ ਮਰ ਜਾਵੇਂਗਾ। ਸਾਵਧਾਨ ਰਹੀਂ।"

ਫਿਰ ਉਹ ਬ੍ਰਿਧ ਕੰਨਾਂ ਨੂੰ ਹੱਥ ਲਗਾਂਦਾ ਤੇ ਪ੍ਰਮਾਤਮਾ ਦਾ ਸ਼ੁਕਰ ਕਰਦਾ ਹੋਇਆ ਮਹਿਲ ਵਿਚੋਂ ਬਾਹਰ ਨਿਕਲ ਗਿਆ।

ਸੋਨੇ ਦਾ ਬੂਟਾ

ਇਕ ਰਾਜਾ ਬੜਾ ਹੀ ਦਾਨੀ ਸੁਭਾਅ ਦਾ ਸੀ। ਉਹ ਹਰ ਦਿਨ-ਦਿਹਾਰ ਉਤੇ ਕਾਫ਼ੀ ਕੁਝ ਪੁੰਨ-ਦਾਨ ਕੀਤਾ ਕਰਦਾ ਅਤੇ ਆਪਣੇ ਖ਼ਜ਼ਾਨੇ ਦਾ ਮੂੰਹ ਖੋਲ੍ਹ ਦਿੰਦਾ। ਅਭਿਆਗਤਾਂ ਨੂੰ ਉਹ ਮੂੰਹ ਮੰਗਿਆ ਦਾਨ ਦਿਤਾ ਕਰਦਾ। ਅਨੇਕਾਂ ਬ੍ਰਾਹਮਣ ਉਸ ਤੋਂ ਖਚਰਾਂ ਲਦ ਕੇ ਸਾਲ ਭਰ ਲਈ ਖਾਣ ਪੀਣ ਦੀ ਸਾਮਗ੍ਰੀ ਲੈ ਜਾਇਆ ਕਰਦੇ ਸਨ।

ਉਸੇ ਨਗਰ ਵਿਚ ਇਕ ਪ੍ਰੋਹਿਤ ਮਾਣਕ ਰਹਿੰਦਾ ਸੀ, ਜੋ ਦਾਨ-ਪੁੰਨ ਲੈਣਾ ਚੰਗਾ ਨਹੀਂ ਸੀ ਸਮਝਦਾ ਅਤੇ ਥੋੜੀ ਬਹੁਤੀ ਕਿਰਤ ਕਮਾਈ ਕਰ ਕੇ ਆਪਣਾ ਪੇਟ ਭਰਿਆ ਕਰਦਾ ਸੀ। ਪ੍ਰੋਹਿਤ ਦੇ ਧੰਦੇ ਵਿਚੋਂ, ਜੋ ਵੀ ਰਕਮ ਉਸਨੂੰ ਮਿਲਦੀ, ਉਸ ਵਿਚੋਂ ਬਹੁਤੀ ਉਹ ਦਾਨ ਕਰ ਦਿਤਾ ਕਰਦਾ। ਪਰ ਉਸ ਦੀ ਪ੍ਰੋਹਿਤਣੀ ਬੜੀ ਹੀ ਲੋਭਣ ਸੀ।

ਇਕ ਵਾਰ ਜਦੋਂ ਰਾਜੇ ਨੇ ਕੁੰਭ ਵਾਲੇ ਦਿਨ ਦਾਨ ਦੇਣ ਲਈ ਖ਼ਜ਼ਾਨੇ ਖੋਲ੍ਹ ਦਿਤੇ ਤਾਂ ਮਾਣਕ ਦੀ ਪਤਨੀ ਨੇ ਉਸ ਨੂੰ ਕਿਹਾ, "ਵੇਖੋ, ਸਭ ਬ੍ਰਾਹਮਣ ਰਾਜੇ ਤੋਂ ਦਾਨ ਲੈ ਕੇ ਆ ਰਹੇ ਨੇ, ਤੁਸੀਂ ਕਿਉਂ ਨਹੀਂ ਦਾਨ ਲੈਣ ਜਾਂਦੇ। ਸਾਡੇ ਬਜ਼ੁਰਗ ਪੀੜ੍ਹੀਆਂ ਤੋਂ ਦਾਨ ਪੁੰਨ ਉਤੇ ਪਲਦੇ ਰਹੇ ਨੇ, ਤੁਸੀਂ ਕਿਰਤ ਕਮਾਈ ਦੀ ਰਟ ਕਿਉਂ ਲਾ ਰਖੀ ਏ। ਇਸੇ ਲਈ ਸਾਡੇ ਘਰ ਭੰਗ ਭੁੱਜਦੀ ਰਹਿੰਦੀ ਏ।" ਪ੍ਰੋਹਿਤਣੀ ਨੇ ਮਿਹਣੇ ਤਾਅਨੇ ਮਾਰ ਕੇ ਆਖ਼ਰ ਮਾਣਕ ਨੂੰ ਰਾਜੇ ਦੇ ਕੋਲ ਭੇਜ ਹੀ ਦਿਤਾ।

ਅੱਗੇ ਅਭਿਆਗਤਾਂ ਦੀ ਭੀੜ ਲੱਗੀ ਹੋਈ ਸੀ। ਭੰਡਾਰੇ ਖੁਲ੍ਹੇ ਹੋਏ ਸਨ। ਹਰ ਕੋਈ ਜਿਤਨਾ ਅੰਨ ਲਿਜਾ ਸਕਦਾ ਸੀ, ਢੋ ਰਿਹਾ ਸੀ। ਖਾਣ ਪੀਣ ਦੀਆਂ ਚੀਜ਼ਾਂ ਤੋਂ ਇਲਾਵਾ ਦਖਣਾਂ ਵਜੋਂ ਮੁਹਰਾਂ ਵੰਡੀਆਂ ਜਾ ਰਹੀਆਂ ਸਨ। ਰਾਜਾ ਹਰੇਕ ਨੂੰ ਆਪਣੀ ਹੱਥੀਂ ਦਾਨ ਦੇ ਰਿਹਾ ਸੀ।

ਜਦੋਂ ਮਾਣਕ ਦੀ ਵਾਰੀ ਆਈ ਤਾਂ ਉਸ ਨੇ ਰਾਜੇ ਨੂੰ ਪ੍ਰਣਾਮ ਕਰਦੇ ਹੋਏ ਕਿਹਾ, "ਮਹਾਰਾਜ ! ਮੈਨੂੰ ਤਾਂ ਤੁਹਾਡੀ ਕਿਰਤ ਕਮਾਈ ਵਿਚੋਂ ਦਾਨ ਚਾਹੀਦਾ ਏ, ਭਾਵੇਂ ਨਾਂ ਮਾਤਰ ਹੀ ਹੋਵੇ। ਇਹ ਧਨ ਤਾਂ ਪਰਜਾ ਦੀ ਕਮਾਈ ਏ, ਇਸ ਦਾਨ ਦੀ ਮੈਨੂੰ ਬਿਲਕੁਲ ਲੋੜ ਨਹੀਂ।"

ਰਾਜਾ ਹੱਕਾ-ਬੱਕਾ ਰਹਿ ਗਿਆ। ਫਿਰ ਕੁਝ ਸੋਚ ਕੇ ਕਹਿਣ ਲੱਗਾ, "ਭਈ, ਮੇਰੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਤਾਂ ਹੈ ਨਹੀਂ। ਤੂੰ ਕਲ੍ਹ ਆਵੀਂ, ਮੈਂ ਕਲ੍ਹ ਤੈਨੂੰ ਆਪਣੀ ਕਿਰਤ ਕਮਾਈ ਵਿਚੋਂ ਦਾਨ ਦੇਵਾਂਗਾ।"

ਮਾਣਕ ਦੇ ਚਲੇ ਜਾਣ ਮਗਰੋਂ ਰਾਜਾ ਸੋਚਾਂ ਵਿਚ ਡੁਬ ਗਿਆ। ਕਾਫ਼ੀ ਚਿਰ ਸੋਚਣ ਤੋਂ ਬਾਅਦ ਉਸ ਨੂੰ ਇਕ ਤਰਕੀਬ ਸੁੱਝੀ। ਰਾਤ ਵੇਲੇ ਰਾਜਾ ਮਜ਼ਦੂਰ ਦਾ ਭੇਸ ਧਾਰ ਕੇ ਮਹਿਲਾਂ ਵਿਚੋਂ ਬਾਹਰ ਨਿਕਲ ਤੁਰਿਆ ਅਤੇ ਕੋਈ ਕੰਮ ਧੰਦਾ ਲੱਭਣ ਲੱਗਾ। ਰਾਜਾ ਟਕਰਾਂ ਮਾਰਦਾ ਹੋਇਆ ਕਿਰਤੀਆਂ ਦੇ ਮੁਹੱਲੇ ਵਲ ਜਾ ਨਿਕਲਿਆ। ਉਥੇ ਇਕ ਲੋਹਾਰ ਭੱਠੀ ਉਤੇ ਬੈਠਾ ਲੋਹਾ ਕੁਟ ਰਿਹਾ ਸੀ। ਰਾਜੇ ਨੇ ਉਸ ਤੋਂ ਕੋਈ ਕੰਮ ਮੰਗਿਆ।

ਲੋਹਾਰ ਨੇ ਰਾਜੇ ਨੂੰ ਸਿਰ ਤੋਂ ਪੈਰਾਂ ਤਕ ਬੜੇ ਧਿਆਨ ਨਾਲ ਵੇਖਿਆ ਤੇ ਫਿਰ

ਕਿਹਾ, "ਭਈ ਜੇ ਤੂੰ ਸਾਰੀ ਰਾਤ ਇਥੇ ਲੋਹਾ ਕੁੱਟੇਂ ਤਾਂ ਮੈਂ ਤੈਨੂੰ ਅੱਠ ਟਕੇ ਮਜ਼ਦੂਰੀ ਵਜੋਂ ਦਿਆਂਗਾ।" ਰਾਜੇ ਨੇ ਸਵੀਕਾਰ ਕਰ ਲਿਆ ਅਤੇ ਲੋਹਾ ਕੁੱਟਣ ਲੱਗਾ। ਪਰ ਛੇਤੀ ਹੀ ਰਾਜੇ ਦੇ ਕੋਮਲ ਹੱਥ ਲਾਲ ਸੁਰਖ਼ ਹੋ ਗਏ। ਅੱਧੀ ਰਾਤ ਤਕ ਰਾਜੇ ਦੇ ਹੱਥਾਂ ਉਤੇ ਛਾਲੇ ਉਭਰ ਆਏ ਅਤੇ ਉਨ੍ਹਾਂ ਵਿਚੋਂ ਚੀਸਾਂ ਉੱਠਣ ਲੱਗੀਆਂ। ਮਜਬੂਰ ਹੋ ਕੇ ਰਾਜੇ ਨੇ ਕੰਮ ਵਿਚੇ ਛੱਡ ਦਿਤਾ ਅਤੇ ਲੋਹਾਰ ਤੋਂ ਆਪਣੀ ਮਿਹਨਤ ਦਾ ਮੁਆਵਜ਼ਾ ਮੰਗਿਆ।

ਲੋਹਾਰ ਨੇ ਕਿਹਾ ਕਿ ਉਸ ਨੇ ਅੱਧੀ ਰਾਤ ਤਕ ਕੰਮ ਕੀਤਾ ਹੈ, ਇਸ ਲਈ ਉਹ ਉਸ ਨੂੰ ਅੱਧੀ ਮਜ਼ਦੂਰੀ ਕੇਵਲ ਚਾਰ ਟਕੇ ਹੀ ਦੇ ਸਕਦਾ ਹੈ। ਪਰ ਕਿਉਂ ਜੋ ਉਹ ਪੂਰੀ ਲਗਨ ਨਾਲ ਕੰਮ ਵਿਚ ਰੁਝਿਆ ਰਿਹਾ, ਇਸ ਲਈ ਉਹ ਉਸ ਨੂੰ ਚਾਰ ਕੌਡਾਂ ਇਨਾਮ ਵਜੋਂ ਹੋਰ ਦੇਵੇਗਾ। ਸੋ ਰਾਜਾ ਚਾਰ ਟਕੇ ਅਤੇ ਚਾਰ ਕੌਡੀਆਂ ਲੈ ਕੇ ਉਥੋਂ ਟੁਰ ਪਿਆ।

ਅਗਲੇ ਦਿਨ ਮਾਣਕ ਰਾਜੇ ਕੋਲ ਦਾਨ ਲੈਣ ਲਈ ਹਾਜ਼ਰ ਹੋਇਆ। ਰਾਜੇ ਨੇ ਉਸ ਦੀ ਤਲੀ ਉਤੇ ਚਾਰ ਟਕੇ ਤੇ ਚਾਰ ਕੌਡਾਂ ਰਖਦੇ ਹੋਏ ਕਿਹਾ, "ਪੰਡਤ ਜੀ ! ਮੇਰੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਤਾਂ ਇਹੋ ਏ, ਜੇ ਇਸ ਨਾਲ ਸਬਰ ਨਹੀਂ, ਤਾਂ ਖ਼ਜ਼ਾਨੇ ਵਿਚੋਂ ਜੋ ਚਾਹੋ ਲਿਜਾ ਸਕਦੇ ਹੋ।"

ਪਰ ਮਾਣਕ ਨੇ ਮੁਸਕਰਾਂਦੇ ਹੋਏ ਕਿਹਾ, "ਦਸਾਂ ਨਹੁੰਆਂ ਦੀ ਕਿਰਤ ਕਮਾਈ ਦੀਆਂ ਚਾਰ ਕੌਡਾਂ ਦੇ ਸਾਹਮਣੇ ਸੋਨੇ ਦੀਆਂ ਮੁਹਰਾਂ ਦਾ ਕੋਈ ਮੁੱਲ ਨਹੀਂ।" ਫਿਰ ਮਾਣਕ ਚਾਰ ਕੌਡਾਂ ਅਤੇ ਚਾਰ ਟਕੇ ਲੈ ਕੇ ਖ਼ੁਸ਼ੀ ਖ਼ੁਸ਼ੀ ਘਰ ਵਲ ਤੁਰ ਪਿਆ।

ਅੱਗੇ ਪ੍ਰੋਹਿਤਣੀ ਬੈਠੀ ਉਡੀਕ ਰਹੀ ਸੀ। ਉਹ ਆਪਣੇ ਮਨ ਵਿਚ ਸੋਚ ਰਹੀ ਸੀ ਕਿ ਰਾਜੇ ਨੇ ਕਲ੍ਹ ਮੇਰੇ ਪਤੀ ਨੂੰ ਦਾਨ ਨਹੀਂ ਦਿਤਾ। ਅੱਜ ਉਚੇਚਾ ਸੱਦਿਆ ਹੈ। ਇਸ ਲਈ ਜਾਪਦਾ ਹੈ ਕਿ ਰਾਜਾ ਕੋਈ ਖ਼ਾਸ ਸੁਗਾਤ ਜਾਂ ਢੇਰ ਸਾਰੀਆਂ ਮੁਹਰਾਂ ਦਾਨ ਦੇਵੇਗਾ। ਸੋ, ਉਸ ਨੇ ਪਤੀ ਲਈ ਉਚੇਚੀ ਖੀਰ ਰਿੰਨ੍ਹੀ ਅਤੇ ਮਿਠੇ ਪੂੜੇ ਤਲੇ। ਜਦੋਂ ਮਾਣਕ ਘਰ ਆਇਆ ਤਾਂ ਪਤਨੀ ਨੇ ਉਸ ਦਾ ਉਚੇਚਾ ਸਵਾਗਤ ਕੀਤਾ। ਫਿਰ ਉਸ ਦੇ ਅੱਗੇ ਖੀਰ ਤੇ ਪੂੜੇ ਪਰੋਸੇ। ਮਾਣਕ ਖੀਰ ਤੇ ਪੂੜੇ ਖਾ ਕੇ ਸੌਂ ਗਿਆ।

ਸ਼ਾਮ ਵੇਲੇ ਪ੍ਰੋਹਿਤਣੀ ਨੇ ਮੌਕਾ ਤਾੜ ਕੇ ਮਾਣਕ ਤੋਂ ਪੁਛਿਆ, "ਰਾਜੇ ਨੇ ਤੁਹਾਨੂੰ ਅੱਜ ਜੋ ਦਾਨ ਦੇਣਾ ਸੀ, ਉਹ ਕਿਥੇ ਏ ? ਕੀ ਮਾਲ ਨਾਲ ਲੱਦੀਆਂ ਖਚਰਾਂ ਪਿਛੇ ਆ ਰਹੀਆਂ ਨੇ, ਅਜੇ ਤਕ ਪਹੁੰਚੀਆਂ ਕਿਉਂ ਨਹੀਂ।"

ਮਾਣਕ ਨੇ ਮੁਸਕਰਾ ਕੇ ਕਿਹਾ, "ਦਾਨ ਤਾਂ ਮੇਰੇ ਕੋਲ ਏ, ਖਚਰਾਂ ਦੀ ਕੀ ਲੋੜ ਸੀ ?"

"ਫਿਰ ਉਹ ਕਿਥੇ ਜੇ।" ਪੰਡਤਾਣੀ ਬਿਟ ਬਿਟ ਤੱਕਣ ਲੱਗੀ।

ਮਾਣਕ ਨੇ ਉਸੇ ਵੇਲੇ ਚਾਰ ਟਕੇ ਤੇ ਚਾਰ ਕੌਡਾਂ ਪੰਡਤਾਣੀ ਦੀ ਤਲੀ ਉਤੇ ਧਰ ਦਿਤੀਆਂ। ਪੰਡਤਾਣੀ ਨੂੰ ਚੌਹੀਂ ਕਪੜੀਂ ਅੱਗ ਲੱਗ ਗਈ ਅਤੇ ਉਹ ਲਾਲ ਪੀਲੀ ਹੋ ਕੇ ਕਹਿਣ ਲੱਗੀ, "ਵਾਹ, ਲੋਕੀਂ ਤਾਂ ਢੇਰ ਸਾਰਾ ਧਨ ਤੇ ਅਨਾਜ ਲੈ ਕੇ ਆਏ

ਨੇ, ਤੁਸੀਂ ਬਸ ਇਹ ਚਾਰ ਕੌਡਾਂ ?" ਪੰਡਤਾਣੀ ਨੇ ਗੁਸੇ ਨਾਲ ਉਹ ਚਾਰ ਟਕੇ ਤੇ ਕੌਡਾਂ ਪਿਛਵਾੜੇ ਵਲ ਸੁੱਟ ਦਿਤੀਆਂ। ਦੋਵੇਂ ਝਗੜਦੇ ਹੋਏ ਸੌਂ ਗਏ।

ਜਦੋਂ ਸਵੇਰ ਹੋਈ ਤਾਂ ਮਾਣਕ ਪਿਛਲੇ ਵਿਹੜੇ ਵਿਚ ਗਿਆ ਤਾਂ ਉਥੇ ਅਜੀਬ ਨਜ਼ਾਰਾ ਵੇਖ ਕੇ, ਉਹ ਹੱਕਾ-ਬੱਕਾ ਰਹਿ ਗਿਆ। ਟਕਿਆ ਵਿਚੋਂ ਸੋਨੇ ਦੀਆਂ ਲਗਰਾਂ ਅਤੇ ਕੌੜੀਆਂ ਵਿਚੋਂ ਚਾਂਦੀ ਦੇ ਪੱਤੇ ਨਿਕਲੇ ਹੋਏ ਸਨ। ਰਾਤੀਂ ਜਦੋਂ ਪੰਡਤਾਣੀ ਨੇ ਕੌਡਾਂ ਤੇ ਟਕੇ ਪਿਛਲੇ ਵਿਹੜੇ ਵਿਚ ਸੁੱਟੇ ਸਨ ਤਾਂ ਉਹ ਮਿੱਟੀ ਵਿਚ ਜਾ ਡਿਗੇ ਸਨ। ਅੱਧੀ ਰਾਤੀਂ ਮੀਂਹ ਦੇ ਕੁਝ ਛੱਟੇ ਪਏ। ਟਕੇ ਤੇ ਕੌਡਾਂ ਵਿਚੋਂ ਸੋਨੇ ਦੀਆਂ ਲਗਰਾਂ ਤੇ ਚਾਂਦੀ ਦੇ ਪੱਤੇ ਉਗ ਪਏ।

ਮਾਣਕ ਸੋਨੇ ਦੀਆਂ ਲਗਰਾਂ ਤੇ ਚਾਂਦੀ ਦੇ ਪੱਤੇ ਕੱਟ ਕੇ ਸ਼ਹਿਰ ਲੈ ਗਿਆ ਅਤੇ ਚੰਗੇ ਮੁੱਲ ਤੋਂ ਵੇਚ ਆਇਆ। ਅਗਲੇ ਦਿਨ ਫਿਰ ਸਵੇਰੇ ਟਕਿਆਂ ਤੇ ਕੌਡਾਂ ਵਿਚੋਂ ਹੋਰ ਤਾਰਾਂ ਤੇ ਪੱਤੇ ਨਿਕਲੇ ਹੋਏ ਸਨ। ਹਰ ਰੋਜ਼ ਇਸੇ ਤਰ੍ਹਾਂ ਹੁੰਦਾ ਰਿਹਾ। ਸੋਨੇ ਦੀਆਂ ਤਾਰਾਂ ਅਤੇ ਚਾਂਦੀ ਦੇ ਪੱਤੇ ਵੇਚ ਕੇ ਮਾਣਕ ਜੋ ਰੁਪਏ ਵਟਦਾ, ਉਨ੍ਹਾਂ ਨਾਲ ਲੋਕ-ਭਲਿਆਈ ਦੇ ਕੰਮ ਕਰਨ ਲੱਗਾ। ਮਾਣਕ ਨੇ ਆਪਣੇ ਇਲਾਕੇ ਵਿਚ ਬਹੁਤ ਸਾਰੇ ਖੂਹ ਖੁਦਵਾਏ, ਸਰਾਵਾਂ ਤੇ ਮੰਦਰ ਬਣਵਾਏ। ਸਕੂਲ ਅਤੇ ਹਸਪਤਾਲ ਖੋਲ੍ਹੇ, ਜਿਸ ਕਰਕੇ ਮਾਣਕ ਦਾ ਨਾਂ ਸਾਰੇ ਇਲਾਕੇ ਵਿਚ ਮਸ਼ਹੂਰ ਹੋ ਗਿਆ।

ਜਦੋਂ ਕੋਈ ਸ਼ਖ਼ਸ ਮਾਣਕ ਤੋਂ ਪੁਛਦਾ ਕਿ ਉਹ ਇਤਨਾ ਸਾਰਾ ਧਨ ਕਿਥੋਂ ਲਿਆਇਆ ਹੈ ਤਾਂ ਉਹ ਅੱਗੋਂ ਇਹ ਕਹਿੰਦਾ ਕਿ ਇਹ ਸਭ ਰਾਜੇ ਦੀ ਬਖਸ਼ਿਸ਼ ਹੈ। ਰਾਜੇ ਨੇ ਮੈਨੂੰ ਮਾਲਾਮਾਲ ਕਰ ਦਿਤਾ ਹੈ।

ਕਈ ਈਰਖਾਲੂ ਲੋਕ ਰਾਜੇ ਕੋਲ ਗਏ ਅਤੇ ਮਾਣਕ ਵਿਰੁੱਧ ਕੰਨ ਭਰਨ ਲੱਗੇ। ਰਾਜੇ ਨੇ ਉਹਨਾਂ ਨੂੰ ਸਮਝਾਇਆ ਕਿ ਉਸ ਨੇ ਮਾਣਕ ਨੂੰ ਦਾਨ ਵਿਚ ਕੇਵਲ ਚਾਰ ਟਕੇ ਅਤੇ ਚਾਰ ਕੌਡੀਆਂ ਹੀ ਦਿਤੀਆਂ ਸਨ। ਪਰ ਈਰਖਾ ਦੇ ਭਰੇ ਲੋਕ ਕਹਿਣ ਲੱਗੇ, "ਮਹਾਰਾਜ, ਮਾਣਕ ਤੰਤਰ-ਮੰਤਰ ਦੀ ਵਿੱਦਿਆ ਜਾਣਦਾ ਹੈ, ਉਹ ਤੁਹਾਡੇ ਤੋਂ ਪ੍ਰਾਪਤ ਕੀਤੇ ਟਕਿਆਂ ਤੇ ਕੌਡੀਆਂ ਉਤੇ ਮੰਤਰ ਪੜ੍ਹ ਕੇ, ਤੁਹਾਡੇ ਖ਼ਜ਼ਾਨੇ ਵਿਚੋਂ ਦੌਲਤ ਖਿੱਚ ਰਿਹਾ ਏ। ਤੁਸੀਂ ਆਪਣੇ ਖ਼ਜ਼ਾਨੇ ਦੀ ਪੜਤਾਲ ਕਰਵਾਓ।" ਰਾਜੇ ਨੇ ਖ਼ਜ਼ਾਨੇ ਦੀ ਪੜਤਾਲ ਕਰਵਾਈ ਤਾਂ ਇਕ ਟਕਾ ਵੀ ਘਟ ਨਾ ਨਿਕਲਿਆ।

ਜਦੋਂ ਲੋਕਾਂ ਨੇ ਰਾਜੇ ਦੇ ਖ਼ੂਬ ਕੰਨ ਭਰੇ ਤਾਂ ਇਕ ਦਿਨ ਰਾਜਾ ਸੱਚ ਜਾਣਨ ਲਈ ਖ਼ੁਦ ਮਾਣਕ ਦੇ ਘਰ ਗਿਆ। ਮਾਣਕ ਦਾ ਮਹਿਲ ਦੇਖ ਕੇ ਰਾਜਾ ਦੰਗ ਰਹਿ ਗਿਆ। ਉਸ ਦੇ ਮਹਿਲ ਵਿਚ ਸੁੰਦਰ ਬਗੀਚੇ ਤੇ ਸਰੋਵਰ ਸਨ। ਮਾਣਕ ਦੀ ਸ਼ਾਨ-ਸ਼ੌਕਤ ਪਾਤਸ਼ਾਹਾਂ ਵਾਲੀ ਸੀ। ਉਸ ਨੇ ਮਾਣਕ ਤੋਂ ਪੁਛਿਆ, "ਪ੍ਰੋਹਿਤ ਜੀ, ਇਤਨਾ ਧਨ ਕਿਥੋਂ ਲਿਆ ਜੇ ?"

"ਮਹਾਰਾਜ ! ਇਹ ਸਭ ਤੁਹਾਡੀ ਹੀ ਬਰਕਤ ਏ।" ਮਾਣਕ ਨੇ ਨਿਮ੍ਰਤਾ ਨਾਲ ਜੁਆਬ ਦਿਤਾ।

"ਪਰ ਮੈਂ ਤਾਂ ਤੈਨੂੰ ਸਿਰਫ਼ ਚਾਰ ਟਕੇ ਤੇ ਚਾਰ ਕੌਡਾਂ ਦਿਤੀਆਂ ਸਨ।

ਇਹ ਸਭ ਉਸੇ ਦਾ ਪ੍ਰਤਾਪ ਏ। ਤੁਸਾਂ ਮੈਨੂੰ ਆਪਣੀ ਕਿਰਤ ਕਮਾਈ ਵਿਚੋਂ

ਦਾਨ ਦਿਤਾ ਸੀ, ਅਜਿਹਾ ਦਾਨ ਹਮੇਸ਼ਾ ਫਲਦਾ ਤੇ ਦੂਣਾ-ਚੌਣਾ ਹੁੰਦਾ ਹੈ।" ਮਾਣਕ ਨੇ ਧੀਰਜ ਨਾਲ ਉੱਤਰ ਦਿਤਾ।

"ਇਸ ਗੱਲ ਦਾ ਤੇਰੇ ਕੋਲ ਕੀ ਸਬੂਤ ਏ।" ਰਾਜੇ ਨੇ ਕਿਹਾ।

"ਆਓ, ਮੈਂ ਵਿਖਾਂਦਾ ਹਾਂ।" ਮਾਣਕ ਇਹ ਕਹਿੰਦਾ ਹੋਇਆ ਰਾਜੇ ਨੂੰ ਪਿਛਵਾੜੇ ਵਲ ਲੈ ਗਿਆ। ਉਥੇ ਉਸ ਨੇ ਰਾਜੇ ਨੂੰ ਸਾਰੀ ਗੱਲ ਦੱਸੀ ਕਿ ਕਿਵੇਂ ਉਸ ਦੀ ਪਤਨੀ ਨੇ ਕਰੋਧ ਵਿਚ ਆ ਕੇ ਟਕੇ ਤੇ ਕੌਡਾਂ ਵਿਹੜੇ ਵਿਚ ਸੁੱਟ ਦਿਤੀਆਂ ਸਨ। ਕਿਵੇਂ ਸਵੇਰੇ ਉਸ ਨੇ ਉਠ ਕੇ ਵੇਖਿਆ ਕਿ ਟਕਿਆਂ ਵਿਚੋਂ ਸੋਨੇ ਦੀਆਂ ਤੰਦਾਂ ਅਤੇ ਕੌਡਾਂ ਵਿਚੋਂ ਚਾਂਦੀ ਦੇ ਪੱਤੇ ਨਿਕਲ ਆਏ ਸਨ। ਮੈਂ ਇਹੋ ਤਾਰਾਂ ਤੇ ਪੱਤੇ ਕਟ ਕੇ ਰੋਜ਼ ਵੇਚ ਆਉਂਦਾ ਹਾਂ, ਇਥੇ ਹੋਰ ਨਵੀਆਂ ਤਾਰਾਂ ਤੇ ਪੱਤੇ ਉਗ ਪੈਂਦੇ ਹਨ।"

ਰਾਜੇ ਨੇ ਕਿਹਾ, "ਇਹ ਤਾਂ ਕੋਈ ਜਾਦੂ ਦੀ ਖੇਡ ਜਾਪਦੀ ਏ। ਮੇਰਾ ਯਕੀਨ ਨਹੀਂ ਬਝਦਾ ਕਿ ਮੇਰੀ ਦਸਾਂ ਨਹੁੰਆਂ ਦੀ ਕਿਰਤ ਨੂੰ ਇਹ ਫਲ ਲੱਗਾ ਏ।"

"ਮਹਾਰਾਜ, ਬੇਸ਼ਕ ਇਨ੍ਹਾਂ ਦੀਆਂ ਜੜ੍ਹਾਂ ਪੁੱਟ ਕੇ ਵੇਖ ਲਓ, ਮੈਂ ਤਾਂ ਪੁੱਟਾਂਗਾ ਨਹੀਂ। ਜੇ ਇਨ੍ਹਾਂ ਨੂੰ ਪੁੱਟਿਆ ਤਾਂ ਮੁੜ ਤੰਦਾਂ ਤੇ ਪੱਤੇ ਨਹੀਂ ਪੈਣੇ।" ਮਾਣਕ ਨੇ ਕਿਹਾ।

ਰਾਜੇ ਨੇ ਸੋਨੇ ਦੀ ਤਾਰ ਜ਼ੋਰ ਦੀ ਖਿੱਚੀ ਤਾਂ ਹੋਠੋਂ ਟਕਾ ਨਿਕਲ ਆਇਆ। ਫਿਰ ਉਸ ਨੇ ਚਾਂਦੀ ਦੀ ਤਾਰ ਖਿੱਚੀ ਤਾਂ ਹੇਠੋਂ ਕੌਡੀ ਨਿਕਲ ਆਈ। ਉਸੇ ਵੇਲੇ ਬਾਕੀ ਟਕੇ ਅਤੇ ਕੌਡੀਆਂ ਧਰਤੀ ਵਿਚ ਅਲੋਪ ਹੋ ਗਈਆਂ। ਰਾਜਾ ਹੱਕਾ-ਬੱਕਾ ਰਹਿ ਗਿਆ।

ਕਹਿੰਦੇ ਹਨ, ਰਾਜੇ ਦਾ ਉਹ ਦਾਨ ਧਰਤੀ ਦੀ ਹਿੱਕ ਵਿਚ ਅੱਜ ਵੀ ਤਾਰਾਂ ਦਾ ਜਾਲ ਬੁਣਦਾ ਰਹਿੰਦਾ ਹੈ ਤੇ ਸੋਨੇ ਚਾਂਦੀ ਦੀਆਂ ਡਲੀਆਂ ਬਣ ਕੇ ਧਰਤੀ ਹੇਠ ਇਕੱਠਾ ਹੁੰਦਾ ਰਹਿੰਦਾ ਹੈ।

ਇਕ ਦੂਜੇ ਦੀ ਨੌਕਰੀ

ਪੁਰਾਣੇ ਵੇਲਿਆਂ ਦੀ ਗੱਲ ਏ। ਇਕ ਜ਼ਿਮੀਂਦਾਰ ਕੋਲ ਕਾਫ਼ੀ ਸਾਰੀ ਭੋਇੰ ਸੀ। ਉਸ ਨੇ ਬਹੁਤ ਸਾਰੇ ਨੌਕਰ-ਚਾਕਰ ਅਤੇ ਕੰਮੀਂ-ਕਮੀਣ ਰਖੇ ਹੋਏ ਸਨ। ਜ਼ਿਮੀਂਦਾਰ ਬੜਾ ਜ਼ਿੱਦੀ ਅਤੇ ਹੰਕਾਰੀ ਸੀ। ਉਹ ਮਨੁਖ ਨੂੰ ਮਨੁਖ ਨਹੀਂ ਸੀ ਸਮਝਦਾ ਅਤੇ ਨੌਕਰਾਂ ਨੂੰ ਗਾਲੀ-ਗਲੋਚੋਂ ਤੇ ਧੱਫਾ ਮੁੱਕਾ ਮਾਰਨੋਂ ਵੀ ਸੰਕੋਚ ਨਹੀਂ ਸੀ ਕਰਦਾ। ਸਾਰੇ ਨੌਕਰ ਚਾਕਰ ਉਸ ਤੋਂ ਬੜੇ ਦੁਖੀ ਸਨ।

ਜ਼ਿਮੀਂਦਾਰ ਦਾ ਇਕ ਨੌਕਰ ਰੁਲਦੂ ਸੀ, ਜੋ ਬੜਾ ਅਨੁਭਵੀ ਤੇ ਸੂਝਵਾਨ ਸੀ। ਘਰ ਦੇ ਸਾਰੇ ਨਿੱਕੇ ਵੱਡੇ ਕੰਮ ਉਹ ਬੜੀ ਹੁਸ਼ਿਆਰੀ ਨਾਲ ਕਰਦਾ, ਪਰ ਜ਼ਿੰਮੀਂਦਾਰ ਫਿਰ ਵੀ ਉਸ ਨੂੰ ਬਿਨਾਂ ਮਤਲਬ ਦੇ ਹੀ ਝੰਬਦਾ ਝਾੜਦਾ ਰਹਿੰਦਾ। ਰੁਲਦੂ ਬੜਾ

ਪਰੇਸ਼ਾਨ ਸੀ, ਜੇ ਨੌਕਰੀ ਛੱਡੇ ਤਾਂ ਬੱਚੇ ਭੁੱਖੇ ਮਰਦੇ ਸਨ। ਪਰ ਜੇ ਚਾਕਰੀ ਕਰਦਾ ਰਹੇ ਤਾਂ ਰੋਜ਼ ਪਤ ਲੁਹਾਣੀ ਪੈਂਦੀ ਸੀ।

ਇਕ ਦਿਨ ਜ਼ਿਮੀਂਦਾਰ ਸੁਭਾਅ ਅਨੁਸਾਰ ਕਿਸੇ ਨਿੱਕੀ ਜਿਹੀ ਗੱਲ ਉਤੇ ਰੁਲਦੂ ਉਪਰ ਗੁੱਸਾ ਝਾੜ ਰਿਹਾ ਸੀ। ਜਦੋਂ ਜ਼ਿਮੀਂਦਾਰ ਨੇ ਗਾਲ੍ਹ ਕੱਢੀ ਤਾਂ ਰੁਲਦੂ ਅੱਗੋਂ ਬੋਲ ਪਿਆ, "ਸ਼ਾਹ ਜੀ, ਐਵੇਂ ਆਪਣਾ ਮਨ ਕਿਉਂ ਗੰਦਾ ਕਰਦੇ ਓ, ਤੁਹਾਨੂੰ ਕਾਹਦਾ ਮਾਣ ਏ, ਇਸ ਦੁਨੀਆਂ ਵਿਚ ਤਾਂ ਹਰ ਕੋਈ ਇਕ ਦੂਜੇ ਦਾ ਨੌਕਰ ਏ।"

ਜ਼ਿਮੀਂਦਾਰ ਨੇ ਅੱਖਾਂ ਲਾਲ ਕਰਦਿਆਂ ਕਿਹਾ, "ਉਹਿ ਕੀ ਬਕਿਆ ਈ !"

"ਮਤਲਬ ਇਹ ਵੇ ਕਿ ਮੈਂ ਤੁਹਾਡਾ ਨੌਕਰ ਹਾਂ ਤੇ ਤੁਸੀਂ ਮੇਰੇ", ਰੁਲਦੂ ਉਸੇ ਰੌਅ ਵਿਚ ਆਖੀ ਗਿਆ, "ਇਸ ਦੁਨੀਆਂ ਵਿਚ ਨਾ ਕੋਈ ਮਾਲਕ ਏ ਤੇ ਨਾ ਕੋਈ ਨੌਕਰ।"

ਜ਼ਿਮੀਂਦਾਰ ਇਹ ਗੱਲ ਸੁਣ ਕੇ ਅੱਗ ਬਗੋਲਾ ਹੋ ਗਿਆ ਤੇ ਗੁੱਸੇ ਨਾਲ ਭੁੜਕ ਕੇ ਕਹਿਣ ਲੱਗਾ, "ਕਮਜ਼ਾਤਾ ! ਤੇਰੀ ਐਡੀ ਜੁਰੱਤ, ਸਾਨੂੰ ਆਪਣਾ ਨੌਕਰ ਬਣਾ ਛੱਡਿਆ ਈ।"

"ਨਹੀਂ ਸ਼ਾਹ ਜੀ, ਇਹ ਗੱਲ ਨਹੀਂ, ਮੈਂ ਤਾਂ ਕਹਿੰਦਾ ਹਾਂ ਕਿ ਇਸ ਦੁਨੀਆਂ ਵਿਚ ਸਭ ਲੋਕ ਇਕ ਦੂਜੇ ਦੇ ਨੌਕਰ ਹਨ।" ਅਜੇ ਗੱਲ ਰੁਲਦੂ ਦੇ ਮੂੰਹ ਵਿਚ ਹੀ ਸੀ ਕਿ ਜ਼ਿਮੀਂਦਾਰ ਨੇ ਕਾੜ ਕਰਦੀ ਇਕ ਚੁਪੇੜ ਰੁਲਦੂ ਦੇ ਮੂੰਹ ਉਤੇ ਕੱਢ ਮਾਰੀ। ਫਿਰ ਠੁਡੇ-ਠੇਡੇ ਤੇ ਮੁੱਕੇ ਧੱਫੇ ਮਾਰਦਿਆਂ ਕਿਹਾ, "ਤੈਨੂੰ ਤੇਰੀ ਗੁਸਤਾਖ਼ੀ ਦਾ ਮੈਂ ਹੁਣੇ ਮਜ਼ਾ ਚਖਾਂਦਾ ਹਾਂ।"

ਰੁਲਦੂ ਨੇ ਵੱਖੀ ਫੜ ਲਈ ਅਤੇ ਚੀਖ਼ਾਂ ਮਾਰਦਾ ਹੋਇਆ ਫ਼ਰਸ਼ ਉਤੇ ਧੈਂ ਦੇ ਕੇ ਜਾ ਡਿੱਗਾ। ਰਤਾ ਕੁ ਉਹ ਤੜਫਿਆ, ਫਿਰ ਤਰਾੜ ਵਾਂਗ ਉਹ ਫ਼ਰਸ਼ ਉਤੇ ਪੈ ਰਿਹਾ, ਜਿਵੇਂ ਬੇਹੋਸ਼ ਹੋ ਗਿਆ ਹੋਵੇ। ਜ਼ਿਮੀਂਦਾਰ ਨੂੰ ਲੱਗਾ ਕਿ ਰੁਲਦੂ ਘੜੀਆਂ ਪਲਾਂ ਦਾ ਪ੍ਰਾਹੁਣਾ ਹੈ। ਦੇਵਨੈਤ ਉਦੋਂ ਘਰ ਵਿਚ ਕੋਈ ਨੌਕਰ ਚਾਕਰ ਨਹੀਂ ਸੀ।

ਰੁਲਦੂ ਦੀ ਇਹ ਹਾਲਤ ਵੇਖ ਕੇ ਜ਼ਿਮੀਂਦਾਰ ਬੜਾ ਘਬਰਾਇਆ। ਜੇ ਰੁਲਦੂ ਮਰ ਗਿਆ ਤਾਂ ਕੀ ਬਣੇਗਾ। ਉਸ ਦੀਆਂ ਅੱਖਾਂ ਅੱਗੇ ਭੰਬਲ ਤਾਰੇ ਨੱਚਣ ਲੱਗੇ। ਜ਼ਿਮੀਂਦਾਰ ਰੁਲਦੂ ਨੂੰ ਸੰਭਾਲਦਾ ਹੋਇਆ ਉਸ ਨੂੰ ਇਧਰੋਂ ਉਧਰ ਹਿਲਾ ਕੇ ਤੇ ਉਸ ਦੀ ਨਬਜ਼ ਟੋਹ ਕੇ ਵੇਖਣ ਲੱਗਾ ਕਿ ਉਸ ਵਿਚ ਜਾਨ ਵੀ ਹੈ ਕਿ ਨਹੀਂ। ਰੁਲਦੂ ਨੂੰ ਬੇਜਾਨ ਪਿਆ ਵੇਖ ਜ਼ਿਮੀਂਦਾਰ ਦੌੜਦਾ ਹੋਇਆ ਰਸੋਈ ਵਿਚੋਂ ਪਾਣੀ ਦਾ ਗਲਾਸ ਭਰ ਲਿਆਇਆ। ਫਿਰ ਉਹ ਰੁਲਦੂ ਦੇ ਮੂੰਹ ਉਪਰ ਪਾਣੀ ਦੇ ਛੱਟੇ ਮਾਰਨ ਲੱਗਾ। ਕੋਲ ਹੀ ਪੱਖੀ ਪਈ ਹੋਈ ਸੀ, ਜ਼ਿਮੀਂਦਾਰ ਨੇ ਪੱਖੀ ਫੜ ਲਈ ਤੇ ਰੁਲਦੂ ਨੂੰ ਹਵਾ ਦੇਣ ਲੱਗਾ, ਮਤਾ ਠੰਢੀ ਹਵਾ ਦੇ ਝੋਂਕੇ ਨਾਲ ਹੋਸ਼ ਪਰਤ ਆਵੇ। ਪਰ ਰੁਲਦੂ ਉਸੇ ਤਰ੍ਹਾਂ ਬੇਹੋਸ਼ ਪਿਆ ਰਿਹਾ।

ਜ਼ਿਮੀਂਦਾਰ ਦੀ ਖਾਨਿਉਂ ਗਈ। ਉਸ ਨੇ ਘਬਰਾਹਟ ਵਿਚ ਰੁਲਦੂ ਨੂੰ ਚੁਕ ਕੇ ਬਾਹਰਲੇ ਵਿਹੜੇ ਵਿਚ ਖੁਲ੍ਹੀ ਹਵਾ ਵਿਚ ਲਿਆਣਾ ਚਾਹਿਆ। ਪਹਿਲਾਂ ਜ਼ਿਮੀਂਦਾਰ ਨੇ ਵਿਹੜੇ ਵਿਚ ਮੰਜੀ ਵਿਛਾਈ। ਫਿਰ ਜਿਵੇਂ ਹੀ ਜ਼ਿਮੀਂਦਾਰ ਨੇ ਰੁਲਦੂ ਨੂੰ ਚੁਕ ਕੇ ਮੰਜੀ

ਉਤੇ ਲਿਟਾਇਆ ਅਤੇ ਪੈਰ ਝੱਸਣੇ ਚਾਹੇ ਤਾਂ ਰੁਲਦੂ ਝਟ ਉਠ ਬੈਠਾ ਤੇ ਕਹਿਣ ਲੱਗਾ, "ਸ਼ਾਹ ਜੀ, ਇਤਨੀ ਤਕਲੀਫ਼ ਕਿਉਂ ਕਰਦੇ ਓ, ਅੱਗੇ ਹੀ ਤੁਸੀਂ ਮੇਰੀ ਬੜੀ ਸੇਵਾ ਕੀਤੀ ਏ; ਪਾਣੀ ਦੇ ਛੱਟੇ ਮਾਰੇ ਨੇ; ਪੱਖੀ ਝੱਲੀ ਏ ਤੇ ਚੁੱਕ ਕੇ ਮੰਜੇ ਉਤੇ ਲਿਟਾਇਆ ਏ, ਹੁਣ ਮੈਂ ਰਾਜ਼ੀ ਬਾਜ਼ੀ ਹਾਂ।" ਜ਼ਿਮੀਂਦਾਰ ਨੇ ਰੱਬ ਦਾ ਸ਼ੁਕਰ ਕੀਤਾ ਕਿ ਰੁਲਦੂ ਠੀਕ-ਠਾਕ ਸੀ।

ਫਿਰ ਰੁਲਦੂ ਨੇ ਆਪਣੇ ਕਪੜੇ ਝਾੜਦਿਆਂ ਕਿਹਾ, "ਚੌਧਰੀ ਜੀ, ਮੈਂ ਨਹੀਂ ਸੀ ਕਿਹਾ, ਅਸੀਂ ਸਭ ਇਕ ਦੂਜੇ ਦੇ ਨੌਕਰ ਹਾਂ, ਅੱਜ ਤੁਸੀਂ ਆਪਣੇ ਹੱਥੀਂ ਮੇਰੀ ਸੇਵਾ ਕੀਤੀ ਏ। ਹੁਣ ਤਾਂ ਮੇਰੀ ਗੱਲ ਦੀ ਤਸੱਲੀ ਹੋ ਗਈ ਏ ਨੇ।"

ਜ਼ਿਮੀਂਦਾਰ ਬੜਾ ਸ਼ਰਮਿੰਦਾ ਪਿਆ ਅਤੇ ਉਸ ਦਿਨ ਤੋਂ ਬਾਅਦ ਨੌਕਰਾਂ-ਚਾਕਰਾਂ ਨਾਲ ਮੰਦਾ ਸਲੂਕ ਕਰਨਾ ਛੱਡ ਦਿਤਾ।

ਹੋਣੀ ਦਾ ਚਮਤਕਾਰ

ਇਕ ਵਾਰ ਕਿਸੇ ਜੰਗਲ ਵਿਚੋਂ ਦੋ ਮੁਸਾਫ਼ਰ, ਇਕ ਦੂਜੇ ਤੋਂ ਬੇਖ਼ਬਰ, ਅੱਗੜ-ਪਿੱਛੜ ਲੰਘ ਰਹੇ ਸਨ। ਅਗਲੇ ਮੁਸਾਫ਼ਰ ਦਾ ਨਾਉਂ ਬਖੀਆ ਸੀ ਅਤੇ ਪਿਛਲੇ ਦਾ ਝਖੀਆ। ਰਸਤੇ ਵਿਚ ਇਕ ਨਾਲਾ ਪੈਂਦਾ ਸੀ, ਜਿਸ ਦੇ ਉਪਰ ਛੋਟੀ ਜਿਹੀ ਪੁਲੀ ਬਣੀ ਹੋਈ ਸੀ। ਬਖੀਆ ਅੱਗੇ ਅੱਗੇ ਚਲ ਰਿਹਾ ਸੀ ਅਤੇ ਉਸ ਨੇ ਪੁਲੀ ਉਪਰੋਂ ਦੀ ਪਹਿਲੋਂ ਲੰਘਣਾ ਸੀ। ਉਸ ਦੀ ਕਿਸਮਤ ਬੜੀ ਤੇਜ਼ ਸੀ। ਕਰਮ ਤੇ ਹੋਣੀ ਵੀ ਉਥੇ ਕਿਧਰੇ ਹੀ ਘੁੰਮ ਫਿਰ ਰਹੇ ਸਨ। ਕਰਮ ਨੇ ਬਖੀਏ ਲਈ ਇਕ ਮੁਹਰਾਂ ਦੀ ਥੈਲੀ ਪੁਲੀ ਉਪਰ ਸੁੱਟ ਦਿਤੀ। ਕਿਉਂ ਜੋ ਬਖੀਆ ਅੱਗੇ ਅੱਗੇ ਤੁਰਦਾ ਜਾ ਰਿਹਾ ਸੀ ਅਤੇ ਪੁਲੀ ਉਪਰੋਂ ਦੀ ਪਹਿਲਾਂ ਬਖੀਏ ਨੇ ਹੀ ਲੰਘਣਾ ਸੀ, ਇਸ ਲਈ ਉਹ ਥੈਲੀ ਸਹਿਜ ਸੁਭਾ ਉਸੇ ਦੇ ਹੱਥ ਲਗਣੀ ਸੀ।

ਅਚਨਚੇਤ ਬਖੀਏ ਨੂੰ ਜੰਗਲ-ਪਾਣੀ ਦੀ ਹਾਜਤ ਹੋ ਗਈ ਅਤੇ ਉਹ ਝਾੜੀਆਂ ਦੇ ਉਹਲੇ ਬੈਠ ਗਿਆ। ਇਤਨੀ ਦੇਰ ਵਿਚ ਝਖੀਆ ਅੱਗੇ ਨਿਕਲ ਗਿਆ। ਕਰਮ ਨੇ ਜਦੋਂ ਇਹ ਵੇਖਿਆ ਤਾਂ ਉਹ ਘਬਰਾ ਗਿਆ। ਜੇ ਝਖੀਆ ਪੁਲੀ ਉਪਰੋਂ ਦੀ ਪਹਿਲੋਂ ਲੰਘੇਗਾ ਤਾਂ ਮੁਹਰਾਂ ਦੀ ਥੈਲੀ ਵੀ ਉਹ ਅਵੱਸ਼ ਚੁੱਕ ਕੇ ਲੈ ਜਾਵੇਗਾ। ਇਹ ਮੁਹਰਾਂ ਤਾਂ ਬਖੀਏ ਦੇ ਕਰਮਾਂ ਵਿਚ ਲਿਖੀਆਂ ਹੋਈਆਂ ਹਨ; ਝਖੀਏ ਦੇ ਨਹੀਂ। ਹੁਣ ਕੀ ਬਣੇਗਾ ?

ਕਰਮ ਨੇ ਹੋਣੀ ਨਾਲ ਗੱਲ ਕੀਤੀ ਤੇ ਉਸ ਤੋਂ ਮਦਦ ਮੰਗੀ। ਹੋਣੀ ਨੇ ਕਿਹਾ, "ਤੂੰ ਚਿੰਤਾ ਨਾ ਕਰ, ਮੈਂ ਸਭ ਕੰਮ ਰਾਸ ਕਰ ਦਿਆਂਗੀ।" ਹੋਣੀ ਨੇ ਇਹ ਕਹਿੰਦੇ ਹੋਏ ਆਪਣਾ ਤੀਰ ਛੱਡਿਆ।

ਝਖੀਆ ਪੇਸ਼ੇ ਵਲੋਂ ਨਟ ਸੀ ਅਤੇ ਬਾਂਸ ਉਪਰ ਚੜ੍ਹ ਕੇ ਕਲਾਬਾਜ਼ੀਆਂ ਤੇ ਤਮਾਸ਼ੇ ਵਿਖਾਇਆ ਕਰਦਾ ਸੀ। ਝਖੀਆਂ ਜਦੋਂ ਪੁਲੀ ਕੋਲ ਪੁੱਜਾ ਤਾਂ ਉਹ ਮਨ ਵਿਚ ਸੋਚਣ ਲੱਗਾ, "ਪੁਲੀ ਤਾਂ ਬੜੀ ਛੋਟੀ ਏ। ਹੇਠਾਂ ਪਾਣੀ ਬੜਾ ਤੇਜ਼ ਵੱਗ ਰਿਹਾ ਏ। ਮੈਂ ਆਪਣੀ ਕਲਾ ਸ਼ਕਤੀ ਕਿਉਂ ਨਾ ਅਜ਼ਮਾਵਾਂ। ਜੇ ਮੈਂ ਇਸ ਪੁਲੀ ਤੋਂ ਅੱਖਾਂ ਮੀਟ ਕੇ ਲੰਘ ਗਿਆ ਤਾਂ ਸਮਝੋ ਕਮਾਲ ਹੋ ਗਿਆ। ਇਹ ਤਮਾਸ਼ਾ ਆਪਣੇ ਲਈ ਹੀ ਸਹੀ।" ਫਿਰ ਝਖੀਏ ਨੇ ਆਪਣੀਆਂ ਅੱਖਾਂ ਉਪਰ ਪਗੜੀ ਦਾ ਲੜ ਦੇ ਲਿਆ ਅਤੇ ਪੋਲੇ ਪੋਲੇ ਪਬ ਧਰਦਾ ਪੁਲੀ ਪਾਰ ਕਰ ਗਿਆ। ਝਖੀਆ ਪੁਲੀ ਨੂੰ ਪਾਰ ਕਰ ਕੇ ਆਪਣੇ ਇਸ ਕਰਿਸ਼ਮੇ ਉਪਰ ਬੜਾ ਖੁਸ਼ ਹੋਇਆ।

ਇਤਨੀ ਦੇਰ ਤਕ ਬਖੀਆ ਵੀ ਹਾਜਤ ਤੋਂ ਵਿਹਲਾ ਹੋ ਕੇ ਪੁਲੀ ਤੋਂ ਲੰਘਣ ਲੱਗਾ। ਅੱਗੇ ਮੁਹਰਾਂ ਦੀ ਥੈਲੀ ਪਈ ਵੇਖ ਉਹ ਹੱਕਾ ਬੱਕਾ ਰਹਿ ਗਿਆ। ਉਸ ਨੇ ਝਟ ਥੈਲੀ ਚੁਕ ਲਈ। ਬਖੀਏ ਨੂੰ ਇਸ ਗੱਲ ਦੀ ਹੈਰਾਨੀ ਸੀ ਕਿ ਇਸ ਪੁਲੀ ਤੋਂ ਹੁਣੇ ਇਕ ਮੁਸਾਫ਼ਰ ਲੰਘਿਆ ਸੀ, ਉਸ ਨੇ ਇਹ ਥੈਲੀ ਕਿਉਂ ਨਹੀਂ ਸੀ ਚੁੱਕੀ ?

ਬਖੀਆ ਜਦੋਂ ਪੁਲੀ ਪਾਰ ਕਰ ਕੇ ਦੂਜੇ ਪਾਸੇ ਵਲ ਪੁਜਾ ਤਾਂ ਅੱਗੇ ਇਕ ਦਰੱਖ਼ਤ ਹੇਠ ਉਸ ਨੇ ਦੂਜੇ ਮੁਸਾਫ਼ਰ ਨੂੰ ਆਰਾਮ ਕਰਦੇ ਵੇਖਿਆ। ਬਖੀਆ ਵੀ ਸੁਸਤਾਣ ਦੇ ਵਿਚਾਰ ਨਾਲ ਉਸ ਦੇ ਕੋਲ ਹੀ ਬੈਠ ਗਿਆ।

ਦੋਵੇਂ ਗੱਲੀਂ ਬਾਤੀਂ ਰੁਝ ਗਏ। ਝਖੀਏ ਨੇ ਮੁਸਕਰਾਂਦਿਆਂ ਹੋਇਆ ਕਿਹਾ, "ਅੱਜ ਤਾਂ ਕਮਾਲ ਹੋ ਗਈ, ਮੈਂ ਪੁਲੀ ਉਤੋਂ ਦੀ ਲੰਘਣ ਲੱਗਿਆ ਅੱਖਾਂ ਉਤੇ ਪੱਗ ਦਾ ਲੜ ਦੇ ਲਿਆ ਅਤੇ ਬਿਨਾਂ ਵੇਖੇ ਦੇ ਪੁਲੀ ਪਾਰ ਕਰ ਆਇਆ। ਹੈ ਨਾ ਕਮਾਲ।"

ਬਖੀਆ ਹੱਸ ਪਿਆ ਤੇ ਕਹਿਣ ਲੱਗਾ, "ਪਰ ਅੱਜ ਮੇਰੇ ਨਾਲ ਵੀ ਕਮਾਲ ਹੀ ਹੋਈ ਏ। ਇਸ ਪੁਲੀ ਤੋਂ ਕਈ ਮੁਸਾਫ਼ਰ ਲੰਘੇ ਨੇ, ਪਰ ਮੁਹਰਾਂ ਦੀ ਇਸ ਥੈਲੀ ਉਪਰ ਕਿਸੇ ਦੀ ਵੀ ਨਜ਼ਰ ਨਹੀਂ ਪਈ। ਇਹ ਮੇਰੇ ਹਿੱਸੇ ਆਈ ਏ।"

ਝਖੀਆ ਮੱਥੇ ਉਤੇ ਹੱਥ ਮਾਰ ਕੇ ਆਪਣੇ ਭਾਗਾਂ ਨੂੰ ਕੋਸਣ ਲੱਗਾ।

ਰਲ ਬੈਠਣ ਦੀ ਬਰਕਤ

ਇਕ ਪਰਿਵਾਰ ਬੜਾ ਹੀ ਗਰੀਬ ਸੀ। ਭਾਵੇਂ ਸਾਰਾ ਟੱਬਰ ਕਿਸੇ ਨਾ ਕਿਸੇ ਆਹਰੇ ਲੱਗਾ ਰਹਿੰਦਾ, ਪਰ ਘਰ ਵਿਚੋਂ ਦਲਿਦਰ ਨਹੀਂ ਸੀ ਨਿਕਲਦਾ ਅਤੇ ਉਨ੍ਹਾਂ ਨੂੰ ਦੋ ਵੇਲੇ ਰੱਜਵੀਂ ਰੋਟੀ ਵੀ ਨਸੀਬ ਨਹੀਂ ਸੀ ਹੁੰਦੀ। ਅਖ਼ੀਰ ਤੰਗ ਪੈ ਕੇ ਨਿਹਾਲੇ ਨੇ ਆਪਣੀ ਪਤਨੀ ਅਤੇ ਬੱਚਿਆਂ ਨੂੰ ਕਿਹਾ, "ਚਲੋ ਇਥੋਂ ਕਿਸੇ ਹੋਰ ਥਾਂ ਚਲੀਏ, ਇਥੇ ਸਾਡੀ ਸਾੜ੍ਹਸਤੀ ਨਹੀਂ ਨਿਕਲਣੀ।" ਟੱਬਰ ਦੇ ਸਾਰੇ ਜੀਅ ਇਸ ਗੱਲ

ਨਾਲ ਝਟ ਸਹਿਮਤ ਹੋ ਗਏ ਅਤੇ ਆਪਣੇ ਭਾਂਡੇ ਟੀਂਡੇ ਤੇ ਹੋਰ ਨਿਕ-ਸੁਕ ਚੁਕ ਕੇ ਪਿੰਡੋਂ ਤੁਰ ਪਏ।

ਉਨ੍ਹਾਂ ਨੂੰ ਰਾਤ ਜੰਗਲ ਵਿਚ ਆਈ। ਇਕ ਦਰੱਖ਼ਤ ਦੇ ਹੇਠਾਂ ਉਨ੍ਹਾਂ ਨੇ ਆਪਣਾ ਭਾਂਡਾ ਟੀਂਡਾ ਅਤੇ ਹੋਰ ਸਾਮਾਨ ਰਖਿਆ। ਨਿਹਾਲੇ ਨੇ ਆਪਣੇ ਪੁਤਰਾਂ ਨੂੰ ਕਿਹਾ, "ਜਾਓ ਬੱਚਿਓ, ਕੁਝ ਲਕੜਾਂ ਚੁਣ ਲਿਆਓ, ਤਾਂ ਜੋ ਤੁਹਾਡੀ ਮਾਂ ਅੱਗ ਬਾਲ ਕੇ ਚੁਲ੍ਹਾ ਚੌਂਕਾ ਕਰੇ।" ਦੋਵੇਂ ਪੁਤਰ ਸਤਿ ਬਚਨ ਕਹਿ ਕੇ ਲਕੜਾਂ ਚੁਗਣ ਚਲੇ ਗਏ। ਫਿਰ ਪਿਉ ਨੇ ਕੁੜੀ ਨੂੰ ਕਿਹਾ, "ਬੱਚਾ, ਤੂੰ ਜਾਹ, ਕਿਸੇ ਛੱਪੜ ਟੋਭੇ ਵਿਚੋਂ ਪਾਣੀ ਦੀ ਮਟਕੀ ਭਰ ਲਿਆ।" ਕੁੜੀ ਪਿਉ ਦੀ ਆਗਿਆ ਮੰਨ ਕੇ ਪਾਣੀ ਭਰਨ ਲਈ ਚਲੀ ਗਈ। ਫਿਰ ਨਿਹਾਲੇ ਨੇ ਆਪਣੀ ਪਤਨੀ ਨੂੰ ਚੁਲ੍ਹਾ-ਚੌਂਕਾ ਬਨਾਉਣ ਲਈ ਕਿਹਾ। ਉਸ ਦੀ ਪਤਨੀ ਵੀ ਉਠ ਕੇ ਚੁਲ੍ਹਾ-ਚੌਂਕਾ ਬਨਾਉਣ ਲੱਗੀ। ਸਭ ਜੀਅ ਆਹਰੇ ਲੱਗ ਗਏ, ਕਿਸੇ ਵੀ ਨਾ ਪੁਛਿਆ ਕਿ ਰਿੰਨ੍ਹਿਆ ਪਕਾਇਆ ਕੀ ਜਾਵੇਗਾ, ਕਿਉਂ ਜੋ ਉਨ੍ਹਾਂ ਦੇ ਕੋਲ ਖਾਣ ਲਈ ਕੋਈ ਚੀਜ਼ ਵਸਤ ਨਹੀਂ ਸੀ। ਨਿਹਾਲਾ ਖੁਦ ਇਧਰ ਉਧਰ ਖਾਣ ਪਕਾਣ ਲਈ ਕੋਈ ਸਬਜ਼ੀ ਤਰਕਾਰੀ ਤੇ ਸਾਗ ਵੇਖਣ ਲੱਗਾ।

ਜਿਸ ਦਰੱਖ਼ਤ ਹੇਠਾਂ ਉਹ ਪਰਿਵਾਰ ਚੁਲ੍ਹਾ ਚੌਂਕਾ ਬਣਾ ਰਿਹਾ ਸੀ, ਉਸ ਦੇ ਉਪਰ ਕਬੂਤਰਾਂ ਦਾ ਇਕ ਜੋੜਾ ਬੈਠਾ ਸੀ। ਉਹ ਇਹ ਸਾਰਾ ਦ੍ਰਿਸ਼ ਵੇਖ ਕੇ ਬੜੇ ਹੈਰਾਨ ਹੋਏ। "ਇਨ੍ਹਾਂ ਲੋਕਾਂ ਦੇ ਤਾਂ ਸੱਖਣੇ ਭਾਂਡੇ ਨੇ, ਰਿੰਨ੍ਹਣ ਪਕਾਣ ਲਈ ਕੋਈ ਵੀ ਚੀਜ਼ ਵਸਤ ਨਹੀਂ। ਇਹ ਕੀ ਪਕਾਣਗੇ ਤੇ ਕੀ ਖਾਣਗੇ ?" ਕਬੂਤਰੀ ਨੇ ਕਬੂਤਰ ਤੋਂ ਪੁਛਿਆ।

ਕਬੂਤਰ ਵੀ ਇਹੋ ਕੁਝ ਜਾਣਨ ਲਈ ਉਤਾਵਲਾ ਸੀ। ਸੋ, ਉਹ ਦੋਵੇਂ ਉੱਡ ਕੇ ਨਿਹਾਲੇ ਕੋਲ ਆ ਗਏ ਅਤੇ ਪੁਛਣ ਲੱਗੇ, "ਹੇ ਭਲੇ ਪੁਰਸ਼ ! ਤੁਹਾਡੇ ਕੋਲ ਰਿੰਨ੍ਹਣ ਪਕਾਣ ਲਈ ਕੋਈ ਚੀਜ਼ ਵਸਤ ਨਹੀਂ; ਫਿਰ ਵੀ ਤੁਹਾਡਾ ਸਾਰਾ ਟੱਬਰ ਇੰਜ ਆਹਰੇ ਲੱਗਾ ਹੋਇਆ ਏ, ਜਿਵੇਂ ਤੁਹਾਡੇ ਕੋਲ ਖਾਣ ਪਕਾਣ ਲਈ ਕਾਫ਼ੀ ਸਾਰੀ ਸਾਮਗ੍ਰੀ ਹੋਵੇ, ਇਹ ਗੱਲ ਸਾਡੀ ਸਮਝ ਵਿਚ ਨਹੀਂ ਆਈ।"

ਨਿਹਾਲੇ ਨੇ ਬੜੀ ਤਸੱਲੀ ਨਾਲ ਜਵਾਬ ਦਿਤਾ, "ਤੁਸੀਂ ਉੱਕੀ ਚਿੰਤਾ ਨਾ ਕਰੋ, ਅਸੀਂ ਭੁੱਖੇ ਨਹੀਂ ਰਹਿੰਦੇ, ਜੋ ਕੁਝ ਵੀ ਜਿਥੋਂ ਲੱਭਾ, ਉਹੀ ਰਿੰਨ੍ਹ ਪਕਾ ਕੇ ਚੰਗਾ ਮੰਦਾ ਢਿੱਡ ਭਰ ਲਵਾਂਗੇ, ਜੇ ਹੋਰ ਕੋਈ ਚੀਜ਼ ਨਾ ਵੀ ਲੱਭੀ ਤਾਂ ਤੁਸਾਂ ਦੁਹਾਂ ਨੂੰ ਫੜ ਕੇ ਭੁੰਨ ਲਵਾਂਗੇ, ਪੇਟ ਹੀ ਤਾਂ ਭਰਨਾ ਏ।"

ਨਿਹਾਲੇ ਦੀ ਇਹ ਗੱਲ ਸੁਣ ਕੇ ਦੋਵੇਂ ਪੰਛੀ ਘਬਰਾ ਗਏ। ਕਬੂਤਰੀ ਨੇ ਹੌਲੇ ਜਿਹੇ ਕਬੂਤਰ ਨੂੰ ਪੁਛਿਆ, "ਕੀ ਇਹ ਸਾਨੂੰ ਫੜ ਸਕਦੇ ਨੇ।" ਕਬੂਤਰ ਕਹਿਣ ਲੱਗਾ, "ਕਿਉਂ ਨਹੀਂ, ਇਹ ਸਭ ਕੁਝ ਕਰ ਸਕਦੇ ਨੇ, ਇਹ ਸਾਰਾ ਪਰਿਵਾਰ ਇਕ ਮੁੱਠ ਏ, ਭਲੀਏ ਲੋਕੇ ਇਹ ਜੋ ਕੁਝ ਚਾਹੁਣ ਕਰ ਸਕਦੇ ਨੇ।"

ਕੁਝ ਚਿਰ ਦੋਵੇਂ ਪੰਛੀ ਆਪੋ ਵਿਚ ਘੁਸਰ ਮੁਸਰ ਕਰਦੇ ਰਹੇ। ਫਿਰ ਦੋਵੇਂ ਨਿਹਾਲੇ ਦੇ ਕੋਲ ਆਏ ਅਤੇ ਇਕ ਟਹਿਣੀ ਉਤੇ ਬੈਠ ਕੇ ਕਹਿਣ ਲੱਗੇ, "ਐ ਭਲੇ ਪੁਰਸ਼ ! ਤੂੰ ਸਾਨੂੰ ਨਾ ਮਾਰ, ਅਸੀਂ ਤੈਨੂੰ ਖ਼ਜ਼ਾਨੇ ਦਾ ਪਤਾ ਦੱਸਦੇ ਆਂ। ਇਸੇ ਦਰੱਖ਼ਤ

ਦੇ ਮੁੱਢ ਹੇਠਾਂ ਮੁਹਰਾਂ ਦਾ ਡੋਲਾ ਦਬਿਆ ਹੋਇਆ ਏ।" ਨਿਹਾਲੇ ਨੇ ਸਭਨਾਂ ਜੀਆਂ ਨੂੰ ਸੱਦਿਆ ਅਤੇ ਉਨ੍ਹਾਂ ਨੇ ਰਲ ਕੇ ਦਰੱਖ਼ਤ ਦੇ ਮੁੱਢ ਹੇਠੋਂ ਥਾਂ ਪੁੱਟੀ। ਉਥੋਂ ਇਕ ਦੇਗ ਦੱਬੀ ਹੋਈ ਨਿਕਲੀ, ਜਿਸ ਵਿਚ ਮੁਹਰਾਂ ਸਨ। ਨਿਹਾਲੇ ਨੇ ਮੁਹਰਾਂ ਨਾਲ ਚਾਦਰ ਭਰ ਲਈ ਤੇ ਚਾਈਂ ਚਾਈਂ ਪਰਿਵਾਰ ਸਮੇਤ ਵਾਪਸ ਘਰ ਪਰਤ ਆਇਆ। ਉਹ ਸੁਖੀ-ਸਾਂਦੀ ਵਸਣ ਰਸਣ ਲੱਗਾ।

ਨਿਹਾਲੇ ਦੇ ਗੁਆਂਢ ਵਿਚ ਰੁਲੀਆ ਨਾਉਂ ਦਾ ਇਕ ਹਟਵਾਣੀਆ ਰਹਿੰਦਾ ਸੀ। ਉਸ ਨੇ ਨਿਹਾਲੇ ਦੇ ਘਰ ਦੀ ਹਾਲਤ ਸੁਧਰੀ ਹੋਈ ਵੇਖੀ ਤਾਂ ਬੜਾ ਹੈਰਾਨ ਹੋਇਆ। ਦਿਲ ਵਿਚ ਸੋਚਣ ਲੱਗਾ : "ਕਲ੍ਹ ਤਕ ਤਾਂ ਇਹ ਲੋਕ ਭੁੱਖੇ ਮਰਦੇ ਸਨ; ਅੱਜ ਇਨ੍ਹਾਂ ਦੇ ਘਰ ਵਲਾਂ-ਛਲਾਂ ਕਿਵੇਂ ਹੋ ਗਈਆਂ ? ਨਿਹਾਲੇ ਨੂੰ ਜ਼ਰੂਰ ਕਿਧਰੋਂ ਕੋਈ ਖ਼ਜ਼ਾਨਾ ਹੱਥ ਲੱਗਾ ਹੋਣਾ ਏ।"

ਇਕ ਦਿਨ ਮੌਕਾ ਤਾੜ ਕੇ ਰੁਲੀਏ ਨੇ ਨਿਹਾਲੇ ਤੋਂ ਪੁਛ ਹੀ ਲਿਆ, "ਸੁਣਾ ਪਈ, ਖ਼ਜ਼ਾਨਾ ਕਿਥੋਂ ਹੱਥ ਲੱਗਾ ਏ, ਤੂੰ ਤਾਂ ਪਲਾਂ ਵਿਚ ਹੀ ਭਿਖਾਰੀ ਤੋਂ ਸ਼ਾਹ ਹੋ ਗਿਐਂ।"

ਨਿਹਾਲਾ ਸਿਧਾ-ਸਾਦਾ ਬੰਦਾ ਸੀ। ਉਸ ਨੂੰ ਕੋਈ ਵਲ ਫਰੇਬ ਨਹੀਂ ਸੀ ਆਉਂਦਾ। ਸੋ ਨਿਹਾਲੇ ਨੇ ਝਟ ਰੁਲੀਏ ਨੂੰ ਸ਼ੁਰੂ ਤੋਂ ਅਖੀਰ ਤਕ ਸਾਰਾ ਕਿੱਸਾ ਸੁਣਾ ਦਿਤਾ। ਰੁਲੀਆ ਹੱਕਾ-ਬੱਕਾ ਰਹਿ ਗਿਆ।

ਰੁਲੀਆ ਸੁਭਾਅ ਦਾ ਬੜਾ ਲੋਭੀ ਸੀ। ਉਸੇ ਵੇਲੇ ਉਹ ਆਪਣੇ ਪੁਤਰ, ਧੀ, ਤੇ ਤੀਵੀਂ ਸਮੇਤ ਉਸੇ ਜੰਗਲ ਵਲ ਤੁਰ ਪਿਆ। ਤ੍ਰਿਕਾਲਾਂ ਪੈ ਗਈਆਂ। ਉਸ ਨੇ ਇਕ ਦਰੱਖ਼ਤ ਉਤੇ ਕਬੂਤਰਾਂ ਦਾ ਜੋੜਾ ਬੈਠਾ ਵੇਖਿਆ। ਰੁਲੀਆ ਉਸੇ ਦਰੱਖ਼ਤ ਹੇਠਾਂ ਆਪਣਾ ਭਾਂਡਾ-ਟੀਂਡਾ ਜੋੜ ਕੇ ਬੈਠ ਗਿਆ ਤੇ ਹੁਕਮ ਚਲਾਣ ਲੱਗਾ।

ਪਹਿਲਾਂ ਰੁਲੀਏ ਨੇ ਪੁੱਤਰ ਨੂੰ ਕਿਹਾ, "ਜਾ ਬੇਟਾ ਕਿਧਰੋਂ ਲਕੜਾ ਚੁਣ ਲਿਆ।"

ਪੁੱਤਰ, "ਬਾਪੂ ਲਕੜਾਂ ਕੀ ਕਰਾਂਗੇ ?"

ਰੁਲੀਆ, "ਕੁਝ ਰਿੰਨ੍ਹਾਂ ਪਕਾਵਾਂਗੇ।"

ਪੁੱਤਰ, "ਪਰ ਸਾਡੇ ਕੋਲ ਰਿੰਨ੍ਹਣ ਪਕਾਣ ਲਈ ਹੈ ਈ ਕੁਝ ਨਹੀਂ। ਤੁਸੀਂ ਪਤਾ ਨਹੀਂ ਕਿਹੋ ਜਿਹੀਆਂ ਅਵੱਲੀਆਂ ਗੱਲਾਂ ਕਰਦੇ ਓ, ਅੱਗੇ ਬਿਨਾਂ ਮਤਲਬ ਦੇ ਘਰੋਂ ਕਢ ਲਿਆਂਦਾ ਜੇ, ਤੇ ਇਥੇ ਜੰਗਲ ਵਿਚ ਆ ਸੁਟਿਆ ਜੇ। ਮੇਰੇ ਵਿਚ ਤਾਂ ਲਕੜਾਂ ਚੁਣਨ ਦੀ ਹਿੰਮਤ ਹੀ ਨਹੀਂ ਰਹੀ।"

ਪਰ ਰੁਲੀਏ ਨੇ ਪੁਤਰ ਨੂੰ ਝਿੜਕਿਆ ਝੰਬਿਆ ਅਤੇ ਉਹ ਖਿਝਦਾ ਹੋਇਆ ਲਕੜਾਂ ਚੁਣਨ ਤੁਰ ਪਿਆ।

ਫਿਰ ਰੁਲੀਏ ਨੇ ਆਪਣੀ ਧੀ ਨੂੰ ਪਾਣੀ ਦੀ ਮਟਕੀ ਭਰ ਕੇ ਲਿਆਉਣ ਲਈ ਆਖਿਆ। ਪਰ ਉਹ ਵੀ ਔਖੀ ਹੋ ਕੇ ਕਹਿਣ ਲੱਗੀ, "ਪਾਣੀ ਡੁੱਬਣ ਲਈ ਲਿਆਣਾ ਜੇ, ਰਿੰਨ੍ਹਣ ਪਕਾਣ ਲਈ ਤਾਂ ਸਾਡੇ ਕੋਲ ਧਰਿਆ ਈ ਕੀ ਏ।" ਰੁਲੀਏ ਨੇ ਧੀ ਨੂੰ ਵੀ ਝਿੜਕਾਂ ਦੇ ਕੇ ਪਾਣੀ ਲਈ ਤੋਰ ਦਿਤਾ।

ਫਿਰ ਰੁਲੀਏ ਨੇ ਆਪਣੀ ਪਤਨੀ ਨੂੰ ਚੁਲ੍ਹਾ ਚੌਂਕਾ ਬਨਾਉਣ ਲਈ ਕਿਹਾ। ਉਹ

ਵੀ ਅੱਗੋਂ ਪਤੀ ਨੂੰ ਖਾਣ ਨੂੰ ਪਈ, "ਵਾਹ ਜੀ, ਚੁਲ੍ਹਾ ਚੌਂਕਾ ਬਣਾਵਾਂ ਕਿ ਆਪਣੀ ਚਿਖਾ ਬਣਾਵਾਂ, ਝੱਲੇ ਹੋਏ ਪਏ ਨੇ। ਅੱਗੇ ਹੀ ਘਰੋਂ ਕੱਢ ਕੇ ਜੰਗਲ ਵਿਚ ਆਣ ਬਿਠਾਇਆ ਨੇ, ਅੱਗੋਂ ਗੱਲਾਂ ਪਏ ਬਣਾਂਦੇ ਨੇ। ਮੈਂ ਤਾਂ ਅੱਗ ਨਹੀਂ ਬਾਲਦੀ, ਪਹਿਲਾਂ ਰਿੰਨ੍ਹਣ ਪਕਾਣ ਲਈ ਕੋਈ ਚੀਜ਼ ਲਿਆਓ।" ਰੁਲੀਆ ਤੀਵੀਂ ਨੂੰ ਗੁਸੇ ਹੋਣ ਲੱਗਾ।

ਦਰੱਖ਼ਤ ਉਤੇ ਉਹ ਦੋਵੇਂ ਪੰਛੀ ਬੈਠ ਇਹ ਦ੍ਰਿਸ਼ ਵੇਖ ਰਹੇ ਸਨ। ਕਬੂਤਰ ਰੁਲੀਏ ਨੂੰ ਕਹਿਣ ਲੱਗਾ, "ਭਲੇ ਪੁਰਸ਼ਾ ! ਇਹਨਾਂ ਸਭਨਾਂ 'ਤੇ ਕਿਉਂ ਗੁਸਾ ਕਰ ਰਿਹੈਂ, ਤੇਰੇ ਕੋਲ ਰਿੰਨ੍ਹਣ ਪਕਾਣ ਲਈ ਕੁਝ ਚੀਜ਼ ਵਸਤ ਤਾਂ ਹੈ ਹੀ ਨਹੀਂ, ਤੂੰ ਕੀ ਪਕਾਵੇਂਗਾ ਤੇ ਇਹ ਕੀ ਖਾਣਗੇ, ਇਹ ਸਭ ਠੀਕ ਹੀ ਕਹਿ ਰਹੇ ਨੇ। ਇਨ੍ਹਾਂ ਨੂੰ ਐਵੇਂ ਨਾ ਕਲਪਾ।"

ਰੁਲੀਆ ਵੀ ਇਸੇ ਮੌਕੇ ਦੀ ਤਾੜ ਵਿਚ ਸੀ। ਝਟ ਬੋਲ ਪਿਆ, "ਤੁਹਾਨੂੰ ਦੋਹਾਂ ਨੂੰ ਫੜ ਕੇ ਰਿੰਨ੍ਹਾਂਗਾ ਤੇ ਅਸੀਂ ਸਾਰੇ ਬਹਿ ਕੇ ਖਾਵਾਂਗੇ।"

ਕਬੂਤਰ ਮੁਸਕਰਾ ਕੇ ਕਹਿਣ ਲੱਗਾ, "ਮੂਰਖਾ ! ਉਹ ਵਣਜਾਰੇ ਲਦ ਗਏ ਜਿਹੜੇ ਸਾਨੂੰ ਭੁੰਨ ਸਕਦੇ ਸਨ। ਭਲਿਆ ਲੋਕਾ ਤੂੰ ਤਾਂ ਸਾਡੀ 'ਵਾ ਵਲ ਵੀ ਨਹੀਂ ਵੇਖ ਸਕਦਾ। ਤੁਸੀਂ ਸਾਰੇ ਤਾਂ ਆਪੋ ਵਿਚ ਹੀ ਲੜ ਲੜ ਕੇ ਮਰ ਜਾਵੋਗੇ, ਸਾਨੂੰ ਫੜ ਕੇ ਕਿਵੇਂ ਖਾਵੋਗੇ। ਮੂਰਖਾ, ਘਰ ਜਾਹ ਅਤੇ ਐਵੇਂ ਇਥੇ ਖੱਜਲ ਖਵਾਰ ਨਾ ਹੋ।"

ਰੁਲੀਆ ਸ਼ਰਮਿੰਦਾ ਹੋ ਕੇ, ਟੱਬਰ ਸਮੇਤ ਘਰ ਵਾਪਸ ਪਰਤ ਆਇਆ।

ਦਾਨਾ ਸ਼ਾਹੂਕਾਰ

ਇਕ ਸੌਦਾਗਰ ਕੀਮਤੀ ਮਾਲ ਦਾ ਜਹਾਜ਼ ਲੱਦ ਕੇ ਪ੍ਰਦੇਸ ਗਿਆ। ਪਿਛੋਂ ਉਸ ਦੀ ਪਤਨੀ ਜੀਵੀ ਨੂੰ ਪੈਸਿਆਂ ਦੀ ਸਖ਼ਤ ਲੋੜ ਪੈ ਗਈ। ਜੀਵੀ ਨੇ ਪਿੰਡ ਦੇ ਸ਼ਾਹੂਕਾਰ ਦਾਨੇ ਤੋਂ ਦੋ ਮੁਹਰਾਂ ਉਧਾਰੀਆਂ ਮੰਗ ਲਿਆਂਦੀਆਂ ਕਿ ਜਦੋਂ ਉਸ ਦਾ ਪਤੀ ਪ੍ਰਦੇਸ ਤੋਂ ਵਾਪਸ ਪਰਤ ਆਵੇਗਾ ਤਾਂ ਉਹ ਦੋ ਮੁਹਰਾਂ ਉਸੇ ਵੇਲੇ ਮੋੜ ਜਾਵੇਗੀ।

ਕੁਝ ਮਹੀਨਿਆਂ ਮਗਰੋਂ ਜੀਵੀ ਦਾ ਪਤੀ ਪ੍ਰਦੇਸੋਂ ਵਾਪਸ ਆ ਗਿਆ। ਸੌਦਾਗਰ ਨੇ ਮੁਹਰਾਂ ਦੀਆਂ ਥੈਲੀਆਂ ਅਤੇ ਹੋਰ ਸਾਮਾਨ ਸੰਭਾਲ ਕੇ ਘਰ ਦੇ ਅੰਦਰਲੇ ਕੋਠੇ ਵਿਚ ਰਖ ਦਿਤਾ। ਸੌਦਾਗਰ ਅਜੇ ਸੁੱਤਾ ਹੀ ਪਿਆ ਸੀ ਕਿ ਉਸ ਦੀ ਪਤਨੀ ਨੇ ਮੁਹਰਾਂ ਵਾਲੀ ਇਕ ਥੈਲੀ ਖੋਲ੍ਹੀ ਅਤੇ ਉਸ ਵਿਚੋਂ ਦੋ ਮੁਹਰਾਂ ਕਢ ਕੇ ਸ਼ਾਹੂਕਾਰ ਨੂੰ ਦੇਣ ਤੁਰ ਪਈ। ਜੀਵੀ ਆਪਣੇ ਬਚਨ ਦੀ ਲਾਜ ਪਾਲਣਾ ਚਾਹੁੰਦੀ ਸੀ, ਕਿਉਂ ਜੋ ਉਸ ਨੇ ਸ਼ਾਹੂਕਾਰ ਨੂੰ ਭਰੋਸਾ ਦਿਵਾਇਆ ਸੀ ਕਿ ਉਹ ਸੌਦਾਗਰ ਦੇ ਵਾਪਸ ਆਉਂਦੇ ਸਾਰ ਮੁਹਰਾਂ ਵਾਪਸ ਕਰ ਜਾਵੇਗੀ।

ਜਦੋਂ ਜੀਵੀ ਸ਼ਾਹੂਕਾਰ ਦੀ ਦੁਕਾਨ ਉਤੇ ਪਹੁੰਚੀ ਤਾਂ ਉਥੇ ਨਾ ਸ਼ਾਹੂਕਾਰ ਸੀ

ਅਤੇ ਨਾ ਹੀ ਕੋਈ ਨੌਕਰ-ਚਾਕਰ, ਦੁਕਾਨ ਖ਼ਾਲੀ ਪਈ ਸੀ। ਸ਼ਾਇਦ ਦਾਨਾ ਅੰਦਰ ਪੂਜਾ ਪਾਠ ਵਿਚ ਰੁਝਿਆ ਹੋਇਆ ਸੀ। ਦੁਕਾਨ ਵਿਚ ਆਸਨ ਉਤੇ ਦਰੀ ਵਿਛੀ ਹੋਈ ਸੀ। ਜੀਵੀ ਨੇ ਦੋਵੇਂ ਮੁਹਰਾਂ ਉਸ ਦਰੀ ਦੇ ਹੇਠਾਂ ਰਖ ਦਿਤੀਆਂ ਅਤੇ ਆਪਣੇ ਆਪ ਨੂੰ ਸੁਰਖਰੂ ਸਮਝ ਕੇ ਪਰਤ ਆਈ। ਜੀਵੀ ਘਰ ਆ ਕੇ ਕੰਮ ਧੰਦੇ ਵਿਚ ਰੁਝ ਗਈ ਅਤੇ ਉਹ ਇਹ ਗੱਲ ਖ਼ਾਵੰਦ ਨੂੰ ਦਸਣੀ ਭੁੱਲ ਗਈ ਕਿ ਉਸ ਨੇ ਥੈਲੀ ਵਿਚੋਂ ਦੋ ਮੁਹਰਾਂ ਕੱਢੀਆਂ ਸਨ।

ਸਵੇਰੇ ਜਦੋਂ ਸੌਦਾਗਰ ਜਾਗਿਆ ਤਾਂ ਉਹ ਆਪਣੀਆਂ ਮੁਹਰਾਂ ਦੀ ਥੈਲੀ ਚੁਕ ਕੇ ਬਾਜ਼ਾਰ ਵਿਚ ਲੈਣ-ਦੇਣ ਕਰਨ ਤੁਰ ਪਿਆ। ਸੌਦਾਗਰ ਸਭ ਤੋਂ ਪਹਿਲਾਂ ਦਾਨੇ ਸ਼ਾਹੂਕਾਰ ਦੀ ਦੁਕਾਨ ਉਤੇ ਗਿਆ, ਕਿਉਂ ਜੋ ਉਸ ਦੀ ਈਮਾਨਦਾਰੀ ਦੀ ਬੜੀ ਸਾਖ ਸੀ। ਲੋਕੀਂ ਦਾਨੇ ਦੀ ਦਿਆਨਤਦਾਰੀ ਦੀ ਤਾਰੀਫ਼ ਕਰਦੇ ਥੱਕਦੇ ਨਹੀਂ ਸਨ।

ਸੌਦਾਗਰ ਨੇ ਸ਼ਾਹੂਕਾਰ ਨੂੰ ਮੁਹਰਾਂ ਦੀ ਥੈਲੀ ਦਿਤੀ, ਪਰ ਸੌਦਾ ਨਾ ਬਣਿਆ। ਉੱਠਣ ਲੱਗਿਆਂ ਸੌਦਾਗਰ ਨੇ ਥੈਲੀ ਗਿਣੀ ਤਾਂ ਵਿਚੋਂ ਦੋ ਮੁਹਰਾਂ ਘਟ ਨਿਕਲੀਆਂ। ਉਸ ਨੇ ਦਾਨੇ ਸ਼ਾਹੂਕਾਰ ਦੀ ਨੀਅਤ ਉਤੇ ਸ਼ੱਕ ਕੀਤਾ। ਦਾਨੇ ਸ਼ਾਹੂਕਾਰ ਨੇ ਇਸ ਵਿਚ ਆਪਣੀ ਹੇਠੀ ਸਮਝੀ। ਦੋਹਾਂ ਵਿਚ ਝਗੜਾ ਹੋ ਗਿਆ। ਆਸ ਪਾਸ ਦੀਆਂ ਦੁਕਾਨਾਂ ਵਿਚੋਂ ਹੋਰ ਲੋਕ ਵੀ ਉਠ ਕੇ ਆ ਗਏ। ਲੜਦਿਆਂ ਝਗੜਦਿਆਂ ਆਸਨ ਵਾਲੀ ਦਰੀ ਦਾ ਪਾਸਾ ਪੁੱਠਾ ਹੋ ਗਿਆ ਅਤੇ ਹੇਠੋਂ ਦੋਵੇਂ ਮੁਹਰਾਂ ਨਿਕਲ ਆਈਆਂ। ਸੌਦਾਗਰ ਨੇ ਲੋਕਾਂ ਨੂੰ ਸੱਦ ਕੇ ਕਿਹਾ, "ਵੇਖਿਆ ਜੇ, ਇਸ ਬਗਲੇ ਭਗਤ ਦੀ ਕਰਤੂਤ, ਉਪਰੋਂ ਸਾਧ ਬਣਿਆ ਹੋਇਆ ਏ ਤੇ ਵਿਚੋਂ ਨਿਰਾ ਠੱਗ।" ਲੋਕਾਂ ਨੇ ਜਦੋਂ ਦਾਨੇ ਦੀ ਦਰੀ ਹੇਠਾਂ ਮੁਹਰਾਂ ਪਈਆਂ ਵੇਖੀਆਂ, ਤਾਂ ਉਨ੍ਹਾਂ ਨੇ ਵੀ ਸੌਦਾਗਰ ਦੀ ਹਾਂ ਨਾਲ ਹਾਂ ਮਿਲਾਂਦਿਆਂ ਦਾਨੇ ਨੂੰ ਬੁਰਾ ਭਲਾ ਕਿਹਾ। ਇਹ ਖ਼ਬਰ ਸਾਰੇ ਪਿੰਡ ਵਿਚ ਪਲੋ ਪਲੀ ਵਿਚ ਫੈਲ ਗਈ ਅਤੇ ਪਿੰਡ ਦੇ ਸਾਰੇ ਲੋਕ ਦਾਨੇ ਸ਼ਾਹੂਕਾਰ ਦੀ ਨਿੰਦਿਆ ਕਰਨ ਲੱਗੇ।

ਜਦੋਂ ਇਹ ਗੱਲ ਸੌਦਾਗਰ ਦੀ ਪਤਨੀ ਜੀਵੀ ਨੇ ਸੁਣੀ ਤਾਂ ਉਹ ਦੌੜਦੀ ਹੋਈ ਦਾਨੇ ਸ਼ਾਹੂਕਾਰ ਦੀ ਦੁਕਾਨ ਉਤੇ ਗਈ ਅਤੇ ਲੋਕਾਂ ਨੂੰ ਅਸਲੀ ਗੱਲ ਦਸਦਿਆਂ ਕਿਹਾ ਕਿ ਉਸੇ ਨੇ ਹੀ ਸਵੇਰੇ ਥੈਲੀ ਵਿਚੋਂ ਦੋਵੇਂ ਮੁਹਰਾਂ ਕੱਢ ਕੇ ਉਥੇ ਦਰੀ ਹੇਠ ਰਖੀਆਂ ਸਨ। ਫਿਰ ਜੀਵੀ ਨੇ ਲੋਕਾਂ ਨੂੰ ਸਾਰੀ ਗੱਲ ਵੇਰਵੇ ਨਾਲ ਸੁਣਾਈ। ਜੀਵੀ ਨੇ ਸਾਰਾ ਕਸੂਰ ਆਪਣੇ ਸਿਰ ਲਿਆ ਅਤੇ ਉਸ ਨੇ ਸ਼ਾਹੂਕਾਰ ਤੋਂ ਮਾਫ਼ੀ ਮੰਗੀ। ਸੌਦਾਗਰ ਵੀ ਬੜਾ ਸ਼ਰਮਿੰਦਾ ਹੋਇਆ।

ਜਦੋਂ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਜੀਵੀ ਸ਼ਾਹੂਕਾਰ ਦਾ ਕਰਜ਼ਾ ਉਤਾਰਨ ਲਈ ਦੋ ਮੁਹਰਾਂ ਉਥੇ ਰਖ ਗਈ ਸੀ ਤਾਂ ਲੋਕੀਂ ਫਿਰ ਸ਼ਾਹੂਕਾਰ ਦੀ ਈਮਾਨਦਾਰੀ ਦੀ ਪ੍ਰਸ਼ੰਸਾ ਕਰਨ ਲੱਗੇ ਅਤੇ ਸੌਦਾਗਰ ਨੂੰ ਬੁਰਾ ਭਲਾ ਕਹਿਣ ਲੱਗੇ, ਜਿਸ ਨੇ ਇਤਨੇ ਸਾਊ ਪੁਰਸ਼ ਦੀ ਨੀਅਤ ਉਤੇ ਸ਼ੱਕ ਕੀਤਾ ਸੀ।

ਜਦੋਂ ਸ਼ਾਹੂਕਾਰ ਉਠ ਕੇ ਘਰ ਜਾਣ ਲੱਗਾ ਤਾਂ ਉਸ ਨੇ ਦੋ ਮੁੱਠਾਂ ਸਵਾਹ ਦੀਆਂ ਭਰੀਆਂ; ਉਸ ਨੇ ਇਕ ਮੁੱਠੀ ਖੱਬੇ ਪਾਸੇ ਵਲ ਸੁੱਟੀ ਤੇ ਦੂਜੀ ਸੱਜੇ ਪਾਸੇ ਵਲ। ਸੌਦਾਗਰ ਦੀ ਪਤਨੀ ਅਜੇ ਉਥੇ ਹੀ ਖੜੀ ਸੀ। ਉਸ ਨੇ ਸ਼ਾਹੂਕਾਰ ਤੋਂ ਪੁਛਿਆ, "ਤੁਸੀਂ ਇਹ

ਕੀ ਕੀਤਾ ਏ ?" ਅੱਗੋਂ ਸ਼ਾਹੂਕਾਰ ਨੇ ਹੱਸ ਕੇ ਕਿਹਾ, "ਇਹ ਸਵਾਹ ਦੀ ਮੁੱਠ ਮੈਂ ਨਿੰਦਿਆ ਕਰਨ ਵਾਲਿਆਂ ਉਤੇ ਸੁੱਟੀ ਏ ਅਤੇ ਦੂਜੀ ਪ੍ਰਸੰਸਾ ਕਰਨ ਵਾਲਿਆਂ ਉਤੇ, ਦੋਹਾਂ ਦਾ ਕੋਈ ਧਰਮ-ਈਮਾਨ ਨਹੀਂ।"

ਛੰਭ ਦਾ ਇਨਸਾਫ਼

ਇਕ ਪਿੰਡ ਵਿਚ ਇਕੋ ਵਿਹੜੇ ਦੇ ਦੋ ਘਰਾਂ ਵਿਚ ਦਰਾਣੀ ਜਿਠਾਣੀ ਰਹਿੰਦੀਆਂ ਸਨ। ਦਰਾਣੀ ਕੋਲ ਬਕਰੀ ਸੀ ਅਤੇ ਜਿਠਾਣੀ ਕੋਲ ਮੱਝ। ਦਰਾਣੀ ਬੜੀ ਸੁਚੱਜੀ, ਸੰਜੂੜੀ ਅਤੇ ਸਲੀਕੇ ਵਾਲੀ ਔਰਤ ਸੀ। ਉਸ ਨੇ ਬਕਰੀ ਦੇ ਦੁੱਧ ਨੂੰ ਸੰਜਮ ਤੇ ਜੁਗਤ ਨਾਲ ਵਰਤ ਕੇ ਵੀਹ ਕੁ ਸੇਰ ਮੱਖਣ ਜੋੜ ਲਿਆ। ਇਸ ਦੇ ਉਲਟ ਜਿਠਾਣੀ ਲਾਪਰਵਾਹ ਸੀ। ਦੁੱਧ ਦਹੀਂ ਦੀ ਸੰਭਾਲ ਵਲ ਧਿਆਨ ਨਹੀਂ ਸੀ ਦਿੰਦੀ। ਕਦੇ ਉਸ ਦਾ ਦੁੱਧ ਡੁਲ੍ਹ ਜਾਂਦਾ, ਕਦੇ ਫਿਟ ਜਾਂਦਾ, ਕਦੇ ਬਿੱਲੀ ਪੀ ਜਾਂਦੀ। ਜਿਹੜਾ ਥੋੜਾ ਬਹੁਤਾ ਦੁੱਧ ਰਿੜ੍ਹਕ ਕੇ ਉਹ ਮੱਖਣੀ ਕਢਦੀ, ਉਸ ਨੂੰ ਵੀ ਬੱਚੇ ਜ਼ਾਇਆ ਕਰ ਦਿੰਦੇ। ਇਸ ਲਈ ਨਾ ਉਸ ਦੇ ਘਰ ਕਦੀ ਦੁੱਧ ਬਚਦਾ ਤੇ ਨਾ ਹੀ ਮੱਖਣ।

ਇਕ ਵੇਰ ਜਿਠਾਣੀ ਆਪਣੀ ਦਰਾਣੀ ਦੀ ਰਸੋਈ ਵਿਚ ਗਈ। ਰੱਬ ਸਬਬੋਂ ਦਰਾਣੀ ਉਦੋਂ ਅੰਦਰ ਨਹੀਂ ਸੀ। ਜਿਠਾਣੀ ਨੇ ਉਸ ਦੀ ਰਸੋਈ ਵਿਚ ਢੇਰ ਸਾਰਾ ਮੱਖਣ ਵੇਖਿਆ ਤਾਂ ਉਹ ਹੱਕੀ-ਬੱਕੀ ਰਹਿ ਗਈ। ਜਿਠਾਣੀ ਤੋਂ ਇਹ ਜਰਿਆ ਨਾ ਗਿਆ ਅਤੇ ਉਹ ਪੋਲੇ ਪੈਰੀਂ ਮੱਖਣ ਚੁਕ ਕੇ ਘਰ ਵਾਪਸ ਆ ਗਈ।

ਜਦੋਂ ਦਰਾਣੀ ਘਰ ਆਈ ਤਾਂ ਰਸੋਈ ਵਿਚ ਮੱਖਣ ਨਾ ਵੇਖ ਕੇ ਉਸ ਦੇ ਹੋਸ਼ ਉੱਡ ਗਏ। ਉਹ ਦੌੜਦੀ ਹੋਈ ਜਿਠਾਣੀ ਦੇ ਘਰ ਗਈ। ਉਥੇ ਰਸੋਈ ਵਿਚ ਆਪਣਾ ਮੱਖਣ ਪਿਆ ਵੇਖ ਜਿਠਾਣੀ ਨਾਲ ਲੜਨ ਲੱਗੀ। ਦੋਹਾਂ ਨੂੰ ਲੜਦਿਆਂ ਵੇਖ ਗਲੀ ਮਹੱਲੇ ਦੇ ਲੋਕ ਇਕੱਠੇ ਹੋ ਗਏ। ਦਰਾਣੀ ਨੇ ਕਿਹਾ ਕਿ ਜਿਠਾਣੀ ਮੇਰੇ ਘਰੋਂ ਵੀਹ ਸੇਰ ਮੱਖਣ ਚੁਰਾ ਕੇ ਲੈ ਆਈ ਹੈ। ਜਿਠਾਣੀ ਨੇ ਅੱਗੋਂ ਕਿਹਾ ਕਿ ਇਹ ਮੱਖਣ ਤਾਂ ਉਸ ਦੀ ਆਪਣੀ ਮੱਝ ਦਾ ਕਢਿਆ ਹੋਇਆ ਹੈ, ਦਰਾਣੀ ਤਾਂ ਝੂਠ ਬੋਲਦੀ ਹੈ। ਦਰਾਣੀ ਭਾਵੇਂ ਸੱਚੀ ਸੀ, ਪਰ ਉਸ ਦੀ ਗੱਲ ਕੋਈ ਵੀ ਨਹੀਂ ਸੀ ਮੰਨਦਾ। ਸਾਰੇ ਲੋਕੀਂ ਇਹੋ ਕਹਿਣ ਕਿ ਮੱਝ ਰਖਣ ਵਾਲੀ ਔਰਤ ਬਕਰੀ ਰਖਣ ਵਾਲੀ ਔਰਤ ਦੇ ਘਰੋਂ ਮੱਖਣ ਕਿਵੇਂ ਚੁਰਾ ਸਕਦੀ ਹੈ। ਫਿਰ ਬਕਰੀ ਦੇ ਦੁੱਧ ਤੋਂ ਇਤਨਾ ਸਾਰਾ ਮੱਖਣ ਜੁੜ ਕਿਵੇਂ ਸਕਦਾ ਹੈ। ਇਹ ਮੱਖਣ ਤਾਂ ਮੱਝ ਵਾਲੀ ਦਾ ਹੀ ਜੋੜਿਆ ਹੋਇਆ ਹੈ। ਮਜਬੂਰ ਹੋ ਕੇ ਦਰਾਣੀ ਪਿੰਡ ਦੇ ਚੌਧਰੀ ਕੋਲ ਗਈ। ਪਰ ਉਸ ਨੇ ਵੀ ਕੰਨ ਨਾ ਧਰਿਆ ਅਤੇ ਹੱਸ ਕੇ ਗੱਲ ਟਾਲ ਦਿਤੀ।

ਉਨ੍ਹੀਂ ਦਿਨੀਂ ਦੀਵਾਨ ਕੌੜਾ ਮਲ ਆਪਣੇ ਇਕ ਦੌਰੇ ਦੇ ਦੌਰਾਨ ਉਸ ਪਿੰਡ

ਦੇ ਨੇੜੇ ਡੇਰੇ ਲਾਈ ਬੈਠੇ ਸਨ। ਕਿਉਂ ਜੋ ਦਰਾਣੀ ਸੱਚੀ ਸੀ, ਇਸ ਲਈ ਉਸ ਦੇ ਮਨ ਨੂੰ ਅੱਗ ਲੱਗੀ ਹੋਈ ਸੀ। ਉਹ ਇਨਸਾਫ਼ ਕਰਾਉਣ ਲਈ ਦੀਵਾਨ ਸਾਹਿਬ ਦੇ ਪਾਸ ਗਈ। ਦੀਵਾਨ ਕੌੜਾ ਮਲ ਨੇ ਜਿਠਾਣੀ ਨੂੰ ਵੀ ਬੁਲਾ ਭੇਜਿਆ।

ਡੇਰੇ ਦੇ ਸਾਹਮਣੇ ਇਕ ਵਡਾ ਸਾਰਾ ਛਪੜ ਸੀ, ਜਿਸ ਵਿਚ ਕੁਝ ਕੰਵਲ ਫੁੱਲ ਉਗੇ ਹੋਏ ਸਨ। ਦੀਵਾਨ ਨੇ ਦਰਾਣੀ ਜਿਠਾਣੀ ਦੋਹਾਂ ਨੂੰ ਕਿਹਾ ਕਿ ਉਹ ਸਾਹਮਣੇ ਛੰਬ ਵਿਚੋਂ ਕੰਵਲ ਦੇ ਦੋ ਦੋ ਫੁੱਲ ਤੋੜ ਕੇ ਸਿਧੀਆਂ ਇਥੇ ਆ ਜਾਣ। ਦੋਵੇਂ ਦੋ ਦੋ ਫੁੱਲ ਤੋੜ ਲਿਆਈਆਂ। ਫਿਰ ਦੀਵਾਨ ਨੇ ਉਹਨਾਂ ਦੋਹਾਂ ਨੂੰ ਪਾਣੀ ਨਾਲ ਭਰਿਆ ਇਕ ਇਕ ਲੋਟਾ ਦਿਤਾ ਅਤੇ ਕਿਹਾ ਕਿ ਉਹ ਆਪੋ ਆਪਣੇ ਹੱਥ ਪੈਰ ਧੋ ਲੈਣ। ਦੋਹਾਂ ਨੇ ਆਪੋ ਆਪਣੇ ਲੋਟੇ ਦੇ ਪਾਣੀ ਨਾਲ ਹੱਥ ਪੈਰ ਧੋ ਲਏ। ਦੀਵਾਨ ਨੇ ਦੋਹਾਂ ਔਰਤਾਂ ਦੇ ਪੈਰਾਂ ਨੂੰ ਧਿਆਨ ਨਾਲ ਵੇਖਿਆ। ਦਰਾਣੀ ਦੇ ਪੈਰ ਬਿਲਕੁਲ ਸਾਫ਼ ਸੁਥਰੇ ਸਨ ਅਤੇ ਉਸ ਦੇ ਲੋਟੇ ਵਿਚ ਹਾਲੇ ਕੁਝ ਪਾਣੀ ਬਚਿਆ ਹੋਇਆ ਸੀ। ਇਸ ਦੇ ਉਲਟ ਜਿਠਾਣੀ ਦੇ ਪੈਰਾਂ ਉਤੇ ਕਾਫ਼ੀ ਸਾਰਾ ਚਿੱਕੜ ਥਪਿਆ ਹੋਇਆ ਸੀ ਅਤੇ ਲੋਟੇ ਵਿਚਲਾ ਪਾਣੀ ਸਾਰਾ ਹੀ ਮੁੱਕ ਚੁਕਾ ਸੀ।

ਇਹ ਵੇਖ ਦੀਵਾਨ ਕੌੜਾ ਮਲ ਨੇ ਅਨੁਮਾਨ ਲਗਾ ਲਿਆ ਕਿ ਦਰਾਣੀ ਸੰਜੂੜੀ ਹੈ ਤੇ ਜਿਠਾਣੀ ਸੰਜਮ ਤੇ ਜੁਗਤ ਤੋਂ ਸਖਣੀ। ਦੀਵਾਨ ਨੇ ਸਾਰੀ ਗੱਲ ਸੋਚ-ਵਿਚਾਰ ਕੇ ਫ਼ੈਸਲਾ ਦਿਤਾ ਕਿ ਮੱਖਣ ਦਰਾਣੀ ਦਾ ਹੀ ਹੈ, ਜਿਸ ਨੇ ਬਕਰੀ ਪਾਲੀ ਹੋਈ ਹੈ। ਮੱਝ ਰਖਣ ਵਾਲੀ ਜਿਠਾਣੀ ਝੂਠੀ ਤੇ ਫਰੇਬਣ ਹੈ, ਇਸ ਲਈ ਉਸ ਨੂੰ ਦੰਡ ਦਿਤਾ ਜਾਣਾ ਚਾਹੀਦਾ ਹੈ।

ਕੌੜਾ ਮਲ ਦੇ ਇਸ ਫ਼ੈਸਲੇ ਉਤੇ ਲੋਕ ਬੜੇ ਹੈਰਾਨ ਹੋਏ। ਮਹੱਲੇ ਦੇ ਕੁਝ ਲੋਕ ਪਹਿਲਾਂ ਹੀ ਜਾਣਦੇ ਸਨ ਕਿ ਬਕਰੀ ਵਾਲੀ ਦਰਾਣੀ ਸੱਚੀ ਸੀ, ਪਰ ਉਹ ਜਿਠਾਣੀ ਦੇ ਲੜਾਕੇ ਸੁਭਾਅ ਤੋਂ ਡਰਦੇ ਬੋਲੇ ਨਹੀਂ ਸਨ।

ਮਾਇਆ ਦੇ ਰੂਪ

ਇਕ ਵਾਰ ਇਕ ਧਨੀ ਸੌਦਾਗਰ ਜਹਾਜ਼ ਲਦ ਕੇ ਕਿਸੇ ਦੂਜੇ ਦੇਸ਼ ਗਿਆ। ਉਥੇ ਉਸ ਨੇ ਮਾਲ ਵੇਚ ਕੇ ਢੇਰ ਸਾਰਾ ਹੋਰ ਮਾਲ ਖ਼ਰੀਦਿਆ। ਅਚਾਨਕ ਉਸ ਕੋਲ ਪੈਸੇ ਮੁੱਕ ਗਏ। ਜਦੋਂ ਸੌਦਾਗਰ ਨੂੰ ਰੁਪਏ ਦੀ ਸਖ਼ਤ ਲੋੜ ਪਈ ਤਾਂ ਉਸ ਨੇ ਇਕ ਹਟਵਾਣੀਏ ਤੋਂ ਕਿਸੇ ਸ਼ਾਹੂਕਾਰ ਦਾ ਟਿਕਾਣਾ ਪੁਛਿਆ। ਸਾਹਮਣੇ ਮੈਦਾਨ ਵਿਚ ਇਕ ਘਾਹੀ ਘਾਹ ਕੱਟ ਰਿਹਾ ਸੀ। ਹਟਵਾਣੀਏਂ ਨੇ ਉਸ ਵਲ ਇਸ਼ਾਰਾ ਕਰਦਿਆਂ ਕਿਹਾ, "ਵੇਖ, ਉਹ ਸਾਹਮਣੇ ਜਿਹੜਾ ਭਾਈ ਘਾਹ ਕੱਟ ਰਿਹਾ ਏ, ਉਹੋ ਹੀ ਇਥੋਂ ਦਾ ਸ਼ਾਹੂਕਾਰ ਏ, ਉਸੇ ਨੂੰ ਫੜ ਲੈ, ਤੇਰਾ ਕਲਿਆਣ ਹੋ ਜਾਵੇਗਾ।"

ਸੌਦਾਗਰ ਨੇ ਸਮਝਿਆ ਕਿ ਹਟਵਾਣੀਏਂ ਨੇ ਉਸ ਨਾਲ ਮਜ਼ਾਕ ਕੀਤਾ ਹੈ। ਇਸ ਲਈ ਉਹ ਸ਼ਰਮਸਾਰ ਹੋ ਕੇ ਅਗਲੀ ਦੁਕਾਨ ਤੋਂ ਸ਼ਾਹੂਕਾਰ ਬਾਰੇ ਪੁੱਛਣ ਲੱਗਾ। ਦੂਜੇ ਹਟਵਾਣੀਏਂ ਨੇ ਵੀ ਉਸੇ ਘਾਹੀ ਵਲ ਇਸ਼ਾਰਾ ਕਰਦਿਆਂ ਸੌਦਾਗਰ ਨੂੰ ਕਿਹਾ, "ਵੇਖੋ, ਉਹ ਫਟੇ ਪੁਰਾਣੇ ਕਪੜਿਆਂ ਵਾਲਾ ਘਾਹੀ ਹੀ ਇਥੋਂ ਦਾ ਸ਼ਾਹੂਕਾਰ ਏ, ਉਹੋ ਹੀ ਤੁਹਾਡਾ ਕੰਮ ਸਾਰ ਸਕਦਾ ਏ।"

ਸੌਦਾਗਰ ਦਾ ਮਨ ਦੁਚਿੱਤੀ ਵਿਚ ਪੈ ਗਿਆ,. ਉਸ ਦਾ ਮਨ ਮੰਨੇ ਨਾ ਕਿ ਇਕ ਮੈਲੇ ਕੁਚੈਲੇ ਕਪੜਿਆਂ ਵਾਲਾ ਘਾਹੀ ਸ਼ਾਹੂਕਾਰ ਹੋ ਸਕਦਾ ਹੈ। ਪਰ ਦਿਲ ਵਿਚ ਸੋਚਣ ਲੱਗਾ, ਪੁੱਛਣ ਵਿਚ ਕੀ ਹਰਜ ਹੈ। ਸੋ, ਸੌਦਾਗਰ ਘਾਹੀ ਦੇ ਕੋਲ ਜਾ ਕੇ ਝਕਦਿਆਂ ਹੋਇਆਂ ਆਖਣ ਲੱਗਾ, "ਸ਼ਾਹੂਕਾਰਾ ! ਕੁਝ ਪੈਸੇ ਚਾਹੀਦੇ ਨ।"

ਘਾਹੀ ਨੇ ਤੋਲਵੀਂ ਨਜ਼ਰ ਨਾਲ ਸੌਦਾਗਰ ਨੂੰ ਸਿਰ ਤੋਂ ਪੈਰਾਂ ਤਕ ਵੇਖਿਆ ਤੇ ਫਿਰ ਮੁਸਕਰਾ ਕੇ ਆਖਣ ਲੱਗਾ, "ਕਿਤਨੇ ਕੁ ਰੁਪੀਏ ਚਾਹੀਦੇ ਨੇ, ਤੂੰ ਤਾਂ ਵੱਡਾ ਸੌਦਾਗਰ ਏਂ, ਤੈਨੂੰ ਕਾਹਦੀ ਲੋੜ ਆ ਪਈ ਏ।"

"ਪੂਰਾ ਹਜ਼ਾਰ ਰੁਪਿਆ ਚਾਹੀਦੈ, ਅਗਲੇ ਫੇਰੇ ਮੋੜ ਦੇਵਾਂਗਾ, ਮੈਂ ਛੇਆਂ ਮਹੀਨਿਆਂ ਮਗਰੋਂ ਫਿਰ ਇਥੇ ਆਉਣੈ। ਜੇ ਕਹੇਂ ਤਾਂ ਕੋਈ ਚੀਜ਼ ਵਸਤੂ ਜ਼ਾਮਨੀ ਰਖ ਜਾਵਾਂ।" ਸੌਦਾਗਰ ਨੇ ਉੱਤਰ ਦਿਤਾ।

"ਨਹੀਂ, ਜ਼ਾਮਨੀ ਦੀ ਕੋਈ ਲੋੜ ਨਹੀਂ, ਮੈਂ ਤੈਨੂੰ ਜਾਣਦਾ ਹਾਂ। ਤੇਰੀ ਬੜੀ ਸਾਖ ਏ। ਨਾਲੇ ਇਹ ਕਿਹੜੀ ਵੱਡੀ ਰਕਮ ਏ। ਚਲ ਮੇਰੇ ਨਾਲ।" ਘਾਹੀ ਨੇ ਉੱਤਰ ਦਿਤਾ। ਫਿਰ ਉਹ ਸੌਦਾਗਰ ਨੂੰ ਨਾਲ ਲੈ ਕੇ ਆਪਣੇ ਘਰ ਵਲ ਤੁਰ ਪਿਆ।

ਘਾਹੀ ਨੇ ਆਪਣੇ ਘਰ ਦੇ ਕੋਨੇ ਦੀ ਇਕ ਨੁੱਕਰ ਪੁੱਟੀ, ਹੇਠੋਂ ਇਕ ਵੱਡਾ ਸਾਰਾ ਸੰਦੂਕ ਨਿਕਲਿਆ, ਜੋ ਰੁਪਿਆਂ ਤੇ ਅਸ਼ਰਫ਼ੀਆਂ ਨਾਲ ਭਰਿਆ ਪਿਆ ਸੀ। ਵੰਨ ਸੁਵੰਨੇ ਸਿੱਕੇ ਸਨ, ਕੋਈ ਕਿਸੇ ਮੁਲਕ ਦੇ, ਕੋਈ ਕਿਸੇ ਦੇ।

"ਕਿਉਂ ਬਈ ਕਿਹੜੇ ਮੁਲਕ ਦਾ ਸਿੱਕਾ ਚਾਹੀਦਾ ਏ ?" ਘਾਹੀ ਨੇ ਪੁਛਿਆ।

ਸੌਦਾਗਰ ਮੁਹਰਾਂ ਤੇ ਅਸ਼ਰਫੀਆਂ ਨਾਲ ਭਰਿਆ ਸੰਦੂਕ ਵੇਖ ਕੇ ਹੱਕਾ-ਬੱਕਾ ਰਹਿ ਗਿਆ। ਕਦੇ ਉਹ ਘਾਹੀ ਦੇ ਫਟੇ ਕਪੜਿਆਂ ਨੂੰ ਵੇਖਦਾ ਤੇ ਕਦੇ ਚਮਕਦੀਆਂ ਮੁਹਰਾਂ ਵਲ। ਹੈਰਾਨੀ ਵਿਚ ਉਸ ਨੂੰ ਆਪਣੀ ਸੁਧ-ਬੁਧ ਵੀ ਨਾ ਰਹੀ। ਘਾਹੀ ਦੀ ਗੱਲ ਸੁਣ ਕੇ ਉਹ ਚੌਂਕਿਆ ਤੇ ਆਖਣ ਲੱਗਾ, "ਜਿਹੜਾ ਸਿੱਕਾ ਇਥੇ ਚਲਦਾ ਏ, ਉਹੀ ਦੇ ਦਿਓ।"

ਘਾਹੀ ਨੇ ਕੁਝ ਅਸ਼ਰਫ਼ੀਆਂ ਕੱਢੀਆਂ ਤੇ ਥੈਲੀ ਵਿਚ ਪਾ ਕੇ ਸੌਦਾਗਰ ਦੇ ਹਵਾਲੇ ਕੀਤੀਆਂ। ਆਪਣੇ ਵਹੀ-ਖਾਤੇ ਉਪਰ ਰਕਮ ਲਿਖੀ, ਸੌਦਾਗਰ ਦਾ ਅੰਗੂਠਾ ਲਵਾਇਆ ਤੇ ਉਸ ਦਾ ਪਤਾ ਠਿਕਾਣਾ ਲਿਖ ਕੇ ਉਸ ਨੂੰ ਵਿਦਾ ਕੀਤਾ।

ਸਾਲ ਸਮਾਂ ਲੰਘ ਗਿਆ, ਸੌਦਾਗਰ ਨੂੰ ਮੁੜ ਪ੍ਰਦੇਸ ਜਾਣ ਦੀ ਵਿਹਲ ਹੀ ਨਾ ਮਿਲੀ। ਉਹ ਆਪਣੇ ਦੇਸ਼ ਵਿਚ ਹੀ ਰੁਝਿਆ ਰਿਹਾ। ਘਾਹੀ ਨੂੰ ਇਹ ਪਤਾ ਤਾਂ ਸੀ ਕਿ ਉਸ ਸੌਦਾਗਰ ਦੀ ਸਾਖ ਬੜੀ ਹੈ ਅਤੇ ਰੁਪਏ ਰੁੜ੍ਹਦੇ ਨਹੀਂ। ਪਰ ਜਦੋਂ ਸਮਾਂ ਕਾਫ਼ੀ ਲੰਘ ਗਿਆ ਤਾਂ ਘਾਹੀ ਨੇ ਇਕ ਦਿਨ ਸੋਚਿਆ—ਪ੍ਰਦੇਸਾਂ ਵਿਚ ਉਸ ਦੀਆਂ

ਕਈ ਸਾਮੀਆਂ ਤੇ ਗੁਮਾਸ਼ਤੇ ਹਨ। ਕਿਉਂ ਨਾ ਉਹ ਖ਼ੁਦ ਹੀ ਫੇਰਾ ਮਾਰ ਆਵੇ। ਨਾਲੇ ਸੈਰ ਸਪਾਟਾ ਹੋ ਜਾਵੇਗਾ, ਨਾਲੇ ਉਗਰਾਹੀ ਹੋ ਜਾਵੇਗੀ। ਇਸ ਸਫ਼ਰ ਉਤੇ ਜੋ ਖ਼ਰਚਾ ਬੈਠੇਗਾ ਉਹ ਹਿੱਸੇ ਪ੍ਰਤੀ ਸਭਨਾਂ ਤੋਂ ਉਗਰਾਹ ਲਏਗਾ।

ਅਖ਼ੀਰ ਇਕ ਦਿਨ ਘਾਹੀ ਆਪਣੇ ਵਹੀ-ਖਾਤੇ ਚੁੱਕੀ ਘਰੋਂ ਤੁਰ ਪਿਆ। ਕਈ ਦਿਨਾਂ ਦੇ ਲੰਬੇ ਸਫ਼ਰ ਮਗਰੋਂ ਉਹ ਉਸ ਸੌਦਾਗਰ ਦੇ ਸ਼ਹਿਰ ਪੁਜਾ। ਸ਼ਹਿਰ ਵਿਚ ਸਭ ਤੋਂ ਵੱਡੀ ਮਾੜ੍ਹੀ ਸੌਦਾਗਰ ਦੀ ਹੀ ਸੀ, ਜਿਸ ਨੂੰ ਵੇਖ ਕੇ ਉਹ ਹੈਰਾਨ ਰਹਿ ਗਿਆ। ਬਾਹਰ ਵੱਡੇ ਦਰਵਾਜ਼ੇ ਅੱਗੇ ਦਰਬਾਨ ਖੜੇ ਸਨ।

ਜਦੋਂ ਘਾਹੀ ਮਾੜ੍ਹੀ ਦੇ ਅੰਦਰ ਜਾਣ ਲੱਗਾ ਤਾਂ ਦਰਬਾਨਾਂ ਨੇ ਉਸ ਨੂੰ ਰੋਕ ਲਿਆ। ਘਾਹੀ ਨੇ ਕਿਹਾ, "ਮੈਂ ਤੁਹਾਡੇ ਮਾਲਿਕ ਨੂੰ ਮਿਲਣ ਆਇਆਂ ਹਾਂ। ਪ੍ਰਦੇਸਾਂ ਵਿਚ ਉਸ ਨੂੰ ਰੁਪਏ ਪੈਸੇ ਦੀ ਲੋੜ ਪੈ ਗਈ ਸੀ ਤੇ ਮੈਂ ਕੁਝ ਰਕਮ ਉਧਾਰੀ ਦਿਤੀ ਸੀ। ਮੈਂ ਉਹੋ ਰਕਮ ਵਸੂਲ ਕਰਨ ਲਈ ਇਥੇ ਆਇਆ ਹਾਂ।" ਪਰ ਦਰਬਾਨਾਂ ਨੇ ਘਾਹੀ ਦੇ ਸਾਧਾਰਨ ਜਿਹੇ ਕਪੜੇ ਵੇਖ ਕੇ ਉਸ ਦੀ ਗੱਲ ਉਤੇ ਵਿਸ਼ਵਾਸ ਹੀ ਨਾ ਕੀਤਾ ਤੇ ਇਹੋ ਸਮਝਿਆ ਕਿ ਉਹ ਕੋਈ ਝੱਲਾ ਹੈ, ਜੋ ਮੂੰਹ ਆਉਂਦਾ ਹੈ, ਬਕਦਾ ਜਾ ਰਿਹਾ ਹੈ। ਸੋ ਪਹਿਰੇਦਾਰਾਂ ਨੇ ਧੱਕੇ ਮਾਰ ਕੇ ਘਾਹੀ ਨੂੰ ਮਾੜ੍ਹੀ ਤੋਂ ਦੂਰ ਧੱਕ ਦਿਤਾ। ਘਾਹੀ ਬੜਾ ਪਰੇਸ਼ਾਨ ਹੋਇਆ। ਰਾਤ ਉਸ ਨੇ ਸਰਾਂ ਵਿਚ ਕੱਟੀ। ਸਵੇਰੇ ਫਿਰ ਜਦੋਂ ਉਹ ਮਾੜ੍ਹੀ ਵਲ ਆਇਆ ਤਾਂ ਦਰਬਾਨਾਂ ਨੇ ਉਸ ਦੀ ਬੁਰੀ ਗਤ ਕੀਤੀ।

ਘਾਹੀ, ਕੋਈ ਪੇਸ਼ ਨਾ ਜਾਂਦੀ ਵੇਖ, ਅਗਲੇ ਦਿਨ ਮਾੜ੍ਹੀ ਤੋਂ ਕੁਝ ਫ਼ਾਸਲੇ ਉਤੇ ਜਾ ਬੈਠਾ, ਕਿ ਕਦੇ ਨਾ ਕਦੇ ਸੌਦਾਗਰ ਇਧਰੋਂ ਦੀ ਲੰਘੇਗਾ ਅਤੇ ਉਹ ਉਸ ਨੂੰ ਪਛਾਣ ਲਏਗਾ। ਅਚਾਨਕ ਸੌਦਾਗਰ ਉਸ ਪਾਸੇ ਵਲੋਂ ਲੰਘਿਆ ਤੇ ਉਸ ਨੇ ਘਾਹੀ ਨੂੰ ਝਟ ਪਛਾਣ ਲਿਆ ਤੇ ਕਿਹਾ, "ਸ਼ਾਹੂਕਾਰਾ ! ਤੂੰ ਪ੍ਰਦੇਸਾਂ ਵਿਚ ਮੇਰਾ ਮਾਣ ਰਖਿਆ ਸੀ, ਧੰਨ ਭਾਗ ਜੋ ਤੂੰ ਇਥੇ ਆਇਆ ਏਂ। ਚਲ ਮੇਰੇ ਘਰ ਕੁਝ ਦਿਨ ਰਹਿ।"

ਸੌਦਾਗਰ ਉਸ ਨੂੰ ਆਪਣੀ ਮਾੜ੍ਹੀ ਵਿਚ ਲੈ ਗਿਆ। ਉਸ ਦੀ ਮਾੜ੍ਹੀ ਬੜੀ ਹੀ ਸੁੰਦਰ ਸੀ। ਬੜੇ ਵੱਡੇ ਵੱਡੇ ਤੇ ਖੁਲ੍ਹੇ ਕਮਰੇ ਸਨ, ਸੰਗਮਰਮਰ ਦੀਆਂ ਦੀਵਾਰਾਂ ਦੁੱਧ ਵਾਂਗ ਲਗਦੀਆਂ ਸਨ। ਹੇਠਾਂ ਵੰਨ-ਸੁਵੰਨੇ ਖ਼ੂਬਸੂਰਤ ਗਲੀਚੇ ਵਿਛੇ ਹੋਏ ਸਨ। ਫ਼ਾਨੂਸ ਜਲ ਰਹੇ ਸਨ।

ਸੌਦਾਗਰ ਨੇ ਘਾਹੀ ਨੂੰ ਨਵੀਂ ਪੁਸ਼ਾਕ ਪਹਿਨਣ ਲਈ ਦਿਤੀ ਤੇ ਆਪਣੇ ਮਹਿਮਾਨਾਂ ਵਾਲੇ ਕਮਰੇ ਵਿਚ ਉਸ ਨੂੰ ਰਖਿਆ। ਘਾਹੀ ਸੌਦਾਗਰ ਦੀ ਸ਼ਾਨ-ਸ਼ੌਕਤ ਵੇਖ ਕੇ ਅਸਚਰਜ ਰਹਿ ਗਿਆ। ਦੁਨੀਆਂ ਭਰ ਦੇ ਸੁਖ ਆਰਾਮ ਉਸ ਦੇ ਮਹਿਲ ਵਿਚ ਮੌਜੂਦ ਸਨ। ਛੱਤੀ ਪ੍ਰਕਾਰ ਦੇ ਭੋਜਨ ਉਸ ਦੇ ਅੱਗੇ ਪਰੋਸੇ ਜਾਂਦੇ ਸਨ।

ਘਾਹੀ ਇਹ ਸਭ ਦ੍ਰਿਸ਼ ਵੇਖ ਕੇ ਸੋਚਣ ਲੱਗਾ ਕਿ ਸ਼ਾਇਦ ਸੌਦਾਗਰ ਨੇ ਕੋਈ ਜਿੰਨ-ਭੂਤ ਵਸ ਵਿਚ ਕੀਤਾ ਹੋਇਆ ਹੈ, ਤਾਂ ਹੀ ਇਤਨੇ ਸੁਖ ਆਰਾਮ ਦਾ ਜੀਵਨ ਗੁਜ਼ਾਰ ਰਿਹਾ ਹੈ।

ਘਾਹੀ ਨੇ ਰਾਤ ਨੂੰ ਪਲੰਘ ਉਪਰ ਲੇਟਿਆਂ ਇਕ ਅਨੋਖਾ ਨਜ਼ਾਰਾ ਵੇਖਿਆ।

ਇਕ ਫ਼ਾਨੂਸ ਛੱਤ ਨਾਲ ਲਟਕਿਆ ਹੋਇਆ ਜਲ ਰਿਹਾ ਸੀ, ਅਚਾਨਕ ਉਸ ਉਤੇ ਗਲ੍ਹ ਆ ਗਿਆ। ਘਾਹੀ ਘਬਰਾਇਆ ਕਿ ਇਹ ਗਲ੍ਹ ਝੜ ਕੇ ਕਿਧਰੇ ਹੇਠਾਂ ਨਾ ਡਿਗ ਪਏ। ਹੇਠਾਂ ਤਾਂ ਸਾਰਾ ਰੇਸ਼ਮ ਵਿਛਿਆ ਹੋਇਆ ਸੀ। ਅੱਗ ਲੱਗਦੇ ਸਾਰ ਸਭ ਕੁਝ ਸੜ ਕੇ ਸਵਾਹ ਹੋ ਜਾਵੇਗਾ। ਫਿਰ ਕੀ ਬਣੇਗਾ ? ਕਿਧਰੇ ਇਹ ਕਲੰਕ ਉਸ ਦੇ ਮੱਥੇ ਹੀ ਨਾ ਲੱਗ ਜਾਵੇ। ਅਜੇ ਘਾਹੀ ਸੋਚ ਹੀ ਰਿਹਾ ਸੀ ਕਿ ਗਲ੍ਹ ਹੇਠਾਂ ਡਿਗ ਪਿਆ। ਪਰ ਘਾਹੀ ਨੇ ਵੇਖਿਆ, ਉਸੇ ਵੇਲੇ ਇਕ ਖ਼ੂਬਸੂਰਤ ਮੁਟਿਆਰ ਅਸਮਾਨੋਂ ਉਤਰੀ ਤੇ ਉਸ ਨੇ ਆਪਣਾ ਪੱਲਾ ਅੱਗੇ ਵਧਾ ਕੇ ਉਹ ਗਲ੍ਹ ਝੋਲ ਵਿਚ ਪਵਾ ਲਿਆ ਅਤੇ ਫਿਰ ਅਲੋਪ ਹੋ ਗਈ। ਘਾਹੀ ਨੂੰ ਯਕੀਨ ਹੋ ਗਿਆ ਕਿ ਸੌਦਾਗਰ ਨੇ ਜਿੰਨ ਤੇ ਪਰੀਆਂ ਵਸ ਕੀਤੀਆਂ ਹੋਈਆਂ ਹਨ। ਉਸ ਨੇ ਸੌਦਾਗਰ ਨਾਲ ਇਸ ਬਾਰੇ ਕੋਈ ਗੱਲਬਾਤ ਨਾ ਕੀਤੀ।

ਅਗਲੇ ਦਿਨ ਘਾਹੀ ਸੌਦਾਗਰ ਤੋਂ ਆਪਣੇ ਰੁਪਏ ਲੈ ਕੇ ਵਿਦਾ ਹੋਇਆ। ਰਸਤੇ ਵਿਚ ਘਾਹੀ ਸੋਚਣ ਲੱਗਾ, "ਮੈਂ ਕਿਉਂ ਹੱਥਾਂ ਵਿਚ ਰੰਭੀ ਤੇ ਭੂਰੀ ਫੜੀ ਰੱਖਾਂ, ਮੈਂ ਦੁਨੀਆਂ ਉਤੇ ਭੱਠ ਝੋਕਣ ਲਈ ਥੋੜਾ ਆਇਆ ਹਾਂ, ਕਿਉਂ ਨਾ ਮੈਂ ਵੀ ਮਹਿਲ ਪਵਾ ਕੇ ਸ਼ਾਨ-ਸ਼ੌਕਤ ਨਾਲ ਰਹਾਂ। ਜ਼ਿੰਦਗੀ ਬਾਰ-ਬਾਰ ਥੋੜਾ ਹੀ ਮਿਲਣੀ ਏ।"

ਦੇਸ ਪਹੁੰਚ ਕੇ ਘਾਹੀ ਨੇ ਵੀ ਇਕ ਖ਼ੂਬਸੂਰਤ ਮਹਿਲ ਬਣਵਾਉਣ ਦਾ ਫ਼ੈਸਲਾ ਕੀਤਾ। ਉਸ ਨੇ ਆਪਣੇ ਘਰ ਦੀ ਨੁੱਕਰ ਪੁਟ ਕੇ ਅਸ਼ਰਫੀਆਂ ਵਾਲੀ ਸੰਦੂਕਚੀ ਬਾਹਰ ਕੱਢੀ। ਅੱਜ ਪਹਿਲੀ ਵਾਰ ਉਹ ਆਪਣੀ ਲੋੜ ਲਈ ਅਸ਼ਰਫ਼ੀਆਂ ਕੱਢਣ ਲੱਗਾ। ਜਿਵੇਂ ਹੀ ਉਹ ਸੰਦੂਕਚੀ ਖੋਲ੍ਹਣ ਲੱਗਾ, ਇਕ ਖ਼ੂਬਸੂਰਤ ਮੁਟਿਆਰ ਅਰਸ਼ੋਂ ਉਤਰੀ ਤੇ ਘਾਹੀ ਦਾ ਹੱਥ ਫੜ ਕੇ ਕਹਿਣ ਲੱਗੀ, "ਇਹ ਕੀ ਹਨੇਰ ਕਰਨ ਲੱਗੈਂ, ਇਹ ਧਨ ਤਾਂ ਤੇਰੇ ਕੋਲ ਅਮਾਨਤ ਦੇ ਤੌਰ ਤੇ ਏ। ਤੂੰ ਅਮਾਨਤ ਵਿਚ ਖ਼ਿਆਨਤ ਕਿਉਂ ਕਰਨ ਲੱਗਾ ਏਂ।"

ਘਾਹੀ ਨੇ ਉਸ ਮੁਟਿਆਰ ਵਲ ਵੇਖਿਆ। ਇਹ ਉਹੋ ਹੀ ਪਰੀ ਸੀ, ਜਿਸ ਨੂੰ ਘਾਹੀ ਨੇ ਸੌਦਾਗਰ ਦੇ ਘਰ, ਫ਼ਾਨੂਸ ਦਾ ਗੁਲ ਝੜਨ ਵੇਲੇ, ਗੁਲ ਨੂੰ ਝੋਲੀ ਵਿਚ ਪੁਆਂਦਿਆਂ ਵੇਖਿਆ ਸੀ।

ਘਾਹੀ ਹੈਰਾਨ ਹੋ ਕੇ ਪੁੱਛਣ ਲੱਗਾ, "ਤੂੰ ਕੌਣ ਏਂ ? ਮੈਂ ਤੈਨੂੰ ਅੱਗੇ ਵੀ ਕਿਧਰੇ ਵੇਖਿਆ ਏ।"

ਮੁਟਿਆਰ ਆਖਣ ਲੱਗੀ, "ਮੈਂ ਮਾਇਆ ਹਾਂ, ਮੇਰੇ ਕਈ ਰੂਪ ਨੇ, ਮੈਂ ਕਈ ਸ਼ਕਲਾਂ ਵਿਚ ਲੋਕਾਂ ਕੋਲ ਰਹਿੰਦੀ ਹਾਂ। ਕਿਧਰੇ ਪਤਨੀ ਬਣ ਕੇ, ਕਿਧਰੇ ਧੀ ਬਣ ਕੇ। ਉਸ ਸੌਦਾਗਰ ਦੇ ਘਰ ਮੈਂ ਪਤਨੀ ਬਣ ਕੇ ਰਹਿ ਰਹੀ ਹਾਂ। ਉਸ ਸੌਦਾਗਰ ਦੇ ਘਰ ਦੀ ਰੱਖਿਆ ਕਰਨਾ ਮੇਰਾ ਫ਼ਰਜ਼ ਬਣਦਾ ਏ, ਮੈਂ ਉਹ ਘਰ ਅੱਗ ਲੱਗਣ ਤੋਂ ਬਚਾ ਲਿਆ। ਉਹ ਸੌਦਾਗਰ ਮੈਨੂੰ ਪੂਰੀ ਤਰ੍ਹਾਂ ਭੋਗਦਾ ਏ। ਇਥੇ ਮੈਂ ਤੇਰੇ ਕੋਲ ਧੀ ਬਣ ਕੇ ਆਈ ਹਾਂ, ਇਸ ਲਈ ਤੂੰ ਮੈਨੂੰ ਹੱਥ ਨਹੀਂ ਲਗਾ ਸਕਦਾ, ਧੀ ਨੂੰ ਭੋਗਣਾ ਘੋਰ ਪਾਪ ਏ।"

ਘਾਹੀ ਹੱਕਾ-ਬੱਕਾ ਹੋ ਕੇ ਮੁਟਿਆਰ ਵਲ ਬਿਟ-ਬਿਟ ਵੇਖਦਾ ਰਿਹਾ।

ਇਕ ਕਬਰ ਹਜ਼ਾਰ ਅਠੂਏਂ

ਇਕ ਸਿਪਾਹੀ ਬੜਾ ਘੁਮੰਡੀ, ਨਿਰਦਈ ਅਤੇ ਬਦ-ਮਿਜ਼ਾਜ਼ ਸੀ। ਉਹ ਲੋਕਾਂ ਨੂੰ ਹਮੇਸ਼ਾ ਦੁਖੀ ਕਰਦਾ ਰਹਿੰਦਾ। ਉਸ ਸਿਪਾਹੀ ਦੇ ਦਿਲ ਵਿਚ ਸਾਧਾਂ, ਸੰਤਾਂ ਅਤੇ ਫ਼ਕੀਰਾਂ ਲਈ ਬੜੀ ਨਫ਼ਰਤ ਭਰੀ ਹੋਈ ਸੀ ਅਤੇ ਜਿਥੇ ਕਿਧਰੇ ਉਹ ਕੋਈ ਫ਼ਕੀਰ ਵੇਖ ਲੈਂਦਾ, ਉਸ ਨੂੰ ਪਖੰਡੀ ਤੇ ਠੱਗ ਕਹਿ ਕੇ ਉਸ ਦੀ ਹੇਠੀ ਕਰਦਾ। ਇਕ ਵਾਰ ਉਸ ਸਿੱਪਾਹੀ ਨੂੰ ਘਰ ਜਾਂਦਿਆਂ ਰਾਹ ਵਿਚ ਇਕ ਫ਼ਕੀਰ ਮਿਲ ਗਿਆ। ਸਿਪਾਹੀ ਜਾਣ-ਬੁਝ ਕੇ ਫ਼ਕੀਰ ਦੇ ਨਾਲੋਂ ਘਸਰ ਕੇ ਲੰਘਿਆ। ਫਲਸਰੂਪ ਫ਼ਕੀਰ ਦਾ ਕਚਕੋਲ ਹੇਠਾਂ ਡਿਗ ਕੇ ਟੁੱਟ ਗਿਆ। ਫ਼ਕੀਰ ਨੇ ਸਿਪਾਹੀ ਨੂੰ ਕਿਹਾ, "ਇਤਨੀ ਆਕੜ ਚੰਗੀ ਨਹੀਂ, ਅਖ਼ੀਰ ਰੱਬ ਅੱਗੇ ਜਾਨ ਦੇਣੀ ਏਂ।"

ਫ਼ਕੀਰ ਦਾ ਇਹ ਕਹਿਣਾ ਸੀ ਕਿ ਸਿਪਾਹੀ ਉਸ ਉਤੇ ਗਾਲ੍ਹੀਆਂ ਦੀ ਬੁਛਾੜ ਕਰਦਾ ਹੋਇਆ ਲੱਤਾਂ ਮੁੱਕੇ ਮਾਰਨ ਲੱਗਾ। ਜਦੋਂ ਸਿਪਾਹੀ ਫ਼ਕੀਰ ਨੂੰ ਰੱਜ ਕੇ ਮਾਰ ਚੁਕਿਆ ਤਾਂ ਕਹਿਣ ਲੱਗਾ, "ਉਇ ਮੁਸ਼ਟੰਡੇ, ਜੇ ਫਿਰ ਕਦੀ ਤੈਨੂੰ ਇਧਰ ਵੇਖਿਆ ਜਿਉਂਦਾ ਨਹੀਂ ਛੱਡਾਂਗਾ।"

ਫ਼ਕੀਰ ਨੇ ਅੱਗੋਂ ਧੀਰਜ ਨਾਲ ਕਿਹਾ, "ਜਾਹ, ਰੱਬ ਤੈਨੂੰ ਤਰੱਕੀ ਦੇਵੇ, ਵਧੇਂ ਫੁੱਲੇਂ, ਥਾਣੇਦਾਰ ਬਣੇਂ।" ਇਹ ਅਸੀਸਾਂ ਸੁਣ ਕੇ ਸਿਪਾਹੀ ਹੱਕਾ-ਬੱਕਾ ਰਹਿ ਗਿਆ। ਪਰ ਛੇਤੀ ਹੀ ਸਿਪਾਹੀ ਦੀ ਹੈਰਾਨੀ ਪਰੇਸ਼ਾਨੀ ਵਿਚ ਬਦਲ ਗਈ। ਉਹ ਇਹ ਸੋਚ ਕੇ ਦੁਖੀ ਸੀ ਕਿ ਮੈਂ ਤਾਂ ਫ਼ਕੀਰ ਨੂੰ ਗਾਲ੍ਹੀਆਂ ਦਿਤੀਆਂ, ਮਾਰਿਆ ਅਤੇ ਉਸ ਦਾ ਅਪਮਾਨ ਕੀਤਾ ਹੈ, ਪਰ ਉਸ ਨੇ ਮੈਨੂੰ ਅੱਗੋਂ ਅਸੀਸਾਂ ਕਿਉਂ ਦਿਤੀਆਂ ਹਨ। ਸ਼ਾਇਦ ਇਹ ਕੋਈ ਪਹੁੰਚਿਆ ਹੋਇਆ ਫ਼ਕੀਰ ਹੋਵੇ।

ਰੱਬ ਦੀ ਕਰਨੀ, ਅਗਲੇ ਦਿਨ ਹੀ ਉਸ ਦੀ ਤਰੱਕੀ ਹੋ ਗਈ ਅਤੇ ਉਹ ਥਾਣੇਦਾਰ ਬਣ ਗਿਆ। ਹੁਣ ਉਹ ਆਪਣੇ ਕੀਤੇ ਉਤੇ ਪਸ਼ਚਾਤਾਪ ਕਰਦਾ ਹੋਇਆ ਲੱਗਾ ਉਸ ਫ਼ਕੀਰ ਨੂੰ ਢੂੰਡਣ। ਕਈ ਦਿਨਾਂ ਦੀ ਲੰਬੀ ਭਾਲ ਮਗਰੋਂ ਉਸ ਨੂੰ ਉਹ ਫ਼ਕੀਰ ਜੰਗਲ ਵਿਚ ਮਿਲ ਗਿਆ। ਉਸ ਫ਼ਕੀਰ ਨੂੰ ਥਾਣੇਦਾਰ ਬੜੇ ਆਦਰ ਮਾਣ ਨਾਲ ਘਰ ਲੈ ਆਇਆ। ਥਾਣੇਦਾਰ ਦੀ ਪਤਨੀ ਨੇ ਉਸ ਦੀ ਚੰਗੀ ਆਓ-ਭਗਤ ਕੀਤੀ। ਖਾਣ ਵਾਸਤੇ ਚੰਗਾ-ਚੋਖਾ ਉਸ ਦੇ ਅੱਗੇ ਰਖਿਆ।

ਫ਼ਕੀਰ ਨੇ ਭੋਗ ਵਜੋਂ ਰਤਾ ਕੁ ਕੁਣਕਾ ਹੀ ਮੂੰਹ ਲਾਇਆ। ਜਦੋਂ ਫ਼ਕੀਰ ਜਾਣ ਲੱਗਾ ਤਾਂ ਥਾਣੇਦਾਰ ਨੇ ਅਰਜ਼ ਕੀਤੀ, "ਮਹਾਰਾਜ ! ਜੇ ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਖ਼ਾਦਮ ਹਾਜ਼ਰ ਏ।"

ਫ਼ਕੀਰ, "ਰੱਬ ਦਾ ਦਿਤਾ ਸਭ ਕੁਝ ਏ।"

ਥਾਣੇਦਾਰ, "ਮਹਾਰਾਜ ! ਫਿਰ ਵੀ ਲੋੜਾਂ ਤਾਂ ਮਨੁਖ ਨੂੰ ਪੈਂਦੀਆਂ ਹੀ ਰਹਿੰਦੀਆਂ ਨੇ।"

ਫ਼ਕੀਰ, "ਜੇ ਤੂੰ ਮੈਨੂੰ ਕੁਝ ਦੇਣਾ ਹੀ ਚਾਹੁੰਦਾ ਏਂ ਤਾਂ ਮੈਨੂੰ ਇਕ ਹਜ਼ਾਰ ਅਠੂਏਂ ਲਿਆ ਦੇਹ।"

ਥਾਣੇਦਾਰ ਹੈਰਾਨ ਹੋ ਕੇ ਫ਼ਕੀਰ ਵਲ ਬਿਟ ਬਿਟ ਵੇਖਣ ਲੱਗਾ। ਫ਼ਕੀਰ ਨੇ ਜੇ ਮੰਗਿਆ ਵੀ ਹੈ ਤਾਂ ਅਠੂਏਂ। ਥਾਣੇਦਾਰ ਨੂੰ ਹੈਰਾਨ ਵੇਖ ਕੇ ਫ਼ਕੀਰ ਨੇ ਕਿਹਾ, "ਹਾਂ, ਇਹੋ ਮੇਰੀ ਖ਼ਾਹਿਸ਼ ਏ। ਜੇ ਪੂਰੀ ਕਰ ਸਕੇਂ ?"

ਥਾਣੇਦਾਰ ਸਾਰਾ ਦਿਨ ਅਠੂਏਂ ਇਕੱਠੇ ਕਰਦਾ ਰਹਿੰਦਾ। ਕਈ ਦਿਨਾਂ ਦੀ ਕਰੜੀ ਮਿਹਨਤ ਦੇ ਬਾਵਜੂਦ ਵੀ ਉਹ ਮਸਾਂ ਦਸ-ਪੰਦਰਾਂ ਅਠੂਏਂ ਹੀ ਇਕੱਠੇ ਕਰ ਸਕਿਆ। ਅਖ਼ੀਰ ਥਾਣੇਦਾਰ ਹਾਰ ਕੇ ਫ਼ਕੀਰ ਕੋਲ ਪਹੁੰਚਿਆ ਤੇ ਕਹਿਣ ਲੱਗਾ, "ਸਾਈਂ ਜੀ ! ਮੈਂ ਬੜੀ ਕੋਸ਼ਿਸ਼ ਕੀਤੀ ਏ, ਪਰ ਤੁਹਾਡੀ ਖ਼ਾਹਿਸ਼ ਪੂਰੀ ਨਹੀਂ ਕਰ ਸਕਿਆ। ਇਕ ਹਜ਼ਾਰ ਅਠੂਏਂ ਇਕੱਠੇ ਕਰਨੇ ਮੇਰੇ ਵਸ ਦੀ ਗੱਲ ਨਹੀਂ। ਮੈਨੂੰ ਖਿਮਾ ਕਰੋ। ਕੁਝ ਹੋਰ ਮੰਗੋ।"

ਫ਼ਕੀਰ ਨੇ ਕਿਹਾ, "ਅਠੂਏਂ ਵੇਖਣੇ ਨੀ, ਆ ਮੈਂ ਤੈਨੂੰ ਦੱਸਾਂ।" ਫਿਰ ਫ਼ਕੀਰ ਨੇ ਥਾਣੇਦਾਰ ਨੂੰ ਆਪਣੇ ਪਿਛੇ ਪਿਛੇ ਆਉਣ ਦਾ ਇਸ਼ਾਰਾ ਕੀਤਾ। ਫ਼ਕੀਰ ਬੜੇ ਗੌਰਵ ਨਾਲ ਅੱਗੇ ਅੱਗੇ ਤੁਰਦਾ ਜਾ ਰਿਹਾ ਸੀ ਅਤੇ ਉਸ ਦੇ ਪਿਛੇ ਪਿਛੇ ਨਿਮੋਝੂਣ ਤੇ ਹੈਰਾਨ ਥਾਣੇਦਾਰ ਭਿੱਜੀ ਹੋਈ ਬਿੱਲੀ ਵਾਂਗ ਤੁਰੀ ਗਿਆ। ਫ਼ਕੀਰ ਪਿੰਡੋਂ ਬਾਹਰ ਇਕ ਕਬਰਸਤਾਨ ਵਿਚ ਪੁੱਜਾ। ਉਥੇ ਉਸ ਨੇ ਇਕ ਚੂਨੇ-ਗਚ ਕਬਰ ਦੀ ਇੱਟ ਪੁੱਟੀ, ਹੇਠਾਂ ਅਠੂਇਆਂ ਦਾ ਝੁਰਮਟ ਕੁਰਬਲ ਕੁਰਬਲ ਕਰ ਰਿਹਾ ਸੀ। ਥਾਣੇਦਾਰ ਹੈਰਾਨ ਹੋ ਕੇ ਅਠੂਇਆਂ ਵਲ ਬਿਟ ਬਿਟ ਵੇਖਣ ਲੱਗਾ।

"ਪਤਾ ਈ, ਇਹ ਕਬਰ ਕਿਸ ਸ਼ਖ਼ਸ ਦੀ ਏ।" ਫ਼ਕੀਰ ਨੇ ਪੁੱਛਿਆ।

"ਨਹੀਂ ਮਹਾਰਾਜ !" ਥਾਣੇਦਾਰ ਨੇ ਨਿਮ੍ਰਤਾ ਨਾਲ ਕਿਹਾ।

"ਇਕ ਅਹੰਕਾਰੀ ਥਾਣੇਦਾਰ ਦੀ।" ਫ਼ਕੀਰ ਨੇ ਦੱਸਿਆ।

ਕੌੜੇ ਸੁਪਨੇ

ਇਕ ਵਾਰ ਇਕ ਮਜ਼ਦੂਰ ਅੰਬਾਂ ਦੇ ਦਰੱਖ਼ਤ ਹੇਠਾਂ ਬੈਠਾ ਦੁਪਹਿਰੀ ਖਾ ਰਿਹਾ ਸੀ। ਉਪਰ ਦਰੱਖ਼ਤ ਉਤੇ ਬੂਰ ਪਿਆ ਹੋਇਆ ਸੀ, ਪਰ ਅਜੇ ਫਲ ਨਹੀਂ ਸਨ ਲੱਗੇ।

ਮਜ਼ਦੂਰ ਕੋਲ ਰੋਟੀ ਨਾਲ ਖਾਣ ਲਈ ਕੋਈ ਸਬਜ਼ੀ ਨਹੀਂ ਸੀ, ਪਰ ਉਹ ਹਰ ਵਾਰ ਜਦੋਂ ਰੋਟੀ ਨਾਲੋਂ ਗਰਾਹੀ ਭੰਨਦਾ ਤਾਂ ਉਸ ਨੂੰ ਰੋਟੀ ਉਤੇ ਇਉਂ ਫੇਰ ਲੈਂਦਾ ਜਿਵੇਂ ਕੋਈ ਸਬਜ਼ੀ ਧਰੀ ਹੋਵੇ, ਫਿਰ ਗਰਾਹੀ ਮੂੰਹ ਵਿਚ ਪਾਉਂਦਾ ਅਤੇ ਸਵਾਦ ਨਾਲ ਚਖਦਾ ਹੋਇਆ ਸੀ-ਸੀ ਕਰਦਾ। ਇਕ ਮੁਸਾਫ਼ਰ, ਥੋੜਾ ਜਿਹਾ ਪਰੇਡੇ, ਇਕ ਹੋਰ ਦਰੱਖ਼ਤ ਹੇਠਾਂ ਬੈਠਾ ਇਹ ਸਾਰਾ ਨਜ਼ਾਰਾ ਵੇਖ ਰਿਹਾ ਸੀ। ਉਸ ਮੁਸਾਫ਼ਰ ਨੂੰ ਵੱਡੀ ਹੈਰਾਨੀ ਇਸ ਗੱਲ ਦੀ ਸੀ ਕਿ ਰੋਟੀ ਦੇ ਉਪਰ ਕੋਈ ਸਬਜ਼ੀ ਨਹੀਂ ਸੀ ਰਖੀ ਹੋਈ,

ਪਰ ਉਹ ਮਜ਼ਦੂਰ ਗਰਾਹੀ ਨੂੰ ਰੋਟੀ ਉਤੇ ਇਉਂ ਫੇਰਦਾ ਸੀ ਜਿਵੇਂ ਰੋਟੀ ਉਪਰ ਭਾਜੀ ਧਰੀ ਹੋਵੇ ਅਤੇ ਫਿਰ ਉਹ ਸੀ-ਸੀ ਕਰਦਾ ਸੀ।

ਕੁਝ ਚਿਰ ਉਹ ਮੁਸਾਫ਼ਰ ਇਹ ਨਜ਼ਾਰਾ ਵੇਖਦਾ ਰਿਹਾ। ਫਿਰ ਉਸ ਤੋਂ ਰਿਹਾ ਨਾ ਗਿਆ ਅਤੇ ਉਹ ਮਜ਼ਦੂਰ ਦੇ ਕੋਲ ਜਾ ਕੇ ਪੁੱਛਣ ਲੱਗਾ, "ਭਈ, ਤੂੰ ਰੋਟੀ ਤਾਂ ਰੁੱਖੀ ਖਾ ਰਿਹਾ ਏਂ, ਪਰ ਗਰਾਹੀ ਨੂੰ ਮੂੰਹ ਵਿਚ ਪਾਉਣ ਤੋਂ ਪਹਿਲਾਂ ਰੋਟੀ ਉਤੇ ਕਿਉਂ ਫੇਰਦਾ ਏਂ ਅਤੇ ਨਾਲੇ ਸੀ-ਸੀ ਕਿਉਂ ਕਰਦਾ ਏਂ ?"

ਮਜ਼ਦੂਰ ਸ਼ਰਮਾ ਕੇ ਆਖਣ ਲੱਗਾ, "ਜੀ, ਮੈਂ ਬੜਾ ਗ਼ਰੀਬ ਆਦਮੀ ਹਾਂ, ਇਨ੍ਹਾਂ ਖੇਤਾਂ ਵਿਚ ਹੀ ਮਜ਼ਦੂਰੀ ਕਰਦਾ ਹਾਂ। ਮੈਂ ਰੋਜ਼ ਘਰੋਂ ਰੋਟੀ ਲਿਆ ਕੇ ਇਸੇ ਦਰੱਖ਼ਤ ਹੇਠਾਂ ਖਾਂਦਾ ਹਾਂ। ਅੱਗੇ ਰੋਜ਼ ਮੈਂ ਮਿਰਚਾਂ ਦਾ ਅਚਾਰ ਨਾਲ ਲਿਆਇਆ ਕਰਦਾ ਸਾਂ, ਪਰ ਅੱਜ ਅਚਾਰ ਮੁਕਿਆ ਪਿਆ ਏ। ਰੁੱਖੀ ਰੋਟੀ ਸੰਘੋ ਹੇਠ ਲੰਘਦੀ ਨਹੀਂ। ਇਸ ਲਈ ਮਨ ਦਾ ਭੁਲੇਖਾ ਬਣਾਈ ਰੱਖਣ ਲਈ, ਮੈਂ ਪਹਿਲਾਂ ਗਰਾਹੀ ਨੂੰ ਰੋਟੀ ਉਤੇ ਰਗੜਦਾ ਹਾਂ, ਜਿਵੇਂ ਮਿਰਚਾਂ ਦਾ ਅਚਾਰ ਲਗਾ ਰਿਹਾ ਹੋਵਾਂ ਅਤੇ ਫਿਰ ਗਰਾਹੀ ਨੂੰ ਮੂੰਹ ਵਿਚ ਪਾ ਕੇ ਮਿਰਚਾਂ ਦਾ ਸੁਆਦ ਮਹਿਸੂਸ ਕਰਨ ਲਈ ਸੀ-ਸੀ ਕਰਦਾ ਹਾਂ।"

ਮੁਸਾਫ਼ਰ ਇਹ ਗੱਲ ਸੁਣ ਕੇ ਬੜਾ ਹੈਰਾਨ ਹੋਇਆ। ਉਸ ਨੇ ਮਜ਼ਦੂਰ ਨੂੰ ਤਾੜਨਾ ਭਰੇ ਲਹਿਜੇ ਵਿਚ ਕਿਹਾ, "ਉਇ, ਤੂੰ ਬੜਾ ਮੂਰਖ ਏਂ, ਜੇ ਤੂੰ ਕਲਪਨਾ ਹੀ ਕਰਨੀ ਸੀ ਤਾਂ ਮਿਰਚਾਂ ਦੀ ਕਿਉਂ ਕੀਤੀ, ਕਿਸੇ ਹੋਰ ਵਧੀਆ ਚੀਜ਼ ਦੀ ਕਰਦਾ। ਅੰਬ ਦੇ ਦਰੱਖ਼ਤ ਹੇਠ ਬੈਠ ਕੇ ਵੀ ਤੂੰ ਮਿਰਚਾਂ ਖਾਣ ਦਾ ਭੁਲੇਖਾ ਸਿਰਜ ਰਿਹਾ ਏਂ। ਤੇਰੇ ਵਿਚਾਰ ਘਟੀਆ ਨੇ, ਤੇਰੇ ਸੁਪਨੇ ਨੀਵੇਂ ਨੇ, ਤੂੰ ਉਦੋਂ ਤਕ ਜ਼ਿੰਦਗੀ ਵਿਚ ਸਫ਼ਲ ਨਹੀਂ ਹੋ ਸਕਦਾ, ਜਦੋਂ ਤਕ ਤੇਰੇ ਸੁਪਨੇ ਉੱਚੇ ਨਹੀਂ ਹੁੰਦੇ।" ਮੁਸਾਫ਼ਰ ਇਹ ਕਹਿ ਕੇ ਚਲਾ ਗਿਆ। ਮਜ਼ਦੂਰ ਨੇ ਉਪਰ ਅੰਬ ਦੇ ਦਰੱਖ਼ਤ ਵਲ ਵੇਖਿਆ ਅਤੇ ਦਿਲ ਵਿਚ ਬੜਾ ਸ਼ਰਮਿੰਦਾ ਹੋਇਆ। ਮਿੱਠੇ ਅੰਬ ਹੇਠਾਂ ਬੈਠਾ ਉਹ ਕੌੜੀ ਮਿਰਚ ਦੇ ਸੁਪਨੇ ਲੈ ਰਿਹਾ ਸੀ।

ਨੇਜ਼ੇ ਨੂੰ ਫਲ

ਇਕ ਵਾਰ ਇਕ ਨਿਹੰਗ ਸਿੰਘ ਕਿਸੇ ਪਿੰਡ ਕੋਲੋਂ ਦੀ ਲੰਘ ਰਿਹਾ ਸੀ। ਪਿੰਡ ਦੇ ਬਾਹਰਵਾਰ, ਇਕ ਨਾਲੇ ਦੇ ਕੋਲ, ਦਰੱਖ਼ਤ ਹੇਠ ਇਕ ਫ਼ਕੀਰ ਧੂਣੀ ਤਾਈ ਬੈਠਾ ਸੀ। ਪਿੰਡ ਦੇ ਲੋਕਾਂ ਨੇ ਫ਼ਕੀਰ ਦੇ ਆਲੇ ਦੁਆਲੇ ਝੁਰਮਟ ਪਾਇਆ ਹੋਇਆ ਸੀ। ਨਿਹੰਗ ਵੀ ਉਨ੍ਹਾਂ ਲੋਕਾਂ ਕੋਲ ਜਾ ਖਲੋਤਾ। ਨਿਹੰਗ ਨੇ ਵੇਖਿਆ ਕਿ ਧੂਣੀ ਦੇ ਸਾਹਮਣੇ

ਇਕ ਡੰਡਾ ਗਡਿਆ ਹੋਇਆ ਸੀ। ਕੋਲ ਹੀ ਇਕ ਫ਼ਕੀਰ ਅੱਖਾਂ ਮੂੰਦੀ ਸਮਾਧੀ ਵਿਚ ਲੀਨ ਸੀ। ਨਿਹੰਗ ਨੇ ਲੋਕਾਂ ਤੋਂ ਗੱਲ ਪੁੱਛੀ। ਲੋਕਾਂ ਨੇ ਦੱਸਿਆ, "ਇਹ ਫ਼ਕੀਰ ਬੜਾ ਪ੍ਰਤਾਪੀ ਏ ਤੇ ਆਖਦਾ ਏ ਕਿ ਮੇਰੇ ਤੱਪ ਦੀ ਸ਼ਕਤੀ ਦੁਆਰਾ ਇਹ ਡੰਡਾ ਹਰਾ ਭਰਾ ਹੋ ਜਾਏਗਾ ਅਤੇ ਇਸ ਵਿਚੋਂ ਕਰੂੰਬਲਾਂ ਨਿਕਲ ਆਉਣਗੀਆਂ। ਅਸੀਂ ਸਭ ਇਹ ਕਰਾਮਾਤ ਦੇਖਣ ਲਈ ਖੜੇ ਹਾਂ।"

ਨਿਹੰਗ ਨੇ ਹੱਥਾਂ ਵਿਚ ਨੇਜ਼ਾ ਫੜਿਆ ਹੋਇਆ ਸੀ ਅਤੇ ਉਸ ਦੇ ਮੋਢੇ ਉਤੇ ਕੰਬਲ ਸੀ। ਨਿਹੰਗ ਨੇ ਫ਼ਕੀਰ ਤੋਂ ਰਤਾ ਕੁ ਪਰੇਡੇ ਆਪਣਾ ਨੇਜ਼ਾ ਜ਼ਮੀਨ ਵਿਚ ਗੱਡ ਦਿਤਾ। ਫਿਰ ਕੰਬਲ ਵਿਛਾ ਕੇ, ਉਸ ਉਪਰ ਚੌਕੜੀ ਮਾਰ ਕੇ ਬੈਠ ਗਿਆ ਅਤੇ ਲੋਕਾਂ ਨੂੰ ਵੰਗਾਰ ਕੇ ਆਖਣ ਲੱਗਾ, "ਲੋਕੋ, ਜੇ ਫ਼ਕੀਰ ਦਾ ਡੰਡਾ ਹਰਾ ਭਰਾ ਹੋ ਗਿਆ ਤਾਂ ਮੇਰੇ ਇਸ ਬਰਛੇ ਨੂੰ ਵੀ ਫਲ ਲੱਗ ਜਾਣਗੇ।"

ਲੋਕੀਂ ਨਿਹੰਗ ਦੀ ਗੱਲ ਸੁਣ ਕੇ ਹੋਰ ਹੈਰਾਨ ਹੋਏ। ਸਾਰੇ ਪਿੰਡ ਵਿਚ ਖ਼ਬਰ ਫੈਲ ਗਈ। ਸਾਰਾ ਪਿੰਡ ਤਮਾਸ਼ਾ ਵੇਖਣ ਲਈ ਹੁੰਮ-ਹੁੰਮਾ ਕੇ ਆ ਗਿਆ। ਕਈ ਲੋਕ ਫ਼ਕੀਰ ਕੋਲ ਜਾ ਖੜੇ ਹੋਏ ਤੇ ਕਈ ਨਿਹੰਗ ਸਿੰਘ ਦੇ ਦੁਆਲੇ।

ਕਾਫ਼ੀ ਸਾਰਾ ਸਮਾਂ ਲੰਘ ਗਿਆ, ਪਰ ਨਾ ਫ਼ਕੀਰ ਦਾ ਡੰਡਾ ਹਰਾ ਹੋਇਆ ਅਤੇ ਨਾ ਨਿਹੰਗ ਸਿੰਘ ਦੇ ਨੇਜ਼ੇ ਨੂੰ ਫਲ ਲੱਗੇ। ਲੋਕੀਂ ਮਖ਼ੌਲ ਤੇ ਟਿਚਕਰਾਂ ਕਰਨ ਲੱਗ ਪਏ। ਇਤਨੀ ਦੇਰ ਵਿਚ ਨਦੀ ਵਲੋਂ ਸ਼ੋਰ ਉਠਿਆ। ਕਿਸੇ ਨੇ ਦੱਸਿਆ ਕਿ ਨਦੀ ਵਿਚ ਕੋਈ ਬੱਚਾ ਰੁੜ੍ਹ ਗਿਆ ਹੈ ਅਤੇ ਉਸ ਦੀ ਮਾਂ ਵਿਰਲਾਪ ਕਰ ਰਹੀ ਹੈ। ਫ਼ਕੀਰ ਦੇ ਕੰਨਾਂ ਵਿਚ ਵੀ ਇਹ ਆਵਾਜ਼ ਪਈ, ਪਰ ਉਹ ਸਮਾਧੀ ਵਿਚ ਲੀਨ ਰਿਹਾ। ਨਿਹੰਗ ਨੇ ਜਦੋਂ ਬੱਚੇ ਦੇ ਡੁੱਬਣ ਦੀ ਖ਼ਬਰ ਸੁਣੀ ਤਾਂ ਉਹ ਉਸੇ ਵੇਲੇ ਨਦੀ ਵਲ ਦੌੜਿਆ ਅਤੇ ਰਸਤੇ ਵਿਚ ਹੀ ਆਪਣੇ ਕਪੜੇ ਉਤਾਰ ਕੇ ਸੁਟਦਾ ਗਿਆ। ਨਦੀ ਦੇ ਕੋਲ ਪਹੁੰਚ ਕੇ ਨਿਹੰਗ ਨੇ ਵਗਦੇ ਪਾਣੀ ਵਿਚ ਛਾਲ ਮਾਰ ਦਿਤੀ ਤੇ ਰੁੜ੍ਹਦੇ ਬੱਚੇ ਨੂੰ ਬਾਹਰ ਕੱਢ ਕੇ ਲੈ ਆਇਆ। ਫਿਰ ਨਿਹੰਗ ਨੇ ਬੱਚੇ ਨੂੰ ਹੋਸ਼ ਵਿਚ ਲਿਆ ਕੇ ਉਸ ਨੂੰ ਮਾਂ ਦੇ ਹਵਾਲੇ ਕੀਤਾ। ਉਸ ਦੀ ਮਾਂ ਬੜੀ ਖ਼ੁਸ਼ ਹੋਈ ਤੇ ਨਿਹੰਗ ਨੂੰ ਅਸੀਸਾਂ ਦੇਣ ਲੱਗੀ, "ਵੇ ਤੇਰੀਆਂ ਭਾਵਣੀਆਂ ਪੂਰੀਆਂ ਹੋਣ, ਰੱਬ ਦੀ ਦਰਗਾਹੇ ਤੇਰੀ ਹਰ ਗੱਲ ਕਬੂਲ ਪਵੇ।"

ਜਦੋਂ ਨਿਹੰਗ ਸਿੰਘ ਪਰਤ ਕੇ ਆਪਣੇ ਨੇਜ਼ੇ ਕੋਲ ਆਇਆ ਤਾਂ ਨੇਜ਼ੇ ਨੂੰ ਫਲ ਲੱਗੇ ਹੋਏ ਸਨ। ਲੋਕੀਂ ਵੇਖ ਕੇ ਹੈਰਾਨ ਰਹਿ ਗਏ। ਫ਼ਕੀਰ ਦਾ ਡੰਡਾ ਉਸੇ ਤਰ੍ਹਾਂ ਜ਼ਮੀਨ ਵਿਚ ਗਡਿਆ ਹੋਇਆ ਸੀ। ਲੋਕੀਂ ਨਿਹੰਗ ਸਿੰਘ ਦੇ ਪੈਰਾਂ ਉਤੇ ਮੱਥੇ ਟੇਕਣ ਲੱਗ ਪਏ।

ਫ਼ਕੀਰ ਇਹ ਨਜ਼ਾਰਾ ਵੇਖ ਕੇ ਉਥੋਂ ਚਲਦਾ ਬਣਿਆ।

ਵਹੁਟੀ ਕਿਸ ਦੀ

ਇਕ ਪਿੰਡ ਵਿਚ ਇਕ ਤਰਖਾਣ, ਦਰਜ਼ੀ, ਸੁਨਿਆਰਾ ਅਤੇ ਪੰਡਤ ਰਿਹਾ ਕਰਦੇ ਸਨ, ਜਿਨ੍ਹਾਂ ਦਾ ਆਪੋ ਵਿਚ ਬੜਾ ਪਿਆਰ ਸੀ। ਉਹ ਚਾਰੋਂ ਆਪੋ ਆਪਣੇ ਹੁਨਰ ਵਿਚ ਬੜੇ ਤਾਕ ਸਨ, ਪਰ ਪਿੰਡ ਵਿਚ ਉਨ੍ਹਾਂ ਦੀ ਕਲਾ ਦਾ ਕੋਈ ਮੁੱਲ ਨਹੀਂ ਸੀ ਪਿਆ। ਸੋ ਉਨ੍ਹਾਂ ਚੌਹਾਂ ਨੇ ਪ੍ਰਦੇਸ ਜਾਣ ਦਾ ਫ਼ੈਸਲਾ ਕੀਤਾ। ਲੋਕੀਂ ਪ੍ਰਦੇਸਾਂ ਵਿਚੋਂ ਕਾਫ਼ੀ ਸਾਰਾ ਧਨ ਕਮਾ ਕੇ ਲਿਆ ਰਹੇ ਸਨ, ਕਿਉਂ ਨਾ ਉਹ ਵੀ ਆਪਣੀ ਕਿਸਮਤ ਅਜ਼ਮਾ ਵੇਖਣ। ਸੋ ਉਹ ਚਾਰੋਂ ਆਪੋ ਆਪਣਾ ਸਾਮਾਨ ਲੈ ਕੇ ਪਿੰਡੋਂ ਨਿਕਲ ਤੁਰੇ।

ਰਾਹ ਵਿਚ ਇਕ ਜੰਗਲ ਪੈਂਦਾ ਸੀ। ਉਥੋਂ ਲੰਘਦਿਆਂ ਉਨ੍ਹਾਂ ਨੂੰ ਰਾਤ ਪੈ ਗਈ। ਉਹ ਚਾਰੋਂ ਖਾ ਪੀ ਕੇ ਇਕ ਦਰੱਖ਼ਤ ਦੇ ਹੇਠਾਂ ਆਰਾਮ ਕਰਨ ਲਈ ਲੰਮੇ ਪੈ ਗਏ। ਜੰਗਲ ਡਰਾਉਣਾ ਸੀ। ਰਾਤ ਵੇਲੇ ਕੋਈ ਜੰਗਲੀ ਜਾਨਵਰ ਉਨ੍ਹਾਂ ਨੂੰ ਨੁਕਸਾਨ ਪਹੁੰਚਾ ਸਕਦਾ ਸੀ ਜਾਂ ਕੋਈ ਚੋਰ ਉਚੱਕਾ ਉਨ੍ਹਾਂ ਦੇ ਕਪੜੇ ਲੱਤੇ ਅਤੇ ਹੋਰ ਸਾਮਾਨ ਚੁਰਾ ਕੇ ਲਿਜਾ ਸਕਦਾ ਸੀ। ਇਸ ਲਈ ਉਹਨਾਂ ਚੌਹਾਂ ਨੇ ਸੋਚਿਆ ਕਿ ਚਾਰ ਪਹਿਰਾਂ ਦੀ ਰਾਤ ਹੈ, ਕਿਉਂ ਨਾ ਉਹ ਚਾਰੋਂ ਵਾਰੋ ਵਾਰੀ ਇਕ ਇਕ ਪਹਿਰ ਲਈ ਪਹਿਰਾ. ਦੇਣ।

ਪਹਿਲਾ ਵਾਰਾ ਤਰਖਾਣ ਦਾ ਸੀ। ਉਸ ਨੂੰ ਵਿਹਲੇ ਬੈਠਣ ਦੀ ਆਦਤ ਨਹੀਂ ਸੀ। ਉਸ ਦੀ ਕਲਪਨਾ ਨੇ ਇਕ ਮੁਟਿਆਰ ਦਾ ਸੁਪਨਾ ਲਿਆ। ਫਿਰ ਤਰਖਾਣ ਨੇ ਆਪਣੇ ਹਥਿਆਰ ਕੱਢੇ ਅਤੇ ਲਕੜੀ ਕਟ ਕੇ ਕਾਠ ਦੀ ਇਕ ਖ਼ੂਬਸੂਰਤ ਪੁਤਲੀ ਸਿਰਜੀ। ਉਸ ਦੇ ਅੰਗਾਂ ਨੂੰ ਤਰਖਾਣ ਨੇ ਬੜੀ ਮਿਹਨਤ ਨਾਲ ਸੰਵਾਰਿਆ ਅਤੇ ਨੈਣ ਨਕਸ਼ ਘੜੇ। ਇਉਂ ਲੱਗਦਾ ਸੀ ਕਿ ਉਹ ਪੁਤਲੀ ਜਿਵੇਂ ਸੱਚਮੁਚ ਦੀ ਮੁਟਿਆਰ ਹੋਵੇ।

ਇਤਨੀ ਦੇਰ ਤਕ ਤਰਖਾਣ ਦਾ ਪਹਿਰਾ ਮੁਕ ਗਿਆ ਅਤੇ ਦਰਜ਼ੀ ਦੀ ਵਾਰੀ ਆਈ। ਦਰਜ਼ੀ ਨੇ ਦਰੱਖ਼ਤ ਦੇ ਕੋਲ ਕਾਠ ਦੀ ਖ਼ੂਬਸੂਰਤ ਪੁਤਲੀ ਵੇਖੀ ਤਾਂ ਵਕਤ ਗੁਜ਼ਾਰਨ ਲਈ ਉਸ ਨੇ ਸੂਈ ਧਾਗਾ ਅਤੇ ਕਪੜੇ ਲੈ ਕੇ ਪੁਤਲੀ ਲਈ ਬਸਤਰ ਤਿਆਰ ਕਰਨੇ ਸ਼ੁਰੂ ਕੀਤੇ। ਜਦੋਂ ਤਕ ਦਰਜ਼ੀ ਦਾ ਪਹਿਰਾ ਮੁਕਿਆ ਉਹ ਪੁਤਲੀ ਵਾਸਤੇ ਦਿਲਕਸ਼ ਪੁਸ਼ਾਕ ਸਿਉਂ ਕੇ ਉਸ ਨੂੰ ਪਹਿਨਾ ਚੁਕਾ ਸੀ।

ਤੀਜਾ ਵਾਰਾ ਸੁਨਿਆਰੇ ਦਾ ਸੀ। ਸੁਨਿਆਰੇ ਨੇ ਦਰੱਖ਼ਤ ਦੇ ਹੇਠਾਂ ਵਸਤਰ-ਧਾਰੀ ਸੁੰਦਰ ਪੁਤਲੀ ਵੇਖੀ। ਉਸ ਨੇ ਅੰਦਾਜ਼ਾ ਲਗਾਇਆ ਕਿ ਤਰਖਾਣ ਨੇ ਆਪਣੀ ਕਲਾ ਦਾ ਜੌਹਰ ਵਿਖਾਣ ਲਈ ਇਹ ਪੁਤਲੀ ਨੂੰ ਘੜਿਆ ਹੋਵੇਗਾ, ਦਰਜ਼ੀ ਨੇ ਉਸ ਨੂੰ ਪੁਸ਼ਾਕ ਤਿਆਰ ਕਰਕੇ ਪਹਿਨਾਈ ਹੋਵੇਗੀ। ਕਿਉਂ ਨਾ ਉਹ ਵੀ ਉਸ ਲਈ ਗਹਿਣੇ ਘੜੇ। ਸੋ ਸੁਨਿਆਰੇ ਨੇ ਆਪਣੇ ਔਜ਼ਾਰ ਕੱਢ ਕੇ ਨੱਥ ਅਤੇ ਕੰਛਣ

ਘੜੇ ਅਤੇ ਫਿਰ ਉਸ ਪੁਤਲੀ ਦੇ ਨੱਕ ਵਿਚ ਨੱਥ ਅਤੇ ਬਾਹਵਾਂ ਵਿਚ ਕੰਙਣ ਪਹਿਨਾ ਦਿਤੇ।

ਸੁਨਿਆਰੇ ਤੋਂ ਮਗਰੋਂ ਪਹਿਰੇ ਦੀ ਵਾਰੀ ਪੰਡਤ ਦੀ ਸੀ। ਉਸ ਦੀ ਨਜ਼ਰ ਜਦੋਂ ਪੁਤਲੀ ਉਤੇ ਪਈ ਤਾਂ ਉਹ ਹੈਰਾਨ ਰਹਿ ਗਿਆ। ਦੂਰੋਂ ਉਹ ਇਉਂ ਜਾਪਦੀ ਸੀ ਜਿਵੇਂ ਸੱਚਮੁਚ ਦੀ ਕੋਈ ਮੁਟਿਆਰ ਹੋਵੇ। ਉਹ ਸਮਝ ਗਿਆ ਕਿ ਇਸ ਪੁਤਲੀ ਨੂੰ ਤਰਖਾਣ ਨੇ ਘੜਿਆ ਹੋਵੇਗਾ। ਦਰਜ਼ੀ ਨੇ ਪੁਸ਼ਾਕ ਪਹਿਨਾਈ ਹੋਣੀ ਹੈ ਅਤੇ ਸੁਨਿਆਰੇ ਨੇ ਗਹਿਣੇ। ਕਿਉਂ ਨਾ ਉਹ ਵੀ ਆਪਣੇ ਹੁਨਰ ਦਾ ਕਮਾਲ ਵਿਖਾਵੇ।

ਪੰਡਤ ਨੇ ਪੁਤਲੀ ਵਿਚ ਪ੍ਰਾਣ ਫੂਕਣ ਲਈ ਪਹਿਲਾਂ ਹਵਨ ਕੁੰਡ ਬਣਾਇਆ, ਫਿਰ ਕੁਝ ਵਿਸ਼ੇਸ਼ ਤਰ੍ਹਾਂ ਦੇ ਕਰਮਕਾਂਡ ਕਰ ਕੇ ਮੰਤਰਾਂ ਦਾ ਉੱਚਾਰਨ ਕੀਤਾ। ਫਿਰ ਪੰਡਤ ਨੇ ਆਪਣੀ ਚੀਚੀ ਉਂਗਲੀ ਵਿਚੋਂ ਲਹੂ ਕੱਢ ਕੇ ਪੁਤਲੀ ਦੇ ਮੱਥੇ ਉਤੇ ਲਗਾਇਆ। ਉਸੇ ਵੇਲੇ ਉਹ ਪੁਤਲੀ ਸੁੰਦਰ-ਸੁਨੱਖੀ ਮੁਟਿਆਰ ਦੇ ਰੂਪ ਵਿਚ ਸੁਰਜੀਤ ਹੋ ਗਈ।

ਉਦੋਂ ਤਕ ਸਵੇਰ ਹੋ ਚੁਕੀ ਸੀ ਅਤੇ ਪੰਡਤ ਦੇ ਬਾਕੀ ਤਿੰਨੇਂ ਸਾਥੀ ਵੀ ਜਾਗ ਪਏ ਸਨ। ਪੁਤਲੀ ਨੂੰ ਸੁਰਜੀਤ ਹੋਈ ਵੇਖ ਉਹ ਚਾਰੋਂ ਉਸ ਨੂੰ ਗ੍ਰਹਿਣ ਕਰਨ ਲਈ ਤਰਲੋਮੱਛੀ ਹੋਣ ਲੱਗੇ। ਉਸ ਕੰਨਿਆਂ ਦੀ ਸਿਰਜਨਾ ਵਿਚ ਚੌਹਾਂ ਨੇ ਕੁਝ ਨਾ ਕੁਝ ਹਿੱਸਾ ਪਾਇਆ ਸੀ। ਸੋ, ਹਰੇਕ ਨੇ ਆਪੋ ਆਪਣਾ ਹੱਕ ਜਿਤਾਇਆ, ਜਿਸ ਕਰਕੇ ਚੌਹਾਂ ਦੋਸਤਾਂ ਵਿਚ ਝਗੜਾ ਹੋ ਗਿਆ।

ਦੱਸੋ ਵਹੁਟੀ ਕਿਸ ਨੂੰ ਮਿਲਣੀ ਚਾਹੀਦੀ ਏ ?

ਜਦੋਂ ਝਗੜਾ ਵਧ ਗਿਆ ਤਾਂ ਉਹ ਚਾਰੇ ਕੰਨਿਆਂ ਸਮੇਤ ਰਾਜੇ ਦੇ ਕੋਲ ਗਏ ਅਤੇ ਉਨ੍ਹਾਂ ਨੇ ਅਲਫ਼ ਤੋਂ ਯੇ ਤਕ ਸਾਰਾ ਮਾਜਰਾ ਸੁਣਾ ਕੇ ਰਾਜੇ ਅੱਗੇ ਫ਼ੈਸਲਾ ਕਰਨ ਲਈ ਬੇਨਤੀ ਕੀਤੀ।

ਰਾਜੇ ਨੇ ਸਭਨਾਂ ਦੀ ਗੱਲ ਸੁਣ ਕੇ ਸੋਚਿਆ, ਵਿਚਾਰਿਆ ਅਤੇ ਆਪਣਾ ਫ਼ੈਸਲਾ ਸਮਾਜਕ ਮਰਯਾਦਾ ਨੂੰ ਮੁਖ ਰਖਦੇ ਹੋਏ ਇਉਂ ਦਿਤਾ : ਤਰਖਾਣ ਨੇ ਉਸ ਮੂਰਤੀ ਨੂੰ ਸਿਰਜਿਆ ਸੀ। ਉਹ ਮੂਰਤੀ ਦਾ ਜਨਮਦਾਤਾ ਹੋਣ ਦੇ ਨਾਤੇ ਪਿਤਾ ਦੀ ਪਦਵੀ ਰਖਦਾ ਹੈ। ਦਰਜ਼ੀ ਨੇ ਉਸ ਪੁਤਲੀ ਨੂੰ ਵਸਤਰ ਪਹਿਨਾਏ ਅਤੇ ਕੰਨਿਆਂ ਦਾ ਨੰਗੇਜ਼ ਢੱਕ ਕੇ ਉਸ ਦੀ ਲਾਜ ਰਖੀ। ਕੰਨਿਆਂ ਦੀ ਰੱਖਿਆ ਕਰਨਾ ਭਰਾ ਦਾ ਫ਼ਰਜ਼ ਹੈ। ਸੋ ਦਰਜ਼ੀ ਭਰਾ ਦੇ ਸਮਾਨ ਹੋਇਆ। ਬ੍ਰਾਹਮਣ ਨੇ ਪੁਤਲੀ ਨੂੰ ਜੀਆਦਾਨ ਦਿਤਾ ਅਥਵਾ ਪ੍ਰਾਣ ਫੂਕੇ, ਉਹ ਗੁਰੂ ਰੂਪ ਹੈ। ਗੁਰੂ ਸ਼ਿਸ਼ ਦਾ ਦਰਜਾ ਆਦਰ ਲੈਣ ਦੇਣ ਦਾ ਹੈ, ਭੋਗ ਦਾ ਨਹੀਂ। ਕੇਵਲ ਸੁਨਿਆਰਾ ਹੀ ਉਸ ਕੰਨਿਆਂ ਦਾ ਪਤੀ ਬਣ ਸਕਦਾ ਹੈ, ਕਿਉਂ ਜੋ ਸੁਨਿਆਰੇ ਨੇ ਕੰਨਿਆਂ ਨੂੰ ਗਹਿਣੇ ਪਹਿਨਾਏ। ਸਮਾਜਕ ਵਰਤਾਰੇ ਅਨੁਸਾਰ ਪਤੀ ਹੀ ਪਤਨੀ ਨੂੰ ਗਹਿਣੇ ਪਹਿਨਾਂਦਾ ਹੈ। ਇਸ ਲਈ ਉਹ ਮੁਟਿਆਰ ਸੁਨਿਆਰੇ ਦੀ ਹੀ ਪਤਨੀ ਬਣ ਸਕਦੀ ਹੈ।

ਸੰਜੋਗ

ਇਕ ਸ਼ਾਹੂਕਾਰ ਦੀ ਕੰਨਿਆਂ ਜਦੋਂ ਜਵਾਨ ਹੋਈ ਤਾਂ ਉਸ ਨੇ ਨਾਈ ਨੂੰ ਸੱਦ ਕੇ ਕਿਹਾ ਕਿ ਉਹ ਉਸ ਦੀ ਕੰਨਿਆਂ ਵਾਸਤੇ ਕੋਈ ਯੋਗ ਵਰ ਢੂੰਡ ਕੇ ਅਤੇ ਸ਼ੁਭ ਮਹੂਰਤ ਕਢਵਾ ਕੇ ਵਿਆਹ ਦੀ ਤਾਰੀਖ਼ ਮੁਕੱਰਰ ਕਰ ਆਵੇ। ਕਿਉਂ ਜੋ ਕੁਝ ਦਿਨਾਂ ਬਾਅਦ ਤਾਰਾ ਡੁੱਬਣ ਵਾਲਾ ਸੀ ਅਤੇ ਸਾਲ ਸਮਾਂ ਵਿਆਹ ਦੇ ਮਹੂਰਤ ਨਹੀਂ ਸਨ ਨਿਕਲਣੇ।

ਨਾਈ ਸ਼ਾਹੂਕਾਰ ਨਾਲ ਸਾਰੀ ਗੱਲ ਵਿਚਾਰ ਕੇ ਚਲਾ ਗਿਆ ਤੇ ਪੂਰਬੀ ਪਾਸੇ ਦੇ ਪਿੰਡਾਂ ਵਲੋਂ ਇਕ ਯੋਗ ਵਰ ਢੂੰਡ ਕੇ ਤੇ ਸ਼ਗਨ ਦੇ ਕੇ ਆਉਂਦੀ ਇਕਾਦਸ਼ੀ ਦਾ ਵਿਆਹ ਵੀ ਪੱਕਾ ਕਰ ਆਇਆ।

ਉਦੋਂ ਸ਼ਾਹੂਕਾਰ ਦੀ ਪਤਨੀ ਪੇਕੇ ਗਈ ਹੋਈ ਸੀ। ਉਸ ਨੂੰ ਉਥੇ ਸਹੇਲੀਆਂ ਨੇ ਦੱਸਿਆ ਕਿ ਕੁਝ ਹੀ ਦਿਨਾਂ ਤਕ ਤਾਰਾ ਡੁੱਬਣ ਵਾਲਾ ਹੈ, ਫਿਰ ਵਿਆਹ ਦੇ ਮਹੂਰਤ ਨਹੀਂ ਨਿਕਲਣੇ। ਇਸ ਲਈ ਉਹ ਛੇਤੀ ਹੀ ਕੋਈ ਵਰ ਲੱਭ ਕੇ ਜਵਾਨ ਧੀ ਦਾ ਵਿਆਹ ਕਰ ਦਏ। ਸ਼ਾਹੂਕਾਰ ਦੀ ਪਤਨੀ ਨੇ ਆਪਣੇ ਪੇਕੇ ਪਿੰਡ ਦੇ ਇਕ ਗਭਰੂ ਨਾਲ ਧੀ ਦਾ ਵਿਆਹ ਪੱਕਾ ਕਰ ਦਿਤਾ ਅਤੇ ਆਉਂਦੀ ਇਕਾਦਸ਼ੀ ਦੀਆਂ ਲਾਵਾਂ ਨਿਸ਼ਚਿਤ ਕਰ ਦਿਤੀਆਂ।

ਜਦੋਂ ਸ਼ਾਹੂਕਾਰ ਦੀ ਪਤਨੀ ਘਰ ਵਾਪਸ ਪਹੁੰਚੀ ਤਾਂ ਉਸ ਨੇ ਪਤੀ ਨੂੰ ਕੰਨਿਆਂ ਦੀ ਸਗਾਈ ਬਾਰੇ ਸਾਰੀ ਗੱਲ ਦੱਸੀ। ਪਰ ਸ਼ਾਹੂਕਾਰ ਅੱਗੋਂ ਗੁਸੇ ਨਾਲ ਬੋਲਿਆ ਕਿ ਤੂੰ ਮੇਰੇ ਤੋਂ ਪੁੱਛ ਤਾਂ ਲੈਣਾ ਸੀ। ਮੈਂ ਵਿਆਹ ਦੀ ਗੱਲ ਪਹਿਲਾਂ ਹੀ ਪੱਕੀ ਕਰ ਚੁਕਾ ਹਾਂ। ਪਤੀ ਪਤਨੀ ਦੋਹਾਂ ਵਿਚ ਝਗੜਾ ਹੋ ਗਿਆ, ਦੋਵੇਂ ਆਪੋ ਆਪਣੀ ਜ਼ਿੱਦ ਉਪਰ ਅੜ ਗਏ।

ਇਕਾਦਸ਼ੀ ਵਾਲੇ ਦਿਨ ਪਿੰਡ ਵਿਚ ਦੋ ਬਰਾਤਾਂ ਆ ਢੁਕੀਆਂ। ਇਕ ਪੂਰਬ ਵਲੋਂ ਆਈ, ਦੂਜੀ ਪੱਛਮ ਵਲੋਂ। ਇਕ ਕੰਨਿਆਂ ਅਤੇ ਦੋ ਜੰਞਾਂ। ਦੇਵਨੈਤ ਸ਼ਿਵ ਜੀ ਅਤੇ ਪਾਰਬਤੀ ਉਧਰੋਂ ਦੀ ਲੰਘ ਰਹੇ ਸਨ। ਸ਼ਿਵ ਜੀ ਦੋ ਬਰਾਤਾਂ ਵੇਖ ਕੇ ਹੱਸ ਪਏ। ਪਾਰਬਤੀ ਨੇ ਹੱਸਣ ਦਾ ਕਾਰਨ ਪੁਛਿਆ ਤਾਂ ਸ਼ਿਵ ਜੀ ਨੇ ਦੱਸਿਆ, "ਇਹ ਦੋਵੇਂ ਇਕੋ ਕੁੜੀ ਨੂੰ ਵਿਆਹੁਣ ਚੱਲੇ ਨੇ।"

ਪਾਰਬਤੀ ਦੀ ਦਿਲਚਸਪੀ ਵਧ ਗਈ ਤੇ ਉਸ ਨੇ ਸਾਰੀ ਗੱਲ ਜਾਣਨੀ ਚਾਹੀ। ਸਾਰੀ ਗੱਲ ਸੁਣ ਕੇ ਪਾਰਬਤੀ ਨੇ ਪੁੱਛਿਆ, "ਮਹਾਰਾਜ ! ਇਸ ਕੰਨਿਆਂ ਦਾ ਵਿਆਹ ਹੁਣ ਕਿਸ ਦੂਲ੍ਹੇ ਨਾਲ ਹੋਵੇਗਾ ?"

"ਜਿਸ ਨਾਲ ਸੰਜੋਗ ਹੋਏ।" ਸ਼ਿਵ ਜੀ ਨੇ ਉੱਤਰ ਦਿਤਾ।

"ਸੰਜੋਗ ਕਿਸ ਦੇ ਹੱਥ ਨੇ।" ਪਾਰਬਤੀ ਨੇ ਪੁੱਛਿਆ।

"ਵਿਦਮਾਤਾ ਦੇ ਹੱਥ।" ਸ਼ਿਵ ਜੀ ਨੇ ਕਿਹਾ।

ਉਸੇ ਵੇਲੇ ਵਿਦਮਾਤਾ ਉਧਰੋਂ ਦੀ ਲੰਘੀ। ਸ਼ਿਵ ਜੀ ਨੇ ਵਿਦਮਾਤਾ ਵਲ ਇਸ਼ਾਰਾ ਕਰ ਕੇ ਪਾਰਬਤੀ ਨੂੰ ਕਿਹਾ ਕਿ ਉਹ ਵੇਖ ਵਿਦਮਾਤਾ ਜਾ ਰਹੀ ਏ।

ਪਾਰਬਤੀ ਨੇ ਵਿਦਮਾਤਾ ਨੂੰ ਸੱਦ ਦੇ ਪੁੱਛਿਆ, "ਭੈਣੇ, ਇਨ੍ਹਾਂ ਦੋਹਾਂ ਬਰਾਤਾਂ ਵਿਚੋਂ ਕੰਨਿਆਂ ਦਾ ਵਿਆਹ ਕਿਹੜੇ ਦੂਲ੍ਹੇ ਨਾਲ ਹੋਵੇਗਾ।"

ਵਿਦਮਾਤਾ ਨੇ ਅੰਤਰ-ਧਿਆਨ ਹੋ ਕੇ ਦੋਹਾਂ ਦੇ ਸੰਜੋਗ ਵੇਖ ਕੇ ਕਿਹਾ, "ਜਿਹੜੀ ਜੰਞ ਪੂਰਬ ਵਾਲੇ ਪਾਸਿਓਂ ਆਈ ਏ।"

"ਕੀ ਇਸ ਸੰਜੋਗ ਨੂੰ ਬਦਲਿਆ ਨਹੀਂ ਜਾ ਸਕਦਾ।" ਪਾਰਬਤੀ ਨੇ ਸਹਿਜ ਸੁਭਾ ਪੁੱਛਿਆ।

"ਕਦੀ ਵੀ ਨਹੀਂ, ਕੋਈ ਵੀ ਹੋਣੀ ਨੂੰ ਨਹੀਂ ਬਦਲ ਸਕਦਾ, ਸਗੋਂ ਕੁਦਰਤ ਦੀਆਂ ਸਾਰੀਆਂ ਸ਼ਕਤੀਆਂ, ਤੁਸੀਂ ਤੇ ਦੇਵਤੇ ਵੀ, ਇਸ ਸੰਜੋਗ ਨੂੰ ਸਿਰੇ ਚਾੜ੍ਹਣ ਵਿਚ ਸਹਾਇਕ ਹੋਵੋਗੇ।" ਵਿਦਮਾਤਾ ਨੇ ਬੜੇ ਮਾਣ ਨਾਲ ਕਿਹਾ।

"ਮੈਂ ਵੀ।"

"ਹਾਂ, ਤੂੰ ਵੀ।"

ਇਹ ਕਹਿ ਕੇ ਵਿਦਮਾਤਾ ਉਥੋਂ ਚਲੀ ਗਈ। ਪਾਰਬਤੀ ਨੂੰ ਕ੍ਰੋਧ ਆ ਗਿਆ ਤੇ ਕਹਿਣ ਲੱਗੀ, "ਵੇਖੋ, ਕਿਤਨੀ ਆਕੜ ਨਾਲ ਗੱਲ ਕਰ ਰਹੀ ਏ। ਮੈਂ ਇਸ ਦੀ ਆਕੜ ਭੰਨ ਕੇ ਰਹਾਂਗੀ।" ਫਿਰ ਪਾਰਬਤੀ ਨੇ ਸ਼ਿਵ ਜੀ ਨੂੰ ਕਿਹਾ, "ਮਹਾਰਾਜ ! ਮੈਂ ਇਹ ਸੰਜੋਗ ਖੰਡਤ ਕਰ ਕੇ ਪੱਛਮੀ ਦਿਸ਼ਾ ਦੇ ਦੂਲ੍ਹੇ ਨਾਲ ਕੰਨਿਆਂ ਦਾ ਵਿਆਹ ਕਰਨਾ ਚਾਹੁੰਦੀ ਹਾਂ।"

"ਪਾਰਬਤੀ, ਇਹ ਕਿਵੇਂ ਹੋ ਸਕਦਾ ਹੈ। ਪ੍ਰਾਲਬਧ ਨੂੰ ਤੂੰ ਨਹੀਂ ਬਦਲ ਸਕਦੀ।" ਸ਼ਿਵ ਜੀ ਨੇ ਉੱਤਰ ਦਿਤਾ।

"ਪਰ ਤੁਹਾਨੂੰ ਮੇਰੀ ਗੱਲ ਮੰਨਣੀ ਹੀ ਪਏਗੀ, ਜਿਵੇਂ ਮੈਂ ਕਹਾਂਗੀ, ਤੁਸੀਂ ਉਵੇਂ ਹੀ ਕਰੋਗੇ।" ਪਾਰਬਤੀ ਨੇ ਕਿਹਾ।

"ਤੇਰੀ ਮੈਂ ਹਰ ਗੱਲ ਮੰਨਾਂਗਾ, ਪਰ ਯਾਦ ਰੱਖ, ਤੂੰ ਸੰਜੋਗ ਨੂੰ ਨਹੀਂ ਬਦਲ ਸਕੇਂਗੀ।" ਸ਼ਿਵ ਜੀ ਨੇ ਕਿਹਾ।

"ਤਾਂ ਫਿਰ ਇਕ ਕੰਮ ਕਰੋ, ਪੂਰਬੀ ਦਸ਼ਾ ਵਲੋਂ ਆ ਰਹੀ ਬਰਾਤ ਦੇ ਦੂਲ੍ਹੇ ਨੂੰ ਚੁਕਵਾ ਕੇ ਕਿਸੇ ਗੁਫਾ ਵਿਚ ਪਹੁੰਚਾ ਦਿਓ।" ਪਾਰਬਤੀ ਨੇ ਤਰਲਾ ਕੀਤਾ।

"ਮੈਂ ਇਹ ਕੰਮ ਕਰ ਤਾਂ ਦਿਆਂਗਾ, ਪਰ ਇਸ ਦਾ ਲਾਭ ਕੋਈ ਨਹੀਂ ਹੋਣਾ; ਜੇ ਕੰਨਿਆਂ ਦੇ ਸੰਜੋਗ ਪੂਰਬੀ ਦਿਸ਼ਾ ਵਾਲੇ ਦੂਲ੍ਹੇ ਨਾਲ ਹਨ ਤਾਂ ਤੂੰ ਨਹੀਂ ਰੋਕ ਸਕਦੀ।" ਸ਼ਿਵ ਜੀ ਨੇ ਕਿਹਾ।

ਫਿਰ ਪਾਰਬਤੀ ਦੇ ਜ਼ੋਰ ਦੇਣ ਤੇ ਸ਼ਿਵ ਜੀ ਨੇ ਗਰੜ ਨੂੰ ਆਦੇਸ਼ ਦਿਤਾ ਕਿ ਉਹ ਪੂਰਬੀ ਦਿਸ਼ਾ ਵਲੋਂ ਆ ਰਹੀ ਬਰਾਤ ਦੇ ਦੂਲ੍ਹੇ ਨੂੰ ਚੁਕ ਕੇ ਕਿਸੇ ਦੂਰ ਦੁਰਾਡੀ ਗੁਫਾ ਵਿਚ ਛੱਡ ਆਵੇ।

ਗਰੜ ਨੇ ਉਸੇ ਵੇਲੇ ਜਾ ਕੇ ਘੋੜੀ ਉਪਰ ਝਪੱਟਾ ਮਾਰਿਆ ਅਤੇ ਦੂਲ੍ਹੇ ਨੂੰ ਚੁਕ ਕੇ ਇਕ ਗੁਫਾ ਵਿਚ ਛੱਡ ਆਇਆ।

ਉਧਰ ਕੰਨਿਆਂ ਦੀ ਮਾਂ ਤੇ ਪਿਓ ਵਿਚ ਝਗੜਾ ਚਲ ਰਿਹਾ ਸੀ। ਮਾਂ ਆਪਣੇ ਬਚਨਾਂ ਦੀ ਲਾਜ ਰਖਣਾ ਚਾਹੁੰਦੀ ਸੀ, ਪਰ ਪਿਓ ਆਪਣੀ ਜ਼ਬਾਨ ਨੂੰ ਝੁਠਲਾਣਾ ਨਹੀਂ

ਸੀ ਚਾਹੁੰਦਾ। ਕੰਨਿਆਂ ਦੀ ਮਾਂ ਨੇ ਹੁਸ਼ਿਆਰੀ ਕੀਤੀ ਤੇ ਪਤੀ ਨੂੰ ਕਿਹਾ, "ਤੁਸੀਂ ਬੇਸ਼ਕ ਆਪਣੀ ਮਰਜ਼ੀ ਦੇ ਦੂਲ੍ਹੇ ਨਾਲ ਹੀ ਧੀ ਵਿਆਹ ਲਓ, ਪਰ ਮੇਰੀ ਪੱਤ ਮਿੱਟੀ ਵਿਚ ਤਾਂ ਨਾ ਰੋਲੋ। ਮੇਰੇ ਪੇਕੇ ਪਿੰਡੋਂ ਜਿਹੜੀ ਬਰਾਤ ਆਈ ਏ, ਉਸ ਨੂੰ ਖਾਣਾ ਤਾਂ ਭਿਜਵਾ ਦਿਓ, ਉਹ ਖਾ ਪੀ ਕੇ ਵਾਪਸ ਚਲੇ ਜਾਣਗੇ।"

ਸ਼ਾਹੂਕਾਰ ਇਹ ਗੱਲ ਮੰਨ ਗਿਆ।

ਉਸੇ ਵੇਲੇ ਇਕ ਵੱਡੇ ਸਾਰੇ ਸੰਦੂਕ ਵਿਚ ਖਾਣਾ ਰਖ ਕੇ ਪੱਛਮੀ ਦਿਸ਼ਾ ਵਾਲੀ ਬਰਾਤ ਵਲ ਭੇਜਣ ਦੀ ਤਿਆਰੀ ਹੋਣ ਲੱਗੀ। ਮਾਂ ਨੇ ਹੁਸ਼ਿਆਰੀ ਵਿਖਾਉਂਦਿਆਂ ਉਸ ਸੰਦੂਕ ਵਿਚ ਖਾਣੇ ਦੇ ਨਾਲ ਹੀ ਕੰਨਿਆਂ ਨੂੰ ਸ਼ਿੰਗਾਰ ਕੇ ਬਿਠਾ ਦਿਤਾ, ਤਾਂ ਜੋ ਚੁਪ-ਚੁਪੀਤੇ ਉਥੇ ਲਾਵਾਂ ਫੇਰੇ ਦਿਵਾ ਕੇ, ਉਥੋਂ ਹੀ ਕੰਨਿਆਂ ਦੀ ਡੋਲੀ ਤੋਰ ਦਿਤੀ ਜਾਵੇ।

ਉਧਰ ਸ਼ਿਵ ਜੀ ਤੇ ਪਾਰਬਤੀ ਬੈਠੇ ਗੱਲਾਂ ਕਰ ਰਹੇ ਸਨ। ਪਾਰਬਤੀ ਕਹਿਣ ਲੱਗੀ, "ਮੈਂ ਵਿਦਮਾਤਾ ਦਾ ਅਹੰਕਾਰ ਤੋੜ ਕੇ ਰੱਖ ਦਿਆਂਗੀ।"

"ਉਹ ਤਾਂ ਠੀਕ ਏ, ਪਰ ਜੇ ਉਹ ਪੂਰਬੀ ਦਿਸ਼ਾ ਵਾਲਾ ਦੂਲ੍ਹਾ ਭੁੱਖ ਨਾਲ ਹੀ ਮਰ ਗਿਆ ਤਾਂ ਵਿਦਮਾਤਾ ਦੀ ਹਾਰ ਨਹੀਂ ਹੋਵੇਗੀ। ਹਾਂ, ਜੇ ਪੂਰਬੀ ਦਿਸ਼ਾ ਦਾ ਗਭਰੂ ਜ਼ਿੰਦਾ ਹੋਵੇ, ਤਾਂ ਦੂਜੀ ਥਾਂ ਕੰਨਿਆਂ ਦਾ ਵਿਆਹ ਹੋ ਜਾਵੇ, ਫਿਰ ਉਹ ਤੇਰੀ ਸ਼ਕਤੀ ਮੰਨੇਗੀ।" ਸ਼ਿਵ ਜੀ ਨੇ ਕਿਹਾ।

"ਤਾਂ ਫਿਰ ਗੁਫਾ ਵਿਚ ਉਸ ਨੂੰ ਖਾਣਾ ਪਹੁੰਚਾਣਾ ਜ਼ਰੂਰੀ ਏ।" ਪਾਰਬਤੀ ਨੇ ਕਿਹਾ, "ਤੁਸੀਂ ਖਾਣਾ ਭਿਜਵਾਣ ਦਾ ਕੋਈ ਪ੍ਰਬੰਧ ਕਰੋ।"

ਉਸੇ ਵੇਲੇ ਸ਼ਿਵ ਨੇ ਗਰੜ ਨੂੰ ਆਦੇਸ਼ ਦਿਤਾ ਕਿ ਉਹ ਜਿਸ ਗੁਫਾ ਵਿਚ ਦੂਲ੍ਹੇ ਨੂੰ ਛੱਡ ਆਇਆ ਹੈ, ਉਥੇ ਖਾਣਾ ਵੀ ਪਹੁੰਚਾ ਦੇਵੇ।

ਗਰੜ ਉੱਡਦਾ ਹੋਇਆ ਕੰਨਿਆਂ ਦੇ ਘਰ ਗਿਆ। ਉਥੇ ਚਾਰ ਕਹਾਰ ਖਾਣੇ ਦਾ ਸੰਦੂਕ ਚੁਕ ਕੇ ਪੱਛਮੀ ਦਿਸ਼ਾ ਵਲ ਲਿਜਾ ਰਹੇ ਸਨ। ਗਰੜ ਨੇ ਉਹ ਸੰਦੂਕ ਝਪਟਾ ਲਈ ਅਤੇ ਗੁਫਾ ਵਿਚ ਹੀ ਪਹੁੰਚਾ ਦਿਤੀ।

ਜਦੋਂ ਦੂਲ੍ਹੇ ਨੇ ਸੰਦੂਕ ਖੋਲ੍ਹਿਆ ਤਾਂ ਉਸ ਵਿਚ ਭੋਜਨ ਤੋਂ ਇਲਾਵਾ ਕੰਨਿਆਂ ਵੀ ਸੀ। ਉਨ੍ਹਾਂ ਦੋਹਾਂ ਨੇ ਇਕ ਦੂਜੇ ਦੇ ਗਲ ਵਿਚ ਹਾਰ ਪਾ ਕੇ ਵਿਆਹ ਕਰ ਲਿਆ ਤੇ ਭੋਜਨ ਛਕਣ ਲੱਗੇ।

ਵਿਦਮਾਤਾ ਫਿਰ ਉਧਰੋਂ ਦੀ ਲੰਘੀ ਜਿਥੇ ਸ਼ਿਵ ਜੀ ਤੇ ਪਾਰਬਤੀ ਬੈਠੇ ਸਨ। ਪਾਰਬਤੀ ਨੇ ਵਿਦਮਾਤਾ ਨੂੰ ਆਵਾਜ਼ ਮਾਰ ਕੇ ਕਿਹਾ, "ਨੀ, ਹੁਣ ਤੂੰ ਸੰਜੋਗ ਕਿਵੇਂ ਜੋੜੇਂਗੀ ?"

ਵਿਦਮਾਤਾ ਨੇ ਹੱਸ ਕੇ ਕਿਹਾ, "ਉਹ ਸੰਜੋਗ ਤਾਂ ਜੁੜ ਗਿਆ ਏ। ਕੰਨਿਆਂ ਦਾ ਵਿਆਹ ਪੂਰਬੀ ਦਿਸ਼ਾ ਵਾਲੇ ਦੂਲ੍ਹੇ ਨਾਲ ਹੀ ਹੋਇਆ ਏ।"

"ਪਰ ਉਹ ਤਾਂ ਗੁਫਾ ਵਿਚ ਬੰਦ ਏ !"

"ਹਾਂ, ਕੰਨਿਆਂ ਨੂੰ ਉਥੇ ਹੀ ਪਹੁੰਚਾ ਦਿਤਾ ਗਿਆ।"

"ਕਿਸ ਨੇ ਪਹੁੰਚਾਇਆ ਏ ?"

"ਤੂੰ।"

ਤੇ ਫਿਰ ਉਸ ਨੇ ਸਾਰੀ ਗੱਲ ਪਾਰਬਤੀ ਨੂੰ ਵੇਰਵੇ ਨਾਲ ਦੱਸੀ। ਪਾਰਬਤੀ ਨਿਰਾਸ ਹੋ ਕੇ ਸ਼ਿਵ ਜੀ ਵਲ ਵੇਖਣ ਲੱਗੀ। ਸ਼ਿਵ ਜੀ ਨੇ ਕਿਹਾ, "ਤੂੰ ਤੇ ਮੈਂ ਹੀ ਇਸ ਸੰਜੋਗ ਵਿਚ ਸਹਾਇਕ ਬਣੇ ਹਾਂ।"

ਸਬਰ ਦੀ ਹੱਦ

ਇਕ ਵਾਰ ਇਕ ਮੁਸਾਫ਼ਿਰ ਘੋੜੀ ਉਤੇ ਸਵਾਰ ਹੋ ਕੇ ਕਿਸੇ ਜੰਗਲ ਬੀਆਬਾਨ ਵਿਚੋਂ ਲੰਘ ਰਿਹਾ ਸੀ। ਉਹ ਕਾਫ਼ੀ ਥੱਕ ਗਿਆ। ਸੋ ਇਕ ਪਹਾੜੀ ਦੀ ਓਟ ਵਿਚ, ਕਿਸੇ ਦਰੱਖ਼ਤ ਨਾਲ ਆਪਣੀ ਘੋੜੀ ਨੂੰ ਬੰਨ੍ਹ ਕੇ, ਉਹ ਆਰਾਮ ਕਰਨ ਲਈ ਲੇਟ ਗਿਆ। ਇਕ ਤਾਂ ਠੰਢੀ ਹਵਾ ਵਗ ਰਹੀ ਸੀ, ਦੂਜਾ ਉਹ ਥੱਕਿਆ ਹੋਇਆ ਸੀ, ਸੋ ਨੀਂਦਰ ਨੇ ਆ ਘੇਰਿਆ ਅਤੇ ਉਹ ਘੂਕ ਸੌਂ ਗਿਆ।

ਉਸੇ ਪਹਾੜੀ ਦੀ ਉਤਰਾਈ ਵਲ, ਰਤਾ ਕੁ ਇਕ ਪਾਸੇ ਇਕ ਗੁਫ਼ਾ ਸੀ, ਜਿਥੇ ਇਕ ਚੋਰ ਲੁਕ ਛਿਪ ਕੇ ਰਿਹਾ ਕਰਦਾ ਸੀ। ਦਰੱਖ਼ਤ ਨਾਲ ਬੱਧੀ ਘੋੜੀ ਜਦ ਹਿਣਕੀ ਤਾਂ ਉਸ ਦੀ ਆਵਾਜ਼ ਸੁਣ ਕੇ ਚੋਰ ਗੁਫ਼ਾ ਵਿਚੋਂ ਬਾਹਰ ਆਇਆ ਅਤੇ ਉਸ ਥਾਂ ਪੁੱਜਾ ਜਿਥੇ ਘੋੜੀ ਬੱਧੀ ਹੋਈ ਸੀ। ਚੋਰ ਨੇ ਮੁਸਾਫ਼ਿਰ ਨੂੰ ਸੁੱਤਾ ਵੇਖ ਕੇ ਹੌਲੇ ਜਿਹੇ ਘੋੜੀ ਦੀ ਰੱਸੀ ਖੋਲ੍ਹੀ ਅਤੇ ਉਸ ਨੂੰ ਪੁਚਕਾਰਦਾ ਹੋਇਆ ਹੇਠਾਂ ਗੁਫ਼ਾ ਵਿਚ ਲੈ ਗਿਆ।

ਕੁਝ ਦੇਰ ਬਾਅਦ ਮੁਸਾਫ਼ਿਰ ਦੀ ਅੱਖ ਖੁਲ੍ਹੀ ਤੇ ਦਰੱਖ਼ਤ ਨਾਲ ਆਪਣੀ ਘੋੜੀ ਬੰਨ੍ਹੀ ਨਾ ਵੇਖ ਕੇ ਉਹ ਬੜਾ ਪਰੇਸ਼ਾਨ ਹੋਇਆ। ਉਸ ਨੇ ਚਾਰੇ ਪਾਸੇ ਨਜ਼ਰ ਮਾਰੀ, ਪਰ ਘੋੜੀ ਉਸ ਨੂੰ ਕਿਧਰੇ ਵੀ ਦਿਖਾਈ ਨਾ ਦਿਤੀ। ਅਖ਼ੀਰ ਉਹ ਨਿਰਾਸ਼ ਹੋ ਕੇ ਉਥੇ ਹੀ ਲੰਮਾ ਪੈ ਗਿਆ। ਉਪਰੋਂ ਦਿਨ ਢਲਣ ਲੱਗਾ ਪਰ ਮੁਸਾਫ਼ਿਰ ਉਥੇ ਹੀ ਲੇਟਿਆ ਰਿਹਾ।

ਜਦੋਂ ਚੋਰ ਨੇ ਦੇਖਿਆ ਕਿ ਮੁਸਾਫ਼ਿਰ ਉਥੋਂ ਹਿੱਲਣ ਦਾ ਨਾਂ ਨਹੀਂ ਲੈ ਰਿਹਾ, ਤਾਂ ਉਹ ਘੋੜੀ ਨੂੰ ਗੁਫ਼ਾ ਵਿਚ ਹੀ ਛੱਡ, ਆਪ ਪੈਦਲ ਪਹਾੜੀ ਰਸਤੇ ਉਤੋਂ ਵਲਾ ਮਾਰ ਕੇ ਉਥੇ ਪੁੱਜਾ ਜਿਥੇ ਮੁਸਾਫ਼ਿਰ ਬਿਸਰਾਮ ਕਰ ਰਿਹਾ ਸੀ ਅਤੇ ਉਥੋਂ ਇਉਂ ਲੰਘਿਆ ਜਿਵੇਂ ਉਹ ਵੀ ਕੋਈ ਮੁਸਾਫ਼ਿਰ ਹੋਵੇ। ਫਿਰ ਉਹ ਮੁਸਾਫ਼ਿਰ ਕੋਲੋਂ ਪੁੱਛਣ ਲੱਗਾ, "ਭਈ ਤੂੰ ਕਿਉਂ ਏਥੇ ਲੰਮਾ ਪਿਆ ਹੋਇਆ ਏਂ, ਉਤੋਂ ਸੂਰਜ ਡੁੱਬਣ ਲੱਗਾ ਏ, ਤੇ ਤੂੰ ਇਥੇ ਕਿਉਂ ਆਰਾਮ ਨਾਲ ਬੈਠਾ ਏਂ, ਜਿਵੇਂ ਅੱਗੇ ਜਾਣਾ ਹੀ ਨਹੀਂ ਹੁੰਦਾ।"

ਮੁਸਾਫ਼ਿਰ ਉਠ ਬੈਠਾ ਅਤੇ ਕਹਿਣ ਲੱਗਾ, "ਭਾਈ ਮੇਰਾ ਪੈਂਡਾ ਖੋਟਾ ਹੋ ਗਿਆ ਏ, ਮੈਂ ਇਥੇ ਘੋੜੀ ਬੰਨ੍ਹ ਕੇ ਲੇਟਿਆ ਸਾਂ, ਕੋਈ ਚੋਰ ਘੋੜੀ ਖੋਲ੍ਹ ਕੇ ਲੈ ਗਿਆ ਏ। ਪਰ ਮੈਂ ਵੀ ਬੜਾ ਢੀਠ ਹਾਂ, ਇਥੇ ਹੀ ਲੇਟਿਆ ਰਹਾਂਗਾ; ਮੈਂ ਕਈ ਸਾਲ ਤੇ ਰਾਤਾਂ ਲੰਘਾ ਦੇਣੀਆਂ ਨੇ। ਅਖ਼ੀਰ ਕਦੇ ਤਾਂ ਉਹ ਚੋਰ ਇਥੋਂ ਘੋੜੀ ਲੈ ਕੇ ਲੰਘੇਗਾ।

ਜੇ ਉਹ ਘੋੜੀ ਸੂ ਪਈ ਤਾਂ ਵਿਛੇਰੀ ਵੱਡੀ ਹੋਣ ਤਕ ਤਾਂ ਮੈਂ ਇਥੇ ਹੀ ਉਡੀਕ ਕਰਾਂਗਾ। ਫਿਰ ਵੇਖੀ ਜਾਵੇਗੀ। ਕਦੇ ਨਾ ਕਦੇ ਤਾਂ ਚੋਰ ਪਕੜਿਆ ਜਾਏਗਾ, ਰਾਹ ਤਾਂ ਇਹੋ ਹੈ ਨਾ।"

ਚੋਰ ਮੁਸਾਫ਼ਿਰ ਦੀ ਗੱਲ ਸੁਣ ਕੇ ਹੈਰਾਨ ਰਹਿ ਗਿਆ ਅਤੇ ਆਖਣ ਲੱਗਾ, "ਵਾਹ, ਘੋੜੀ ਲਈ ਏਨੀ ਲੰਮੀ ਉਡੀਕ ਕਰੇਂਗਾ।"

"ਹੋਰ ਨਹੀਂ, ਮੇਰਾ ਸਬਰ ਕਿਸੇ ਡਿੱਠਾ ਨਹੀਂ; ਭਾਈ, ਤੂੰ ਕਿਉਂ ਆਪਣਾ ਪੰਧ ਖੋਟਾ ਕਰਦੈਂ, ਤੂੰ ਜਾਹ ਆਪਣੇ ਰਾਹੇ ਪੈ, ਉਤੋਂ ਰਾਤ ਪੈਂਦੀ ਪਈ ਏ।"

ਚੋਰ ਸੋਚਣ ਲੱਗਾ ਕਿ ਇਸ ਮੁਸਾਫ਼ਿਰ ਨੇ ਤਾਂ ਘੋੜੀ ਲਏ ਬਗੈਰ ਹਿਲਣਾ ਨਹੀਂ, ਜਿਹੜਾ ਘੋੜੀ ਦੇ ਸੂਣ ਪਿਛੋਂ ਉਸ ਦੀ ਵਿਛੇਰੀ ਨੂੰ ਪਛਾਣਨ ਦੀਆਂ ਆਸਾਂ ਲਾਈ ਬੈਠਾ ਹੈ, ਉਸ ਦਾ ਸਬਰ ਕੀ ਅਜ਼ਮਾਣਾ ਹੋਇਆ।

ਚੋਰ ਉਸੇ ਵੇਲੇ ਹੇਠਾਂ ਗੁਫਾ ਵਿਚ ਗਿਆ ਅਤੇ ਘੋੜੀ ਲਿਆ ਕੇ ਮੁਸਾਫ਼ਿਰ ਨੂੰ ਦੇਂਦਿਆਂ ਕਹਿਣ ਲੱਗਾ, "ਲੈ ਭਾਈ ਆਪਣੀ ਚੀਜ਼ ਸੰਭਾਲ, ਸਾਡੇ ਵਿਚ ਤੇਰੇ ਜਿੰਨਾ ਸਬਰ ਨਹੀਂ, ਅਸੀਂ ਤਾਂ ਹੋਰ ਘੜੀ ਦੋ ਘੜੀ ਹੀ ਉਡੀਕ ਕਰ ਸਕਦੇ ਹਾਂ। ਤੇਰੀ ਘੋੜੀ ਸਾਨੂੰ ਨਹੀਂ ਪੁਜਦੀ। ਸਬਰ ਦੀ ਇਕ ਹੱਦ ਹੁੰਦੀ ਏ।"

ਤ੍ਰਿੰਡਾ

ਇਕ ਵਾਰ ਇਕ ਸ਼ਖ਼ਸ ਜਿਸ ਦਾ ਨਾਂ ਸੰਤੂ ਸੀ, ਘਰੋਂ ਕੰਮ ਕਾਜ ਦੀ ਭਾਲ ਵਿਚ ਨਿਕਲ ਪਿਆ। ਕਿਸੇ ਦੂਜੇ ਪਿੰਡ ਜਾ ਕੇ, ਉਹ ਇਕ ਦਰੱਖ਼ਤ ਹੇਠਾਂ ਬੈਠਾ ਆਪਣੇ ਭਵਿੱਖ ਬਾਰੇ ਸੋਚ ਰਿਹਾ ਸੀ ਕਿ ਸਾਹਮਣੇ ਉਸ ਨੇ ਇਕ ਭਠਿਆਰਣ ਤੰਦੂਰ ਤਪਾ ਕੇ ਰੋਟੀਆਂ ਲਗਾਂਦੀ ਵੇਖੀ। ਭਠਿਆਰਣ ਨੇ ਸੰਤੂ ਨੂੰ ਨਹੀਂ ਸੀ ਵੇਖਿਆ। ਉਹ ਸਹਿਜ ਸੁਭਾਅ ਆਪਣੇ ਕੰਮ ਵਿਚ ਜੁਟੀ ਰਹੀ। ਉਸ ਨੇ ਇਕ ਇਕ ਕਰ ਕੇ ਤੰਦੂਰ ਵਿਚ ਰੋਟੀਆਂ ਲਗਾਈਆਂ। ਹਰ ਵਾਰ ਉਹ ਤੰਦੂਰ ਵਿਚ ਰੋਟੀ ਥੱਪ ਕੇ, ਦੋਹਾਂ ਹੱਥਾਂ ਨਾਲ ਤਾੜੀ ਮਾਰਦੀ ਸੀ। ਸੰਤੂ ਨੇ ਵੇਖਿਆ ਕਿ ਉਸ ਨੇ ਪੰਦਰਾਂ ਵਾਰ ਤਾੜੀ ਮਾਰੀ ਹੈ। ਸੋ ਮਤਲਬ ਸਾਫ਼ ਸੀ ਕਿ ਭਠਿਆਰਣ ਨੇ ਤੰਦੂਰ ਵਿਚ ਪੰਦਰਾਂ ਰੋਟੀਆਂ ਲਗਾਈਆਂ ਸਨ।

ਜਦੋਂ ਭਠਿਆਰਣ ਤੰਦੂਰ ਵਿਚ ਰੋਟੀਆਂ ਥੱਪ ਕੇ ਹਟੀ ਤਾਂ ਸੰਤੂ ਉਸ ਦੇ ਕੋਲ ਜਾ ਖੜਾ ਹੋਇਆ ਤੇ ਕਹਿਣ ਲੱਗਾ, "ਮਾਈ, ਤੂੰ ਤੰਦੂਰ ਕੱਜਿਆ ਹੋਇਆ ਏ, ਜੇ ਮੈਂ ਦੱਸ ਦਿਆਂ ਕਿ ਤੇਰੇ ਤੰਦੂਰ ਵਿਚ ਕਿਤਨੀਆਂ ਰੋਟੀਆਂ ਨੇ ?"

"ਤਾਂ ਤੂੰ ਵਲੀ ਹੋਇਆ।" ਭਠਿਆਰਣ ਨੇ ਸੰਤੂ ਵਲ ਨਿਗਾਹ ਮਾਰਦੇ ਹੋਏ ਕਿਹਾ।

"ਤੇਰੇ ਤੰਦੂਰ ਵਿਚ ਪੂਰੀਆਂ ਪੰਦਰਾਂ ਰੋਟੀਆਂ ਨੇ।" ਸੰਤੂ ਨੇ ਇਉਂ ਕਿਹਾ ਜਿਵੇਂ ਉਸ ਨੂੰ ਗ਼ੈਬੋਂ ਗਿਆਨ ਹੋਇਆ ਹੋਵੇ।

ਭਠਿਆਰਣ ਨੇ ਤੰਦੂਰ ਵਿਚੋਂ ਰੋਟੀਆਂ ਕੱਢ ਕੇ ਗਿਣੀਆਂ। ਪੂਰੀਆਂ ਪੰਦਰਾਂ ਰੋਟੀਆਂ ਨਿਕਲੀਆਂ। ਫਿਰ ਕੀ ਸੀ ਤੰਦੂਰ ਉਪਰ ਬੈਠੀਆਂ ਤੀਵੀਆਂ ਨੇ ਸੰਤੂ ਦੇ ਪੈਰ ਛੂਹਣੇ ਸ਼ੁਰੂ ਕਰ ਦਿਤੇ। ਕਿਸੇ ਨੇ ਸੰਤੂ ਨੂੰ ਭੋਗ ਲਗਾਣ ਲਈ ਰੋਟੀ ਦਿਤੀ, ਕਿਸੇ ਘਰੋਂ ਫਲ ਲਿਆ ਦਿਤੇ। ਸੰਤੂ ਦੇ ਕਪੜੇ ਵੈਸੇ ਵੀ ਫ਼ਕੀਰਾਂ ਵਾਲੇ ਸਨ। ਸੋ, ਉਸ ਨੂੰ ਫ਼ਕੀਰੀ ਮਿਲ ਗਈ। ਸਾਰੇ ਪਿੰਡ ਵਿਚ ਉਸ ਪਹੁੰਚੇ ਹੋਏ ਫ਼ਕੀਰ ਦੀ ਖ਼ਬਰ ਫੈਲ ਗਈ।

ਸੰਤੂ ਨੇੜੇ ਹੀ ਇਕ ਦਰੱਖਤ ਹੇਠਾਂ ਆਸਨ ਵਿਛਾ ਕੇ ਬੈਠ ਗਿਆ। ਲੋਕੀਂ ਉਸ ਨੂੰ ਇੱਜ਼ਤ ਮਾਣ ਦੇਣ ਲੱਗੇ। ਕੋਈ ਉਸ ਨੂੰ ਆਪਣੇ ਘਰ ਖਾਣੇ ਦੀ ਦਾਅਵਤ ਦਿੰਦਾ। ਕੋਈ ਉਸ ਤੋਂ ਦੁਖਾਂ ਦੀ ਨਵਿਰਤੀ ਦੇ ਉਪਾਅ ਪੁਛਦਾ। ਕੋਈ ਸੰਤਾਨ ਮੰਗਦਾ।

ਇਕ ਵੇਰ ਇਕ ਬੁੱਢੀ ਮਾਈ ਦੀ ਮੱਝ ਗੁੰਮ ਹੋ ਗਈ। ਉਸ ਨੇ ਸਾਰਾ ਪਿੰਡ ਛਾਣ ਮਾਰਿਆ, ਪਰ ਮੱਝ ਕਿਧਰੋਂ ਵੀ ਨਾ ਲੱਭੀ। ਲੋਕਾਂ ਨੇ ਮਾਈ ਨੂੰ ਕਿਹਾ ਕਿ ਉਹ ਸੰਤੂ ਫ਼ਕੀਰ ਕੋਲੋਂ ਪੁਛੇ। ਉਹ ਦੈਵੀ ਸ਼ਕਤੀ ਦੁਆਰਾ ਮੱਝ ਦਾ ਅਤਾ ਪਤਾ ਦਸ ਦੇਵੇਗਾ। ਬੁੱਢੀ ਦੌੜਦੀ ਹੋਈ ਸੰਤੂ ਕੋਲ ਗਈ। ਸੰਤੂ ਬੜਾ ਬੁਰਾ ਫਸਿਆ।

ਸੰਤੂ ਨੇ ਕੁਝ ਗਿਣਤੀਆਂ ਕਰ ਕੇ ਦਸਿਆ, "ਮਾਈ ! ਮੱਝ ਪੱਛਮ ਵਾਲੇ ਪਾਸੇ ਹੈ ਅਤੇ ਸਵੇਰ ਤਕ ਤੇਰੇ ਘਰ ਜ਼ਰੂਰ ਪਹੁੰਚ ਜਾਵੇਗੀ। ਚਿੰਤਾ ਦੀ ਕੋਈ ਲੋੜ ਨਹੀਂ।"

ਮਾਈ ਤਾਂ ਚਲੀ ਗਈ। ਪਰ ਹੁਣ ਸੰਤੂ ਨੂੰ ਫ਼ਿਕਰ ਹੋਇਆ ਕਿ ਜੇ ਮੱਝ ਸਵੇਰੇ ਤਕ ਮਾਈ ਦੇ ਘਰ ਨਾ ਪੁੱਜੀ ਤਾਂ ਕੀ ਬਣੇਗਾ ? ਉਸ ਦੀ ਅਜ਼ਮਤ ਮਿੱਟੀ ਵਿਚ ਮਿਲ ਜਾਵੇਗੀ, ਸੋ, ਉਹ ਤ੍ਰਿਕਾਲਾਂ ਪੈਂਦਿਆਂ ਹੀ ਆਪਣੀ ਥਾਂ ਤੋਂ ਉਠਿਆ ਤੇ ਆਲੇ ਦੁਆਲੇ ਦੇ ਖੇਤਾਂ ਤੇ ਜੰਗਲਾਂ ਵਿਚ ਮੱਝ ਨੂੰ ਢੂੰਡਣ ਲੱਗਾ। ਅੱਧੀ ਰਾਤ ਤਕ ਸੰਤੂ ਮੱਝ ਨੂੰ ਥਾਂ ਪਰ ਥਾਂ ਢੂੰਡਦਾ ਰਿਹਾ ਅਤੇ ਅਖ਼ੀਰ ਉਸ ਨੂੰ ਮੱਝ ਜੰਗਲ ਵਿਚ ਅੜਿੰਗਦੀ ਹੋਈ ਮਿਲ ਗਈ। ਉਸ ਨੇ ਮੱਝ ਨੂੰ ਫੜ ਕੇ ਪਿੰਡ ਲਿਆਂਦਾ ਅਤੇ ਚੁਪ ਚੁਪੀਤੇ ਮਾਈ ਦੇ ਕਿੱਲੇ ਉਤੇ ਬੰਨ੍ਹ ਆਇਆ।

ਸਵੇਰੇ ਜਦੋਂ ਮਾਈ ਨੇ ਕਿੱਲੇ ਉਪਰ ਮੱਝ ਬੱਝੀ ਵੇਖੀ ਤਾਂ ਉਹ ਸੰਤੂ ਦੀ ਅਜ਼ਮਤ ਉਪਰ ਬੜੀ ਪ੍ਰਸੰਨ ਹੋਈ ਤੇ ਉਸ ਨੇ ਸੰਤੂ ਅੱਗੇ ਦਾਣਿਆਂ ਦਾ ਢੇਰ ਲਗਾ ਦਿਤਾ। ਸਾਰੇ ਪਿੰਡ ਵਿਚ ਸੰਤੂ ਦੇ ਪਾਰਦਰਸ਼ੀ ਹੋਣ ਦੀ ਗੱਲ ਫੈਲ ਗਈ।

ਗੱਲ ਰਾਜੇ ਤਕ ਪੁੱਜੀ। ਇਲਾਕੇ ਦਾ ਰਾਜਾ, ਸੰਤੂ ਫ਼ਕੀਰ ਦੀ ਮਹਿਮਾ ਸੁਣ ਕੇ, ਆਪਣੇ ਦਰਬਾਰੀਆਂ ਸਮੇਤ ਉਥੇ ਪੁਜਾ। ਰਾਜੇ ਨੇ ਸੰਤੂ ਨੂੰ ਕਿਹਾ, "ਮਹਾਰਾਜ, ਮੈਨੂੰ ਤੁਹਾਡੇ ਵਰਗੇ ਫ਼ਕੀਰ ਦੀ ਲੋੜ ਹੈ। ਤੁਹਾਨੂੰ ਮੈਂ ਸ਼ਾਹੀ ਫ਼ਕੀਰ ਦੇ ਰੂਪ ਵਿਚ ਨਿਵਾਜਣਾ ਚਾਹੁੰਦਾ ਹਾਂ, ਤਾਂ ਜੋ ਜਦੋਂ ਕਿਧਰੋਂ ਕੋਈ ਖ਼ਤਰਾ ਹੋਵੇ ਤਾਂ ਤੁਸੀਂ ਮੈਨੂੰ ਪਹਿਲੋਂ ਹੀ ਜਾਣੂ ਕਰਵਾ ਦੇਵੋ। ਪਰ ਪਹਿਲਾਂ ਮੈਂ ਤੁਹਾਡਾ ਇਮਤਿਹਾਨ ਲੈਣਾ ਚਾਹੁੰਦਾ ਹਾਂ।" ਫਿਰ ਰਾਜੇ ਨੇ ਝਾੜੀਆਂ ਵਿਚੋਂ ਕੋਈ ਚੀਜ਼ ਫੜ ਕੇ ਆਪਣੀ ਮੁੱਠ ਵਿਚ ਬੰਦ ਕਰ ਲਈ ਤੇ ਸੰਤੂ ਨੂੰ ਕਹਿਣ ਲੱਗਾ, "ਮਹਾਰਾਜ ! ਦਸੋ ਮੇਰੀ ਮੁੱਠੀ ਵਿਚ ਕੀ ਏ ?"

ਸੰਤੂ ਘਬਰਾ ਗਿਆ। ਉਹ ਕਿਵੇਂ ਦਸੇ ਕਿ ਰਾਜੇ ਦੀ ਬੰਦ ਮੁੱਠੀ ਵਿਚ ਕਿਹੜੀ ਚੀਜ਼ ਹੈ। ਜੇ ਉਹ ਨਹੀਂ ਦਸਦਾ ਤਾਂ ਉਸ ਦਾ ਪਾਜ ਉਘੜ ਜਾਂਦਾ ਹੈ। ਸੰਤੂ ਦਾ ਦਿਲ ਕੀਤਾ ਕਿ ਉਹ ਉਥੋਂ ਨੱਠ ਜਾਵੇ, ਪਰ ਚਾਰੇ ਪਾਸੇ ਰਾਜੇ ਦੇ ਅਹਿਲਕਾਰ ਉਸ ਨੂੰ ਘੇਰੀ ਬੈਠੇ ਸਨ। ਸੋ, ਸੰਤੂ ਘਬਰਾ ਕੇ ਕਹਿਣ ਲੱਗਾ :

ਪਹਿਲੀ ਬੁਝੀ ਗਿਣ ਗਿਣਾਈ,
ਦੂਜੀ ਜਾਣੀ ਲਭ ਲਭਾਈ,
ਤ੍ਰਿਡਿਆ, ਹੁਣ ਤੂੰ ਫਾਥਾ ਔਖੀ ਜਾਈ।

ਭਾਵ : ਪਹਿਲੀ ਗੱਲ ਤੰਦੂਰ ਵਾਲੀ ਤਾਂ ਮੈਂ ਚੋਰੀ ਰੋਟੀਆਂ ਗਿਣ ਕੇ ਬੁਝੀ ਸੀ; ਦੂਜੀ ਵਾਰ ਮੈਂ ਖ਼ੁਦ ਮੱਝ ਲੱਭ ਕੇ ਕਿੱਲੇ 'ਤੇ ਲਿਆ ਬੰਨ੍ਹੀ ਸੀ। ਹੁਣ ਤ੍ਰਿੱਡਾ (ਪਿੰਡ ਵਿਚ ਸੰਤੂ ਨੂੰ ਤ੍ਰਿੱਡਾ ਕਹਿੰਦੇ ਸਨ) ਕੀ ਕਰੇਗਾ ? ਬੁਰਾ ਫਸਿਆ ਹੈ।

ਦੇਵਨੈਤ ਰਾਜੇ ਦੀ ਮੁੱਠ ਵਿਚ ਤ੍ਰਿੱਡਾ ਸੀ। ਜਦੋਂ ਰਾਜੇ ਮੁੱਠ ਖੋਲ੍ਹੀ ਤਾਂ ਅਹਿਲਕਾਰ ਸੰਤੂ ਨੂੰ ਪਾਰਦਰਸ਼ੀ ਸਮਝ ਕੇ ਚਰਨੀਂ ਡਿਗ ਪਏ। ਰਾਜੇ ਨੇ ਸੰਤੂ ਦੇ ਸ਼ਾਹੀ ਫ਼ਕੀਰ ਹੋਣ ਦਾ ਐਲਾਨ ਉਥੇ ਹੀ ਕਰ ਦਿਤਾ।

ਪਰਾਏ ਧਨ ਦਾ ਹਸ਼ਰ

ਇਕ ਮਹਾਤਮਾ ਗੰਗਾ ਮਾਈ ਦਾ ਵੱਡਾ ਭਗਤ ਸੀ। ਉਸ ਦੀ ਇੱਛਾ ਸੀ ਕਿ ਉਹ ਹਰਦੁਆਰ ਜਾ ਕੇ ਗੰਗਾ ਮਾਈ ਨਮਿਤ ਇਕ ਵਡਾ ਸਾਰਾ ਭੰਡਾਰਾ ਕਰੇ, ਜਿਸ ਵਿਚ ਸਾਰੇ ਦੇਸ਼ ਦੇ ਸਾਧੂ ਸੰਤ ਆ ਕੇ ਭੋਗ ਲਗਾਣ। ਇਤਨੇ ਵੱਡੇ ਭੰਡਾਰੇ ਵਾਸਤੇ ਕਾਫ਼ੀ ਸਾਰਾ ਧਨ ਚਾਹੀਦਾ ਸੀ। ਸੋ ਮਹਾਤਮਾ ਨੇ ਰੁਪਏ ਜੋੜਨੇ ਸ਼ੁਰੂ ਕਰ ਦਿਤੇ। ਮਹਾਤਮਾ ਡੰਡਾਧਾਰੀ ਸੀ। ਉਸ ਨੇ ਇਕ ਅਜਿਹਾ ਡੰਡਾ ਬਣਵਾਇਆ ਜੋ ਅੰਦਰੋਂ ਖੋਖਲਾ ਸੀ। ਉਸ ਡੰਡੇ ਵਿਚ ਮਹਾਤਮਾ ਰੁਪਏ ਇਕੱਠੇ ਕਰਦਾ ਗਿਆ। ਕਈ ਵਰ੍ਹਿਆਂ ਮਗਰੋਂ ਜਦੋਂ ਉਹ ਡੰਡਾ ਸੋਨੇ ਦੀਆਂ ਮੁਹਰਾਂ ਨਾਲ ਭਰ ਗਿਆ, ਤਾਂ ਮਹਾਤਮਾ ਹਰਦੁਆਰ ਵਲ ਤੁਰ ਪਿਆ।

ਰਸਤੇ ਵਿਚ ਮਹਾਤਮਾ ਆਪਣੇ ਇਕ ਸ਼ਰਧਾਲੂ ਹਟਵਾਣੀਏ ਦੇ ਘਰ ਰਾਤ ਠਹਿਰਿਆ। ਉਹ ਹਟਵਾਣੀਆ ਬੜਾ ਲੋਭੀ ਤੇ ਨੀਚ ਸੁਭਾਅ ਦਾ ਸੀ। ਮਹਾਤਮਾ ਨੂੰ ਡੰਡੇ ਦਾ ਵਿਸਾਹ ਨਾ ਖਾਂਦੇ ਵੇਖ ਉਸ ਨੂੰ ਸ਼ੱਕ ਪਿਆ ਕਿ ਮਹਾਤਮਾ ਦੇ ਡੰਡੇ ਦੇ ਅੰਦਰ ਜ਼ਰੂਰ ਧਨ ਦੌਲਤ ਹੋਵੇਗੀ। ਅੱਧੀ ਰਾਤ ਵੇਲੇ ਜਦੋਂ ਮਹਾਤਮਾ ਸੌਂ ਰਿਹਾ ਸੀ ਤਾਂ ਹਟਵਾਣੀਏ ਨੇ ਡੰਡਾ ਹਿਲਾ ਕੇ ਵੇਖਿਆ, ਜੋ ਕਾਫ਼ੀ ਭਾਰੀ ਲੱਗਾ। ਹਟਵਾਣੀਏ ਦਾ ਸ਼ੱਕ ਨਿਸ਼ਚੇ ਵਿਚ ਬਦਲ ਗਿਆ। ਸੋ, ਉਸ ਨੇ ਡੰਡਾ ਖੋਲ੍ਹ ਕੇ ਵਿਚੋਂ ਮੁਹਰਾਂ ਕੱਢ ਲਈਆਂ, ਤੇ ਉਨ੍ਹਾਂ ਦੀ ਥਾਂ ਠੀਕਰਾਂ ਭਰ ਕੇ ਉੱਪਰ ਕੇਵਲ ਇਕੋ ਮੁਹਰ ਰਹਿਣ ਦਿਤੀ।

ਹਟਵਾਣੀਏ ਦੇ ਘਰ ਸੰਤਾਨ ਕੋਈ ਨਹੀਂ ਸੀ। ਇਸ ਲਈ ਸਵੇਰੇ ਵਿਦਾ ਕਰਨ ਵੇਲੇ ਹਟਵਾਣੀਏ ਦੀ ਪਤਨੀ ਨੇ ਮਹਾਤਮਾ ਦੇ ਚਰਨਾਂ ਉਤੇ ਮੱਥਾ ਟੇਕ ਕੇ, ਸੰਤਾਨ ਪ੍ਰਾਪਤੀ ਲਈ ਤਰਲੇ ਕੀਤੇ। ਮਹਾਤਮਾ ਨੇ ਅਸੀਸਾਂ ਦੇਂਦਿਆਂ ਹੋਇਆਂ ਕਿਹਾ, "ਪ੍ਰਮਾਤਮਾ ਤੁਹਾਡੀ ਇੱਛਾ ਜ਼ਰੂਰ ਪੂਰੀ ਕਰੇਗਾ। ਭਗਵਾਨ ਦੇ ਘਰ ਦੇਰ ਹੈ, ਹਨੇਰ ਨਹੀਂ।"

ਮਹਾਤਮਾ ਨੇ ਹਰਦੁਆਰ ਪਹੁੰਚ ਕੇ ਭੰਡਾਰੇ ਦਾ ਪ੍ਰਬੰਧ ਕੀਤਾ। ਜਦੋਂ ਪੈਸੇ ਦੇਣ ਦਾ ਵੇਲੇ ਆਇਆ, ਤਾਂ ਡੰਡੇ ਵਿਚ, ਇਕ ਮੁਹਰ ਤੋਂ ਇਲਾਵਾ ਬਾਕੀ ਸਭ ਠੀਕਰਾਂ ਵੇਖ ਕੇ, ਮਹਾਤਮਾ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਮਹਾਤਮਾ ਨੂੰ ਸਮਝਣ ਵਿਚ ਢਿੱਲ ਨਾ ਲੱਗੀ ਕਿ ਇਹ ਸਾਰਾ ਕਸੱਬ ਉਸੇ ਹਟਵਾਣੀਏ ਦਾ ਹੀ ਹੈ। ਮਹਾਤਮਾ ਇਤਨਾ ਸ਼ਰਮਿੰਦਾ ਸੀ ਕਿ ਉਹ ਉਥੋਂ ਖਿਸਕ ਗਿਆ। ਕੋਈ ਕਹਿੰਦਾ, ਉਹ ਗੰਗਾ ਵਿਚ ਛਾਲ ਮਾਰ ਕੇ ਡੁਬ ਗਿਆ ਸੀ। ਕੋਈ ਕਹਿੰਦਾ, ਉਹ ਸਰੀਰ ਸਮੇਤ ਗ਼ਾਇਬ ਹੋ ਗਿਆ ਸੀ। ਜਿਤਨੇ ਮੂੰਹ ਉਤਨੀਆਂ ਗੱਲਾਂ।

ਕੁਝ ਚਿਰ ਬਾਅਦ ਹਟਵਾਣੀਏ ਦੇ ਘਰ ਲੜਕਾ ਜੰਮਿਆ। ਬੜੀਆਂ ਖ਼ੁਸ਼ੀਆਂ ਮਨਾਈਆਂ ਗਈਆਂ। ਹਟਵਾਣੀਏ ਨੇ ਬੱਚੇ ਨੂੰ ਬੜੇ ਲਾਡਾਂ ਮਲ੍ਹਾਰਾਂ ਨਾਲ ਪਾਲਿਆ ਪੋਸਿਆ। ਜਦੋਂ ਬੱਚਾ ਵੱਡਾ ਹੋਇਆ ਤਾਂ ਬੱਚੇ ਨੂੰ ਹਰਦੁਆਰ ਵਿਚ ਝੰਡ ਦੀ ਰਸਮ ਲਈ ਲਿਆਂਦਾ ਗਿਆ। ਹਟਵਾਣੀਏ ਦੇ ਕਈ ਰਿਸ਼ਤੇਦਾਰ ਵੀ ਉਸ ਮੌਕੇ ਉਤੇ ਹਰਦੁਆਰ ਪੁਜੇ। ਲੜਕੇ ਨੂੰ ਬੜੇ ਕੀਮਤੀ ਕਪੜੇ ਪਹਿਨਾਏ ਗਏ। ਸੋਨੇ ਦੇ ਗਹਿਣਿਆਂ ਨਾਲ ਉਸ ਨੂੰ ਸਜਾਇਆ ਗਿਆ। ਹਟਵਾਣੀਏ ਨੇ ਆਪਣਾ ਸਾਰਾ ਧਨ ਦੌਲਤ ਉਸ ਉਪਰ ਖ਼ਰਚ ਕਰ ਦਿਤਾ।

ਹਟਵਾਣੀਆ ਬੜਾ ਖ਼ੁਸ਼ ਸੀ। ਉਹ ਇਕ ਉੱਚੀ ਥਾਂ ਉਤੇ ਖਲੋ ਕੇ ਹੇਠਾਂ ਗੰਗਾ ਨਦੀ ਦੇ ਜਲ-ਪ੍ਰਵਾਹ ਨੂੰ ਦੂਰੋਂ ਪ੍ਰਨਾਮ ਕਰ ਰਿਹਾ ਸੀ ਕਿ ਅਚਨਚੇਤ ਉਸ ਦਾ ਲੜਕਾ ਵੀ ਉਸ ਦੇ ਨਾਲ ਆ ਖੜਾ ਹੋਇਆ। ਫਿਰ ਲੜਕੇ ਨੇ ਪਿਓ ਦੇ ਵੇਖਦੇ ਵੇਖਦੇ ਦਰਿਆ ਵਿਚ ਛਾਲ ਮਾਰ ਦਿਤੀ। ਹਟਵਾਣੀਆਂ ਅਤੇ ਉਸ ਦੇ ਰਿਸ਼ਤੇਦਾਰ ਘਬਰਾ ਗਏ ਅਤੇ ਰੋਂਦੇ ਕੁਰਲਾਂਦੇ ਹੇਠਾਂ ਦਰਿਆ ਦੇ ਕੰਢੇ ਉਤੇ ਪੁਜੇ। ਤਾਰੂ ਸੱਦੇ ਗਏ। ਸਾਰਾ ਦਰਿਆ ਛਾਣ ਮਾਰਿਆ, ਪਰ ਲੜਕੇ ਦੀ ਲਾਸ਼ ਕਿਧਰੇ ਨਾ ਲੱਭੀ।

ਜਦੋਂ ਹਟਵਾਣੀਆਂ ਨਿਮੋਝੂਣ ਬੈਠਾ ਹੋਇਆ ਸੀ ਤਾਂ ਉਸ ਦੇ ਕੋਲੋਂ ਦੀ ਇਕ ਮਹਾਤਮਾ ਮੁਸਕਰਾਂਦਾ ਹੋਇਆ ਲੰਘਿਆ। ਹਟਵਾਣੀਏ ਨੂੰ ਮਹਾਤਮਾ ਦੀ ਸ਼ਕਲ ਕੁਝ ਪਛਾਣੀ ਹੋਈ ਲੱਗੀ। ਇਹ ਤਾਂ ਉਹੋ ਮਹਾਤਮਾ ਸੀ, ਜੋ ਉਸ ਦੇ ਘਰ ਇਕ ਰਾਤ ਠਹਿਰਿਆ ਸੀ ਅਤੇ ਜਿਸ ਦੇ ਡੰਡੇ ਵਿਚੋਂ ਹਟਵਾਣੀਏ ਨੇ ਮੁਹਰਾਂ ਕੱਢ ਲਈਆਂ ਸਨ। ਹਟਵਾਣੀਏ ਨੂੰ ਲੱਗਾ, ਜਿਵੇਂ ਉਹ ਮਹਾਤਮਾ ਮੁਸਕਰਾਂਦਾ ਹੋਇਆ ਕਹਿ ਰਿਹਾ ਹੋਵੇ, "ਵੇਖ ਓਇ ਪਖੰਡੀਆ ! ਇਹ ਮੈਂ ਹੀ ਸਾਂ ਜੋ ਛਲੇਡੇ ਵਾਂਗ ਪੁੱਤਰ ਦਾ ਰੂਪ ਧਾਰ ਕੇ ਤੇਰੇ ਘਰ ਆਇਆ ਸਾਂ ਅਤੇ ਆਪਣਾ ਧਨ ਖ਼ਰਚ ਕੇ ਹੁਣ ਟੁਰ ਚਲਿਆ ਹਾਂ। ... ਤੇਰੇ ਪੱਲੇ ਕੀ ਪਿਆ, ਸਵਾਹ ਤੇ ਮਿੱਟੀ !"

ਹਟਵਾਣੀਆਂ ਹੈਰਾਨ ਪਰੇਸ਼ਾਨ ਉਸ ਮਹਾਤਮਾ ਵਲ ਵੇਖਦਾ ਰਿਹਾ।

ਸੰਧਿਆ

ਇਕ ਪਿੰਡ ਜੰਗਲ ਦੇ ਕਿਨਾਰੇ ਉਤੇ ਵਸਿਆ ਹੋਇਆ ਸੀ। ਇਕ ਸ਼ੇਰ ਕਦੇ ਕਦੇ ਪਿੰਡ ਦੀ ਹੱਦ ਤਕ ਆ ਜਾਇਆ ਕਰਦਾ ਅਤੇ ਉਥੇ ਉਗੇ ਸਰਕੜੇ ਤੇ ਝਾੜੀਆਂ ਦੇ ਉਹਲੇ ਛੁਪ ਜਾਂਦਾ।

ਇਕ ਵਾਰ ਪਿੰਡੋਂ ਬਾਹਰ ਜੰਗਲ ਦੇ ਨੇੜੇ ਕੁਝ ਜਵਾਨ ਮੁੰਡੇ ਕਬੱਡੀ ਖੇਡ ਰਹੇ ਸਨ। ਉਹ ਕਾਫ਼ੀ ਦੇਰ ਤਕ ਕਬੱਡੀ ਖੇਡਦੇ ਰਹੇ ਅਤੇ ਖ਼ੂਬ ਸ਼ੋਰ-ਸ਼ਰਾਬਾ ਮਚਿਆ ਰਿਹਾ। ਜਦੋਂ ਸੂਰਜ ਡੁੱਬਣ ਲੱਗਾ ਤਾਂ ਮੁੰਡਿਆਂ ਨੇ ਇਕਦਮ ਸ਼ੋਰ ਮਚਾ ਦਿਤਾ, "ਸੰਧਿਆ ਆ ਗਈ, ਸੰਧਿਆ ਆ ਗਈ। ਹੁਣ ਖੇਡ ਖ਼ਤਮ, ਚਲੋ ਘਰ ਚਲੀਏ।" ਫਿਰ ਅੱਖ ਪਲਕਾਰੇ ਵਿਚ ਸਭ ਗਭਰੂ ਆਪੋ ਆਪਣੇ ਕਪੜੇ ਸੰਭਾਲਦੇ ਹੋਏ, ਉਥੋਂ ਨੌਂ ਦੋ ਗਿਆਰਾਂ ਹੋ ਗਏ। ਸ਼ੇਰ ਝਾੜੀਆਂ ਉਹਲੇ ਛੁਪਿਆ ਸਭ ਕੁਝ ਸੁਣਦਾ ਤੇ ਵੇਖਦਾ ਰਿਹਾ।

ਸੰਧਿਆ ਦਾ ਨਾਂ ਸੁਣ ਕੇ ਸ਼ੇਰ ਦਾ ਮਨ ਵੀ ਘਬਰਾਇਆ। ਅਖੇ, ਇਹ ਕਿਹੜੀ ਬਲਾਅ ਹੋਈ। ਉਸ ਨੇ ਪਹਿਲਾਂ ਵੀ ਕਈ ਬਲਾਵਾਂ ਦੇ ਨਾਂ ਸੁਣੇ ਸਨ, ਪਰ ਸੰਧਿਆ ਦਾ ਨਾਂ ਅਜੇ ਤਕ ਉਸ ਦੀ ਕੰਨੀਂ ਨਹੀਂ ਸੀ ਪਿਆ। ਸ਼ੇਰ ਉਥੇ ਹੀ ਠਠੰਬਰ ਕੇ ਖੜੋ ਗਿਆ। ਆਲੇ ਦੁਆਲੇ ਨਜ਼ਰ ਦੁੜਾਈ, ਪਰ ਉਸ ਨੂੰ ਕੋਈ ਬਲਾਅ ਆਉਂਦੀ ਨਾ ਦਿਸੀ। ਸ਼ੇਰ ਸੋਚਣ ਲੱਗਾ : ਜੇ ਇਤਨੇ ਸਾਰੇ ਗਭਰੂ ਸੰਧਿਆ ਦਾ ਨਾਂ ਸੁਣਦੇ ਸਾਰ ਡਰ ਕੇ ਨੱਠ ਗਏ ਹਨ ਤਾਂ ਉਹ ਕੋਈ ਬੜੀ ਹੀ ਭਿਆਨਕ ਬਲਾਅ ਹੋਵੇਗੀ। ਸੋ ਉਸ ਨੂੰ ਵੀ ਉਥੋਂ ਨੱਠ ਜਾਣਾ ਚਾਹੀਦਾ ਹੈ। ਪਰ ਉਹ ਡਰਦਾ ਸੀ ਕਿਧਰੇ ਝਾੜੀ ਵਿਚੋਂ ਸਿਰ ਉੱਚਾ ਕਰਦਿਆਂ ਸਾਰ ਹੀ ਸੰਧਿਆ ਉਸ ਨੂੰ ਸਿਰੋਂ ਨਾ ਆ ਫੜੇ। ਸੋ ਉਹ ਉਥੇ ਹੀ ਛੁਪਿਆ ਰਿਹਾ।

ਝਟ ਕੁ ਪਿਛੋਂ ਹਵਾ ਦਾ ਝੋਂਕਾ ਆਇਆ ਅਤੇ ਸਰ-ਸਰ ਦੀ ਧੁਨੀ ਸਾਰੇ ਵਾਤਾਵਰਨ ਵਿਚ ਗੂੰਜ ਗਈ। ਸ਼ੇਰ ਹੋਰ ਸੁੰਗੜ ਕੇ ਬੈਠ ਗਿਆ। ਹੋਵੇ ਨਾ ਹੋਵੇ ਇਹ ਸੰਧਿਆ ਦੇ ਕਦਮਾਂ ਦੀ ਹੀ ਚਾਪ ਹੈ। ਹਨੇਰਾ ਵਧਦਾ ਗਿਆ ਅਤੇ ਸ਼ੇਰ ਡਰਿਆ ਤੇ ਸਹਿਮਿਆ ਹੋਇਆ ਉਥੇ ਹੀ ਛੁਪਿਆ ਰਿਹਾ।

ਦੇਵਨੈਤ, ਪਿੰਡ ਦੇ ਇਕ ਧੋਬੀ ਦਾ ਖੋਤਾ ਸਵੇਰ ਦਾ ਗੁੰਮਿਆ ਪਿਆ ਸੀ। ਧੋਬੀ ਨੇ ਸਾਰਾ ਪਿੰਡ ਛਾਣ ਮਾਰਿਆ, ਪਰ ਖੋਤਾ ਉਸ ਨੂੰ ਕਿਧਰੇ ਵੀ ਨਾ ਲੱਭਿਆ। ਧੋਬੀ ਖੋਤੇ ਨੂੰ ਢੂੰਡਦਾ ਢੂੰਡਦਾ ਪਿੰਡੋਂ ਬਾਹਰ ਆ ਗਿਆ ਅਤੇ ਝਾੜੀਆਂ ਦੇ ਉਹਲੇ ਉਸ ਨੂੰ ਵੇਖਣ ਲੱਗਾ। ਰੱਬ ਸਬੱਬੀਂ ਧੋਬੀ ਝਾੜੀਆਂ ਵਿਚੋਂ ਦੀ ਲੰਘਦਾ ਉਸ ਥਾਂ ਜਾ ਪਹੁੰਚਿਆ ਜਿਥੇ ਸ਼ੇਰ ਸਹਿਮਿਆ ਬੈਠਾ ਸੀ। ਸੰਘਣੇ ਹਨੇਰੇ ਕਾਰਨ ਧੋਬੀ ਨੇ ਸ਼ੇਰ ਨੂੰ ਵੇਖ ਕੇ ਇਹੋ ਸਮਝਿਆ ਕਿ ਉਸ ਦਾ ਖੋਤਾ ਝਾੜੀਆਂ ਵਿਚ ਲੁਕਿਆ ਬੈਠਾ ਹੈ। ਸੋ ਧੋਬੀ ਨੇ ਸਿੱਧਾ ਆ ਕੇ ਸ਼ੇਰ ਨੂੰ ਕੰਨ ਤੋਂ ਫੜ ਲਿਆ ਅਤੇ ਇਕ ਡੰਡਾ ਪਿੱਠ ਉਤੇ ਮਾਰਦਾ ਹੋਇਆ ਆਖਣ ਲੱਗਾ, "ਮੂਰਖਾ, ਮੈਂ ਸਵੇਰ ਦਾ ਤੈਨੂੰ ਢੂੰਡਦਾ ਫਿਰਦਾ ਹਾਂ, ਤੂੰ ਇਥੇ ਛੁਪਿਆ ਬੈਠਾ ਏਂ। ਚਲ ਘਰ, ਮੈਂ ਤੇਰੀ ਚੰਗੀ ਮਰੰਮਤ ਕਰਦਾ ਆਂ, ਹਿੰਮਤ ਹੈ ਈ ਤਾਂ ਹੁਣ ਨਠ ਕੇ ਵਿਖਾ।"

ਸ਼ੇਰ ਨੇ ਅੱਜ ਤਕ ਕੋਈ ਅਜਿਹਾ ਆਦਮੀ ਨਹੀਂ ਸੀ ਵੇਖਿਆ ਸੁਣਿਆ, ਜਿਹੜਾ ਕਿਸੇ ਸ਼ੇਰ ਨੂੰ ਸਿੱਧਾ ਕੰਨੋਂ ਆ ਫੜੇ। ਉਸ ਨੇ ਸੋਚਿਆ, ਇਹੋ ਹੀ ਸੰਧਿਆ ਹੋਣੀ ਹੈ, ਜਿਸ ਦੇ ਡਰ ਤੋਂ ਕਬੱਡੀ ਖੇਡਦੇ ਹੱਟੇ ਕੱਟੇ ਪਹਿਲਵਾਨ ਮੁੰਡੇ ਨੱਠ ਗਏ ਸਨ। ਸੋ ਉਹ ਦੁੰਮ ਵਲ੍ਹੇਟ ਕੇ ਧੋਬੀ ਨਾਲ ਚਲ ਪਿਆ। ਧੋਬੀ ਨੇ ਦੋ ਚਾਰ ਡੰਡੇ ਸ਼ੇਰ ਦੀ ਪਿੱਠ ਉਤੇ ਮਾਰੇ ਅਤੇ ਉਸ ਨੂੰ ਹਿੱਕਦਾ ਹੋਇਆ ਆਪਣੇ ਤਬੇਲੇ ਵਿਚ ਲਿਜਾ ਕੇ ਕਿੱਲੇ ਉਤੇ ਜਾ ਬੰਨ੍ਹਿਆ ਅਤੇ ਆਖਣ ਲੱਗਾ, "ਪੱਠਿਆ, ਸਵੇਰੇ ਮੈਂ ਤੇਰੀ ਚੰਗੀ ਮੁਰੰਮਤ ਕਰਾਂਗਾ।"

ਸਵੇਰੇ ਅਜੇ ਹਨੇਰਾ ਹੀ ਸੀ ਕਿ ਧੋਬੀ ਤਬੇਲੇ ਵਿਚ ਆਇਆ ਅਤੇ ਸ਼ੇਰ ਦੀ ਪਿੱਠ ਉਤੇ ਕਪੜੇ ਲਦ ਕੇ ਬਾਹਰ ਘਾਟ ਵਲ ਤੁਰ ਪਿਆ। ਸ਼ੇਰ ਬੜਾ ਪਰੇਸ਼ਾਨ ਸੀ ਕਿ ਉਹ ਕਿਸ ਮੁਸੀਬਤ ਵਿਚ ਫਸ ਗਿਆ ਹੈ। ਇਹ ਸੰਧਿਆ ਬੜੀ ਅਨੋਖੀ ਬਲਾਅ ਹੈ ਜਿਹੜੀ ਉਸ ਨੂੰ ਦਬੱਲੀ ਜਾ ਰਹੀ ਹੈ।

ਫਿਰ ਸ਼ੇਰ ਦੇ ਮਨ ਵਿਚ ਵਿਚਾਰ ਆਇਆ। ਕੀ ਪਤਾ ਸੰਧਿਆ ਮੇਰੇ ਤੋਂ ਕਮਜ਼ੋਰ ਹੋਵੇ ? ਇਹ ਕਿਧਰੇ ਐਵੇਂ ਹੀ ਮੇਰੇ ਉਤੇ ਰੋਅਬ ਤਾਂ ਨਹੀਂ ਜਮਾ ਰਹੀ, ਇਸ ਦੀ ਪਰਖ ਕਰਨੀ ਚਾਹੀਦੀ ਹੈ। ਸੋ ਇਹ ਸੋਚ ਕੇ ਉਹ ਚਲਦਾ ਚਲਦਾ ਰੁਕ ਗਿਆ। ਧੋਬੀ ਨੇ ਇਕ ਡੰਡਾ ਸ਼ੇਰ ਦੀ ਪਿੱਠ ਉਤੇ ਮਾਰਿਆ। ਸ਼ੇਰ ਅੱਗੇ ਜਾਣ ਦੀ ਥਾਂ ਉਥੇ ਹੀ ਖੜਾ ਰਿਹਾ ਤੇ ਉਹ ਪੂਰੇ ਜ਼ੋਰ ਨਾਲ ਦਹਾੜਿਆ। ਸ਼ੇਰ ਦੇ ਚਿੰਘਾੜਨ ਦੀ ਢਿੱਲ ਸੀ ਕਿ ਧੋਬੀ ਦੇ ਪੈਰਾਂ ਹੇਠੋਂ ਜ਼ਿਮੀਂ ਨਿਕਲ ਗਈ ਅਤੇ ਉਹ ਸਿਰ ਉਤੇ ਪੈਰ ਰਖ ਕੇ ਦੌੜ ਪਿਆ ਅਤੇ ਕਾਹਲੀ ਨਾਲ ਇਕ ਦਰੱਖ਼ਤ ਉਪਰ ਜਾ ਚੜ੍ਹਿਆ। ਇਹ ਦ੍ਰਿਸ਼ ਵੇਖ ਕੇ ਸ਼ੇਰ ਦਾ ਹੌਂਸਲਾ ਵਧ ਗਿਆ ਤੇ ਉਸ ਨੇ ਆਪਣੀ ਪਿੱਠ ਦੇ ਉਪਰ ਲਦਿਆ ਹੋਇਆ ਭਾਰ ਹੇਠਾਂ ਵਗਾਹ ਮਾਰਿਆ। ਸ਼ੇਰ ਨੂੰ ਗਿਆਨ ਹੋ ਗਿਆ ਕਿ ਸੰਧਿਆ ਉਸ ਤੋਂ ਜ਼ਿਆਦਾ ਸ਼ਕਤੀ ਨਹੀਂ ਰਖਦੀ। ਫਿਰ ਸ਼ੇਰ ਇਧਰ ਉਧਰ ਝਾਕਦਾ ਹੋਇਆ ਧੋਬੀ ਨੂੰ ਵੇਖਣ ਲੱਗਾ। ਧੋਬੀ ਡਰ ਦਾ ਮਾਰਿਆ ਕੰਬਦਾ ਹੋਇਆ ਇਕ ਦਰੱਖ਼ਤ ਦੇ ਪੱਤਿਆਂ ਵਿਚ ਛੁਪਿਆ ਬੈਠਾ ਸੀ।

ਸ਼ੇਰ ਨੇ ਇਕ ਹੋਰ ਦਹਾੜ ਮਾਰੀ ਤੇ ਆਪਣੇ ਰਾਹ ਪੈ ਗਿਆ। ਕਿਸੇ ਠੀਕ ਹੀ ਕਿਹਾ ਹੈ ਕਿ ਮਨ ਦੇ ਹਾਰੇ ਹਾਰ ਹੈ, ਮਨ ਦੇ ਜਿੱਤੇ ਜਿਤ ...।

ਪਿਤਰਾਂ ਨੂੰ ਦਾਨ

ਇਕ ਵਾਰ ਇਕ ਪ੍ਰੋਹਿਤ ਦੀ ਹਾਲਤ ਬੜੀ ਖਸਤਾ ਹੋ ਗਈ। ਉਸ ਦੇ ਜਜਮਾਨਾਂ ਦੀ ਗਿਣਤੀ ਵੀ ਕਾਫ਼ੀ ਘਟ ਗਈ ਸੀ। ਪ੍ਰੋਹਿਤ ਦਾ ਪਰਿਵਾਰ ਵੱਡਾ ਸਾਰਾ ਸੀ, ਉਸ ਦੀਆਂ ਲੋੜਾਂ ਪੂਰੀਆਂ ਨਹੀਂ ਸਨ ਹੁੰਦੀਆਂ। ਸੋ ਉਸ ਨੇ ਸੱਚ-ਝੂਠ ਬੋਲ ਕੇ ਅਤੇ ਪਖੰਡ ਰਚ ਕੇ ਜਜਮਾਨਾਂ ਤੋਂ ਧਨ ਉਗਰਾਹੁਣਾ ਸ਼ੁਰੂ ਕਰ ਦਿਤਾ।

ਇਕ ਵਾਰ ਪ੍ਰੋਹਿਤ ਇਕ ਜਜਮਾਨ ਕੋਲ ਗਿਆ ਤਾਂ ਆਖਣ ਲੱਗਾ, "ਅੱਜ ਸੁਪਨੇ ਵਿਚ ਤੁਹਾਡੇ ਪਿਤਾ ਜੀ ਨੇ ਦਰਸ਼ਨ ਦਿਤੇ ਤੇ ਆਖਣ ਲੱਗੇ : 'ਪੰਡਤਾ, ਤੂੰ ਹੀ ਕੁਝ ਖਾਣ ਲਈ ਦੇ, ਅਸੀਂ ਕਈ ਦਿਨਾਂ ਦੇ ਭੁੱਖੇ ਹਾਂ।' ਤੁਹਾਡੇ ਪਿਤਾ ਜੀ ਦੀ ਆਤਮਾ ਭਟਕਦੀ ਫਿਰਦੀ ਏ, ਉਨ੍ਹਾਂ ਦੀ ਤ੍ਰਿਪਤੀ ਦਾ ਕੋਈ ਉਪਾਅ ਕਰੋ।"

ਜਜਮਾਨ ਉਦਾਸ ਜਿਹਾ ਹੋ ਕੇ ਆਖਣ ਲੱਗਾ, "ਪ੍ਰੋਹਿਤ ਜੀ, ਇਹ ਤਾਂ ਬੜੀ ਮਾੜੀ ਗੱਲ ਹੋਈ, ਦੱਸੋ ਕੇ ਕੀਤਾ ਜਾਵੇ।"

ਪ੍ਰੋਹਿਤ ਦੀਆਂ ਅੱਖਾਂ ਵਿਚ ਚਮਕ ਜਿਹੀ ਆ ਗਈ ਤੇ ਉਸ ਨੇ ਆਖਿਆ, "ਕਿਸੇ ਬ੍ਰਾਹਮਣ ਪਰਿਵਾਰ ਨੂੰ ਸੱਦ ਕੇ ਭੋਜਨ ਛਕਾ ਦਿਓ, ਸਿੱਧਾ ਤੁਹਾਡੇ ਪਿਤਾ ਜੀ ਦੀ ਆਤਮਾ ਨੂੰ ਪਹੁੰਚ ਜਾਏਗਾ।"

"ਤੂੰ ਹੀ ਪਰਿਵਾਰ ਸਮੇਤ ਭੋਜਨ ਛਕ ਜਾ। ਕਿਸੇ ਹੋਰ ਨੂੰ ਕੀ ਸਦਣਾ ਏ।" ਜਜਮਾਨ ਨੇ ਕਿਹਾ। ਪ੍ਰੋਹਿਤ ਨੇ ਇਹ ਨਿਓਤਾ ਸਵੀਕਾਰ ਕਰ ਲਿਆ।

ਇਸ ਤੋਂ ਬਾਅਦ ਜਦੋਂ ਵੀ ਕਦੇ ਪ੍ਰੋਹਿਤ ਦਾ ਦਿਲ ਚੰਗੇ ਪਦਾਰਥ ਖਾਣ ਲਈ ਕਰਦਾ, ਉਹ ਸਿੱਧਾ ਉਸੇ ਜਜਮਾਨ ਦੇ ਕੋਲ ਆ ਜਾਂਦਾ ਤੇ ਕਹਿੰਦਾ, "ਜਜਮਾਨਾ, ਅੱਜ ਫਿਰ ਸੁਪਨੇ ਵਿਚ, ਤੁਹਾਡੇ ਪਿਤਾ ਜੀ ਨੂੰ, ਖੀਰ ਤੇ ਪੂੜੀਆਂ ਲਈ ਭਟਕਦੇ ਵੇਖਿਆ ਏ।"

ਜਜਮਾਨ ਵਿਚਾਰਾ ਚੁੱਪ ਕਰ ਕੇ ਖੀਰ ਪੂੜੀਆਂ ਤਿਆਰ ਕਰਵਾ ਕੇ ਪ੍ਰੋਹਿਤ ਨੂੰ ਛਕਾ ਦਿੰਦਾ। ਪਰ ਦੋ ਚਾਰ ਵਾਰ ਇਉਂ ਕਰਨ ਨਾਲ ਜਜਮਾਨ ਆਪਣੇ ਪ੍ਰੋਹਿਤ ਦੀ ਖੋਟੀ ਨੀਅਤ ਤਾੜ ਗਿਆ।

ਕੁਝ ਦਿਨ ਲੰਘੇ। ਇਕ ਦਿਨ ਸਵੇਰੇ ਸਵੇਰੇ ਪ੍ਰੋਹਿਤ ਜਜਮਾਨ ਦੀ ਦੁਕਾਨ ਤੇ ਜਾ ਪਹੁੰਚਿਆ ਤੇ ਕਹਿਣ ਲੱਗਾ, "ਮਹਾਰਾਜ ! ਅੱਜ ਤੁਹਾਡੇ ਪਿਤਾ ਜੀ ਸੁਪਨੇ ਵਿਚ ਆਏ ਸਨ। ਉਨ੍ਹਾਂ ਦਾ ਸਰੀਰ ਨੰਗਾ-ਧੜੰਗਾ ਸੀ ਅਤੇ ਉਹ ਸਰਦੀ ਨਾਲ ਕੰਬ ਰਹੇ ਸਨ। ਪੁਛਿਆ ਤਾਂ ਕਹਿਣ ਲੱਗੇ, 'ਪਹਿਨਣ ਲਈ ਕੋਈ ਵੀ ਕਪੜਾ ਨਹੀਂ', ਇਸ ਲਈ ਤੁਸੀਂ ਇਕ ਦੋ ਜੋੜੇ ਗਰਮ ਕਪੜਿਆਂ ਦੇ ਸਿਲਵਾ ਕੇ ਦਾਨ ਕਰ ਦਿਓ। ਸਰਦੀਆਂ ਦੇ ਦਿਨ ਨੇ।"

ਜਜਮਾਨ ਇਹ ਸੁਣ ਕੇ ਬੜਾ ਘਬਰਾਇਆ। ਉਹ ਸੋਚਣ ਲੱਗਾ: ਪ੍ਰੋਹਿਤ ਤਾਂ ਦਿਨ ਬਦਿਨ ਅੱਗੇ ਵਧਦਾ ਜਾ ਰਿਹਾ ਹੈ, ਇਸ ਦੀਆਂ ਲੋੜਾਂ ਕਿਥੋਂ ਤਕ ਪੂਰੀਆਂ ਕਰਾਂਗਾ।

ਜਜਮਾਨ ਨੇ ਵੀ ਚਾਤਰੀ ਤੋਂ ਕੰਮ ਲੈਣਾ ਚਾਹਿਆ। ਕੁਝ ਸੋਚ ਕੇ ਕਹਿਣ ਲੱਗਾ, "ਪੰਡਤ ਜੀ ! ਦੋ ਚਾਰ ਦਿਹਾੜੇ ਠਹਿਰ ਜਾਓ, ਸਭ ਪ੍ਰਬੰਧ ਕਰ ਦੇਵਾਂਗਾ।" ਪ੍ਰੋਹਿਤ ਖ਼ੁਸ਼ ਹੋ ਕੇ ਉਥੋਂ ਚਲਾ ਗਿਆ।

ਕੁਝ ਦਿਨ ਹੋਰ ਲੰਘੇ। ਇਕ ਦਿਨ ਜਜਮਾਨ ਪ੍ਰੋਹਿਤ ਨੂੰ ਅਚਾਨਕ ਰਾਹ ਵਿਚ ਹੀ ਮਿਲ ਗਿਆ। ਪ੍ਰੋਹਿਤ ਦੇ ਕੁਝ ਆਖਣ ਤੋਂ ਪਹਿਲਾਂ ਹੀ ਜਜਮਾਨ ਬੋਲ ਪਿਆ, "ਪੰਡਤ ਜੀ, ਪਿਤਾ ਜੀ ਕਲ੍ਹ ਮੇਰੇ ਸੁਪਨੇ ਵਿਚ ਆਏ ਸਨ।"

"ਫੇਰ", ਪੰਡਤ ਨੇ ਕਾਹਲੀ ਨਾਲ ਪੁਛਿਆ।

"ਬਸ ਆਖਦੇ ਸਨ, ਕਪੜਿਆਂ ਦੀ ਸਖ਼ਤ ਲੋੜ ਏ, ਪ੍ਰੋਹਿਤ ਨੂੰ ਦੇ ਦਿਓ, ਮੇਰੇ ਕੋਲ ਪਹੁੰਚ ਜਾਣਗੇ।" ਜਜਮਾਨ ਨੇ ਉੱਤਰ ਦਿਤਾ।

ਪ੍ਰੋਹਿਤ ਮੁਸਕਰਾ ਕੇ ਕਹਿਣ ਲੱਗਾ, "ਵੇਖਿਆ ਜੇ, ਮੇਰੀ ਗੱਲ ਸੱਚੀ ਨਿਕਲੀ ਏ।"

"ਪਰ ਇਕ ਗੱਲ ਉਨ੍ਹਾਂ ਹੋਰ ਕਹੀ ਏ।"

"ਉਹ ਕਿਹੜੀ ?"

"ਪਿਤਾ ਜੀ ਦੀ ਸੱਜੀ ਲੱਤ ਬੜੀ ਦਰਦ ਕਰਦੀ ਏ ਤੇ ਉਹ ਚਾਹੁੰਦੇ ਨੇ ਕਿ ਉਸ ਨੂੰ ਕਟਵਾ ਦਿਤਾ ਜਾਵੇ।"

"ਫੇਰ ਕਿਵੇਂ ਕੀਤਾ ਜਾਵੇ।"

"ਪਿਤਾ ਜੀ ਨੇ ਆਖਿਆ ਏ ਕਿ ਪ੍ਰੋਹਿਤ ਦੀ ਸੱਜੀ ਲਤ ਕਟਵਾ ਦਿਓ, ਮੇਰੀ ਲਤ ਸੁਤੇ ਸਿਧ ਕਟ ਜਾਵੇਗੀ।"

"ਇਹ ਕਿਵੇਂ ਹੋ ਸਕਦਾ ਏ, ਮੇਰੀ ਲੱਤ ਕੱਟਣ ਨਾਲ ਉਨ੍ਹਾਂ ਦੀ ਲੱਤ ਕਿਵੇਂ ਕੱਟੀ ਜਾ ਸਕਦੀ ਏ।" ਪ੍ਰੋਹਿਤ ਘਬਰਾ ਕੇ ਕਹਿ ਗਿਆ।

"ਉਸੇ ਤਰ੍ਹਾਂ ਪ੍ਰੋਹਿਤ ਜੀ, ਜਿਵੇਂ ਤੁਹਾਨੂੰ ਭੋਜਨ ਖਵਾਣ ਨਾਲ ਤੇ ਕਪੜੇ ਭੇਟ ਕਰਨ ਨਾਲ ਪਿਤਾ ਜੀ ਤਕ ਪਹੁੰਚ ਜਾਂਦੇ ਨੇ।"

ਪ੍ਰੋਹਿਤ ਇਹ ਗੱਲ ਸੁਣਦੇ ਸਾਰ ਉਥੋਂ ਖਿਸਕਣ ਦਾ ਬਹਾਨਾ ਢੂੰਡਣ ਲੱਗਾ। "ਮੈਂ ਹੁਣੇ ਆਉਂਦਾ ਹਾਂ, ਕਿਸੇ ਜਜਮਾਨ ਦੇ ਘਰ ਜ਼ਰੂਰੀ ਜਾਣਾ ਏ।" ਇਹ ਕਹਿ ਕੇ ਪ੍ਰੋਹਿਤ ਪਤਰਾ ਵਾਚ ਗਿਆ ਅਤੇ ਮੁੜ ਕਦੇ ਵੀ ਉਸ ਜਜਮਾਨ ਦੀ ਹੱਟੀ ਦੇ ਨੇੜਿਓਂ ਨਾ ਲੰਘਿਆ।

ਸੱਚ ਦਾ ਨਿਤਾਰਾ

ਗੱਲ ਬਹੁਤੀ ਪੁਰਾਣੀ ਨਹੀਂ। ਲਾਹੌਰ ਤੋਂ ਕੁਝ ਕੁ ਵਾਟ ਦੂਰ ਬਾਗ਼ਬਾਨਪੁਰੇ ਵਿਚ ਇਕ ਹਲਵਾਈ ਰਹਿੰਦਾ ਸੀ, ਜੋ ਬੜੀ ਵਧੀਆ ਮਠਿਆਈ ਬਣਾਉਂਦਾ ਸੀ। ਲੋਕੀਂ ਦੂਰੋਂ ਦੂਰੋਂ ਉਸ ਤੋਂ ਮਠਿਆਈ ਖ਼ਰੀਦਣ ਲਈ ਆਇਆ ਕਰਦੇ ਸਨ। ਸ਼ਾਮ ਤਕ ਉਹ ਹਲਵਾਈ ਚੋਖੇ ਸਾਰੇ ਰੁਪਏ ਵੱਟ ਲੈਂਦਾ, ਜੋ ਉਹ ਥੈਲੀ ਵਿਚ ਭਰ ਕੇ ਘਰ ਲੈ ਜਾਂਦਾ।

ਇਕ ਵਾਰ ਸਵੇਰੇ ਸਵੇਰੇ, ਦੁਕਾਨ ਖੁਲ੍ਹਦਿਆਂ ਸਾਰ, ਦੋ ਫ਼ਕੀਰ ਹਲਵਾਈ ਦੀ ਹੱਟੀ ਅੱਗੇ ਆ ਬੈਠੇ। ਉਨ੍ਹਾਂ ਦੁਹਾਂ ਨੇ ਥੋੜੀ ਜਿਹੀ ਮਠਿਆਈ ਖ਼ਰੀਦ ਲਈ ਅਤੇ ਇਕ ਨੁੱਕਰ ਵਿਚ ਬੈਠੇ ਕੇ ਹੌਲੇ-ਹੌਲੇ ਮੂੰਹ ਮਾਰਨ ਲੱਗੇ, ਪਰ ਉਨ੍ਹਾਂ ਦੋਹਾਂ ਦਾ ਧਿਆਨ ਦੁਕਾਨ ਉਤੇ ਆਉਂਦੇ ਗਾਹਕਾਂ ਵਲ ਰਿਹਾ ਅਤੇ ਉਹ ਮਨ ਵਿਚ ਹਿਸਾਬ

ਰਖਦੇ ਰਹੇ ਕਿ ਕਿਸ ਕਿਸ ਗਾਹਕ ਨੇ ਕਿਤਨੇ ਪੈਸਿਆਂ ਦੀ ਮਠਿਆਈ ਖ਼ਰੀਦੀ ਹੈ। ਉਨ੍ਹਾਂ ਦੋਹਾਂ ਫ਼ਕੀਰਾ ਦਾ ਮਠਿਆਈ ਦਾ ਭੂਣਾ ਜਦੋਂ ਮੁੱਕ ਜਾਂਦਾ ਤਾਂ ਉਹ ਇਕ ਭੂਣਾ ਹੋਰ ਖ਼ਰੀਦ ਲੈਂਦੇ। ਜੇ ਉਨ੍ਹਾਂ ਵਿਚੋਂ ਕੋਈ ਹਾਜਤ-ਪਾਣੀ ਲਈ ਜਾਂਦਾ ਤਾਂ ਦੂਜਾ ਫ਼ਕੀਰ ਵਧੇਰੇ ਚੌਕੰਨਾ ਹੋ ਕੇ ਗਾਹਕਾਂ ਵਲ ਟਿਕਟਿਕੀ ਲਗਾਈ ਰਖਦਾ ਅਤੇ ਮਨ ਹੀ ਮਨ ਵਿਚ ਦੇਣ-ਲੈਣ ਦਾ ਹਿਸਾਬ ਕਰੀ ਜਾਂਦਾ। ਇਸ ਤਰ੍ਹਾਂ ਸਵੇਰ ਤੋਂ ਦੁਪਹਿਰ ਹੋ ਗਈ; ਦੁਪਹਿਰ ਢਲ ਕੇ ਤ੍ਰਿਕਾਲ ਵਿਚ ਬਦਲ ਗਈ। ਹਲਵਾਈ ਆਪਣੇ ਕੰਮ ਵਿਚ ਇਤਨਾ ਰੁੱਝਾ ਰਿਹਾ ਕਿ ਉਸ ਦਾ ਧਿਆਨ ਇਨ੍ਹਾਂ ਫ਼ਕੀਰਾਂ ਵਲ ਬਹੁਤਾ ਨਾ ਗਿਆ।

ਹਨੇਰਾ ਪੈਂਦਿਆਂ ਸਾਰ ਹਲਵਾਈ ਨੇ ਦੁਕਾਨ ਬੰਦ ਕੀਤੀ। ਫਿਰ ਉਸ ਨੇ ਸਾਰੀ ਵਟਕ ਇਕ ਥੈਲੀ ਵਿਚ ਪਾ ਲਈ ਅਤੇ ਪੈਸੇ ਗਿਣੇ ਬਗੈਰ ਆਪਣੇ ਘਰ ਵਲ ਤੁਰ ਪਿਆ। ਰਾਹ ਵਿਚ ਦੋ ਠੱਗ ਉਸ ਦਾ ਪਿੱਛਾ ਕਰਨ ਲੱਗੇ ਅਤੇ ਉਨ੍ਹਾਂ ਨੇ ਹਲਵਾਈ ਦੇ ਹੱਥੋਂ ਰੁਪਿਆਂ ਦੀ ਥੈਲੀ ਖੋਂਹਦਿਆਂ ਹੋਇਆਂ ਕਿਹਾ, "ਵਾਹ, ਬੜਾ ਚਲਾਕ ਬਣਦਾ ਏਂ, ਸਾਡੀ ਥੈਲੀ ਚੁਕ ਕੇ ਤੁਰ ਪਿਐਂ।"

ਹਲਵਾਈ ਇਹ ਗੱਲ ਸੁਣ ਕੇ ਹੱਕਾ ਬੱਕਾ ਰਹਿ ਗਿਆ ਅਤੇ ਥੈਲੀ ਨੂੰ ਘੁਟ ਕੇ ਫੜਦਾ ਹੋਇਆ ਆਖਣ ਲੱਗਾ, "ਇਹ ਰੁਪਏ ਤਾਂ ਮੇਰੇ ਨੇ। ਇਹ ਤਾਂ ਮੇਰੀ ਅੱਜ ਦੀ ਵਟਕ ਏ, ਤੁਸੀਂ ਕਿਵੇਂ ਇਸ ਥੈਲੀ ਦੇ ਮਾਲਕ ਬਣ ਰਹੇ ਹੋ।"

ਹਲਵਾਈ ਅਤੇ ਠੱਗਾਂ ਵਿਚਕਾਰ ਝਗੜਾ ਵਧ ਗਿਆ ਤੇ ਲੰਘਦੇ ਪਲੰਘਦੇ ਕਈ ਲੋਕ ਉਥੇ ਆ ਇਕੱਠੇ ਹੋਏ। ਜਦੋਂ ਚੰਗੀ ਭੀੜ ਜੁੜ ਗਈ ਅਤੇ ਗੱਲ ਵਧ ਗਈ ਤਾਂ ਦੋਵੇਂ ਠੱਗ ਆਖਣ ਲੱਗੇ, "ਭਈ ਜੇ ਇਹ ਥੈਲੀ ਹਲਵਾਈ ਦੀ ਏ ਤਾਂ ਉਹ ਇਹ ਦੱਸੇ ਕਿ ਇਸ ਵਿਚ ਕਿਤਨੇ ਰੁਪਏ ਨੇ ?"

ਲੋਕਾਂ ਨੇ ਹਲਵਾਈ ਨੂੰ ਆਖਿਆ, "ਭਲੇ ਲੋਕਾ ! ਜੇ ਇਹ ਥੈਲੀ ਤੇਰੀ ਏ, ਤਾਂ ਤੂੰ ਦਸ ਇਸ ਵਿਚ ਕਿਤਨੇ ਰੁਪਏ ਪਏ ਨੇ ?"

ਹਲਵਾਈ ਆਖਣ ਲੱਗਾ, "ਮੈਨੂੰ ਤਾਂ ਕੁਝ ਪਤਾ ਨਹੀਂ, ਮੈਂ ਤਾਂ ਇਹੋ ਜਾਣਦਾ ਹਾਂ ਕਿ ਇਸ ਥੈਲੀ ਵਿਚ ਮੇਰੀ ਅੱਜ ਦੀ ਵਟਕ ਏ, ਮੈਨੂੰ ਤਾਂ ਪਤਾ ਨਹੀਂ ਕਿ ਇਹ ਕਿਤਨੀ ਬਣਦੀ ਏ ?"

ਦੋਵੇਂ ਠੱਗ ਆਖਣ ਲੱਗੇ, "ਲੋਕੋ ! ਜੇ ਇਸ ਦੀ ਥੈਲੀ ਹੋਵੇ ਤਾਂ ਇਹ ਦੱਸੇ। ਇਹ ਥੈਲੀ ਸਾਡੀ ਏ, ਅਸੀਂ ਦਸਦੇ ਹਾਂ ਕਿ ਇਸ ਵਿਚ ਕਿਤਨੇ ਰੁਪਏ ਨੇ, ਜੇ ਇਕ ਪੈਸੇ ਦਾ ਵੀ ਹੇਰ ਫੇਰ ਨਿਕਲੇ ਤਾਂ ਤੁਹਾਡੀਆਂ ਜੁੱਤੀਆਂ ਅਤੇ ਸਾਡਾ ਸਿਰ।" ਫਿਰ ਉਨ੍ਹਾਂ ਉਂਗਲਾਂ ਉਤੇ ਹਿਸਾਬ ਕਰ ਕੇ ਦੱਸਿਆ, "ਇਸ ਥੈਲੀ ਵਿਚ ਵੀਹਾਂ ਉਪਰ ਤਿੰਨ ਰੁਪਏ ਅਤੇ ਅਠੱਤੀ ਪੈਸੇ ਨੇ।"

ਪਰ ਹਲਵਾਈ ਥੈਲੀ ਨੂੰ ਹੱਥ ਲਗਾਣ ਨਹੀਂ ਸੀ ਦੇਂਦਾ। ਅਖ਼ੀਰ ਮਾਮਲਾ ਪਿੰਡ ਦੇ ਪੰਚ ਕੋਲ ਪਹੁੰਚਿਆ। ਉਸ ਨੇ ਥੈਲੀ ਆਪਣੇ ਕੋਲ ਰਖ ਲਈ ਅਤੇ ਤਿੰਨਾਂ ਨੂੰ ਅਗਲੇ ਦਿਨ ਸਵੇਰੇ ਆਉਣ ਲਈ ਕਿਹਾ।

ਅਗਲੇ ਦਿਨ ਪੰਚ ਤਿੰਨਾਂ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਲੈ

ਗਿਆ ਤੇ ਉਸ ਨੇ ਸਾਰੀ ਗੱਲ ਮਹਾਰਾਜੇ ਨੂੰ ਦੱਸੀ। ਮਹਾਰਾਜੇ ਨੇ ਦੋਹਾਂ ਧਿਰਾਂ ਦੀ ਗੱਲ ਬੜੇ ਠਰ੍ਹੰਮੇ ਨਾਲ ਸੁਣੀ। ਹਲਵਾਈ ਨੇ ਆਪਣੀ ਗੱਲ ਮੁਕਾਂਦਿਆਂ ਕਿਹਾ, "ਹਜ਼ੂਰ, ਇਸ ਥੈਲੀ ਵਿਚ ਮੇਰੀ ਕਲ੍ਹ ਦੀ ਸਾਰੀ ਵਟਕ ਏ, ਮੈਂ ਨਹੀਂ ਜਾਣਦਾ ਇਹ ਕਿਤਨੀ ਏ, ਪਰ ਇਹ ਹੈ ਮੇਰੀ।" ਦੂਜੇ ਪਾਸੇ ਦੋਹਾਂ ਠੱਗਾਂ ਨੇ ਆਪਣੇ ਪੱਖ ਉਤੇ ਜ਼ੋਰ ਦੇਂਦਿਆਂ ਕਿਹਾ, "ਹਜ਼ੂਰ, ਇਹ ਥੈਲੀ ਸਾਡੀ ਏ, ਇਸ ਵਿਚ ਵੀਹਾਂ ਉਪਰ ਤਿੰਨ ਰੁਪਏ ਤੇ ਅਠੱਤੀ ਪੈਸੇ ਨੇ। ਗਿਣ ਕੇ ਵੇਖ ਲਓ।"

ਮਹਾਰਾਜੇ ਨੇ ਆਪਣੇ ਇਕ ਸੇਵਕ ਨੂੰ ਥੈਲੀ ਖੋਲ੍ਹ ਕੇ ਰੁਪਏ ਗਿਣਨ ਲਈ ਕਿਹਾ। ਥੈਲੀ ਵਿਚ ਪੂਰੇ ਤੇਈ ਰੁਪਏ ਅਠੱਤੀ ਪੈਸੇ ਨਿਕਲੇ।

ਮਹਾਰਾਜੇ ਨੇ ਬੜੇ ਰੋਅਬ ਨਾਲ ਹਲਵਾਈ ਵਲ ਵੇਖਦਿਆਂ ਪੁਛਿਆ, "ਸੱਚੋ ਸੱਚ ਦਸ, ਇਹ ਥੈਲੀ ਕਿਸ ਦੀ ਏ ?"

ਹਲਵਾਈ ਹੱਥ ਜੋੜ ਕੇ ਕਹਿਣ ਲੱਗਾ, "ਮਹਾਰਾਜ ! ਇਹ ਥੈਲੀ ਮੇਰੀ ਏ।"

"ਤੂੰ ਕੀ ਕੰਮ ਕਰਦਾ ਏਂ ?"

"ਹਜ਼ੂਰ, ਮੈਂ ਮਠਿਆਈਆਂ ਤਲ ਕੇ ਵੇਚਦਾ ਹਾਂ।"

ਫਿਰ ਮਹਾਰਾਜੇ ਨੇ ਠੱਗਾਂ ਵਲ ਗਹੁ ਨਾਲ ਤੱਕ ਕੇ ਪੁਛਿਆ, "ਤੁਸੀਂ ਦੋਵੇਂ ਕੀ ਕੰਮ ਕਰਦੇ ਹੋ ?"

ਠੱਗ ਇਹ ਸੁਆਲ ਸੁਣ ਕੇ ਪਹਿਲਾਂ ਤਾਂ ਕੁਝ ਘਬਰਾ ਗਏ, ਪਰ ਉਨ੍ਹਾਂ ਵਿਚੋਂ ਇਕ ਜੋ ਜ਼ਿਆਦਾ ਚਾਤਰ ਸੀ, ਆਖਣ ਲੱਗਾ, "ਹਜ਼ੂਰ, ਅਸੀਂ ਸਬਜ਼ੀ ਅਤੇ ਫਲ ਵੇਚਦੇ ਹਾਂ, ਇਹ ਸਾਡੀ ਕਲ੍ਹ ਦੀ ਵਟਕ ਏ।"

ਮਹਾਰਾਜੇ ਨੇ ਉਸੇ ਵੇਲੇ ਆਪਣੇ ਇਕ ਸੇਵਕ ਨੂੰ ਭੇਜ ਕੇ ਗਰਮ ਪਾਣੀ ਦਾ ਪਤੀਲਾ ਮੰਗਵਾਇਆ। ਦਰਬਾਰੀ ਹੈਰਾਨ ਹੋ ਕੇ ਵੇਖਣ ਲੱਗੇ ਕਿ ਮਹਾਰਾਜਾ ਸਾਹਿਬ ਕੀ ਕਰਨ ਲੱਗੇ ਸਨ। ਜਦੋਂ ਗਰਮ ਪਾਣੀ ਆ ਗਿਆ ਤਾਂ ਮਹਾਰਾਜੇ ਨੇ ਉਸ ਪਾਣੀ ਵਿਚ ਥੈਲੀ ਦੇ ਸਾਰੇ ਪੈਸੇ ਉਲੱਦ ਦਿਤੇ। ਦੋਵੇਂ ਠੱਗ ਅਤੇ ਹਲਵਾਈ ਹੈਰਾਨੀ ਨਾਲ ਮਹਾਰਾਜੇ ਵਲ ਬਿਟ ਬਿਟ ਵੇਖਦੇ ਰਹੇ। ਅਹਿਲਕਾਰ ਅਤੇ ਦਰਬਾਰੀ ਵੀ ਹੈਰਾਨ ਸਨ।

ਪਤੀਲੇ ਦੇ ਗਰਮ ਪਾਣੀ ਵਿਚ ਜਦੋਂ ਸਿੱਕੇ ਘੁਲੇ ਤਾਂ ਉਪਰ ਤਿਰਥਲਾ (ਥਿੰਦਾ) ਜਿਹਾ ਆ ਗਿਆ। ਨਾਲ ਹੀ ਸਾਰੇ ਪਾਸੇ ਘਿਉ ਦੀ ਵਾਸ਼ਨਾ ਜਿਹੀ ਖਿੰਡ ਗਈ। ਮਹਾਰਾਜਾ ਸਮਝ ਗਿਆ ਕਿ ਇਹ ਥੈਲੀ ਅਤੇ ਉਸ ਵਿਚਲੇ ਰੁਪਏ ਹਲਵਾਈ ਦੇ ਹੀ ਹਨ। ਇਹ ਠੱਗ ਜਿਨ੍ਹਾਂ ਨੂੰ ਥੈਲੀ ਵਿਚਲੇ ਪੈਸਿਆਂ ਦੀ ਗਿਣਤੀ ਦਾ ਸਹੀ ਪਤਾ ਲੱਗ ਗਿਆ ਸੀ, ਹਲਵਾਈ ਤੋਂ ਥੈਲੀ ਹਥਿਆਣਾ ਚਾਹੁੰਦੇ ਸਨ। ਮਹਾਰਾਜੇ ਨੇ ਰੁਪਏ ਹਲਵਾਈ ਦੇ ਹਵਾਲੇ ਕਰਦਿਆਂ ਕਿਹਾ, "ਇਹ ਰੁਪਏ ਤੇਰੇ ਹੀ ਨੇ, ਤੂੰ ਲੈ ਜਾਹ।"

ਫਿਰ ਮਹਾਰਾਜੇ ਨੇ ਠੱਗਾਂ ਨੂੰ ਘੂਰਦਿਆਂ ਹੋਇਆਂ ਕਿਹਾ, "ਓਏ ਬਦਮਾਸ਼ੋ ! ਸੱਚੋ-ਸੱਚ ਦਸੋ ਕਿ ਅਸਲ ਗੱਲ ਕੀ ਏ, ਸੱਚ ਬੋਲਣ ਨਾਲ ਤੁਹਾਡੀ ਸਜ਼ਾ ਅੱਧੀ ਰਹਿ ਜਾਵੇਗੀ, ਜੇ ਸੱਚੀ ਗੱਲ ਨਾ ਦਸੀ ਤਾਂ ਮੈਂ ਤੁਹਾਨੂੰ ਭਾਰੀ ਦੰਡ ਦੇਵਾਂਗਾ।"

ਦੋਹਾਂ ਠੱਗਾਂ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਉਨ੍ਹਾਂ ਨੇ ਸਾਰੀ ਗੱਲ ਸੱਚੋ ਸੱਚ ਦਸ ਦਿਤੀ। ਕਿਵੇਂ ਉਹ ਫ਼ਕੀਰ ਦਾ ਭੇਸ ਧਾਰ ਕੇ ਹਲਵਾਈ ਦੀ ਦੁਕਾਨ ਉਤੇ ਬੈਠ ਕੇ ਮਠਿਆਈ ਖਾਂਦੇ ਹੋਏ ਉਸ ਦੀ ਵਟਕ ਗਿਣਤੇ ਰਹੇ ਸਨ। ਫਿਰ ਉਹ ਦੋਵੇਂ ਠੱਗ ਗਿੜਗਿੜਾ ਕੇ ਮਹਾਰਾਜੇ ਕੋਲੋਂ ਮਾਫ਼ੀ ਮੰਗਣ ਲੱਗੇ।

ਨਿੱਕਾ ਜਿਹਾ ਚਲਿਤ੍ਰ

ਇਕ ਵਾਰ ਦੀ ਗੱਲ ਏ, ਇਕ ਪੰਡਤ ਕੁਝ ਪੋਥੀਆਂ ਬਲਦ ਉਤੇ ਲੱਦੀ ਕਿਸੇ ਪਿੰਡ ਵਿਚੋਂ ਦੀ ਲੰਘ ਰਿਹਾ ਸੀ। ਇਕ ਹਟਵਾਣੀਏਂ ਦੀ ਤ੍ਰੀਮਤ ਲਾਜੋ ਨੇ ਉਸ ਨੂੰ ਰੋਕ ਕੇ ਪੁਛਿਆ, "ਪੰਡਤ ਜੀ, ਇਹ ਪੋਥੀਆਂ ਕਾਹਦੀਆਂ ਨੇ, ਇਨ੍ਹਾਂ ਵਿਚ ਕੀ ਲਿਖਿਆ ਹੋਇਐ।"

ਪੰਡਤ ਖਲੋ ਗਿਆ। ਉਸ ਤ੍ਰੀਮਤ ਦੇ ਮੂੰਹ ਵਲ ਇਕ ਟਕ ਤੱਕਦਾ ਹੋਇਆ ਮੁਸਕਰਾ ਕੇ ਕਹਿਣ ਲੱਗਾ, "ਇਨ੍ਹਾਂ ਪੋਥੀਆਂ ਵਿਚ ਤੁਸਾਂ ਰੰਨਾਂ ਦੇ ਚਲਿਤ੍ਰ ਲਿਖੇ ਹੋਏ ਨੇ, ਮੈਂ ਹਰ ਤਰ੍ਹਾਂ ਦੇ ਚਲਿਤ੍ਰ ਇਨ੍ਹਾਂ ਪੋਥੀਆਂ ਵਿਚ ਲਿਖ ਧਰੇ ਨੇ, ਤਾਂ ਜੋ ਕਦੇ ਕੋਈ ਤ੍ਰੀਮਤ ਕਿਸੇ ਮਰਦ ਨੂੰ ਬੁੱਧੂ ਨਾ ਬਣਾ ਸਕੇ।"

ਲਾਜੋ ਹੱਸ ਪਈ ਤੇ ਅੱਖਾਂ ਮਟਕਾਂਦੀ ਹੋਈ ਆਖਣ ਲੱਗੀ, "ਇਹ ਗੱਲ ਮੈਂ ਨਹੀਂ ਮੰਨਦੀ, ਤੁਸੀਂ ਮੈਨੂੰ ਵਿਖਾਓ ਕੀ ਲਿਖਿਆ ਜੇ। ਤ੍ਰੀਮਤਾਂ ਦੇ ਦਿਲ ਤਾਂ ਸਮੁੰਦਰ ਨੇ, ਸਮੁੰਦਰਾਂ ਦੀ ਥਾਹ ਕੌਣ ਪਾ ਸਕਿਐ। ਤੁਸੀਂ ਅੰਦਰ ਚਲੋ, ਮੈਂ ਰਤਾ ਕੁ ਪੋਥੀਆਂ ਤੱਕਾਂ।"

ਲਾਜੋ ਮਿੱਠੀਆਂ ਮਿੱਠੀਆਂ ਗੱਲਾਂ ਕਰਦੀ ਹੋਈ ਪੰਡਤ ਨੂੰ ਆਪਣੇ ਘਰ ਦੇ ਅੰਦਰ ਲੈ ਗਈ। ਪੰਡਤ ਨੇ ਪਹਿਲੀ ਪੋਥੀ ਚੁੱਕੀ ਅਤੇ ਉਸ ਦਾ ਅਜੇ ਇਕੋ ਵਰਕਾ ਹੀ ਪਰਤਿਆ ਸੀ ਕਿ ਉਤੋਂ ਲਾਜੋ ਦਾ ਖ਼ਾਵੰਦ ਕਿਸੇ ਕੰਮੋਂ ਘਰ ਆ ਗਿਆ। ਲਾਜੋ ਭੈੜਾ ਜਿਹਾ ਮੂੰਹ ਬਣਾ ਕੇ ਪੰਡਤ ਨੂੰ ਕਹਿਣ ਲੱਗੀ, "ਪੰਡਤ ਜੀ, ਇਹ ਕੀ ਬਣਿਆ, ਮੇਰਾ ਖ਼ਾਵੰਦ ਆ ਗਿਐ। ਉਹ ਤਾਂ ਬੜੇ ਸ਼ੱਕੀ ਸੁਭਾਅ ਦਾ ਏ, ਜੇ ਉਸ ਨੇ ਤੁਹਾਨੂੰ ਇਥੇ ਵੇਖ ਲਿਆ ਤਾਂ ਉਹ ਅਸਾਂ ਦੋਹਾਂ ਨੂੰ ਜਾਨੋਂ ਮਾਰ ਦੇਵੇਗਾ।" ਪੰਡਤ ਦੇ ਮੂੰਹ ਤੇ ਇਕ ਰੰਗ ਆਵੇ ਤੇ ਇਕ ਜਾਵੇ। ਉਹ ਘਬਰਾਇਆ ਹੋਇਆ ਛੁਪਣ ਲਈ ਕੋਈ ਥਾਂ ਲਭਣ ਲੱਗਾ।

ਲਾਜੋ ਨੇ ਝਟ ਕਮਰੇ ਦਾ ਬੂਹਾ ਅੰਦਰੋਂ ਬੰਦ ਕਰ ਲਿਆ। ਫਿਰ ਉਸ ਨੇ ਲਕੜੀ ਦਾ ਵੱਡਾ ਸੰਦੂਕ ਖੋਲ੍ਹਿਆ ਅਤੇ ਪੰਡਤ ਨੂੰ ਪੋਥੀਆਂ ਸਮੇਤ ਉਸ ਵਿਚ ਛੁਪਾ ਦਿਤਾ। ਬਾਹਰੋਂ ਸੰਦੂਕ ਨੂੰ ਜੰਦਰਾ ਮਾਰ ਦਿਤਾ।

ਲਾਜੋ ਦਾ ਖ਼ਾਵੰਦ ਬਾਹਰੋਂ ਬੂਹਾ ਖੜਕਾਂਦਾ ਰਿਹਾ। ਕਾਫ਼ੀ ਦੇਰ ਬਾਅਦ ਪੰਡਤ

ਨੂੰ ਛੁਪਾ ਕੇ ਲਾਜੋ ਨੇ ਬੂਹਾ ਖੋਲ੍ਹਿਆ। ਉਸ ਦੇ ਖ਼ਾਵੰਦ ਨੇ ਕਮਰੇ ਵਿਚ ਦਾਖ਼ਲ ਹੁੰਦਿਆਂ ਸਾਰ ਪੁਛਿਆ, "ਕੀ ਗੱਲ ਏ, ਅੰਦਰ ਕੌਣ ਸੀ ? ਬੜੀ ਦੇਰ ਲਗਾਈ ਆ।"

ਲਾਜੋ ਹੱਸ ਪਈ ਤੇ ਕਹਿਣ ਲੱਗੀ, "ਸੱਚ ਆਖਾਂ ਤਾਂ ਕੌੜਾ ਤੇ ਨਹੀਂ ਲੱਗੇਗਾ। ਅੰਦਰ ਹੋਰ ਕੌਣ ਹੋਣੈ, ਮੇਰਾ ਯਾਰ ਸੀ, ਉਸੇ ਨਾਲ ਗੱਲਾਂ ਪਈ ਕਰਦੀ ਸਾਂ। ਤੁਸੀਂ ਅਚਾਨਕ ਆ ਗਏ, ਸੋ ਉਸ ਨੂੰ ਛੁਪਾਣ ਲਈ ਥਾਂ ਢੂੰਡ ਰਹੀ ਸਾਂ।"

ਖ਼ਾਵੰਦ ਇਹ ਸੁਣ ਕੇ ਹੱਸ ਪਿਆ ਤੇ ਕਹਿਣ ਲੱਗਾ, "ਚਲਿਤ੍ਰੋ, ਫਿਰ ਉਸ ਨੂੰ ਕਿਥੇ ਛੁਪਾਇਆ ਈ ?"

ਲਾਜੋ ਨੇ ਸੰਦੂਕ ਵਲ ਇਸ਼ਾਰਾ ਕਰਦਿਆਂ ਕਿਹਾ, "ਭਲੇ ਲੋਕੋ, ਹੋਰ ਕਿਥੇ ਛੁਪਾਣਾ ਸੀ, ਉਸ ਲਕੜੀ ਦੇ ਸੰਦੂਕ ਵਿਚ ਛੁਪਾਇਐ, ਰਤਾ ਕੁ ਥਾਂ ਖੁਲ੍ਹੀ ਸੀ।"

ਖ਼ਾਵੰਦ ਉਸ ਦੀਆਂ ਅੱਖਾਂ ਵਿਚ ਪਿਆਰ ਨਾਲ ਝਾਕਦਾ ਹੋਇਆ ਆਖਣ ਲੱਗਾ, "ਸੱਚੀਂ !"

ਹਟਵਾਣੀਏਂ ਦੇ ਅੱਗੇ ਕੁੰਜੀਆਂ ਸੁਟਦੀ ਹੋਈ ਲਾਜੋ ਕਹਿਣ ਲੱਗੀ, "ਹੋਰ ਝੂਠ, ਜੇ ਨਹੀਂ ਇਤਬਾਰ ਤਾਂ ਇਹ ਲਓ ਕੁੰਜੀਆਂ, ਸੰਦੂਕ ਖੋਲ੍ਹ ਕੇ ਆਪਣੀ ਅੱਖੀਂ ਤੱਕ ਲਓ। ਪ੍ਰਤੱਖ ਨੂੰ ਪ੍ਰਮਾਣ ਕੀ।"

ਹਟਵਾਣੀਆਂ ਨਿੰਮਾਂ ਨਿੰਮਾਂ ਹੱਸਦਾ ਰਿਹਾ ਤੇ ਫਿਰ ਕਹਿਣ ਲੱਗਾ, "ਤੂੰ ਬੜੀ ਨਖਰੇਲੋਂ ਏਂ। ਅੱਛਾ, ਹੁਣ ਛੱਡ ਟਿਚਕਰਾਂ ਨੂੰ, ਮੈਨੂੰ ਸਖ਼ਤ ਭੁੱਖ ਲੱਗੀ ਹੋਈ ਏ, ਰੋਟੀ ਲਿਆ ਦੇ, ਮੈਂ ਹੱਟੀ ਤੇ ਜਾਣੈਂ, ਦੇਰ ਪਈ ਹੁੰਦੀ ਏ।"

ਲਾਜੋ ਉਠ ਕੇ ਰਸੋਈ ਵਿਚ ਗਈ ਅਤੇ ਥਾਲੀ ਵਿਚ ਕੁਝ ਰੋਟੀਆਂ ਅਤੇ ਭਾਜੀ ਪਾ ਲਿਆਈ। ਫਿਰ ਲੱਸੀ ਦਾ ਛੰਨਾ ਕੋਲ ਰਖਦਿਆਂ ਕਹਿਣ ਲੱਗੀ, "ਇਕੱਲਿਆਂ ਹੀ ਖਾਉਗੇ, ਮੇਰੇ ਯਾਰ ਨੂੰ ਵੀ ਨਾਲ ਬਿਠਾ ਲਓ, ਉਹ ਸ਼ੋਹਦਾ ਭੁੱਖਾ ਹੋਣੈਂ।"

ਜਿਤਨੀ ਦੇਰ ਹਟਵਾਣੀਆਂ ਰੋਟੀ ਖਾਂਦਾ ਰਿਹਾ, ਤ੍ਰੀਮਤ ਆਪਣੇ ਯਾਰ ਦੀਆਂ ਗੱਲਾਂ ਕਰਦੀ ਰਹੀ। ਰੋਟੀ ਖਾ ਕੇ ਹਟਵਾਣੀਆਂ ਜਦ ਹੱਟੀ ਵਲ ਤੁਰਨ ਲੱਗਾ ਤਾਂ ਬਾਹਰੋਂ ਬੂਹੇ ਨੂੰ ਬੰਦ ਕਰਦਾ ਹੋਇਆ ਕਹਿਣ ਲੱਗਾ, "ਲਾਜੋ, ਮੈਂ ਚਲਿਆਂ, ਹੁਣ ਤੂੰ ਆਪਣੇ ਯਾਰ ਨਾਲ ਖ਼ੂਬ ਗੁਲਛੱਰੇ ਉਡਾ।"

ਖ਼ਾਵੰਦ ਦੇ ਜਾਣ ਪਿਛੋਂ ਲਾਜੋ ਨੇ ਸੰਦੂਕ ਖੋਲ੍ਹਿਆ ਅਤੇ ਪੰਡਤ ਨੂੰ ਬਾਹਰ ਕੱਢ ਕੇ ਆਖਿਆ, "ਪੰਡਤ ਜੀ, ਤੁਹਾਡੀਆਂ ਇਨ੍ਹਾਂ ਪੋਥੀਆਂ ਵਿਚ ਮੇਰਾ ਇਹ ਚਲਿਤ੍ਰ ਵੀ ਲਿਖਿਆ ਹੋਇਐ ?"

ਪੰਡਤ ਸੰਦੂਕ ਵਿਚ ਛੁਪਿਆ ਸਭ ਗੱਲਾਂ ਸੁਣ ਰਿਹਾ ਸੀ। ਸੋ ਕਹਿਣ ਲੱਗਾ, "ਚਲਿਤ੍ਰ ਤਾਂ ਮੈਂ ਬੜੇ ਲਿਖੇ ਨੇ, ਪਰ ਇਹ ਗੱਲ ਤਾਂ ਮੇਰੇ ਚਿੱਤ ਚੇਤੇ ਵੀ ਨਹੀਂ ਸੀ।"

ਲਾਜੋ ਗੁਸੇ ਨਾਲ ਆਖਣ ਲੱਗੀ, "ਫਿਰ ਇਨ੍ਹਾਂ ਪੋਥੀਆਂ ਨੂੰ ਅੱਗ ਵਿਚ ਪਾ ਦਿਓ, ਇਨ੍ਹਾਂ ਦਾ ਕੀ ਫਾਇਦਾ, ਜੇ ਮੇਰਾ ਇਕ ਨਿੱਕਾ ਜਿਹਾ ਚਲਿਤ੍ਰ ਵੀ ਇਨ੍ਹਾਂ ਵਿਚ ਨਹੀਂ।"

ਪੰਡਤ ਬੜਾ ਸ਼ਰਮਿੰਦਾ ਪਿਆ ਤੇ ਕਹਿਣ ਲੱਗਾ, "ਧੰਨ ਤੁਸੀਂ ਰੰਨਾਂ ਤੇ ਧੰਨ ਤੁਸਾਂ ਦੇ ਚਲਿਤ੍ਰ।"

ਲੋਈ ਚਲਿਤ੍ਰ

ਇਕ ਵਾਰ ਕਬੀਰ ਦੀ ਆਪਣੀ ਪਤਨੀ ਲੋਈ ਨਾਲ ਤੀਵੀਆਂ ਦੇ ਚਲਿਤ੍ਰਾਂ ਬਾਰੇ ਚਰਚਾ ਛਿੜ ਪਈ। ਕਬੀਰ ਜੀ ਲੋਈ ਨੂੰ ਕਹਿਣ ਲਗੇ, "ਸਾਧ ਅਤੇ ਜੋਗੀਆਂ ਨੇ ਤੀਵੀਆਂ ਨੂੰ ਬੜਾ ਨਿੰਦਿਆ ਅਤੇ ਬਿਖ ਦੀਆਂ ਗੰਦਲਾਂ ਤਕ ਆਖਿਆ ਏ। ਕਹਿੰਦੇ ਨੇ, ਤੀਵੀਆਂ ਬੜੀਆਂ ਚਲਿਤ੍ਰਹਾਰੀਆਂ ਹੁੰਦੀਆਂ ਨੇ। ਤੂੰ ਵੀ ਤਾਂ ਤੀਵੀਂ ਏਂ, ਪਰ ਮੈਂ ਤਾਂ ਤੇਰਾ ਕਦੇ ਕੋਈ ਚਲਿਤ੍ਰ ਨਹੀਂ ਵੇਖਿਆ।"

ਲੋਈ ਹੱਸ ਪਈ ਅਤੇ ਕਹਿਣ ਲੱਗੀ, "ਮੇਰੇ ਸਿਰਤਾਜ, ਜੇ ਤੁਸੀਂ ਚਲਿਤ੍ਰ ਵੇਖਣਾ ਹੀ ਚਾਹਵੋ ਤਾਂ ਵਿਖਾ ਦੇਂਦੀ ਹਾਂ, ਵੈਸੇ ਕਦੇ ਲੋੜ ਹੀ ਨਹੀਂ ਪਈ।"

ਕਬੀਰ ਹੈਰਾਨੀ ਨਾਲ ਕਹਿਣ ਲੱਗੇ, "ਮੈਂ ਨਹੀਂ ਮੰਨਦਾ ਕਿ ਤੂੰ ਵੀ ਕੋਈ ਚਲਿਤ੍ਰ ਖੇਡ ਸਕਦੀ ਏਂ। ਬੇਸ਼ਕ ਤੂੰ ਕਦੇ ਕੋਈ ਚਲਿਤ੍ਰ ਵਿਖਾਈਂ, ਸਗੋਂ ਮੈਨੂੰ ਖ਼ੁਸ਼ੀ ਹੋਵੇਗੀ।"

ਗੱਲ ਗੱਲਾਂ ਵਿਚ ਆਈ ਗਈ ਹੋ ਗਈ। ਕਬੀਰ ਤਾਂ ਭੁਲ ਭੁਲਾ ਗਏ, ਪਰ ਲੋਈ ਨੇ ਉਸ ਗੱਲ ਨੂੰ ਪੱਲੇ ਬੰਨ੍ਹ ਲਿਆ ਅਤੇ ਉਹ ਅਜਿਹੇ ਮੌਕੇ ਦੀ ਤਾੜ ਵਿਚ ਰਹੀ, ਜਦੋਂ ਕਿ ਉਹ ਆਪਣਾ ਕੋਈ ਚਲਿਤ੍ਰ ਵਿਖਾ ਸਕੇ।

ਕੁਝ ਸਮਾਂ ਲੰਘ ਗਿਆ। ਕਬੀਰ ਦਾ ਸਾਧਾਂ ਸੰਤਾਂ ਨਾਲ ਬੜਾ ਪ੍ਰੇਮ ਸੀ। ਬਚਨ-ਬਿਲਾਸ ਕਰਨ ਲਈ ਸਾਧ ਮੰਡਲੀਆਂ ਅਕਸਰ ਉਨ੍ਹਾਂ ਨੂੰ ਮਿਲਣ ਵਾਸਤੇ ਆਇਆ ਕਰਦੀਆਂ ਸਨ। ਇਕ ਵਾਰ ਕਬੀਰ ਜੀ ਘਰੋਂ ਬਾਹਰ ਗਏ ਹੋਏ ਸਨ ਕਿ ਕੁਝ ਸਾਧੂ ਉਨ੍ਹਾਂ ਨੂੰ ਮਿਲਣ ਲਈ ਆ ਗਏ। ਸਾਧੂਆਂ ਨੇ ਲੋਈ ਤੋਂ ਕਬੀਰ ਬਾਰੇ ਪੁਛਿਆ।

ਲੋਈ ਨੂੰ ਚਲਿਤ੍ਰ ਖੇਡਣ ਦਾ ਖ਼ਿਆਲ ਆ ਗਿਆ। ਉਸ ਪੀਡਾ ਜਿਹਾ ਮੂੰਹ ਬਣਾ ਲਿਆ ਅਤੇ ਅੱਖਾਂ ਵਿਚ ਇਕ ਡੂੰਘੀ ਉਦਾਸੀ ਭਰ ਕੇ ਹਉਕਾ ਲੈਂਦਿਆਂ ਕਿਹਾ, "ਮਹਾਰਾਜ ! ਗੱਲ ਆਪਣੇ ਤਕ ਹੀ ਰਖਣਾ, ਉਨ੍ਹਾਂ ਦੇ ਦਿਮਾਗ਼ ਵਿਚ ਕੁਝ ਕਸਰ ਹੋ ਗਈ ਏ; ਸਿਧੇ ਮੂੰਹ ਕਿਸੇ ਨਾਲ ਗੱਲ ਹੀ ਨਹੀਂ ਕਰਦੇ। ਕਦੇ ਘਰ ਆਉਂਦੇ ਨੇ, ਪਰ ਕਦੇ ਕਦੇ ਆਉਂਦੇ ਹੀ ਨਹੀਂ। ਉਹ ਆਪਣੇ ਹੱਥਾਂ ਵਿਚ ਹਮੇਸ਼ਾਂ ਰੱਸਾ ਤੇ ਸੋਟਾ ਫੜੀ ਰਖਦੇ ਨੇ, ਜਿਥੇ ਕਿਧਰੇ ਕੋਈ ਸਾਧੂ ਸੰਤ ਮਿਲ ਜਾਏ, ਝਟ ਰੱਸੇ ਨਾਲ ਬੰਨ੍ਹ ਕੇ ਡੰਡੇ ਮਾਰਨ ਲੱਗਦੇ ਨੇ। ਕਲ੍ਹ ਦੇ ਘਰੋਂ ਨਿਕਲੇ ਹੋਏ ਨੇ, ਮੁੜ ਅਜੇ ਤਕ ਨਜ਼ਰ ਨਹੀਂ ਆਏ।" ਸਾਧੂਆਂ ਦੀ ਮੰਡਲੀ ਲੋਈ ਦੀਆਂ ਗੱਲਾਂ ਸੁਣ ਕੇ ਬੜੀ ਦੁਖੀ ਹੋਈ। ਉਨ੍ਹਾਂ ਨੇ ਪਿੰਡੋਂ ਬਾਹਰ ਇਕ ਵਡੇ ਦਰੱਖਤ ਹੇਠਾਂ ਆਪਣਾ ਡੇਰਾ ਕੀਤਾ ਹੋਇਆ ਸੀ। ਸੋ, ਉਹ ਉਦਾਸ ਹੋ ਕੇ ਆਪਣੇ ਡੇਰੇ ਵਲ ਤੁਰ ਪਏ।

ਥੋੜੀ ਦੇਰ ਬਾਅਦ ਕਬੀਰ ਜੀ ਘਰ ਵਾਪਸ ਆਏ। ਉਨ੍ਹਾਂ ਨੂੰ ਵੇਖ ਕੇ ਲੋਈ ਕਹਿਣ ਲੱਗੀ, "ਹੁਣੇ ਤੁਹਾਡੇ ਪਿਛੋਂ ਕੁਝ ਸਾਧੂ ਤੁਹਾਨੂੰ ਮਿਲਣ ਵਾਸਤੇ ਆਏ ਸਨ। ਉਹ ਰੱਸਾ ਅਤੇ ਡੰਡਾ ਮੰਗਦੇ ਸਨ, ਘਰ ਵਿਚ ਨਾ ਰੱਸਾ ਸੀ ਨਾ ਡੰਡਾ, ਸੋ ਨਾਂਹ

ਕਰ ਬੈਠੀ। ਸਾਧੂਆਂ ਨੂੰ ਸਖ਼ਤ ਲੋੜ ਸੀ, ਸੋ ਉਹ ਨਾਰਾਜ਼ ਹੋ ਕੇ ਆਪਣੇ ਡੇਰੇ ਵਲ ਚਲੇ ਗਏ।"

"ਉਨ੍ਹਾਂ ਸਾਧਾਂ ਨੇ ਡੇਰਾ ਕਿਥੇ ਕੀਤਾ ਹੋਇਐ ?"

"ਪਿੰਡੋਂ ਬਾਹਰ, ਵੱਡੇ ਪਿੱਪਲ ਹੇਠਾਂ। ਅਜੇ ਤਾਂ ਉਹ ਰਾਹ ਵਿਚ ਹੀ ਹੋਣੇ ਨੇ।"

ਕਬੀਰ ਜੀ ਉਸੇ ਪੈਰ ਦੌੜਦੇ ਹੋਏ ਬਾਜ਼ਾਰ ਗਏ। ਬਾਣੀਏਂ ਤੋਂ ਇਕ ਡੰਡਾ ਅਤੇ ਰੱਸਾ ਖ਼ਰੀਦਿਆ। ਫਿਰ ਸਾਧੂਆਂ ਨੂੰ ਢੂੰਡਦੇ ਹੋਏ ਵਾਹੋ-ਦਾਹੀ ਉਹਨਾਂ ਦੇ ਡੇਰੇ ਵਲ ਤੁਰ ਪਏ।

ਅਜੇ ਕਬੀਰ ਜੀ ਥੋੜੀ ਹੀ ਦੂਰ ਗਏ ਸਨ ਕਿ ਉਨ੍ਹਾਂ ਨੂੰ ਸਾਧੂਆਂ ਦੀ ਮੰਡਲੀ ਅੱਗੇ ਅੱਗੇ ਤੁਰਦੀ ਜਾਂਦੀ ਵਿਖਾਈ ਦਿਤੀ। ਕਬੀਰ ਜੀ ਨੇ ਉਨ੍ਹਾਂ ਨੂੰ ਆਵਾਜ਼ ਮਾਰ ਕੇ ਠਹਿਰ ਜਾਣ ਲਈ ਕਿਹਾ। ਸਾਧੂਆਂ ਨੇ ਪਰਤ ਕੇ ਵੇਖਿਆ, ਕਬੀਰ ਜੀ ਹੱਥ ਵਿਚ ਡੰਡਾ ਅਤੇ ਰੱਸਾ ਪਕੜੀ ਦੌੜੇ ਆ ਰਹੇ ਸਨ।

ਸਾਧੂਆਂ ਨੂੰ ਲੋਈ ਦੀ ਦੱਸੀ ਗੱਲ ਚੇਤੇ ਆ ਗਈ ਕਿ ਕਬੀਰ ਜੀ ਦਾ ਦਿਮਾਗ਼ ਕੁਝ ਢਿੱਲਾ ਹੋ ਗਿਆ ਹੈ ਤੇ ਉਹ ਸਾਧੂਆਂ ਨੂੰ ਰੱਸੇ ਨਾਲ ਬੰਨ੍ਹ ਕੇ ਡੰਡੇ ਨਾਲ ਮਾਰਨ ਲੱਗ ਜਾਂਦੇ ਹਨ। ਸੋ ਸਾਧੂ ਡਰ ਗਏ ਅਤੇ ਜਾਨ ਬਚਾਣ ਲਈ ਤੇਜ਼ੀ ਨਾਲ ਦੌੜਨ ਲੱਗੇ।

ਦੂਜੇ ਪਾਸੇ ਕਬੀਰ ਜੀ ਨੂੰ ਲੋਈ ਨੇ ਦੱਸਿਆ ਸੀ ਕਿ ਸਾਧੂ ਡੰਡਾ ਤੇ ਰੱਸਾ ਨਾ ਮਿਲਣ ਕਰ ਕੇ ਨਾਰਾਜ਼ ਹੋ ਕੇ ਚਲੇ ਗਏ ਹਨ। ਕਬੀਰ ਜੀ ਨੇ ਸਮਝਿਆ ਕਿ ਸਾਧੂ ਉਨ੍ਹਾਂ ਨਾਲ ਗੁੱਸੇ ਹਨ। ਸੋ ਕਬੀਰ ਜੀ ਵੀ ਉਨ੍ਹਾਂ ਪਿਛੇ ਦੌੜ ਪਏ। ਕਾਫ਼ੀ ਦੇਰ ਤਕ ਅੱਗੇ ਅੱਗੇ ਸਾਧੂ ਤੇ ਪਿਛੇ ਪਿਛੇ ਕਬੀਰ ਜੀ ਦੌੜਦੇ ਗਏ। ਜਦੋਂ ਸਾਧੂ ਹਫ ਹੁਟ ਗਏ ਤਾਂ ਉਹ ਇਕ ਉਜਾੜ ਵਿਚ ਝਾੜੀਆਂ ਦੇ ਉਹਲੇ ਜਾ ਛੁਪੇ। ਕਬੀਰ ਨੇ ਵੇਖ ਲਿਆ ਅਤੇ ਉਨ੍ਹਾਂ ਨੂੰ ਜਾ ਫੜਿਆ।

ਕਬੀਰ ਨੇ ਉਨ੍ਹਾਂ ਨੂੰ ਡੰਡਾ ਅਤੇ ਰੱਸਾ ਦੇਂਦਿਆਂ ਕਿਹਾ, "ਸਾਧੂ ਜਨੋਂ ! ਨਿੱਕੀ ਜਿਹੀ ਗੱਲ ਪਿਛੇ ਇਤਨੇ ਖ਼ਫ਼ਾ ਕਿਉਂ ਹੋ ਗਏ ਹੋ, ਤੁਹਾਨੂੰ ਡੰਡਾ ਅਤੇ ਰੱਸਾ ਚਾਹੀਦਾ ਸੀ। ਇਹੋ ਦੇਣ ਵਾਸਤੇ ਤਾਂ ਮੈਂ ਤੁਹਾਡੇ ਪਿਛੇ ਪਿਛੇ ਦੌੜਦਾ ਆ ਰਿਹਾ ਹਾਂ।

ਕਬੀਰ ਦੀ ਇਹ ਗੱਲ ਸੁਣ ਕੇ ਸਾਧੂ ਹੱਕੇ ਬੱਕੇ ਰਹਿ ਗਏ। ਹੁਣ ਤਕ ਤਾਂ ਉਹ ਡਰ ਨਾਲ ਘਬਰਾਏ ਹੋਏ ਸਨ, ਪਰ ਹੁਣ ਉਨ੍ਹਾਂ ਨੂੰ ਕੁਝ ਤਸੱਲੀ ਹੋਈ। ਸਾਧੂ ਕਹਿਣ ਲੱਗੇ, "ਮਹਾਰਾਜ ! ਅਸਾਂ ਤਾਂ ਸੁਣਿਆ ਸੀ ਕਿ ਤੁਹਾਡਾ ਦਿਮਾਗ਼ ਫਿਰ ਗਿਆ ਏ ਤੇ ਤੁਸੀਂ ਡੰਡਾ ਰੱਸਾ ਹੱਥ ਵਿਚ ਫੜੀ ਸਾਧਾਂ ਸੰਤਾਂ ਦੇ ਪਿਛੇ ਨੱਠਦੇ ਫਿਰਦੇ ਹੋ ਅਤੇ ਜੇ ਕੋਈ ਸਾਧੂ ਤੁਹਾਡੇ ਹੱਥ ਆ ਜਾਵੇ ਤਾਂ ਰੱਸੀ ਨਾਲ ਬੰਨ੍ਹ ਕੇ ਡੰਡੇ ਨਾਲ ਮਾਰਦੇ ਹੋ। ਇਸੇ ਲਈ ਅਸੀਂ ਭੱਜੇ ਸਾਂ।"

"ਤੁਹਾਨੂੰ ਇਹ ਗੱਲ ਕਿਸ ਨੇ ਕਹੀ ?" ਕਬੀਰ ਨੇ ਹੈਰਾਨ ਹੋ ਕੇ ਪੁਛਿਆ।

"ਲੋਈ ਜੀ ਨੇ ਆਪ ਦੱਸੀ ਏ।" ਸਾਧੂਆਂ ਨੇ ਜਵਾਬ ਦਿਤਾ।

ਕਬੀਰ ਨੂੰ ਸਾਰੀ ਗੱਲ ਸੁਣ ਕੇ ਬੜੀ ਹੈਰਾਨੀ ਹੋਈ। ਸਾਧੂਆਂ ਤੋਂ ਖਿਮਾਂ ਮੰਗ ਕੇ ਉਹ ਘਰ ਆਏ ਅਤੇ ਲੋਈ ਨਾਲ ਨਾਰਾਜ਼ਗੀ ਪ੍ਰਗਟ ਕਰਦਿਆਂ ਕਹਿਣ ਲੱਗੇ, "ਭਲੀਏ ਲੋਕੇ ! ਇਹ ਤੂੰ ਕੀ ਖੇਡ ਰਚੀਏ।"

ਲੋਈ ਕਹਿਣ ਲੱਗੀ, "ਮਹਾਰਾਜ, ਇਸ ਵਿਚ ਮੇਰਾ ਕੋਈ ਕਸੂਰ ਨਹੀਂ, ਤੁਸਾਂ ਆਪ ਹੀ ਤਾਂ ਇਕ ਵਾਰ ਕਿਹਾ ਸੀ ਕਿ ਕਦੇ ਕੋਈ ਚਲਿਤ੍ਰ ਵਿਖਾ, ਮੈਂ ਅੱਜ ਇਹ ਚਲਿਤ੍ਰ ਵਿਖਾ ਦਿਤਾ ਏ।"

ਅਗਨੀ ਪ੍ਰੀਖਿਆ

ਇਕ ਰਾਜੇ ਦੀ ਪਤਨੀ ਚਿਤਰੋ ਦੀ ਮਹਿਲਾਂ ਦੇ ਵਡੇ ਅਧਿਕਾਰੀ ਨਾਲ ਅਸ਼ਨਾਈ ਸੀ। ਇਕ ਦਿਨ ਰਾਜੇ ਨੂੰ ਰਾਤ ਵੇਲੇ ਆਪਣੀ ਰਾਣੀ ਦੇ ਸੌਣ-ਕਮਰੇ ਵਿਚ ਕੋਈ ਪਰਛਾਵਾਂ ਹਿੱਲਦਾ ਵਿਖਾਈ ਦਿਤਾ, ਪਰ ਜਦੋਂ ਉਹ ਦੌੜਦਾ ਹੋਇਆ ਉਥੇ ਪੁੱਜਾ ਤਾਂ ਉਹ ਪਰਛਾਵਾਂ ਗ਼ਾਇਬ ਸੀ। ਰਾਜੇ ਨੂੰ ਚਿਤਰੋ ਦੇ ਆਚਰਣ ਉਪਰ ਸੰਦੇਹ ਹੋ ਗਿਆ ਅਤੇ ਉਸ ਨੇ ਰਾਣੀ ਨੂੰ ਅਗਨੀ ਪ੍ਰੀਖਿਆ ਦੇਣ ਲਈ ਕਿਹਾ। ਪਹਿਲਿਆਂ ਵਿਚ ਵਿਸ਼ਵਾਸ ਸੀ ਕਿ ਜੇ ਕੋਈ ਤੀਵੀਂ ਵਰਤ ਧਾਰ ਕੇ ਅਗਨੀ ਵਿਚੋਂ ਲੰਘੇ ਅਤੇ ਉਹ ਵਰਤ ਸੱਚਾ ਹੋਵੇ ਤਾਂ ਅਗਨੀ ਉਸ ਤੀਵੀਂ ਦੀ ਰੱਖਿਆ ਕਰਦੀ ਹੈ ਅਤੇ ਉਸ ਨੂੰ ਆਂਚ ਤਕ ਨਹੀਂ ਆਉਣ ਦਿੰਦੀ।

ਰਾਣੀ ਚਿਤਰੋ ਦੀ ਅਧਿਕਾਰੀ ਨਾਲ ਆਸ਼ਨਾਈ ਸੀ, ਇਸ ਲਈ ਉਸ ਨੂੰ ਅੰਦਰੋਂ ਡਰ ਸੀ ਕਿ ਅਗਨੀ ਦੇਵਤਾ ਦੇ ਸਾਹਮਣੇ ਉਹ ਸਹੁੰ ਨਹੀਂ ਚੁੱਕ ਸਕੇਗੀ। ਸੋ ਉਹ ਬੜੀ ਪਰੇਸ਼ਾਨ ਸੀ। ਜੇ ਉਸ ਦਾ ਸਰੀਰ ਦਾਗਿਆ ਗਿਆ ਤਾਂ ਇਕ ਤਾਂ ਰਾਜੇ ਨੇ ਉਸ ਨੂੰ ਮੌਤ ਦੀ ਸਜ਼ਾ ਦੇ ਦੇਣੀ ਸੀ, ਦੂਜਾ, ਲੋਕਾਂ ਵਿਚ ਉਸਦਾ ਬੜਾ ਅਪਮਾਨ ਹੋਣਾ ਸੀ। ਸੋ ਉਹ ਦਾਸੀ ਦੇ ਭੇਸ ਵਿਚ ਉਸ ਅਧਿਕਾਰੀ ਨੂੰ ਜਾ ਮਿਲੀ ਅਤੇ ਉਸ ਦੇ ਨਾਲ ਆਪਣੇ ਵਰਤ ਬਾਰੇ ਵਿਚਾਰ ਕਰ ਕੇ ਤੇ ਕੋਈ ਜੁਗਤ ਸੋਚ ਕੇ ਪਰਤ ਆਈ।

ਜਿਸ ਵੇਲੇ ਅਗਨੀ ਪ੍ਰੀਖਿਆ ਹੋਣ ਲੱਗੀ ਤਾਂ ਵੱਡੇ ਸਾਰੇ ਕੁੰਡ ਵਿਚ ਅੱਗ ਬਾਲੀ ਗਈ। ਕੁੰਡ ਦੇ ਦੁਆਲੇ, ਰਾਣੀ ਦੀ ਅਗਨੀ ਪ੍ਰੀਖਿਆ ਵੇਖਣ ਦੇ ਵਿਚਾਰ ਨਾਲ, ਲੋਕੀਂ ਆ ਇਕੱਠੇ ਹੋਏ। ਉਸ ਭੀੜ ਵਿਚ ਇਕ ਭਗਵੇ ਕਪੜੇ ਪਾਈ ਲੰਮੀਆਂ ਜਟਾਂ ਵਾਲਾ ਸਾਧੂ ਵੀ ਆਣ ਬੈਠਾ। ਜਿਵੇਂ ਹੀ ਰਾਣੀ ਅਗਨੀ ਪ੍ਰੀਖਿਆ ਲਈ ਕੁੰਡ ਵਿਚ ਪੈਰ ਪਾਉਣ ਲੱਗੀ ਤਾਂ ਸਾਧੂ ਨੇ ਅੱਗੇ ਵਧ ਕੇ ਰਾਣੀ ਨੂੰ ਬਾਂਹ ਤੋਂ ਫੜ ਕੇ ਰੋਕ ਲਿਆ ਅਤੇ ਕਿਹਾ, "ਠਹਿਰੋ, ਪਹਿਲਾਂ ਮੈਨੂੰ ਇਕ ਵੇਦ ਮੰਤਰ ਪੜ੍ਹਨ ਦਿਓ। ਅਗਨੀ ਪ੍ਰੀਖਿਆ ਦੀ ਇਹ ਰੀਤ ਨਹੀਂ।"

ਰਾਣੀ ਉਸ ਸਾਧੂ ਨਾਲ ਝਗੜਨ ਲੱਗੀ, "ਤੂੰ ਮੇਰੇ ਸਰੀਰ ਨੂੰ ਛੁਹਣ ਦੀ ਕਿਵੇਂ ਹਿੰਮਤ ਕੀਤੀ, ਤੂੰ ਮੇਰਾ ਸਤਿ ਧਰਮ ਨਸ਼ਟ ਕਰ ਦਿਤਾ ਏ। ਮੈਂ ਹੁਣ ਅਗਨੀ ਪ੍ਰੀਖਿਆ 'ਚੋਂ ਕਿਵੇਂ ਲੰਘ ਸਕਦੀ ਹਾਂ।"

ਇਸ ਨਵੇਂ ਸੰਕਟ ਵਿਚੋਂ ਨਿਕਲਣ ਲਈ ਪ੍ਰੋਹਿਤ ਨੇ ਉਪਾਅ ਦਸਿਆ ਕਿ ਰਾਣੀ ਅਗਨੀ ਪ੍ਰੀਖਿਆ ਸਮੇਂ ਇਹ ਵਰਤ ਲ਼ਏ ਕਿ ਉਸ ਨੇ ਰਾਜੇ ਅਤੇ ਇਸ ਸਾਧੂ ਤੋਂ ਬਗੈਰ ਜੇ ਕਿਸੇ ਹੋਰ ਨਾਲ ਆਲਿੰਗਨ ਕੀਤਾ ਹੋਵੇ ਤਾਂ ਅਗਨੀ ਉਸ ਨੂੰ ਸਾੜ ਕੇ ਸੁਆਹ ਕਰ ਦੇਵੇ।

ਰਾਣੀ ਨੇ ਉਸੇ ਵੇਲੇ ਰਾਜੇ ਅਤੇ ਸਾਧੂ ਨੂੰ ਆਪਣੇ ਸਾਹਮਣੇ ਖੜਿਆਂ ਕਰਕੇ ਅਗਨੀ ਅੱਗੇ ਪ੍ਰਾਰਥਨਾ ਕੀਤੀ ਕਿ, "ਹੇ ਅਗਨੀ ਦੇਵ ! ਜੇ ਮੈਂ ਇਨ੍ਹਾਂ ਦੋਹਾਂ ਤੋਂ ਬਗ਼ੈਰ ਹੋਰ ਕਿਸੇ ਦਾ ਆਲਿੰਗਨ ਕੀਤਾ ਹੋਵੇ ਤਾਂ ਉਹ ਮੈਨੂੰ ਬੇਸ਼ਕ ਸਾੜ ਕੇ ਸਵਾਹ ਕਰ ਦੇਵੇ।" ਫਿਰ ਉਹ ਅਗਨੀ ਦੇ ਕੁੰਡ ਵਿਚੋਂ ਲੰਘ ਗਈ। ਲੋਕ ਕਹਿੰਦੇ ਹਨ ਉਸ ਨੂੰ ਆਂਚ ਤਕ ਨਾ ਆਈ।

ਸਾਧੂ ਦੇ ਭੇਸ ਵਿਚ ਉਸ ਦਾ ਆਪਣਾ ਪ੍ਰੇਮੀ ਹੀ ਭੀੜ ਵਿਚ ਖੜਾ ਸੀ।

ਅੰਨ੍ਹੇ ਦਾ ਸਵਾਂਗ

ਇਹ ਹਟਵਾਣੀਏਂ ਦੀ ਬੀਵੀ, ਜਿਸ ਦਾ ਨਾਂ ਕਾਮਨੀ ਸੀ, ਬੜੀ ਸੁਹਣੀ ਤੇ ਸੁਣੱਖੀ ਸੀ। ਹਟਵਾਣੀਆਂ ਸਵੇਰ ਤੋਂ ਸ਼ਾਮ ਤਕ ਦੁਕਾਨ ਉਤੇ ਬੈਠਾ ਲੂਣ, ਤੇਲ ਵੇਚਦਾ ਰਹਿੰਦਾ। ਦੁਪਹਿਰੀਂ ਜਦੋਂ ਕਾਮਨੀ ਨੂੰ ਦਾਅ ਲੱਗਦਾ ਆਪਣੇ ਪ੍ਰੇਮੀ ਨੂੰ ਮਿਲਣ ਲਈ ਘਰੋਂ ਨਿਕਲ ਤੁਰਦੀ। ਜਾਣ ਤੋਂ ਪਹਿਲਾਂ ਉਹ ਉਚੇਚੇ ਤੌਰ ਤੇ ਮਠਿਆਈ ਜਾਂ ਖੀਰ-ਪੂੜੇ ਆਦਿ ਬਣਾਂਦੀ ਤੇ ਆਪਣੇ ਪ੍ਰੇਮੀ ਦੇ ਖਾਣ ਵਾਸਤੇ ਲੈ ਜਾਂਦੀ। ਹਟਵਾਣੀਏਂ ਨੂੰ ਆਪਣੀ ਬੀਵੀ ਦੇ ਢਿੱਲੇ ਆਚਰਣ ਬਾਰੇ ਸੂਹ ਤਾਂ ਮਿਲ ਚੁਕੀ ਸੀ, ਪਰ ਉਸ ਦਾ ਵਸ ਨਹੀਂ ਸੀ ਚਲਦਾ।

ਇਕ ਦਿਨ ਹਟਵਾਣੀਆਂ, ਦੁਪਹਿਰਾਂ ਵੇਲੇ ਅਚਾਨਕ ਘਰ ਆਇਆ, ਤਾਂ ਉਸ ਨੇ ਵੇਖਿਆ ਕਿ ਕਾਮਨੀ ਹਾਰ ਸ਼ਿੰਗਾਰ ਕਰ ਕੇ, ਹੱਥ ਵਿਚ ਮਠਿਆਈ ਦਾ ਥਾਲ ਚੁੱਕੀ, ਕਿਧਰੇ ਬਾਹਰ ਜਾਣ ਲਈ ਤਿਆਰ ਖੜੀ ਸੀ। ਹਟਵਾਣੀਆਂ ਸਮਝ ਗਿਆ ਕਿ ਉਹ ਆਪਣੇ ਪ੍ਰੇਮੀ ਨੂੰ ਹੀ ਮਿਲਣ ਚੱਲੀ ਹੈ, ਪਰ ਤਾਂ ਵੀ ਉਸ ਨੇ ਜਿਗਰਾ ਕਰ ਕੇ ਪੁੱਛ ਹੀ ਲਿਆ, "ਭਲੀਏ ਲੋਕੇ, ਇਸ ਵੇਲੇ ਹਾਰ ਸ਼ਿੰਗਾਰ ਕਰ ਕੇ ਕਿਥੇ ਚੱਲੀ ਏਂ ?"

ਕਾਮਨੀ ਪਹਿਲਾਂ ਤਾਂ ਮੌਕੇ ਉਤੇ ਫੜੀ ਜਾਣ ਕਰਕੇ ਘਬਰਾਈ, ਪਰ ਫਿਰ ਇਕਦਮ ਉਸ ਨੂੰ ਇਕ ਗੱਲ ਸੁਝ ਗਈ ਤੇ ਉਹ ਕਹਿਣ ਲੱਗੀ, "ਇਸ ਵੇਲੇ ਮੈਂ ਪੀਰਾਂ ਦੀ ਮਜ਼ਾਰ ਤੇ ਚੜ੍ਹਾਵਾ ਦੇਣ ਚੱਲੀ ਹਾਂ; ਤੁਸੀਂ ਰਾਤੀਂ ਢਿੱਲੇ-ਮੱਠੇ ਹੋ ਗਏ ਸੀ ਨਾ, ਮੈਂ ਸੁੱਖਣਾ ਸੁੱਖੀ ਸੀ।"

ਹਟਵਾਣੀਆਂ ਅਸਲੀ ਗੱਲ ਤਾਂ ਸਮਝਦਾ ਸੀ, ਪਰ ਚੁਪ ਰਿਹਾ। ਫਿਰ ਉਸ ਨੇ ਸੋਚਿਆ, ਕਿਉਂ ਨਾ ਉਹ ਪੀਰ ਦੀ ਮਜ਼ਾਰ ਤੇ ਜਾ ਕੇ ਖ਼ੁਦ ਵੇਖ ਲਏ। ਸੋ ਉਹ

ਹੱਟੀ ਉਤੇ ਕੰਮ ਦਾ ਬਹਾਨਾ ਕਰ ਕੇ ਉਥੋਂ ਸਿੱਧਾ ਪੀਰਾਂ ਦੀ ਮਜ਼ਾਰ 'ਤੇ ਗਿਆ ਅਤੇ ਉਹਲੇ ਵਿਚ ਲੁੱਕ ਕੇ ਬੈਠ ਗਿਆ।

ਕਾਮਨੀ ਨੂੰ ਸੰਦੇਹ ਹੋਇਆ ਕਿ ਉਸ ਦਾ ਪਤੀ, ਅੱਜ ਉਸ ਦੇ ਪਿਛੇ ਜ਼ਰੂਰ ਆਵੇਗੀ। ਇਸ ਲਈ ਉਹ ਆਪਣੇ ਪ੍ਰੇਮੀ ਦੇ ਕੋਲ ਜਾਣ ਦੀ ਬਜਾਏ ਸਿਧੀ ਪੀਰਾਂ ਦੀ ਖ਼ਾਨਗਾਹ ਉਤੇ ਪੁਜੀ। ਪਹਿਲਾਂ ਉਸ ਨੇ ਖ਼ਾਨਗਾਹ ਉਤੇ ਦੀਵਾ ਬਾਲਿਆ, ਤੇ ਫਿਰ ਮਠਿਆਈ ਭੇਟ ਕਰ ਕੇ ਪੀਰ ਦੇ ਅੱਗੇ ਪ੍ਰਾਰਥਨਾ ਕਰਨ ਲੱਗੀ, "ਪੀਰ ਜੀ, ਤੁਸੀਂ ਸਭ ਦੀਆਂ ਭਾਵਨਾਵਾਂ ਪੂਰੀਆਂ ਕਰਦੇ ਹੋ, ਅੱਜ ਮੇਰੀ ਵੀ ਇਕ ਭਾਵਨਾ ਪੂਰੀ ਕਰੋ। ਮੇਰਾ ਪਤੀ ਮੈਨੂੰ ਜ਼ੋਕ ਵਾਂਗੂੰ ਚੰਬੜਿਆ ਹੋਇਐ, ਜੇ ਉਹ ਅੰਨ੍ਹਾ ਹੋ ਜਾਵੇ, ਤਾਂ ਮੈਂ ਆਪਣੇ ਪ੍ਰੇਮੀ ਨਾਲ ਸੁਖ ਤੇ ਆਨੰਦ ਦਾ ਜੀਵਨ ਭੋਗ ਸਕਦੀ ਹਾਂ। ਮੇਰੇ ਤੇ ਬਖਸ਼ਿਸ਼ ਕਰੋ।"

ਮਜ਼ਾਰ ਦੇ ਉਹਲੇ ਛੁਪੇ ਹੋਏ ਪਤੀ ਨੇ ਜਦੋਂ ਕਾਮਨੀ ਦੀ ਅਰਦਾਸ ਸੁਣੀ, ਤਾਂ ਉਸ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਉਸ ਨੂੰ ਕਾਮਨੀ ਦੇ ਕਾਲੇ ਮਨ ਦੀ ਸੋਝੀ ਹੋ ਗਈ। ਸੋ ਉਸ ਨੇ ਵੀ ਪਖੰਡ ਤੋਂ ਕੰਮ ਲੈਣਾ ਚਾਹਿਆ ਅਤੇ ਕਾਮਨੀ ਨੂੰ ਮੂਰਖ ਬਣਾਉਣ ਦੇ ਵਿਚਾਰ ਨਾਲ ਆਪਣੀ ਆਵਾਜ਼ ਨੂੰ ਰਤਾ ਬਦਲ ਕੇ ਗੌਰਵ ਨਾਲ ਕਿਹਾ, "ਬੇਟਾ, ਪੀਰ ਤੇਰੀ ਮਨਸਾ ਪੂਰੀ ਕਰਨਗੇ। ਤੂੰ ਚਾਲ੍ਹੀ ਦਿਨ ਆਪਣੇ ਪਤੀ ਨੂੰ ਦੋਵੇਂ ਵੇਲੇ ਖੀਰ ਪੂੜੇ ਤੇ ਮਠਿਆਈ ਖਵਾ, ਉਸ ਦੀਆਂ ਅੱਖਾਂ ਤੇ ਚਰਬੀ ਚੜ੍ਹ ਜਾਵੇਗੀ, ਅਤੇ ਉਹ ਅੰਨ੍ਹਾ ਹੋ ਜਾਵੇਗਾ। ਫਿਰ ਤੈਨੂੰ ਕੋਈ ਵੀ ਪੁੱਛਣ ਵਾਲਾ ਨਹੀਂ ਹੋਵੇਗਾ।" ਇਹ ਗ਼ੈਬੀ ਆਵਾਜ਼ ਸੁਣ ਕੇ ਕਾਮਨੀ ਬੜੀ ਪ੍ਰਸੰਨ ਹੋਈ। ਉਸ ਨੇ ਪੀਰ ਦੀ ਕਬਰ ਦਾ ਸਿਜਦਾ ਕੀਤਾ ਤੇ ਘਰ ਆ ਗਈ।

ਹੁਣ ਕਾਮਨੀ ਹਰ ਰੋਜ਼ ਖੀਰ ਪੂੜੇ ਅਤੇ ਹੋਰ ਸਵਾਦੀ ਪਦਾਰਥ ਬਣਾ ਕੇ ਆਪਣੇ ਪਤੀ ਨੂੰ ਖਵਾਂਦੀ। ਹਟਵਾਣੀਆਂ, ਇਹਨਾਂ ਚੀਜ਼ਾਂ ਲਈ ਤਰਸ ਗਿਆ ਸੀ। ਸੋ, ਉਹ ਰੋਜ਼ ਆਨੰਦ ਨਾਲ ਖਾ ਪੀ ਕੇ ਡਕਾਰ ਮਾਰਦਾ। ਇਤਨੀ ਸੇਵਾ ਤਾਂ ਪਹਿਲਾਂ ਉਸ ਦੀ ਕਦੇ ਨਹੀਂ ਸੀ ਹੋਈ। ਸੋ, ਉਹ ਪੀਰ ਨੂੰ ਅਸੀਸਾਂ ਦੇਣ ਲੱਗਾ। ਜਦੋਂ ਕੁਝ ਦਿਨ ਲੰਘੇ ਤਾਂ ਹਟਵਾਣੀਆਂ ਇਕ ਦਿਨ ਸਵੇਰੇ ਜਾਗ ਕੇ ਕਹਿਣ ਲੱਗਾ, "ਭਲੀਏ ਲੋਕੇ, ਮੇਰੀ ਨਜ਼ਰ ਨੂੰ ਕੀ ਹੋ ਗਿਆ ਏ ? ਰੋਜ਼ ਘਟਦੀ ਹੀ ਜਾ ਰਹੀ ਏ, ਅੱਜ ਤਾਂ ਮੈਨੂੰ ਬਹੁਤ ਘਟ ਦਿਖਾਈ ਦੇ ਰਿਹਾ ਏ।" ਕਾਮਨੀ ਇਹ ਗੱਲ ਸੁਣ ਕੇ ਵਿਚੋਂ ਤਾਂ ਬੜੀ ਪ੍ਰਸੰਨ ਹੋਈ, ਪਰ ਉਤੋਂ ਕਹਿਣ ਲੱਗੀ, "ਨਹੀਂ, ਤੁਹਾਨੂੰ ਐਵੇਂ ਭੁਲੇਖਾ ਲੱਗਦਾ ਏ, ਘਬਰਾਣ ਦੀ ਕੋਈ ਲੋੜ ਨਹੀਂ।"

ਕੁਝ ਦਿਨਾਂ ਬਾਅਦ ਹਟਵਾਣੀਏਂ ਨੇ ਫਿਰ ਕਿਹਾ, "ਭਲੀਏ ਲੋਕੇ, ਹੁਣ ਤਾਂ ਮੈਨੂੰ ਉੱਕਾ ਹੀ ਨਜ਼ਰ ਨਹੀਂ ਆਉਂਦਾ। ਮੈਂ ਤਾਂ ਹੁਣ ਦੁਕਾਨ ਉਤੇ ਵੀ ਨਹੀਂ ਜਾ ਸਕਦਾ। ਬਥੇਰਾ ਧਨ ਕਮਾਇਆ ਹੈ, ਉਸੇ ਨਾਲ ਗੁਜ਼ਾਰਾ ਤੁਰੀ ਜਾਵੇਗਾ। ਇਕ ਸੋਟੀ ਮੈਨੂੰ ਲਿਆ ਦੇ, ਉਸ ਦੀ ਟੇਕ ਬਿਨਾ ਤੁਰਨਾ ਹੁਣ ਮੁਸ਼ਕਲ ਹੋ ਗਿਐ।" ਇਹ ਗੱਲ ਸੁਣ ਕੇ ਕਾਮਨੀ ਬਹੁਤ ਖ਼ੁਸ਼ ਹੋਈ ਅਤੇ ਨੱਠਦੀ ਹੋਈ ਆਪਣੇ ਪ੍ਰੇਮੀ ਕੋਲ ਗਈ ਤੇ ਉਸ ਨੂੰ ਕਹਿਣ ਲੱਗੀ, "ਹੁਣ ਤਾਂ ਲਾਲਾ ਅੰਨ੍ਹਾ ਹੋ ਗਿਆ ਏ, ਤੂੰ ਘਰ

ਹੀ ਆ ਜਾਇਆ ਕਰ। ਉਸ ਨੂੰ ਕਿਹੜਾ ਪਤਾ ਲੱਗਣਾ ਏ ਕਿ ਕੁੱਤਾ, ਬਿੱਲੀ ਏ ਜਾਂ ਆਦਮੀ ?"

ਹਟਵਾਣੀਆਂ ਸਾਰਾ ਦਿਨ ਅੰਨ੍ਹੇਂ ਦਾ ਸਵਾਂਗ ਭਰੀ ਵਿਹੜੇ ਵਿਚ ਘੁੰਮਦਾ ਰਹਿੰਦਾ। ਇਕ ਦਿਨ ਜਦੋਂ ਕਾਮਨੀ ਦਾ ਪ੍ਰੇਮੀ ਆਇਆ ਤਾਂ ਹਟਵਾਣੀਏਂ ਨੇ ਮਚਲਾ ਬਣ ਕੇ, ਪੈਰ ਦੀ ਖੜਾਕ ਵਲ ਸੰਕੇਤ ਕਰ ਕੇ ਕਿਹਾ, "ਕੌਣ ਆਇਆ ਏ ?"

ਕਾਮਨੀ ਨੇ ਕਿਹਾ, "ਗਲੀ ਦਾ ਕੁੱਤਾ ਏ।" ਤੇ ਫਿਰ ਉਹ ਦੁਰ-ਦੁਰ ਕਰਨ ਲੱਗੀ। ਜਦੋਂ ਕਾਮਨੀ ਦਾ ਯਾਰ ਪਲੰਘ ਉਤੇ ਬੈਠ ਗਿਆ ਤਾਂ ਹਟਵਾਣੀਆਂ ਕਹਿਣ ਲੱਗਾ, "ਇਸ ਕੁੱਤੇ ਨੂੰ ਮੈਂ ਨਹੀਂ ਛੱਡਣਾ, ਕਲ੍ਹ ਇਹ ਮੇਰੀ ਥਾਲੀ 'ਚੋਂ ਦਾਲ ਚੱਟ ਗਿਆ ਸੀ।" ਫਿਰ ਹਟਵਾਣੀਏਂ ਨੇ ਸੋਟੀ ਚੁਕ ਕੇ ਕਾਮਨੀ ਦੇ ਪ੍ਰੇਮੀ ਦੇ ਸਿਰ ਉਤੇ ਮਾਰਨੀਆਂ ਸ਼ੁਰੂ ਕੀਤੀਆਂ। ਕਾਮਨੀ ਦਾ ਪ੍ਰੇਮੀ ਲਹੂ-ਲੁਹਾਨ ਹੋ ਕੇ ਮੂਧਾ ਡਿਗ ਪਿਆ। ਫਿਰ ਹਟਵਾਣੀਏਂ ਨੇ ਇਕ ਸੋਟੀ ਕਾਮਨੀ ਦੇ ਸਿਰ ਵਿਚ ਮਾਰਦਿਆਂ ਕਿਹਾ, "ਪਤੀ ਨੂੰ ਅੰਨ੍ਹਾਂ ਕਰ ਕੇ ਯਾਰ ਭੋਗਦੀ ਏਂ ? ਮੈਂ ਤੈਨੂੰ ਜ਼ਿੰਦਾ ਨਹੀਂ ਛੱਡਾਂਗਾ।"

ਕਾਮਨੀ ਹੈਰਾਨ ਹੋਈ ਆਪਣੇ ਪਤੀ ਦੀਆਂ ਅੱਖਾਂ ਵਿਚ ਝਾਕਣ ਲੱਗੀ, ਉਸ ਨੂੰ ਦਿਸ ਗਿਆ ਕਿ ਉਸ ਦੇ ਪਤੀ ਨੇ ਅੰਨ੍ਹੇ ਹੋਣ ਦਾ ਪਖੰਡ ਕੀਤਾ ਹੋਇਆ ਹੈ।

ਮੁੱਲਾ ਦੇ ਸ਼ਿਕਾਰੀ

ਇਕ ਵਾਰ ਇਕ ਸ਼ਿਕਾਰੀ ਤੀਰ ਕਮਾਨ ਅਤੇ ਗੁਲੇਲ ਹੱਥਾਂ ਵਿਚ ਫੜੀ ਪੰਛੀਆਂ ਦਾ ਸ਼ਿਕਾਰ ਕਰਨ ਲਈ ਤੁਰਿਆ ਜਾ ਰਿਹਾ ਸੀ। ਰਾਹ ਵਿਚ ਉਸ ਨੂੰ ਇਕ ਮੁੱਲਾ ਮਿਲ ਗਿਆ। ਮੁੱਲਾ ਨੇ ਸ਼ਿਕਾਰੀ ਨੂੰ ਕਿਹਾ, "ਅਜ਼ੀਜ਼, ਮੈਨੂੰ ਵੀ ਨਾਲ ਲੈ ਚਲ, ਤੇਰਾ ਸਾਥ ਹੋ ਜਾਏਗਾ। ਜੋ ਸ਼ਿਕਾਰ ਹੱਥ ਲੱਗਾ ਅੱਧੋ-ਅੱਧ ਵੰਡ ਲਵਾਂਗੇ, ਨਾਲੇ ਪੁੰਨ ਤੇ ਨਾਲੇ ਫਲੀਆਂ।" ਸ਼ਿਕਾਰੀ ਪਹਿਲਾਂ ਤਾਂ ਨਾ ਮੰਨਿਆ, ਪਰ ਮੁੱਲਾ ਦੇ ਤਰਲਿਆਂ ਉਤੇ ਪਸੀਜ ਕੇ, ਉਹ ਇਸ ਸ਼ਰਤ ਤੇ ਉਸ ਨੂੰ ਲੈ ਤੁਰਿਆ ਕਿ ਪਹਿਲਾ ਸ਼ਿਕਾਰ ਉਹ ਖ਼ੁਦ ਲਏਗਾ ਅਤੇ ਦੂਜਾ ਮੁੱਲਾ ਨੂੰ ਦੇਵੇਗਾ।

ਮੁੱਲਾ ਨੇ ਇਹ ਸ਼ਰਤ ਮੰਨ ਲਈ।

ਦੋਵੇਂ ਪਿੰਡੋਂ ਬਾਹਰ ਨਿਕਲੇ ਤਾਂ ਇਕ ਦਰੱਖਤ ਉਤੇ ਉਨ੍ਹਾਂ ਨੇ ਕੁਝ ਕਬੂਤਰ ਬੈਠੇ ਵੇਖੇ। ਨਾਲ ਦੀ ਟਾਹਣੀ ਉਤੇ ਦੋ ਤਿੰਨ ਕਾਂ ਵੀ ਬੈਠੇ ਸਨ। ਸ਼ਿਕਾਰੀ ਨੇ ਝਟ ਨਿਸ਼ਾਨਾ ਬਣਾ ਕੇ ਉਪਰ-ਥੱਲੀ ਦੋ ਤੀਰ ਛੱਡੇ। ਰੱਬ ਦੀ ਕਰਨੀ ਪਹਿਲਾਂ ਇਕ ਕਬੂਤਰ ਤੇ ਫਿਰ ਇਕ ਕਾਂ ਫਟੜ ਹੋ ਕੇ ਹੇਠਾਂ ਆ ਡਿਗੇ। ਕਬੂਤਰ ਸ਼ਿਕਾਰੀ ਦੇ ਪੈਰਾਂ ਵਿਚ ਆ ਪਿਆ ਅਤੇ ਸ਼ਿਕਾਰੀ ਨੇ ਝਟ ਚੁਕ ਲਿਆ। ਛਿਣ ਕੁ ਮਗਰੋਂ ਕਾਂ

ਮੁੱਲਾ ਦੇ ਕੋਲ ਜਾ ਡਿਗਾ। ਜਦੋਂ ਮੁੱਲਾ ਕਾਂ ਨੂੰ ਚੁਕਣ ਲੱਗਾ ਤਾਂ ਉਹ ਰੋ ਪਿਆ।

ਕਬੂਤਰ ਨੇ ਕਾਂ ਨੂੰ ਰੋਂਦਿਆਂ ਵੇਖ ਹੈਰਾਨ ਨਾਲ ਪੁਛਿਆ, "ਭਰਾਵਾ, ਕਿਉਂ ਰੋਂਦਾ ਏਂ ? ਰੋਣਾ ਤਾਂ ਮੈਨੂੰ ਚਾਹੀਦਾ ਏ, ਮੈਂ ਤਾਂ ਹਲਾਲ ਹਾਂ। ਇਹ ਸ਼ਿਕਾਰੀ ਮੈਨੂੰ ਵੱਢ ਕੇ ਖਾ ਜਾਵੇਗਾ, ਤੈਨੂੰ ਖਾਣਾ ਹਰਾਮ ਏ, ਤੈਨੂੰ ਕਿਸ ਨੇ ਖਾਣੈਂ ? ਹੁਣੇ ਮੁੱਲਾ ਨੇ ਤੈਨੂੰ ਹਵਾ ਵਿਚ ਛੱਡ ਦੇਣੈਂ।"

ਕਾਂ ਰੋ ਕੇ ਆਖਣ ਲੱਗਾ, "ਭਰਾਵਾ ਤੂੰ ਭੁਲਦਾ ਪਿਐਂ, ਜਿਸ ਦੇ ਹੱਥ ਮੈਂ ਲੱਗਾ ਹਾਂ ਉਹ ਬੜਾ ਲਾਲਚੀ ਏ; ਉਸ ਨੂੰ ਖਾਧੇ ਬਗੈਰ ਸਬਰ ਨਹੀਂ ਆਉਣਾ। ਉਸ ਨੇ ਹੁਣੇ ਕੋਈ ਨੁਕਤਾ ਕੱਢ ਕੇ ਮੈਨੂੰ ਹਲਾਲ ਬਣਾ ਦੇਣੈਂ ਅਤੇ ਤੈਨੂੰ ਹਰਾਮ। ਫਿਰ ਉਸ ਮੈਨੂੰ ਭੁੰਨ ਕੇ ਖਾ ਜਾਣੈਂ।"

ਅਜੇ ਕਾਂ ਦੀ ਗੱਲ ਮੁੱਕੀ ਨਹੀਂ ਸੀ ਕਿ ਮੁੱਲਾ ਨੇ ਕਾਂ ਦੀ ਗਰਦਨ ਮਰੋੜਦਿਆਂ ਹੋਇਆਂ ਸ਼ਿਕਾਰੀ ਨੂੰ ਕਿਹਾ, "ਵੇਖ, ਕਬੂਤਰ ਦੀ ਡਾਰ ਨਾਲ ਰਲਿਆ ਕਾਂ, ਕਬੂਤਰ ਹੀ ਹੁੰਦਾ ਏ। ਇਸ ਲਈ ਇਹ ਕਾਂ ਕਬੂਤਰ ਏ, ਕਾਂ ਨਹੀਂ ਰਿਹਾ। ਇਹਨੂੰ ਖਾਣਾ ਹਲਾਲ ਏ।" ਫਿਰ ਥੋੜਾ ਜਿਹਾ ਰੁਕ ਕੇ ਮੁੱਲਾ ਕਹਿਣ ਲੱਗਾ, "ਪਰ ਤੇਰਾ ਕਬੂਤਰ ਕਾਵਾਂ ਦੀ ਡਾਰ ਨਾਲ ਰਲਿਆ ਰਿਹਾ ਏ, ਇਸ ਲਈ ਉਹ ਕਬੂਤਰ ਕਾਂ ਦਾ ਦਰਜਾ ਰਖਦਾ ਏ। ਤੇਰੇ ਲਈ ਉਹ ਖਾਣਾ ਹਰਾਮ ਏ। ਉਸ ਨੂੰ ਹੁਣੇ ਛੱਡ ਦੇਹ।"

ਇਹ ਫਤਵਾ ਸੁਣ ਕੇ ਸ਼ਿਕਾਰੀ ਹੱਕਾ ਬੱਕਾ ਰਹਿ ਗਿਆ ਅਤੇ ਮੁੱਲਾ ਵਲ ਬਿਟ ਬਿਟ ਵੇਖਣ ਲੱਗਾ। ਨਾ ਉਹ ਕਬੂਤਰ ਨੂੰ ਖਾਣ ਜੋਗਾ ਰਿਹਾ ਸੀ ਤੇ ਨਾ ਛੱਡਣ ਜੋਗਾ।

ਚੰਦਰੀ ਸੰਗਤ

ਪੁਰਾਣੇ ਵਕਤਾਂ ਦੀ ਗੱਲ ਏ, ਕਿਸੇ ਦਰੱਖ਼ਤ ਉਤੇ ਇਕ ਕਾਂ ਅਤੇ ਹੰਸ ਰਿਹਾ ਕਰਦੇ ਸਨ। ਭਾਵੇਂ ਇਨ੍ਹਾਂ ਦੋਹਾਂ ਦਾ ਆਪੋ ਵਿਚ ਕੋਈ ਮੇਲ ਨਹੀਂ ਸੀ, ਪਰ ਰੋਜ਼ ਇਕੱਠਿਆਂ ਉਠਣ ਬਹਿਣ ਕਰ ਕੇ, ਦੋਹਾਂ ਵਿਚ ਗੂੜ੍ਹੀ ਦੋਸਤੀ ਹੋ ਗਈ। ਕਾਂ ਆਪਣੇ ਦੁਸ਼ਟ ਸੁਭਾਅ ਕਾਰਨ ਕਈ ਨੀਚ ਕਰਮ ਕਰਦਾ। ਕਦੇ ਕਿਸੇ ਜ਼ਖ਼ਮੀ ਪਸ਼ੂ ਦੇ ਫਟਾਂ ਉਤੇ ਠੂੰਗੇ ਮਾਰਦਾ; ਕਦੇ ਕਿਸੇ ਬੱਚੇ ਦੇ ਹੱਥੋਂ ਕੋਈ ਚੀਜ਼ ਵਸਤ ਉਡਾ ਕੇ ਲੈ ਆਉਂਦਾ। ਹੰਸ ਕਾਂ ਨੂੰ ਹਮੇਸ਼ਾਂ ਸਮਝਾਂਦਾ ਰਹਿੰਦਾ ਅਤੇ ਉਸ ਨੂੰ ਨੇਕ ਬਣਨ ਵਾਸਤੇ ਪ੍ਰੇਰਦਾ। ਆਪਣੇ ਚੰਗੇ ਸੁਭਾਅ ਕਾਰਨ ਹੰਸ, ਕਾਂ ਦੀਆਂ ਕਈ ਨੀਚ ਹਰਕਤਾਂ ਨੂੰ ਮਾਫ਼ ਕਰ ਦਿੰਦਾ।

ਇਕ ਵਾਰ ਇਕ ਮੁਸਾਫ਼ਰ ਉਧਰੋਂ ਦੀ ਲੰਘਿਆ, ਉਹ ਪਲ ਭਰ ਲਈ ਆਰਾਮ ਕਰਨ ਵਾਸਤੇ ਆਪਣਾ ਝੋਲਾ ਸਿਰ ਹੇਠ ਰੱਖ ਕੇ ਉਸੇ ਦਰੱਖ਼ਤ ਹੇਠਾਂ ਆ ਲੇਟਿਆ।

ਠੰਢੀ ਹਵਾ ਝੁਲ ਰਹੀ ਸੀ। ਸੋ ਉਸ ਦੀਆਂ ਪਲਕਾਂ ਜੁੜ ਗਈਆਂ ਅਤੇ ਫਿਰ ਡੂੰਘੀ ਨੀਂਦਰ ਸੌਂ ਗਿਆ।

ਕੁਝ ਚਿਰ ਬਾਅਦ ਸੂਰਜ ਦੀ ਪਰਛਾਈਂ ਫਿਰਨ ਨਾਲ ਮੁਸਾਫ਼ਰ ਦੇ ਮੂੰਹ ਉਪਰ ਧੁੱਪ ਆ ਗਈ। ਹੰਸ ਨੇ ਆਪਣੇ ਪਰਉਪਕਾਰੀ ਸੁਭਾਅ ਅਨੁਸਾਰ ਮੁਸਾਫ਼ਰ ਦੀ ਸੇਵਾ ਕਰਨੀ ਚਾਹੀ ਅਤੇ ਦਰੱਖ਼ਤ ਦੀਆਂ ਟਹਿਣੀਆਂ ਉਤੇ ਉਹ ਇਸ ਤਰ੍ਹਾਂ ਖੰਭ ਪਸਾਰ ਕੇ ਬੈਠ ਗਿਆ ਕਿ ਮੁਸਾਫ਼ਰ ਦੇ ਮੂੰਹ ਉਤੇ ਛਾਂ ਆ ਗਈ। ਮੁਸਾਫ਼ਰ ਘੂਕ ਸੁੱਤਾ ਰਿਹਾ।

ਮੁਸਾਫ਼ਰ ਨੂੰ ਸੁੱਤਾ ਵੇਖ ਕੇ ਕਾਂ ਨੂੰ ਸ਼ਰਾਰਤਾਂ ਸੁਝ ਰਹੀਆਂ ਸਨ। ਉਸ ਨੇ ਵੇਖਿਆ ਕਿ ਮੁਸਾਫ਼ਰ ਉਪਰ ਵਲ ਮੂੰਹ ਅੱਡੀ ਸੁਤਾ ਪਿਆ ਸੀ। ਸੋ ਆਪਣੇ ਦੁਸ਼ਟ ਸੁਭਾਅ ਅਨੁਸਾਰ ਕਾਂ ਪੋਲੇ ਜਿਹੇ ਮੁਸਾਫ਼ਰ ਦੇ ਕੋਲ ਗਿਆ ਅਤੇ ਉਸ ਦੇ ਖੁਲ੍ਹੇ ਮੂੰਹ ਵਿਚ ਵਿੱਠ ਕਰ ਕੇ ਉੱਡ ਗਿਆ। ਹੰਸ ਨੂੰ ਇਸ ਗੱਲ ਦਾ ਪਤਾ ਤਕ ਨਾ ਲੱਗਾ।

ਮੁਸਾਫ਼ਰ ਉਸੇ ਵੇਲੇ ਘਬਰਾ ਕੇ ਉਠ ਬੈਠਾ। ਉਸ ਨੇ ਆਪਣਾ ਮੂੰਹ ਕਪੜੇ ਨਾਲ ਸਾਫ਼ ਕਰਦਿਆਂ ਉਪਰ ਦਰੱਖ਼ਤ ਵਲ ਵੇਖਿਆ। ਉਸ ਦੀ ਨਜ਼ਰ ਐਨ ਸਿਰ ਉਤੇ ਬੈਠੇ ਹੰਸ ਉਪਰ ਪਈ, ਜਿਸ ਨੇ ਪੰਖ ਪਸਾਰੇ ਹੋਏ ਸਨ। ਮੁਸਾਫ਼ਰ ਨੇ ਸਮਝਿਆ ਕਿ ਇਸੇ ਹੰਸ ਨੇ ਉਸ ਦੇ ਮੂੰਹ ਵਿਚ ਵਿੱਠ ਕੀਤੀ ਹੈ। ਕਾਂ ਉਥੋਂ ਉੱਡ ਕੇ ਦੂਜੇ ਦਰੱਖ਼ਤ ਉਤੇ ਜਾ ਬੈਠਾ ਅਤੇ ਚੁਪਚਾਪ ਸਾਰਾ ਤਮਾਸ਼ਾ ਵੇਖਦਾ ਰਿਹਾ। ਮੁਸਾਫ਼ਰ ਨੇ ਝਟ ਆਪਣੇ ਝੋਲੇ ਵਿਚੋਂ ਛੁਰੀ ਕੱਢੀ ਅਤੇ ਨਿਸ਼ਾਨਾ ਸਾਧ ਕੇ ਹੰਸ ਨੂੰ ਫੁੰਡ ਦਿਤਾ। ਹੰਸ ਤੜਪਦਾ ਹੋਇਆ ਹੇਠਾਂ ਆ ਡਿਗਿਆ।

ਮੁਸਾਫ਼ਰ ਨੇ ਫਟੜ ਹੰਸ ਨੂੰ ਫੜ ਲਿਆ। ਹੰਸ ਦੀਆਂ ਅੱਖਾਂ ਵਿਚ ਨਿਰਦੋਸ਼ਤਾ ਝਲਕ ਰਹੀ ਸੀ। ਉਸ ਦੀਆਂ ਦੋਵੇਂ ਅੱਖਾਂ, ਮੁਸਾਫ਼ਰ ਉਤੇ ਟਿਕਟਿਕੀ ਬੰਨ੍ਹੀ, ਉਸ ਵਲ ਵੇਖਦਿਆਂ ਹਮੇਸ਼ਾਂ ਲਈ ਮੁੰਦ ਗਈਆਂ। ਉਨ੍ਹਾਂ ਬੇਲੋਸ ਤੱਕਣੀਆਂ ਵਿਚ ਇਕ ਸੁਨੇਹੜਾ ਸੀ—"ਭੈੜੀ ਸੰਗਤ ਨੇ ਮੈਨੂੰ ਮਰਵਾ ਦਿਤਾ ਏ।"

ਸ਼ੇਰ ਅਤੇ ਬਾਂਦਰ

ਇਕ ਸ਼ੇਰ ਜਦੋਂ ਬਹੁਤ ਹੀ ਬੁਢਾ ਹੋ ਗਿਆ ਤਾਂ ਉਸ ਵਾਸਤੇ ਸ਼ਿਕਾਰ ਮਾਰਨਾ ਮੁਸ਼ਕਲ ਬਣ ਗਿਆ। ਭੁਖ ਦੇ ਸਤਾਏ ਸ਼ੇਰ ਨੇ ਠੱਗੀ ਨਾਲ ਹੀ ਜੰਗਲੀ ਜਾਨਵਰਾਂ ਨੂੰ ਫੜ ਕੇ ਖਾਣ ਦਾ ਤਰੀਕਾ ਸੋਚਿਆ, ਸੋ, ਸ਼ੇਰ ਨੇ ਮਹਾਤਮਾ ਦਾ ਰੂਪ ਧਾਰ ਲਿਆ ਅਤੇ ਦੂਜੇ ਜਾਨਵਰਾਂ ਦਾ ਧਿਆਨ ਆਪਣੇ ਵਲ ਖਿੱਚਣ ਲਈ ਜ਼ਮੀਨ ਉਪਰ ਫੂਕ ਫੂਕ ਕੇ ਪੈਰ ਰਖਣ ਲੱਗਾ।

ਇਕ ਦਰੱਖ਼ਤ ਉਪਰ ਬੈਠੇ ਬਾਂਦਰ ਨੇ ਸ਼ੇਰ ਨੂੰ ਪੋਲੇ ਪੈਰੀਂ ਤੁਰਦੇ ਵੇਖ ਕੇ ਉਸ

ਤੋਂ ਪੁਛਿਆ, "ਸ਼ੇਰ ਰਾਜੇ ! ਕੀ ਗੱਲ ਏ ? ਤੂੰ ਜ਼ਮੀਨ ਉਤੇ ਫੂਕ ਫੂਕ ਕੇ ਪੈਰ ਰਖ ਰਿਹਾ ਏਂ।"

ਸ਼ੇਰ ਨੇ ਬੜੀ ਨਿਮਰਤਾ ਨਾਲ ਉੱਤਰ ਦਿਤਾ, "ਬੇਟਾ, ਮੈਂ ਜੀਵਨ ਵਿਚ ਕਈ ਘੋਰ ਪਾਪ ਕੀਤੇ ਨੇ; ਹੁਣ ਬੁੱਢਾ ਹੋ ਗਿਆ ਹਾਂ, ਤੇ ਉਨ੍ਹਾਂ ਪਾਪਾਂ ਦਾ ਪ੍ਰਾਸ਼ਚਿਤ ਕਰ ਰਿਹਾ ਹਾਂ। ਧਰਤੀ ਉਤੇ ਪੈਰ ਇਸ ਲਈ ਫੂਕ ਫੂਕ ਕੇ ਰਖਦਾ ਹਾਂ ਕਿ ਕੋਈ ਜੀਵ-ਜੰਤੂ ਮੇਰੇ ਪੈਰਾਂ ਹੇਠ ਆ ਕੇ ਮਰ ਨਾ ਜਾਵੇ।"

ਬਾਂਦਰ ਸ਼ੇਰ ਦੀ ਗੱਲ ਸੁਣ ਕੇ ਬੜਾ ਹੈਰਾਨ ਹੋਇਆ। ਉਸ ਨੇ ਸੋਚਿਆ : "ਸ਼ੇਰ ਇਤਨਾ ਬਲਵਾਨ ਹੋ ਕੇ ਵੀ ਕਿਤਨਾ ਨਿਮਾਣਾ ਬਣ ਗਿਆ ਏ। ਇਸ ਤਰ੍ਹਾਂ ਦੇ ਮਹਾਤਮਾ ਤਾਂ ਸੰਸਾਰ ਵਿਚ ਵਿਰਲੇ ਹੀ ਹੁੰਦੇ ਨੇ। ਮੈਂ ਬੜਾ ਸੁਭਾਗਾਂ ਹਾਂ, ਜਿਸ ਨੂੰ ਅਜਿਹੇ ਮਹਾਤਮਾ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਏ। ਕਿਉਂ ਨਾ ਮੈਂ ਸ਼ੇਰ ਦੇ ਚਰਣ ਛੂਹ ਕੇ ਅਸ਼ੀਰਵਾਦ ਲਵਾਂ।"

ਬਾਂਦਰ ਝਟ ਦਰੱਖ਼ਤ ਤੋਂ ਹੇਠਾਂ ਉਤਰ ਆਇਆ ਅਤੇ ਸ਼ੇਰ ਦੇ ਚਰਣਾਂ ਉਤੇ ਡਿਗ ਕੇ ਆਸ਼ੀਰਵਾਦ ਮੰਗਣ ਲੱਗਾ। ਸ਼ੇਰ ਵੀ ਇਸੇ ਮੌਕੇ ਦੀ ਤਾੜ ਵਿਚ ਸੀ, ਉਸ ਨੇ ਫ਼ੌਰਨ ਬਾਂਦਰ ਨੂੰ ਮੂੰਹ ਵਿਚ ਦਬੋਚ ਲਿਆ।

ਬਾਂਦਰ ਨੂੰ ਸਮਝ ਆ ਗਈ ਕਿ ਉਸ ਨਾਲ ਠੱਗੀ ਹੋ ਗਈ ਹੈ, ਪਰ ਉਹ ਮੌਤ ਦੇ ਮੂੰਹ ਵਿਚ ਵੀ ਨਾ ਘਬਰਾਇਆ। ਕੋਈ ਜੁਗਤ ਸੋਚ ਕੇ ਬਾਂਦਰ ਖਿੜਖਿੜਾ ਕੇ ਹੱਸਣ ਲੱਗਾ। ਸ਼ੇਰ ਬਾਂਦਰ ਨੂੰ ਹੱਸਦਾ ਵੇਖ ਕੇ ਦੰਗ ਰਹਿ ਗਿਆ ਅਤੇ ਉਸ ਨੇ ਬਾਂਦਰ ਤੋਂ ਪੁਛਿਆ, "ਉਇ ਮੂਰਖਾ, ਤੇਰੀ ਮੌਤ ਤੇਰੇ ਸਿਰ 'ਤੇ ਨੱਚ ਰਹੀ ਏ ਅਤੇ ਤੂੰ ਹੱਸ ਰਿਹਾ ਏਂ, ਇਹ ਕੀ ਗੱਲ !"

ਬਾਂਦਰ ਨੇ ਕਿਹਾ, "ਮਹਾਰਾਜ ! ਇਸ ਵੇਲੇ ਗ੍ਰਹਿਆਂ ਦਾ ਸ਼ੁਭ ਯੋਗ ਏ, ਜੋ ਖੁਲ੍ਹ ਕੇ ਹੱਸੇਗਾ, ਉਹ ਸਿੱਧਾ ਸਵਰਗ ਨੂੰ ਜਾਵੇਗਾ। ਸੋ ਮੈਂ ਹੱਸਿਆ ਹਾਂ। ਜੇ ਤੁਸੀਂ ਵੀ ਖਿੜਖਿੜਾ ਕੇ ਹੱਸੋਗੇ ਤਾਂ ਤੁਸੀਂ ਵੀ ਮਰਨ ਮਗਰੋਂ ਸਿੱਧਾ ਸਵਰਗ ਲੋਕ ਨੂੰ ਪਧਾਰੋਗੇ। ਤੁਹਾਡੇ ਸਭ ਪਾਪ ਬਖ਼ਸ਼ੇ ਜਾਣਗੇ।"

ਸ਼ੇਰ ਨੇ ਬਾਂਦਰ ਦੀ ਗੱਲ ਸੁਣੀ, ਤਾਂ ਉਸ ਦੇ ਮਨ ਵਿਚ ਵੀ ਸਵਰਗ ਜਾਣ ਦਾ ਲੋਭ ਪੈਦਾ ਹੋ ਗਿਆ। ਸੋ ਉਹ ਖਿੜਖਿੜਾ ਕੇ ਹੱਸਦਾ ਹੋਇਆ ਲੋਟ-ਪੋਟ ਹੋਣ ਲੱਗਾ। ਬਾਂਦਰ ਮੌਕਾ ਤਾੜ ਕੇ ਨੱਠ ਗਿਆ ਅਤੇ ਇਕ ਦਰੱਖ਼ਤ ਦੀ ਟਹਿਣੀ ਉਤੇ ਜਾ ਬੈਠਾ। ਸ਼ੇਰ ਸਮਝ ਗਿਆ ਕਿ ਬਾਂਦਰ ਨੇ ਨੱਠਣ ਲਈ ਇਕ ਚਾਲ ਚੱਲੀ ਸੀ।

ਸ਼ੇਰ ਇਹ ਸੋਚ ਕੇ ਬੜਾ ਸ਼ਰਮਿੰਦਾ ਹੋਇਆ ਕਿ ਜੇ ਮੈਂ ਧੋਖੇ ਨਾਲ ਬਾਂਦਰ ਨੂੰ ਕਾਬੂ ਕੀਤਾ ਸੀ ਤਾਂ ਉਹ ਵੀ ਮੇਰੇ ਨਾਲ ਧੋਖਾ ਕਰ ਗਿਆ ਸੀ। ਸ਼ੇਰ ਨੇ ਹਉਕਾ ਭਰ ਕੇ ਬਾਂਦਰ ਵਲ ਵੇਖਿਆ। ਬਾਂਦਰ ਦਰੱਖ਼ਤ ਉਤੇ ਬੈਠਾ ਉੱਚੀ ਉੱਚੀ ਢਾਈਂ ਮਾਰ ਕੇ ਰੋ ਰਿਹਾ ਸੀ।

ਸ਼ੇਰ ਨੇ ਹੈਰਾਨ ਹੋ ਕੇ ਬਾਂਦਰ ਨੂੰ ਪੁਛਿਆ, "ਉਇ ਮੂਰਖਾ, ਇਹ ਕੀ ? ਜਦੋਂ ਰੋਣ ਦਾ ਵੇਲਾ ਸੀ, ਤਾਂ ਤੂੰ ਹੱਸ ਰਿਹਾ ਸੀ ਅਤੇ ਹੁਣ ਜਦੋਂ ਹੱਸਣ ਦਾ ਵੇਲਾ ਏ, ਤੇਰੀ ਜਾਨ ਬਚ ਗਈ ਏ, ਤਾਂ ਤੂੰ ਰੋ ਰਿਹਾ ਏਂ। ਇਹ ਕੀ ਗੱਲ ਹੋਈ ?"

ਬਾਂਦਰ ਨੇ ਕਿਹਾ, "ਰੋਣਾ ਤਾਂ ਆਪੇ ਹੋਇਆ, ਜੇ ਦੁਨੀਆਂ ਵਿਚ ਤੇਰੇ ਵਰਗੇ ਮਹਾਤਮਾ ਪੈਦਾ ਹੋ ਗਏ ਤਾਂ ਦੁਨੀਆਂ ਦਾ ਬੇੜਾ ਛੇਤੀ ਹੀ ਗ਼ਰਕ ਹੋ ਜਾਵੇਗਾ।"

ਲੂਣ ਦਾ ਘਰ

ਇਕ ਸੀ ਚਿੜੀ ਤੇ ਇਕ ਸੀ ਕਾਂ। ਚਿੜੀ ਨੇ ਕੱਖ-ਕਾਨ੍ਹੇ ਚੁਣ ਚੁਣ ਕੇ ਇਕ ਸੋਹਣਾ ਜਿਹਾ ਘਰ ਬਣਾਇਆ। ਕਾਂ ਨੂੰ ਕਿਧਰੋਂ ਲੂਣ ਦੀ ਬੋਰੀ ਮਿਲ ਗਈ। ਉਸ ਨੇ ਬਿਨਾਂ ਸੋਚੇ ਸਮਝੇ ਲੂਣ ਦਾ ਘਰ ਬਣਾ ਲਿਆ।

ਇਕ ਦਿਨ ਚਿੜੀ ਨੇ ਖਿਚੜੀ ਰਿੰਨ੍ਹੀ। ਉਹ ਕਾਂ ਦੇ ਘਰ ਗਈ ਤੇ ਆਖਣ ਲੱਗੀ, "ਭਰਾਵਾ, ਰਤਾ ਕੁ ਲੂਣ ਦੇ, ਮੈਂ ਖਿਚੜੀ ਵਿਚ ਪਾਣਾ ਏ।" ਕਾਂ ਬੜਾ ਮਤਲਬੀ ਤੇ ਬੇ-ਲਿਹਾਜ ਸੀ। ਉਸ ਨੇ ਸਾਫ਼ ਨਾਂਹ ਕਰ ਦਿਤੀ ਤੇ ਕਿਹਾ, "ਮੈਂ ਤੇਰੇ ਪਿਛੇ ਆਪਣਾ ਘਰ ਖ਼ਰਾਬ ਨਹੀਂ ਕਰਨਾ, ਇਥੋਂ ਦੂਰ ਨਠ ਜਾਹ।"

ਚਿੜੀ ਚੁਪਚਾਪ ਘਰ ਆ ਗਈ। ਫਿਰ ਉਸ ਨੇ ਫਿੱਕੀ ਖਿਚੜੀ ਤੇ ਗਲੋਲੇ ਬਣਾ ਕੇ ਅੰਦਰ ਨਿਗਾਰ ਲਏ।

ਦਿਨ ਲੰਘ ਗਏ। ਇਕ ਦਿਨ ਬੜੇ ਜ਼ੋਰਾਂ ਦਾ ਮੀਂਹ ਵਸਿਆ, ਤਾਂ ਕਾਂ ਦਾ ਘਰ ਖੁਰਣ ਲੱਗਾ। ਇਕ ਤਾਂ ਬਾਰਸ਼ ਬੜੇ ਜ਼ੋਰਾਂ ਦੀ ਸੀ; ਦੂਜਾ, ਉਹ ਸਾਰਾ ਦਿਨ ਵਸਦੀ ਰਹੀ! ਇਸ ਲਈ ਕਾਂ ਦੇ ਘਰ ਦਾ ਨਾਂ-ਨਿਸ਼ਾਨ ਹੀ ਮਿੱਟ ਗਿਆ। ਕਾਂ ਸਰਦੀ ਨਾਲ ਕੰਬਣ ਲੱਗਾ। ਉਹ ਇਸ ਵੇਲੇ ਕਿਥੇ ਜਾਵੇ, ਕਿਸੇ ਨਾਲ ਵੀ ਉਸ ਨੇ ਬਣਾ ਕੇ ਨਹੀਂ ਸੀ ਰਖੀ ਹੋਈ।

ਅਖ਼ੀਰ ਕਾਂ ਕੰਬਦਾ ਕੰਬਦਾ ਚਿੜੀ ਦੇ ਘਰ ਪੁੱਜਾ ਤੇ ਆਖਣ ਲੱਗਾ, "ਚਿੜੀਏ ਭੈਣੇ, ਮੇਰਾ ਘਰ ਰੁੜ੍ਹ ਗਿਐ, ਮੈਨੂੰ ਅੱਜ ਦੀ ਰਾਤ ਆਪਣੇ ਘਰ ਠਾਹਰ ਦੇ, ਕਲ੍ਹ ਮੈਂ ਨਵਾਂ ਘਰ ਬਣਾ ਲਵਾਂਗਾ।"

ਚਿੜੀ ਸੀ ਬਾਹਮਣੀ, ਆਪਣੇ ਘਰ ਕਿਸੇ ਨੂੰ ਪੈਰ ਨਹੀਂ ਸੀ ਪਾਉਣ ਦਿੰਦੀ। ਚਿੜੀ ਨੇ ਕਿਹਾ, "ਭਰਾਵਾ, ਤੂੰ ਮੈਨੂੰ ਚੁਟਕੀ ਭਰ ਲੂਣ ਨਹੀਂ ਸੀ ਦਿਤਾ, ਤੇ ਮੈਂ ਤੈਨੂੰ ਆਸਰਾ ਕਿਉਂ ਦਿਆਂ।" ਪਰ ਜਦੋਂ ਉਸ ਨੇ ਕਾਂ ਨੂੰ ਬਾਹਰ ਠਰਦਾ ਵੇਖਿਆ ਅਤੇ ਸੋਚਿਆ ਕਿ ਉਹ ਤਾਂ ਮਰ ਜਾਵੇਗਾ ਤਾਂ ਕਹਿਣ ਲੱਗੀ, "ਅੱਛਾ, ਅੰਦਰ ਲੰਘ ਆ, ਪਰ ਮੇਰਾ ਘਰ ਖ਼ਰਾਬ ਨਾ ਕਰੀਂ, ਦਰਵਾਜ਼ੇ ਵਿਚ ਹੀ ਰਾਤ ਕੱਟ ਲਈਂ।"

ਕਾਂ ਅੰਦਰ ਆ ਕੇ ਦਰਵਾਜ਼ੇ ਪਿਛੇ ਬੈਠ ਗਿਆ। ਝਟ ਕੁ ਲੰਘਿਆ ਤਾਂ ਕਾਂ ਕਹਿਣ ਲੱਗਾ, "ਭੈਣੇ, ਬੜੀ ਸਰਦੀ ਏ, ਮੈਨੂੰ ਚੁਲ੍ਹੇ ਕੋਲ ਬਿਠਾ ਲੈ।"

ਚਿੜੀ ਨੇ ਕਾਂ ਨੂੰ ਚੁਲ੍ਹੇ ਕੋਲ ਬੈਠਣ ਦੀ ਆਗਿਆ ਦੇ ਦਿਤੀ।

ਚਿੜੀ ਖਿਚੜੀ ਰਿੰਨ੍ਹ ਰਹੀ ਸੀ। ਖਿਚੜੀ ਵੇਖ ਕੇ ਕਾਂ ਦੀ ਭੁਖ ਚਮਕ ਪਈ ਤੇ ਉਹ ਕਹਿਣ ਲੱਗਾ, "ਚਿੜੀਏ, ਮੈਨੂੰ ਭੁੱਖ ਲੱਗੀ ਏ, ਖਿਚੜੀ ਦਾ ਇਕ ਗਲੋਲਾ ਮੈਨੂੰ ਵੀ ਦੇ ਦੇ।"

ਪਰ ਖਿਚੜੀ ਦੇ ਇਕ ਗਲੋਲੇ ਨਾਲ ਕਾਂ ਦਾ ਕੁਝ ਨਾ ਬਣਿਆ।

ਕਾਂ ਫਿਰ ਇਕ ਭੜੋਲੇ ਵਲ ਵੇਖ ਕੇ ਕਹਿਣ ਲੱਗਾ, "ਚਿੜੀਏ, ਮੈਨੂੰ ਸਰਦੀ ਲੱਗ ਰਹੀ ਏ, ਕਹੇਂ ਤਾਂ ਭੜੋਲੇ ਵਿਚ ਰਾਤ ਕੱਟ ਲਾਂ।"

ਚਿੜੀ ਉਸ ਦੀ ਇਹ ਗੱਲ ਵੀ ਮੰਨ ਗਈ।

ਕਾਂ ਚੌਲਾਂ ਦੇ ਭੜੋਲੇ ਵਿਚ ਜਾ ਵੜਿਆ ਤੇ ਸਾਰੀ ਰਾਤ ਚੌਲ ਖਾਂਦਾ ਰਿਹਾ ਤੇ ਵਿੱਠਾਂ ਕਰਦਾ ਰਿਹਾ।

ਸਵੇਰੇ ਚਿੜੀ ਦੁਧ ਚੋਣ ਗਈ, ਤਾਂ ਉਸ ਨੇ ਕਾਂ ਨੂੰ ਆਵਾਜ਼ ਮਾਰੀ, "ਆ ਭਰਾਵਾ ! ਧਾਰ ਕੱਢੀਏ, ਮੇਰਾ ਵੱਛਾ ਬੜਾ ਅਥਰਾ ਏ, ਤੂੰ ਫੜ ਕੇ ਰੱਖ।"

ਕਾਂ ਆਖਣ ਲੱਗਾ, "ਤੂੰ ਚਲ, ਮੈਂ ਮੂੰਹ ਧੋ ਕੇ ਆਇਆ।" ਚਿੜੀ ਗਾਂ ਦੀ ਧਾਰ ਕੱਢਣ ਲਈ ਬੈਠੀ, ਤਾਂ ਉਸ ਫਿਰ ਆਵਾਜ਼ ਮਾਰੀ, "ਕਾਂਵਾਂ, ਕਾਂਵਾਂ, ਛੇਤੀ ਆ, ਵੱਛਾ ਫੜ ਲੈ, ਮੈਂ ਧਾਰ ਕੱਢਾਂ।"

ਕਾਂ ਕਹਿਣ ਲੱਗਾ, "ਮੂੰਹ ਤਾਂ ਧੋ ਲਿਆ ਏ, ਬਸ ਵਾਲ ਸੰਵਾਰ ਕੇ ਆਇਆ।"

ਝਟ ਕੁ ਲੰਘਿਆ ਤਾਂ ਚਿੜੀ ਨੇ ਫਿਰ ਆਵਾਜ਼ ਮਾਰੀ ਤਾਂ ਕਾਂ ਕਹਿਣ ਲੱਗਾ, "ਬਸ ਹੁਣ ਤੁਰ ਪਿਆ ਹਾਂ।"

ਫਿਰ ਕਾਂ ਸਜ-ਧਜ ਕੇ ਬਾਹਰ ਨਿਕਲਿਆ। ਬਾਹਰ ਮੀਂਹ ਨਹੀਂ ਸੀ ਪੈ ਰਿਹਾ। ਸੋ, ਉਹ ਫੁਰ ਕਰਦਾ ਉੱਡ ਗਿਆ। ਚਿੜੀ ਵਿਚਾਰੀ ਤੱਕਦੀ ਰਹਿ ਗਈ।

ਟਾਹਲੀ ਮੇਰੇ ਬੱਚੇ

ਇਕ ਚਿੜੀ ਨੇ ਟਾਹਲੀ ਦੇ ਦਰੱਖਤ ਉਤੇ ਆਲ੍ਹਣਾ ਪਾ ਕੇ ਅੰਡੇ ਦਿਤੇ। ਜਦੋਂ ਬੱਚੇ ਨਿਕਲੇ ਤਾਂ ਉਹ ਬੜੀ ਖ਼ੁਸ਼ ਹੋਈ। ਚਿੜੀ ਹਰ ਰੋਜ਼ ਇਕ ਜੱਟ ਦੇ ਬਾਜਰੇ ਦੇ ਖੇਤ ਵਿਚ ਦਾਣਾ ਚੁਗਣ ਜਾਂਦੀ ਸੀ। ਜੱਟ ਰੋਜ਼ ਉਸ ਨੂੰ ਉਡਾਂਦਾ, ਪਰ ਉਹ ਰਤਾ ਕੁ ਉੱਡ ਕੇ ਫਿਰ ਬਾਜਰੇ ਦੇ ਸਿੱਟੇ ਖ਼ਰਾਬ ਕਰਨ ਆ ਜਾਂਦੀ।

ਇਕ ਦਿਨ ਜੱਟ ਨੇ ਫਾਹੀ ਲਗਾ ਕੇ ਚਿੜੀ ਨੂੰ ਫੜ ਲਿਆ। ਚਿੜੀ ਨੇ ਬੜੇ ਤਰਲੇ ਕੀਤੇ। ਪਰ ਜੱਟ ਨੇ ਇਕ ਨਾ ਸੁਣੀ ਅਤੇ ਉਸ ਨੂੰ ਫੜ ਕੇ ਰਾਜੇ ਦੇ ਦਰਬਾਰ ਵਲ ਲੈ ਤੁਰਿਆ ਕਿ ਉਹ ਉਸ ਨੂੰ ਕੈਦ ਕਰਵਾ ਕੇ ਛੱਡੇਗਾ।

ਰਸਤੇ ਵਿਚ ਉਨ੍ਹਾਂ ਦੋਹਾਂ ਨੂੰ ਇਕ ਘੋੜ-ਸਵਾਰ ਮਿਲਿਆ। ਚਿੜੀ ਕਹਿਣ ਲੱਗੀ :

ਵੇ ਘੋੜੇ ਦੇ ਅਸਵਾਰਾ, ਲੱਕ ਟੁਣੂੰ ਟੁਣੂੰ।
ਟਾਹਲੀ ਮੇਰੇ ਬੱਚੇ, ਲੱਕ ਟੁਣੂੰ ਟੁਣੂੰ।
ਝੱਖੜ ਝੁਲੇ ਉੱਡ ਜਾਣਗੇ, ਲੱਕ ਟੁਣੂੰ ਟੁਣੂੰ।
ਮੀਂਹ ਪਿਆ ਮਰ ਜਾਣਗੇ, ਲੱਕ ਟੁਣੂੰ ਟੁਣੂੰ।

ਚਿੜੀ ਦਾ ਧਿਆਨ ਆਪਣੇ ਬੱਚਿਆਂ ਵਿਚ ਸੀ, ਇਸ ਲਈ ਉਹ ਜਾਨ ਛੁੜਾ ਕੇ ਬੱਚਿਆਂ ਕੋਲ ਪਹੁੰਚਣਾ ਚਾਹੁੰਦੀ ਸੀ, ਪਰ ਜੱਟ ਉਸ ਨੂੰ ਛੱਡਣ ਲਈ ਤਿਆਰ ਨਹੀਂ ਸੀ।

ਘੋੜ-ਸਵਾਰ ਰਹਿਮ-ਦਿਲ ਸੀ। ਚਿੜੀ ਦਾ ਤਰਲਾ ਸੁਣ ਕੇ ਜੱਟ ਨੂੰ ਆਖਣ ਲੱਗਾ, "ਭਰਾਵਾ ! ਮੇਰਾ ਘੋੜਾ ਤੂੰ ਲੈ ਲੈ, ਪਰ ਇਸ ਚਿੜੀ ਨੂੰ ਛੱਡ ਦੇ।"

ਜੱਟ ਕਹਿਣ ਲੱਗਾ, "ਇਸ ਚਿੜੀ ਨੇ ਮੇਰਾ ਸਾਰਾ ਖੇਤ ਬਰਬਾਦ ਕਰ ਦਿਤਾ ਏ, ਮੈਂ ਇਸ ਨੂੰ ਫਾਹੀ ਦਵਾ ਕੇ ਹੀ ਛੱਡਾਂਗਾ।" ਫਿਰ ਜੱਟ ਰਾਜੇ ਦੇ ਦਰਬਾਰ ਵਲ ਤੁਰ ਪਿਆ।

ਅੱਗੇ ਗਏ ਤਾਂ ਇਕ ਸ਼ਖਸ ਹਾਥੀ ਉਤੇ ਸਵਾਰ ਆਉਂਦਾ ਮਿਲਿਆ। ਚਿੜੀ ਨੂੰ ਬੱਚੇ ਯਾਦ ਆ ਰਹੇ ਸਨ, ਸ਼ਾਇਦ ਉਹ ਭੁਖੇ ਭਾਣੇ ਹੋਣ। ਸੋ ਚਿੜੀ ਨੇ ਉਸ ਅੱਗੇ ਵੀ ਫ਼ਰਿਆਦ ਕੀਤੀ :

ਵੇ ਹਾਥੀਏ ਦੇ ਅਸਵਾਰਾ, ਲੱਕ ਟੁਣੂੰ ਟੁਣੂੰ।
ਟਾਹਲੀ ਮੇਰੇ ਬੱਚੇ, ਲੱਕ ਟੁਣੂੰ ਟੁਣੂੰ।
ਝੱਖੜ ਝੁਲੇ ਉੱਡ ਜਾਣਗੇ, ਲੱਕ ਟੁਣੂੰ ਟੁਣੂੰ।
ਮੀਂਹ ਪਿਆ ਮਰ ਜਾਣਗੇ, ਲੱਕ ਟੁਣੂੰ ਟੁਣੂੰ।

ਚਿੜੀ ਦੀ ਫ਼ਰਿਆਦ ਸੁਣ ਕੇ ਹਾਥੀ ਦੇ ਸਵਾਰ ਨੇ ਜੱਟ ਨੂੰ ਕਿਹਾ, "ਤੂੰ ਮੇਰਾ ਹਾਥੀ ਲੈ ਲੈ, ਪਰ ਇਸ ਦੁਖਿਆਰੀ ਚਿੜੀ ਨੂੰ ਛੱਡ ਦੇ।"

ਪਰ ਜੱਟ ਨੇ ਉਸ ਦੀ ਇਕ ਨਾ ਸੁਣੀ ਤੇ ਚਿੜੀ ਨੂੰ ਕਹਿਣ ਲੱਗਾ, "ਜੇ ਤੂੰ ਹੁਣ ਕਿਸੇ ਅੱਗੇ ਫ਼ਰਿਆਦ ਕੀਤੀ ਤਾਂ ਮੈਂ ਤੈਨੂੰ ਇਥੇ ਹੀ ਭੁੰਨ ਕੇ ਖਾ ਜਾਵਾਂਗਾ।"

ਚਿੜੀ ਚੁਪ ਹੋ ਗਈ।

ਜਦੋਂ ਉਹ ਦੋਵੇਂ ਰਾਜੇ ਦੇ ਦਰਬਾਰ ਪੁਜੇ, ਤਾਂ ਜੱਟ ਨੇ ਰਾਜੇ ਅੱਗੇ ਚਿੜੀ ਦੇ ਵਿਰੁਧ ਸ਼ਿਕਾਇਤ ਕੀਤੀ।

ਰਾਜੇ ਨੇ ਚਿੜੀ ਤੋਂ ਜਵਾਬ ਮੰਗਿਆ। ਚਿੜੀ ਕਹਿਣ ਲੱਗੀ, "ਰਾਜਾ ਜੀ, ਮੈਂ ਇਸ ਖੇਤ ਵਿਚ ਕਈ ਪੀੜ੍ਹੀਆਂ ਤੋਂ ਰਹਿ ਰਹੀ ਆਂ। ਇਹਦੇ ਉਤੇ ਮੇਰਾ ਪੁਸ਼ਤੀ ਹੱਕ ਏ, ਮੈਂ ਤਾਂ ਚਾਰ ਦਾਣੇ ਰੋਜ਼ ਖਾਂਦੀ ਹਾਂ, ਪਰ ਨਾਲ ਦੇ ਖੇਤ ਦੇ ਕੀੜੇ ਮਾਰ ਕੇ ਖੇਤ ਨੂੰ ਬਰਬਾਦ ਹੋਣ ਤੋਂ ਵੀ ਤਾਂ ਬਚਾਂਦੀ ਹਾਂ। ਮੇਰਾ ਕੋਈ ਕਸੂਰ ਨਹੀਂ।"

ਰਾਜੇ ਨੇ ਉਸੇ ਵੇਲੇ ਹੁਕਮ ਦਿਤਾ, "ਚਿੜੀ ਨੂੰ ਚਾਂਦੀ ਦੇ ਘੁੰਗਰੂ ਬਣਵਾ ਕੇ ਪਹਿਨਾ ਦਿਓ ਅਤੇ ਖੁਲ੍ਹਾ ਛੱਡ ਦਿਓ।" ਫਿਰ ਰਾਜੇ ਨੇ ਜੱਟ ਨੂੰ ਬੰਦੀਖ਼ਾਨੇ ਵਿਚ ਸੁੱਟ ਦੇਣ ਦਾ ਹੁਕਮ ਦਿਤਾ ਕਿਉਂਕਿ ਉਸ ਨੇ ਨਿੱਕੀ ਜਿਹੀ ਗੱਲ ਪਿਛੇ ਚਿੜੀ ਦਾ ਦਿਲ ਦੁਖਾਇਆ ਸੀ।

ਸੋ, ਚਿੜੀ ਦੇ ਪੈਰਾਂ ਵਿਚ ਚਾਂਦੀ ਦੇ ਘੁੰਗਰੂ ਬੰਨ੍ਹੇ ਗਏ ਅਤੇ ਜੱਟ ਨੂੰ ਹਵਾਲਾਤ ਵਿਚ ਡੱਕ ਦਿਤਾ ਗਿਆ। ਚਿੜੀ ਨੇ ਜੱਟ ਨੂੰ ਕਿਹਾ :

ਮੇਰੇ ਪੈਰੀਂ ਚਾਂਦੀ ਦੇ ਘੁੰਗਰੂ,
ਤੇਰੇ ਪੈਰੀਂ ਰੱਸੇ,
ਲੱਕ ਟੁਣੂੰ ਟੁਣੂੰ।

ਫਿਰ ਚਿੜੀ ਫੁਰ ਕਰ ਕੇ ਉਡ ਗਈ ਤੇ ਆਪਣੇ ਬੱਚਿਆਂ ਕੋਲ ਜਾ ਪੁੱਜੀ।

ਸ਼ੇਰ ਅਤੇ ਬ੍ਰਾਹਮਣ

ਪੁਰਾਣੇ ਵੇਲਿਆਂ ਦੀ ਗੱਲ ਏ ਕਿ ਇਕ ਬ੍ਰਾਹਮਣ ਜੰਗਲ ਵਿਚੋਂ ਦੀ ਲੰਘ ਰਿਹਾ ਸੀ। ਉਸ ਨੇ ਰਸਤੇ ਵਿਚ ਇਕ ਦਰੱਖ਼ਤ ਦੇ ਹੇਠਾਂ ਵੱਡਾ ਸਾਰਾ ਪਿੰਜਰਾ ਵੇਖਿਆ, ਜਿਸ ਵਿਚ ਇਕ ਸ਼ੇਰ ਪੀੜ ਨਾਲ ਕੁਰਲਾ ਰਿਹਾ ਸੀ। ਸ਼ੇਰ ਦੇ ਪੈਰਾਂ ਵਿਚ ਵੱਡੀ ਸਾਰੀ ਸੂਲ ਚੁਭ ਗਈ ਸੀ ਅਤੇ ਉਹ ਪੀੜ ਨਾਲ ਨਿਢਾਲ ਹੋਇਆ, ਲੰਗੜਾ ਕੇ ਤੁਰ ਰਿਹਾ ਸੀ ਕਿ ਇਕ ਸ਼ਿਕਾਰੀ ਨੇ ਉਸ ਨੂੰ ਫੜ ਲਿਆ ਅਤੇ ਲੋਹੇ ਦੇ ਵੱਡੇ ਸਾਰੇ ਪਿੰਜਰੇ ਵਿਚ ਡੱਕ ਦਿਤਾ। ਸ਼ਿਕਾਰੀ ਖ਼ੁਦ ਸ਼ਹਿਰ ਗੱਡਾ ਲੈਣ ਚਲਾ ਗਿਆ, ਤਾਂ ਜੋ ਉਹ ਸ਼ੇਰ ਨੂੰ ਲੱਦ ਕੇ ਸ਼ਹਿਰ ਲੈ ਜਾਵੇ।

ਬ੍ਰਾਹਮਣ ਸ਼ੇਰ ਨੂੰ ਪੀੜਤ ਵੇਖ ਕੇ ਉਸ ਦੇ ਕੋਲ ਆ ਖੜਾ ਹੋਇਆ। ਉਸ ਦਾ ਦਿਲ ਕੀਤਾ ਕਿ ਉਹ ਸ਼ੇਰ ਦੀ ਸੂਲ ਕੱਢ ਦੇਵੇ, ਪਰ ਉਸ ਦੀ ਹਿੰਮਤ ਨਾ ਪਈ। ਜਦੋਂ ਬ੍ਰਾਹਮਣ ਉਥੋਂ ਅੱਗੇ ਤੁਰਨ ਲੱਗਾ ਤਾਂ ਸ਼ੇਰ ਨੇ ਤਰਲੇ ਨਾਲ ਕਿਹਾ, "ਪੰਡਤ ਜੀ, ਇਕ ਪੁੰਨ ਮੇਰੇ ਉਤੇ ਵੀ ਕਰੋ, ਮੈਂ ਦੁਖਿਆਰੇ ਦਾ ਕੰਡਾ ਕੱਢ ਦਿਓ।"

ਬ੍ਰਾਹਮਣ ਨੇ ਕਿਹਾ, "ਆਦਮੀ ਤੇਰੀ ਖ਼ੁਰਾਕ ਏ, ਮੈਂ ਜੇ ਤੇਰਾ ਕੰਡਾ ਕਢਿਆ, ਤਾਂ ਤੂੰ ਪਹਿਲਾਂ ਮੈਨੂੰ ਹੀ ਖਾ ਜਾਵੇਂਗਾ।"

"ਮੈਂ ਬਚਨ ਦਿੰਦਾ ਹਾਂ ਕਿ ਤੈਨੂੰ ਕੁਝ ਨਹੀਂ ਕਹਾਂਗਾ। ਸ਼ੇਰ ਆਪਣੇ ਬਚਨ ਤੋਂ ਕਦੇ ਫਿਰਦਾ ਨਹੀਂ, ਤੂੰ ਬੇਸ਼ਕ ਪਿੰਜਰੇ ਵਿਚ ਹੱਥ ਵਧਾ ਕੇ ਮੇਰੇ ਪੈਰ ਵਿਚੋਂ ਸੂਲ ਕੱਢ ਦੇ। ਮੈਂ ਤੇਰੀ ਕੀਤੀ ਸਾਰੀ ਉਮਰ ਨਹੀਂ ਭੁੱਲਾਂਗਾ।"

ਬ੍ਰਾਹਮਣ ਨੇ ਸ਼ੇਰ ਉਪਰ ਵਿਸ਼ਵਾਸ ਕਰ ਕੇ ਉਸ ਦੇ ਪੈਰਾਂ ਵਿਚੋਂ ਕੰਡਾ ਕੱਢਣਾ ਚਾਹਿਆ, ਪਰ ਸਲਾਖ਼ਾਂ ਦੀ ਵਿੱਥ ਇਤਨੀ ਥੋੜੀ ਸੀ ਕਿ ਹੱਥ ਠੀਕ ਤਰ੍ਹਾਂ ਨਹੀਂ ਸੀ ਪੈਂਦਾ।

ਸੋ, ਸ਼ੇਰ ਨੇ ਤਰਲਾ ਕੀਤਾ, "ਪੰਡਤ ਜੀ, ਤੁਸੀਂ ਪਿੰਜਰੇ ਦੀ ਖਿੜਕੀ ਖੋਲ੍ਹੋ ਤੇ ਮੈਨੂੰ ਬਾਹਰ ਕੱਢ ਕੇ ਮੇਰੇ ਪੈਰਾਂ ਵਿਚੋਂ ਸੂਲ ਖਿੱਚ ਦਿਓ। ਕੰਡਾ ਕਢਵਾ ਕੇ ਮੈਂ ਫਿਰ ਪਿੰਜਰੇ ਵਿਚ ਆ ਜਾਵਾਂਗਾ।"

"ਪਰ ਇਹ ਗੱਲ ਤੂੰ ਮੰਨਣੀ ਨਹੀਂ, ਬਾਹਰ ਨਿਕਲ ਕੇ ਤੂੰ ਮੈਨੂੰ ਖਾ ਜਾਣਾ ਏ।" ਬ੍ਰਾਹਮਣ ਨੇ ਸੱਚੀ ਗੱਲ ਕਹੀ।

"ਪਰ ਮੈਂ ਇਤਨਾ ਨਾ-ਸ਼ੁਕਰਾ ਨਹੀਂ ਹਾਂ ਕਿ ਜਿਹੜਾ ਮੈਨੂੰ ਦੁਖਾਂ ਤੋਂ ਮੁਕਤ ਕਰੇ, ਉਸੇ ਨੂੰ ਮੈਂ ਖਾ ਜਾਵਾਂ।" ਸ਼ੇਰ ਨੇ ਕਿਹਾ।

ਬ੍ਰਾਹਮਣ ਪਹਿਲਾਂ ਤਾਂ ਨਾ ਮੰਨਿਆ, ਪਰ ਫਿਰ ਸ਼ੇਰ ਦਾ ਦੁਖ ਵੇਖ ਕੇ ਉਸ ਦਾ ਮਨ ਪਸੀਜ ਗਿਆ ਤੇ ਉਸ ਨੇ ਸ਼ੇਰ ਨੂੰ ਕਿਹਾ, "ਜੇ ਤੂੰ ਬਚਨ ਦੇਵੇਂ ਕਿ ਤੂੰ ਮੈਨੂੰ ਨਹੀਂ ਮਾਰੇਂਗਾ, ਤਾਂ ਮੈਂ ਤੈਨੂੰ ਪਿੰਜਰੇ ਵਿਚੋਂ ਬਾਹਰ ਕੱਢ ਕੇ ਤੇਰੇ ਪੈਰਾਂ ਦਾ ਕੰਡਾ ਕੱਢ ਦੇਂਦਾ ਹਾਂ। ਦੂਜੀ ਗੱਲ ਇਹ ਕਿ ਮੈਂ ਤੈਨੂੰ ਦੁਬਾਰਾ ਪਿੰਜਰੇ ਵਿਚ ਬੰਦ ਕਰ ਦੇਵਾਂਗਾ। ਤੈਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।"

ਪੀੜਤ ਸ਼ੇਰ ਦੋਵੇਂ ਗੱਲਾਂ ਮੰਨ ਗਿਆ।

ਬ੍ਰਾਹਮਣ ਨੇ ਸ਼ੇਰ ਦਾ ਪਿੰਜਰਾ ਖੋਲ੍ਹ ਦਿਤਾ। ਸ਼ੇਰ ਬੜਾ ਨਿਢਾਲ ਜਿਹਾ ਹੋ ਕੇ ਲੰਗੜਾਂਦਾ ਹੋਇਆ ਬਾਹਰ ਨਿਕਲਿਆ। ਫਿਰ ਬ੍ਰਾਹਮਣ ਨੇ ਡਰਦੇ ਡਰਦੇ ਸ਼ੇਰ ਦਾ ਅਗਲਾ ਪੰਜਾ ਹੱਥਾਂ ਵਿਚ ਫੜਿਆ ਅਤੇ ਉਸ ਵਿਚੋਂ ਧੀਰੇ ਧੀਰੇ ਸੂਲ ਕੱਢਣ ਲੱਗਾ। ਕਾਫ਼ੀ ਮੁਸ਼ਕਲ ਨਾਲ ਬ੍ਰਾਹਮਣ ਨੇ ਸੂਲ ਬਾਹਰ ਕੱਢੀ। ਪੈਰ ਸੁਜਿਆ ਹੋਣ ਕਰ ਕੇ ਸ਼ੇਰ ਨੂੰ ਸਖ਼ਤ ਪੀੜ ਹੋਈ। ਉਸ ਨੇ ਚੀਸਾਂ ਵੱਟੀਆਂ।

ਜਦੋਂ ਕੰਡਾ ਨਿਕਲ ਗਿਆ ਤਾਂ ਸ਼ੇਰ ਗੁਰਾਂਦਾ ਹੋਇਆ ਕਹਿਣ ਲੱਗਾ, "ਤੁਸੀਂ ਆਦਮ ਜ਼ਾਤ ਬੜੇ ਚਾਤਰ ਹੋ। ਤੂੰ ਜਾਣ ਕੇ ਮੈਨੂੰ ਇਤਨੀ ਪੀੜ ਕੀਤੀ ਏ, ਤਾਂ ਜੋ ਕੰਡਾ ਨਿਕਲਣ ਮਗਰੋਂ ਮੈਂ ਤੈਨੂੰ ਖਾ ਨਾ ਸਕਾਂ। ਤੂੰ ਮੇਰੇ ਉਪਰ ਭਰੋਸਾ ਨਹੀਂ ਕੀਤਾ।"

"ਨਹੀਂ, ਇਹ ਗੱਲ ਨਹੀਂ। ਹੁਣ ਤੂੰ ਪਿੰਜਰੇ ਵਿਚ ਦਾਖ਼ਲ ਹੋ ਜਾ, ਤਾਂ ਜੋ ਮੈਂ ਆਪਣੇ ਰਸਤੇ ਪੈ ਜਾਵਾਂ।" ਬ੍ਰਾਹਮਣ ਨੇ ਸ਼ੇਰ ਨੂੰ ਆਪਣਾ ਬਚਨ ਯਾਦ ਕਰਵਾਂਦੇ ਹੋਏ ਕਿਹਾ, "ਤੂੰ ਮੈਨੂੰ ਇਹੋ ਬਚਨ ਦਿਤਾ ਸੀ ਨਾ।"

"ਇਨਸਾਨ ਦਾ ਤੇ ਸ਼ੇਰ ਦਾ ਧੁਰੋਂ ਵੈਰ ਚਲਦਾ ਆ ਰਿਹਾ ਏ, ਮੈਂ ਪਹਿਲਾਂ ਤੈਨੂੰ ਖਾਵਾਂਗਾ ਤੇ ਫੇਰ ਦੂਜੇ ਇਨਸਾਨਾਂ ਤੋਂ ਬਦਲਾ ਲਵਾਂਗਾ।"

"ਪਰ ਤੂੰ ਮੈਨੂੰ ਬਚਨ ਦਿਤਾ ਸੀ, ਮੈਂ ਤਾਂ ਤੇਰੇ ਨਾਲ ਪਰਉਪਕਾਰ ਕੀਤਾ ਏ।"

"ਪਰਉਪਕਾਰ ਤਾਂ ਉਦੋਂ ਹੀ ਖ਼ਤਮ ਹੋ ਗਿਆ ਸੀ, ਜਦੋਂ ਤੂੰ ਜਾਣ ਬੁਝ ਕੇ ਮੇਰੇ ਪੈਰ ਵਿਚ ਦਰਦ ਕੀਤਾ ਸੀ।"

ਬ੍ਰਾਹਮਣ ਘਬਰਾ ਗਿਆ। ਉਸ ਨੂੰ ਆਪਣੀਆਂ ਅੱਖਾਂ ਸਾਹਮਣੇ ਮੌਤ ਨਚਦੀ ਦਿਸੀ। ਬ੍ਰਾਹਮਣ ਨੂੰ ਇਕ ਗੱਲ ਸੁਝੀ, "ਤੂੰ ਜੇ ਮੈਨੂੰ ਖਾਣਾ ਹੀ ਚਾਹੁੰਦਾ ਏਂ, ਤਾਂ ਬੇਸ਼ਕ ਖਾ ਲੈ, ਪਰ ਪਹਿਲਾਂ ਤੂੰ ਪੰਜਾਂ ਅਕਲਮੰਦਾਂ ਤੋਂ ਸਲਾਹ ਲੈ ਲੈ। ਜੇ ਉਹ ਤੇਰੇ ਇਸ ਕਰਮ ਨੂੰ ਠੀਕ ਦੱਸਣ ਤਾਂ ਤੂੰ ਬੇਸ਼ਕ ਮੈਨੂੰ ਮਾਰ ਕੇ ਖਾ ਜਾਵੀਂ।"

"ਪਰ ਇਥੇ ਜੰਗਲ ਵਿਚ ਪੰਜ ਅਕਲਮੰਦ ਕਿਥੋਂ ਲੱਭਣਗੇ ?" ਸ਼ੇਰ ਨੇ ਕਿਹਾ, "ਅੱਛਾ, ਤੂੰ ਬੇਸ਼ਕ ਕਿਸੇ ਪੰਜ ਚੀਜ਼ਾਂ ਤੋਂ ਪੁੱਛ ਕੇ ਵੇਖ ਲੈ। ਜੇ ਇਕ ਵੀ ਤੇਰੇ ਹੱਕ ਵਿਚ ਭੁਗਤੀ, ਤਾਂ ਮੈਂ ਤੈਨੂੰ ਨਹੀਂ ਖਾਵਾਂਗਾ।"

ਬ੍ਰਾਹਮਣ ਅਤੇ ਸ਼ੇਰ ਦੋਵੇਂ ਚੁਪਚਾਪ ਉਥੋਂ ਤੁਰ ਪਏ। ਇਕ ਨੇ ਖਾਣਾ ਸੀ ਅਤੇ

ਦੂਜੇ ਨੇ ਖ਼ੁਰਾਕ ਬਣਨਾ ਸੀ। ਇਸ ਲਈ ਦੋਹਾਂ ਦੀ ਸੋਚ ਵਖੋ ਵਖਰੀ ਸੀ।

ਥੋੜੀ ਦੂਰ ਅੱਗੇ ਗਏ, ਤਾਂ ਉਨ੍ਹਾਂ ਨੇ ਇਕ ਬੋਹੜ ਦਾ ਵੱਡਾ ਸਾਰਾ ਦਰੱਖ਼ਤ ਵੇਖਿਆ। ਸ਼ੇਰ ਨੇ ਕਿਹਾ, "ਪੰਡਤ ਜੀ, ਇਸ ਬੋਹੜ ਨੇ ਕਈ ਜ਼ਮਾਨੇ ਹੰਢਾਏ ਨੇ, ਇਸ ਲਈ ਇਸ ਤੋਂ ਹੀ ਪੁਛ ਵੇਖੋ।"

ਬ੍ਰਾਹਮਣ ਮੰਨ ਗਿਆ। ਬੋਹੜ ਦੇ ਦਰਖ਼ਤ ਨੂੰ ਸਾਰਾ ਕਿੱਸਾ ਸੁਣਾ ਕੇ ਬ੍ਰਾਹਮਣ ਕਹਿਣ ਲੱਗਾ, "ਸ਼ੇਰ ਨੂੰ ਦੁਖੀ ਵੇਖ ਕੇ ਮੈਂ ਇਹਨੂੰ ਪਿੰਜਰੇ ਵਿਚੋਂ ਬਾਹਰ ਕੱਢਿਆ ਤੇ ਇਸ ਦੇ ਪੈਰਾਂ ਵਿਚੋਂ ਸੂਲ ਕੱਢੀ। ਇਸ ਨੇ ਮੈਨੂੰ ਭਰੋਸਾ ਦਿਵਾਇਆ ਸੀ ਕਿ ਇਹ ਮੈਨੂੰ ਕੁਝ ਨਹੀਂ ਕਹੇਗਾ, ਪਰ ਹੁਣ ਮੇਰਾ ਪਰਉਪਕਾਰ ਭੁੱਲ ਕੇ ਮੈਨੂੰ ਹੀ ਖਾਣਾ ਚਾਹੁੰਦਾ ਏ। ਇਹ ਕਿਥੋਂ ਦਾ ਇਨਸਾਫ਼ ਏ। ਤੂੰ ਹੀ ਦਸ ਬਾਬਾ ਬੋਹੜ ਕਿ ਕੀ ਉਪਕਾਰ ਦਾ ਇਹੋ ਫਲ ਹੁੰਦਾ ਏ ?"

ਬੋਹੜ ਦਾ ਦਰੱਖ਼ਤ ਹੱਸ ਕੇ ਕਹਿਣ ਲੱਗਾ, "ਪਰ ਮਨੁਖ ਦਾ ਇਹੋ ਵਤੀਰਾ ਰਿਹਾ ਏ, ਜਿਹੜਾ ਉਪਕਾਰ ਕਰੇ, ਉਸੇ ਨੂੰ ਅੱਗੋਂ ਦੁਖ ਦਿਓ। ਗਰਮੀਆਂ ਵਿਚ ਲੋਕ ਮੇਰੀ ਠੰਢੀ ਛਾਂ ਹੇਠ ਬੈਠਦੇ ਨੇ, ਪਰ ਨਾਲ ਹੀ ਲੋੜ ਪਏ ਤਾਂ ਮੇਰੀਆਂ ਟਹਿਣਾਂ ਤੇ ਪੱਤਿਆਂ ਨੂੰ ਵੀ ਤੋੜਦੇ ਰਹਿੰਦੇ ਨੇ, ਅਜਿਹੇ ਘਟੀਆ ਬਿਰਤੀ ਵਾਲੇ ਮਨੁਖ ਦਾ ਕਦੇ ਲਿਹਾਜ਼ ਨਹੀਂ ਕਰਨਾ ਚਾਹੀਦਾ। ਸੋ, ਹੇ ਸ਼ੇਰ ! ਇਸ ਅਕ੍ਰਿਤਘਣ ਮਨੁਖ ਨੂੰ ਖਾ ਲੈਣ ਵਿਚ ਹੀ ਦੁਨੀਆਂ ਦਾ ਭਲਾ ਏ। ਮਨੁਖ ਦੀ ਜ਼ਾਤ ਦਾ ਕੋਈ ਲਿਹਾਜ਼ ਨਹੀਂ।"

ਇਹ ਸੁਣ ਕੇ ਭੁਖਾ ਸ਼ੇਰ ਬ੍ਰਾਹਮਣ ਵਲ ਲਪਕਿਆ, ਪਰ ਬ੍ਰਾਹਮਣ ਨੇ ਸ਼ੇਰ ਅਗੇ ਤਰਲਾ ਕਰਦਿਆਂ ਕਿਹਾ, "ਇਸ ਬੋਹੜ ਨੂੰ ਮੈਂ ਪੂਜਦਾ ਰਿਹਾ ਹਾਂ, ਫਿਰ ਵੀ ਇਹ ਮੇਰੀ ਜਾਤੀ ਦੇ ਵਿਰੁਧ ਏ। ਤੂੰ ਬੇਸ਼ਕ ਮੈਨੂੰ ਖਾ ਲੈ, ਪਰ ਪਹਿਲਾਂ ਬਚਨ ਮੁਜਬ ਚਾਰ ਹੋਰ ਅਕਲਮੰਦਾਂ ਦਾ ਫ਼ੈਸਲਾ ਤਾਂ ਸੁਣ ਲੈ।"

"ਠੀਕ ਏ !" ਕਹਿ ਕੇ ਸ਼ੇਰ ਬ੍ਰਾਹਮਣ ਦੇ ਨਾਲ ਉਥੋਂ ਅੱਗੇ ਤੁਰ ਪਿਆ। ਥੋੜੀ ਦੂਰ ਅੱਗੇ ਗਏ, ਤਾਂ ਉਨ੍ਹਾਂ ਨੂੰ ਇਕ ਬੁੱਢਾ ਬਲਦ ਮਿਲਿਆ। ਜੋ ਨਿਰਾਸ ਤੇ ਭੁੱਖਾ ਭਾਣਾ, ਜੰਗਲ ਵਿਚ ਬੈਠਾ, ਮੌਤ ਦੀਆਂ ਘੜੀਆਂ ਉਡੀਕ ਰਿਹਾ ਸੀ। ਬ੍ਰਾਹਮਣ ਨੇ ਉਸਨੂੰ ਕਿਹਾ, "ਐ ਬਲਦ ਭਰਾਵਾ, ਤੂੰ ਹੀ ਸਾਡਾ ਇਨਸਾਫ਼ ਕਰ।"

"ਕਾਹਦਾ ਇਨਸਾਫ਼ ? ਮੈਂ ਕੌਣ ਹਾਂ ਕਿਸੇ ਦੇ ਝਗੜੇ ਨਿਬੇੜਨ ਵਾਲਾ।" ਬਲਦ ਨੇ ਨਿਮੋਝੂਣ ਹੋ ਕੇ ਕਿਹਾ।

ਬ੍ਰਾਹਮਣ ਨੇ ਅਲਫ਼ ਤੋਂ ਯੇ ਤਕ ਸਾਰੀ ਕਹਾਣੀ ਸੁਣਾ ਕੇ ਕਿਹਾ, "ਮੈਂ ਇਸ ਸ਼ੇਰ ਨਾਲ ਉਪਕਾਰ ਕਰਦਿਆਂ ਹੋਇਆਂ, ਇਸ ਨੂੰ ਪਿੰਜਰੇ ਵਿਚੋਂ ਕੱਢ ਕੇ, ਇਹਦੇ ਪੈਰ ਦਾ ਕੰਡਾ ਕਢਿਆ, ਪਰ ਹੁਣ ਇਹ ਮੈਨੂੰ ਹੀ ਖਾ ਲੈਣਾ ਚਾਹੁੰਦਾ ਏ, ਤੂੰ ਹੀ ਇਨਸਾਫ਼ ਕਰ। ਕੀ ਇਹ ਠੀਕ ਏ ?"

"ਜੇ ਮੇਰੇ ਤੋਂ ਪੁਛਦਾ ਏਂ, ਤਾਂ ਇਸ ਨੂੰ ਉਹ ਕੁਝ ਕਰਨਾ ਚਾਹੀਦਾ ਏ, ਜੋ ਮਨੁਖ ਪਸ਼ੂ ਜਾਤੀ ਨਾਲ ਕਰਦਾ ਆਇਆ ਏ।" ਬਲਦ ਨੇ ਹਉਕਾ ਲੈ ਕੇ ਕਿਹਾ, "ਜਦੋਂ ਮੇਰੇ ਵਿਚ ਕੰਮ ਕਰਨ ਦੀ ਸ਼ਕਤੀ ਸੀ, ਮੇਰਾ ਮਾਲਕ ਮੈਨੂੰ ਖਵਾਂਦਾ ਪਿਲਾਂਦਾ

ਰਿਹਾ, ਮੇਰੀ ਬੜੀ ਖ਼ਾਤਰਦਾਰੀ ਹੁੰਦੀ ਰਹੀ। ਮੇਰੇ ਤੋਂ ਉਹ ਵੱਡੇ ਵੱਡੇ ਕੰਮ ਲੈਂਦਾ ਰਿਹਾ। ਸਾਰਾ ਦਿਨ ਉਹ ਮੈਨੂੰ ਜੋਤੀ ਰਖਦਾ। ਪਰ ਜਦੋਂ ਮੈਂ ਬੁੱਢਾ ਹੋ ਗਿਆ, ਤਾਂ ਉਹ ਮੈਨੂੰ ਕਸਾਈ ਦੇ ਹਵਾਲੇ ਕਰਨ ਲੱਗਾ, ਮੈਂ ਨੱਠ ਕੇ ਇਥੇ ਆ ਬੈਠਾ ਹਾਂ। ਸ਼ੇਰ ਨੂੰ ਆਦਮ ਜਾਤ ਉਪਰ ਕੋਈ ਤਰਸ ਨਹੀਂ ਕਰਨਾ ਚਾਹੀਦਾ।"

ਸ਼ੇਰ ਨੇ ਬ੍ਰਾਹਮਣ ਨੂੰ ਘੂਰਿਆ, ਪਰ ਅਜੇ ਕੇਵਲ ਦੋ ਹੀ ਅਕਲਮੰਦ ਭੁਗਤੇ ਸਨ। ਸੋ, ਉਹ ਕਿਸੇ ਤੀਜੇ ਅਕਲਮੰਦ ਦੀ ਭਾਲ ਵਿਚ ਉਥੋਂ ਅੱਗੇ ਤੁਰ ਪਏ। ਉਨ੍ਹਾਂ ਨੂੰ ਇਕ ਉਕਾਬ ਆਕਾਸ਼ ਵਿਚ ਉਡਦਾ ਵਿਖਾਈ ਦਿਤਾ। ਬ੍ਰਾਹਮਣ ਨੇ ਉਕਾਬ ਨੂੰ ਆਵਾਜ਼ ਮਾਰਦੇ ਹੋਏ ਕਿਹਾ, "ਏ ਭਾਈ ਉਕਾਬ ! ਤੇਰੇ ਤੋਂ ਇਕ ਇਨਸਾਫ਼ ਕਰਵਾਣਾ ਏ।"

"ਮੈਂ ਅਸਮਾਨਾਂ ਵਿਚ ਉੱਡਣ ਵਾਲਾ, ਤੁਸੀਂ ਧਰਤੀ ਉਪਰ ਰਹਿਣ ਵਾਲੇ ਲੋਕ, ਮੈਂ ਤੁਹਾਡਾ ਕੀ ਨਿਆਂ ਕਰ ਸਕਦਾ ਹਾਂ।" ਉਕਾਬ ਨੇ ਕਿਹਾ।

ਬ੍ਰਾਹਮਣ ਨੇ ਉਸ ਨੂੰ ਸਾਰੀ ਗੱਲ ਦਸ ਕੇ ਕਿਹਾ, "ਭਰਾਵਾ, ਇਸ ਸ਼ੇਰ ਨਾਲ ਮੈਂ ਭਲਾ ਕੀਤਾ ਏ, ਤੇ ਇਹ ਮੈਨੂੰ ਹੀ ਖਾ ਜਾਣਾ ਚਾਹੁੰਦਾ ਏ। ਤੂੰ ਹੀ ਇਨਸਾਫ਼ ਕਰ।"

ਉਕਾਬ ਅੱਗੋਂ ਗੁਸੇ ਨਾਲ ਬੋਲਿਆ, "ਮਨੁੱਖ ਕਿਹੜਾ ਕਿਸੇ ਨਾਲ ਨਿਆਂ ਕਰਦਾ ਏ। ਮੇਰੀ ਹੀ ਗੱਲ ਲੈ, ਜਦੋਂ ਮੈਂ ਹਵਾ ਵਿਚ ਉੱਡ ਰਿਹਾ ਹੁੰਦਾ ਹਾਂ, ਤਾਂ ਮੈਨੂੰ ਤੀਰ ਮਾਰ ਕੇ ਜ਼ਖ਼ਮੀ ਕਰ ਦਿਤਾ ਜਾਂਦਾ ਏ। ਮੇਰੇ ਅੰਡੇ ਚੁਰਾ ਕੇ ਮਨੁਖ ਖਾ ਜਾਂਦਾ ਏ। ਮੇਰੇ ਬੱਚਿਆਂ ਨੂੰ ਫੜ ਕੇ ਪਿੰਜਰੇ ਵਿਚ ਪਾ ਲੈਂਦਾ ਏ। ਮੈਂ ਤਾਂ ਮਨੁਖ ਜਾਤੀ ਤੋਂ ਬੜਾ ਹੀ ਪਰੇਸ਼ਾਨ ਹਾਂ। ਇਸ ਲਈ ਇਹਦੇ ਨਾਲ ਰਤਾ ਵੀ ਲਿਹਾਜ਼ਦਾਰੀ ਨਹੀਂ ਕਰਨੀ ਚਾਹੀਦੀ।"

ਇਸ 'ਤੇ ਬ੍ਰਾਹਮਣ ਨੇ ਨਿਰਾਸ਼ ਹੋ ਕੇ ਸ਼ੇਰ ਨੂੰ ਕਿਹਾ, "ਮੇਰੇ ਹੱਕ ਵਿਚ ਕੋਈ ਵੀ ਨਹੀਂ ਬੋਲ ਰਿਹਾ, ਤੂੰ ਬੇਸ਼ਕ ਮੈਨੂੰ ਮਾਰ ਕੇ ਖਾ ਲੈ।"

ਸ਼ੇਰ ਨੂੰ ਪਤਾ ਸੀ ਕਿ ਮਨੁਖ ਦਾ ਕਿਸੇ ਸਾਥ ਨਹੀਂ ਦੇਣਾ, ਇਸ ਲਈ ਉਹ ਕਹਿਣ ਲੱਗਾ, "ਪੰਜਾਂ ਅਕਲਮੰਦਾਂ ਦਾ ਫ਼ੈਸਲਾ ਹੋਇਆ ਸੀ, ਦੋ ਹੋਰਨਾਂ ਨੂੰ ਪੁਛਣਾ ਰਹਿ ਗਿਆ ਏ। ਉਹ ਵੀ ਸੱਧਰ ਪੂਰੀ ਕਰ ਲੈ।"

ਉਥੋਂ ਤੁਰ ਕੇ ਦੋਵੇਂ ਇਕ ਨਦੀ ਦੇ ਕੰਢੇ ਪੁਜੇ। ਬਾਹਰ ਰੇਤ ਉਪਰ ਇਕ ਮਗਰਮੱਛ ਬੈਠਾ ਧੁੱਪ ਸੇਕ ਰਿਹਾ ਸੀ। ਬ੍ਰਾਹਮਣ ਅਤੇ ਸ਼ੇਰ ਨੂੰ ਆਪਣੇ ਵਲ ਆਉਂਦਿਆਂ ਵੇਖ ਮਗਰਮੱਛ ਹੈਰਾਨੀ ਨਾਲ ਕਹਿਣ ਲੱਗਾ, "ਇਹ ਮੈਂ ਕੀ ਵੇਖਦਾ ਪਿਆ ਹਾਂ। ਹਨੇਰ ਸਾਈਂ ਦਾ। ਮਨੁਖ ਤੇ ਸ਼ੇਰ ਦੀ ਦੋਸਤੀ।"

ਬ੍ਰਾਹਮਣ ਕਹਿਣ ਲੱਗਾ, "ਅਸੀਂ ਤੇਰੇ ਤੋਂ ਇਨਸਾਫ਼ ਕਰਵਾਣ ਲਈ ਆਏ ਹਾਂ। ਜੇ ਦੋਸਤੀ ਹੁੰਦੀ ਤਾਂ ਇਹ ਹਾਲਤ ਨਾ ਹੁੰਦੀ।"

ਫਿਰ ਬ੍ਰਾਹਮਣ ਨੇ ਸਾਰੀ ਕਹਾਣੀ ਸੁਣਾ ਕੇ ਕਿਹਾ, "ਇਹ ਸ਼ੇਰ ਮੇਰੇ ਪਰਉਪਕਾਰ ਨੂੰ ਭੁੱਲ ਕੇ ਮੈਨੂੰ ਖਾ ਜਾਣਾ ਚਾਹੁੰਦਾ ਏ। ਤੂੰ ਹੀ ਨਿਆਂ ਕਰ।"

ਮਗਰਮੱਛ ਬ੍ਰਾਹਮਣ ਨੂੰ ਘੂਰਦਾ ਹੋਇਆ ਕਹਿਣ ਲੱਗਾ, "ਆਦਮ ਜ਼ਾਤ ਦਾ ਕਦੇ ਵੀ ਲਿਹਾਜ਼ ਨਹੀਂ ਕਰਨਾ ਚਾਹੀਦਾ। ਮੈਂ ਇਸ ਜਾਤੀ ਦਾ ਕਦੀ ਕੁਝ ਨਹੀਂ ਵਿਗਾੜਿਆ।

ਫਿਰ ਵੀ ਲੋਕ ਹੱਥ ਧੋ ਕੇ ਮੇਰੀ ਜਾਨ ਪਿਛੇ ਪਏ ਰਹਿੰਦੇ ਨੇ। ਮੇਰੀ ਜਾਤੀ ਨੂੰ ਇਨ੍ਹਾਂ ਨੇ ਬੜੇ ਤਸੀਹੇ ਦਿਤੇ ਨੇ। ਇਸ ਆਦਮੀ ਨੂੰ ਤੂੰ ਹੁਣੇ ਖਾ ਜਾ, ਜੇ ਤੂੰ ਨਹੀਂ ਖਾਣਾ ਚਾਹੁੰਦਾ ਤਾਂ ਇਹਨੂੰ ਮੇਰੇ ਹਵਾਲੇ ਕਰ ਦੇ। ਮੈਂ ਇਹਨੂੰ ਆਪਣੀ ਖ਼ੁਰਾਕ ਬਣਾਵਾਂਗਾ।"

ਬ੍ਰਾਹਮਣ ਕਹਿਣ ਲੱਗਾ, "ਹੇ ਸ਼ੇਰ ! ਮੇਰੇ ਹੱਕ ਵਿਚ ਕੋਈ ਵੀ ਨਹੀਂ ਬੋਲਿਆ। ਤੂੰ ਮੈਨੂੰ ਬੇਸ਼ਕ ਮਾਰ ਕੇ ਖਾ ਲੈ।"

ਸ਼ੇਰ ਕਹਿਣ ਲੱਗਾ, "ਬਸ ਇਕੋ ਹੋਰ ਅਕਲਮੰਦ ਦਾ ਫ਼ੈਸਲਾ ਰਹਿ ਗਿਆ ਏ, ਤੇਰੀ ਉਹ ਵੀ ਸੱਧਰ ਪੂਰੀ ਹੋ ਜਾਣੀ ਚਾਹੀਦੀ ਏ। ਮੈਂ ਨਹੀਂ ਚਾਹੁੰਦਾ ਕਿ ਤੇਰੇ ਮਨ ਵਿਚ ਕੋਈ ਅਰਮਾਨ ਬਾਕੀ ਰਹਿ ਜਾਵੇ।"

ਬ੍ਰਾਹਮਣ ਹੁਣ ਤਕ ਬੜਾ ਨਿਰਾਸ ਹੋ ਚੁਕਾ ਸੀ। ਉਸ ਨੂੰ ਆਪਣੀਆਂ ਅੱਖਾਂ ਅੱਗੇ ਮੌਤ, ਸ਼ੇਰ ਦੇ ਰੂਪ ਵਿਚ ਘੂਰਦੀ, ਦਿਖਾਈ ਦਿਤੀ। ਉਸ ਦੇ ਪੈਰ ਮਣ ਮਣ ਦੇ ਭਾਰੇ ਹੋ ਗਏ ਸਨ, ਜੋ ਉਸ ਤੋਂ ਚੁਕੇ ਨਹੀਂ ਸਨ ਜਾਂਦੇ। ਬ੍ਰਾਹਮਣ ਨੂੰ ਦੂਰੋਂ ਇਕ ਗਿੱਦੜ ਵਿਖਾਈ ਦਿਤਾ। ਗਿੱਦੜ ਸ਼ੇਰ ਨੂੰ ਵੇਖ ਕੇ ਦੁੰਮ ਦਬਾ ਕੇ ਦੌੜਨ ਹੀ ਲੱਗਾ ਸੀ ਕਿ ਬ੍ਰਾਹਮਣ ਨੇ ਕਿਹਾ, "ਗਿੱਦੜ ਭਰਾਵਾ ! ਦੌੜ ਨਾ, ਸ਼ੇਰ ਤੈਨੂੰ ਕੁਝ ਨਹੀਂ ਕਹਿੰਦਾ। ਤੂੰ ਸਾਡਾ ਇਕ ਫ਼ੈਸਲਾ ਕਰਦਾ ਜਾਹ।"

ਗਿੱਦੜ ਰੁਕ ਤਾਂ ਗਿਆ, ਪਰ ਸ਼ੇਰ ਦਾ ਜਲਾਲ ਵੇਖ ਕੇ ਉਹ ਕੰਬ ਚ੍ਹਿਹਾ ਸੀ। ਉਸ ਨੂੰ ਹੈਰਾਨੀ ਇਸ ਗੱਲ ਦੀ ਹੋ ਰਹੀ ਸੀ ਕਿ ਇਹ ਸ਼ੇਰ ਤਾਂ ਪਿੰਜਰੇ ਵਿਚ ਡਕਿਆ ਪਿਆ ਸੀ, ਬਾਹਰ ਕਿਵੇਂ ਆ ਗਿਆ। ਮਸਾਂ ਉਹ ਚੈਨ ਨਾਲ ਫਿਰਨ ਤੁਰਨ ਲੱਗਾ ਸੀ।

ਬ੍ਰਾਹਮਣ ਨੇ ਗਿੱਦੜ ਨੂੰ ਸਾਰੀ ਗੱਲ ਸੁਣਾਈ ਤੇ ਇਨਸਾਫ਼ ਮੰਗਿਆ।

ਗਿੱਦੜ ਕਹਿਣ ਲੱਗਾ, "ਮੇਰੀ ਬੁਧੀ ਬੜੀ ਕਮਜ਼ੋਰ ਏ। ਮੇਰੇ ਪੱਲੇ ਗੱਲ ਤਾਂ ਹੀ ਪੈਂਦੀ ਏ, ਜੇ ਮੈਂ ਅਸਲੀ ਹਾਲਤ ਵਿਚ ਉਹ ਸਭ ਕੁਝ ਅੱਖੀਂ ਵੇਖਾਂ, ਜਿਥੋਂ ਝਗੜਾ ਆਰੰਭ ਹੋਇਆ ਸੀ। ਗੱਲ ਕਿਥੋਂ ਸ਼ੁਰੂ ਹੋਈ ਸੀ ? ਕਿਸ ਹਾਲਤ ਵਿਚ ਸ਼ੁਰੂ ਹੋਈ ਸੀ ? ਮੈਂ ਤਦੋਂ ਹੀ ਆਪਣਾ ਫ਼ੈਸਲਾ ਦਿਆਂਗਾ। ਜੇ ਮੈਂ ਕੋਈ ਗ਼ਲਤ ਫ਼ੈਸਲਾ ਦੇ ਦਿਤਾ, ਤਾਂ ਤੂੰ ਨਰਾਜ਼ ਹੋ ਜਾਵੇਂਗਾ, ਹੇ ਸ਼ੇਰਾ !"

ਸ਼ੇਰ ਕਹਿਣ ਲੱਗਾ, "ਠੀਕ ਏ ! ਤੂੰ ਉਹ ਥਾਂ ਤੇ ਸਥਿਤੀ ਅੱਖੀਂ ਵੇਖ ਕੇ ਫ਼ੈਸਲਾ ਦੇ। ਤੇਰਾ ਫ਼ੈਸਲਾ ਠੀਕ ਹੋਵੇਗਾ।"

ਬ੍ਰਾਹਮਣ ਤੇ ਸ਼ੇਰ ਦੋਵੇਂ ਗਿੱਦੜ ਨੂੰ ਨਾਲ ਲੈ ਕੇ ਉਸ ਥਾਂ ਪੁੱਜੇ ਜਿਥੇ ਪਿੰਜਰਾ ਪਿਆ ਸੀ। ਪਿੰਜਰੇ ਕੋਲ ਪਹੁੰਚ ਕੇ ਬ੍ਰਾਹਮਣ ਨੇ ਨਵੇਂ ਸਿਰੇ ਤੋਂ ਗੱਲ ਸੁਣਾਈ, ਪਰ ਗਿੱਦੜ ਕਹਿਣ ਲੱਗਾ, "ਸ਼ੇਰ ਕਿਥੇ ਖੜਾ ਸੀ ਅਤੇ ਬ੍ਰਾਹਮਣ ਕਿਥੇ ਸੀ ?"

ਬ੍ਰਾਹਮਣ ਨੇ ਕਿਹਾ, "ਮੈਂ ਉਸ ਪਾਸੇ ਵਲੋਂ ਆ ਰਿਹਾ ਸਾਂ, ਅਤੇ ਇਥੇ ਆ ਕੇ ਖੜਾ ਹੋਇਆ ਸਾਂ।"

"ਪਰ ਉਦੋਂ ਸ਼ੇਰ ਕਿਥੇ ਸੀ ?" ਗਿੱਦੜ ਨੇ ਗੱਲ ਸਮਝਣੀ ਚਾਹੀ।

"ਮੈਂ ਇਸ ਪਿੰਜਰੇ ਦੇ ਅੰਦਰ ਸਾਂ।" ਸ਼ੇਰ ਨੇ ਗੁਰਾਂਦੇ ਹੋਏ ਜਵਾਬ ਦਿਤਾ।

"ਇਸ ਪਿੰਜਰੇ ਵਿਚ ? ਕਿਧਰ ਮੂੰਹ ਸੀ ਤੇਰਾ ?" ਗਿੱਦੜ ਨੇ ਪੁਛਿਆ।

ਸ਼ੇਰ ਕਰੋਧ ਵਿਚ ਆ ਗਿਆ ਅਤੇ ਭੁੜਕਦਾ ਹੋਇਆ ਪਿੰਜਰੇ ਦੇ ਅੰਦਰ ਜਾ ਵੜਿਆ ਤੇ ਫਿਰ ਕਹਿਣ ਲੱਗਾ, "ਮੇਰਾ ਮੂੰਹ ਇਧਰ ਸੀ। ਮੂਰਖਾ, ਇਸ ਨਾਲ ਕੀ ਫ਼ਰਕ ਪੈਂਦਾ ਏ ?"

"ਇਹੋ ਗੱਲ ਤਾਂ ਤੇਰੇ ਹੱਕ ਵਿਚ ਭੁਗਤਣੀ ਏ, ਤੇ ਇਸੇ ਉਤੇ ਫ਼ੈਸਲਾ ਹੋਣਾ ਏ।" ਗਿੱਦੜ ਕਹਿਣ ਲੱਗਾ, "ਪਿੰਜਰੇ ਦੀ ਤਾਕੀ ਖੁਲ੍ਹੀ ਸੀ ਜਾਂ ਬੰਦ ?"

"ਬੰਦ ਸੀ।" ਸ਼ੇਰ ਜ਼ਰਾ ਨਰਮ ਹੋ ਗਿਆ।

"ਕਿਵੇਂ ਬੰਦ ਸੀ ?" ਗਿੱਦੜ ਨੇ ਬ੍ਰਾਹਮਣ ਤੋਂ ਪੁਛਿਆ, "ਇਹ ਤਾਂ ਬੰਦ ਨਹੀਂ ਹੋ ਸਕਦੀ, ਤੂੰ ਬੰਦ ਕਰ ਕੇ ਵਿਖਾ।"

ਬ੍ਰਾਹਮਣ ਨੇ ਤਾਕੀ ਬੰਦ ਕਰ ਦਿਤੀ ਤੇ ਵਿਚ ਹੋੜਾ ਅਟਕਾਂਦੇ ਹੋਏ ਕਿਹਾ, "ਇਉਂ ਬੰਦ ਸੀ।" ਤੇ ਸ਼ੇਰ ਫਿਰ ਪਿੰਜਰੇ ਵਿਚ ਬੰਦ ਹੋ ਗਿਆ।

ਗਿੱਦੜ ਨੇ ਸ਼ੇਰ ਨੂੰ ਸੰਬੋਧਨ ਕਰਦਿਆਂ ਕਿਹਾ, "ਤੂੰ ਬੜਾ ਅਕ੍ਰਿਤਘਣ ਏਂ, ਤੈਨੂੰ ਇਹੋ ਸਜ਼ਾ ਮਿਲਣੀ ਚਾਹੀਦੀ ਸੀ। ਹੁਣ ਤੂੰ ਮਰਨ ਲਈ ਇਥੇ ਹੀ ਬੰਦ ਰਹਿ।"

ਫਿਰ ਗਿੱਦੜ ਬ੍ਰਾਹਮਣ ਨੂੰ ਕਹਿਣ ਲੱਗਾ, "ਚਲ ਦੋਸਤਾ ! ਹੁਣ ਇਥੋਂ ਚਲੀਏ। ਤੇਰਾ ਰਾਹ ਉਹ ਪਿਆ ਜਾਂਦਾ ਏ, ਤੇ ਮੇਰਾ ਇਹ। ਫਿਰ ਕਿਸੇ ਸ਼ੇਰ ਨਾਲ ਭਲਾ ਨਾ ਕਰੀਂ।"

ਸ਼ੇਰ ਪਿੰਜਰੇ ਵਿਚ ਗੁੱਰਾਇਆ। ਪਰ ਬ੍ਰਾਹਮਣ ਤੇ ਗਿੱਦੜ ਹੱਸਦੇ ਹੋਏ ਅੱਗੇ ਤੁਰ ਪਏ।

ਕੁੱਕੜ ਤੇ ਡੱਡੂ

ਇਕ ਵਾਰ ਇਕ ਕੁੱਕੜ ਅੰਬ ਦੇ ਕਿਸੇ ਦਰੱਖ਼ਤ ਉਤੇ ਜਾ ਚੜ੍ਹਿਆ। ਅੰਬਾਂ ਦਾ ਮੌਸਮ ਸੀ ਅਤੇ ਫਲ ਪੱਕ ਚੁੱਕਾ ਸੀ। ਸੋ, ਕੁੱਕੜ ਚੁੰਜਾਂ ਮਾਰ ਮਾਰ ਕੇ ਅੰਬਾਂ ਦਾ ਰਸਾ ਚੂਸਣ ਲੱਗਾ। ਇਕ ਅੰਬ ਦਾ ਰਸਾ ਚੂਸਦਿਆਂ ਉਸ ਦੀ ਗਿਟਕ ਤਿਲ੍ਹਕ ਕੇ ਹੇਠਾਂ ਜਾ ਡਿਗੀ। ਹੇਠਾਂ ਇਕ ਡੱਡੂ ਬੈਠਾ ਹੋਇਆ ਸੀ। ਅਚਨਚੇਤ ਉਹ ਗਿਟਕ ਡੱਡੂ ਦੇ ਮੂੰਹ 'ਤੇ ਜਾ ਵੱਜੀ।

ਡੱਡੂ ਨੇ ਉਪਰ ਦਰੱਖ਼ਤ ਵਲ ਨਜ਼ਰ ਚੁੱਕ ਕੇ ਵੇਖਿਆ। ਕੁੱਕੜ ਨੂੰ ਅੰਬਾਂ ਦਾ ਰਸ ਚੂਸਦਿਆਂ ਵੇਖ ਕੇ ਡੱਡੂ ਟਰੈਂ-ਟਰੈਂ ਕਰਦਾ ਹੋਇਆ ਕਹਿਣ ਲੱਗਾ, "ਓਇ ਕੁੱਕੜਾ, ਉਪਰੋਂ ਗਿਟਕਾਂ ਕਿਉਂ ਪਿਆ ਮਾਰਦੈਂ ? ਮੈਂ ਮਾਸੂਮ ਨੇ ਤੇਰਾ ਕੀ ਗੰਵਾਇਐ।"

ਕੁੱਕੜ ਨੇ ਹੈਰਾਨ ਹੋ ਕੇ ਹੇਠਾਂ ਵਲ ਵੇਖਿਆ ਤੇ ਫਿਰ ਹੱਸ ਕੇ ਆਖਣ ਲੱਗਾ-

ਫੀਨਾ ਨੱਕ ਫੁਦਕੜ ਮੂੰਹ,
ਮੈਂ ਕੀ ਜਾਣਾਂ ਹੇਠਾਂ ਬੈਠਾ ਤੂੰ।

ਫਿਰ ਕੁੱਕੜ ਕੜੂੰ-ਕੜੂੰ ਕਰਦਾ ਅੰਬਾਂ ਦਾ ਰਸਾ ਚੂਸਣ ਵਿਚ ਮਗਨ ਹੋ ਗਿਆ। ਜਦੋਂ ਉਹ ਅੰਬ ਦਾ ਰਸ ਚੂਸ ਲੈਂਦਾ, ਤਾਂ ਗਿਟਕ ਹੇਠਾਂ ਡੱਡੂ ਉਪਰ ਸੁਟ ਦੇਂਦਾ। ਡੱਡੂ ਵਿਚਾਰਾ ਸ਼ਰਮਿੰਦਾ ਹੋ ਕੇ ਉਥੋਂ ਪਰ੍ਹਾਂ ਖਿਸਕ ਗਿਆ। ਸੱਚ ਹੀ ਕਿਸੇ ਆਖਿਐ : ਡਾਹਢੇ ਦਾ ਸੱਤੀਂ ਵੀਹੀ ਸੌ।

ਘਾਹ ਤੇ ਮੋਥਾ

ਇਕ ਵਾਰ ਕਿਸੇ ਦਰੱਖ਼ਤ ਦੇ ਇਕ ਆਲ੍ਹਣੇ ਵਿਚੋਂ ਸੁੱਕਾ ਘਾਹ ਲਮਕ ਰਿਹਾ ਸੀ। ਹੇਠਾਂ ਖੇਤ ਵਿਚ ਮੋਥਾ ਲਹਿ-ਲਹਾ ਰਿਹਾ ਸੀ। ਮੋਥੇ ਨੇ ਆਲ੍ਹਣੇ ਦੇ ਘਾਹ ਨੂੰ ਕਿਹਾ, "ਤੂੰ ਕਿਤਨਾ ਬਦਕਿਸਮਤ ਏਂ, ਜਿਹੜਾ ਆਲ੍ਹਣੇ ਵਿਚ ਫਸਿਆ ਹੋਇਆ ਲਟਕ ਰਿਹਾ ਏਂ।"

ਸੁੱਕੇ ਘਾਹ ਨੇ ਕਿਹਾ, "ਤੂੰ ਆਪਣੀ ਨਿਬੇੜ, ਮੇਰੀ ਚਿੰਤਾ ਨਾ ਕਰ।" ਰੱਬ ਦੀ ਕਰਨੀ ਕੁਝ ਚਿਰ ਪਿਛੋਂ ਕਿਸਾਨ ਗੋਡੀ ਕਰਨ ਲਈ ਆਇਆ, ਤਾਂ ਉਸ ਨੇ ਮੋਥਾ ਪੁਟ ਕੇ ਪਰ੍ਹੇ ਰੂੜ੍ਹੀ ਉਤੇ ਸੁੱਟ ਦਿਤਾ।

ਮੋਥਾ ਕਿਸਾਨ ਨੂੰ ਗਾਲ੍ਹਾਂ ਕੱਢਣ ਲੱਗ ਪਿਆ।

ਆਲ੍ਹਣੇ ਵਾਲਾ ਘਾਹ ਹੱਸ ਪਿਆ ਤੇ ਕਹਿਣ ਲੱਗਾ, "ਹੁਣੇ ਤੂੰ ਮੇਰੇ ਨਾਲ ਮਸ਼ਕਰੀਆਂ ਕਰ ਰਿਹਾ ਸੀ, ਹੁਣ ਖ਼ੁਦ ਰੋ ਰਿਹਾ ਏਂ। ਤੇਰੀ ਜੂਨ ਚੰਗੀ ਏ ਜਾਂ ਮੇਰੀ। ਤੂੰ ਤਾਂ ਉਥੇ ਹੀ ਪਿਆ ਸੜ ਸੁਕ ਜਾਣੈਂ। ਮੈਂ ਜ਼ਰਾ ਮੀਂਹ ਵਰ੍ਹਿਆ ਤਾਂ ਹੇਠਾਂ ਡਿਗ ਕੇ ਮੁੜ ਜੜ੍ਹਾਂ ਫੜ ਲੈਣੀਆਂ ਨੇ।"

ਇਕ ਖਾਵਾਂ ਕਿ ਦੋ ਖਾਵਾਂ

ਕਿਸੇ ਪਿੰਡ ਵਿਚ ਇਕ ਦਲਿੱਦਰੀ ਰਹਿੰਦਾ ਸੀ। ਉਸ ਨੂੰ ਸਾਰੇ ਲੋਕ ਮਖੱਟੂ ਕਹਿੰਦੇ ਸਨ। ਉਹ ਸਾਰਾ ਦਿਨ ਘਰ ਬੈਠਾ ਮੱਖੀਆਂ ਮਾਰਦਾ ਰਹਿੰਦਾ। ਤੰਗ ਪੈ ਕੇ ਉਸ ਦੀ ਵਹੁਟੀ ਨੇ ਉਸ ਨੂੰ ਕੋਈ ਰੋਜ਼ਗਾਰ ਲੱਭਣ ਲਈ ਪਰਦੇਸ ਜਾਣ ਦੀ ਸਲਾਹ ਦਿਤੀ ਤੇ ਕਿਹਾ, "ਪਰਦੇਸਾਂ ਵਿਚ ਬੜਾ ਕੰਮ ਏ, ਜਿਹੜਾ ਵੀ ਗਿਆ ਏ ਖੱਚਰਾਂ ਲੱਦ ਕੇ ਰੁਪਏ ਲਿਆਇਆ ਏ।" ਮਖੱਟੂ ਪਰਦੇਸ ਜਾਣ ਲਈ ਰਾਜ਼ੀ ਹੋ ਗਿਆ।

ਘਰੋਂ ਤੁਰਨ ਵੇਲੇ, ਵਹੁਟੀ ਨੇ ਮਖੱਟੂ ਦੇ ਖਾਣ ਵਾਸਤੇ ਪੰਜ ਰੋਟੀਆਂ ਪਕਾ ਦਿਤੀਆਂ।

ਰੋਟੀਆਂ ਦੀ ਗੰਢ ਚੁੱਕੀ ਮਖੱਟੂ ਤੁਰਦਾ ਹੋਇਆ ਇਕ ਜੰਗਲ ਵਿਚ ਪੁੱਜਾ। ਉਸ ਨੂੰ ਤੁਰਦਿਆਂ ਤੁਰਦਿਆਂ ਸਖ਼ਤ ਭੁੱਖ ਲੱਗ ਗਈ। ਸੋ, ਉਸ ਨੇ ਇਕ ਦਰੱਖ਼ਤ ਹੇਠਾਂ ਬੈਠ ਕੇ, ਆਪਣਾ ਪਰਨਾ ਵਿਛਾ ਲਿਆ ਅਤੇ ਉਪਰ ਪੰਜੇ ਰੋਟੀਆਂ ਰਖ ਕੇ ਕਹਿਣ ਲੱਗਾ—

ਇਕ ਖਾਵਾਂ ਕਿ ਦੋ ਖਾਵਾਂ
ਤਿੰਨ ਖਾਵਾਂ ਕਿ ਚਾਰ
ਚਲੋ ਪੰਜੇ ਹੀ ਖਾ ਲਾਂ।

ਮਖੱਟਸ਼ੂ ਨੇ ਦੋ ਕੁ ਵਾਰ ਇਹ ਗੱਲ ਦੁਹਰਾਈ। ਫਿਰ ਉਹ ਉਪਰ ਵਲ ਝਾਕਣ ਲੱਗਾ ਜਿਵੇਂ ਕਿਸੇ ਰੱਬੀ ਹੁਕਮ ਦੀ ਇੰਤਜ਼ਾਰ ਕਰ ਰਿਹਾ ਹੋਵੇ।

ਰੱਬ ਦੀ ਕਰਨੀ, ਉਸ ਦਰੱਖ਼ਤ ਉਪਰ ਪੰਜ ਪਰੀਆਂ ਰਹਿੰਦੀਆਂ ਸਨ। ਇਹ ਗੱਲ ਸੁਣ ਕੇ ਉਹ ਡਰ ਗਈਆਂ। ਉਨ੍ਹਾਂ ਸੋਚਿਆ ਕਿ ਇਹ ਸ਼ਖ਼ਸ ਸ਼ਾਇਦ ਸਾਨੂੰ ਹੀ ਖਾਣ ਦੀਆਂ ਤਦਬੀਰਾਂ ਸੋਚ ਰਿਹਾ ਹੈ। ਸ਼ਕਲ-ਸੂਰਤ ਤੋਂ ਮਖੱਟੂ ਵੈਸੇ ਵੀ ਹੱਟਾ-ਕੱਟਾ ਤੇ ਮਜ਼ਬੂਤ ਲੱਗਦਾ ਸੀ। ਵਾਲ ਉਸ ਦੇ ਕਾਫ਼ੀ ਡਰਾਉਣੇ ਸਨ। ਸੋ, ਉਹ ਪੰਜੋ ਹੀ ਘਬਰਾ ਗਈਆਂ ਤੇ ਹੇਠਾਂ ਉਤਰ ਕੇ ਤਰਲੇ ਨਾਲ ਕਹਿਣ ਲੱਗੀਆਂ, "ਮਹਾਰਾਜ ! ਅਸਾਂ ਪੰਜਾਂ ਨੂੰ ਨਾ ਖਾਓ, ਅਸੀਂ ਤੁਹਾਨੂੰ ਖਾਣ ਲਈ ਕੁਝ ਦੇ ਸਕਦੀਆਂ ਹਾਂ।"

ਮਖੱਟੂ ਪਹਿਲਾਂ ਤਾਂ ਪੰਜਾਂ ਪਰੀਆਂ ਨੂੰ ਸਾਹਮਣੇ ਖੜਾ ਵੇਖ ਕੇ ਕੁਝ ਘਬਰਾਇਆ, ਪਰ ਫਿਰ ਆਪਣੇ ਆਪ ਨੂੰ ਸੰਭਾਲਦਾ ਹੋਇਆ ਆਕੜ ਕੇ ਕਹਿਣ ਲੱਗਾ, "ਨਹੀਂ, ਮੈਂ ਸਵੇਰ ਦਾ ਭੁੱਖਾ ਹਾਂ, ਮੇਰਾ ਤਾਂ ਤੁਸਾਂ ਪੰਜਾਂ ਨਾਲ ਵੀ ਕੁਝ ਨਹੀਂ ਬਣਨਾ। ਮੈਂ ਤੁਹਾਨੂੰ ਖਾਏ ਬਗ਼ੈਰ ਨਹੀਂ ਛੱਡ ਸਕਦਾ।"

ਪੰਜੋ ਪਰੀਆਂ ਕੰਬਦੀਆਂ ਹੋਈਆਂ ਕਹਿਣ ਲੱਗੀਆਂ, "ਮਹਾਰਾਜ, ਅਸੀਂ ਤੁਹਾਨੂੰ ਇਕ ਪਤੀਲਾ ਦੇਂਦੀਆਂ ਹਾਂ, ਤੁਸੀਂ ਖਾਣ ਵਾਸਤੇ ਜੋ ਚੀਜ਼ ਚਾਹੋਗੇ, ਉਹ ਪਤੀਲਾ ਫ਼ੌਰਨ ਹਾਜ਼ਰ ਕਰ ਦੇਵੇਗਾ।"

"ਪਹਿਲਾਂ ਉਹ ਪਤੀਲਾ ਵਿਖਾਓ, ਫਿਰ ਸੋਚਾਂਗਾ।" ਮਖੱਟੂ ਨੇ ਆਕੜ ਕੇ ਗੱਲ ਕੀਤੀ।

ਇਕ ਪਰੀ ਉਸੇ ਵੇਲੇ ਦਰੱਖ਼ਤ ਤੋਂ ਪਤੀਲਾ ਉਤਾਰ ਕੇ ਲੈ ਆਈ ਤੇ ਕਹਿਣ ਲੱਗੀ, "ਤੁਸੀਂ ਇਸ ਪਤੀਲੇ ਤੋਂ ਜੋ ਵੀ ਮੰਗੋਗੇ, ਹਾਜ਼ਰ ਹੋ ਜਾਵੇਗਾ।"

ਮਖੱਟੂ ਨੇ ਪਤੀਲੇ ਨੂੰ ਹੁਕਮ ਦਿਤਾ, "ਹੇ ਪਤੀਲੇ, ਮੇਰੇ ਖਾਣ ਵਾਸਤੇ ਛੱਤੀ ਪ੍ਰਕਾਰ ਦੇ ਭੋਜਨ ਹਾਜ਼ਰ ਕਰ।" ਉਸੇ ਵੇਲੇ ਕਈ ਤਰ੍ਹਾਂ ਦੇ ਮਿੱਠੇ, ਨਮਕੀਨ ਅਤੇ ਲਜ਼ੀਜ਼ ਖਾਣੇ ਤਿਆਰ ਹੋ ਕੇ ਮਖੱਟੂ ਦੇ ਸਾਹਮਣੇ ਆ ਗਏ। ਮਖੱਟੂ ਬਹੁਤ ਖ਼ੁਸ਼ ਹੋਇਆ ਅਤੇ ਖਾ ਪੀ ਕੇ ਪਤੀਲਾ ਚੁਕੀ ਘਰ ਵਲ ਤੁਰ ਪਿਆ।

ਰਾਹ ਵਿਚ ਇਕ ਨਾਲਾ ਪੈਂਦਾ ਸੀ। ਨਾਲਾ ਪਾਰ ਕਰਨ ਤੋਂ ਪਹਿਲਾਂ ਰਾਤ ਪੈ ਗਈ। ਨਾਲੇ ਦੇ ਕੰਢੇ, ਮਖੱਟੂ ਨੂੰ, ਇਕ ਮਕਾਨ ਵਿਚ ਦੀਵਾ ਬਲਦਾ ਵਿਖਾਈ ਦਿਤਾ, ਸੋ, ਉਹ ਉਥੇ ਪੁੱਜਾ। ਉਸ ਮਕਾਨ ਵਿਚ ਇਕ ਬੁੱਢੀ ਇਕੱਲੀ ਰਹਿੰਦੀ ਸੀ, ਜਿਸ ਦੇ ਪੁੱਤਰ ਪਰਦੇਸ ਵਿਚ ਖੱਟੀ-ਕਮਾਈ ਕਰਨ ਲਈ ਗਏ ਹੋਏ ਸਨ।

ਮਖੱਟੂ ਉਥੇ ਪਹੁੰਚ ਕੇ ਬੁੱਢੀ ਨੂੰ ਕਹਿਣ ਲੱਗਾ, "ਮਾਈ, ਮੈਂ ਥੱਕ ਗਿਆ ਹਾਂ, ਰਾਤ ਇਥੇ ਰਹਿਣਾ ਚਾਹੁੰਦਾ ਹਾਂ।"

"ਮੈਂ ਤਾਂ ਆਪ ਸਵੇਰ ਦੀ ਭੁੱਖੀ ਬੈਠੀ ਹਾਂ, ਤੈਨੂੰ ਕਿਵੇਂ ਖਵਾਵਾਂਗੀ ?" ਬੁੱਢੀ ਨੇ ਕਿਹਾ, "ਮੇਰੇ ਹੱਥ ਉਤੇ ਦਾਣੇ ਨਿਕਲ ਆਏ ਨੇ, ਰੋਟੀ ਪਕਾ ਨਹੀਂ ਸਕਦੀ।"

"ਮਾਈ, ਤੂੰ ਰੋਟੀ ਦੀ ਚਿੰਤਾ ਨਾ ਕਰ।" ਮਖੱਟੂ ਨੇ ਕਿਹਾ, "ਇਕ ਪਤੀਲਾ ਮੇਰੇ ਕੋਲ ਏ, ਉਸ ਤੋਂ ਖਾਣ ਵਾਸਤੇ ਜੋ ਚੀਜ਼ ਮੰਗੀਏ, ਝਟ ਮਿਲ ਜਾਂਦੀ ਏ।" ਫਿਰ ਮਖੱਟੂ ਨੇ ਪਤੀਲੇ ਤੋਂ ਦੋ ਥਾਲ ਵਧੀਆ ਖਾਣੇ ਦੇ ਮੰਗੇ। ਜੋ ਉਸੇ ਵੇਲੇ ਹਾਜ਼ਰ ਹੋ ਗਏ। ਬੁੱਢੀ ਇਹ ਕ੍ਰਿਸ਼ਮਾ ਵੇਖ ਕੇ ਦੰਗ ਰਹਿ ਗਈ।

ਬੁੱਢੀ ਨੇ ਸੋਚਿਆ ਕਿ ਕਿਉਂ ਨਾ ਇਹ ਪਤੀਲਾ ਹੜੁਪ ਕਰ ਲਿਆ ਜਾਵੇ। ਅੱਧੀ ਰਾਤ ਵੇਲੇ ਬੁੱਢੀ ਉਠੀ। ਮਖੱਟੂ ਥਕਿਆ-ਟੁਟਿਆ ਹੋਣ ਕਰ ਕੇ ਗੂੜ੍ਹੀ ਨੀਂਦਰ ਸੁੱਤਾ ਪਿਆ ਸੀ। ਬੁੱਢੀ ਦੇ ਘਰ ਉਸੇ ਤਰ੍ਹਾਂ ਦਾ ਇਕ ਪਤੀਲਾ ਹੋਰ ਪਿਆ ਸੀ। ਉਸ ਨੇ ਮਖੱਟੂ ਦੇ ਪਤੀਲੇ ਦੀ ਥਾਂ ਆਪਣਾ ਪਤੀਲਾ ਰਖ ਦਿਤਾ। ਫਿਰ ਜਾਦੂ ਦਾ ਪਤੀਲਾ ਘਰ ਵਿਚ ਹੀ ਕਿਧਰੇ ਛੁਪਾ ਦਿਤਾ। ਅਗਲੇ ਦਿਨ ਸਵੇਰੇ ਮਖੱਟੂ ਉਠਿਆ ਅਤੇ ਖ਼ੁਸ਼ੀ ਨਾਲ ਨਚਦਾ-ਟਪਦਾ ਆਪਣੇ ਘਰ ਵਲ ਤੁਰ ਪਿਆ। ਜਾਣ ਵੇਲੇ ਉਸ ਨੇ ਬੁੱਢੀ ਦੇ ਚਰਣ ਛੂਹੇ, ਜਿਸ ਨੇ ਉਸ ਨੂੰ ਰਾਤ ਠਿਕਾਣੇ ਲਈ ਥਾਂ ਦਿਤੀ ਸੀ।

ਮਖੱਟੂ ਘਰ ਪੁੱਜਾ ਅਤੇ ਪਤਨੀ ਅੱਗੇ ਪਤੀਲਾ ਰਖ ਕੇ ਕਹਿਣ ਲੱਗਾ, "ਹੁਣ ਤੈਨੂੰ ਕੰਮ ਕਰਨ ਦੀ ਲੋੜ ਨਹੀਂ, ਤੂੰ ਸਾਰੀ ਉਮਰ ਬਹਿ ਕੇ ਮਜ਼ੇ ਨਾਲ ਖਾਹ।"

"ਮੈਂ ਇਸ ਪਤੀਲੇ ਨੂੰ ਚੱਟਾਂ।" ਮਖੱਟੂ ਦੀ ਪਤਨੀ ਗੁੱਸੇ ਨਾਲ ਕਹਿਣ ਲੱਗੀ, "ਖੱਟਣ ਭੇਜਿਆ ਸੀ ਧਨ ਤੇ ਚੁੱਕ ਲਿਆਇਆ ਏ ਪਤੀਲਾ।"

ਮਖੱਟੂ ਨੇ ਪਤੀਲੇ ਦੀ ਸਿਫ਼ਤ ਦਸਦਿਆਂ ਕਿਹਾ, "ਇਸ ਪਤੀਲੇ ਤੋਂ ਜਿਹੜਾ ਵੀ ਭੋਜਨ ਮੰਗੋ, ਝਟ ਹਾਜ਼ਰ ਕੇ ਦੇਂਦਾ ਏ।"

ਮਖੱਟੂ ਦੀ ਪਤਨੀ ਖ਼ੁਸ਼ ਹੋ ਕੇ ਕਹਿਣ ਲੱਗੀ, "ਫਿਰ ਖੀਰ ਮੰਗਦੇ ਹਾਂ। ਖੀਰ ਖਾਧਿਆਂ ਉਮਰਾਂ ਹੋ ਗਈਆਂ ਨੇ।"

ਮਖੱਟੂ ਨੇ ਅੱਖਾਂ ਮੀਟ ਕੇ ਪਤੀਲੇ ਤੋਂ ਖੀਰ ਮੰਗੀ, ਪਰ ਪਤੀਲਾ ਖ਼ਾਲੀ ਦਾ ਖ਼ਾਲੀ ਰਿਹਾ। ਫਿਰ ਦੂਜੀ ਵਾਰ ਮੰਗੀ। ਪਰ ਪਤੀਲਾ ਖ਼ਾਲੀ ਹੀ ਰਿਹਾ। ਉਸ ਨੇ ਕਈ ਵੇਰ ਪਤੀਲੇ ਨੂੰ ਹੁਕਮ ਦਿਤਾ, ਪਰ ਕੋਈ ਫ਼ਾਇਦਾ ਨਾ ਹੋਇਆ। ਮਖੱਟੂ ਦੀ ਪਤਨੀ ਨੇ ਉਸ ਦਾ ਮਜ਼ਾਕ ਉਡਾਇਆ।

ਮਖੱਟੂ ਨੇ ਸਮਝਿਆ ਕਿ ਪਰੀਆਂ ਉਸ ਦੇ ਨਾਲ ਧੋਖਾ ਕਰ ਗਈਆਂ ਹਨ। ਸੋ, ਉਹ ਉਸੇ ਵੇਲੇ ਪੰਜ ਪਰੌਂਠੇ ਪਕਵਾ ਕੇ ਜੰਗਲ ਵਲ ਤੁਰ ਪਿਆ ਅਤੇ ਉਸੇ ਦਰੱਖ਼ਤ ਹੇਠਾਂ ਜਾ ਬੈਠਾ, ਜਿਥੇ ਪਰੀਆਂ ਰਹਿੰਦੀਆਂ ਸਨ ਅਤੇ ਕਹਿਣ ਲੱਗਾ—

ਇਕ ਖਾਵਾਂ ਕਿ ਦੋ ਖਾਵਾਂ
ਤਿੰਨ ਖਾਵਾਂ ਕਿ ਚਾਰ
ਪੰਜੋ ਕਿਉਂ ਨਾ ਖਾਵਾਂ ?

ਪਰੀਆਂ ਇਹ ਗੱਲ ਸੁਣ ਕੇ ਹੇਠਾਂ ਆ ਗਈਆਂ ਤੇ ਕਹਿਣ ਲੱਗੀਆਂ, "ਭਲਿਆ

ਮਾਣਸਾ, ਤੂੰ ਸਾਨੂੰ ਨਾ ਖਾਹ, ਅਸੀਂ ਤੇਰਾ ਕੀ ਵਿਗਾੜਿਆ ਏ। ਅਸੀਂ ਤੈਨੂੰ ਸੋਨੇ ਦੀਆਂ ਮੇਂਗਣਾਂ ਦੇਣ ਵਾਲੀ ਬਕਰੀ ਦੇਂਦੀਆਂ ਹਾਂ।"

ਮਖੱਟੂ ਕਹਿਣ ਲੱਗਾ, "ਅੱਗੇ ਤੁਸੀਂ ਮੇਰੇ ਨਾਲ ਧੋਖਾ ਕੀਤੇ ਏ, ਹੁਣ ਮੈਂ ਬੁੱਧੂ ਨਹੀਂ ਬਣਦਾ।" ਪਰ ਫਿਰ ਮਖੱਟੂ ਦਾ ਮਨ ਲਲਚਾਣ ਲੱਗਾ ਕਿ ਸੋਨੇ ਦੀਆਂ ਮੇਂਗਣਾਂ ਵਾਲੀ ਬਕਰੀ ਮਿਲ ਗਈ ਤਾਂ ਉਹ ਛੇਤੀ ਹੀ ਅਮੀਰ ਹੋ ਜਾਵੇਗਾ। ਸੋ ਉਹ ਕਹਿਣ ਲੱਗਾ, "ਲਿਆਓ, ਮੈਨੂੰ ਉਹ ਬਕਰੀ ਵਿਖਾਓ।"

ਇਕ ਪਰੀ ਬਕਰੀ ਨੂੰ ਫੜ ਕੇ ਲੈ ਆਈ। ਬਕਰੀ ਦੇ ਅੱਗੇ ਦਾਲ ਚਰਨ ਵਾਸਤੇ ਰਖੀ ਗਈ। ਦਾਲ ਖਾ ਕੇ ਉਸ ਨੇ ਮੇਂਗਣਾਂ ਦਿਤੀਆਂ। ਉਹ ਮੇਂਗਣਾਂ ਸੋਨੇ ਦੀਆਂ ਸਨ।

ਮਖੱਟੂ ਬੜਾ ਖ਼ੁਸ਼ ਹੋਇਆ ਤੇ ਬਕਰੀ ਨੂੰ ਹਿੱਕਦਾ ਹੋਇਆ ਘਰ ਵਲ ਤੁਰ ਪਿਆ। ਰਸਤੇ ਵਿਚ ਫਿਰ ਰਾਤ ਪੈ ਗਈ ਅਤੇ ਉਹ ਫਿਰ ਉਸੇ ਬੁੱਢੀ ਦੇ ਘਰ ਠਹਿਰਿਆ। ਬੁੱਢੀ ਨੇ ਬੜੀ ਆਓ-ਭਗਤ ਕੀਤੀ ਤੇ ਪੁਛਿਆ, "ਪੁਤਰਾ ! ਇਹ ਬਕਰੀ ਕਿਥੋਂ ਲਿਆਇਆ ਏਂ।" ਮਖੱਟੂ ਨੇ ਬੁੱਢੀ ਨੂੰ ਬਕਰੀ ਦੀ ਸਿਫ਼ਤ ਦੱਸੀ। ਰਾਤੀਂ ਜਦੋਂ ਬਕਰੀ ਨੇ ਸੋਨੇ ਦੀਆਂ ਮੇਂਗਣਾਂ ਦਿਤੀਆਂ ਤਾਂ ਬੁੱਢੀ ਵੇਖ ਕੇ ਹੱਕੀ ਬੱਕੀ ਰਹਿ ਗਈ। ਬੁੱਢੀ ਦੀ ਨੀਅਤ ਫਿਰ ਖ਼ਰਾਬ ਹੋ ਗਈ।

ਜਦੋਂ ਮਖੱਟੂ ਸੌਂ ਗਿਆ ਤਾਂ ਉਹ ਬੁੱਢੀ ਰਾਤੋ ਰਾਤ ਨਾਲ ਦੇ ਪਿੰਡ ਗਈ ਤੇ, ਉਥੋਂ ਉਸੇ ਸ਼ਕਲ ਦੀ ਇਕ ਬਕਰੀ ਖ਼ਰੀਦ ਲਿਆਈ। ਮਖੱਟੂ ਦੀ ਬਕਰੀ ਨੂੰ ਬੁੱਢੀ ਨੇ ਕਿਧਰੇ ਛੁਪਾ ਦਿਤਾ ਅਤੇ ਉਸ ਦੀ ਥਾਂ ਆਮ ਬਕਰੀ ਬੰਨ੍ਹ ਦਿਤੀ।

ਸਵੇਰੇ ਮਖੱਟੂ ਜਾਗਿਆ ਤਾਂ ਬੁੱਢੀ ਦਾ ਧੰਨਵਾਦ ਕਰਕੇ ਤੇ ਬਕਰੀ ਨੂੰ ਖੋਲ੍ਹ ਕੇ ਘਰ ਵਲ ਤੁਰ ਪਿਆ।

ਘਰ ਪਹੁੰਚ ਕੇ ਮਖੱਟੂ ਨੇ ਆਪਣੀ ਪਤਨੀ ਨੂੰ ਬਕਰੀ ਦੀ ਸਿਫ਼ਤ ਦੱਸੀ। ਮਖੱਟੂ ਦੀ ਪਤਨੀ ਨੇ ਬਕਰੀ ਨੂੰ ਦਾਲ ਖਵਾਈ, ਪਰ ਉਸ ਨੇ ਜੋ ਮੇਂਗਣਾਂ ਦਿਤੀਆਂ ਉਹ ਸੋਨੇ ਦੀਆਂ ਨਹੀਂ ਸਨ। "ਇਹ ਤਾਂ ਆਮ ਮੇਂਗਣਾਂ ਨੇ।" ਮਖੱਟੂ ਦੀ ਪਤਨੀ ਕਰੋਧ ਵਿਚ ਆ ਕੇ ਕਹਿਣ ਲੱਗੀ, "ਬਸ ਤੇਰੀ ਕਮਾਈ ਵੇਖ ਲਈ, ਤੂੰ ਤਾਂ ਨਿਰਾ ਪੁਰਾ ਬੁੱਧੂ ਏਂ।"

ਮਖੱਟੂ ਉਸੇ ਵੇਲੇ ਗੁੱਸੇ ਦਾ ਭਰਿਆ ਪੀਤਾ ਜੰਗਲ ਵਲ ਤੁਰ ਪਿਆ। ਐਤਕੀਂ ਉਸ ਨੇ ਖਾਣ ਵਾਸਤੇ ਪਰੌਂਠੇ ਵੀ ਨਾਲ ਨਾ ਲਏ। ਫਿਰ ਉਹ ਪਰੀਆਂ ਵਾਲੇ ਦਰੱਖ਼ਤ ਹੇਠਾਂ ਬੈਠ ਕੇ ਉਪਰ ਵਲ ਮੂੰਹ ਕਰ ਕੇ ਉੱਚੀ ਉੱਚੀ ਕੂਕਣ ਲੱਗਾ—

ਇਕ ਖਾਵਾਂ ਕਿ ਦੋ ਖਾਵਾਂ
ਤਿੰਨ ਖਾਵਾਂ ਕਿ ਚਾਰ
ਪੰਜੇ ਕਿਉਂ ਨਾ ਖਾਵਾਂ ?

ਐਤਕੀਂ ਮਖੱਟੂ ਦੀ ਆਵਾਜ਼ ਵਿਚ ਕ੍ਰੋਧ ਸੀ। ਦਰੱਖ਼ਤ ਤੋਂ ਪਰੀਆਂ ਹੇਠਾਂ ਉਤਰ ਆਈਆਂ ਅਤੇ ਮਖੱਟੂ ਦੇ ਤਰਲੇ ਕਰਨ ਲੱਗੀਆਂ। ਮਖੱਟੂ ਨੇ ਰੋਅਬ ਨਾਲ ਕਿਹਾ, "ਤੁਸੀਂ ਸਭ ਧੋਖੇਬਾਜ਼ ਹੋ, ਮੈਂ ਤੁਹਾਨੂੰ ਮਾਰ ਕੇ ਖਾ ਜਾਵਾਂਗਾ।" ਫਿਰ ਉਸ ਨੇ ਪਤੀਲਾ ਉਨ੍ਹਾਂ ਦੇ ਸਾਹਮਣੇ ਸੁੱਟ ਦਿਤਾ ਅਤੇ ਬਕਰੀ ਵੀ ਉਨ੍ਹਾਂ ਦੇ ਹਵਾਲੇ ਕਰਦਿਆਂ ਕਿਹਾ,

"ਨਾ ਤਾਂ ਇਹ ਪਤੀਲਾ ਖਾਣਾ ਦੇਂਦਾ ਏ, ਨਾ ਹੀ ਬਕਰੀ ਨੇ ਸੋਨੇ ਦੀਆਂ ਮੇਂਗਣਾਂ ਦਿਤੀਆਂ ਨੇ, ਮੈਨੂੰ ਕੁਝ ਨਹੀਂ ਚਾਹੀਦਾ। ਮੈਂ ਤਾਂ ਤੁਹਾਨੂੰ ਹੀ ਖਾਵਾਂਗਾ।"

ਪਰੀਆਂ ਨੇ ਪਤੀਲੇ ਤੇ ਬਕਰੀ ਨੂੰ ਵੇਖ ਕੇ ਕਿਹਾ, "ਇਹ ਦੋਵੇਂ ਚੀਜ਼ਾਂ ਸਾਡੀਆਂ ਨਹੀਂ, ਤੇਰੇ ਨਾਲ ਧੋਖਾ ਹੋਇਆ ਏ। ਕਿਸੇ ਨੇ ਤੈਨੂੰ ਉੱਲੂ ਬਣਾਇਆ ਏ।"

"ਹੈਂ, ਇਹ ਚੀਜ਼ਾਂ ਉਹ ਨਹੀਂ।" ਮਖੱਟੂ ਸੋਚਾਂ ਵਿਚ ਡੁਬ ਗਿਆ। ਉਹ ਸਮਝ ਗਿਆ ਕਿ ਉਸ ਨਾਲ ਕਿਸ ਨੇ ਧੋਖਾ ਕੀਤਾ ਏ। "ਤਾਂ ਫਿਰ ਉਸ ਬੁੱਢੀ ਨੇ ਜਿਸਦੇ ਘਰ ਮੈਂ ਰਾਤ ਨੂੰ ਠਹਿਰਿਆ ਸੀ, ਦੋਵੇਂ ਚੀਜ਼ਾਂ ਹਜ਼ਮ ਕਰ ਲਈਆਂ ਨੇ।"

"ਇਹੋ ਗੱਲ ਜਾਪਦੀ ਏ ?" ਪਰੀਆਂ ਨੇ ਕਿਹਾ।

ਫਿਰ ਇਕ ਪਰੀ ਕਹਿਣ ਲੱਗੀ, "ਐਤਕੀਂ ਤੂੰ ਸਾਡੇ ਤੋਂ ਰੱਸੀ ਡੰਡਾ ਲੈ ਜਾ। ਇਹ ਰੱਸੀ ਤੇਰੇ ਦੁਸ਼ਮਨ ਨੂੰ ਬੰਨ੍ਹ ਲਵੇਗੀ ਅਤੇ ਡੰਡਾ ਉਸ ਦੀ ਖ਼ੂਬ ਕੁਟਾਈ ਕਰੇਗਾ। ਜਦੋਂ ਤਕ ਤੂੰ ਡੰਡੇ ਨੂੰ ਰੋਕੇਂਗਾ ਨਹੀਂ, ਉਹ ਤੇਰੇ ਦੁਸ਼ਮਣ ਨੂੰ ਮਾਰਦਾ ਹੀ ਰਹੇਗਾ।"

ਮਖੱਟੂ ਰੱਸੀ ਡੰਡਾ ਲੈ ਕੇ ਉਥੋਂ ਟੁਰ ਪਿਆ। ਜਦੋਂ ਉਹ ਬੁੱਢੀ ਦੇ ਘਰ ਪੁੱਜਾ ਤਾਂ ਅੱਗੇ ਬੁੱਢੀ ਦੇ ਵਿਹੜੇ ਵਿਚ ਬਕਰੀ ਬੰਨ੍ਹੀ ਵੇਖ ਕੇ ਉਹ ਹੈਰਾਨ ਰਹਿ ਗਿਆ। ਉਸ ਨੇ ਸੋਨੇ ਦੀਆਂ ਮੇਂਗਣਾਂ ਦਿਤੀਆਂ ਹੋਈਆਂ ਸਨ। ਅੰਦਰ ਰਸੋਈ ਵਿਚ ਗਿਆ ਤਾਂ ਬੁੱਢੀ ਪਤੀਲੇ ਨੂੰ ਹੁਕਮ ਦੇ ਰਹੀ ਸੀ ਕਿ ਉਹ ਉਹਦੇ ਲਈ ਵਧੀਆ ਖਾਣਾ ਤਿਆਰ ਕਰੇ।

ਮਖੱਟੂ ਨੂੰ ਵੇਖ ਕੇ ਬੁੱਢੀ ਘਬਰਾ ਗਈ। ਮਖੱਟੂ ਨੇ ਬੁੱਢੀ ਤੋਂ ਦੋਵੇਂ ਚੀਜ਼ਾਂ ਮੰਗੀਆਂ, ਪਰ ਬੁੱਢੀ ਨੇ ਦੇਣ ਤੋਂ ਇਨਕਾਰ ਕਰ ਦਿਤਾ। ਉਲਟਾ ਉਸ ਨੇ ਤਿੰਨਾਂ ਪੁਤਰਾਂ ਨੂੰ ਆਵਾਜ਼ ਮਾਰ ਕੇ ਸੱਦ ਲਿਆ, ਜੋ ਪਰਦੇਸੋਂ ਵਾਪਸ ਆ ਗਏ ਸਨ।

ਬੁੱਢੀ ਦੇ ਪੁੱਤਰ ਮਖੱਟੂ ਨੂੰ ਮਾਰਨ ਲੱਗੇ, ਪਰ ਮਖੱਟੂ ਨੇ ਉਸੇ ਵੇਲੇ ਡੰਡੇ ਅਤੇ ਰੱਸੇ ਨੂੰ ਹੁਕਮ ਦਿਤਾ, "ਰੱਸੀਏ ਬੰਨ੍ਹ, ਡੰਡਿਆ ਕੁਟ।" ਰੱਸੀ ਨੇ ਬੁੱਢੀ ਅਤੇ ਉਸ ਦੇ ਤਿੰਨਾਂ ਪੁਤਰਾਂ ਨੂੰ ਬੰਨ੍ਹ ਲਿਆ ਤੇ ਡੰਡੇ ਨੇ ਪਿਟਾਈ ਸ਼ੁਰੂ ਕਰ ਦਿਤੀ। ਅਖ਼ੀਰ ਉਨ੍ਹਾਂ ਚੌਹਾਂ ਨੇ ਤਰਲੇ ਕਰ ਕੇ ਜਾਨ ਛੁਡਾਈ।

ਮਖੱਟੂ ਪਤੀਲਾ, ਬਕਰੀ ਤੇ ਰੱਸੀ-ਡੰਡੇ ਨਾਲ ਘਰ ਵਾਪਸ ਆਇਆ। ਐਤਕੀਂ ਵੀ ਉਸ ਦੀ ਵਹੁਟੀ ਨੂੰ ਵਿਸ਼ਵਾਸ ਨਾ ਆਇਆ। ਮਖੱਟੂ ਨੇ ਪਤੀਲੇ ਨੂੰ ਹੁਕਮ ਦਿਤਾ, "ਛੱਤੀ ਪ੍ਰਕਾਰ ਦੇ ਭੋਜਨ ਹਾਜ਼ਰ ਹੋ ਜਾਣ।" ਤਾਂ ਹਰ ਤਰ੍ਹਾਂ ਦੇ ਲਜ਼ੀਜ਼ ਖਾਣਿਆਂ ਦਾ ਢੇਰ ਲੱਗ ਗਿਆ। ਫਿਰ ਉਸ ਨੇ ਬਕਰੀ ਅੱਗੇ ਦਾਲ ਰੱਖੀ। ਦਾਲ ਖਾ ਕੇ ਉਸ ਨੇ ਸੋਨੇ ਦੀਆਂ ਮੇਂਗਣਾਂ ਦਿਤੀਆਂ। ਪਿੰਡ ਦੇ ਲੋਕਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਧਾਵਾ ਬੋਲ ਕੇ ਸੋਨੇ ਦੀਆਂ ਮੇਂਗਣਾਂ ਖੋਹਣ ਦਾ ਜਤਨ ਕੀਤਾ। ਮਖੱਟੂ ਦੀ ਪਤਨੀ ਕਹਿਣ ਲੱਗੀ, "ਹੁਣ ਕੀ ਬਣੇਗਾ ?"

"ਘਬਰਾ ਨਾ, ਇਸ ਦਾ ਵੀ ਪ੍ਰਬੰਧ ਮੇਰੇ ਕੋਲ ਏ।" ਮਖੱਟੂ ਨੇ ਇਉਂ ਕਿਹਾ, ਜਿਵੇਂ ਉਹ ਸਰਬ ਸਮਰੱਥ ਹੋਵੇ। ਫਿਰ ਮਖੱਟੂ ਨੇ ਰੱਸੀ ਨੂੰ ਕਿਹਾ, "ਰੱਸੀਏ ਬੰਨ੍ਹ ਲੈ" ਤੇ ਡੰਡੇ ਨੂੰ ਕਿਹਾ, "ਡੰਡਿਆ ਕੁਟ"। ਉਸੇ ਵੇਲੇ ਰੱਸੀ ਨੇ ਮਖੱਟੂ ਦੇ ਸਭ ਦੁਸ਼ਮਣਾਂ

ਨੂੰ ਬੰਨ੍ਹ ਲਿਆ ਅਤੇ ਡੰਡੇ ਨੇ ਕੁਟਾਈ ਕਰਨੀ ਸ਼ੁਰੂ ਕਰ ਦਿਤੀ। ਸਭ ਲੋਕ ਮਾਫ਼ੀਆਂ ਮੰਗਣ ਲੱਗੇ। ਫਿਰ ਮਖੱਟੂ ਨੂੰ ਕਿਸੇ ਨੇ ਕਦੇ ਤੰਗ ਨਾ ਕੀਤਾ ਅਤੇ ਮਖੱਟੂ ਅਮੀਰੀ ਠਾਠ-ਬਾਠ ਨਾਲ ਰਹਿਣ ਲੱਗਾ।

ਡੱਡੂ ਰਾਜਕੁਮਾਰ

ਕਿਸੇ ਤਲਾਅ ਵਿਚ ਇਕ ਡੱਡੂ ਰਹਿੰਦਾ ਸੀ। ਉਹ ਸਾਰਾ ਦਿਨ ਕੰਢੇ ਉੱਤੇ ਬੈਠਾ ਹੰਝੂ ਕੇਰਦਾ ਰਹਿੰਦਾ। ਜਦੋਂ ਉਸ ਦੇ ਅੱਥਰੂ ਪਾਣੀ ਵਿਚ ਡਿਗਦੇ, ਤਾਂ ਉਹ ਸੁੱਚੇ ਮੋਤੀ ਬਣ ਕੇ ਡਲ੍ਹਕਣ ਲੱਗਦੇ।

ਇਕ ਵਾਰ, ਇਕ ਰਾਜਕੁਮਾਰੀ ਤਲਾਅ ਦੇ ਕੰਢੇ ਆਪਣੀਆਂ ਸਹੇਲੀਆਂ ਨਾਲ ਖੇਹਨੂੰ ਖੇਡ ਰਹੀ ਸੀ ਕਿ ਉਸ ਦਾ ਖੇਹਨੂੰ ਰੁੜ੍ਹਦਾ ਹੋਇਆ ਅਚਾਨਕ ਤਲਾਅ ਵਿਚ ਜਾ ਡਿੱਗਾ। ਰਾਜਕੁਮਾਰੀ ਨੇ ਪਾਣੀ ਵਿਚ ਬੜੇ ਹੱਥ-ਪੈਰ ਮਾਰੇ, ਪਰ ਖੇਹਨੂੰ ਕਿਧਰੇ ਵੀ ਨਾ ਲੱਭਾ। ਸੋ, ਰਾਜਕੁਮਾਰੀ ਜ਼ੋਰ ਜ਼ੋਰ ਦੀ ਰੋਣ ਲੱਗੀ।

ਡੱਡੂ ਝਟ ਪਾਣੀ ਵਿਚੋਂ ਬਾਹਰ ਨਿਕਲ ਆਇਆ ਅਤੇ ਰਾਜਕੁਮਾਰੀ ਨੂੰ ਕਹਿਣ ਲੱਗਾ, "ਤੂੰ ਨਾ ਰੋ, ਮੈਂ ਤੈਨੂੰ ਸੁੱਚੇ ਮੋਤੀ ਦੇਂਦਾ ਹਾਂ।"

ਫਿਰ ਡੱਡੂ ਤਲਾਅ ਵਿਚੋਂ ਕੁਝ ਮੋਤੀ ਬਾਹਰ ਕੱਢ ਕੇ ਲੈ ਆਇਆ ਅਤੇ ਰਾਜਕੁਮਾਰੀ ਨੂੰ ਦੇਣ ਲੱਗਾ।

ਰਾਜਕੁਮਾਰੀ ਕਹਿਣ ਲੱਗੀ, "ਡੱਡੂਆ ! ਮੈਨੂੰ ਮੋਤੀ ਨਹੀਂ ਚਾਹੀਦੇ, ਮੈਨੂੰ ਖੇਹਨੂੰ ਚਾਹੀਦਾ ਏ, ਉਸੇ ਵਿਚ ਮੇਰੀ ਜਾਨ ਏ, ਜੇ ਉਹ ਖੇਹਨੂੰ ਗਵਾਚ ਗਿਆ ਤਾਂ ਮੈਂ ਬੀਮਾਰ ਹੋ ਜਾਵਾਂਗੀ।"

ਇਹ ਗੱਲ ਸੁਣ ਕੇ ਡੱਡੂ ਕਹਿਣ ਲੱਗਾ, "ਰਾਜਕੁਮਾਰੀ ! ਮੈਂ ਤੈਨੂੰ ਪਾਣੀ ਵਿਚੋਂ ਖੇਹਨੂੰ ਕੱਢ ਕੇ ਲਿਆ ਦੇਂਦਾ ਹਾਂ, ਪਰ ਪਹਿਲਾਂ ਤੂੰ ਮੇਰੀ ਇਕ ਸ਼ਰਤ ਮੰਨ। ਤੂੰ ਪੂਰੇ ਦੋ ਦਿਨ ਮੈਨੂੰ ਆਪਣੇ ਘਰ ਰਖੇਂਗੀ, ਮੇਰੇ ਨਾਲ ਬੈਠ ਕੇ ਖਾਣਾ ਖਾਵੇਂਗੀ ਅਤੇ ਰਾਤ ਨੂੰ ਆਪਣੇ ਪਲੰਘ ਉਤੇ ਮੈਨੂੰ ਵੀ ਨਾਲ ਹੀ ਸੁਆਵੇਂਗੀ। ਬੋਲ ਮਨਜ਼ੂਰ ਏ ?"

ਰਾਜਕੁਮਾਰੀ ਕਹਿਣ ਲੱਗੀ, "ਇਹ ਵੀ ਕੋਈ ਵੱਡੀ ਗੱਲ ਏ।"

"ਫਿਰ ਹੋ ਗਿਆ ਇਕਰਾਰ, ਵੇਖੀਂ ਮੁਕਰੀ ਨਾ।" ਡੱਡੂ ਹੱਸ ਕੇ ਕਹਿਣ ਲੱਗਾ।

ਇਹ ਇਕਰਾਰ ਲੈ ਕੇ ਡੱਡੂ ਤਲਾਅ ਵਿਚੋਂ ਖੇਹਨੂੰ ਕੱਢ ਕੇ ਬਾਹਰ ਲੈ ਆਇਆ। ਰਾਜਕੁਮਾਰੀ ਖੇਹਨੂੰ ਨੂੰ ਲੈ ਕੇ ਨਚਦੀ ਤੇ ਭੁੜਕਦੀ ਹੋਈ ਘਰ ਵਲ ਨੱਠ ਪਈ। ਡੱਡੂ ਨੇ ਉਸ ਨੂੰ ਬੜੀਆਂ 'ਵਾਜਾਂ ਮਾਰੀਆਂ, ਪਰ ਉਸ ਨੇ ਇਕ ਨਾ ਸੁਣੀ। ਡੱਡੂ ਟਪੋਸੀਆਂ ਮਾਰਦਾ, ਰਾਜਕੁਮਾਰੀ ਦੇ ਪਿਛੇ ਪਿਛੇ, ਮਹਿਲਾਂ ਵਿਚ ਜਾ ਪੁੱਜਾ ਅਤੇ ਜ਼ੋਰ ਜ਼ੋਰ ਦੀ ਦਰਵਾਜ਼ਾ ਖਟਖਟਾਣ ਲੱਗਾ।

ਰਾਣੀ ਨੇ ਦਰਵਾਜ਼ਾ ਖੋਲ੍ਹਿਆ। ਇਕ ਡੱਡੂ ਨੂੰ ਦਰਵਾਜ਼ਾ ਖਟਖਟਾਂਦੇ ਵੇਖ ਕੇ ਉਹ ਹੈਰਾਨ ਰਹਿ ਗਈ। ਰਾਣੀ ਨੇ ਡੱਡੂ ਨੂੰ ਪੁਚਕਾਰਦੇ ਹੋਏ ਪੁਛਿਆ, "ਵੇ ਦਰਵਾਜ਼ਾ ਕਿਉਂ ਖਟਖਟਾ ਰਿਹਾ ਏਂ ?" ਡੱਡੂ ਨੇ ਕਿਹਾ, "ਰਾਜਕੁਮਾਰੀ ਤੋਂ ਹੀ ਪੁੱਛੋ, ਉਸ ਨੇ ਮੇਰੇ ਨਾਲ ਕੀ 'ਕਰਾਰ ਕੀਤਾ ਸੀ, ਹੁਣ ਉਹ ਮੁਕਰ ਗਈ ਏ। ਮੈਂ ਉਸ ਦਾ ਖੇਹਨੂੰ ਪਾਣੀ ਵਿਚੋਂ ਬਾਹਰ ਕੱਢ ਕੇ ਦਿਤਾ ਏ, ਉਹੋ ਖੇਹਨੂੰ ਜਿਸ ਵਿਚ ਉਹਦੀ ਜਾਨ ਏ।"

ਰਾਣੀ ਨੇ ਰਾਜਕੁਮਾਰੀ ਤੋਂ ਸਾਰੀ ਗੱਲ ਪੁੱਛੀ। ਰਾਜਕੁਮਾਰੀ ਨੇ ਸਾਰੀ ਗੱਲ ਸੱਚੋ ਸੱਚ ਦਸਦਿਆਂ ਕਿਹਾ, "ਮੈਂ ਤਾਂ ਇਸ ਗੱਲ ਨੂੰ ਮਜ਼ਾਕ ਹੀ ਸਮਝਿਆ ਸੀ, ਪਰ ਇਹ ਚੰਦਰਾ ਡੱਡੂ ਤਾਂ ਮੇਰੇ ਖਹਿੜੇ ਹੀ ਪੈ ਗਿਆ ਏ।"

ਉਪਰੋਂ ਰਾਜਾ ਵੀ ਆ ਗਿਆ ਤੇ ਸਾਰੀ ਗੱਲ ਸੁਣ ਕੇ ਕਹਿਣ ਲੱਗਾ, "ਧੀਏ, ਜੇ ਤੂੰ ਮਜ਼ਾਕ ਹੀ ਸਮਝਿਆ ਸੀ ਤਾਂ ਵੀ ਜੋ 'ਕਰਾਰ ਡੱਡੂ ਨਾਲ ਕੀਤਾ ਸੀ, ਉਹ ਮਜ਼ਾਕ ਵਿਚ ਹੀ ਪੂਰਾ ਕਰ ਦੇ। ਇਸ ਵਿਚਾਰੇ ਡੱਡੂ ਨੂੰ ਨਿਰਾਸ ਨਾ ਕਰ।" ਰਾਜਕੁਮਾਰੀ ਡੱਡੂ ਦੀ ਗੱਲ ਮੰਨ ਗਈ।

ਜਦੋਂ ਰਾਜਕੁਮਾਰੀ ਰੋਟੀ ਖਾਣ ਵਾਸਤੇ ਬੈਠੀ ਤਾਂ ਡੱਡੂ ਉਸ ਦੀ ਥਾਲੀ ਵਿਚ ਬੈਠ ਕੇ ਖਾਣੇ ਵਿਚ ਮੂੰਹ ਮਾਰਨ ਲੱਗਾ। ਰਾਜਕੁਮਾਰੀ ਨੂੰ ਬੜਾ ਕਰੋਧ ਆਇਆ ਅਤੇ ਉਹ ਦੋ ਚਾਰ ਗਰਾਹੀਆਂ ਖਾ ਕੇ ਪਲੰਘ ਉਪਰ ਜਾ ਲੰਮੀ ਪਈ। ਡੱਡੂ ਵੀ ਟਪੋਸੀਆਂ ਮਾਰਦਾ ਰਾਜਕੁਮਾਰੀ ਦੇ ਪਿਛੇ ਪਿਛੇ ਉਸ ਦੇ ਬਿਸਤਰੇ ਉਤੇ ਜਾ ਚੜ੍ਹਿਆ ਅਤੇ ਲੱਗਾ ਖਰਮਸਤੀਆਂ ਕਰਨ। ਕਦੇ ਡੱਡੂ ਰਾਜਕੁਮਾਰੀ ਦੇ ਸਿਰਹਾਣੇ ਉਪਰ ਜਾ ਬੈਠਦਾ, ਕਦੇ ਮੂੰਹ ਉਪਰ ਜਾ ਚੜ੍ਹਦਾ। ਅਖ਼ੀਰ ਰਾਜਕੁਮਾਰੀ ਨੇ ਡੱਡੂ ਨੂੰ ਡਾਂਟਦੇ ਹੋਏ ਕਿਹਾ, "ਜੇ ਤੂੰ ਮੈਨੂੰ ਇਸ ਤਰ੍ਹਾਂ ਤੰਗ ਕਰੇਂਗਾ, ਤਾਂ ਮੈਂ ਆਪਣਾ ਇਕਰਾਰ ਪੂਰਾ ਨਹੀਂ ਕਰਾਂਗੀ।" ਡੱਡੂ ਬੀਬਾ ਰਾਣਾ ਬਣ ਕੇ ਪਲੰਘ ਦੇ ਇਕ ਪਾਸੇ ਲੰਮਾ ਪੈ ਗਿਆ।

ਇਸ ਤਰ੍ਹਾਂ ਅਗਲੇ ਦਿਨ ਵੀ, ਸਵੇਰੇ ਅਤੇ ਸ਼ਾਮੀਂ ਦੋਵੇਂ ਵੇਲੇ ਡੱਡੂ ਨੇ ਰਾਜਕੁਮਾਰੀ ਨਾਲ ਹੀ ਖਾਣਾ ਖਾਧਾ ਅਤੇ ਅਖ਼ੀਰ ਉਸ ਦੇ ਨਾਲ ਹੀ ਪਲੰਘ ਉਪਰ ਲੰਮਾ ਪੈ ਗਿਆ। ਰਾਜਕੁਮਾਰੀ ਵੀ ਪਲੰਘ ਦੇ ਇਕ ਪਾਸੇ ਹੋ ਕੇ ਸੌਂ ਰਹੀ। ਉਹ ਸੋਚ ਰਹੀ ਸੀ ਕਿ ਕਲ੍ਹ ਸਵੇਰੇ ਡੱਡੂ ਤੋਂ ਖਹਿੜਾ ਛੁਟ ਜਾਵੇਗਾ।

ਪਰ ਸਵੇਰੇ ਜਦੋਂ ਰਾਜਕੁਮਾਰੀ ਉਠੀ ਤਾਂ ਉਸ ਨੇ ਡੱਡੂ ਦੀ ਥਾਂ ਇਕ ਖ਼ੂਬਸੂਰਤ ਰਾਜਕੁਮਾਰ ਨੂੰ, ਆਪਣੇ ਨਾਲ, ਪਲੰਘ ਉਤੇ ਸੁੱਤਾ ਵੇਖਿਆ। ਉਹ ਹੱਕੀ ਬੱਕੀ ਹੋ ਕੇ, ਉਸ ਵਲ਼ ਬਿਟ-ਬਿਟ ਤੱਕਣ ਲੱਗੀ। ਇਤਨਾ ਖ਼ੂਬਸੂਰਤ ਗਭਰੂ ਉਸ ਨੇ ਪਹਿਲਾਂ ਕਦੇ ਨਹੀਂ ਸੀ ਵੇਖਿਆ।

ਇਤਨੀ ਦੇਰ ਤਕ ਰਾਜਕੁਮਾਰ ਦੀ ਅੱਖ ਵੀ ਖੁਲ੍ਹ ਗਈ ਤੇ ਉਹ ਆਪਣੇ ਆਪ ਨੂੰ ਮਨੁਖੀ ਜਾਮੇ ਵਿਚ ਵੇਖ ਕੇ ਖ਼ੁਸ਼ੀ ਨਾਲ ਨੱਚਣ ਟੱਪਣ ਲੱਗਾ। ਰਾਜਕੁਮਾਰੀ ਨੇ ਉਸ ਗਭਰੂ ਤੋਂ ਪੁਛਿਆ, "ਵੇ ਤੂੰ ਕੌਣ ਏਂ ? ਪਾਗਲਾਂ ਵਾਂਗ ਨੱਚਦਾ ਟੱਪਦਾ ਕਿਉਂ ਏਂ ? ਤੇ ਏਥੇ ਕਿਵੇਂ ਆਇਆ ਏਂ ?"

ਰਾਜਕੁਮਾਰ ਕਹਿਣ ਲੱਗਾ, "ਮੈਂ ਉਹੋ ਡੱਡੂ ਆਂ ਜੋ ਰਾਤੀਂ ਤੁਹਾਡੇ ਕੋਲ ਸੁੱਤਾ ਸਾਂ।"

"ਤੂੰ ਮਨੁਖ ਕਿਵੇਂ ਬਣ ਗਿਐਂ ?" ਰਾਜਕੁਮਾਰੀ ਨੇ ਹੈਰਾਨ ਹੋ ਕੇ ਪੁਛਿਆ, "ਤੂੰ ਕਿਧਰੇ ਝੂਠ ਤਾਂ ਨਹੀਂ ਬੋਲ ਰਿਹਾ ?"

ਰਾਜਕੁਮਾਰ ਕਹਿਣ ਲੱਗਾ, "ਰਾਜਕੁਮਾਰੀ ਜੀ, ਛੋਟੇ ਹੁੰਦਿਆਂ, ਮੈਂ ਇਕ ਵਾਰ ਆਪਣੇ ਬਾਗ਼ ਵਿਚ ਖੇਡ ਰਿਹਾ ਸਾਂ ਕਿ ਕੋਈ ਫਫਾਕੁਟਣੀ ਮੈਨੂੰ ਚੁੱਕ ਕੇ ਲੈ ਗਈ। ਫਫਾਕੁਟਣੀ ਨੇ ਫੜੇ ਜਾਣ ਦੇ ਡਰ ਤੋਂ ਮੈਨੂੰ ਆਪਣੇ ਮੰਤਰ ਨਾਲ ਡੱਡੂ ਬਣਾ ਦਿਤਾ ਅਤੇ ਮੈਨੂੰ ਉਸ ਤਲਾਅ ਵਿਚ ਛੱਡ ਗਈ। ਮੈਂ ਉਸ ਫਫਾਕੁਟਣੀ ਦੇ ਪੈਰ ਫੜ ਲਏ ਤੇ ਮੁੜ ਮਨੁਖ ਬਣਨ ਲਈ ਤਰਲੇ ਕੀਤੇ, ਤਾਂ ਉਹ ਕਹਿਣ ਲੱਗੀ, "ਜੇ ਕੋਈ ਰਾਜਕੁਮਾਰੀ ਤੇਰੇ ਨਾਲ ਦੋ ਦਿਨ ਬਹਿ ਕੇ ਖਾਣਾ ਖਾਵੇ, ਤੇ ਨਾਲ ਹੀ ਦੋ ਰਾਤਾਂ ਤੈਨੂੰ ਪਲੰਘ ਤੇ ਆਪਣੇ ਨਾਲ ਸੁਆਏ, ਤਾਂ ਤੂੰ ਮੁੜ ਮਨੁਖ ਬਣ ਜਾਵੇਂਗਾ।" ਮੈਂ ਬਾਰ੍ਹਾਂ ਸਾਲਾਂ ਤੋਂ ਇਸੇ ਦਿਨ ਦੀ ਉਡੀਕ ਕਰ ਰਿਹਾ ਸਾਂ। ਅੱਜ ਇਹ ਦੋਵੇਂ ਸ਼ਰਤਾਂ ਤੁਸਾਂ ਪੂਰੀਆਂ ਕਰ ਦਿਤੀਆਂ ਨੇ, ਮੈਂ ਮੁੜ ਮਨੁਖ ਬਣ ਗਿਆ ਹਾਂ।"

ਰਾਜਕੁਮਾਰੀ ਨੇ ਸਾਰੀ ਗੱਲ ਆਪਣੇ ਮਾਂ-ਪਿਓ ਨੂੰ ਜਾ ਦੱਸੀ। ਉਹ ਦੋਵੇਂ ਦੌੜੇ ਹੋਏ ਆਏ। ਉਸੇ ਵੇਲੇ ਰਾਜੇ ਨੇ ਰਾਜਕੁਮਾਰ ਦੇ ਪਿਓ ਨੂੰ ਸੁਨੇਹਾ ਭੇਜਿਆ। ਉਸ ਦੇ ਮਾਪੇ ਵੀ ਆ ਪਹੁੰਚੇ ਤੇ ਰਾਜਕੁਮਾਰ ਨੂੰ ਵਾਪਸ ਆਪਣੇ ਦੇਸ਼ ਚਲਣ ਲਈ ਕਿਹਾ। ਪਰ ਰਾਜਕੁਮਾਰੀ ਤੋਂ ਬਗ਼ੈਰ ਰਾਜਕੁਮਾਰ ਆਪਣੇ ਦੇਸ਼ ਨਹੀਂ ਸੀ ਜਾਣਾ ਚਾਹੁੰਦਾ। ਕਿਉਂ ਜੋ ਰਾਜਕੁਮਾਰੀ ਨੇ ਹੀ ਉਸ ਉਤੇ ਰਹਿਮ ਖਾ ਕੇ, ਉਸ ਨੂੰ ਨਵੀਂ ਜ਼ਿੰਦਗੀ ਦਿਤੀ ਸੀ ਅਤੇ ਉਸ ਨੂੰ ਦੋ ਦਿਨ ਆਪਣੇ ਨਾਲ ਖਾਣਾ ਖਵਾਇਆ ਸੀ ਤੇ ਰਾਤ ਵੇਲੇ ਉਸ ਨੂੰ ਆਪਣੇ ਨਾਲ ਸੌਣ ਦੀ ਆਗਿਆ ਵੀ ਦਿਤੀ ਸੀ।

ਅਖ਼ੀਰ ਡੱਡੂ ਰਾਜਕੁਮਾਰ ਦਾ ਵਿਆਹ ਰਾਜਕੁਮਾਰੀ ਨਾਲ ਬੜੀ ਧੂਮਧਾਮ ਨਾਲ ਹੋਇਆ।

ਸੰਦਲਾਂ

ਪੁਰਾਣੇ ਵੇਲਿਆਂ ਦੀ ਗੱਲ ਏ, ਦੂਰ ਦੱਖਣ ਦੇਸ਼ ਦੇ ਇਕ ਜੰਗਲ ਵਿਚ, ਚੰਦਨ ਦੇ ਇਕ ਦਰੱਖ਼ਤ ਵਿਚ, ਸੰਦਲਾਂ ਨਾਂ ਦੀ ਪਰੀ ਰਹਿੰਦੀ ਸੀ। ਕਹਿੰਦੇ ਹਨ ਜਿਥੇ ਉਹ ਪਰੀ ਖੜੀ ਹੁੰਦੀ, ਮੀਲਾਂ ਤੀਕ ਸਾਰਾ ਆਲਾ ਦੁਆਲਾ ਮਹਿਕ ਉਠਦਾ। ਉਹ ਪਰੀ ਕਦੇ ਜੰਗਲ ਵਿਚੋਂ ਬਾਹਰ ਨਹੀਂ ਸੀ ਨਿਕਲਦੀ। ਡਰਦੀ ਸੀ, ਮਤਾਂ ਉਸ ਦੀ ਮਹਿਕ ਦਾ ਖਿਚਿਆ ਕੋਈ ਨਿਰਦਈ ਸੱਪ ਉਸ ਨੂੰ ਉਧਾਲ ਕੇ ਨਾ ਲੈ ਜਾਏ। ਸੰਦਲਾਂ ਦੀ ਮਾਂ ਵੀ ਇਕ ਪਰੀ ਸੀ ਅਤੇ ਉਸ ਨੂੰ ਕੋਈ ਸੱਪ ਉਧਾਲ ਕੇ ਲੈ ਗਿਆ ਸੀ। ਅੱਜ ਤਕ ਉਸ ਦੀ ਸੂਹ ਨਹੀਂ ਸੀ ਨਿਕਲੀ।

ਸੰਦਲਾਂ ਦੇ ਹੁਸਨ ਤੇ ਮਹਿਕ ਦੀ ਚਰਚਾ ਚਹੁੰ-ਕੂੰਟੀ ਫੈਲ ਗਈ ਸੀ। ਕਈ ਸ਼ਹਿਜ਼ਾਦੇ

ਸੰਦਲਾਂ ਨੂੰ ਲੱਭਦੇ ਹੋਏ, ਉਸ ਜੰਗਲ ਵਿਚ ਵੀ ਆਏ, ਪਰ ਉਨ੍ਹਾਂ ਨੂੰ ਸੰਦਲਾਂ ਦੇ ਨਿਵਾਸ ਵਾਲਾ ਦਰੱਖ਼ਤ ਨਹੀਂ ਮਿਲਿਆ। ਉਸ ਜੰਗਲ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਦਰੱਖ਼ਤ ਸਨ ਅਤੇ ਸੰਦਲਾਂ ਦੀ ਮਹਿਕ ਨੇ ਸਾਰੇ ਆਲੇ-ਦੁਆਲੇ ਦੇ ਰੁੱਖਾਂ ਨੂੰ ਮੁਸ਼ਕਾ ਦਿਤਾ ਸੀ, ਜਿਸ ਕਰਕੇ ਸੰਦਲਾਂ ਵਾਲਾ ਉਹ ਵਿਸ਼ੇਸ਼ ਰੁੱਖ ਲੱਭਣਾ ਸੌਖਾ ਨਹੀਂ ਸੀ।

ਉਦੋਂ ਸਿਆਲਕੋਟ ਦੀ ਨਗਰੀ ਵਿਚ ਇਕ ਸ਼ਹਿਜ਼ਾਦਾ ਭੰਵਰਾ ਰਹਿੰਦਾ ਸੀ, ਜੋ ਕਹਿੰਦੇ ਹਨ ਸਲਵਾਨ ਦੀ ਕੁੱਲ ਵਿਚੋਂ ਹੀ ਸੀ। ਭੰਵਰੇ ਦੇ ਛੇ ਭਰਾ ਹੋਰ ਸਨ, ਜੋ ਸਾਰੇ ਦੇ ਸਾਰੇ ਵਿਆਹੇ ਹੋਏ ਸਨ। ਭੰਵਰੇ ਦੇ ਕਈ ਰਿਸ਼ਤੇ ਉਠੇ, ਪਰ ਭੰਵਰਾ ਕਹਿੰਦਾ ਹੁੰਦਾ ਸੀ ਕਿ ਉਹ ਉਸ ਮੁਟਿਆਰ ਨਾਲ ਹੀ ਵਿਆਹ ਕਰੇਗਾ, ਜਿਹੜੀ ਨਿਰੀ ਮਹਿਕ ਹੋਵੇ। ਭੰਵਰੇ ਦੀਆਂ ਭਰਜਾਈਆਂ ਨੇ ਭੰਵਰੇ ਵਾਸਤੇ ਆਪੋ ਆਪਣੀਆਂ ਭੈਣਾਂ ਦੇ ਰਿਸ਼ਤੇ ਲਿਆਂਦੇ, ਪਰ ਭੰਵਰੇ ਨੂੰ ਕੋਈ ਵੀ ਰਿਸ਼ਤਾ ਪਸੰਦ ਨਾ ਆਇਆ।

ਇਕ ਦਿਨ ਰਾਜਾ ਰਾਣੀ ਸਮੇਤ ਕਿਧਰੇ ਬਾਹਰ ਗਿਆ ਹੋਇਆ ਸੀ। ਭੰਵਰੇ ਦੇ ਸਾਰੇ ਭਰਾ ਦਰਬਾਰ ਵਿਚ ਹਾਜ਼ਰ ਸਨ। ਘਰ ਵਿਚ ਕੇਵਲ ਭੰਵਰਾ ਤੇ ਉਸ ਦੀਆਂ ਭਰਜਾਈਆਂ ਸਨ। ਭੰਵਰੇ ਨੇ ਆਪਣੀ ਵੱਡੀ ਭਰਜਾਈ ਤੋਂ ਰੋਟੀ ਮੰਗੀ। ਭਰਜਾਈ ਨੇ ਮਿਹਣੇ ਨਾਲ ਕਿਹਾ, "ਮੁਸ਼ਟੰਡਿਆ, ਜਾਂ ਤਾਂ ਵਿਆਹ ਕਰ ਲੈ, ਨਹੀਂ ਤਾਂ ਖ਼ੁਦ ਰੋਟੀ ਪਾ ਕੇ ਖਾ ਲਿਆ ਕਰ।" ਭੰਵਰੇ ਨੇ ਦੂਜੀ ਭਰਜਾਈ ਤੋਂ ਰੋਟੀ ਮੰਗੀ। ਉਸ ਨੇ ਵੀ ਇਹੋ ਜਵਾਬ ਦਿਤਾ। ਤੀਜੀ ਨੇ ਵੀ ਮਿਹਣਾ ਮਾਰਿਆ। ਚੌਥੀ ਦਾ ਵੀ ਖਰਵਾ ਜਵਾਬ ਸੀ। ਪੰਜਵੀਂ ਭਰਜਾਈ ਦਾ ਜਵਾਬ ਸੁਣ ਕੇ ਭੰਵਰਾ ਅੱਗ-ਬਗੋਲਾ ਹੋ ਗਿਆ ਅਤੇ ਉਹ ਸਭ ਤੋਂ ਛੋਟੀ ਭਰਜਾਈ ਕੋਲ ਗਿਆ। ਛੋਟੀ ਕਹਿਣ ਲੱਗੀ, "ਅੜਿਆ, ਬਹੁਤੇ ਨਖ਼ਰੇ ਕਰਦਾ ਏਂ। ਜੇ ਹਿੰਮਤ ਹੈ ਈ, ਤਾਂ ਤੂੰ ਸੰਦਲਾਂ ਨੂੰ ਵਿਆਹ ਲਿਆ, ਨਿਰੀ ਮਹਿਕ ਈ ਮਹਿਕ, ਮੱਖਣ ਦੇ ਪੇੜੇ ਵਿਚ ਜਿਵੇਂ ਕਿਸੇ ਖ਼ੁਸ਼ਬੋ ਰਚਾ ਦਿਤੀ ਹੋਵੇ, ਨਿਰੀ ਗੁਣਾਂ ਦੀ ਗੁਥਲੀ।"

"ਪਰ ਉਹ ਕਿਥੇ ਰਹਿੰਦੀ ਏ ?"

"ਦੱਖਣ ਵਲ ਕਿਸੇ ਦਰੱਖ਼ਤ ਵਿਚ, ਜਾ ਹੁਣੇ ਜਾਹ।"

ਫਿਰ ਸਭ ਭਰਜਾਈਆਂ ਉਸ ਨੂੰ ਮਿਹਣੇ ਤਾਅਨੇ ਮਾਰਨ ਲੱਗੀਆਂ।

ਭਰਜਾਈਆਂ ਦੇ ਮਿਹਣੇ ਸੁਣ ਕੇ ਭੰਵਰਾ ਉਸੇ ਵੇਲੇ ਘੋੜੇ ਉਤੇ ਸਵਾਰ ਹੋ ਕੇ, ਬਿਨਾ ਮਾਂ-ਪਿਓ ਦੀ ਆਗਿਆ ਜਾਂ ਅਸ਼ੀਰਵਾਦ ਲਏ, ਦੱਖਣ ਦੇਸ਼ ਵਲ ਤੁਰ ਪਿਆ। ਕਈ ਦਿਨਾਂ ਤਕ ਲਗਾਤਾਰ ਉਹ ਤੁਰਦਾ ਰਿਹਾ, ਤੁਰਦਾ ਰਿਹਾ।

ਰਾਹ ਵਿਚ ਇਕ ਘਣੇ ਜੰਗਲ ਵਿਚ ਭੰਵਰੇ ਨੂੰ ਇਕ ਜੋਗੀ ਮਿਲਿਆ, ਜੋ ਸਮਾਧੀ ਵਿਚ ਲੀਨ ਸੀ। ਭੰਵਰੇ ਦੇ ਵੇਖਦੇ ਵੇਖਦੇ ਦੂਰੋਂ ਪਹਾੜੀ ਤੋਂ ਇਕ ਜ਼ਹਿਰੀਲਾ ਸੱਪ ਉਤਰਿਆ ਅਤੇ ਜੋਗੀ ਨੂੰ ਡੰਗ ਮਾਰਨ ਲਈ ਅੱਗੇ ਵਧਿਆ। ਭੰਵਰੇ ਨੇ ਤਲਵਾਰ ਨਾਲ ਝਟ ਉਸ ਸੱਪ ਨੂੰ ਜ਼ਖ਼ਮੀ ਕਰ ਦਿਤਾ। ਸੱਪ ਤੜਪਦਾ ਹੋਇਆ ਬੇਹੋਸ਼ ਹੋ ਗਿਆ।

ਕੁਝ ਚਿਰ ਬਾਅਦ ਜੋਗੀ ਸਮਾਧੀ ਤੋਂ ਉਠਿਆ। ਉਸ ਨੇ ਸੱਪ ਨੂੰ ਬੇਸੁਰਤ ਪਿਆ ਵੇਖਿਆ ਤਾਂ ਉਹ ਹੈਰਾਨ ਰਹਿ ਗਿਆ। ਫਿਰ ਜੋਗੀ ਨੇ ਭੰਵਰੇ ਵਲ ਵੇਖ ਕੇ ਪੁਛਿਆ, "ਤੂੰ ਕੌਣ ਏਂ ? ਇਹ ਸੱਪ ਤੂੰ ਮਾਰਿਆ ਏ ?"

ਭੰਵਰੇ ਨੇ ਕਿਹਾ, "ਮੈਂ ਸਿਆਲਕੋਟ ਦਾ ਸ਼ਹਿਜ਼ਾਦਾ ਹਾਂ, ਇਹ ਸੱਪ ਤੁਹਾਨੂੰ ਡੰਗਣ ਲਈ ਆਇਆ ਸੀ, ਮੈਂ ਮਾਰ ਸੁਟਿਆ।"

ਜੋਗੀ ਨੇ ਕਿਹਾ, "ਇਹ ਤੂੰ ਠੀਕ ਨਹੀਂ ਕੀਤਾ, ਇਹ ਸੱਪ ਮੇਰਾ ਸ਼ਰਧਾਲੂ ਏ, ਨਿੱਤ ਮੇਰੇ ਚਰਣ ਪਰਸਣ ਆਉਂਦਾ ਏ, ਡੰਗ ਮਾਰਨ ਨਹੀਂ।" ਫਿਰ ਜੋਗੀ ਨੇ ਸੱਪ ਦੀ ਪਿੱਠ ਉਤੇ ਹੱਥ ਫੇਰਿਆ। ਉਸੇ ਵੇਲੇ ਸੱਪ ਸੁਰਜੀਤ ਹੋ ਗਿਆ। ਸੱਪ ਹੋਸ਼ ਵਿਚ ਆਉਂਦੇ ਸਾਰ ਭੰਵਰੇ ਨੂੰ ਕਹਿਣ ਲੱਗਾ, "ਮੇਰੀ ਸ਼ਰਧਾ ਦੀ ਤੂੰ ਅਨਾਦਰੀ ਕੀਤੀ ਏ, ਮੈਂ ਤੇਰੇ ਤੋਂ ਬਦਲਾ ਲਵਾਂਗਾ।" ਇਹ ਕਹਿ ਕੇ ਸੱਪ ਉਥੋਂ ਚਲਿਆ ਗਿਆ। ਸੱਪ ਨੂੰ ਘੂਰਦਾ ਤੇ ਮਨੁਖਾਂ ਵਾਂਗ ਬੋਲਦਾ ਵੇਖ ਕੇ ਭੰਵਰਾ ਹੈਰਾਨ ਰਹਿ ਗਿਆ ਅਤੇ ਜੋਗੀ ਨੂੰ ਕਹਿਣ ਲਗਾ, "ਇਹ ਕੀ ਗੱਲ ਏ ?"

ਜੋਗੀ ਨੇ ਦਸਿਆ, "ਬੇਟਾ, ਇਹ ਸੱਪ ਸੌ ਸਾਲ ਦੀ ਉਮਰ ਭੋਗ ਚੁਕਾ ਹੈ ਅਤੇ ਜਿਹੜਾ ਵੀ ਚਾਹੇ ਉਹੋ ਰੂਪ ਧਾਰਨ ਕਰ ਸਕਦਾ ਏ। ਅਜਿਹੇ ਛਲੇਡੇ ਤੋਂ ਹਮੇਸ਼ਾਂ ਬਚਣਾ ਚਾਹੀਦਾ ਏ, ਤੂੰ ਇਸ ਸੱਪ ਨੂੰ ਜ਼ਖ਼ਮੀ ਕਰ ਕੇ ਠੀਕ ਨਹੀਂ ਕੀਤਾ। ਇਹ ਸੱਪ ਫਿਰ ਜਦੋਂ ਮੇਰੀ ਸ਼ਰਨ ਆਵੇਗਾ, ਮੈਂ ਉਸ ਨੂੰ ਸਮਝਾ ਦਿਆਂਗਾ, ਤੂੰ ਚਿੰਤਾ ਨਾ ਕਰ।"

ਫਿਰ ਜੋਗੀ ਨੇ ਭੰਵਰੇ ਨੂੰ ਬਿਠਾ ਕੇ ਪੁਛਿਆ, "ਦਸ ਬੇਟਾ, ਤੂੰ ਕਿਧਰ ਜਾ ਰਿਹਾ ਏਂ ?"

"ਮੈਂ ਸੰਦਲਾਂ ਦੀ ਤਲਾਸ਼ ਵਿਚ ਦੱਖਣ ਵਲ ਜਾ ਰਿਹਾ ਹਾਂ, ਉਹ ਚੰਦਨ ਦੇ ਇਕ ਦਰੱਖ਼ਤ ਵਿਚ ਛੁਪੀ ਬੈਠੀ ਏ।"

"ਉਥੇ ਹਜ਼ਾਰਾਂ ਦਰੱਖ਼ਤ ਨੇ, ਤੂੰ ਉਸ ਰੁੱਖ ਨੂੰ ਕਿਵੇਂ ਪਛਾਣੇਂਗਾ। ਕਈ ਰਾਜਕੁਮਾਰ ਉਥੇ ਪਹਿਲਾਂ ਜਾ ਚੁਕੇ ਨੇ, ਪਰ ਕੋਈ ਵੀ ਕਾਮਯਾਬ ਨਹੀਂ ਹੋਇਆ।"

"ਦੱਖਣ ਦੇਸ਼ ਤਾਂ ਮੈਂ ਪਹੁੰਚ ਜਾਵਾਂਗਾ, ਪਰ ਅੱਗੋਂ ਦੀ ਗੱਲ ਮੈਂ ਨਹੀਂ ਜਾਣਦਾ। ਮੈਂ ਸਾਰੀ ਜ਼ਿੰਦਗੀ ਸਾਧਨਾਂ ਕਰਾਂਗਾ ਤੇ ਹਰੇਕ ਬ੍ਰਿਛ ਨੂੰ ਚੀਰ ਚੀਰ ਕੇ ਉਸ ਵਿਚੋਂ ਸੰਦਲਾਂ ਨੂੰ ਖੋਜ ਕੱਢਾਂਗਾ। ਹੁਣ ਸੰਦਲਾਂ ਹੀ ਮੇਰੀ ਜੀਵਨ-ਸਾਧਨਾ ਏ।"

"ਇਸ ਤਰ੍ਹਾਂ ਤੂੰ ਬੁੱਢਾ ਹੋ ਜਾਵੇਂਗਾ, ਨਾਲੇ ਸਾਰੇ ਚੰਦਨ ਦਾ ਜੰਗਲ ਬਰਬਾਦ ਹੋ ਜਾਵੇਗਾ।" ਜੋਗੀ ਨੇ ਹੌਂਸਲਾ ਦਿੰਦਿਆ ਕਿਹਾ, "ਮੈਂ ਤੈਨੂੰ ਇਕ ਕੌਡੀ ਦਿੰਦਾ ਹਾਂ, ਹਰੇਕ ਚੰਦਨ ਦੇ ਬ੍ਰਿਛ ਨੂੰ ਛੁਹਾਂਦਾ ਜਾਈਂ, ਜਿਸ ਰੁੱਖ ਵਿਚ ਸੰਦਲਾਂ ਹੋਵੇਗੀ ਉਸ ਨੂੰ ਛੂੰਹਦੇ ਸਾਰ ਹੀ ਉਸ ਕੌਡੀ ਵਿਚੋਂ ਤੈਨੂੰ ਉਹ ਪਰੀ ਦਿਖਾਈ ਦੇਵੇਗੀ, ਤੂੰ ਉਹ ਦਰੱਖ਼ਤ ਚੀਰ ਕੇ ਵਿਚੋਂ ਸੰਦਲਾਂ ਨੂੰ ਕੱਢ ਲਈਂ। ਨਾਲੇ ਜਦੋਂ ਤਕ ਤੇਰੇ ਕੋਲ ਕੌਡੀ ਹੋਵੇਗੀ, ਕੋਈ ਸੱਪ ਤੈਨੂੰ ਡੰਗ ਨਹੀਂ ਮਾਰ ਸਕੇਗਾ।"

ਭੰਵਰੇ ਨੇ ਜੋਗੀ ਦੇ ਚਰਨ ਛੂਹੇ ਅਤੇ ਫਿਰ ਕੌਡੀ ਲੈ ਕੇ ਦੱਖਣ ਦੇਸ਼ ਵਲ ਤੁਰ ਪਿਆ। ਜਦੋਂ ਉਹ ਦੱਖਣ ਦੇ ਇਕ ਘਣੇ ਜੰਗਲ ਵਿਚ ਪੁੱਜਾ, ਤਾਂ ਉਥੇ ਉਸ ਨੇ ਚੰਦਨ ਦੇ ਅਨੇਕਾ ਦਰੱਖ਼ਤ ਵੇਖੇ। ਵੱਡੇ ਛੋਟੇ, ਮੋਟੇ ਪਤਲੇ। ਉਨ੍ਹਾਂ ਦਰੱਖ਼ਤਾਂ ਵਿਚੋਂ ਸੰਦਲਾਂ ਨੂੰ ਲਭਣਾ ਸੌਖਾ ਨਹੀਂ ਸੀ। ਉਹ ਘਬਰਾ ਗਿਆ। ਅਚਾਨਕ ਉਸ ਨੂੰ ਕੌਡੀ ਦੀ ਗੱਲ ਯਾਦ ਆ ਗਈ। ਕੌਡੀ ਨੂੰ ਉਸ ਨੇ ਇਕ ਦਰੱਖ਼ਤ ਉਪਰ ਰਖਿਆ, ਉਸ ਵਿਚੋਂ ਉਸ

ਨੂੰ ਸਿਵਾਏ ਲਕੜੀ ਦੇ ਹੋਰ ਕੁਝ ਵਿਖਾਈ ਨਾ ਦਿਤਾ। ਭੰਵਰਾ ਸਾਰਾ ਦਿਨ ਦਰੱਖ਼ਤਾਂ ਉਤੇ ਕੌਡੀ ਲਗਾਅ ਕੇ ਵੇਖਦਾ ਰਹਿੰਦਾ, ਪਰ ਉਸ ਨੂੰ ਕੌਡੀ ਵਿਚੋਂ ਕਦੇ ਵੀ ਪਰੀ ਨਾ ਦਿੱਸੀ। ਦਰੱਖ਼ਤ ਇਤਨੇ ਜ਼ਿਆਦਾ ਸਨ ਅਤੇ ਭੰਵਰਾ ਇਤਨਾ ਉਤਾਵਲਾ ਸੀ ਕਿ ਉਸ ਨੇ ਚੰਦਨ ਦੇ ਮੋਟੇ ਤੇ ਲੰਮੇ ਦਰੱਖ਼ਤਾਂ ਉਤੇ ਹੀ ਕੌਡੀ ਰਖੀ, ਦੂਜੇ ਸਭ ਦਰੱਖ਼ਤਾਂ ਨੂੰ ਉਹ ਛੱਡਦਾ ਗਿਆ, ਜਿਸ ਕਰਕੇ ਸੰਦਲਾਂ ਵਾਲਾ ਦਰੱਖ਼ਤ ਭੰਵਰੇ ਤੋਂ ਅਣਗਹਿਲੀ ਵਿਚ ਰਹਿ ਗਿਆ।

ਦੂਜੀ ਵਾਰ ਭੰਵਰਾ ਪਹਿਲਾਂ ਰਹਿ ਗਏ ਦਰੱਖ਼ਤਾਂ ਉਤੇ ਕੌਡੀ ਰਖ ਕੇ ਵੇਖਦਾ ਰਿਹਾ, ਪਰ ਉਸ ਨੂੰ ਸੰਦਲਾਂ ਕਿਧਰੇ ਨਾ ਮਿਲੀ। ਤੀਜੀ ਵਾਰ ਫਿਰ, ਉਹ ਨਵੇਂ ਸਿਰੇ ਤੋਂ, ਹਰੇਕ ਦਰੱਖ਼ਤ ਉਪਰ ਠਰ੍ਹੰਮੇ ਨਾਲ ਕੌਡੀ ਰਖਦਾ ਗਿਆ ਤੇ ਜਿਸ ਦਰੱਖ਼ਤ ਨੂੰ ਵੇਖ ਲੈਂਦਾ, ਉਸ ਦੇ ਉਪਰ ਕਾਟਾ ਮਾਰਦਾ ਜਾਂਦਾ। ਅਖ਼ੀਰ ਉਹ ਇਕ ਬੇਢਬੇ ਤੇ ਸਾਧਾਰਨ ਜਿਹੇ ਦਰੱਖ਼ਤ ਕੋਲ ਆਇਆ, ਜੋ ਹਰ ਵਾਰ ਉਸ ਦੀ ਨਜ਼ਰ ਤੋਂ ਬਚ ਜਾਂਦਾ ਰਿਹਾ ਅਤੇ ਐਤਕੀਂ ਵੀ ਭੰਵਰਾ ਉਸ ਨੂੰ ਛੱਡ ਚਲਿਆ ਸੀ, ਕਿਉਂਕਿ ਇਤਨੇ ਕਰੂਪ ਦਰੱਖ਼ਤ ਵਿਚ ਉਸ ਦਾ ਸੁਪਨਾ ਕਿਵੇਂ ਹੋ ਸਕਦਾ ਸੀ। ਜਦੋਂ ਭੰਵਰੇ ਨੇ ਉਸ ਦਰੱਖ਼ਤ ਉਪਰ ਕੌਡੀ ਰਖੀ ਤਾਂ ਵਿਚੋਂ ਇਕ ਪਰੀ ਵਰਗੀ ਮੁਟਿਆਰ ਦੀ ਸ਼ਕਲ ਦਿੱਸੀ। ਸੰਦਲੀ ਕਪੜੇ ਪਹਿਨੀ ਉਹ ਮੁਟਿਆਰ ਆਪਣੇ ਲੰਮੇ ਕੇਸ ਵਾਹ ਰਹੀ ਸੀ। ਜਦੋਂ ਕੌਡੀ ਵਿਚੋਂ ਭੰਵਰੇ ਨੇ ਉਸ ਨੂੰ ਵੇਖਿਆ ਤਾਂ ਸੰਦਲਾਂ ਦੀ ਵੀ ਉਸ ਉਤੇ ਨਜ਼ਰ ਪੈ ਗਈ। ਕੌਡੀ ਵਿਚਲੀ ਸੰਦਲਾਂ ਦੀਆਂ ਅੱਖਾਂ ਭੰਵਰੇ ਵਿਚ ਗੱਡੀਆਂ ਗਈਆਂ ਤੇ ਭੰਵਰੇ ਦੀਆਂ ਅੱਖਾਂ ਸੰਦਲਾਂ ਦੀਆਂ ਅੱਖਾਂ ਵਿਚ ਟਿਕ ਗਈਆਂ। ਕੁਝ ਛਿਣ ਦੋਵੇਂ ਪਲਕਾਂ ਝਪਕੇ ਬਗ਼ੈਰ ਕੀਲੇ ਹੋਏ ਇਕ ਦੂਜੇ ਵਲ ਵੇਖਦੇ ਰਹੇ। ਭੰਵਰੇ ਦੇ ਹੋਸ਼-ਹਵਾਸ ਗੁੰਮ ਹੋ ਗਏ ਸਨ। ਇਕ ਸੱਪ ਭੰਵਰੇ ਨੂੰ ਡੰਗਣ ਲਈ ਅੱਗੇ ਵਧਿਆ। ਸੰਦਲਾਂ ਸੱਪ ਦੀ ਨੀਅਤ ਤਾੜ ਗਈ ਸੀ ਤੇ ਉਹ ਝਟ ਦਰੱਖ਼ਤ ਤੋਂ ਬਾਹਰ ਆ ਗਈ ਤੇ ਕੂਕਦੀ ਹੋਈ ਭੰਵਰੇ ਨੂੰ ਕਹਿਣ ਲੱਗੀ, "ਸੋਹਣਿਆਂ, ਆਪਣੇ ਆਪ ਨੂੰ ਬਚਾਈਂ, ਉਹ ਵੇਖ ਸੱਪ ਤੈਨੂੰ ਡੰਗਣ ਵਾਸਤੇ ਆ ਰਿਹਾ ਏ।" ਸੱਪ ਉਸ ਤੋਂ ਇਕ ਗਜ਼ ਦੀ ਦੂਰੀ ਉਤੇ ਸੀ ਕਿ ਭੰਵਰੇ ਨੇ ਤਲਵਾਰ ਖਿੱਚ ਲਈ, ਪਰ ਉਹ ਸੱਪ ਝਟ ਗ਼ਾਇਬ ਹੋ ਗਿਆ।

ਫਿਰ ਭੰਵਰਾ ਤੇ ਸੰਦਲਾਂ ਕਿਤਨੀ ਦੇਰ ਤਕ ਗੱਲਾਂ ਕਰਦੇ ਰਹੇ। ਸੰਦਲਾਂ ਨੇ ਦਸਿਆ ਕਿ ਭੰਵਰੇ ਨਾਲ ਨਜ਼ਰਾਂ ਚਾਰ ਹੁੰਦੇ ਸਾਰ ਹੀ ਉਹ ਆਪਣਾ ਆਪਾ ਉਸ ਅੱਗੇ ਨਿਛਾਵਰ ਕਰ ਬੈਠੀ ਸੀ। ਬਸ ਉਸ ਦਾ ਦਿਲ ਚਾਹਿਆ, ਉਹ ਭੰਵਰੇ ਨੂੰ ਤੱਕਦੀ ਹੀ ਰਹੇ। ਉਹ ਕਦੇ ਬਾਹਰ ਨਾ ਨਿਕਲਦੀ, ਜੇ ਸੱਪ ਭੰਵਰੇ ਨੂੰ ਡੰਗਣ ਲਈ ਨਾ ਆਉਂਦਾ।

"ਸੰਦਲਾਂ, ਇਹ ਸੱਪ ਮੈਨੂੰ ਨਹੀਂ ਛਲ ਸਕਦਾ, ਮੇਰੇ ਕੋਲ ਇਕ ਖ਼ਾਸ ਕੌਡੀ ਏ। ਜਦੋਂ ਤਕ ਉਹ ਮੇਰੇ ਕੋਲ ਏ, ਮੈਨੂੰ ਕੋਈ ਸੱਪ ਨਹੀਂ ਡੰਗ ਸਕਦਾ। ਮੈਂ ਤੇ ਤੇਰੇ ਰੂਪ ਤੇ ਜੋਬਨ ਦਾ ਪਿਆਸਾ ਹਾਂ। ਹੁਣ ਰਹਿੰਦੀ ਦੁਨੀਆਂ ਤਕ ਤੂੰ ਮੈਨੂੰ ਆਪਣੇ ਸੰਦਲੀ ਕੇਸਾਂ ਵਿਚ ਛੁਪਾਈ ਰਖ।"

"ਕੌਡੀ ਕਿਹੜੀ ?"

"ਇਹ ਵੇਖ।"

ਤੇ ਭੰਵਰੇ ਨੇ ਸੰਦਲਾਂ ਦੇ ਹੱਥ ਵਿਚ ਕੌਡੀ ਫੜਾ ਦਿਤੀ ਤੇ ਆਪ ਉਸ ਦੇ ਰੂਪ ਨੂੰ ਨਿਹਾਰਨ ਲੱਗਾ। ਅਚਾਨਕ ਦਰੱਖ਼ਤ ਦੇ ਉਹਲਿਓਂ ਇਕ ਗਭਰੂ ਨਿਕਲਿਆ, ਜਿਸ ਨੇ ਸੰਦਲਾਂ ਦੀ ਬਾਂਹ ਫੜ ਕੇ ਉਸ ਨੂੰ ਝਟ ਘੋੜੇ ਉਤੇ ਬਿਠਾ ਲਿਆ ਤੇ ਅੱਖ ਦੇ ਪਲਕਾਰੇ ਵਿਚ ਹੀ ਉਥੋਂ ਗਾਇਬ ਹੋ ਗਿਆ। ਸੰਦਲਾਂ ਨੇ ਜਾਂਦਿਆਂ ਹੋਇਆਂ ਉਹ ਕੌਡੀ ਭੰਵਰੇ ਵਲ ਸੁਟ ਦਿਤੀ।

ਉਹ ਯੁਵਕ ਅਸਲ ਵਿਚ ਉਹੋ ਛਲੇਡਾ ਸੱਪ ਸੀ ਜਿਸ ਨੂੰ ਭੰਵਰੇ ਨੇ ਜ਼ਖ਼ਮੀ ਕੀਤਾ ਸੀ। ਉਹੋ ਛਲੇਡਾ ਭੰਵਰੇ ਨੂੰ ਡੇਗਣ ਲੱਗਾ ਸੀ ਕਿ ਸੰਦਲਾਂ ਨੇ ਭੰਵਰੇ ਨੂੰ ਬਚਾ ਲਿਆ ਸੀ।

ਛਲੇਡਾ ਸੱਪ ਅਸਲ ਵਿਚ ਸੱਪਾਂ ਦਾ ਰਾਜਾ ਸੀ, ਜਿਸ ਦਾ ਕਿਸੇ ਹੋਰ ਜੰਗਲ ਵਿਚ ਰਾਜ ਸੀ। ਜਦੋਂ ਛਲੇਡੇ ਨੇ ਘੋੜਾ ਖੜਾ ਕਰ ਕੇ ਸੰਦਲਾਂ ਨੂੰ ਹੇਠਾਂ ਉਤਾਰਿਆ ਤਾਂ ਸੰਦਲਾਂ ਨੇ ਕਿਹਾ, "ਦੁਸ਼ਮਣਾ, ਮੈਨੂੰ ਏਥੇ ਕਿਉਂ ਲੈ ਆਇਆ ਏਂ ?"

"ਤੇਰੇ ਰੂਪ ਨੇ ਮੈਨੂੰ ਮੋਹ ਲਿਆ ਏ, ਨਾਲੇ ਭੰਵਰੇ ਤੋਂ ਮੈਂ ਬਦਲਾ ਲੈਣਾ ਸੀ।" ਛਲੇਡੇ ਨੇ ਜਵਾਬ ਦਿੱਤਾ, "ਤੈਨੂੰ ਮੈਂ ਆਪਣੀ ਰਾਣੀ ਬਣਾ ਕੇ ਰਖਾਂਗਾ।"

"ਪਰ ਮੈਂ ਭੰਵਰੇ ਨਾਲ ਪ੍ਰੇਮ ਕਰਦੀ ਹਾਂ। ਮੈਂ ਤੇਰੇ ਘਰ ਕਦੀ ਨਹੀਂ ਵਸਣਾ।"

"ਜੇ ਤੂੰ ਆਪਣੇ ਆਪ ਨਾ ਮੰਨੀ ਤਾਂ ਮੈਂ ਤੈਨੂੰ ਜ਼ਬਰਦਸਤੀ ਆਪਣੇ ਘਰ ਪਾ ਲਵਾਂਗਾ।"

"ਤੇਰੀ ਏਡੀ ਮਜ਼ਾਲ, ਲੈ ਵੇਖ, ਮੈਂ ਚੱਲੀ ਊਂ।" ਅਤੇ ਉਸੇ ਵੇਲੇ ਸੰਦਲਾਂ ਦੀ ਥਾਂ ਉਥੇ ਉਸ ਦਾ ਸੰਦਲੀ ਪਰਛਾਵਾਂ ਰਹਿ ਗਿਆ ਅਤੇ ਉਹ ਦਰੱਖ਼ਤਾਂ ਵਿਚ ਮਹਿਕ ਬਣ ਕੇ ਪਸਰ ਗਈ। ਉਸੇ ਵੇਲੇ ਉਸ ਜੰਗਲ ਦਾ ਪੱਤਾ ਪੱਤਾ, ਟਹਿਣ ਟਹਿਣ ਮਹਿਕਣ ਲੱਗੀ। ਹਰ ਫੁੱਲ ਵਿਚੋਂ ਸੰਦਲੀ ਮੁਸ਼ਕ ਆਉਣ ਲੱਗੀ। ਹਵਾ ਵਿਚ ਜਿਵੇਂ ਕਿਸੇ ਨੇ ਸੰਦਲੀ ਕੇਸ ਬਿਖੇਰ ਦਿਤੇ ਹੋਣ, ਤੇ ਸਰਪ ਰਾਜਾ ਬਉਰਾ ਹੋਇਆ ਜੰਗਲ ਵਿਚ ਭਟਕਣ ਲੱਗਾ। ਛਲੇਡਾ ਸਰਪ ਕਦੇ ਕੋਈ ਰੂਪ ਧਾਰ ਕੇ ਉਸ ਨੂੰ ਖੋਜਦਾ। ਕਦੇ ਕਿਸੇ ਰੂਪ ਵਿਚ ਉਸ ਨੂੰ ਲੱਭਦਾ ਫਿਰਦਾ। ਦੋ ਦਿਨਾਂ ਵਿਚ ਉਸ ਨੇ ਕਈ ਜੂਨਾਂ ਭੋਗੀਆਂ ਅਤੇ ਅਖ਼ੀਰ ਛਲੇਡੇ ਨੇ ਦਰੱਖ਼ਤਾਂ ਨਾਲ ਸਿਰ ਪਟਕਾ ਪਟਕਾ ਕੇ ਪ੍ਰਾਣ ਤਿਆਗ ਦਿਤੇ। ਮਰਨ ਵੇਲੇ ਛਲੇਡਾ ਸਰਪ ਆਪਣੀ ਅਸਲੀ ਜੂਨ ਵਿਚ ਆ ਗਿਆ।

ਉਧਰ ਭੰਵਰਾ ਨਿਰਾਸ਼ ਖੜਾ ਸੀ। ਜਦੋਂ ਸਰਪ ਰਾਜਾ ਸੰਦਲਾਂ ਨੂੰ ਉਧਾਲ ਕੇ ਨੱਠ ਗਿਆ ਤਾਂ ਭੰਵਰੇ ਨੇ ਕੁਝ ਦੂਰ ਦੋਹਾਂ ਦਾ ਪਿੱਛਾ ਕੀਤਾ। ਪਰ ਜਦੋਂ ਉਹ ਦੋਵੇਂ ਵਿਖਾਈ ਦੇਣੋਂ ਰਹਿ ਗਏ ਤਾਂ ਭੰਵਰਾ ਪਹਿਲੀ ਥਾਂ 'ਤੇ ਹੀ ਪਰਤ ਆਇਆ। ਜਾਣ ਵੇਲੇ ਸੰਦਲਾਂ ਨੇ ਉਹ ਕੌਡੀ ਭੰਵਰੇ ਵਲ ਸੁੱਟੀ ਸੀ ਤਾਂ ਜੋ ਉਹ ਖ਼ਤਰੇ ਤੋਂ ਬਚਿਆ ਰਹੇ। ਭੰਵਰੇ ਨੇ ਉਹ ਕੌਡੀ ਚੁੱਕ ਲਈ ਤੇ ਉਥੇ ਹੀ ਇਕ ਦਰੱਖ਼ਤ ਹੇਠਾਂ ਲੰਮਾ ਪੈ ਗਿਆ। ਉਹ ਕਈ ਦਿਨ ਭੁੱਖਾ-ਭਾਣਾ ਉਥੇ ਪਿਆ ਰਿਹਾ। ਸੱਪ ਉਸ ਦੇ ਆਲੇ ਦੁਆਲੇ ਘੇਰਾ ਪਾ ਕੇ ਬੈਠੇ ਰਹਿੰਦੇ। ਸਿਰੀਆਂ ਚੁੱਕੀ ਫਨ ਫੈਲਾਈ ਰਖਦੇ, ਪਰ ਕੌਡੀ ਸਦਕਾ ਸੱਪ ਭੰਵਰੇ ਨੂੰ ਡੰਗ ਨਹੀਂ ਸੀ ਮਾਰ ਸਕਦੇ।

ਕਈ ਦਿਨ ਲੰਘ ਗਏ। ਇਕ ਬਿਰਧ ਸੱਪ ਨੂੰ ਭੰਵਰੇ ਦੀ ਸਾਧਨਾ ਉਪਰ ਤਰਸ

ਆਇਆ। ਉਸ ਨੇ ਭੰਵਰੇ ਤੋਂ ਸਾਰੀ ਗੱਲ ਪੁੱਛੀ। ਭੰਵਰੇ ਦੀ ਤਪੱਸਿਆ ਤੇ ਸਾਧਨਾ ਵੇਖ ਕੇ ਉਹ ਦੰਗ ਰਹਿ ਗਿਆ। ਸੰਦਲਾਂ ਲਈ ਇਤਨੀ ਕੁਰਬਾਨੀ ਕਿ ਉਹ ਆਪਣੇ ਪ੍ਰਾਣ ਤਿਆਗਣ ਲਈ ਤਿਆਰ ਹੋ ਰਿਹਾ ਸੀ।

ਫਿਰ ਉਸ ਬਿਰਧ ਸੱਪ ਨੇ ਆਪਣੇ ਸਾਥੀ ਸੱਪਾਂ ਨਾਲ ਵਿਚਾਰ ਕੀਤੀ, "ਭੰਵਰੇ ਦੀ ਮੌਤ, ਇਸ ਦੀ ਆਪਣੀ ਮੌਤ ਨਹੀਂ, ਇਸ ਦੇ ਪ੍ਰੇਮ ਦੀ ਮੌਤ ਏ। ਇਸ ਨੂੰ ਕਿਵੇਂ ਬਚਾਇਆ ਜਾਵੇ।" ਇਕ ਸੱਪ ਅਸਲੀ ਰਹੱਸ ਜਾਣਦਾ ਸੀ। ਉਸ ਨੇ ਦਸਿਆ ਕਿ ਫਲਾਣੇ ਜੰਗਲ ਦਾ ਸਰਪ ਰਾਜਾ ਸੰਦਲਾਂ ਨੂੰ ਆਦਮੀ ਦੇ ਰੂਪ ਵਿਚ ਉਧਾਲ ਕੇ ਲੈ ਗਿਆ ਹੈ।

ਸੋ, ਬਿਰਧ ਨੇ ਭੰਵਰੇ ਨੂੰ ਉਸ ਜੰਗਲ ਦਾ ਰਸਤਾ ਦਸਿਆ, ਜਿਸ ਦਾ ਰਾਜਾ, ਉਹ ਛਲੇਡਾ ਸੱਪ ਸੀ। ਭੰਵਰਾ ਖੋਜਦਾ ਹੋਇਆ ਕਈ ਦਿਨਾਂ ਬਾਅਦ ਉਸ ਜੰਗਲ ਵਿਚ ਜਾ ਪੁੱਜਾ। ਉਥੋਂ ਦੀ ਮਹਿਕ ਤੋਂ ਉਸ ਦੀ ਤਸੱਲੀ ਹੋ ਗਈ ਕਿ ਸੰਦਲਾਂ ਇਥੇ ਹੀ ਹੋਵੇਗੀ। ਉਸ ਨੇ ਸਾਰਾ ਜੰਗਲ ਛਾਣ ਮਾਰਿਆ, ਪਰ ਉਸ ਨੂੰ ਸੰਦਲਾਂ ਕਿਧਰੇ ਨਾ ਲੱਭੀ।

ਫਿਰ ਭੰਵਰੇ ਨੇ ਕੌਡੀ ਦੀ ਮਦਦ ਲਈ, ਪਰ ਜਦੋਂ ਵੀ ਕਿਸੇ ਦਰੱਖ਼ਤ ਉਤੇ ਉਹ ਕੌਡੀ ਰਖਦਾ, ਉਸ ਵਿਚ ਸੰਦਲਾਂ ਦਾ ਕੋਈ ਇਕ ਅੰਗ ਹੀ ਵਿਖਾਈ ਦਿੰਦਾ। ਕਿਧਰੇ ਵੀ ਪੂਰੀ ਸੰਦਲਾਂ ਨਾ ਲੱਭੀ। ਭੰਵਰਾ ਘਬਰਾ ਗਿਆ।

ਫਿਰ ਭੰਵਰੇ ਨੇ ਕਿਸੇ ਦਰੱਖ਼ਤ ਦੇ ਫੁੱਲ ਤੋੜੇ, ਕਿਸੇ ਦੇ ਪੱਤੇ ਅਤੇ ਕਿਸੇ ਦੀ ਟਹਿਣ ਅਤੇ ਇਕ ਥਾਂ ਢੇਰ ਲਗਾ ਕੇ ਉਸ ਉਪਰ ਚੰਦਨ ਦੇ ਬ੍ਰਿਛ ਦੀ ਇਕ ਲਕੜੀ ਰਖੀ। ਫਿਰ ਉਸ ਨੇ ਉਹ ਕੌਡੀ ਵੀ ਉਸ ਢੇਰੀ ਉਪਰ ਰੱਖ ਦਿਤੀ। ਉਸੇ ਵੇਲੇ, ਉਸ ਢੇਰੀ ਵਿਚੋਂ ਸੰਦਲਾਂ ਮੁਸਕਰਾਂਦੀ ਹੋਈ ਨਿਕਲੀ ਤੇ ਭੰਵਰੇ ਦੇ ਗਲ ਨਾਲ ਲੱਗ ਗਈ।

ਭੰਵਰੇ ਨੇ ਸੰਦਲਾਂ ਨਾਲ ਵਿਆਹ ਕਰ ਲਿਆ। ਫਿਰ ਭੰਵਰਾ ਸੰਦਲਾਂ ਨੂੰ ਆਪਣੇ ਦੇਸ਼ ਵਿਚ ਲੈ ਗਿਆ। ਲੋਕ ਕਹਿੰਦੇ ਹਨ, ਭੰਵਰਾ ਤੇ ਸੰਦਲਾਂ ਹਰ ਯੁਗ ਵਿਚ ਕਿਸੇ ਨਾ ਕਿਸੇ ਰੂਪ ਵਿਚ ਜਨਮ ਲੈਂਦੇ ਹਨ। ਹਰ ਜਨਮ ਉਹ ਨਿਖੜਦੇ ਹਨ, ਪਰ ਉਨ੍ਹਾਂ ਦਾ ਪਿਆਰ ਉਨ੍ਹਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਫਿਰ ਮਿਲਾ ਦਿੰਦਾ ਹੈ।

ਸ਼ਾਹਣੀ ਚਿੜੀ

ਇਕ ਰਾਜੇ ਦੀਆਂ ਦੋ ਰਾਣੀਆਂ ਸਨ। ਵੱਡੀ ਰਾਣੀ ਨੇ ਇਕ ਸੁੰਦਰ ਕੰਨਿਆਂ ਨੂੰ ਜਨਮ ਦਿੱਤਾ; ਜਿਸ ਦਾ ਵਿਆਹ, ਬਚਪਨ ਵਿਚ ਹੀ ਇਕ ਰਾਜਕੁਮਾਰ ਨਾਲ ਤੈਅ ਹੋ ਗਿਆ। ਛੋਟੀ ਰਾਣੀ ਦੇ ਘਰ ਵੀ ਦੋ ਕੁ ਸਾਲਾਂ ਮਗਰੋਂ ਇਕ ਲੜਕੀ ਜੰਮੀ, ਜਿਸ ਦੇ ਨੈਣ-ਨਕਸ਼ ਅਤੇ ਕਦ-ਕਾਠ ਵੱਡੀ ਰਾਜਕੁਮਾਰੀ ਨਾਲ ਇਨ-ਬਿਨ ਮਿਲਦੇ ਸਨ।

ਫ਼ਰਕ ਸਿਰਫ ਇਤਨਾ ਸੀ ਕਿ ਵੱਡੀ ਰਾਜਕੁਮਾਰੀ ਦਾ ਰੰਗ ਦੁੱਧ-ਚਿੱਟਾ ਸੀ, ਛੋਟੀ ਦਾ ਸਾਂਵਲਾ।

ਵੱਡੀ ਰਾਜਕੁਮਾਰੀ ਦੇ ਵਿਆਹ ਤੋਂ ਕੁਝ ਦਿਨਾਂ ਬਾਅਦ ਉਸ ਦੀ ਮਾਂ ਦੀ ਮ੍ਰਿਤੂ ਹੋ ਗਈ। ਇਹ ਖ਼ਬਰ ਸੁਣਦੇ ਸਾਰ ਵੱਡੀ ਰਾਜਕੁਮਾਰੀ ਆਪਣੇ ਪੇਕੇ ਆਈ। ਮਤ੍ਰੇਈ ਰਾਣੀ ਨੇ ਉਸ ਨੂੰ ਬੜਾ ਲਾਡ ਪਿਆਰ ਕੀਤਾ। ਰਾਜਕੁਮਾਰੀ ਆਪਣੀ ਮਤ੍ਰੇਈ ਮਾਂ ਨਾਲ ਢੇਰ ਰਾਤ ਤਕ ਦੁਖ ਸੁਖ ਫੋਲਦੀ ਰਹੀ। ਉਸ ਨੇ ਆਪਣੇ ਪਤੀ ਦੀਆਂ ਸਿਫਤਾਂ ਇਕ ਇਕ ਕਰ ਕੇ ਗਿਣਵਾਈਆਂ। ਆਪਣੇ ਸਹੁਰੇ ਰਾਜੇ ਬਾਰੇ ਦਸਿਆ ਕਿ ਉਸ ਦੀ ਸ਼ੁਹਰਤ ਚੌਂਹ ਕੂੰਟੀ ਫੈਲੀ ਹੋਈ ਸੀ। ਉਸ ਨੇ ਆਪਣੇ ਸੁਖ-ਆਰਾਮ ਗਿਣ ਗਿਣ ਕੇ ਦੱਸੇ। ਇਹ ਗੱਲ ਸੁਣ ਕੇ ਮਤ੍ਰੇਈ ਮਾਂ ਦੇ ਮਨ ਵਿਚ ਈਰਖਾ ਦੀ ਅੱਗ ਭੜਕ ਉਠੀ। ਇਤਨਾ ਸੁਹਣਾ ਵਰ-ਘਰ ਉਸ ਦੀ ਧੀ ਨੂੰ ਕਦੇ ਨਸੀਬ ਨਹੀਂ ਹੋਣਾ। ਸੋ, ਉਹ ਸਾਰੀ ਰਾਤ ਸੋਚਦੀ ਰਹੀ ਕਿ ਮਤ੍ਰੇਈ ਧੀ ਦੀ ਥਾਂ ਕਿਵੇਂ ਆਪਣੀ ਸਕੀ ਧੀ ਨੂੰ ਉਸ ਘਰ ਭੇਜਿਆ ਜਾਵੇ।

ਮਤ੍ਰੇਈ ਮਾਂ ਨੇ ਇਕ ਫਫਾਕੁਟਣੀ ਨਾਲ ਵਿਚਾਰ ਕੀਤੀ, ਜਿਹੜੀ ਤਾਰੇ ਲਾਹ ਵੀ ਜਾਣਦੀ ਸੀ ਤੇ ਤਾਰੇ ਚਾੜ੍ਹ ਵੀ। ਫਫਾਕੁਟਣੀ ਨੇ ਮਤ੍ਰੇਈ ਨੂੰ ਇਕ ਜਾਦੂਗਰਨੀ ਤੋਂ ਕਿੱਲ ਲਿਆ ਕੇ ਦਿਤਾ ਅਤੇ ਸਮਝਾਇਆ, "ਮਹਾਰਾਣੀ ਜੀ, ਤੁਸੀਂ ਇਸ ਕਿੱਲ ਨੂੰ ਮਤ੍ਰੇਈ ਧੀ ਦੇ ਸਿਰ ਵਿਚ ਚੋਭ ਦਿਓ, ਉਹ ਉਸੇ ਵੇਲੇ ਚਿੜੀ ਬਣ ਕੇ ਉੱਡ ਜਾਵੇਗੀ।" ਮਤ੍ਰੇਈ ਨੂੰ ਇਹ ਗੱਲ ਬੜੀ ਪਸੰਦ ਆਈ।

ਜਦੋਂ ਵੱਡੀ ਰਾਜਕੁਮਾਰੀ ਦੇ ਸਹੁਰੇ ਜਾਣ ਦਾ ਵੇਲਾ ਹੋਇਆ ਤਾਂ ਮਤ੍ਰੇਈ ਮਾਂ ਉਸ ਨੂੰ ਕਹਿਣ ਲੱਗੀ, "ਧੀਏ, ਆ ਮੈਂ ਤੇਰੀ ਕੰਘੀ-ਪੱਟੀ ਕਰ ਦਿਆਂ। ਕੰਘੀ-ਪੱਟੀ ਕਰਦਿਆਂ ਮਤ੍ਰੇਈ ਨੇ ਰਾਜਕੁਮਾਰੀ ਦੇ ਸਿਰ ਵਿਚ ਚਲਾਕੀ ਨਾਲ ਉਹ ਕਿੱਲ ਗੱਡ ਦਿਤਾ। ਰਾਜਕੁਮਾਰੀ ਉਸੇ ਵੇਲੇ ਚਿੜੀ ਬਣ ਗਈ ਅਤੇ ਬਨੇਰੇ ਉਤੇ ਬਹਿ ਕੇ ਚਹਿਕਣ ਲੱਗੀ। ਮਤ੍ਰੇਈ ਨੇ ਪੱਥਰ ਮਾਰ ਕੇ ਚਿੜੀ ਨੂੰ ਬਨੇਰੇ ਤੋਂ ਉਡਾ ਦਿਤਾ।

ਫਿਰ ਮਤ੍ਰੇਈ ਨੇ ਸ਼ਾਹੀ ਡੋਲੇ ਵਿਚ ਆਪਣੀ ਧੀ ਨੂੰ ਵਿਦਾ ਕੀਤਾ। ਜਦੋਂ ਡੋਲਾ ਸਹੁਰੇ ਘਰ ਪੁਜਾ, ਤਾਂ ਰਾਜਕੁਮਾਰ ਆਪਣੀ ਪਤਨੀ ਨੂੰ ਵੇਖ ਕੇ ਘਬਰਾ ਗਿਆ ਤੇ ਕਹਿਣ ਲੱਗਾ, "ਭਲੀਏ ਲੋਕੇ, ਚੰਗੀ ਭਲੀ ਗਈ ਸੈਂ, ਤੇਰਾ ਰੰਗ ਸਾਂਵਲਾ ਕਿਉਂ ਪੈ ਗਿਆ ਏ।" ਅੱਗੋਂ ਛੋਟੀ ਰਾਜਕੁਮਾਰੀ ਨੇ ਕਿਹਾ, "ਮੇਰੀ ਮਾਂ ਜੋ ਮਰ ਗਈ ਸੀ, ਸਾਰਾ ਦਿਨ ਰੋਂਦੀ ਰਹਿੰਦੀ ਸਾਂ। ਨਾਲੇ ਮਤ੍ਰੇਈ ਮੈਨੂੰ ਸਾਰਾ ਦਿਨ ਧੁੱਪੇ ਬਿਠਾਈ ਰਖਦੀ ਸੀ। ਰੰਗ ਕਾਲਾ ਪੈ ਗਿਐ। ਪਰ ਮੈਂ ਬਾਕੀ ਤਾਂ ਉਂਜ ਦੀ ਉਂਜ ਹੀ ਹਾਂ।" ਇਹ ਜੁਆਬ ਸੁਣ ਕੇ ਰਾਜਕੁਮਾਰ ਚੁਪ ਕਰ ਗਿਆ।

ਦਿਨ ਲੰਘਦੇ ਗਏ।

ਇਕ ਦਿਨ ਰਾਜੇ ਦੇ ਬਾਗ ਵਿਚ ਇਕ ਚਿੜੀ ਉਡਦੀ ਹੋਈ ਆਈ ਤੇ ਮਾਲੀ ਦੇ ਕੋਲ ਆ ਬੈਠੀ। ਮਾਲੀ ਚਿੜੀ ਨੂੰ ਜਦੋਂ ਉਡਾਣ ਲੱਗਾ, ਤਾਂ ਚਿੜੀ ਗਾਣ ਲੱਗੀ:

ਮਾਲੀਆ ਵੇ ਮਾਲੀਆ,
ਵੇ ਸੂਲ ਮੋਈ ਆਂ।

ਮੈਂ ਮਹਿਲਾਂ ਦੀ ਰਾਣੀ,
ਕੱਖੋਂ ਹੌਲੀ ਹੋਈ ਆਂ।

ਫਿਰ ਉਹ ਚਿੜੀ ਰੋਣ ਲੱਗ ਪਈ। ਜਦੋਂ ਚਿੜੀ ਰੋਈ ਤਾਂ ਉਸ ਦੀਆਂ ਅੱਖਾਂ ਵਿਚੋਂ ਕਿਰ ਕਿਰ ਕਰ ਕੇ ਮੋਤੀ ਡਿਗਣ ਲੱਗ ਪਏ। ਮਾਲੀ ਨੇ ਮੋਤੀ ਇਕੱਠੇ ਕਰ ਲਏ। ਫਿਰ ਉਸ ਨੇ ਚਿੜੀ ਨੂੰ ਕਿਹਾ, "ਚਿੜੀਏ ਸ਼ਾਹਣੀਏਂ ! ਤੂੰ ਕਿਉਂ ਰੋਂਦੀ ਏਂ, ਕਦੇ ਹੱਸਿਆ ਵੀ ਕਰ।"

ਚਿੜੀ ਕਹਿਣ ਲੱਗੀ, "ਮੇਰੇ ਭਾਗਾਂ ਵਿਚ ਹਾਸਾ ਕਿਥੇ ? ਪਰ ਜੇ ਤੂੰ ਕਹਿੰਦਾ ਏਂ ਤਾਂ ਹੱਸ ਪੈਂਦੀ ਆਂ।" ਜਦੋਂ ਚਿੜੀ ਹੱਸੀ ਤਾਂ ਉਥੇ ਲਾਲਾਂ ਦਾ ਢੇਰ ਲੱਗ ਗਿਆ। ਮਾਲੀ ਨੇ ਉਹ ਲਾਲ ਵੀ ਇਕੱਠੇ ਕਰ ਲਏ। ਮਾਲੀ ਨੇ ਚਿੜੀ ਨੂੰ ਫੜਨਾ ਚਾਹਿਆ, ਪਰ ਚਿੜੀ ਉੱਡ ਗਈ। ਜਦੋਂ ਉਹ ਉਡੀ, ਤਾਂ ਸੋਨੇ ਦਾ ਇਕ ਖੰਭ ਝੜ ਕੇ ਹੇਠਾਂ ਡਿਗਿਆ। ਮਾਲੀ ਨੇ ਉਹ ਖੰਭ ਵੀ ਚੁੱਕ ਲਿਆ ਤੇ ਕਿਹਾ, "ਚਿੜੀਏ, ਤੂੰ ਸ਼ਾਹਣੀ ਏਂ। ਮੈਂ ਤੈਨੂੰ ਕਦੇ ਨਹੀਂ ਫੜਾਂਗਾ, ਤੂੰ ਰੋਜ਼ ਇਥੇ ਆਇਆ ਕਰ।"

ਮਾਲੀ ਉਹ ਮੋਤੀ, ਲਾਲ ਤੇ ਸੋਨੇ ਦਾ ਖੰਭ ਆਪਣੇ ਘਰ ਲੈ ਆਇਆ। ਮਾਲਣ ਨੇ ਪੁਛਿਆ, "ਇਹ ਚੀਜ਼ਾਂ ਤੁਸਾਂ ਕਿਥੋਂ ਲਈਆਂ ਨੇ ?" ਮਾਲੀ ਨੇ ਸਾਰੀ ਗੱਲ ਇਨ-ਬਿਨ ਦਸ ਦਿਤੀ। ਮਾਲੀ ਉਹ ਚੀਜ਼ਾਂ ਬਾਜ਼ਾਰ ਵਿਚ ਵੇਚਣ ਲਈ ਲੈ ਤੁਰਿਆ ਤਾਂ ਮਾਲਣ ਨੇ ਕਿਹਾ, "ਜੇ ਤੁਸੀਂ ਇਹ ਚੀਜ਼ਾਂ ਬਾਜ਼ਾਰ ਵਿਚ ਵੇਚਣ ਗਏ ਤਾਂ ਫੜੇ ਜਾਵੋਗੇ। ਲੋਕੀਂ ਕਹਿਣਗੇ, ਤੁਸਾਂ ਇਹ ਸਾਰੀਆਂ ਚੀਜ਼ਾਂ ਰਾਜੇ ਦੇ ਮਹਿਲ 'ਚੋਂ ਚੁਰਾਈਆਂ ਨੇ। ਤੁਸੀਂ ਇੰਜ ਕਰੋ, ਇਹ ਮੋਤੀ, ਲਾਲ ਤੇ ਖੰਭ ਰਾਜੇ ਦੇ ਦਰਬਾਰ ਵਿਚ ਲੈ ਜਾਉ ਤੇ ਸਾਰੀ ਗੱਲ ਦੱਸ ਕੇ ਰਾਜੇ ਤੋਂ ਇਨਾਮ ਮੰਗ ਲਓ।"

ਮਾਲੀ ਨੇ ਇਸੇ ਤਰ੍ਹਾਂ ਕੀਤਾ ਅਤੇ ਰਾਜੇ ਨੂੰ ਸਾਰੀ ਗੱਲ ਜਾ ਦੱਸੀ ਕਿ ਇਸ ਤਰ੍ਹਾਂ ਦੀ ਇਕ ਚਿੜੀ ਬਾਗ਼ ਵਿਚ ਆਉਂਦੀ ਹੈ, ਜੋ ਇਹ ਗੀਤ ਗਾਉਂਦੀ ਹੈ :

ਮਾਲੀਆ ਵੇ ਮਾਲੀਆ,
ਮੈਂ ਸੂਲ ਮੋਈ ਆਂ।
ਮੈਂ ਮਹਿਲਾਂ ਦੀ ਰਾਣੀ,
ਅੱਜ ਕੱਖ ਹੋਈ ਆਂ।

ਇਹ ਗੱਲ ਸੁਣ ਕੇ ਰਾਜਾ ਬਾਗ਼ ਵਿਚ ਚਿੜੀ ਨੂੰ ਖ਼ੁਦ ਵੇਖਣ ਵਾਸਤੇ ਗਿਆ, ਤਾਂ ਚਿੜੀ ਫੁਰਕਦੀ ਹੋਈ ਉਸ ਦੇ ਕੋਲ ਆ ਗਈ :

ਰਾਜਿਆ ਵੇ ਰਾਜਿਆ,
ਮੈਂ ਸੂਲ ਮੋਈ ਆਂ।
ਮਹਿਲਾਂ ਦੀ ਮੈਂ ਰਾਣੀ,
ਅੱਜ ਕੱਖ ਹੋਈ ਆਂ।

ਤੇ ਫਿਰ ਜਦੋਂ ਉਹ ਰੋਈ, ਤਾਂ ਉਸ ਦੀਆਂ ਅੱਖਾਂ ਵਿਚੋਂ ਅੱਥਰੂਆਂ ਦੀ ਥਾਂ ਮੋਤੀ ਕਿਰੇ।

ਰਾਜੇ ਨੇ ਕਿਹਾ, "ਤੂੰ ਹੱਸ।" ਜਦੋਂ ਚਿੜੀ ਹੱਸੀ ਤਾਂ ਲਾਲ ਕਿਰਨ ਲੱਗੇ।

ਸ਼ਾਹਣੀ ਚਿੜੀ ਦੀ ਗੱਲ ਉੱਡਦੀ ਉੱਡਦੀ ਮਹਿਲਾਂ ਵਿਚ ਵੀ ਜਾ ਪੁੱਜੀ। ਰਾਜਕੁਮਾਰ ਦੀ ਨਕਲੀ ਵਹੁਟੀ ਦੌੜਦੀ ਹੋਈ ਬਾਗ਼ ਵਿਚ ਆਈ। ਚਿੜੀ ਨੇ ਜਦੋਂ ਆਪਣੀ ਮੜ੍ਹੇਈ ਭੈਣ ਨੂੰ ਆਉਂਦਿਆਂ ਵੇਖਿਆ ਤਾਂ ਉਹ ਫੁਰਰ ਕਰ ਕੇ ਉੱਡ ਗਈ।

ਰਾਜਕੁਮਾਰ ਦੀ ਨਕਲੀ ਵਹੁਟੀ ਕਹਿਣ ਲੱਗੀ, "ਇਹ ਚਿੜੀ ਕੋਈ ਜਾਦੂਗਰਨੀ ਜਾਪਦੀ ਏ, ਇਸ ਨੂੰ ਮੂੰਹ ਨਾ ਲਗਾਓ।"

ਨਕਲੀ ਵਹੁਟੀ ਨੇ ਮਾਲੀ ਨੂੰ ਸਮਝਾਇਆ ਕਿ ਜਦੋਂ ਵੀ ਉਹ ਚਿੜੀ ਬਾਗ਼ ਵਿਚ ਆਵੇ, ਉਸ ਨੂੰ ਉਡਾ ਦਿਤਾ ਕਰੇ। ਫਿਰ ਉਸ ਨੇ ਮਾਲੀ ਨੂੰ ਇਨਾਮ ਦਾ ਲਾਲਚ ਦੇ ਕੇ ਕਿਹਾ, "ਜੇ ਤੂੰ ਉਸ ਚਿੜੀ ਨੂੰ ਗੁਲੇਲੇ ਨਾਲ ਫੁੰਡ ਕੇ ਖੂਹ ਵਿਚ ਸੁੱਟ ਦੇਵੇਂ ਤਾਂ ਮੈਂ ਤੈਨੂੰ ਸੋਨੇ ਦਾ ਜੜਾਊ ਹਾਰ ਇਨਾਮ ਵਜੋਂ ਦੇਵਾਂਗੀ।"

ਚਿੜੀ ਨੂੰ ਮਾਰਨ ਲਈ ਮਾਲੀ ਦਾ ਮਨ ਤਾਂ ਨਾ ਮੰਨਿਆ, ਪਰ ਜਦੋਂ ਵੀ ਉਹ ਚਿੜੀ ਬਾਗ਼ ਵਿਚ ਆਉਂਦੀ ਤਾਂ ਮਾਲੀ ਉਸ ਨੂੰ ਉਡਾ ਦਿਤਾ ਕਰਦਾ।

ਇਕ ਦਿਨ ਰਾਜਕੁਮਾਰ ਸਵੇਰੇ ਸਵੇਰੇ ਇਕੱਲਾ ਹੀ ਬਾਗ਼ ਦੀ ਸੈਰ ਕਰ ਰਿਹਾ ਸੀ ਕਿ ਚਿੜੀ ਉਸ ਦੇ ਸਾਹਮਣੇ ਆ ਬੈਠੀ ਤੇ ਗਾਉਣ ਲੱਗੀ :

ਰਾਜਿਆ ਵੇ ਰਾਜਿਆ
ਮੈਂ ਸੂਲ ਮੋਈ ਆਂ।
ਮਹਿਲਾਂ ਦੀ ਮੈਂ ਰਾਣੀ,
ਕੱਖੋਂ ਹੌਲੀ ਹੋਈ ਆਂ।

ਤੇ ਫਿਰ ਉਹ ਚਿੜੀ ਰੋਣ ਲੱਗ ਪਈ। ਉਸ ਦੀਆਂ ਅੱਖਾਂ ਵਿਚੋਂ ਅੱਥਰੂਆਂ ਦੀ ਥਾਂ ਮੋਤੀ ਕਿਰਨ ਲੱਗੇ। ਰਾਜਕੁਮਾਰ ਅੱਗੇ ਵਧਿਆ, ਪਰ ਚਿੜੀ ਬੈਠੀ ਰੋਂਦੀ ਰਹੀ। ਰਾਜਕੁਮਾਰ ਨੇ ਉਸ ਨੂੰ ਚੋਗ ਚੁਗਣ ਲਈ ਦਿਤੀ। ਜਦੋਂ ਚਿੜੀ ਚੋਗ ਚੁਗ ਰਹੀ ਸੀ ਤਾਂ ਰਾਜਕੁਮਾਰ ਨੇ ਉਸ ਨੂੰ ਫੜ ਲਿਆ ਅਤੇ ਮਾਲੀ ਨੂੰ ਕਿਹਾ ਕਿ ਉਹ ਉਹਦੇ ਲਈ ਸੋਨੇ ਦਾ ਪਿੰਜਰਾ ਬਣਵਾ ਕੇ ਲੈ ਆਵੇ। ਫਿਰ ਰਾਜਕੁਮਾਰ ਚਿੜੀ ਨੂੰ ਪੁਚਕਾਰਨ ਲੱਗਾ।

ਨਕਲੀ ਰਾਣੀ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਦੌੜਦੀ ਹੋਈ ਬਾਗ਼ ਵਿਚ ਆਈ ਤੇ ਰਾਜਕੁਮਾਰ ਨੂੰ ਕਹਿਣ ਲੱਗੀ, "ਇਹ ਚਿੜੀ ਜਾਦੂਗਰਨੀ ਏ, ਨਹੀਂ ਤਾਂ ਚਿੜੀਆਂ ਵੀ ਕਦੇ ਮਨੁਖਾਂ ਵਾਂਗ ਬੋਲਦੀਆਂ ਨੇ। ਇਸ ਨੂੰ ਛੱਡ ਦਿਓ, ਨਹੀਂ ਤਾਂ ਕੋਈ ਕਹਿਰ ਵਾਪਰ ਜਾਵੇਗਾ।"

ਉਦੋਂ ਤਕ ਰਾਜਕੁਮਾਰ ਦਾ ਹੱਥ ਚਿੜੀ ਦੇ ਸਿਰ ਵਿਚ ਖੁੱਭੇ ਕਿੱਲ ਨੂੰ ਜਾ ਲੱਗਾ ਸੀ। ਰਾਜਕੁਮਾਰ ਨੇ ਉਸ ਕਿੱਲ ਨੂੰ ਬਾਹਰ ਵਲ ਖਿੱਚ ਲਿਆ। ਜਾਦੂ ਦਾ ਕਿੱਲ ਬਾਹਰ ਨਿਕਲਦੇ ਸਾਰ ਵੱਡੀ ਰਾਜਕੁਮਾਰੀ ਆਪਣੇ ਅਸਲੀ ਰੂਪ ਵਿਚ ਆ ਗਈ। ਰਾਜਕੁਮਾਰ ਨੇ ਆਪਣੀ ਵਹੁਟੀ ਨੂੰ ਪਛਾਣ ਕੇ ਉਸ ਨੂੰ ਗਲ ਨਾਲ ਲਗਾ ਲਿਆ।

ਫਿਰ ਵੱਡੀ ਰਾਜਕੁਮਾਰੀ ਨੇ ਰਾਜਕੁਮਾਰ ਨੂੰ ਸਾਰੀ ਗੱਲ ਦਸੀ। ਰਾਜਕੁਮਾਰ ਨੂੰ ਨਕਲੀ ਰਾਜਕੁਮਾਰੀ ਉਤੇ ਬੜਾ ਗੁੱਸਾ ਆਇਆ ਤੇ ਉਸ ਨੇ ਉਹ ਜਾਦੂ ਦਾ ਕਿੱਲ ਨਕਲੀ ਰਾਜਕੁਮਾਰੀ ਦੇ ਸਿਰ ਵਿਚ ਖੋਭ ਦਿਤਾ। ਉਸੇ ਵੇਲੇ ਉਹ ਚਿੜੀ ਬਣ ਗਈ।

ਰਾਜਕੁਮਾਰ ਨੇ ਉਸ ਚਿੜੀ ਨੂੰ ਪਿੰਜਰੇ ਵਿਚ ਬੰਦ ਕਰ ਕੇ ਉਸ ਦੀ ਮਾਂ ਕੋਲ ਭੇਜ ਦਿੱਤਾ। ਸ਼ਾਹਣੀ ਚਿੜੀ ਫਿਰ ਰਾਜਕੁਮਾਰੀ ਬਣ ਕੇ ਵੱਸਣ ਲੱਗ ਪਈ।

ਅਨਾਰਾਂ ਸ਼ਹਿਜ਼ਾਦੀ

ਪੁਰਾਣੇ ਵੇਲਿਆਂ ਦੀ ਗੱਲ ਏ, ਇਕ ਰਾਜੇ ਦੇ ਸੱਤ ਪੁੱਤਰ ਸਨ। ਰਾਜੇ ਦੀ ਮਰਜ਼ੀ ਸੀ ਕਿ ਉਹ ਆਪਣੇ ਸੱਤਾਂ ਪੁੱਤਰਾਂ ਦਾ ਵਿਆਹ ਕਿਸੇ ਅਜਿਹੇ ਘਰੋਂ ਕਰੇ ਜਿਥੇ ਸੱਤ ਕੁੜੀਆਂ ਹੋਣ। ਇਉਂ ਸੱਤਾਂ ਭਰਾਵਾਂ ਦੀਆਂ ਸੱਤੇ ਵਹੁਟੀਆਂ ਆਪੋ ਵਿਚ ਭੈਣਾਂ ਹੋਣਗੀਆਂ ਅਤੇ ਉਨ੍ਹਾਂ ਦਾ ਆਪੋ ਵਿਚ ਗੂੜ੍ਹਾ ਪਿਆਰ ਰਵੇਗਾ। ਉਸ ਦੇ ਮਰਨ ਮਗਰੋਂ ਉਸ ਦੇ ਪੁੱਤਰ ਆਪੋ ਵਿਚ ਕਦੇ ਝਗੜਨਗੇ ਨਹੀਂ।

ਰਾਜੇ ਨੇ ਆਪਣੀ ਕੁੱਲ ਦੇ ਬਾਹਮਣਾਂ ਨੂੰ ਸੱਦ ਕੇ ਸਾਰੀ ਗੱਲ ਸਮਝਾਈ ਤੇ ਸੱਤਾਂ ਪੁੱਤਰਾਂ ਦੇ ਵਿਆਹੁਣ ਲਈ ਉਸ ਨੂੰ ਕੋਈ ਅਜਿਹਾ ਘਰ ਲੱਭਣ ਵਾਸਤੇ ਭੇਜ ਦਿਤਾ, ਜਿਥੇ ਸੱਤ ਧੀਆਂ ਹੋਣ।

ਬ੍ਰਾਹਮਣ ਸਾਰੀ ਗੱਲ ਸਮਝ ਕੇ ਤੇ ਸੋਚ ਵਿਚਾਰ ਕੇ ਘਰੋਂ ਤੁਰ ਪਿਆ। ਕਈ ਦਿਨਾਂ ਦੇ ਲੰਮੇ ਸਫ਼ਰ ਤੋਂ ਬਾਅਦ ਉਹ ਇਕ ਰਾਤ ਜਦੋਂ ਇਕ ਸਰਾਂ ਵਿਚ ਠਹਿਰਿਆ, ਤਾਂ ਉਥੇ ਉਸ ਦੀ ਮੁਲਾਕਾਤ ਇਕ ਹੋਰ ਬ੍ਰਾਹਮਣ ਨਾਲ ਹੋਈ, ਜਿਸ ਨੂੰ ਕਿਸੇ ਦੂਜੇ ਦੇਸ਼ ਦੇ ਰਾਜੇ ਨੇ ਆਪਣੀਆਂ ਧੀਆਂ ਦੇ ਰਿਸ਼ਤੇ ਲੱਭਣ ਵਾਸਤੇ ਤੋਰਿਆ ਸੀ। ਰਬ ਸਬੱਬੀ ਉਸ ਰਾਜੇ ਦੀਆਂ ਵੀ ਸੱਤ ਧੀਆਂ ਸਨ ਅਤੇ ਉਸ ਰਾਜੇ ਨੇ ਵੀ ਆਪਣੇ ਪੰਡਤ ਨੂੰ ਕਿਹਾ ਸੀ ਕਿ ਉਹ ਸੱਤਾਂ ਧੀਆਂ ਨੂੰ ਇਕੋ ਜਿਹਾ ਪਿਆਰ ਕਰਦਾ ਹੈ ਅਤੇ ਸਭਨਾਂ ਧੀਆਂ ਨੂੰ ਕਿਸੇ ਇਕੋ ਰਾਜੇ ਦੇ ਸੱਤਾਂ ਪੁੱਤਰਾਂ ਨਾਲ ਵਿਆਹੁਣਾ ਚਾਹੁੰਦਾ ਹੈ।

ਦੋਵੇਂ ਬ੍ਰਾਹਮਣ ਇਕ ਦੂਜੇ ਕੋਲ ਬੈਠ ਕੇ ਗੱਲਾਂ ਕਰਨ ਲੱਗੇ। ਇਕ ਬ੍ਰਾਹਮਣ ਨੇ ਪੁਛਿਆ, "ਸੁਣਾ ਭਰਾਵਾ, ਕਿਹੜੇ ਕੰਮ ਚਲਿਆ ਏਂ। ਕਿਹੜੇ ਪਾਸਿਉਂ ਆਇਆ ਏਂ ਅਤੇ ਕਿਹੜੇ ਪਾਸੇ ਵਲ ਜਾਣਾ ਈ।"

ਦੂਜਾ ਬ੍ਰਾਹਮਣ ਆਖਣ ਲੱਗਾ, "ਮੈਂ ਤਾਂ ਆਪਣੇ ਰਾਜੇ ਦੀਆਂ ਸੱਤਾਂ ਸ਼ਹਿਜ਼ਾਦੀਆਂ ਵਾਸਤੇ ਵਰ ਘਰ ਲੱਭਣ ਚਲਿਆਂ, ਮੇਰੇ ਰਾਜੇ ਆਖਿਐ ਕਿ ਕੁੜਮ ਇਕਾ ਲੱਭੀਂ।"

ਪਹਿਲਾ ਪੰਡਤ ਕਹਿਣ ਲੱਗਾ, "ਮੇਰੇ ਰਾਜੇ ਨੇ ਵੀ ਮੈਨੂੰ ਆਪਣੇ ਸ਼ਹਿਜ਼ਾਦਿਆਂ ਵਾਸਤੇ ਕੋਈ ਘਰ ਲੱਭਣ ਲਈ ਭੇਜਿਆ ਏ, ਉਸ ਦੇ ਵੀ ਸੱਤ ਪੁੱਤਰ ਨੇ ਤੇ ਉਹ ਵੀ ਸੱਤਾਂ ਨੂੰ ਇਕੋ ਰਾਜੇ ਦੀਆਂ ਸੱਤਾਂ ਧੀਆਂ ਨਾਲ ਵਿਆਹੁਣਾ ਚਾਹੁੰਦਾ ਏ।"

ਇਹ ਗੱਲ ਸੁਣ ਕੇ ਧੀਆਂ ਵਾਲੇ ਰਾਜੇ ਦਾ ਬ੍ਰਾਹਮਣ ਬੜਾ ਖ਼ੁਸ਼ ਹੋਇਆ। ਦੋਹਾਂ ਨੇ ਉਮਰਾਂ ਦਾ ਹਿਸਾਬ ਕਿਤਾਬ ਲਗਾਇਆ। ਦੋਵੇਂ ਰਾਜੇ ਚੰਗਾ ਮਾਣ ਮਰਤਬਾ ਰਖਦੇ ਸਨ। ਸੋ ਸਾਰੀ ਗੱਲ ਵਿਚਾਰ ਕੇ ਦੋਵੇਂ ਪੰਡਤ ਆਪੋ ਆਪਣੇ ਰਾਜੇ

ਕੋਲ ਪਰਤ ਆਏ। ਕੁਝ ਹੀ ਦਿਨਾਂ ਵਿਚ ਸੱਤੇ ਰਿਸ਼ਤੇ ਤੈਅ ਹੋ ਗਏ।

ਕੁਝ ਚਿਰ ਬਾਅਦ ਸਾਹਾ ਸੋਧਿਆ ਗਿਆ। ਜਦੋਂ ਵਿਆਹ ਦਾ ਦਿਨ ਆ ਢੁਕਾ ਤਾਂ ਰਾਜੇ ਦੇ ਸਭ ਤੋਂ ਛੋਟੇ ਸ਼ਹਿਜ਼ਾਦੇ ਨੇ ਵਿਆਹ ਕਰਨ ਤੋਂ ਸਾਫ਼ ਇਨਕਾਰ ਕਰ ਦਿਤਾ। ਪੁੱਛਣ ਤੇ ਉਸ ਨੇ ਦਸਿਆ, "ਹਾਲੇ ਮੇਰੀ ਉਮਰ ਬੜੀ ਛੋਟੀ ਏ, ਮੈਨੂੰ ਦੁਨੀਆਂ ਵੇਖਣ ਦਾ ਬੜਾ ਚਾਅ ਏ, ਮੈਂ ਤਾਂ ਘੁੰਮ ਫਿਰ ਕੇ ਜਿਥੇ ਜੀਅ ਕੀਤਾ ਵਿਆਹ ਕਰ ਲਾਂਗਾ।"

ਰਾਜੇ ਨੇ ਛੋਟੇ ਸ਼ਹਿਜ਼ਾਦੇ ਨੂੰ ਬੜਾ ਸਮਝਾਇਆ, ਪਰ ਉਸ ਨੇ ਪਿਉ ਦੀ ਇਕ ਨਾ ਮੰਨੀ। ਮਾਂ ਨੇ ਬੜੇ ਤਰਲੇ ਲਏ, ਪਰ ਛੋਟੇ ਸ਼ਹਿਜ਼ਾਦੇ ਨੇ ਪਰਵਾਹ ਨਾ ਕੀਤੀ। ਫਿਰ ਭਰਾਵਾਂ ਨੇ ਵਾਰੋ ਵਾਰੀ ਸਮਝਾਇਆ। ਕਿਸੇ ਡਾਂਟਿਆ, ਕਿਸੇ ਪੁਚਕਾਰਿਆ, ਪਰ ਛੋਟੇ ਸ਼ਹਿਜ਼ਾਦੇ ਨੇ ਕੰਨ ਤਕ ਨਾ ਧਰਿਆ। ਅਖੀਰ ਮਜਬੂਰ ਹੋ ਕੇ ਰਾਜੇ ਨੇ ਬਾਕੀ ਦੇ ਛੇਆਂ ਪੁੱਤਰਾਂ ਦਾ ਵਿਆਹ ਕਰ ਦਿਤਾ, ਸਤਵਾਂ ਕੰਵਾਰਾ ਬੈਠਾ ਰਿਹਾ।

ਛੇਆਂ ਭੈਣਾਂ ਨੇ ਸਹੁਰੇ ਘਰ ਆ ਕੇ ਵੇਖਿਆ ਕਿ ਉਨ੍ਹਾਂ ਦਾ ਸਭ ਤੋਂ ਨਿੱਕਾ ਦੇਵਰ ਬੜਾ ਸੋਹਣਾ ਤੇ ਸੁਨੱਖਾ ਹੈ। ਉਨ੍ਹਾਂ ਨੇ ਸੋਚਿਆ ਕਿ ਛੋਟੇ ਸ਼ਹਿਜ਼ਾਦੇ ਨੂੰ ਪਿਆਰ ਨਾਲ ਸਮਝਾ ਬੁਝਾ ਕੇ ਉਸ ਦਾ ਵਿਆਹ ਆਪਣੀ ਛੋਟੀ ਭੈਣ ਨਾਲ ਕਰਨਾ ਜ਼ਰੂਰੀ ਹੈ। ਸੋ ਉਹਨਾਂ ਨੇ ਵਾਰੋ ਵਾਰੀ ਛੋਟੇ ਸ਼ਹਿਜ਼ਾਦੇ ਦੀ ਰੋਟੀ ਆਖੀ।

ਪਹਿਲੇ ਦਿਨ ਵੱਡੀ ਭਰਜਾਈ ਨੇ ਸ਼ਹਿਜ਼ਾਦੇ ਨੂੰ ਖਾਣੇ ਤੇ ਸੱਦਿਆ। ਜਦੋਂ ਉਹ ਰੋਟੀ ਖਾਣ ਵਾਸਤੇ ਗਿਆ ਤਾਂ ਉਸ ਦੇ ਅੱਗੇ ਥਾਲ ਪਰੋਸ ਕੇ ਉਸ ਦੀ ਖ਼ੂਬ ਸੇਵਾ ਕੀਤੀ ਗਈ। ਜਦੋਂ ਸ਼ਹਿਜ਼ਾਦਾ ਰੋਟੀ ਖਾ ਰਿਹਾ ਸੀ ਤਾਂ ਭਰਜਾਈ ਨੇ ਉਸ ਨੂੰ ਸਮਝਾਇਆ, "ਤੇਰੀ ਉਮਰ ਵਿਆਹ ਕਰਵਾਣ ਦੀ ਏ, ਛੇਤੀ ਵਿਆਹ ਕਰਵਾ ਲੈ, ਜਵਾਨੀ ਢਲ ਗਈ ਤਾਂ ਵਿਆਹ ਕਰਵਾਣ ਦਾ ਕੀ ਫੈਦਾ।" ਪਰ ਸ਼ਹਿਜ਼ਾਦਾ ਚੁਪਚਾਪ ਖਾਣਾ ਖਾ ਕੇ ਪਰਤ ਆਇਆ।

ਅਗਲੇ ਦਿਨ ਦੂਜੀ ਭਰਜਾਈ ਦੇ ਘਰ ਸ਼ਹਿਜ਼ਾਦਾ ਰੋਟੀ ਖਾਣ ਗਿਆ ਤਾਂ ਉਸ ਨੇ ਆਪਣੀ ਨਿੱਕੀ ਭੈਣ ਦੀ ਤਾਰੀਫ਼ ਵਿਚ ਪੁਲ ਬੰਨ੍ਹ ਦਿਤੇ, "ਨਿੱਕਿਆ ਦੇਵਰਾ, ਅੜੀ ਨਾ ਕਰ, ਅਜਿਹੀ ਸੋਹਣੀ ਕੁੜੀ ਦੀਵਾ ਲੈ ਕੇ ਵੀ ਢੂੰਡਿਆਂ ਕਿਧਰੇ ਨਹੀਂ ਮਿਲਣੀ। ਸਾਡੀ ਨਿੱਕੀ ਸਭਨਾਂ ਭੈਣਾਂ ਨਾਲੋਂ ਸੋਹਣੀ ਏ, ਇਕ ਵਾਰ ਵੇਖ ਤਾਂ ਲੈ।" ਪਰ ਸ਼ਹਿਜ਼ਾਦੇ ਨੇ ਫਿਰ ਵੀ ਗੱਲ ਗੌਲੀ ਨਾ।

ਇਸ ਤਰ੍ਹਾਂ ਕਈ ਰੋਜ਼ ਹੁੰਦਾ ਰਿਹਾ। ਕੋਈ ਭਰਜਾਈ ਛੋਟੇ ਸ਼ਹਿਜ਼ਾਦੇ ਨੂੰ ਬੁਢੇ ਹੋਣ ਦੇ ਮਿਹਣੇ ਮਾਰਦੀ, ਕੋਈ ਆਪਣੀ ਨਿੱਕੀ ਭੈਣ ਦੀ ਪ੍ਰਸੰਸਾ ਕਰਦੀ ਨਾ ਥਕਦੀ। ਪਰ ਜਦੋਂ ਸ਼ਹਿਜ਼ਾਦਾ ਛੇਵੀਂ ਭਰਜਾਈ ਦੇ ਘਰ ਗਿਆ ਤਾਂ ਉਸ ਨੇ ਪਹਿਲਾਂ ਤਾਂ ਸ਼ਹਿਜ਼ਾਦੇ ਦੇ ਤਰਲੇ ਕੀਤੇ, ਪਰ ਜਦੋਂ ਉਸ ਨੇ ਗੱਲ ਅਣਸੁਣੀ ਕਰ ਦਿਤੀ, ਤਾਂ ਉਸ ਨੇ ਮਿਹਣੇ ਮਾਰਦੇ ਹੋਏ ਕਿਹਾ, "ਮੈਂ ਤੇਰੇ ਜਿਹੇ ਬੜੇ ਵੇਖੇ ਨੇ, ਅਖੀਰ ਤੂੰ ਖੇਹ ਤੇ ਮਿੱਟੀ 'ਤੇ ਹੀ ਡਿਗਣੈ, ਮੈਂ ਤੱਕਾਂਗੀ, ਤੂੰ ਕਿਹੜੀ ਅਨਾਰਾਂ ਸ਼ਹਿਜ਼ਾਦੀ ਵਿਆਹ ਲਿਆਵੇਂਗਾ।"

ਸ਼ਹਿਜ਼ਾਦਾ ਵੀ ਕਰੋਧ ਵਿਚ ਆ ਗਿਆ ਤੇ ਕਹਿਣ ਲੱਗਾ, "ਜੇ ਰੱਬ ਕੀਤਾ ਤਾਂ ਮੈਂ ਹੁਣ ਅਨਾਰਾਂ ਸ਼ਹਿਜ਼ਾਦੀ ਹੀ ਵਿਆਹ ਕੇ ਲਿਆਵਾਂਗਾ।"

ਫਿਰ ਸ਼ਹਿਜ਼ਾਦੇ ਨੇ ਆਪਣੀ ਮਾਂ ਰਾਣੀ ਤੋਂ ਅਨਾਰਾਂ ਸ਼ਹਿਜ਼ਾਦੀ ਬਾਰੇ ਪੁਛਿਆ, ਉਹ ਕਿਤਨੀ ਕੁ ਸੋਹਣੀ ਏ, ਉਹ ਕਿਥੇ ਰਹਿੰਦੀ ਏ। ਪਰ ਮਾਂ ਕਹਿਣ ਲੱਗੀ, "ਅਨਾਰਾਂ ਬਾਰੇ ਸਭ ਲੋਕਾਂ ਨੇ ਸੁਣਿਆ ਹੋਇਐ, ਪਰ ਪਤਾ ਕਿਸੇ ਨੂੰ ਕੁਝ ਨਹੀਂ ਕਿ ਉਹ ਕਿਥੇ ਰਹਿੰਦੀ ਏ। ਤੂੰ ਅਨਾਰਾਂ ਪਿਛੇ ਝੱਲਾ ਨਾ ਹੋ ਤੇ ਚੁਪ ਕਰ ਕੇ ਆਪਣੀ ਮੰਗ ਵਿਆਹ ਲਿਆ।"

ਪਰ ਸ਼ਹਿਜ਼ਾਦੇ ਨੇ ਇਕ ਨਾ ਸੁਣੀ ਤੇ ਕਹਿਣ ਲੱਗਾ, "ਬਸ ਮੈਂ ਤਾਂ ਹੁਣ ਅਨਾਰਾਂ ਹੀ ਵਿਆਹਣੀ ਏ, ਮੈਂ ਉਸ ਨੂੰ ਆਪੇ ਲੱਭ ਲਾਂਗਾ। ਜੇ ਨਾ ਲੱਭੀ ਤਾਂ ਪ੍ਰਾਣ ਤਿਆਗ ਦਿਆਂਗਾ। ਪਰ ਉਸਦਾ ਡੋਲਾ ਲਏ ਬਗ਼ੈਰ ਘਰ ਪੈਰ ਨਹੀਂ ਪਾਣਾ।"

ਸੋ ਸ਼ਹਿਜ਼ਾਦਾ ਘਰੋਂ ਤੁਰ ਪਿਆ। ਕਈ ਦਿਨਾਂ ਦੇ ਸਫ਼ਰ ਮਗਰੋਂ ਉਹ ਇਕ ਜੰਗਲ ਵਿਚ ਪੁਜਾ, ਉਸ ਜੰਗਲ ਵਿਚ ਇਕ ਬਾਗ਼ ਸੀ ਜੋ ਸਾਰੇ ਦਾ ਸਾਰਾ ਸੁਕ ਗਿਆ ਸੀ। ਬੂਟਿਆਂ ਨਾਲ ਲੱਗੇ ਪੱਤੇ ਪੀਲੇ ਪੈ ਗਏ ਸਨ ਤੇ ਟਹਿਣੀਆਂ ਝੌਂ ਗਈਆਂ ਸਨ। ਸਾਰੇ ਫੁੱਲ ਮੁਰਝਾ ਗਏ ਸਨ। ਇਉਂ ਲੱਗਦਾ ਸੀ ਕਿ ਬਾਗ਼ ਨੂੰ ਕਈ ਮਹੀਨਿਆਂ ਤੋਂ ਕਿਸੇ ਨੇ ਪਾਣੀ ਨਹੀਂ ਸੀ ਦਿਤਾ। ਸ਼ਹਿਜ਼ਾਦੇ ਨੇ ਸਾਰਾ ਬਾਗ਼ ਢੂੰਡ ਮਾਰਿਆ, ਪਰ ਉਸ ਨੂੰ ਕਿਧਰੇ ਵੀ ਕੋਈ ਰਾਖਾ ਜਾਂ ਮਾਲੀ ਵਿਖਾਈ ਨਾ ਦਿਤਾ। ਘੁੰਮਦਿਆਂ ਫਿਰਦਿਆਂ ਉਸ ਨੂੰ ਬਾਗ਼ ਦੇ ਇਕੋ ਪਾਸੇ ਇਕ ਨਿੱਕੀ ਜਿਹੀ ਝੁਗੀ ਵਿਖਾਈ ਦਿਤੀ। ਸ਼ਹਿਜ਼ਾਦੇ ਨੇ ਝੁਗੀ ਦੇ ਅੰਦਰ ਝਾਕਿਆ। ਉਥੇ ਕੋਈ ਸਾਧੂ ਮਹਾਤਮਾ ਸਮਾਧੀ ਲਗਾਈ ਬੈਠਾ ਸੀ।

ਅਸਲ ਵਿਚ ਇਹ ਬਾਗ਼ ਇਸੇ ਸਾਧੂ ਮਹਾਤਮਾ ਦਾ ਸੀ, ਜੋ ਵਰ੍ਹੇ ਵਿਚ ਛੇ ਮਹੀਨੇ ਤਕ ਸਮਾਧੀ ਲਗਾਂਦਾ ਸੀ। ਜਦੋਂ ਉਸ ਦੀ ਸਮਾਧੀ ਲੱਗੀ ਹੁੰਦੀ ਤਾਂ ਬਾਗ਼ ਦੀ ਸੇਵਾ ਕਰਨ ਵਾਲਾ ਹੋਰ ਕੋਈ ਸ਼ਖ਼ਸ ਨਾ ਹੋਣ ਕਰ ਕੇ ਬਾਗ਼ ਸੁਕ ਸੜ ਜਾਂਦਾ ਸੀ।

ਸ਼ਹਿਜ਼ਾਦਾ ਸਾਧੂ ਨੂੰ ਵੇਖ ਕੇ ਬੜਾ ਖ਼ੁਸ਼ ਹੋਇਆ ਅਤੇ ਉਸ ਨੇ ਸੋਚਿਆ ਕਿ ਜਦੋਂ ਤਕ ਸਾਧੂ ਦੀ ਸਮਾਧੀ ਨਹੀਂ ਖੁਲ੍ਹਦੀ ਓਦੋਂ ਤਕ ਉਹ ਉਥੇ ਹੀ ਰਹਿ ਕੇ ਬਾਗ਼ ਦੀ ਸੇਵਾ ਕਰੇ।

ਸੋ ਸ਼ਹਿਜ਼ਾਦਾ ਵੀ ਉਥੇ ਇਕ ਦਰੱਖ਼ਤ ਹੇਠ ਆਰਾਮ ਕਰਨ ਵਾਸਤੇ ਲੇਟ ਗਿਆ। ਉਥੇ ਨਾਲ ਹੀ ਇਕ ਹੋਰ ਟੁਟੀ ਹੋਈ ਝੁਗੀ ਸੀ, ਜਿਸ ਵਿਚ ਸਾਧੂ ਪਹਿਲਾ ਮੁਕਾਮ ਕੀਤਾ ਕਰਦਾ ਸੀ। ਉਸ ਝੁਗੀ ਵਿਚ ਸ਼ਹਿਜ਼ਾਦਾ ਖ਼ੁਦ ਰਹਿਣ ਲੱਗਾ। ਸ਼ਹਿਜ਼ਾਦਾ ਸਾਰਾ ਦਿਨ ਬੂਟਿਆਂ ਨੂੰ ਪਾਣੀ ਦਿੰਦਾ, ਪੌਦਿਆਂ ਦੀ ਗੋਡੀ ਕਰਦਾ। ਬਾਗ਼ ਦੇ ਪੱਤੇ ਤੇ ਟਹਿਣੀਆਂ, ਜੋ ਨਿੱਤ ਝੜਦੀਆਂ ਰਹਿੰਦੀਆਂ, ਉਹਨਾਂ ਨੂੰ ਚੁਕ ਕੇ ਇਕ ਪਾਸੇ ਸਮੇਟਦਾ। ਇਉਂ ਉਸ ਨੇ ਬਾਗ਼ ਨੂੰ ਸੁਹਣਾ ਸੁਥਰਾ ਅਤੇ ਹਰਾ ਭਰਾ ਬਣਾ ਦਿਤਾ। ਕੁਝ ਦਿਨਾਂ ਦੀ ਮਿਹਨਤ ਨਾਲ ਹੀ ਬਾਗ਼ ਚਮਕਣ ਲੱਗਾ।

ਅਖ਼ੀਰ ਇਕ ਦਿਨ ਸਾਧੂ ਦੀ ਸਮਾਧੀ ਖੁਲ੍ਹੀ। ਉਹ ਬਾਗ਼ ਨੂੰ ਸਾਫ਼ ਸੁਥਰਾ ਤੇ ਹਰਾ ਭਰਾ ਵੇਖ ਕੇ ਦੰਗ ਰਹਿ ਗਿਆ। ਅੱਗੇ ਜਦੋਂ ਵੀ ਉਸ ਦੀ ਸਮਾਧੀ ਖੁਲ੍ਹਦੀ ਸੀ ਬਾਗ਼ ਦੇ ਸਾਰੇ ਫੁੱਲ ਬੂਟੇ ਝੌਂ ਚੁਕੇ ਹੁੰਦੇ ਸਨ। ਉਹ ਸੋਚਣ ਲਗਾ—ਐਤਕੀਂ ਬਾਗ਼

ਦੀ ਸੇਵਾ ਕੌਣ ਕਰਦਾ ਰਿਹਾ ਹੈ ? ਇਹ ਗੱਲ ਵੇਖਣ ਲਈ ਸਾਧੂ ਘੁੰਮ ਫਿਰ ਕੇ ਬਾਗ਼ ਦੀ ਸੈਰ ਕਰਨ ਲੱਗਾ। ਅਚਾਨਕ ਉਸ ਦੀ ਨਜ਼ਰ ਇਕ ਦਰੱਖ਼ਤ ਹੇਠ ਪਈ ਜਿਥੇ ਇਕ ਗਭਰੂ ਘੂਕ ਸੁਤਾ ਪਿਆ ਸੀ। ਸਾਧੂ ਸਮਝ ਗਿਆ ਕਿ ਇਸੇ ਸ਼ਖ਼ਸ ਨੇ ਬਾਗ਼ ਦੀ ਸੰਭਾਲ ਕੀਤੀ ਹੋਵੇਗੀ।

ਪੈਰਾਂ ਦੀ ਆਵਾਜ਼ ਸੁਣ ਕੇ ਸ਼ਹਿਜ਼ਾਦੇ ਦੀ ਅੱਖ ਖੁਲ੍ਹ ਗਈ ਅਤੇ ਉਸ ਨੇ ਸਾਧੂ ਦੇ ਚਰਨਾਂ ਨੂੰ ਛੂਹ ਕੇ ਪ੍ਰਨਾਮ ਕੀਤਾ। ਸਾਧੂ ਨੇ ਕਿਹਾ, "ਬੇਟਾ, ਬੂਟਿਆਂ ਨੂੰ ਪਾਣੀ ਤੂੰ ਦਿੰਦਾ ਰਿਹਾ ਏਂ ?"

"ਹਾਂ ਮਹਾਰਾਜ, ਇਹ ਸੇਵਾ ਮੈਨੂੰ ਹੀ ਕਰਨ ਦਾ ਮੌਕਾ ਮਿਲਿਆ ਏ।"

"ਮੈਂ ਤੇਰੇ 'ਤੇ ਬਹੁਤ ਖ਼ੁਸ਼ ਹਾਂ, ਕੁਝ ਮੰਗ ਲੈ।"

"ਤੁਹਾਡਾ ਦਿਤਾ ਤੇ ਰੱਬ ਦਾ ਦਿਤਾ ਬਹੁਤ ਕੁਝ ਏ, ਕਿਸੇ ਸ਼ੈ ਦੀ ਲੋੜ ਨਹੀਂ।"

ਸਾਧੂ ਨੇ ਦੂਜੀ ਵਾਰ ਫਿਰ ਕਿਹਾ ਤਾਂ ਸ਼ਹਿਜ਼ਾਦੇ ਨੇ ਉਹੋ ਹੀ ਉਤਰ ਦਿਤਾ। ਤੀਜੀ ਵਾਰ ਜਦੋਂ ਸਾਧੂ ਨੇ ਕਿਹਾ, "ਵੇਖ ਬੇਟਾ, ਸ਼ਰਮ ਨਾ ਕਰ, ਕੁਝ ਮੰਗ ਲੈ, ਇਹੋ ਵੇਲਾ ਏ।"

ਤਾਂ ਸ਼ਹਿਜ਼ਾਦੇ ਨੇ ਆਖਿਆ, "ਮਹਾਰਾਜ, ਮੈਂ ਇਕ ਰਾਜੇ ਦਾ ਪੁੱਤਰ ਹਾਂ, ਤੁਹਾਡਾ ਦਿਤਾ ਤੇ ਰੱਬ ਦਾ ਦਿਤਾ ਬਹੁਤ ਕੁਝ ਏ। ਮੈਂ ਅਨਾਰਾਂ ਸ਼ਹਿਜ਼ਾਦੀ ਨੂੰ ਢੂੰਡਦਾ ਹੋਇਆ ਇਥੋਂ ਤਕ ਆ ਪੁਜਾ ਹਾਂ। ਜੇ ਤੁਸੀਂ ਮੇਰੇ ਉਤੇ ਤਰੁਠੇ ਹੋ ਤਾਂ ਅਨਾਰਾਂ ਸ਼ਹਿਜ਼ਾਦੀ ਦਾ ਥਹੁ ਪਤਾ ਦਸੋ।"

ਸਾਧੂ ਨੇ ਕਿਹਾ, "ਤੂੰ ਇਹ ਕੀ ਮੰਗ ਲਿਆ। ਕੁਝ ਹੋਰ ਮੰਗ ਲੈ।" ਸਾਧੂ ਨੇ ਸ਼ਹਿਜ਼ਾਦੇ ਨੂੰ ਬੜਾ ਸਮਝਾਇਆ, ਪਰ ਜਦੋਂ ਉਸ ਨੇ ਜ਼ਿੱਦ ਕੀਤੀ ਤਾਂ ਸਾਧੂ ਨੇ ਸ਼ਹਿਜ਼ਾਦੇ ਨੂੰ ਇਕ ਖੇਹਨੂੰ ਦਿੰਦੇ ਹੋਏ ਕਿਹਾ, "ਬੇਟਾ, ਤੂੰ ਇਥੋਂ ਸਿੱਧਾ ਤੁਰਦਾ ਜਾ, ਅੱਗੇ ਨਦੀ ਆਵੇਗੀ। ਨਦੀ ਤੋਂ ਪਾਰ ਅੱਗੇ ਇਕ ਖ਼ੂਬਸੂਰਤ ਬਾਗ਼ ਵਿਖਾਈ ਦੇਵੇਗਾ। ਉਸ ਬਾਗ਼ ਵਿਚ ਅਨੇਕਾਂ ਅਨਾਰਾਂ ਦੇ ਦਰੱਖ਼ਤ ਨੇ, ਉਨ੍ਹਾਂ ਦਰੱਖ਼ਤਾਂ ਵਿਚ ਹੀ ਅਨਾਰਾਂ ਸ਼ਹਿਜ਼ਾਦੀ ਦਾ ਵਾਸਾ ਏ।"

"ਪਰ ਮੈਨੂੰ ਉਸ ਦਰੱਖ਼ਤ ਦਾ ਕਿਵੇਂ ਪਤਾ ਲੱਗੇਗਾ ?"

"ਇਹ ਖੇਹਨੂੰ ਇਸੇ ਵਾਸਤੇ ਦੇ ਰਿਹਾ ਹਾਂ, ਤੂੰ ਉਸ ਜੰਗਲ ਵਿਚ ਜਾ ਕੇ ਇਹ ਖੇਹਨੂੰ ਉਛਾਲ ਦੇਵੀਂ ਤੇ ਫਿਰ ਇਸ ਦੇ ਪਿਛੇ ਪਿਛੇ ਤੁਰਦਾ ਜਾਵੀਂ, ਜਿਸ ਅਨਾਰ ਦੇ ਬੂਟੇ ਹੇਠਾਂ ਇਹ ਖੇਹਨੂੰ ਜਾ ਕੇ ਰੁਕੇਗਾ, ਉਸੇ ਵਿਚ ਅਨਾਰਾਂ ਰਹਿੰਦੀ ਹੋਵੇਗੀ। ਉਸ ਦਰੱਖ਼ਤ ਦੇ ਸਭ ਤੋਂ ਵੱਡੇ ਅਨਾਰ ਨੂੰ ਤੋੜ ਕੇ ਘਰ ਲੈ ਜਾਵੀਂ।"

"ਹੱਛਾ ਮਹਾਰਾਜ, ਤੁਸੀਂ ਤਰੁਠੇ ਹੋ ਤਾਂ ਸਭ ਕੰਮ ਰਾਸ ਹੋ ਜਾਵੇਗਾ।"

"ਪਰ ਇਕ ਗੱਲ ਯਾਦ ਰਖੀਂ। ਉਸ ਅਨਾਰ ਨੂੰ ਸਿੱਧਾ ਘਰ ਲੈ ਜਾਵੀਂ, ਰਾਹ ਵਿਚ ਭੁਲ ਕੇ ਵੀ ਨਾ ਚੀਰੀਂ। ਜੇ ਰਾਹ ਵਿਚ ਚੀਰਿਆ ਤਾਂ ਤੇਰੇ ਤੋਂ ਅਨਾਰਾਂ ਦੇ ਰੂਪ ਦੀ ਝਾਲ ਨਹੀਂ ਝੱਲੀ ਜਾਣੀ ਤੇ ਕੋਈ ਆਫ਼ਤ ਆ ਪੈਣੀ ਏਂ।"

ਸ਼ਹਿਜ਼ਾਦਾ ਸਾਰੀ ਗੱਲ ਸਮਝ ਕੇ ਉਥੋਂ ਤੁਰ ਪਿਆ। ਉਹ ਨਦੀ ਪਾਰ ਕਰ ਕੇ ਇਕ ਖ਼ੂਬਸੂਰਤ ਬਾਗ਼ ਵਿਚ ਪੁਜਾ, ਜਿਥੋਂ ਦੀ ਹਰੇਕ ਚੀਜ਼ ਬੜੀ ਅਦਭੁਤ ਸੀ।

ਉਸ ਨੇ ਖੇਹਨੂੰ ਉਛਾਲਿਆ ਤੇ ਆਪ ਉਸ ਦੇ ਪਿਛੇ ਪਿਛੇ ਤੁਰ ਪਿਆ। ਖੇਹਨੂੰ ਇਕ ਅਨਾਰ ਦੇ ਵੱਡੇ ਸਾਰੇ ਬੂਟੇ ਦੇ ਹੇਠਾਂ ਜਾ ਰੁਕਿਆ। ਉਸ ਦਰੱਖ਼ਤ ਨਾਲ ਇਕ ਵੱਡਾ ਸਾਰਾ ਅਨਾਰ ਲੱਗਾ ਹੋਇਆ ਸੀ। ਸ਼ਹਿਜ਼ਾਦੇ ਨੇ ਉਹ ਅਨਾਰ ਤੋੜ ਲਿਆ ਤੇ ਘਰ ਵੱਲ ਤੁਰ ਪਿਆ।

ਜਦੋਂ ਸ਼ਹਿਜ਼ਾਦਾ ਸ਼ਾਹੀ ਬਾਗ਼ ਵਿਚ ਪੁਜਾ ਤਾਂ ਉਸ ਨੇ ਸੋਚਿਆ ਕਿ ਜੇ ਇਸ ਅਨਾਰ ਵਿਚੋਂ ਸ਼ਹਿਜ਼ਾਦੀ ਨਾ ਨਿਕਲੀ ਤਾਂ ਫਿਰ ਕੀ ਬਣੇਗਾ। ਭਰਜਾਈਆਂ ਤਾਂ ਮਿਹਣੇ ਦੇਣਗੀਆਂ ਹੀ, ਲੋਕ ਵੀ ਮਖ਼ੌਲ ਉਡਾਣਗੇ। ਕਿਉਂ ਨਾ ਅਨਾਰ ਤੋੜ ਕੇ ਵੇਖ ਲਿਆ ਜਾਵੇ। ਜੇ ਅਨਾਰਾਂ ਸ਼ਹਿਜ਼ਾਦੀ ਵਿਚੋਂ ਨਿਕਲ ਆਈ ਤਾਂ ਵਾਹ ਵਾਹ, ਉਸ ਨੂੰ ਉਹ ਘਰ ਲੈ ਜਾਵੇਗਾ। ਜੇ ਨਾ ਨਿਕਲੀ ਤਾਂ ਉਹ ਫਿਰ ਜੰਗਲ ਵਿਚ ਪਰਤ ਜਾਵੇਗਾ ਤੇ ਉਸ ਨੂੰ ਨਵੇਂ ਸਿਰੇ ਤੋਂ ਖੋਜੇਗਾ।

ਫਿਰ ਸ਼ਹਿਜ਼ਾਦੇ ਨੂੰ ਸਾਧੂ ਦੀ ਗੱਲ ਦਾ ਖ਼ਿਆਲ ਆਇਆ ਕਿ ਰਾਹ ਵਿਚ ਅਨਾਰ ਨਾ ਚੀਰੀਂ। ਪਰ ਸ਼ਹਿਜ਼ਾਦੇ ਨੇ ਸੋਚਿਆ : ਹੁਣ ਤਾਂ ਮੈਂ ਆਪਣੇ ਸ਼ਹਿਰ ਵਿਚ ਆ ਗਿਆ ਹਾਂ, ਇਹ ਤਾਂ ਮੇਰੇ ਹੀ ਪਿਉ ਦਾ ਵੱਡਾ ਬਾਗ਼ ਏ, ਇਥੇ ਅਨਾਰ ਚੀਰਨ ਦਾ ਕੋਈ ਹਰਜ਼ ਨਹੀਂ।

ਸੋ ਸ਼ਹਿਜ਼ਾਦੇ ਨੇ ਰੱਬ ਦਾ ਨਾਂ ਲੈ ਕੇ ਅਨਾਰ ਨੂੰ ਚੀਰਿਆ। ਅਨਾਰ ਨੂੰ ਚੀਰਦੇ ਸਾਰ, ਵਿਚੋਂ ਛਣ ਛਣ ਕਰਦੀ ਸੂਹੇ ਸਾਵੇ ਪਹਿਨੀ, ਇਕ ਸ਼ਹਿਜ਼ਾਦੀ ਨਿਕਲੀ। ਸ਼ਹਿਜ਼ਾਦੇ ਨੂੰ ਲੱਗਾ ਜਿਵੇਂ ਬਿਜਲੀ ਕੂੰਧ ਗਈ ਹੋਵੇ। ਉਹ ਰੂਪ ਦੀ ਝਾਲ ਨਾ ਝਲ ਸਕਿਆ ਅਤੇ ਬੇਸੁਰਤ ਹੋ ਕੇ ਡਿਗ ਪਿਆ।

ਅਨਾਰਾਂ ਨੇ ਸ਼ਹਿਜ਼ਾਦੇ ਨੂੰ ਬੇਹੋਸ਼ ਪਿਆ ਵੇਖ ਉਸ ਦੇ ਸਿਰ ਨੂੰ ਪਲੋਸਿਆ ਤੇ ਫਿਰ ਆਪਣੇ ਗੋਡਿਆਂ ਉਤੇ ਰਖ ਲਿਆ। ਅਨਾਰਾਂ ਉਡੀਕਣ ਲੱਗੀ ਕਿ ਸ਼ਹਿਜ਼ਾਦੇ ਨੂੰ ਹੁਣੇ ਹੋਸ਼ ਆ ਜਾਵੇਗੀ।

ਰੱਬ ਸਬੱਬੀ ਮਹਿਲਾਂ ਦੀ ਝੀਵਰੀ ਦੀ ਕੁੜੀ ਪਾਣੀ ਭਰਨ ਵਾਸਤੇ ਬਾਗ਼ ਵਿਚ ਆਈ। ਉਸ ਨੇ ਸ਼ਹਿਜ਼ਾਦੇ ਨੂੰ ਇਕ ਖ਼ੂਬਸੂਰਤ ਮੁਟਿਆਰ ਦੇ ਪੱਟਾਂ ਉਤੇ ਸਿਰ ਰਖੀ ਵੇਖਿਆ। ਉਹ ਸਮਝ ਗਈ ਕਿ ਸ਼ਹਿਜ਼ਾਦਾ ਅਨਾਰਾਂ ਸ਼ਹਿਜ਼ਾਦੀ ਨੂੰ ਵਿਆਹ ਕੇ ਲੈ ਆਇਆ ਹੈ। ਝੀਵਰੀ ਦੌੜਦੀ ਹੋਈ ਆਈ ਤੇ ਸ਼ਹਿਜ਼ਾਦੀ ਨੂੰ ਪੁਛਣ ਲੱਗੀ, "ਤੂੰ ਕੌਣ ਏਂ ?"

"ਮੈਂ ਅਨਾਰਾਂ ਹਾਂ। ਸ਼ਹਿਜ਼ਾਦਾ ਮੈਨੂੰ ਵੇਖਦੇ ਸਾਰ ਹੀ ਬੇਹੋਸ਼ ਹੋ ਗਿਆ ਏ।" ਅਨਾਰਾਂ ਨੇ ਕਿਹਾ।

ਝੀਵਰੀ ਨੇ ਅਨਾਰਾਂ ਨੂੰ ਪਿਆਰ ਕੀਤਾ ਤੇ ਉਸ ਦੇ ਰੂਪ ਨੂੰ ਸਲਾਹਿਆ। ਫਿਰ ਕਹਿਣ ਲੱਗੀ, "ਜਦੋਂ ਤਕ ਸ਼ਹਿਜ਼ਾਦਾ ਹੋਸ਼ ਵਿਚ ਨਹੀਂ ਆਉਂਦਾ, ਆ ਮੈਂ ਤੈਨੂੰ ਬਾਗ਼ ਦੀ ਸੈਰ ਕਰਾਵਾਂ।"

ਅਨਾਰਾਂ ਸ਼ਹਿਜ਼ਾਦੀ ਨੇ ਪਹਿਲਾਂ ਤਾਂ ਨਾਂਹ ਨੁਕਰ ਕੀਤੀ, ਪਰ ਜਦੋਂ ਝੀਵਰੀ ਨੇ ਜ਼ੋਰ ਪਾਇਆ ਤਾਂ ਉਹ ਉਸ ਦੇ ਨਾਲ ਤੁਰ ਪਈ। ਝੀਵਰੀ ਕੱਦ ਕਾਠ ਦੀ ਉੱਚੀ ਲੰਮੀ ਤੇ ਨੈਣ ਨਕਸ਼ਾਂ ਦੀ ਤਿੱਖੀ ਸੀ, ਰੰਗ ਭਾਵੇਂ ਉਸ ਦਾ ਸਾਂਵਲਾ ਸੀ, ਪਰ

ਰੂਪ ਉਸ ਕੋਲ ਵੀ ਆਖਰਾਂ ਦਾ ਸੀ। ਉਸ ਦੇ ਮਨ ਵਿਚ ਕਈ ਵਿਚਾਰ ਉਠੇ।

ਅਨਾਰਾਂ ਨੂੰ ਪਿਆਸ ਲੱਗੀ। ਝੀਵਰੀ ਉਸ ਨੂੰ ਖੂਹ ਉਤੇ ਪਾਣੀ ਪਿਲਾਣ ਵਾਸਤੇ ਲੈ ਗਈ। ਪਾਣੀ ਪੀ ਕੇ ਦੋਹਾਂ ਨੇ ਖੂਹ ਦੇ ਪਾਣੀ ਵਿਚ ਆਪੋ ਆਪਣੇ ਮੂੰਹ ਵੇਖੇ। ਅਨਾਰਾਂ ਸੂਹੇ ਸਾਵੇ ਕਪੜਿਆਂ ਵਿਚ ਹੁਸਨ ਦੀ ਮਲਕਾ ਲੱਗ ਰਹੀ ਸੀ। ਇਹ ਵੇਖ ਝੀਵਰੀ ਨੇ ਕਿਹਾ, "ਮੈਂ ਤੇਰੇ ਕਪੜੇ ਪਾ ਕੇ ਵੇਖਦੀਂ ਆਂ, ਮੈਂ ਕਿਹੋ ਜਿਹੀ ਲੱਗਾਂਗੀ।"

ਅਨਾਰਾਂ ਕਹਿਣ ਲੱਗੀ, "ਮੈਂ ਨੰਗੀ ਕਿਵੇਂ ਰਹਾਂਗੀ ?"

"ਤੂੰ ਮੇਰੇ ਕਪੜੇ ਪਹਿਨ ਲਈਂ।"

ਪਹਿਲਾਂ ਤਾਂ ਅਨਾਰਾਂ ਨਾ ਮੰਨੀ, ਪਰ ਝੀਵਰੀ ਨੇ ਮੋਹ ਜਤਲਾ ਕੇ ਉਸ ਨੂੰ ਰਜ਼ਾਮੰਦ ਕਰ ਲਿਆ। ਜਦੋਂ ਦੁਹਾਂ ਨੇ ਇਕ ਦੂਜੇ ਨਾਲ ਕਪੜੇ ਬਦਲ ਲਏ ਤੇ ਉਹ ਦੋਵੇਂ ਖੂਹ ਵਿਚ ਉੜ ਕੇ ਵੇਖਣ ਲੱਗੀਆਂ ਕਿ ਉਹ ਕਿਹੋ ਜਿਹੀਆਂ ਲੱਗਦੀਆਂ ਹਨ। ਤਾਂ ਝੀਵਰੀ ਨੇ ਹੁਸ਼ਿਆਰੀ ਤੋਂ ਕੰਮ ਲੈਂਦਿਆਂ, ਅਨਾਰਾਂ ਸ਼ਹਿਜ਼ਾਦੀ ਨੂੰ ਖੂਹ ਵਿਚ ਧੱਕਾ ਦੇ ਦਿਤਾ ਅਤੇ ਉਹ ਅਨਾਰਾਂ ਦੇ ਕਪੜੇ ਪਹਿਨੀ, ਆਪ ਉਥੇ ਆ ਬੈਠੀ, ਜਿਥੇ ਸ਼ਹਿਜ਼ਾਦਾ ਬੇਸੁਰਤ ਪਿਆ ਸੀ। ਫਿਰ ਉਹ ਸ਼ਹਿਜ਼ਾਦੇ ਦਾ ਸਿਰ ਪਲੋਸਣ ਲੱਗੀ।

ਕੁਝ ਚਿਰ ਬਾਅਦ ਸ਼ਹਿਜ਼ਾਦੇ ਨੂੰ ਹੋਸ਼ ਆਈ ਤਾਂ ਉਸ ਨੇ ਝੀਵਰੀ ਨੂੰ ਸੂਏ ਸਾਵੇ ਕਪੜਿਆਂ ਵਿਚ ਵੇਖ ਕੇ ਉਸੇ ਨੂੰ ਹੀ ਅਨਾਰਾਂ ਸਮਝ ਲਿਆ। ਸ਼ਹਿਜ਼ਾਦਾ ਝੀਵਰੀ ਨੂੰ ਧਿਆਨ ਨਾਲ ਵੇਖ ਕੇ ਮਨ ਵਿਚ ਸੋਚਣ ਲੱਗਾ : ਜਦੋਂ ਅਨਾਰਾਂ ਫਲ ਵਿਚੋਂ ਨਿਕਲੀ ਸੀ ਤਾਂ ਬੜੀ ਖ਼ੂਬਸੂਰਤ ਲੱਗਦੀ ਸੀ, ਇਸ ਦਾ ਚਿਹਰਾ ਚੰਨ ਵਾਂਗ ਦਗ ਦਗ ਕਰਦਾ ਸੀ; ਹੁਣ ਉਹ ਪਹਿਲਾ ਰੂਪ ਨਹੀਂ ਰਿਹਾ, ਚਿਹਰਾ ਵੀ ਰਤਾ ਕੁ ਸਾਂਵਲਾ ਹੋ ਗਿਆ ਏ। ਸ਼ਾਇਦ ਸਾਧੂ ਮਹਾਤਮਾ ਦੀ ਗੱਲ ਨਹੀਂ ਮੰਨੀ। ਉਸ ਨੇ ਘਰ ਜਾ ਕੇ ਅਨਾਰ ਚੀਰਨ ਦੀ ਨਸੀਹਤ ਦਿਤੀ ਸੀ। ਇਸੇ ਕਰਕੇ ਅਨਾਰਾਂ ਸ਼ਾਇਦ ਰਤਾ ਕੁ ਸਾਂਵਲੀ ਹੋ ਗਈ ਹੈ।

ਫਿਰ ਸ਼ਹਿਜ਼ਾਦੇ ਨੇ ਆਪਣੇ ਮਾਲੀ ਹੱਥ ਪਿਉ ਰਾਜੇ ਨੂੰ ਸੁਨੇਹਾ ਭੇਜਿਆ ਕਿ ਉਹ ਅਨਾਰਾਂ ਸ਼ਹਿਜ਼ਾਦੀ ਨੂੰ ਵਿਆਹ ਕੇ ਲੈ ਆਇਆ ਹੈ। ਉਹ ਉਸ ਨੂੰ ਢੋਲ ਢਮੱਕਿਆਂ ਨਾਲ ਬਾਗ਼ ਵਿਚੋਂ ਆ ਕੇ ਲੈ ਜਾਣ। ਇਹ ਖ਼ਬਰ ਸੁਣ ਕੇ ਰਾਜਾ ਬੜਾ ਖ਼ੁਸ਼ ਹੋਇਆ ਅਤੇ ਬੜੀ ਸ਼ਾਨ ਸ਼ੌਕਤ ਨਾਲ ਨੂੰਹ ਪੁੱਤਰ ਦਾ ਡੋਲਾ ਘਰ ਲੈ ਆਇਆ।

ਜਦੋਂ ਜਠਾਣੀਆਂ ਨੇ ਅਨਾਰਾਂ ਦਾ ਘੁੰਡ ਚੁਕ ਕੇ ਮੂੰਹ ਵੇਖਿਆ ਤਾਂ ਉਹ ਹੈਰਾਨ ਰਹਿ ਗਈਆਂ, ਇਹ ਤਾਂ ਆਮ ਜਿਹੀ ਕੁੜੀ ਸੀ। ਪਰੀਆਂ ਵਾਲੀ ਤਾਂ ਇਸ ਵਿਚ ਗੱਲ ਹੀ ਕੋਈ ਨਹੀਂ ਸੀ। ਮਹਿਲ ਵਿਚ ਇਹੋ ਜਿਹੀਆਂ ਕੁੜੀਆਂ ਆਮ ਸਨ। ਜਠਾਣੀਆਂ ਘੁਸਰ ਮੁਸਰ ਕਰਨ ਲੱਗੀਆਂ, ਪਰ ਸ਼ਹਿਜ਼ਾਦੇ ਦੇ ਪਿਉ ਨੇ ਆਪਣੀਆਂ ਸਭ ਨੂੰਹਾਂ ਨੂੰ ਸਮਝਾ ਦਿਤਾ ਕਿ ਉਹ ਸ਼ਹਿਜ਼ਾਦੇ ਦੀ ਅਨਾਰਾਂ ਬਾਰੇ ਕੋਈ ਵਾਧੂ ਗੱਲ-ਕੱਥ ਨਾ ਕਰਨ; ਨਾ ਹੀ ਸ਼ਹਿਜ਼ਾਦੇ ਨੂੰ ਕਿਸੇ ਗੱਲ ਦੇ ਤਾਅਨੇ ਮਾਰਨ। ਅੱਗੇ ਹੀ ਸ਼ਹਿਜ਼ਾਦਾ, ਕਈ ਸਾਲਾਂ ਮਗਰੋਂ ਘਰ ਪਰਤ ਕੇ ਆਇਆ ਸੀ, ਇਹ ਨਾ ਹੋਵੇ, ਉਹ ਦੋਬਾਰਾ ਨਾਰਾਜ਼ ਹੋ ਕੇ ਚਲਾ ਜਾਵੇ।

ਕੁਝ ਦਿਨ ਲੰਘੇ। ਜਿਸ ਖੂਹ ਵਿਚ ਅਨਾਰਾਂ ਸ਼ਹਿਜ਼ਾਦੀ ਨੂੰ ਝੀਵਰੀ ਨੇ ਧੱਕਾ

ਦੇ ਕੇ ਸੁਟਿਆ ਸੀ, ਉਸ ਖੂਹ ਵਿਚ ਇਕ ਬੜਾ ਖ਼ੂਬਸੂਰਤ ਫੁੱਲ ਉਗ ਪਿਆ। ਉਸ ਫੁੱਲ ਨੂੰ ਜਿਹੜਾ ਵੀ ਵੇਖਦਾ ਤੋੜਨ ਲਈ ਆਪਣੇ ਹੱਥ ਵਧਾਂਦਾ, ਪਰ ਉਹ ਫੁੱਲ ਝਟ ਨੀਵਾਂ ਹੋ ਜਾਂਦਾ। ਇਹ ਗੱਲ ਸਾਰੇ ਸ਼ਹਿਰ ਵਿਚ ਫੈਲ ਗਈ। ਸ਼ਹਿਰ ਦੇ ਕਈ ਲੋਕ ਉਸ ਫੁੱਲ ਨੂੰ ਤੋੜਨ ਲਈ ਗਏ, ਪਰ ਉਹ ਫੁੱਲ ਹਰ ਵਾਰ ਨੀਵਾਂ ਹੋ ਜਾਂਦਾ ਰਿਹਾ।

ਝੀਵਰੀ ਨੂੰ ਜਦੋਂ ਇਸ ਗੱਲ ਦੀ ਖ਼ਬਰ ਮਿਲੀ ਤਾਂ ਉਹ ਧ੍ਰਿਗੀ ਮੰਜੀ ਲੈ ਕੇ ਲੰਮੀ ਪੈ ਗਈ। ਨਾ ਕੁਝ ਖਾਵੇ ਨਾ ਪੀਵੇ। ਬਸ, ਇਕੋ ਰਟ ਲਗਾਈ ਜਾਵੇ :

ਸੂਲ ਮਰਨੀ ਆਂ,
ਸੂਲ ਮਰਨੀ ਆਂ।

"ਇਹ ਸੂਲ ਤੇਰਾ ਕਿਵੇਂ ਮਠਾ ਹੋਸੀ।" ਸ਼ਹਿਜ਼ਾਦੇ ਨੇ ਪੁਛਿਆ।

"ਇਹ ਤਾਂ ਮਠਾ ਹੋਸੀ, ਜੇ ਖੂਹ ਵਾਲਾ ਲਾਲ ਫੁੱਲ ਤੋੜ ਕੇ ਮੇਰੇ ਮੱਥੇ ਉਤੇ ਮਸਲੋ।" ਝੀਵਰੀ ਨੇ ਕਿਹਾ।

ਸ਼ਹਿਜ਼ਾਦਾ ਉਸੇ ਵੇਲੇ ਬਾਗ਼ ਵਿਚ ਗਿਆ। ਖੂਹ ਵਿਚ ਇਕ ਖ਼ੂਬਸੂਰਤ ਲਾਲ ਫੁੱਲ ਵੇਖ ਕੇ ਉਹ ਦੰਗ ਰਹਿ ਗਿਆ। ਅਜਿਹਾ ਦੈਵੀ ਫੁੱਲ ਉਸ ਨੇ ਪਹਿਲਾਂ ਕਦੇ ਨਹੀਂ ਸੀ ਡਿਠਾ। ਜਦੋਂ ਸ਼ਹਿਜ਼ਾਦੇ ਨੇ ਫੁੱਲ ਨੂੰ ਤੋੜਨ ਲਈ ਹੱਥ ਵਧਾਇਆ ਤਾਂ ਉਹ ਫੁੱਲ ਝਟ ਉੱਚਾ ਹੋ ਕੇ ਸ਼ਹਿਜ਼ਾਦੇ ਦੇ ਹੱਥਾਂ ਵਿਚ ਆ ਗਿਆ। ਪਹਿਲਾਂ ਜਦੋਂ ਵੀ ਕੋਈ ਉਹ ਫੁੱਲ ਤੋੜਨ ਲੱਗਦਾ ਤਾਂ ਉਹ ਨੀਵਾਂ ਹੋ ਜਾਂਦਾ ਸੀ। ਪਰ ਸ਼ਹਿਜ਼ਾਦੇ ਦੇ ਹੱਥ ਵਧਾਣ ਨਾਲ ਉਹ ਹੋਰ ਉੱਚਾ ਹੋ ਗਿਆ ਸੀ। ਲੋਕੀਂ ਵੇਖ ਕੇ ਹੈਰਾਨ ਹੋ ਰਹੇ ਸਨ ਕਿ ਇਸ ਵਿਚ ਕੀ ਭੇਤ ਸੀ।

ਸ਼ਹਿਜ਼ਾਦਾ ਫੁੱਲ ਨੂੰ ਤੋੜ ਕੇ ਘਰ ਲੈ ਆਇਆ। ਝੀਵਰੀ ਬੜੀ ਖ਼ੁਸ਼ ਹੋਈ। ਉਸ ਫੁੱਲ ਨੂੰ ਕੁਟ ਕੇ ਤੇ ਲੇਪ ਬਣਾ ਕੇ ਝੀਵਰੀ ਨੇ ਆਪਣੇ ਮੱਥੇ ਉਤੇ ਲਗਾਇਆ। ਪਰ ਉਹ ਲੇਪ ਦੇ ਲਗਾਣ ਦੀ ਢਿਲ ਸੀ ਕਿ ਝੀਵਰੀ ਦੇ ਸਿਰ ਵਿਚ ਤਰਾਟਾਂ ਪੈਣ ਲੱਗੀਆਂ। ਜਦੋਂ ਦਰਦ ਬਹੁਤ ਵਧਿਆ ਤਾਂ ਝੀਵਰੀ ਨੇ ਉਸ ਲੇਪ ਨੂੰ ਮੱਥੇ ਨਾਲੋਂ ਉਤਾਰ ਕੇ, ਆਪਣੇ ਮਹਿਲਾਂ ਦੇ ਪਿਛਵਾੜੇ ਵਲ ਸੁਟ ਦਿਤਾ।

ਕੁਝ ਦਿਨ ਲੰਘ ਗਏ। ਇਕ ਦਿਨ ਝੀਵਰੀ ਨੇ ਕੋਠੇ 'ਤੇ ਚੜ੍ਹ ਕੇ ਮਹਿਲਾਂ ਦੇ ਪਿਛਵਾੜੇ ਨਜ਼ਰ ਮਾਰੀ ਤਾਂ ਉਸ ਨੇ ਵੇਖਿਆ ਕਿ ਜਿਥੇ ਉਸ ਨੇ ਫੁੱਲ ਦੀਆਂ ਪੱਤੀਆਂ ਦਾ ਲੇਪ ਸੁਟਿਆ ਸੀ, ਉਥੇ ਕੁਲਫੇ ਦਾ ਸਾਗ ਉੱਗ ਪਿਆ ਹੈ। ਕੁਲਫੇ ਦਾ ਸਾਗ ਵੇਖ ਕੇ ਸੋਚਣ ਲੱਗੀ, ਕਿਧਰੇ ਇਹ ਸਾਗ ਉਸ ਦਾ ਭਾਂਡਾ ਹੀ ਨਾ ਫੋੜ ਦੇਵੇ। ਸੋ ਉਹ ਬੜੀ ਘਬਰਾਈ ਤੇ ਫਿਰ ਧ੍ਰਿਗੀ ਮੰਜੀ ਲੈ ਕੇ ਲੰਮੀ ਪੈ ਰਹੀ ਤੇ ਇਕੋ ਰਟ ਛੁਹ ਬੈਠੀ :

ਸੂਲ ਮਰਨੀ ਆਂ,
ਸੂਲ ਮਰਨੀ ਆਂ।

ਸ਼ਹਿਜ਼ਾਦਾ ਜਦੋਂ ਘਰ ਆਇਆ ਤਾਂ ਉਸ ਨੇ ਝੀਵਰੀ ਤੋਂ ਪੁਛਿਆ, "ਤੇਰਾ ਇਹ ਸੂਲ ਕਿਵੇਂ ਮਠਾ ਹੋਸੀ।"

"ਇਹ ਤਾਂ ਮਠਾ ਹੋਸੀ ਜੇ ਮਹਿਲਾਂ ਦੇ ਪਿਛਵਾੜੇ ਵਾਲਾ ਕੁਲਫੇ ਦਾ ਸਾਗ ਪੁਟਵਾ ਕੇ ਲਿਆ ਦੇਸੋ।" ਝੀਵਰੀ ਨੇ ਕਿਹਾ।

"ਇਹ ਵੀ ਕੋਈ ਵੱਡੀ ਗੱਲ ਏ ?" ਸ਼ਹਿਜ਼ਾਦੇ ਨੇ ਕਿਹਾ।

ਸ਼ਹਿਜ਼ਾਦੇ ਨੇ ਮਾਲੀ ਸਦਵਾ ਕੇ ਮਹਿਲਾਂ ਦੇ ਪਿਛਵਾੜੇ ਦਾ ਸਾਰਾ ਕੁਲਫਾ ਪੁਟਵਾ ਕੇ ਝੀਵਰੀ ਦੇ ਅੱਗੇ ਲਿਆ ਧਰਿਆ ਅਤੇ ਕਿਹਾ, "ਲੈ, ਇਸ ਨੂੰ ਰਿੰਨ੍ਹ ਦੇ।"

ਝੀਵਰੀ ਨੇ ਕਟਵੀ ਵਿਚ ਸਾਗ ਪਾ ਕੇ ਰਿੰਨ੍ਹਣ ਵਾਸਤੇ ਧਰ ਦਿਤਾ। ਜਦੋਂ ਸਾਗ ਉਬਲਣ ਲੱਗਾ ਤਾਂ ਕਟਵੀ ਵਿਚੋਂ ਆਵਾਜ਼ ਆਉਣ ਲੱਗੀ :

ਬੁੜਕ ਬੁੜਕ ਕੁੰਨੀਏ,
ਝੀਵਰੀ ਦਾ ਸਿਰ ਮੁੰਨੀਏ।

ਝੀਵਰੀ ਨੇ ਕੁੰਨੀ ਉਤੇ ਢੱਕਣ ਦੇ ਦਿਤਾ, ਪਰ ਆਵਾਜ਼ ਫੇਰ ਵੀ ਬੰਦ ਨਾ ਹੋਈ। ਝੀਵਰੀ ਡਰ ਗਈ ਕਿ ਇਹ ਕੁੰਨੀ ਤਾਂ ਉਸ ਦਾ ਭੇਤ ਖੋਲ੍ਹ ਦੇਵੇਗੀ। ਸੋ ਝੀਵਰੀ ਨੇ ਕੜਛੀ ਨਾਲ ਸਾਗ ਨੂੰ ਖ਼ੂਬ ਘੋਟਿਆ, ਪਰ ਫੇਰ ਵੀ ਆਵਾਜ਼ ਆਉਂਦੀ ਰਹੀ :

ਬੁੜਕ ਬੁੜਕ ਕੁੰਨੀਏ,
ਝੀਵਰੀ ਦਾ ਸਿਰ ਮੁੰਨੀਏ।

ਜਦੋਂ ਝੀਵਰੀ ਦੀਆਂ ਸਭ ਕੋਸ਼ਿਸ਼ਾਂ ਅਸਫਲ ਰਹੀਆਂ ਤਾਂ ਉਸ ਆਵਾਜ਼ ਤੋਂ ਖਹਿੜਾ ਛੁਡਾਣ ਲਈ ਝੀਵਰੀ ਨੇ ਕਟਵੀ ਨੂੰ ਚੁਕ ਕੇ ਮਹਿਲਾਂ ਦੇ ਪਿਛਵਾੜੇ ਸੁਟ ਦਿਤਾ। ਆਵਾਜ਼ ਤਾਂ ਬੰਦ ਹੋ ਗਈ। ਪਰ ਜਿਥੇ ਕਿਥੇ ਉਸ ਪਾਣੀ ਦੀਆਂ ਛਿਟਾਂ ਗਈਆਂ, ਉਥੇ ਉਥੇ ਵੰਨ ਵੰਨਾਂ ਦੇ ਫੁੱਲ ਉਗ ਪਏ। ਅਗਲੇ ਦਿਨ ਉਥੇ ਇਕ ਖ਼ੂਬਸੂਰਤ ਬਾਗ਼ ਉੱਗ ਪਿਆ ਅਤੇ ਬਾਗ਼ ਦੇ ਵਿਚਕਾਰ ਇਕ ਅਨਾਰਾਂ ਦਾ ਬੂਟਾ ਝੂੰਮਣ ਲੱਗਾ, ਜਿਸ ਦੇ ਨਾਲ ਇਕ ਵੱਡਾ ਸਾਰਾ ਅਨਾਰ ਲੱਗਾ।

ਕੁਝ ਦਿਹਾੜੇ ਲੰਘੇ। ਇਕ ਦਿਨ ਝੀਵਰੀ ਨੇ ਫਿਰ ਮਹਿਲਾਂ ਦੇ ਪਿਛਵਾੜੇ ਨਜ਼ਰ ਮਾਰੀ ਤਾਂ ਉਥੇ ਇਕ ਬਹੁਤ ਹੀ ਖ਼ੂਬਸੂਰਤ ਬਾਗ਼ ਲਹਿ ਲਹਿ ਕਰਦਾ ਵੇਖਿਆ। ਝੀਵਰੀ ਘਬਰਾ ਗਈ ਅਤੇ ਫਿਰ ਧ੍ਰਿਗੀ ਮੰਜੀ ਲੈ ਕੇ ਪੈ ਰਹੀ।

ਤ੍ਰਿਕਾਲਾਂ ਵੇਲੇ ਜਦੋਂ ਸ਼ਹਿਜ਼ਾਦਾ ਘਰ ਆਇਆ ਤਾਂ ਝੀਵਰੀ ਆਖਣ ਲੱਗੀ :

ਸੂਲ ਮਰਨੀ ਆਂ,
ਸੂਲ ਮਰਨੀ ਆਂ।

ਸ਼ਹਿਜ਼ਾਦੇ ਪੁਛਿਆ, "ਤੇਰਾ ਸੂਲ ਕਿਵੇਂ ਮਠਾ ਹੋਸੀ।"

ਪਹਿਲੀ ਵਾਰ ਉਸ ਕੋਈ ਉੱਤਰ ਨਾ ਦਿਤਾ, ਦੂਜੀ ਵਾਰ ਵੀ ਪੁੱਛਣ 'ਤੇ ਉਹ ਚੁਪ ਰਹੀ। ਤੀਜੀ ਵਾਰ ਪੁੱਛਣ ਤੇ ਉਸ ਨੇ ਕਿਹਾ, "ਮਹਿਲਾਂ ਦੇ ਪਿਛਵਾੜੇ ਜਿਹੜਾ ਬਾਗ਼ ਲੱਗਾ ਏ, ਉਹ ਹੁਣੇ ਪਟਵਾ ਦਿਉ ਤਾਂ ਮਠਾ ਹੋਸੀ।"

ਉਸੇ ਵੇਲੇ ਸ਼ਹਿਜ਼ਾਦੇ ਨੇ ਢੰਡੋਰਾ ਪਿਟਵਾ ਦਿਤਾ ਕਿ ਮਹਿਲਾਂ ਦੇ ਪਿਛੇ ਜੋ ਨਵਾਂ ਬਾਗ਼ ਉਗਿਆ ਹੈ, ਉਸ ਵਿਚੋਂ, ਜਿਸ ਦਾ ਜੋ ਜੀਅ ਚਾਹਵੇ, ਤੋੜ ਕੇ ਲੈ ਜਾਵੇ। ਬਾਗ਼ ਵਿਚ ਲੋਕਾਂ ਦੀ ਭੀੜ ਆ ਜੁੜੀ। ਕੋਈ ਫੁੱਲਾਂ ਦਾ ਸ਼ੌਕੀਨ ਰੰਗ-ਬਰੰਗੇ ਫੁੱਲਾਂ ਨੂੰ ਤੋੜਨ ਲੱਗਾ। ਕੋਈ ਫਲ ਇਕੱਠੇ ਕਰਨ ਲੱਗਾ। ਕਿਸੇ ਨੇ ਬਾਲਣ

ਵਾਸਤੇ ਲਕੜਾਂ ਇਕੱਠੀਆਂ ਕਰ ਲਈਆਂ। ਸਾਰਾ ਬਾਗ਼ ਉਜੜ ਗਿਆ।

ਉਸੇ ਸ਼ਹਿਰ ਵਿਚ ਇਕ ਬੁੱਢੀ ਮਾਈ ਰਹਿੰਦੀ ਸੀ। ਉਸ ਦਾ ਛੋਟਾ ਲੜਕਾ ਬਾਗ਼ ਵਿਚੋਂ ਫਲ ਫੁੱਲ ਤੋੜਨ ਵਾਸਤੇ ਜਾਣਾ ਚਾਹੁੰਦਾ ਸੀ, ਪਰ ਬੁੱਢੀ ਨੇ ਇਹ ਕਹਿ ਕੇ ਰੋਕ ਲਿਆ, "ਬੇਟਾ, ਰਾਜਿਆਂ ਦਾ ਕੋਈ ਵਸਾਹ ਨਹੀਂ ਹੁੰਦਾ। ਬਾਦਸ਼ਾਹਾਂ ਦੇ ਮਾਮਲੇ, ਦਰਿਆਵਾਂ ਦੇ ਫੇਰ; ਕੌਣ ਜਾਣੇ ਕਿਹੜੇ ਪਾਸੇ ਵਗ ਤੁਰਨ। ਕਿਧਰੇ ਗੁੱਸੇ ਵਿਚ ਆ ਕੇ ਸਿਪਾਹੀ ਉਲਟਾ ਤੈਨੂੰ ਫੜ ਹੀ ਨਾ ਲੈਣ।" ਬੁੱਢੀ ਦੇ ਲੜਕੇ ਨੇ ਬੜਾ ਜ਼ੋਰ ਲਗਾਇਆ, ਪਰ ਬੁੱਢੀ ਨੇ ਉਸ ਨੂੰ ਘਰੋਂ ਬਾਹਰ ਪੈਰ ਨਾ ਕੱਢਣ ਦਿਤਾ।

ਜਦੋਂ ਸਾਰਾ ਬਾਗ਼ ਲੁਟਿਆ ਗਿਆ ਤਾਂ ਬੁੱਢੀ ਨੇ ਆਪਣੇ ਬੇਟੇ ਨੂੰ ਘਰੋਂ ਬਾਹਰ ਪੈਰ ਕੱਢਣ ਦੀ ਆਗਿਆ ਦਿਤੀ। ਪਰ ਲੜਕਾ ਘਰੋਂ ਨਿਕਲ ਕੇ ਸਿੱਧਾ ਬਾਗ਼ ਵਿਚ ਜਾ ਵੜਿਆ ਅਤੇ ਲੱਗਾ ਡਿੱਗੇ ਪਤਰਾਂ ਦੇ ਢੇਰ ਨੂੰ ਫੋਲਣ, ਮਤਾਂ ਕੋਈ ਸੁਕਾ ਸੜਿਆ ਫਲ ਫੁਲ ਮਿਲ ਜਾਵੇ। ਪਤਰਾਂ ਨੂੰ ਫਰੋਲਦਿਆਂ ਉਸ ਦੀ ਨਜ਼ਰ ਇਕ ਅਨਾਰਾਂ ਦੇ ਬੂਟੇ ਵਲ ਗਈ, ਜਿਸ ਨਾਲ ਇਕ ਵੱਡਾ ਸਾਰਾ ਅਨਾਰ ਲੱਗਾ ਹੋਇਆ ਸੀ। ਸੋ ਬੁੱਢੀ ਦਾ ਪੁੱਤਰ ਉਹ ਅਨਾਰ ਤੋੜ ਕੇ ਘਰ ਲੈ ਆਇਆ। ਬੁੱਢੀ ਨੇ ਉਹ ਅਨਾਰ ਪੁੱਤਰ ਤੋਂ ਖੋਹ ਕੇ ਕੋਠੇ ਵਿਚ ਛੁਪਾ ਦਿਤਾ।

ਰਾਤ ਵੇਲੇ ਮਾਂ ਪੁੱਤਰ ਰੋਟੀ ਟੁਕਰ ਤੋਂ ਵਿਹਲੇ ਹੋ ਕੇ ਅਨਾਰ ਨੂੰ ਚੀਰਨ ਲੱਗੇ ਤਾਂ ਵਿਚੋਂ ਆਵਾਜ਼ ਆਈ, "ਮਾਂ, ਵਲ ਕਰ ਕੇ ਛਿਲੀਂ, ਕਿਧਰੇ ਮੇਰਾ ਕੋਈ ਅੰਗ ਨਾ ਤੋੜ ਦੇਵੀਂ।" ਇਹ ਗੱਲ ਸੁਣ ਕੇ ਮਾਂ ਪੁੱਤਰ ਦੋਵੇਂ ਹੱਕੇ ਬੱਕੇ ਰਹਿ ਗਏ।

ਫਿਰ ਉਨ੍ਹਾਂ ਦਰਵਾਜ਼ਾ ਬੰਦ ਕਰ ਕੇ ਬੜੇ ਆਰਾਮ ਨਾਲ ਅਨਾਰ ਨੂੰ ਚੀਰਿਆ। ਉਸੇ ਵੇਲੇ ਅਨਾਰ ਦੇ ਅੰਦਰੋਂ ਸੂਹੇ ਸਾਵੇ ਕਪੜੇ ਪਹਿਨੀ, ਅਨਾਰਾਂ ਸ਼ਹਿਜ਼ਾਦੀ ਨਿਕਲੀ।

ਮਾਂ ਪੁੱਤਰ ਦੋਵੇਂ ਘਬਰਾ ਕੇ ਪਿਛੇ ਹਟ ਗਏ। ਪਰ ਅਨਾਰਾਂ ਨੇ ਬੜੀ ਮਿੱਠੀ ਸੁਰ ਵਿਚ ਕਿਹਾ, "ਮੈਂ ਅਨਾਰਾਂ ਸ਼ਹਿਜ਼ਾਦੀ ਹਾਂ, ਮੇਰੇ ਤੋਂ ਨਾ ਡਰੋ, ਮੈਨੂੰ ਤੁਸੀਂ ਆਪਣੀ ਧੀ ਬਣਾ ਕੇ ਘਰ ਵਿਚ ਰਖ ਲਓ, ਮੈਂ ਤੁਹਾਡੇ ਉਤੇ ਬੋਝ ਨਹੀਂ ਬਣਾਂਗੀ।"

ਬੁੱਢੀ ਨੇ ਅਨਾਰਾਂ ਨੂੰ ਲਾਡ ਲਡਾਇਆ ਤੇ ਪਿਆਰ ਕਰਦਿਆਂ ਕਿਹਾ, "ਅੱਜ ਤੋਂ ਤੂੰ ਸਾਡੀ ਧੀ। ਤੈਨੂੰ ਜੋ ਚਾਹੀਦਾ ਏ ਸਾਡੇ ਤੋਂ ਮੰਗ ਲਈਂ।"

ਅਗਲੇ ਦਿਨ ਅਨਾਰਾਂ ਸ਼ਹਿਜ਼ਾਦੀ ਨੇ ਬੁੱਢੀ ਨੂੰ ਕਿਹਾ, "ਮੈਨੂੰ ਬਜ਼ਾਰ ਤੋਂ ਥੋੜਾ ਜਿਹਾ ਕਪੜਾ ਤੇ ਕੁਝ ਰੇਸ਼ਮੀ ਧਾਗੇ ਮੰਗਾ ਦਿਓ, ਮੈਂ ਰੁਮਾਲ ਕਢਣਾ ਚਾਹੁੰਦੀ ਹਾਂ, ਸਾਰਾ ਦਿਨ ਵਿਹਲੀ ਕੀ ਕਰਾਂ।" ਬੁੱਢੀ ਨੇ ਪੁੱਤਰ ਨੂੰ ਭੇਜ ਕੇ ਕੁਝ ਕਪੜਾ ਤੇ ਰੰਗ ਬਰੰਗੇ ਰੇਸ਼ਮੀ ਧਾਗੇ ਮੰਗਵਾ ਦਿਤੇ, ਜਿਸ ਨਾਲ ਅਨਾਰਾਂ ਨੇ ਇਕ ਰੁਮਾਲ ਕਢਿਆ ਜੋ ਬੜਾ ਹੀ ਖ਼ੂਬਸੂਰਤ ਸੀ।

ਅਨਾਰਾਂ ਨੇ ਬੁੱਢੀ ਦੇ ਪੁੱਤਰ ਨੂੰ ਕਿਹਾ, "ਵੀਰਾ, ਇਸ ਰੁਮਾਲ ਨੂੰ ਛੋਟੇ ਸ਼ਹਿਜ਼ਾਦੇ ਦੇ ਕੋਲ ਲੈ ਜਾਹ।"

ਮੁੰਡਾ ਸ਼ਹਿਜ਼ਾਦੇ ਕੋਲ ਰੁਮਾਲ ਲੈ ਗਿਆ। ਸ਼ਹਿਜ਼ਾਦੇ ਨੇ ਇਤਨਾ ਖ਼ੂਬਸੂਰਤ ਰੁਮਾਲ ਪਹਿਲਾਂ ਕਦੇ ਨਹੀਂ ਸੀ ਵੇਖਿਆ। ਇਕ ਇਕ ਫੁੱਲ ਬੜੀ ਮਿਹਨਤ ਨਾਲ ਕਢਿਆ ਜਾਪਦਾ ਸੀ। ਰੰਗਾਂ ਦਾ ਮੇਲ ਬੜਾ ਕੁਦਰਤੀ ਤੇ ਦਿਲ-ਖਿਚਵਾਂ ਸੀ। ਸ਼ਹਿਜ਼ਾਦੇ ਨੇ

ਰੁਮਾਲ ਲੈ ਕੇ ਚੋਖੀ ਸਾਰੀ ਰਕਮ ਬੁੱਢੀ ਦੇ ਪੁੱਤਰ ਨੂੰ ਇਨਾਮ ਵਜੋਂ ਦਿਤੀ। ਅਨਾਰਾਂ ਹਰ ਰੋਜ਼ ਇਕ ਰੁਮਾਲ ਕਢਦੀ, ਹਰ ਰੋਜ਼ ਬੁੱਢੀ ਦਾ ਪੁੱਤਰ ਉਹ ਰੁਮਾਲ ਛੋਟੇ ਸ਼ਹਿਜ਼ਾਦੇ ਕੋਲ ਲੈ ਜਾਂਦਾ ਅਤੇ ਹਰ ਰੋਜ਼ ਸ਼ਹਿਜ਼ਾਦਾ ਉਸ ਨੂੰ ਇਨਾਮ ਦਿਤਾ ਕਰਦਾ।

ਇਕ ਦਿਨ ਸ਼ਹਿਜ਼ਾਦਾ ਬੁੱਢੀ ਦੇ ਪੁੱਤਰ ਨੂੰ ਪੁੱਛਣ ਲੱਗਾ, "ਇਤਨੇ ਖ਼ੂਬਸੂਰਤ ਰੁਮਾਲ ਕੌਣ ਕਢਦਾ ਏ ?"

"ਮੇਰੀ ਭੈਣ।"

ਸ਼ਹਿਜ਼ਾਦਾ ਸੋਚਣ ਲੱਗਾ, "ਜਿਸ ਦੇ ਹੱਥਾਂ ਦਾ ਰੁਮਾਲ ਇਤਨਾ ਖ਼ੂਬਸੂਰਤ ਏ, ਉਹ ਆਪ ਕਿਤਨੀ ਸੋਹਣੀ ਹੋਵੇਗੀ।" ਸੋ ਸ਼ਹਿਜ਼ਾਦੇ ਦੇ ਅੰਦਰ ਉਸ ਲੜਕੀ ਵਾਸਤੇ ਪਿਆਰ ਜਾਗਿਆ।

"ਤੇਰੀ ਭੈਣ ਵਿਆਹੀ ਵਰੀ ਏ ਕਿ ਕੰਵਾਰੀ?"

"ਜੀ, ਕੰਵਾਰੀ ਏ।"

"ਮੈਨੂੰ ਆਪਣੇ ਘਰ ਨਾਲ ਲੈ ਚੱਲੇਂਗਾ।"

"ਜੀ ਰਾਜਿਆਂ ਅੱਗੇ ਕਾਹਦਾ ਉਜ਼ਰ।"

ਫਿਰ ਸ਼ਹਿਜ਼ਾਦਾ ਬੁੱਢੀ ਦੇ ਪੁੱਤਰ ਨਾਲ ਉਸ ਦੇ ਘਰ ਤੁਰ ਪਿਆ।

ਸ਼ਹਿਜ਼ਾਦਾ ਅਨਾਰਾਂ ਨੂੰ ਵੇਖ ਕੇ ਦੰਗ ਰਹਿ ਗਿਆ। ਇਹ ਕੁੜੀ ਤਾਂ ਉਸ ਨੇ ਪਹਿਲਾਂ ਕਿਧਰੇ ਵੇਖੀ ਹੋਈ ਸੀ। ਫਿਰ ਉਸ ਨੂੰ ਯਾਦ ਆਇਆ, ਜਦੋਂ ਉਸ ਨੇ ਅਨਾਰ ਚੀਰਿਆ ਸੀ ਤਾਂ ਇਨ ਬਿਨ ਇਹੋ ਜਿਹੀ ਕੁੜੀ ਉਸ ਨੇ ਵੇਖੀ ਸੀ।

"ਤੂੰ ਕੌਣ ਏਂ।" ਸ਼ਹਿਜ਼ਾਦੇ ਨੇ ਪੁਛਿਆ, "ਇਤਨੀ ਖ਼ੂਬਸੂਰਤ ਮੁਟਿਆਰ ਇਸ ਘਰ ਦੀ ਧੀ ਧਿਆਣੀ ਕਦੇ ਨਹੀਂ ਹੋ ਸਕਦੀ। ਤੇਰੇ ਕਪੜੇ ਤੇ ਰੂਪ ਦਸਦਾ ਏ ਕਿ ਤੂੰ ਕੋਈ ਸ਼ਹਿਜ਼ਾਦੀ ਏਂ।"

ਅਨਾਰਾਂ ਚੁੱਪ ਰਹੀ। ਉਸ ਦੀਆਂ ਅੱਖਾਂ ਵਿਚੋਂ ਅੱਥਰੂ ਡਲਕ ਆਏ।

"ਤੂੰ ਕਿਉਂ ਰੋਂਦੀ ਏਂ ?" ਸ਼ਹਿਜ਼ਾਦੇ ਨੇ ਪੁਛਿਆ।

"ਮੈਂ ਤੁਹਾਡੀ ਹੀ ਦਾਸੀ ਆਂ।" ਅਨਾਰਾਂ ਨੇ ਹਟਕੋਰੇ ਭਰਦੇ ਕਿਹਾ।

ਬੁੱਢੀ ਮਾਈ ਅਨਾਰਾਂ ਨੂੰ ਪੁਚਕਾਰਦੀ ਹੋਈ ਸ਼ਹਿਜ਼ਾਦੇ ਨੂੰ ਕਹਿਣ ਲੱਗੀ, "ਬੇਟਾ, ਇਹੋ ਤੇਰੀ ਅਸਲੀ ਅਨਾਰਾਂ ਸ਼ਹਿਜ਼ਾਦੀ ਏ।"

ਫਿਰ ਅਨਾਰਾਂ ਨੇ ਸ਼ਹਿਜ਼ਾਦੇ ਨੂੰ ਸਾਰਾ ਮਾਜਰਾ ਅਲਫ਼ ਤੋਂ ਯੇ ਤਕ ਸੁਣਾ ਦਿਤਾ। ਸ਼ਹਿਜ਼ਾਦਾ ਉਸੇ ਵੇਲੇ ਅਨਾਰਾਂ ਨੂੰ ਘਰ ਲੈ ਗਿਆ। ਫਿਰ ਉਸ ਨੇ ਝੀਵਰੀ ਦਾ ਮੂੰਹ ਕਾਲਾ ਕਰ ਕੇ ਅਤੇ ਨੱਕ ਕੰਨ ਕਟਵਾ ਕੇ, ਉਸ ਨੂੰ ਖੋਤੇ ਦੇ ਉਤੇ ਬਿਠਾਇਆ ਅਤੇ ਸਾਰੇ ਸ਼ਹਿਰ ਵਿਚ ਫੇਰਿਆ। ਮਗਰੋਂ ਝੀਵਰੀ ਨੇ ਡਕਰੇ ਡਕਰੇ ਕਰ ਕੇ ਕੁੱਤਿਆਂ ਅੱਗੇ ਪਾ ਦਿਤੇ।

ਸ਼ਹਿਜ਼ਾਦੇ ਦਾ ਅਨਾਰਾਂ ਨਾਲ ਬੜੀ ਸਜ ਧਜ ਨਾਲ ਵਿਆਹ ਹੋਇਆ। ਕਈ ਵਰ੍ਹੇ ਉਹ ਦੋਵੇਂ ਜੀਵਨ ਦਾ ਆਨੰਦ ਭੋਗਦੇ ਰਹੇ। ਜਦੋਂ ਸ਼ਹਿਜ਼ਾਦਾ ਮਰ ਗਿਆ ਤਾਂ ਅਨਾਰਾਂ ਫਿਰ ਕਿਸੇ ਅਨਾਰ ਦੇ ਬੂਟੇ ਵਿਚ ਜਾ ਛੁਪੀ; ਜਿਥੇ ਹੁਣ ਵੀ ਹੈ, ਪਰ ਕਿਸੇ ਨੂੰ ਵੀ ਪਤਾ ਨਹੀਂ ਕਿ ਉਹ ਬੂਟਾ ਕਿਥੇ ਹੈ।

ਨੀਲ ਕੰਵਲ

ਇਕ ਸੌਦਾਗਰ ਵਿਪਾਰ ਕਰਨ ਲਈ ਪਹਿਲੀ ਵਾਰ ਪ੍ਰਦੇਸ ਜਾਣ ਲਗਾ। ਉਸਦੀ ਪਤਨੀ ਕੰਵਲ ਦਾ ਆਪਣੇ ਪਤੀ ਨਾਲ ਬੜਾ ਪਿਆਰ ਸੀ। ਕਹਿਣ ਲਗੀ, "ਤੁਸੀਂ ਪ੍ਰਦੇਸ ਚਲੇ ਓ, ਜੇ ਤੁਸੀਂ ਵਲ ਮੰਦਿਓਂ ਹੋਏ ਤਾਂ ਮੈਨੂੰ ਕਿਵੇਂ ਪਤਾ ਲਗੇ ਗਾ।"

ਸੌਦਾਗਰ ਆਪਣੇ ਲੱਕ ਨਾਲ ਹਮੇਸ਼ਾਂ ਇਕ ਛੁਰੀ ਬੰਨ੍ਹੀ ਰਖਦਾ ਸੀ। ਉਸ ਨੇ, ਪਤਨੀ ਨੂੰ, ਛੁਰੀ ਖੋਲ੍ਹ ਕੇ ਦੇਂਦੇ ਹੋਏ ਕਿਹਾ, "ਇਹ ਛੁਰੀ ਤੂੰ ਆਪਣੇ ਕੋਲ ਰਖ ਲੈ। ਜੇ ਇਹਦਾ ਰੰਗ ਕਾਲਾ ਪੈ ਗਿਆ ਤਾਂ ਸਮਝ ਲਵੀਂ ਕਿ ਮੈਂ ਬਿਮਾਰ ਆਂ, ਜੇ ਇਸ ਤੇ ਲਹੂ ਦੀਆਂ ਬੂੰਦਾਂ ਸਿੰਮ ਆਈਆਂ ਤਾਂ ਸਮਝੀਂ ਮੈਂ ਮਰ ਗਿਆ ਵਾਂ।"

ਫਿਰ ਸੌਦਾਗਰ ਆਪਣੀ ਪਤਨੀ ਦੀਆਂ ਅੱਖਾਂ ਵਿਚ ਝਾਕਦਿਆਂ ਹੋਇਆਂ ਕਹਿਣ ਲਗਾ, "ਤੂੰ ਇਤਨੀ ਖੂਬਸੂਰਤ ਏਂ, ਪਿਛੇ ਇਕਲੀ ਘਰ ਹੋਵੇਂਗੀ, ਕਈ ਮੁਸੀਬਤਾਂ ਪੈ ਸਕਦੀਆਂ ਨੇ, ਮੈਨੂੰ ਤੇਰੀ ਖਬਰ ਸੁਰਤ ਕਿਵੇਂ ਰਹੇਗੀ ?"

ਸੌਦਾਗਰ ਦੀ ਤੀਵੀਂ ਕੰਵਲ ਬੜੀ ਸਾਊ ਤੇ ਪਾਕਦਾਮਨ ਇਸਤ੍ਰੀ ਸੀ। ਤਨ ਦੀ ਵੀ ਸੁਚੀ ਤੇ ਮਨ ਦੀ ਵੀ ਸੁੱਚੀ। ਉਹ ਉਸੇ ਵੇਲੇ ਤਲਾਅ ਤੇ ਗਈ ਤੇ ਇਕ ਨੀਲ ਕੰਵਲ ਤੋੜ ਕੇ ਲੈ ਆਈ ਅਤੇ ਕੁਜੇ ਵਿਚ ਪਾ ਕੇ ਸੌਦਾਗਰ ਨੂੰ ਦਿੰਦੀ ਹੋਈ ਕਹਿਣ ਲਗੀ, "ਜਦੋਂ ਤਕ ਇਹ ਨੀਲ ਕੰਵਲ ਖਿੜਿਆ ਰਿਹਾ, ਤੁਸਾਂ ਸਮਝ ਲੈਣਾ ਕਿ ਮੇਰਾ ਸਤਿ ਕਾਇਮ ਹੈ ਤੇ ਮੈਂ ਠੀਕ ਠਾਕ ਹਾਂ।"

ਸੌਦਾਗਰ ਮਾਲ ਲਦ ਕੇ ਦੂਜੇ ਦੇਸ ਪੁਜਾ। ਉਥੇ ਉਹਨੇ ਆਪਣਾ ਕਾਫੀ ਸਾਰਾ ਮਾਲ ਵੇਚਿਆ, ਖੂਬ ਧਨ ਕਮਾਇਆ। ਇਕ ਦਰਬਾਰੀ ਦੀ ਨਜ਼ਰ ਕੁਜੇ ਵਿਚ ਰਖੇ ਨੀਲ ਕੰਵਲ ਤੇ ਜਾ ਪਈ-ਤਾਜ਼ਾ ਜਿਵੇਂ ਹੁਣੇ ਕਿਸੇ ਤਾਲ ਵਿਚੋਂ ਪੁਟ ਕੇ ਲਿਆਂਦਾ ਹੋਵੇ, ਸਜਰਾ ਤੇ ਖੂਬਸੂਰਤ। ਉਹ ਹੈਰਾਨ ਰਹਿ ਗਿਆ। ਕੰਵਲ ਤਾਂ ਤਲਾਅ ਵਿਚ ਖਿੜਦੇ ਹਨ, ਕੁਜੇ ਵਿਚ ਨਹੀਂ। ਸੋ ਉਸਨੇ ਹੈਰਾਨ ਹੋ ਕੇ ਸੌਦਾਗਰ ਨੂੰ ਕਿਹਾ, "ਉਹ ਕੁਜੇ ਵਾਲਾ ਨੀਲ ਕੰਵਲ ਤਾਂ ਜ਼ਰਾ ਵਿਖਾ।"

"ਉਹ ਨਹੀਂ ਵੇਚਣਾ !" ਸੌਦਾਗਰ ਨੇ ਜੁਆਬ ਦਿਤਾ, "ਉਹ ਮੈਂ ਆਪਣੇ ਵਾਸਤੇ ਰਖਿਆ ਹੋਇਐ।" ਫਿਰ ਸੌਦਾਗਰ ਨੇ ਉਹ ਨੀਲ ਕੰਵਲ ਦੂਜੀਆਂ ਚੀਜ਼ਾਂ ਦੇ ਉਹਲੇ ਛੁਪਾ ਦਿਤਾ।

ਦਰਬਾਰੀ ਨੇ ਉਸ ਅਦਭੁਤ ਨੀਲ ਕੰਵਲ ਬਾਰੇ ਰਾਜੇ ਨੂੰ ਜਾ ਦਸਿਆ। ਰਾਜਾ ਉਸ ਫੁਲ ਨੂੰ ਵੇਖਣ ਵਾਸਤੇ ਬੇਤਾਬ ਹੋਣ ਲਗਾ। ਸੋ ਉਸ ਨੇ ਸੌਦਾਗਰ ਨੂੰ ਦਰਬਾਰ ਵਿਚ ਬੁਲਾ ਕੇ ਉਹ ਫੁੱਲ ਵਿਖਾਣ ਵਾਸਤੇ ਕਿਹਾ।

ਰਾਜਾ ਫੁੱਲ ਵੇਖ ਕੇ ਦੰਗ ਰਹਿ ਗਿਆ ਤੇ ਕਹਿਣ ਲਗਾ, "ਇਹੋ ਜਿਹਾ ਫੁੱਲ ਮੈਂ ਜ਼ਿੰਦਗੀ ਵਿਚ ਪਹਿਲੀ ਵਾਰ ਵੇਖਿਐ, ਸਦ-ਬਹਾਰ ਨੀਲ ਕੰਵਲ ! ਤੂੰ ਜੋ ਮੂੰਹੋਂ ਮੰਗੇਂਗਾ, ਮੈਂ ਚੁਕਾ ਦਿਆਂਗਾ, ਇਹ ਫੁੱਲ ਤੂੰ ਮੈਨੂੰ ਚਾ ਦੇਹ।"

"ਮਹਾਰਾਜ ! ਮੈਂ ਇਹ ਫੁਲ ਵੇਚਣਾ ਨਹੀਂ", ਸੌਦਾਗਰ ਨੇ ਤਰਲਾ ਕੀਤਾ, "ਤੁਸੀਂ ਬੇਸ਼ਕ ਮੈਨੂੰ ਜਾਨੋਂ ਮਾਰ ਦਿਓ।"

"ਪਰ ਕਿਉਂ ? ਤੈਨੂੰ ਮੈਂ ਹੀਰੇ ਲਾਲਾਂ ਨਾਲ ਲਦ ਦਿਆਂਗਾ।"

"ਮਹਾਰਾਜ, ਇਹ ਮੇਰੀ ਤੀਵੀਂ ਦੀ ਨਿਸ਼ਾਨੀ ਏ।" ਸੌਦਾਗਰ ਨੇ ਫੁੱਲ ਦਾ ਰਾਜ ਦਸਦਿਆਂ ਕਿਹਾ, "ਜਦੋਂ ਇਹ ਕਿਸੇ ਹੋਰ ਦੇ ਹੱਥਾਂ ਵਿਚ ਚਲਾ ਗਿਆ, ਇਹ ਮੁਰਝਾ ਜਾਏਗਾ। ਜਦੋਂ ਤਕ ਮੇਰੀ ਤੀਵੀਂ ਸਤਿ ਧਰਮ ਵਿਚ ਕਾਇਮ ਏ, ਤੇ ਇਹ ਫੁੱਲ ਮੇਰੇ ਕੋਲ ਏ, ਇਹ ਸਦਾ ਇਸੇ ਤਰ੍ਹਾਂ ਖਿੜਿਆ ਰਹੇਗਾ।"

"ਤੈਨੂੰ ਕਿਤਨਾ ਚਿਰ ਘਰੋਂ ਨਿਕਲਿਆਂ ਹੋ ਗਿਐ ?"

"ਜੀ, ਵਰ੍ਹਾ ਹੋਣ ਲਗਾ ਏ ?"

"ਕੀ ਇਹ ਵਰ੍ਹੇ ਤੋਂ ਇਉਂ ਹੀ ਖਿੜਿਆ ਰਿਹੈ।"

"ਜੀ ਹਾਂ।"

ਸੌਦਾਗਰ ਦੀਆਂ ਗੱਲਾਂ ਸੁਣ ਕੇ ਰਾਜਾ ਬੜਾ ਹੈਰਾਨ ਹੋਇਆ। ਉਹਦੇ ਲਈ ਹਰ ਗੱਲ ਅਦਭੁਤ ਸੀ। ਉਹ ਸੌਦਾਗਰ ਨੂੰ ਕਹਿਣ ਲਗਾ, "ਮੈਂ ਤੇਰੇ ਤੇ ਬੜਾ ਖੁਸ਼ ਆਂ। ਇਹੋ ਜਿਹੀ ਚੀਜ਼ ਵੇਖਣ ਨੂੰ ਕਦੇ ਕਦਾਈਂ ਹੀ ਮਿਲਦੀ ਏ। ਮੈਂ ਤੈਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੀਆ ਕਰਾਂਗਾ। ਤੂੰ ਸਾਲ ਛਮਾਹੀ ਮੇਰੇ ਮੁਲਕ ਵਿਚ ਹੀ ਠਹਿਰ।"

ਸੌਦਾਗਰ ਨੇ ਪ੍ਰਵਾਨਗੀ ਵਿਚ ਸਿਰ ਝੁਕਾਇਆ। ਰਾਜੇ ਨੇ ਉਹਨੂੰ ਕਾਫੀ ਸਾਰਾ ਧਨ ਦਿਤਾ।

ਸੌਦਾਗਰ ਦੇ ਚਲੇ ਜਾਣ ਮਗਰੋਂ ਰਾਜਾ ਕਿਤਨਾ ਚਿਰ ਸੋਚਾਂ ਵਿਚ ਡੁੱਬਾ ਰਿਹਾ। ਫਿਰ ਰਾਜੇ ਨੇ ਆਪਣੇ ਮਨੋ ਭਾਵ ਵਜ਼ੀਰ ਨਾਲ ਸਾਂਝੇ ਕਰਦੇ ਹੋਏ ਕਿਹਾ, "ਜਿਸ ਔਰਤ ਦਾ ਦਿਤਾ ਫੁੱਲ ਇਤਨਾ ਖੂਬਸੂਰਤ ਤੇ ਹਰਾ ਭਰਾ ਏ, ਉਹ ਆਪ ਕਿਤਨੀ ਸੋਹਣੀ ਤੇ ਮਲੂਕ ਹੋਵੇਗੀ। ਇਕ ਵਾਰ ਵੇਖਣ ਤੇ ਜੀਆ ਕਰਦੈ।"

ਰਾਜੇ ਦੇ ਮਨ ਵਿਚ ਕੰਵਲ ਨੂੰ ਵੇਖਣ ਦੀ ਤਾਂਘ ਭੜਕ ਪਈ। ਉਹ ਕੰਵਲ ਨੂੰ ਧੋਖੇ ਫਰੇਬ ਨਾਲ ਮਹਿਲਾਂ ਵਿਚ ਲਿਆਣਾ ਚਾਹੁੰਦਾ ਸੀ। ਸੋ ਉਸਨੇ ਫਫਾਕੁਟਣੀਆਂ ਸਦਵਾਈਆਂ ਅਤੇ ਉਨ੍ਹਾਂ ਦੀ ਯੋਗਤਾ ਬਾਰੇ ਪੁਛਿਆ। ਕੋਈ ਕਹੇ, "ਮੈਂ ਤਾਰੇ ਤੋੜ ਕੇ ਲਿਆ ਸਕਦੀ ਆਂ।" ਕੋਈ ਕਹੇ, "ਮੈਂ ਅਸਮਾਨ ਨਾਲੋਂ ਟਾਕੀ ਲਾਹ ਵੀ ਜਾਣਦੀ ਹਾਂ, ਲਗਾ ਵੀ ਜਾਣਦੀ ਆਂ।" ਹਰੇਕ ਫਫਾਕੁਟਣੀ ਵਖੋ ਵਖਰੀ ਕਲਾ ਵਿਚ ਨਿਪੁੰਨ ਸੀ।

ਰਾਜੇ ਨੇ ਉਨ੍ਹਾਂ ਵਿਚੋਂ ਦੋ ਫਫਾਕੁਟਣੀਆਂ ਚੁਣੀਆਂ, ਜੋ ਉਸਨੂੰ ਵਧੇਰੇ ਚਾਤਰ ਲਗੀਆਂ। ਉਨ੍ਹਾਂ ਦੋਹਾਂ ਨੂੰ ਸਾਰੀ ਗੱਲ ਸਮਝਾਂਦੇ ਹੋਏ ਕਿਹਾ, "ਤੁਸੀਂ ਫਲਾਣੇ ਸ਼ਹਿਰ ਜਾਓ। ਉਥੇ ਸੌਦਾਗਰ ਦੀ ਪਤਨੀ ਕੰਵਲ ਰਹਿੰਦੀ ਹੈ, ਉਸਨੂੰ ਕਿਸੇ ਤਰ੍ਹਾਂ ਭਰਮਾ ਕੇ ਮੇਰੇ ਮਹਿਲਾਂ ਵਿਚ ਲੈ ਆਓ। ਮੂੰਹ ਮੰਗਿਆ ਇਨਾਮ ਮਿਲੇਗਾ।"

"ਵਾਹ ਇਹ ਵੀ ਕੋਈ ਗੱਲ ਏ, ਮੈਂ ਉਸ ਤੇ ਅਜਿਹਾ ਜਾਦੂ ਧੂੜਾਂਗੀ ਕਿ ਉਹ ਸਿਰ ਦੇ ਭਾਰ ਚਲ ਕੇ ਮਹਿਲਾਂ ਵਿਚ ਆਵੇਗੀ ਤੇ ਤੁਹਾਡੀ ਦਾਸੀ ਬਣ ਕੇ ਰਹੇਗੀ।" ਇਕ ਫਫਾਕੁਟਣੀ ਨੇ ਡੀਂਗ ਮਾਰੀ।

"ਮੈਂ ਤਾਂ ਗੱਲਾਂ ਨਾਲ ਉਹਦਾ ਮਨ ਅਜਿਹਾ ਮੋਹ ਲਾਂਗੀ ਕਿ ਉਹ ਇਉਂ ਖਿਚੀ

ਨੀਲ ਕੰਵਲ

ਇਕ ਸੌਦਾਗਰ ਵਿਪਾਰ ਕਰਨ ਲਈ ਪਹਿਲੀ ਵਾਰ ਪ੍ਰਦੇਸ ਜਾਣ ਲਗਾ। ਉਸਦੀ ਪਤਨੀ ਕੰਵਲ ਦਾ ਆਪਣੇ ਪਤੀ ਨਾਲ ਬੜਾ ਪਿਆਰ ਸੀ। ਕਹਿਣ ਲਗੀ, "ਤੁਸੀਂ ਪ੍ਰਦੇਸ ਚਲੇ ਓ, ਜੇ ਤੁਸੀਂ ਵਲ ਮੰਦਿਓਂ ਹੋਏ ਤਾਂ ਮੈਨੂੰ ਕਿਵੇਂ ਪਤਾ ਲਗੇ ਗਾ।"

ਸੌਦਾਗਰ ਆਪਣੇ ਲੱਕ ਨਾਲ ਹਮੇਸ਼ਾਂ ਇਕ ਛੁਰੀ ਬੰਨ੍ਹੀ ਰਖਦਾ ਸੀ। ਉਸ ਨੇ, ਪਤਨੀ ਨੂੰ, ਛੁਰੀ ਖੋਲ੍ਹ ਕੇ ਦੇਂਦੇ ਹੋਏ ਕਿਹਾ, "ਇਹ ਛੁਰੀ ਤੂੰ ਆਪਣੇ ਕੋਲ ਰਖ ਲੈ। ਜੇ ਇਹਦਾ ਰੰਗ ਕਾਲਾ ਪੈ ਗਿਆ ਤਾਂ ਸਮਝ ਲਵੀਂ ਕਿ ਮੈਂ ਬਿਮਾਰ ਆਂ, ਜੇ ਇਸ ਤੇ ਲਹੂ ਦੀਆਂ ਬੂੰਦਾਂ ਸਿੰਮ ਆਈਆਂ ਤਾਂ ਸਮਝੀਂ ਮੈਂ ਮਰ ਗਿਆ ਵਾਂ।"

ਫਿਰ ਸੌਦਾਗਰ ਆਪਣੀ ਪਤਨੀ ਦੀਆਂ ਅੱਖਾਂ ਵਿਚ ਝਾਕਦਿਆਂ ਹੋਇਆਂ ਕਹਿਣ ਲਗਾ, "ਤੂੰ ਇਤਨੀ ਖੂਬਸੂਰਤ ਏਂ, ਪਿਛੇ ਇਕਲੀ ਘਰ ਹੋਵੇਂਗੀ, ਕਈ ਮੁਸੀਬਤਾਂ ਪੈ ਸਕਦੀਆਂ ਨੇ, ਮੈਨੂੰ ਤੇਰੀ ਖਬਰ ਸੁਰਤ ਕਿਵੇਂ ਰਹੇਗੀ ?"

ਸੌਦਾਗਰ ਦੀ ਤੀਵੀਂ ਕੰਵਲ ਬੜੀ ਸਾਊ ਤੇ ਪਾਕਦਾਮਨ ਇਸਤ੍ਰੀ ਸੀ। ਤਨ ਦੀ ਵੀ ਸੁਚੀ ਤੇ ਮਨ ਦੀ ਵੀ ਸੁੱਚੀ। ਉਹ ਉਸੇ ਵੇਲੇ ਤਲਾਅ ਤੇ ਗਈ ਤੇ ਇਕ ਨੀਲ ਕੰਵਲ ਤੋੜ ਕੇ ਲੈ ਆਈ ਅਤੇ ਕੁਜੇ ਵਿਚ ਪਾ ਕੇ ਸੌਦਾਗਰ ਨੂੰ ਦਿੰਦੀ ਹੋਈ ਕਹਿਣ ਲਗੀ, "ਜਦੋਂ ਤਕ ਇਹ ਨੀਲ ਕੰਵਲ ਖਿੜਿਆ ਰਿਹਾ, ਤੁਸਾਂ ਸਮਝ ਲੈਣਾ ਕਿ ਮੇਰਾ ਸਤਿ ਕਾਇਮ ਹੈ ਤੇ ਮੈਂ ਠੀਕ ਠਾਕ ਹਾਂ।"

ਸੌਦਾਗਰ ਮਾਲ ਲਦ ਕੇ ਦੂਜੇ ਦੇਸ ਪੁਜਾ। ਉਥੇ ਉਹਨੇ ਆਪਣਾ ਕਾਫੀ ਸਾਰਾ ਮਾਲ ਵੇਚਿਆ, ਖੂਬ ਧਨ ਕਮਾਇਆ। ਇਕ ਦਰਬਾਰੀ ਦੀ ਨਜ਼ਰ ਕੁਜੇ ਵਿਚ ਰਖੇ ਨੀਲ ਕੰਵਲ ਤੇ ਜਾ ਪਈ-ਤਾਜ਼ਾ ਜਿਵੇਂ ਹੁਣੇ ਕਿਸੇ ਤਾਲ ਵਿਚੋਂ ਪੁਟ ਕੇ ਲਿਆਂਦਾ ਹੋਵੇ, ਸਜਰਾ ਤੇ ਖੂਬਸੂਰਤ। ਉਹ ਹੈਰਾਨ ਰਹਿ ਗਿਆ। ਕੰਵਲ ਤਾਂ ਤਲਾਅ ਵਿਚ ਖਿੜਦੇ ਹਨ, ਕੁਜੇ ਵਿਚ ਨਹੀਂ। ਸੋ ਉਸਨੇ ਹੈਰਾਨ ਹੋ ਕੇ ਸੌਦਾਗਰ ਨੂੰ ਕਿਹਾ, "ਉਹ ਕੁਜੇ ਵਾਲਾ ਨੀਲ ਕੰਵਲ ਤਾਂ ਜ਼ਰਾ ਵਿਖਾ।"

"ਉਹ ਨਹੀਂ ਵੇਚਣਾ !" ਸੌਦਾਗਰ ਨੇ ਜੁਆਬ ਦਿਤਾ, "ਉਹ ਮੈਂ ਆਪਣੇ ਵਾਸਤੇ ਰਖਿਆ ਹੋਇਐ।" ਫਿਰ ਸੌਦਾਗਰ ਨੇ ਉਹ ਨੀਲ ਕੰਵਲ ਦੂਜੀਆਂ ਚੀਜ਼ਾਂ ਦੇ ਉਹਲੇ ਛੁਪਾ ਦਿਤਾ।

ਦਰਬਾਰੀ ਨੇ ਉਸ ਅਦਭੁਤ ਨੀਲ ਕੰਵਲ ਬਾਰੇ ਰਾਜੇ ਨੂੰ ਜਾ ਦਸਿਆ। ਰਾਜਾ ਉਸ ਫੁਲ ਨੂੰ ਵੇਖਣ ਵਾਸਤੇ ਬੇਤਾਬ ਹੋਣ ਲਗਾ। ਸੋ ਉਸ ਨੇ ਸੌਦਾਗਰ ਨੂੰ ਦਰਬਾਰ ਵਿਚ ਬੁਲਾ ਕੇ ਉਹ ਫੁੱਲ ਵਿਖਾਣ ਵਾਸਤੇ ਕਿਹਾ।

ਰਾਜਾ ਫੁੱਲ ਵੇਖ ਕੇ ਦੰਗ ਰਹਿ ਗਿਆ ਤੇ ਕਹਿਣ ਲਗਾ, "ਇਹੋ ਜਿਹਾ ਫੁੱਲ ਮੈਂ ਜ਼ਿੰਦਗੀ ਵਿਚ ਪਹਿਲੀ ਵਾਰ ਵੇਖਿਐ, ਸਦ-ਬਹਾਰ ਨੀਲ ਕੰਵਲ ! ਤੂੰ ਜੋ ਮੂੰਹੋਂ ਮੰਗੇਂਗਾ, ਮੈਂ ਚੁਕਾ ਦਿਆਂਗਾ, ਇਹ ਫੁੱਲ ਤੂੰ ਮੈਨੂੰ ਚਾ ਦੇਹ।"

"ਮਹਾਰਾਜ ! ਮੈਂ ਇਹ ਫੁਲ ਵੇਚਣਾ ਨਹੀਂ", ਸੌਦਾਗਰ ਨੇ ਤਰਲਾ ਕੀਤਾ, "ਤੁਸੀਂ ਬੇਸ਼ਕ ਮੈਨੂੰ ਜਾਨੋਂ ਮਾਰ ਦਿਓ।"

ਕੰਵਲ ਤਾੜ ਗਈ ਕਿ ਇਹ ਦੋਵੇਂ ਫਫਾਕੁਟਣੀਆਂ ਨੇ, ਜੋ ਉਹਦੇ ਨਾਲ ਕੋਈ ਛੱਲ ਖੇਡਣਾ ਚਾਹੁੰਦੀਆਂ ਨੇ। ਕਿਉਂ ਜੋ ਗਲ੍ਹ ਤੇ ਤਿਲ ਤਾਂ ਉਹਨੇ ਕਜਲੇ ਨਾਲ ਬਣਾ ਕੇ ਹੁਣੇ ਲਾਇਆ ਸੀ।

"ਮਾਸੀ ਜੀ, ਤੁਹਾਨੂੰ ਮਿਲ ਕੇ ਚਿਤ ਬੜਾ ਪ੍ਰਸੰਨ ਹੋਇਐ। ਤੁਸੀਂ ਮੂੰਹ ਹਥ ਧੋ ਕੇ ਕੁਝ ਖਾ ਪੀ ਲਓ, ਫਿਰ ਆਰਾਮ ਨਾਲ ਬੈਠ ਕੇ ਗੱਲਾਂ ਕਰਾਂਗੇ।" ਕੰਵਲ ਨੇ ਚਲਾਕੀ ਤੋਂ ਕੰਮ ਲਿਆ। ਉਹ ਨਹੀਂ ਸੀ ਚਾਹੁੰਦੀ ਕਿ ਫਫਾਕੁਟਣੀਆਂ ਨੂੰ ਕੋਈ ਸ਼ਕ ਪੈ ਜਾਏ।

ਫਫਾਕੁਟਣੀਆਂ ਆਪਣਾ ਦਾਅ ਚਲ ਗਿਆ ਵੇਖ ਖੁਸ਼ੀ ਵਿਚ ਫੁਲੀਆਂ ਨਾ ਸਮਾਈਆਂ।

ਕੰਵਲ ਨੇ ਆਪਣੀ ਦਾਸੀ ਨੂੰ ਬੁਲਾਕੇ ਸਮਝਾਇਆ ਕਿ ਇਨ੍ਹਾਂ ਦੋਹਾਂ ਮਹਿਮਾਨਾਂ ਵਾਸਤੇ ਵਧੀਆ ਭੋਜਨ ਤਿਆਰ ਕੀਤਾ ਜਾਵੇ। ਕੰਵਲ ਨੇ ਨਾਲ ਹੀ ਭੰਗ ਦੇ ਪਕੌੜੇ ਵੀ ਤਲਵਾ ਲਏ।

ਫਫਾਕੁਟਣੀਆਂ ਨੂੰ ਖਾਣੇ ਦਾ ਬੜਾ ਸਵਾਦ ਆਇਆ। ਭਾਂਤ ਭਾਂਤ ਦੀਆਂ ਚੀਜ਼ਾਂ। ਭੰਗ ਦੇ ਪਕੌੜੇ ਉਨ੍ਹਾਂ ਨੇ ਰਜ ਕੇ ਖਾਧੇ। ਫਿਰ ਉਹ ਮੂਰਖਾਂ ਵਾਂਗ ਹਸਦੀਆਂ ਹੋਈਆਂ ਆਪੋ ਵਿਚ ਗੱਲਾਂ ਕਰਨ ਲਗੀਆਂ।

"ਬਸ ਹੁਣ ਇਹ ਕਾਬੂ ਆ ਗਈ ਏ, ਸਾਨੂੰ ਰਾਜੇ ਤੋਂ ਮੂੰਹ ਮੰਗਿਆ ਇਨਾਮ ਮਿਲ ਜਾਵੇਗਾ।" ਇਕ ਕਹਿਣ ਲਗੀ।

"ਇਹਨੂੰ ਕਾਹਦਾ ਘਾਟਾ ਹੋਣੈ, ਰਾਜੇ ਦੀ ਰਾਣੀ ਬਣ ਕੇ ਸੁਖ ਭੋਗੇਗੀ, ਸਾਨੂੰ ਅਸੀਸਾਂ ਦੇਵੇਗੀ।" ਦੂਜੀ ਕਹਿਣ ਲਗੀ।

ਕੰਵਲ ਛੁਪ ਕੇ ਉਹਨਾਂ ਦੀਆਂ ਗੱਲਾਂ ਸੁਣਦੀ ਰਹੀ। ਇਸ ਤਰ੍ਹਾਂ ਕੰਵਲ ਨੂੰ ਅਸਲੀ ਗੱਲ ਦੀ ਸਮਝ ਪੈ ਗਈ।

ਕੰਵਲ ਨੇ ਆਪਣੀਆਂ ਦਾਸੀਆਂ ਦੀ ਮਦਦ ਨਾਲ, ਦੋਹਾਂ ਫਫਾਕੁਟਣੀਆਂ ਨੂੰ, ਪਿਛਲੇ ਕੋਠੇ ਵਿਚ ਡਕ ਦਿਤਾ। ਉਥੇ ਉਹ ਦੋਵੇਂ ਉਹਨਾਂ ਨੂੰ ਭੰਗ ਦੇ ਪਕੌੜੇ ਖਵਾਂਦੀਆਂ ਰਹੀਆਂ। ਸਾਰਾ ਦਿਨ ਉਹ ਉਂਘਦੀਆਂ ਰਹਿੰਦੀਆਂ। ਇਸ ਤਰ੍ਹਾਂ ਕਈ ਦਿਨ ਲੰਘ ਗਏ।

ਜਦੋਂ ਕਾਫੀ ਦਿਨਾਂ ਤਕ ਫਫਾਕੁਟਣੀਆਂ ਨਾ ਪਰਤੀਆਂ ਤਾਂ ਰਾਜਾ ਫਿਕਰਮੰਦ ਹੋਣ ਲਗਾ। ਰਾਜੇ ਨੇ ਦੋ ਠੱਗ ਬੁਲਾਏ ਤੇ ਉਨ੍ਹਾਂ ਨੂੰ ਸਾਰੀ ਗੱਲ ਸਮਝਾਈ। ਠੱਗ ਸਾਰੀ ਗੱਲ ਸੁਣ ਕੇ ਕਹਿਣ ਲਗੇ, "ਮਹਾਰਾਜ ! ਸਾਡੇ ਅਗੇ ਤਾਂ ਵਡੇ ਵਡੇ ਰਾਣੀ ਖਾਂ ਨਹੀਂ ਟਿਕ ਸਕੇ, ਇਹ ਤਾਂ ਤੀਵੀਂ ਏ, ਸਾਡੇ ਲਈ ਇਹ ਕੰਮ ਮੁਸ਼ਕਲ ਨਹੀਂ। ਅਸੀਂ ਕੰਵਲ ਨੂੰ ਤੁਹਾਡੇ ਕਦਮਾਂ ਵਿਚ ਲਿਆ ਖੜੀ ਕਰਾਂਗੇ, ਨਾਲੇ ਫਫਾਕੁਟਣੀਆਂ ਦਾ ਵੀ ਥਹੁ ਪਤਾ ਲਭਕੇ ਨਾਲ ਲਿਆਵਾਂਗੇ।"

ਉਹ ਦੋਵੇਂ ਠੱਗ ਸੌਦਾਗਰ ਦਾ ਭੇਸ ਧਾਰਕੇ ਕੰਵਲ ਕੋਲ ਪਹੁੰਚੇ ਅਤੇ ਕੰਵਲ ਨੂੰ ਉਹਦੇ ਪਤੀ ਦੀਆਂ ਸਾਰੀਆਂ ਨਿਸ਼ਾਨੀਆਂ ਦਸ ਕੇ ਕਹਿਣ ਲਗੇ, "ਫਲਾਣੇ ਸ਼ਹਿਰ ਵਿਚ ਕਾਫਲਾ ਰੁਕਿਆ ਹੋਇਐ, ਤੁਹਾਡਾ ਪਤੀ ਸਖਤ ਬਿਮਾਰ ਏ, ਉਹ ਮੰਜੇ ਤੋਂ

ਹੇਠਾਂ ਨਹੀਂ ਉਤਰ ਸਕਦਾ। ਉਹ ਤੁਹਾਨੂੰ ਮਿਲਣ ਲਈ ਤਾਂਘ ਰਿਹਾ ਏ। ਤੁਸੀਂ ਹੁਣੇ ਤਿਆਰ ਹੋ ਕੇ ਸਾਡੇ ਨਾਲ ਚਲੋ।"

ਕੰਵਲ ਨੇ ਹੌਂਸਲੇ ਤੋਂ ਕੰਮ ਲਿਆ ਅਤੇ ਸਾਰੀ ਗੱਲ ਸੁਣ ਕੇ ਜ਼ਰਾ ਵੀ ਨਾ ਘਬਰਾਈ। ਅੰਦਰ ਕੋਠੇ ਵਿਚ ਜਾ ਕੇ ਉਸ ਨੇ ਉਹ ਸੰਦੂਕੜੀ ਖੋਲ੍ਹੀ ਜਿਸ ਵਿਚ ਉਸ ਦੇ ਪਤੀ ਦਾ ਦਿਤਾ ਚਾਕੂ ਪਿਆ ਸੀ। ਜਾਣ ਵੇਲੇ ਸੌਦਾਗਰ ਨੇ ਚਾਕੂ ਦੇਂਦਿਆਂ ਕੰਵਲ ਨੂੰ ਕਿਹਾ ਸੀ ਕਿ ਮੈਂ ਵਲ-ਮੰਦਿਓਂ ਹੋਇਆ ਤਾਂ ਚਾਕੂ ਉਤੇ ਕਲਿਤਣ ਛਾ ਜਾਵੇਗੀ ਅਤੇ ਜੇ ਮਰ ਗਿਆ ਤਾਂ ਲਹੂ ਦੇ ਕਤਰੇ ਸਿੰਮਣਗੇ।

ਪਰ ਚਾਕੂ ਪਹਿਲਾਂ ਵਾਂਗ ਹੀ ਲਿਸ਼ਕ ਰਿਹਾ ਸੀ। ਕੰਵਲ ਸਮਝ ਗਈ ਕਿ ਇਹ ਤਾਂ ਕੋਈ ਠੱਗ ਹੈ। ਹੋ ਸਕਦੈ ਰਾਜੇ ਨੇ ਫਫ਼ਾਕੁਟਣੀਆਂ ਵਾਂਗ ਇਹਨਾਂ ਨੂੰ ਵੀ ਮੇਰੇ ਪਸਮਾਣ ਵਾਸਤੇ ਭੇਜਿਆ ਹੋਵੇ। ਸੋ ਉਹਨੇ ਹੁਸ਼ਿਆਰੀ ਤੋਂ ਕੰਮ ਲੈਂਦੇ ਹੋਏ ਦੋਹਾਂ ਠੱਗਾਂ ਦਾ ਸਵਾਗਤ ਕੀਤਾ ਅਤੇ ਕਿਹਾ, "ਤੁਸੀਂ ਨਹਾ ਧੋ ਕੇ ਕੁਝ ਖਾ ਪੀ ਲਓ। ਉਦੋਂ ਤਕ ਮੈਂ ਤੁਹਾਡੇ ਨਾਲ ਜਾਣ ਦੀ ਤਿਆਰੀ ਕਰਦੀ ਆਂ।"

ਠੱਗ ਬੜੇ ਖੁਸ਼ ਹੋਏ ਕਿ ਇਹ ਤਾਂ ਸੁਤੇ ਸਿਧ ਹੀ ਕਾਬੂ ਆ ਗਈ ਹੈ।

ਕੰਵਲ ਨੇ ਆਪਣੀਆਂ ਦਾਸੀਆਂ ਨੂੰ ਵਧੀਆ ਖਾਣਾ ਅਤੇ ਭੰਗ ਦੇ ਪਕੌੜੇ ਤਿਆਰ ਕਰਨ ਲਈ ਕਿਹਾ। ਠੱਗਾਂ ਨੂੰ ਖਾਣੇ ਦਾ ਬੜਾ ਸਵਾਦ ਆਇਆ। ਉਨ੍ਹਾਂ ਨੇ ਰਜ ਕੇ ਪਕੌੜੇ ਖਾਧੇ ਤੇ ਫਿਰ ਮਸਤੀ ਵਿਚ ਝੂਮਦੇ ਹੋਏ ਊਲ ਜਲੂਲ ਗੱਲਾਂ ਕਰਨ ਲਗੇ। ਜੇ ਹੱਸਣ ਲਗਦੇ ਤਾਂ ਹੱਸੀ ਹੀ ਜਾਂਦੇ। ਕੰਵਲ ਦੇ ਇਸ਼ਾਰੇ ਤੇ ਦਾਸੀਆਂ ਨੇ ਦੋਹਾਂ ਨੂੰ ਧ੍ਰੀਕ ਕੇ ਦੂਜੀ ਕੋਠੜੀ ਵਿਚ ਬੰਦ ਕਰ ਦਿਤਾ। ਉਨ੍ਹਾਂ ਨੂੰ ਵੀ ਰੋਜ਼ ਭੰਗ ਦੇ ਪਕੌੜੇ ਖਾਣ ਲਈ ਦਿਤੇ ਜਾਣ ਲਗੇ।

ਕਈ ਦਿਨ ਲੰਘ ਗਏ। ਜਦੋਂ ਠੱਗ ਵੀ ਵਾਪਿਸ ਨਾ ਪਰਤੇ ਤਾਂ ਰਾਜੇ ਨੇ ਵਜ਼ੀਰ ਨਾਲ ਸਲਾਹ ਕੀਤੀ, "ਜਾਪਦਾ ਏ, ਠੱਗ ਵੀ ਆਪਣੇ ਮੰਤਵ ਵਿਚ ਕਾਮਯਾਬ ਨਹੀਂ ਹੋਏ। ਜਿਹੜਾ ਜਾਂਦਾ ਏ ਪਰਤ ਕੇ ਨਹੀਂ ਆਉਂਦਾ। ਕਿਉਂ ਨਾ ਅਸੀਂ ਦੋਵੇਂ ਖੁਦ ਚਲੀਏ।"

ਸੋ ਰਾਜਾ ਵਜ਼ੀਰ ਨੂੰ ਨਾਲ ਲੈ ਕੇ ਸੌਦਾਗਰ ਦੇ ਸ਼ਹਿਰ ਵਿਚ ਪੁਜਾ ਅਤੇ ਕੰਵਲ ਦਾ ਦਰ ਜਾ ਖਟਖਟਾਇਆ। ਕੰਵਲ ਦੀ ਇਕ ਗੋਲੀ ਨੇ ਬੂਹਾ ਖੋਲਿਆ ਤੇ ਪੁਛਿਆ, "ਤੁਸੀਂ ਕੌਣ ਓ ?"

"ਇਹ ਇਕ ਮੁਲਕ ਦਾ ਰਾਜਾ ਏ ਤੇ ਮੈਂ ਇਹਦਾ ਵਜ਼ੀਰ ਆਂ", ਵਜ਼ੀਰ ਨੇ ਉਤਰ ਦਿਤਾ। ਗੋਲੀ ਨੇ ਦੋਹਾਂ ਨੂੰ ਬੜੇ ਆਦਰ ਨਾਲ ਕਮਰੇ ਵਿਚ ਬਿਠਾਇਆ। ਕੰਵਲ ਨੇ ਉਹਨਾਂ ਲਈ ਛੱਤੀ ਪ੍ਰਕਾਰ ਦੇ ਭੋਜਨ ਤਿਆਰ ਕਰਵਾਏ।

ਜਦੋਂ ਰਾਜਾ ਤੇ ਵਜ਼ੀਰ ਰੋਟੀ ਖਾਣ ਲਗੇ, ਤਾਂ ਕੰਵਲ ਹਰ ਵਾਰ ਜਦੋਂ ਖਾਣ ਦੀ ਕੋਈ ਚੀਜ਼ ਮੇਜ਼ ਤੇ ਪਰੋਸਣ ਵਾਸਤੇ ਆਉਂਦੀ ਤਾਂ ਉਹਨੇ ਪਹਿਲੇ ਨਾਲੋਂ ਵਖਰੇ ਰੰਗ ਤੇ ਕਿਸਮ ਦੇ ਕਪੜੇ ਪਹਿਨੇ ਹੁੰਦੇ। ਹਰ ਵਾਰ ਹਾਰ ਸ਼ਿੰਗਾਰ ਵੀ ਨਵੀਂ ਤਰ੍ਹਾਂ ਦਾ ਕੀਤਾ ਹੁੰਦਾ।

ਜਦੋਂ ਕੰਵਲ ਸਤਵੀਂ ਵਾਰ ਆਈ ਤਾਂ ਰਾਜੇ ਨੇ ਵਜ਼ੀਰ ਦੇ ਕੰਨਾਂ ਵਿਚ ਆਹਿਸਤਾ

ਜਿਹੇ ਕਿਹਾ, "ਜਾਪਦਾ ਏ ਕਿ ਸੌਦਾਗਰ ਦੀਆਂ ਸੱਤ ਤ੍ਰੀਮਤਾਂ ਨੇ ਤੇ ਇਹ ਸਤੇ ਆਪੋ ਵਿਚ ਭੈਣਾਂ ਨੇ। ਇਨ੍ਹਾਂ ਦੀਆਂ ਸ਼ਕਲਾਂ ਕਾਫੀ ਮਿਲਦੀਆਂ ਜੁਲਦੀਆਂ ਨੇ।"

"ਸੌਦਾਗਰ ਤਾਂ ਕਹਿੰਦਾ ਸੀ ਕਿ ਮੇਰੀ ਇਕੋ ਵਹੁਟੀ ਏ", ਵਜ਼ੀਰ ਵੀ ਹੈਰਾਨ ਸੀ। ਕੰਵਲ ਦੇ ਕੰਨੀ ਇਹ ਗੱਲ ਜਾ ਪਈ। ਉਹ ਰਾਜੇ ਨੂੰ ਕਹਿਣ ਲਗੀ, "ਇਹ ਤੁਸੀਂ ਕੀ ਪਏ ਕਹਿੰਦੇ ਹੋ ? ਸੌਦਾਗਰ ਦੀ ਤਾਂ ਇਕੋ ਵਹੁਟੀ ਏ, ਉਹ ਤਾਂ ਕਮਰੇ ਵਿਚੋਂ ਕਦੇ ਬਾਹਰ ਹੀ ਨਹੀਂ ਨਿਕਲੀ।"

"ਫਿਰ ਤੁਸੀਂ ਕੌਣ ਹੋ ?" ਵਜ਼ੀਰ ਨੇ ਹੈਰਾਨੀ ਪ੍ਰਗਟ ਕੀਤੀ।

"ਮੈਂ ਤਾਂ ਉਹਦੀ ਗੋਲੀ ਆਂ, ਅਸੀਂ ਸੱਤੇ ਗੋਲੀਆਂ ਚਾਚੇ ਤਾਏ ਦੀਆਂ ਧੀਆਂ ਹਾਂ, ਇਸ ਲਈ ਸਾਡੀਆਂ ਸ਼ਕਲਾਂ ਆਪੋ ਵਿਚ ਮਿਲਦੀਆਂ ਨੇ।"

"ਫਿਰ ਤੂੰ ਸਾਡਾ ਇਕ ਕੰਮ ਕਰ।" ਵਜ਼ੀਰ ਨੇ ਕੁਝ ਸੋਚਦੇ ਹੋਏ ਕਿਹਾ।

"ਜੇ ਤੂੰ ਸਾਡਾ ਕੰਮ ਕਰਵਾ ਦਏਂ ਤਾਂ ਤੈਨੂੰ ਮੂੰਹ ਮੰਗਿਆ ਇਨਾਮ ਦੇਵਾਂਗਾ।" ਰਾਜੇ ਨੇ ਵਜ਼ੀਰ ਦਾ ਹੁੰਗਾਰਾ ਭਰਿਆ।

"ਪਰ ਤੁਹਾਡਾ ਕੰਮ ਕੀ ਏ ?" ਕੰਵਲ ਨੇ ਪੁਛਿਆ, "ਜੇ ਮੈਂ ਕਰ ਸਕੀ ਤਾਂ ਮੈਨੂੰ ਕੋਈ ਉਜ਼ਰ ਨਹੀਂ ਹੋਵੇਗਾ।"

"ਬਸ ਇਕ ਵਾਰ ਕੰਵਲ ਨੂੰ ਮੇਰੇ ਮਹਿਲਾਂ ਵਿਚ ਪਹੁੰਚਾ ਦੇ।" ਰਾਜੇ ਨੇ ਉਹਨੂੰ ਵਿਸ਼ਵਾਸ ਵਿਚ ਲੈਂਦਿਆਂ ਕਿਹਾ।

"ਮੇਰੇ ਲਈ ਇਹ ਕੋਈ ਬਹੁਤੀ ਮੁਸ਼ਕਿਲ ਗੱਲ ਨਹੀਂ।" ਗੋਲੀ ਦੇ ਰੂਪ ਵਿਚ ਵਿਚਰਦੀ ਕੰਵਲ ਨੇ ਕਿਹਾ, "ਇਕ ਵਾਰ ਮੈਂ ਕੰਵਲ ਨੂੰ ਮਖੌਲ ਨਾਲ ਕਿਹਾ ਸੀ ਕਿ ਤੂੰ ਕਿਸੇ ਰਾਜੇ ਦੀ ਰਾਣੀ ਬਣ ਸਕਦੀ ਏਂ। ਤਾਂ ਉਹਨੇ ਉਦਾਸ ਹੋ ਕੇ ਉਤਰ ਦਿਤਾ ਸੀ, ਕਿ ਮੇਰੀ ਐਡੀ ਵਡੀ ਕਿਸਮਤ ਕਿਥੇ। ਇਸ ਲਈ ਉਹ ਸ਼ਾਇਦ ਰਜ਼ਾਮੰਦ ਹੋ ਜਾਵੇ। ਜੇ ਨਾ ਵੀ ਮੰਨੀ ਤਾਂ ਵੀ ਅਸੀਂ ਜ਼ਬਰਦਸਤੀ ਡੋਲੇ ਵਿਚ ਪਾ ਕੇ ਤੁਹਾਡੇ ਨਾਲ ਤੋਰ ਦਿਆਂਗੇ। ਅਗੇ ਦੀ ਤੁਸੀਂ ਜਾਣੋਂ। ਤੁਸੀਂ ਬੇਫਿਕਰ ਹੋ ਜਾਓ। ਪਰ ਗੱਲ ਬਾਹਰ ਨਿਕਲਣੀ ਨਹੀਂ ਚਾਹੀਦੀ।" ਥੋਹੜੀ ਦੇਰ ਬਾਅਦ ਕੰਵਲ ਪਰਤ ਆਈ ਤੇ ਕਹਿਣ ਲਗੀ, "ਗੱਲ ਤਾਂ ਬਣ ਜਾਵੇਗੀ, ਪਰ ਸਾਨੂੰ ਚੌਕੰਨੇ ਰਹਿਣਾ ਪਵੇਗਾ। ਇਕ ਤਾਂ ਇਸ ਗੱਲ ਦਾ ਧੂੰਆਂ ਬਾਹਰ ਨਾ ਨਿਕਲੇ। ਦੂਜਾ, ਤੁਸੀਂ ਰਾਤ ਇਥੇ ਹੀ ਠਹਿਰੋ, ਸਵੇਰੇ ਮੂੰਹ ਹਨੇਰੇ ਨਿਕਲ ਜਾਣਾ। ਤੀਜਾ, ਤੁਸੀਂ ਇਕ ਵਡੇ ਸਾਰੇ ਡੋਲੇ ਦਾ ਪ੍ਰਬੰਧ ਕਰੋ ਜਿਸ ਵਿਚ ਕੰਵਲ ਆਪਣੀਆਂ ਤਿੰਨੇ ਗੋਲੀਆਂ ਸਮੇਤ ਬੈਠ ਸਕੇ। ਚੌਥਾ, ਰਾਹ ਵਿਚ ਉਹਨੂੰ ਕੁਝ ਨਾ ਕਹਿਣਾ, ਡੋਲਾ ਸਿਧਾ ਮਹਿਲਾਂ ਵਿਚ ਜਾ ਉਤਾਰਨਾ।"

ਰਾਜਾ ਬੜਾ ਪ੍ਰਸੰਨ ਹੋਇਆ। ਇਕ ਤਾਂ ਕੰਵਲ ਆਪ ਹੀ ਮਾਣ ਨਹੀਂ, ਦੂਜਾ ਉਹਦੀਆਂ ਤਿੰਨ ਖੂਬਸੂਰਤ ਗੋਲੀਆਂ। ਇਕ ਤੋਂ ਇਕ ਚੜ੍ਹਦੀਆਂ। ਵਜ਼ੀਰ ਨੇ ਸ਼ਹਿਰ ਜਾ ਕੇ ਡੋਲੇ ਦਾ ਪ੍ਰਬੰਧ ਕਰ ਲਿਆ, ਜਿਸ ਵਿਚ ਚਾਰ ਤੀਵੀਆਂ ਅਰਾਮ ਨਾਲ ਬੈਠ ਸਕਣ। ਕੁਝ ਕਹਾਰਾਂ ਦਾ ਪ੍ਰਬੰਧ ਵੀ ਕਰ ਲਿਆ ਗਿਆ। ਰਾਜਾ ਸਾਰੀ ਰਾਤ ਸੁਪਨੇ ਬੁਣਦਾ ਰਿਹਾ।

ਕੰਵਲ ਸਰਘੀ ਵੇਲੇ ਉਠੀ। ਦੋਹਾਂ ਫਫਾਕੁਟਣੀਆਂ ਤੇ ਦੋਹਾਂ ਠੱਗਾਂ ਨੂੰ ਉਸ ਨੇ

ਰੋਟੀ ਵਿਚ ਅਜਿਹੀ ਬੂਟੀ ਪਾ ਕੇ ਖਵਾਈ, ਜਿਸ ਨਾਲ ਉਹ ਨੀਂਦ ਦੀ ਖੁਮਾਰੀ ਵਿਚ ਬੇਸੁਰਤ ਰਹਿਣ। ਫਿਰ ਉਨ੍ਹਾਂ ਦੋਹਾਂ ਦੇ ਸਿਰ ਮੁੰਨੇ, ਚਿਹਰਿਆਂ ਤੇ ਕਾਲਖ ਮਲੀ ਤੇ ਡੋਲੇ ਵਿਚ ਢੋ ਲਾ ਕੇ ਬਿਠਾ ਦਿਤਾ। ਠੱਗਾਂ ਨੂੰ ਵੀ ਜ਼ਨਾਨੇ ਕਪੜੇ ਪਹਿਨਾ ਕੇ ਮੂੰਹ ਘੁੰਡ ਨਾਲ ਕੱਜ ਦਿਤੇ। ਡੋਲੇ ਦੇ ਪਰਦੇ ਇਕ ਡੋਰੇ ਨਾਲ ਮਜਬੂਤੀ ਨਾਲ ਇਉਂ ਬੰਨ੍ਹ ਦਿਤੇ ਕਿ ਬਾਹਰੋਂ ਕੁਝ ਵੀ ਵਿਖਾਈ ਨਹੀਂ ਸੀ ਦਿੰਦਾ।

ਕਹਾਰ ਡੋਲਾ ਚੁਕ ਕੇ ਤੁਰ ਪਏ। ਰਾਜਾ ਤੇ ਵਜ਼ੀਰ ਘੋੜਿਆਂ ਤੇ ਸਵਾਰ ਹੋ ਅਗੇ ਅਗੇ ਤੁਰਨ ਲਗੇ। ਰਾਜੇ ਨੂੰ ਇਹ ਦਸਿਆ ਗਿਆ ਕਿ ਕੰਵਲ ਆਪਣੀਆਂ ਤਿੰਨ ਖੂਬਸੂਰਤ ਗੋਲੀਆਂ ਸਮੇਤ ਡੋਲੇ ਵਿਚ ਬੇਸੁਰਤ ਪਈ ਹੈ।

ਡੂੰਘੀਆਂ ਤ੍ਰਿਕਾਲਾਂ ਵੇਲੇ ਡੋਲਾ ਮਹਿਲਾਂ ਵਿਚ ਪੁਜਾ। ਉਸ ਨੂੰ ਮਹਿਲਾਂ ਦੇ ਇਕ ਉਚੇਚੇ ਸ਼ਿੰਗਾਰੇ ਗਏ ਕਮਰੇ ਵਿਚ ਉਤਾਰਿਆ ਗਿਆ। ਦਾਸੀਆਂ ਸੇਵਾ ਵਿਚ ਹਾਜ਼ਰ ਹੋ ਗਈਆਂ। ਰਾਜੇ ਨੇ ਇਕ ਦਾਸੀ ਦੀ ਮਦਦ ਨਾਲ ਡੋਲੇ ਨੂੰ ਖੋਲ੍ਹਿਆ ਅਤੇ ਕੰਵਲ ਅਤੇ ਉਹਦੀਆਂ ਗੋਲੀਆਂ ਨੂੰ ਬਾਹਰ ਕਢਣ ਲਗਾ।

ਰਾਜੇ ਨੇ ਜਦੋਂ ਘੁੰਡ ਚੁਕਿਆ ਤਾਂ ਘਬਰਾ ਕੇ ਚੀਖਦਾ ਹੋਇਆ ਪਿਛੇ ਹਟ ਗਿਆ— ਕਾਲਾ ਸਿਆਹ ਭੂਤ ਵਰਗਾ ਚਿਹਰਾ, ਸਿਰ ਮੁੰਨਿਆ ਹੋਇਆ, ਹੋਰ ਚਿਹਰੇ ਵੇਖੇ ਤਾਂ ਇਕ ਦੂਜੇ ਤੋਂ ਵਧ ਡਰਾਵਣੇ।

ਉਸੇ ਵੇਲੇ ਵਜ਼ੀਰ ਨੂੰ ਸਦਿਆ ਗਿਆ। ਰਾਜੇ ਨੇ ਵਜ਼ੀਰ ਨੂੰ ਡੋਲੇ ਵਿਚ ਉਂਘਲਾਂਦੀਆਂ ਔਰਤਾਂ ਵਿਖਾਂਦੇ ਹੋਏ ਕਿਹਾ, "ਕੰਵਲ ਤਾਂ ਸਾਨੂੰ ਵੀ ਬੁਧੂ ਬਣਾ ਗਈ ਐ। ਉਹਨੇ ਡੋਲੇ ਵਿਚ ਚਾਰ ਕਾਲੀਆਂ ਸਿਆਹ ਹਬਸ਼ਣਾਂ ਬਿਠਾ ਦਿਤੀਆਂ ਨੇ, ਜੋ ਨਸ਼ੇ ਵਿਚ ਧੁਤ ਨੇ।"

ਵਜ਼ੀਰਾ ਹੌਂਸਲਾ ਧਰ ਕੇ ਉਨ੍ਹਾਂ ਕਾਲੀਆਂ ਕਲੂਟੀਆਂ ਹਬਸ਼ਣਾਂ ਦੇ ਕੋਲ ਗਿਆ ਤੇ ਇਕ ਨੂੰ ਹਲੂਣ ਕੇ ਪੁਛਣ ਲਗਾ, "ਤੁਸੀਂ ਕੌਣ ਓ ?"

"ਮੈਂ ਤਾਂ ਉਹ ਫਫਾਕੁਟਣੀ ਆਂ ਜਿਹੜੀ ਤੁਸਾਂ ਕੰਵਲ ਦੇ ਕੋਲ ਭੇਜੀ ਸੀ", ਇਕ ਲੜਖੜਾਂਦੀ ਆਵਾਜ਼ ਉਭਰੀ।

ਵਜ਼ੀਰ ਨੂੰ ਸਾਰੀ ਗੱਲ ਸਮਝ ਆ ਗਈ, ਅਤੇ ਉਹਨੇ ਰਾਜੇ ਨੂੰ ਕਿਹਾ, "ਮਹਾਰਾਜ ! ਇਹ ਚਾਰੋ ਉਹਾ ਠੱਗ ਤੇ ਫਫਾਕੁਟਣੀਆਂ ਨੇ ਜੋ ਤੁਸਾਂ ਕੰਵਲ ਨੂੰ ਲੈਣ ਵਾਸਤੇ ਭੇਜੀਆਂ ਸਨ।"

ਫਿਰ ਉਨ੍ਹਾਂ ਨੂੰ ਨੁਹਾ ਧੁਆ ਕੇ ਅਸਲੀ ਰੂਪ ਵਿਚ ਲਿਆਂਦਾ ਗਿਆ ਅਤੇ ਰਾਜੇ ਨੇ ਉਨ੍ਹਾਂ ਤੋਂ ਸਾਰਾ ਬ੍ਰਿਤਾਂਤ ਸੁਣਿਆ। ਸਾਰੀ ਗੱਲ ਸੁਣ ਕੇ ਰਾਜਾ ਕਹਿਣ ਲਗਾ, "ਕੰਵਲ ਕਿਤਨੀ ਸੂਝਵਾਨ ਔਰਤ ਏ, ਉਹ ਰਾਜੇ ਤੇ ਉਹਦੇ ਵਜ਼ੀਰ ਨੂੰ ਵੀ ਬੁਧੂ ਬਣਾ ਗਈ ਏ, ਇਹੋ ਜਿਹੀ ਔਰਤ ਮਹਿਲਾਂ ਦਾ ਸ਼ਿੰਗਾਰ ਬਣਨੀ ਚਾਹੀਦੀ ਏ। ਮੈਂ ਇਹਨੂੰ ਪ੍ਰਾਪਤ ਕਰ ਕੇ ਸਾਹ ਲਵਾਂਗਾ।"

ਰਾਜਾ ਕੰਵਲ ਲਈ ਹੋਰ ਜ਼ਿਆਦਾ ਵਿਆਕੁਲ ਹੋਣ ਲਗਾ।

"ਹੁਣ ਕੀ ਕੀਤਾ ਜਾਏ ?" ਰਾਜੇ ਨੇ ਵਜ਼ੀਰ ਤੋਂ ਪੁਛਿਆ।

ਕਾਫੀ ਚਿਰਾਂ ਤਕ ਦੋਵੇਂ ਸੋਚ ਵਿਚਾਰ ਕਰਦੇ ਰਹੇ। ਅਖੀਰ ਵਜ਼ੀਰ ਨੇ ਲੰਮੀ

ਸੋਚ ਮਗਰੋਂ ਆਖਿਆ, "ਇਕ ਰਾਹ ਏ, ਸੌਦਾਗਰ ਨੂੰ ਤੁਸੀਂ ਆਪਣਾ ਦਰਬਾਰੀ ਬਣਾ ਲਓ ਤੇ ਉਹਨੂੰ ਪ੍ਰੇਰੋ ਕਿ ਉਹ ਆਪਣੀ ਪਤਨੀ ਨੂੰ ਕਿਸੇ ਤਰ੍ਹਾਂ ਇਥੇ ਲੈ ਆਵੇ, ਫਿਰ ਕੰਮ ਆਸਾਨ ਹੋ ਜਾਵੇਗਾ।" ਰਾਜੇ ਨੇ ਇਹ ਤਜਵੀਜ਼ ਬਹੁਤ ਪਸਿੰਦ ਕੀਤੀ।

ਰਾਜੇ ਨੇ ਅਗਲੇ ਦਿਨ ਸੌਦਾਗਰ ਨੂੰ ਬੁਲਾ ਕੇ ਉਸ ਦਾ ਦਰਬਾਰ ਵਿਚ ਸਨਮਾਨ ਕੀਤਾ ਤੇ ਉਹਨੂੰ ਆਪਣਾ ਦਰਬਾਰੀ ਬਣਾ ਲਿਆ।

ਕੁਝ ਦਿਨ ਲੰਘੇ ਤਾਂ ਰਾਜੇ ਨੇ ਕਿਹਾ, "ਤੂੰ ਹੁਣ ਸਾਡਾ ਦਰਬਾਰੀ ਏਂ, ਇਸ ਲਈ ਹੁਣ ਤੋਂ ਆਪਣਾ ਟੱਬਰ ਇਥੇ ਹੀ ਮੰਗਵਾ ਲੈ।"

"ਪਰ ਮੇਰੀ ਤੀਵੀਂ ਬੜੀ ਸ਼ਾਹ ਖਰਚ ਏ, ਉਹਦੇ ਰਹਿਣ ਵਾਸਤੇ ਵਡਾ ਸਾਰਾ ਮਕਾਨ ਵੀ ਚਾਹੀਦਾ ਏ, ਇਹ ਸਾਰਾ ਕੁਝ ਮੇਰੀ ਵਸੋਂ ਬਾਹਰਾ ਏ", ਸੌਦਾਗਰ ਨਹੀਂ ਸੀ ਚਾਹੁੰਦਾ ਕਿ ਉਹ ਆਪਣੀ ਪਤਨੀ ਨੂੰ ਇਥੇ ਲਿਆਵੇ।

ਰਾਜੇ ਨੇ ਉਹਦੀ ਤਨਖਾਹ ਵਧਾ ਦਿਤੀ ਅਤੇ ਉਹਦੇ ਰਹਿਣ ਵਾਸਤੇ ਇਕ ਵਧੀਆ ਜਿਹੀ ਮਾੜੀ ਦਾ ਪ੍ਰਬੰਧ ਕਰਵਾ ਦਿਤਾ।

ਸੌਦਾਗਰ ਕੰਵਲ ਨੂੰ ਲੈਣ ਆਪਣੇ ਦੇਸ਼ ਗਿਆ, ਸਾਰੀ ਗੱਲ ਕੰਵਲ ਨੂੰ ਸਮਝਾ ਕੇ ਕਿਹਾ, "ਰਾਜੇ ਦੇ ਦਰਬਾਰ ਵਿਚ ਮੇਰਾ ਬੜਾ ਮਾਣ ਮਰਤਬਾ ਏ, ਤੂੰ ਵੀ ਚਲ ਕੇ ਉਥੇ ਹੀ ਰਹੋ।"

"ਰਾਜੇ ਬੜੇ ਪਖੰਡੀ ਹੁੰਦੇ ਨੇ। ਰਾਜੇ ਨੇ ਤੈਨੂੰ ਇਤਨਾ ਵਡਾ ਅਹੁਦਾ ਦਿਤੈ, ਇਹਦੇ ਵਿਚ ਕੋਈ ਭੇਤ ਏ। ਮੇਰਾ ਦਿਲ ਉਥੇ ਜਾਣ ਲਈ ਨਹੀਂ ਮੰਨਦਾ। ਅਗੋਂ ਜਿਵੇਂ ਤੁਹਾਡੀ ਮਰਜ਼ੀ।" ਕੰਵਲ ਜਾਣਦੀ ਸੀ ਕਿ ਰਾਜੇ ਨੇ ਉਹਨੂੰ ਹਾਸਿਲ ਕਰਨ ਦਾ ਨਵਾਂ ਢੰਗ ਵਰਤਿਆ ਹੈ।

"ਪਰ ਅਜ ਤਕ ਤੂੰ ਮੇਰੀ ਕੋਈ ਗੱਲ ਟਾਲੀ ਨਹੀਂ।"

"ਹੁਣ ਵੀ ਨਹੀਂ ਟਾਲ ਰਹੀ, ਤੁਸੀਂ ਜਿਵੇਂ ਕਹੋਗੇ ਉਸੇ ਤਰ੍ਹਾਂ ਕਰਾਂਗੀ। ਪਰ ਵੇਖ ਲਓ।"

ਲੰਮੀ ਵਿਚਾਰ ਮਗਰੋਂ ਦੋਵੇਂ ਰਾਜਧਾਨੀ ਵਲ ਚਲ ਪਏ। ਕੰਵਲ ਆਪਣੇ ਪਤੀ ਨਾਲ ਸ਼ਾਹੀ ਮਕਾਨ ਵਿਚ ਰਹਿਣ ਲਗ ਪਈ। ਰਾਜੇ ਨੂੰ ਜਦੋਂ ਕੰਵਲ ਦੀ ਆਮਦ ਦਾ ਪਤਾ ਲਗਾ ਤਾਂ ਉਹ ਫੁਲਿਆ ਨਾ ਸਮਾਇਆ।

ਕੁਝ ਦਿਨ ਲੰਘੇ ਤਾਂ ਰਾਜੇ ਨੇ ਵਜ਼ੀਰ ਨੂੰ ਕਿਹਾ, "ਹੁਣ ਤੁਸੀਂ ਕੋਈ ਐਸੀ ਤਦਬੀਰ ਬਣਾਓ ਕਿ ਸੌਦਾਗਰ ਕਿਸੇ ਤਰ੍ਹਾਂ ਘੋੜੇ ਖਰੀਦਣ ਵਾਸਤੇ ਪ੍ਰਦੇਸ ਚਲਾ ਜਾਏ। ਪਿਛੋਂ ਕੰਵਲ ਨੂੰ ਮੈਂ ਆਪਣੇ ਮਹਿਲਾਂ ਵਿਚ ਬੁਲਾ ਲਵਾਂਗਾ।"

"ਪ੍ਰਦੇਸੋਂ ਸੌਦਾਗਰ ਛੇਤੀ ਪਰਤ ਆਵੇਗਾ। ਉਹਨੂੰ ਕਿਸੇ ਅਜਿਹੀ ਮੁਹਿੰਮ ਤੇ ਭੇਜਿਆ ਜਾਵੇ ਜਿਥੋਂ ਉਹ ਪਰਤ ਕੇ ਨਾ ਆ ਸਕੇ, ਤਾਂ ਜੋ ਕੰਵਲ ਨੂੰ ਤੁਸੀਂ ਆਪਣੇ ਮਹਿਲਾਂ ਦੀ ਰਾਣੀ ਬਣਾ ਸਕੋ।" ਵਜ਼ੀਰ ਨੇ ਸਮਝਾਇਆ, "ਇਸ ਵਾਸਤੇ ਕਿਸੇ ਅਛੇ ਮੌਕੇ ਦੀ ਉਡੀਕ ਕਰੋ।"

ਇਕ ਦਿਨ ਰਾਜਾ ਤੇ ਵਜ਼ੀਰ ਦੋਵੇਂ ਕੰਵਲ ਦੀ ਸੂਝ ਦੀਆਂ ਗੱਲਾਂ ਕਰਦੇ ਹੋਏ ਖਿਲੀ ਮਾਰ ਕੇ ਹਸਣ ਲਗੇ। ਅਚਾਨਕ ਉਪਰੋਂ ਸੌਦਾਗਰ ਵੀ ਆ ਗਿਆ।

ਉਹਨੇ ਸੁਣ ਰਖਿਆ ਸੀ ਕਿ ਜਦੋਂ ਰਾਜਾ ਹਸੇ ਉਹਦੇ ਹਾਸੇ ਵਿਚ ਜ਼ਰੂਰ ਸ਼ਾਮਲ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਰਾਜਾ ਪ੍ਰਸੰਨ ਹੁੰਦਾ ਹੈ। ਸੋ ਸੌਦਾਗਰ ਵੀ ਖਿੜਖਿੜਾ ਕੇ ਹਸਣ ਲਗਾ।

"ਭਈ ਤੈਨੂੰ ਕਿਉਂ ਹਾਸਾ ਆਇਐ ? ਤੂੰ ਕੀ ਵੇਖਿਐ ? ਕੀ ਸੁਣਿਐ ?" ਰਾਜੇ ਨੇ ਸਹਿਜ ਸੁਭਾ ਪੁਛ ਲਿਆ।

"ਹਜ਼ੂਰ ! ਮੈਂ ਤਾਂ ਕੁਝ ਨਹੀਂ ਵੇਖਿਆ ਤੇ ਕੁਝ ਨਹੀਂ ਸੁਣਿਆ।" ਸੌਦਾਗਰ ਨੇ ਗੱਲ ਸਪਸ਼ਟ ਕੀਤੀ, "ਮੈਂ ਤਾਂ ਤੁਹਾਡੀ ਖੁਸ਼ੀ ਵਿਚ ਸ਼ਾਮਿਲ ਹੋਣ ਲਈ ਹਸਿਆ ਹਾਂ।"

"ਇਹ 'ਕੁਝ' ਕੀ ਚੀਜ਼ ਹੁੰਦੀ ਹੈ।" ਵਜ਼ੀਰ ਨੇ ਗੱਲ ਪਕੜ ਲਈ।

"ਮੈਂ 'ਕੁਝ' ਵੇਖਣਾ ਚਾਹੁੰਦਾ ਹਾਂ।" ਰਾਜੇ ਨੇ ਹੁੰਗਾਰਾ ਭਰਿਆ।

"ਮੈਂ ਵੀ ਤਾਂ 'ਕੁਝ' ਕਦੇ ਨਹੀਂ ਵੇਖੀ।" ਸੌਦਾਗਰ ਨੇ ਜਾਨ ਛੁਡਾਣੀ ਚਾਹੀ।

"ਪਰ ਤੂੰ ਹੁਣੇ ਤਾਂ ਕਿਹਾ ਸੀ ਕਿ ਮੈਂ 'ਕੁਝ ਨਹੀਂ' ਵੇਖਿਆ। ਹੁਣੇ ਮੁਕਰ ਗਿਆ ਏਂ।" ਵਜ਼ੀਰ ਨੇ ਤਾੜਦੇ ਹੋਏ ਕਿਹਾ, "ਰਾਜੇ ਸਾਹਮਣੇ ਝੂਠ ਬੋਲਣ ਨਾਲ ਰਾਜੇ ਦੀ ਬੇਅਦਬੀ ਹੁੰਦੀ ਏ।"

"ਤੇ ਇਹਦੀ ਸਜ਼ਾ ਮੌਤ ਏ।" ਰਾਜੇ ਨੇ ਮੌਕੇ ਦਾ ਫੈਦਾ ਉਠਾਣਾ ਚਾਹਿਆ।

"ਤੂੰ ਹੁਣ ਜਾ ਤੇ 'ਕੁਝ' ਨੂੰ ਕਿਤੋਂ ਨਾ ਕਿਤੋਂ ਲਭ ਕੇ ਲਿਆ। ਜਦੋਂ ਤਕ 'ਕੁਝ' ਨਾ ਮਿਲ ਜਾਵੇ, ਇਧਰ ਮੂੰਹ ਨਾ ਮੋੜੀਂ। ਇਹ ਰਾਜੇ ਦਾ ਹੁਕਮ ਏ।"

"ਤੈਨੂੰ ਖ਼ਰਚੇ ਲਈ ਜੋ ਰਕਮ ਚਾਹੀਦੀ ਹੈ, ਉਹ ਸਾਥੋਂ ਲੈ ਲੈ।" ਵਜ਼ੀਰ ਨੇ ਸਮਝਾਇਆ।

ਸੌਦਾਗਰ ਨੂੰ ਬੋਲਣ ਦਾ ਮੌਕਾ ਹੀ ਨਾ ਮਿਲਿਆ। ਉਹਨੂੰ ਸਮਝ ਨਾ ਆਈ ਕਿ ਉਹ ਕੀ ਕਰੇ। ਉਹ ਨਿਮੋਝੂਣਾ ਜਿਹਾ ਘਰ ਪਰਤ ਆਇਆ ਅਤੇ ਧ੍ਰਿਗੀ ਮੰਜੀ ਲੈ ਕੇ ਲੰਮਾ ਪੈ ਰਿਹਾ।

ਕੰਵਲ ਨੇ ਪੁਛਿਆ ਤਾਂ ਉਹਨੇ ਟਾਲਿਆ। ਪਰ ਉਹ ਕਦੋਂ ਤਕ ਟਾਲ ਸਕਦਾ ਸੀ। ਅਖੀਰ ਕਹਿਣ ਲਗਾ, "ਰਾਜੇ ਦੀ ਗੱਲ ਮੇਰੀ ਸਮਝ ਵਿਚ ਨਹੀਂ ਪੈ ਰਹੀ। ਗੱਲ ਕਰਦਿਆਂ ਮੇਰੇ ਮੂੰਹ ਵਿਚੋਂ 'ਕੁਝ ਨਹੀਂ ਵੇਖਿਆ' ਨਿਕਲ ਗਿਆ। ਹੁਣ ਰਾਜੇ ਨੇ ਹੁਕਮ ਦਿਤਾ ਹੈ ਕਿ 'ਕੁਝ' ਲੈ ਕੇ ਆ, ਮੈਂ ਵੀ ਵੇਖਣਾ ਏ। ਦਸੋ ਮੈਂ ਕੀ ਕਰਾਂ।"

ਕੰਵਲ ਅਸਲੀ ਗੱਲ ਤਾੜ ਗਈ। ਉਹ ਰਾਜੇ ਦੀ ਹੇਰਾ ਫੇਰੀ ਸਮਝ ਗਈ। ਕੁਝ ਚਿਰ ਉਹ ਚਿੰਤਾ ਵਿਚ ਡੁਬੀ ਰਹੀ ਤੇ ਫਿਰ ਸੋਚ ਕੇ ਕਹਿਣ ਲਗੀ, "ਤੁਸੀਂ ਚਿੰਤਾ ਨਾ ਕਰੋ। ਗੱਲ ਮੇਰੇ ਤੇ ਛਡ ਦਿਓ। ਤੁਸੀਂ ਛੇ ਮਹੀਨੇ ਦੀ ਮੁਹਲਤ ਲੈ ਕੇ ਘਰ ਦੇ ਅੰਦਰ ਛੁਪ ਕੇ ਬੈਠੇ ਰਹੋ। ਮੈਂ ਸਭ ਠੀਕ ਕਰ ਦਿਆਂਗੀ।"

ਫਿਰ ਕੰਵਲ ਨੇ ਕੁਝ ਚਿੜੀਮਾਰ ਸਦਵਾਏ ਅਤੇ ਉਨ੍ਹਾਂ ਨੂੰ ਬਹੁਤ ਸਾਰੀ ਰਕਮ ਦੇ ਕੇ ਹਰ ਤਰ੍ਹਾਂ ਦੇ ਪੰਛੀਆਂ ਦੇ ਖੰਭ ਇਕਠੇ ਕਰਵਾ ਲਏ। ਫਿਰ ਉਹਨੇ ਆਪਣੇ ਇਕ ਕਮਰੇ ਵਿਚ ਦੋ ਟੋਏ ਪੁਟਵਾਏ। ਇਕ ਵਿਚ ਪੰਛੀਆਂ ਦੇ ਖੰਭ ਭਰ ਦਿਤੇ ਅਤੇ ਦੂਜੇ ਵਿਚ ਗੁੜ ਦਾ ਸ਼ੀਰਾ।

ਅਗਲੇ ਦਿਨ ਸੌਦਾਗਰ ਰਾਜੇ ਤੋਂ ਆਗਿਆ ਲੈ ਕੇ ਘਰੋਂ ਤੁਰ ਪਿਆ। ਸ਼ਹਿਰੋਂ ਬਾਹਰ ਜੰਗਲ ਵਿਚ ਜਾ ਕੇ ਅਰਾਮ ਕਰਨ ਲਗਾ। ਤਜਵੀਜ ਅਨੁਸਾਰ ਅੱਧੀ ਰਾਤ ਵੇਲੇ ਉਹਨੇ ਚੋਰੀ ਛੁਪੀ ਘਰ ਪਰਤ ਆਉਣਾ ਸੀ।

ਰਾਜਾ ਕੰਵਲ ਨੂੰ ਮਿਲਣ ਲਈ ਬੜਾ ਬੇਸਬਰਾ ਸੀ। ਉਹ ਅਧੀ ਰਾਤ ਵੇਲੇ ਬਗੈਰ ਕਿਸੇ ਨੂੰ ਦਸੇ ਇਕਲਾ ਹੀ ਕੰਵਲ ਦੇ ਘਰ ਵਲ ਤੁਰ ਪਿਆ ਤੇ ਉਹਦਾ ਦਰਵਾਜ਼ਾ ਜਾ ਖਟਖਟਾਇਆ।

ਜਦੋਂ ਕੰਵਲ ਨੇ ਆਵਾਜ਼ ਸੁਣੀ ਤਾਂ ਸਮਝ ਗਈ ਕਿ ਇਹ ਰਾਜਾ ਹੀ ਹੈ।

ਕੰਵਲ ਨੇ ਦਰਵਾਜ਼ਾ ਖੋਲ੍ਹਿਆ ਤੇ ਰਾਜੇ ਨੂੰ ਪਛਾਣ ਲਿਆ। ਕੰਵਲ ਨੇ ਹੌਂਸਲੇ ਤੋਂ ਕੰਮ ਲਿਆ। ਰਾਜੇ ਨੂੰ ਉਹਨੇ ਆਦਰ ਨਾਲ ਕਮਰੇ ਵਿਚ ਬਿਠਾਇਆ। ਰਾਜਾ ਕੰਵਲ ਉਤੇ ਡੋਰੇ ਸੁਟਦਾ ਹੋਇਆ ਕਹਿਣ ਲਗਾ, "ਮੈਂ ਤੁਹਾਡੀ ਖੈਰ ਖਰੀਅਤ ਪੁਛਣ ਆਇਆਂ। ਤੁਸੀਂ ਇਥੇ ਇਕਲੇ ਹੋ। ਸੌਦਾਗਰ ਨੂੰ ਸਾਲ ਛਮਾਹੀਂ ਲਗ ਜਾਣਗੇ, ਤੁਸੀਂ ਮੇਰੇ ਮਹਿਲਾਂ ਵਿਚ ਚਲ ਕੇ ਰਹੋ। ਉਥੇ ਸਾਰੇ ਸੁਖ ਮੌਜੂਦ ਨੇ।"

ਅਜੇ ਉਹ ਦੋਵੇਂ ਗੱਲਾਂ ਕਰ ਹੀ ਰਹੇ ਸਨ ਕਿ ਬਾਹਰੋਂ ਫਿਰ ਦਰਵਾਜ਼ਾ ਖੜਕਿਆ।

"ਕੌਣ ਏ ?" ਕੰਵਲ ਨੇ ਪੁਛਿਆ।

"ਮੈਂ ਤੇਰਾ ਪਤੀ ਆਂ।" ਸੌਦਾਗਰ ਨੇ ਉਤਰ ਦਿਤਾ।

"ਪਰ ਤੁਸੀਂ ਤਾਂ 'ਕੁਝ ਨਹੀਂ' ਦੀ ਖੋਜ ਵਿਚ ਗਏ ਸੀ।"

"ਮੇਰੀ ਤਲਵਾਰ ਘਰ ਰਹਿ ਗਈ। ਮੈਂ ਅਧੇ ਰਾਹ ਵਿਚੋਂ ਪਰਤ ਆਇਆ ਹਾਂ। ਛੇਤੀ ਬੂਹਾ ਖੋਲ੍ਹ, ਮੈਂ ਵਾਪਿਸ ਵੀ ਜਾਣੈ।"

ਕੰਵਲ ਨੇ ਸੌਦਾਗਰ ਨਾਲ ਪਹਿਲੋਂ ਹੀ ਸਾਰੀ ਗੱਲ ਮਿਥੀ ਹੋਈ ਸੀ।

ਰਾਜਾ ਇਹ ਗੱਲ ਸੁਣ ਕੇ ਘਬਰਾ ਗਿਆ ਤੇ ਕੰਵਲ ਨੂੰ ਕਹਿਣ ਲਗਾ, "ਹੁਣ ਕੀ ਬਣੇਗਾ। ਕਿਧਰੇ ਮੇਰੀ ਬੇਇਜ਼ਤੀ ਨਾ ਹੋ ਜਾਵੇ। ਤੂੰ ਮੈਨੂੰ ਛੇਤੀ ਕਿਧਰੇ ਛੁਪਾ ਦੇ।"

"ਇਥੇ ਕਿਧਰੇ ਕੋਈ ਥਾਂ ਨਹੀਂ। ਨਾਲ ਦੇ ਕਮਰੇ ਵਿਚ ਇਕ ਟੋਇਆ ਏ, ਜਿਸ ਵਿਚ ਗੁੜ ਏ। ਤੁਸੀਂ ਉਥੇ ਛੁਪ ਜਾਓ।" ਕੰਵਲ ਨੇ ਸੁਝਾ ਦਿਤਾ, "ਪਰ ਤੁਹਾਡਾ ਕੀਮਤੀ ਲਿਬਾਸ ਕਿਧਰੇ ਖਰਾਬ ਨਾ ਹੋ ਜਾਵੇ, ਸੋ ਉਹ ਇਥੇ ਹੀ ਉਤਾਰ ਦਿਓ, ਮੈਂ ਸੰਦੂਕ ਵਿਚ ਰਖ ਦਿਆਂਗੀ। ਤੁਸੀਂ ਮੁੜ ਕੇ ਜਾਣ ਵੇਲੇ ਪਹਿਨ ਲੈਣਾ।"

ਰਾਜਾ ਕਪੜੇ ਉਤਾਰ ਕੇ ਸ਼ੀਰੇ ਦੇ ਟੋਏ ਵਿਚ ਜਾ ਕੁਦਿਆ। ਕੰਵਲ ਨੇ ਸੌਦਾਗਰ ਨੂੰ ਬੂਹਾ ਖੋਲ੍ਹਿਆ ਤੇ ਉਸਨੂੰ ਉਹਦੇ ਕਮਰੇ ਵਿਚ ਜਾ ਕੇ ਸੰਵਾ ਦਿਤਾ।

ਥੋੜੀ ਦੇਰ ਬਾਅਦ ਕੰਵਲ ਰਾਜੇ ਕੋਲ ਆਈ ਤੇ ਕਹਿਣ ਲਗੀ, "ਮਹਾਰਾਜ, ਇਥੇ ਕੋਈ ਤਕਲੀਫ ਤਾਂ ਨਹੀਂ ਹੋ ਰਹੀ ?"

"ਮੈਨੂੰ ਇਥੋਂ ਛੇਤੀ ਕਢ।" ਗੁੜ ਦੇ ਸ਼ੀਰੇ ਨਾਲ ਮੇਰਾ ਜਿਸਮ ਚਿੰਮਲ ਗਿਐ।" ਰਾਜੇ ਨੇ ਤਰਲਾ ਕੀਤਾ।

ਕੰਵਲ ਨੇ ਰਾਜੇ ਨੂੰ ਉਥੋਂ ਕਢ ਕੇ ਖੰਭਾਂ ਵਾਲੇ ਟੋਏ ਵਿਚ ਛੁਪਾ ਦਿਤਾ। ਰੰਗ-ਬਰੰਗੇ ਖੰਭ ਰਾਜੇ ਦੇ ਜਿਸਮ ਤੇ ਚੰਬੜ ਗਏ।

ਜਦੋਂ ਪਹਿਰ ਰਾਤ ਰਹਿ ਗਈ। ਤਾਂ ਕੰਵਲ ਨੇ ਆਪਣੇ ਪਤੀ ਸੌਦਾਗਰ ਨੂੰ ਜਗਾਇਆ ਤੇ ਕਿਹਾ, "ਮੈਂ 'ਕੁਝ' ਦਾ ਪ੍ਰਬੰਧ ਕਰ ਲਿਐ। ਤੁਸੀਂ ਹੁਣੇ ਜਾ ਕੇ ਵਜ਼ੀਰ ਨੂੰ ਪਹੁੰਚਾ ਆਓ।"

"ਕੁਝ ? ਕਿਥੇ ਹੈ ?" ਸੌਦਾਗਰ ਨੇ ਖੁਸ਼ੀ ਨਾਲ ਨਚਦਿਆਂ ਕਿਹਾ।

ਕੰਵਲ ਉਹਨੂੰ ਖੰਭਾਂ ਵਾਲੇ ਟੋਏ ਕੋਲ ਲੈ ਗਈ। ਦੋਹਾਂ ਨੇ ਰਲ ਕੇ ਰਾਜੇ ਨੂੰ ਵਿਚੋਂ ਬਾਹਰ ਕਢਿਆ। ਭਾਂਤ ਭਾਂਤ ਦੇ ਖੰਭਾਂ ਦੇ ਚਿਪਕਣ ਨਾਲ ਰਾਜਾ ਇਕ ਅਜੀਬ ਜਿਹਾ ਜਾਨਵਰ ਲਗ ਰਿਹਾ ਸੀ। ਸ਼ਕਲ ਸੂਰਤ ਤੋਂ ਪਛਾਣਿਆ ਨਹੀਂ ਸੀ ਜਾਂਦਾ।

ਕੰਵਲ ਨੇ ਰਾਜੇ ਦੇ ਗਲ ਵਿਚ ਰਸੀ ਬੰਨ੍ਹੀ ਤੇ ਸੌਦਾਗਰ ਦੇ ਹੱਥ ਵਿਚ ਡੰਡਾ ਦਿੰਦੇ ਹੋਏ ਕਿਹਾ, "ਇਹ ਲਓ 'ਕੁਝ', ਹੁਣੇ ਵਜ਼ੀਰ ਦੇ ਹਵਾਲੇ ਕਰ ਆਓ।"

ਸੌਦਾਗਰ ਮੂੰਹ ਹਨੇਰੇ ਹੀ ਵਜ਼ੀਰ ਕੋਲ ਗਿਆ ਤੇ ਉਸ ਅਜੀਬ ਜਨੌਰ ਨੂੰ ਉਹਦੇ ਹਵਾਲੇ ਕਰਦਿਆਂ ਕਹਿਣ ਲਗਾ, "ਇਹੋ ਅਜੀਬ ਜਾਨਵਰ 'ਕੁਝ' ਏ, ਮੈਂ ਲੈ ਆਇਆਂ। ਤੁਸੀਂ ਹੁਣੇ ਰਾਜੇ ਕੋਲ ਲੈ ਜਾਓ।"

'ਕੁਝ' ਨੂੰ ਵੇਖ ਕੇ ਵਜ਼ੀਰ ਡਰ ਗਿਆ। ਉਹ ਉਸ ਅਜੀਬ ਜਾਨਵਰ ਨੂੰ ਲੈਣਾ ਨਹੀਂ ਸੀ ਚਾਹੁੰਦਾ। ਪਰ ਸੌਦਾਗਰ ਨੇ ਕਿਹਾ, "ਜੇ ਇਹ ਨਠ ਗਿਆ ਤਾਂ ਮੇਰੀ ਜ਼ਿੰਮੇਂਵਾਰੀ ਨਹੀਂ।"

ਵਜ਼ੀਰ ਨੇ ਨੌਕਰਾਂ ਨੂੰ ਬੁਲਾਇਆ ਤੇ ਇਕ ਕਮਰੇ ਵਿਚ ਥੰਮ੍ਹੇ ਨਾਲ 'ਕੁਝ' ਨੂੰ ਚੰਗੀ ਤਰ੍ਹਾਂ ਬੰਨ੍ਹਵਾ ਦਿਤਾ। ਜਦੋਂ ਸਭ ਨੌਕਰ ਚਾਕਰ ਚਲੇ ਗਏ ਤਾਂ 'ਕੁਝ' ਦੇ ਰੂਪ ਵਿਚ ਰਾਜੇ ਨੇ ਵਜ਼ੀਰ ਨੂੰ ਵਾਜਾਂ ਮਾਰੀਆਂ। ਪਰ ਵਜ਼ੀਰ ਡਰ ਨਾਲ ਕੰਬਦਾ ਹੋਇਆ ਸੋਚਣ ਲਗਾ, "ਭਈ ਇਹ ਕਿਹੋ ਜਿਹਾ ਜਨੌਰ ਏ, ਅਵਾਜ਼ ਮਨੁਖ ਵਾਲੀ ਤੇ ਸਰੀਰ ਪੰਛੀਆਂ ਵਾਲਾ।"

ਵਜ਼ੀਰ ਅੰਦਰ ਜਾ ਕੇ ਸੌਣ ਲਗਾ ਤਾਂ ਰਾਜੇ ਨੇ ਉਹਦਾ ਨਾਉਂ ਲੈ ਕੇ ਜ਼ੋਰ ਜ਼ੋਰ ਨਾਲ ਅਵਾਜ਼ਾਂ ਮਾਰੀਆਂ, "ਤੂੰ ਡਰ ਨਾ, ਮੈਂ ਕੋਈ ਬਲਾਅ ਨਹੀਂ, ਖੁਦ ਰਾਜਾ ਹਾਂ, ਮੁਸੀਬਤ ਦਾ ਮਾਰਿਆ।"

ਵਜ਼ੀਰ ਨੂੰ ਅਵਾਜ਼ ਰਾਜੇ ਦੀ ਲਗੀ। ਉਸ ਨੇ ਮਸਾਲਾਂ ਦੀ ਰੌਸ਼ਨੀ ਵਿਚ ਰਾਜੇ ਨੂੰ ਪਛਾਣ ਲਿਆ।

ਉਸੇ ਵੇਲੇ ਹਮਾਮ ਗਰਮ ਕਰਕੇ ਰਾਜੇ ਨੂੰ ਇਸ਼ਨਾਨ ਕਰਵਾਇਆ ਗਿਆ। ਰਾਜੇ ਦੀ ਦਾੜ੍ਹੀ, ਮੁਛ, ਸਿਰ ਦੇ ਵਾਲ ਅਤੇ ਭਰਵਟੇ ਸਭ ਝੁਰ ਗਏ।

ਦੋ ਕੁ ਦਿਨ ਰਾਜਾ ਵਜ਼ੀਰ ਦੇ ਘਰ ਹੀ ਲੁਕਿਆ ਰਿਹਾ। ਫਿਰ ਉਹ ਨਕਲੀ ਦਾੜ੍ਹੀ ਮੁੱਛਾਂ ਅਤੇ ਵਾਲ ਲਗਾ ਕੇ ਦਰਬਾਰ ਵਿਚ ਪੁਜਾ।

ਸੌਦਾਗਰ ਦਰਬਾਰ ਵਿਚ ਹਾਜ਼ਰ ਹੋ ਕੇ ਕਹਿਣ ਲਗਾ, "ਤੁਸੀਂ 'ਕੁਝ' ਵੇਖ ਲਿਆ ਏ ਨਾ ?"

"ਜੀ ਹਾਂ, ਚੰਗੀ ਤਰ੍ਹਾਂ ਵੇਖ ਲਿਆ ਏ।" ਰਾਜਾ ਸ਼ਰਮਿੰਦਾ ਸੀ।

"ਮੇਰਾ ਇਨਾਮ।"

ਰਾਜੇ ਨੇ ਅਸ਼ਰਫ਼ੀਆਂ ਦੀ ਇਕ ਥੈਲੀ ਸੌਦਾਗਰ ਨੂੰ ਦਿੰਦੇ ਹੋਏ ਕਿਹਾ, "ਇਹ ਲੈ। ਤੂੰ ਹੁਣ ਛੇਤੀ ਆਪਣੇ ਵਤਨ ਵਾਪਿਸ ਚਲਾ ਜਾ।"

"ਮਹਾਰਾਜ ! ਇਕ ਵਾਰ ਸਾਡੇ ਘਰ ਚਰਨ ਪਾਉ ਤੇ ਖਾਣਾ ਖਾਓ।" ਸੌਦਾਗਰ ਨੇ ਰਾਜੇ ਅਗੇ ਤਰਲਾ ਕੀਤਾ।

"ਇਕੋ ਫੇਰਾ ਹੀ ਜ਼ਿੰਦਗੀ ਭਰ ਨਹੀਂ ਭੁਲਣਾ।" ਕਹਿ ਕੇ ਰਾਜਾ ਚੁਪ ਹੋ ਗਿਆ।

ਸਬਜ਼ ਪਰੀ

ਪੁਰਾਣੇ ਵੇਲਿਆਂ ਦੀ ਗੱਲ ਏ, ਕਿਸੇ ਰਾਜੇ ਦੇ ਤ੍ਰੈ ਪੁਤਰ ਸਨ। ਦੋਵੇਂ ਵਡੇ ਪੁਤਰ ਵਿਆਹੇ ਹੋਏ ਸਨ, ਪਰ ਨਿਕਾ ਮੀਰਜ਼ਾਦਾ ਅਜੇ ਕੰਵਾਰਾ ਸੀ। ਵਡੀਆਂ ਦੋਵੇਂ ਨੂੰਹਾਂ ਇਕੋ ਰਾਜੇ ਦੀਆਂ ਧੀਆਂ ਸਨ। ਉਨ੍ਹਾਂ ਦੀ ਇਕ ਹੋਰ ਛੋਟੀ ਭੈਣ ਵੀ ਸੀ, ਜੋ ਬਹੁਤ ਸੋਹਣੀ ਨਹੀਂ ਸੀ। ਉਨ੍ਹਾਂ ਦੋਹਾਂ ਭਰਜਾਈਆਂ ਦੀ ਇੱਛਾ ਸੀ ਕਿ ਉਹ ਛੋਟੇ ਦੇਵਰ ਮੀਰਜ਼ਾਦੇ ਲਈ, ਆਪਣੀ ਨਿਕੀ ਭੈਣ ਦਾ ਰਿਸ਼ਤਾ ਲੈ ਆਉਣ, ਪਰ ਮੀਰਜ਼ਾਦਾ ਉਸ ਕੁੜੀ ਨਾਲ ਵਿਆਹ ਕਰਨ ਲਈ ਰਜ਼ਾਮੰਦ ਨਹੀਂ ਸੀ ਹੁੰਦਾ।

ਭਰਜਾਈਆਂ ਨੇ ਮੀਰਜ਼ਾਦੇ ਦੇ ਬੜੇ ਤਰਲੇ ਲਏ। ਪਰ ਉਹਨੇ ਇਕ ਨਾ ਮੰਨੀ। ਇਕ ਵਾਰ ਦੋਵੇਂ ਭਰਜਾਈਆਂ ਮੀਰਜ਼ਾਦੇ ਨੂੰ ਰੋਟੀ ਖਵਾ ਰਹੀਆਂ ਸਨ ਕਿ ਵਡੀ ਭਰਜਾਈ ਨੇ ਉਹਦੇ ਅਗੇ ਥਾਲ ਪਰੋਸਦਿਆਂ ਲਾਡ ਨਾਲ ਕਿਹਾ, "ਮੇਰੀ ਛੋਟੀ ਭੈਣ ਨਾਲ ਤੂੰ ਵਿਆਹ ਕਰਵਾ ਲੈ, ਉਹ ਤੇਰੀ ਬੜੀ ਸੇਵਾ ਕਰੇਗੀ। ਨਾਲੇ ਅਸੀਂ ਤਿੰਨੇ ਭੈਣਾਂ ਇਕੋ ਘਰ ਆ ਵਸਾਂਗੀਆਂ। ਜੇ ਕੋਈ ਬਾਹਰਲੀ ਕੁੜੀ ਆ ਗਈ ਤਾਂ ਉਹ ਬਿਖੇੜੇ ਪਾਈ ਰਖੇਗੀ।"

ਮੀਰਜ਼ਾਦਾ ਰੋਜ਼ ਰੋਜ਼ ਇਹੋ ਗੱਲ ਸੁਣ ਕੇ ਤੰਗ ਪੈ ਗਿਆ ਸੀ। ਸੋ ਉਹ ਕਰੋਧ ਨਾਲ ਭੱਖਦਾ ਹੋਇਆ ਕਹਿਣ ਲਗਾ, "ਮੈਨੂੰ ਤੁਹਾਡੀ ਫੀਨੇ ਨੱਕ ਵਾਲੀ, ਕਾਲੀ ਕਲੂਟੀ ਭੈਣ ਪਸੰਦ ਨਹੀਂ। ਮੁੜ ਉਸ ਦਾ ਨਾਂ ਮੇਰੇ ਅਗੇ ਕਦੇ ਨਾ ਲੈਣਾ।"

"ਵੇਖਾਂ ਗੀਆਂ, ਤੂੰ ਕਿਹੜੀ ਸਬਜ਼ ਪਰੀ ਵਿਆਹ ਕੇ ਲਿਆਂਦਾ ਏਂ।" ਛੋਟੀ ਭਰਜਾਈ ਕਰੋਧ ਵਿਚ ਆ ਕੇ ਮਿਹਣੇ ਮਾਰਨ ਲਗੀ।

ਮੀਰਜ਼ਾਦੇ ਨੂੰ ਇਹ ਮਿਹਣਾ ਬੜਾ ਚੁਭਿਆ ਤੇ ਉਹ ਰੋਟੀ ਵਿਚੇ ਛਡ ਕੇ ਉਠ ਖਲੋਤਾ, "ਮੈਂ ਹੁਣ ਸਬਜ਼ ਪਰੀ ਵਿਆਹ ਕੇ ਹੀ ਇਸ ਘਰ ਦਾ ਅੰਨ ਪਾਣੀ ਮੂੰਹ ਲਾਵਾਂਗਾ।"

ਉਸੇ ਵੇਲੇ ਮੀਰਜ਼ਾਦੇ ਨੇ ਸ਼ਾਹੀ ਅਸਤਬਲ ਵਿਚੋਂ ਇਕ ਘੋੜਾ ਮੰਗਵਾਇਆ। ਫਿਰ ਸ਼ਸਤ੍ਰ ਪਹਿਨ ਕੇ ਉਹ ਸਬਜ਼ ਪਰੀ ਦੀ ਖੋਜ ਵਿਚ ਘਰੋਂ ਨਿਕਲ ਤੁਰਿਆ।

ਦੋਹਾਂ ਭਰਜਾਈਆਂ ਨੇ ਮੀਰਜ਼ਾਦੇ ਨੂੰ ਬੜਾ ਰੋਕਿਆ, ਤਰਲੇ ਲਏ, ਪਰ ਉਹਨੇ ਇਕ ਨਾ ਸੁਣੀ।

ਮੀਰਜ਼ਾਦਾ ਬੜੇ ਪਕੇ ਇਰਾਦੇ ਦਾ ਮਾਲਕ ਸੀ, ਉਹ ਇਕ ਵਾਰ ਜੋ ਗੱਲ ਠਾਣ ਲੈਂਦਾ ਉਸ ਨੂੰ ਕਰ ਕੇ ਵਿਖਾਂਦਾ। ਉਹ ਬੜੇ ਬੁਲੰਦ ਹੌਂਸਲੇ ਵਾਲਾ ਸੀ, ਵਡੀ ਤੋਂ ਵਡੀ ਮੁਸੀਬਤ ਵਿਚ ਵੀ ਕਦੇ ਘਬਰਾਂਦਾ ਨਹੀਂ ਸੀ। ਇਸੇ ਲਈ ਰਾਜੇ ਤੇ ਭਰਾਵਾਂ ਵਿਚੋਂ ਕਿਸੇ ਨੇ ਵੀ ਉਸ ਨੂੰ ਜਾਣ ਤੋਂ ਨਾ ਰੋਕਿਆ।

ਤੁਰਦਿਆਂ ਤੁਰਦਿਆਂ ਮੀਰਜ਼ਾਦਾ ਇਕ ਸੰਘਣੇ ਜੰਗਲ ਵਿਚ ਪੁਜਾ। ਉਹ ਕਾਫੀ ਥਕ ਚੁਕਾ ਸੀ। ਉਦੋਂ ਤਕ ਸੂਰਜ ਵੀ ਕਾਫੀ ਢਲਣਾ ਸ਼ੁਰੂ ਹੋ ਗਿਆ ਸੀ। ਸੋ ਅਰਾਮ ਕਰਨ ਦੇ ਵਿਚਾਰ ਨਾਲ ਮੀਰਜ਼ਾਦਾ ਇਕ ਦਰਖ਼ਤ ਦੇ ਹੇਠਾਂ ਲੰਮਾ ਪੈ ਗਿਆ।

ਝਟ ਕੁ ਮਗਰੋਂ ਮੀਰਜ਼ਾਦੇ ਨੂੰ ਇਕ ਸੱਪ ਦੇ ਸ਼ੂਕਣ ਦੀ ਅਵਾਜ਼ ਸੁਣਾਈ ਦਿਤੀ। ਉਸ ਨੇ ਵੇਖਿਆ ਕਿ ਇਕ ਕਾਲਾ ਸਿਆਹ ਫਨੀਅਰ ਫਣ ਫੈਲਾ ਕੇ ਦਰਖਤ ਦੇ ਉਪਰ ਚੜ੍ਹ ਰਿਹਾ ਸੀ। ਮੀਰਜ਼ਾਦੇ ਨੇ ਉਸੇ ਵੇਲੇ ਆਪਣੀ ਤਲਵਾਰ ਕਢੀ ਤੇ ਉਹਦੇ ਟੁਕੜੇ ਟੁਕੜੇ ਕਰ ਦਿਤੇ। ਆਪ ਉਹ ਫਿਰ ਦਰਖਤ ਹੇਠਾਂ ਲੰਮਾ ਪੈ ਗਿਆ।

ਉਸ ਦਰਖਤ ਦੇ ਉਪਰ ਹੰਸਾਂ ਦਾ ਇਕ ਪ੍ਰਵਾਰ ਰਹਿੰਦਾ ਸੀ। ਹੰਸ ਅਤੇ ਹੰਸਣੀ ਬਾਹਰ ਚੋਗਾ ਚੁੱਗਣ ਗਏ ਹੋਏ ਸਨ। ਪਿਛੇ ਆਲ੍ਹਣੇ ਵਿਚ ਉਨ੍ਹਾਂ ਦੇ ਛੋਟੇ ਛੋਟੇ ਬੱਚੇ ਸਨ, ਜਿਨ੍ਹਾਂ ਦੇ ਖੰਭ ਵੀ ਹਾਲੇ ਨਹੀਂ ਸਨ ਨਿਕਲੇ। ਕੁਝ ਦਿਨ ਪਹਿਲਾਂ ਸੱਪ ਹੰਸ ਦੇ ਦੋ ਬੱਚੇ ਇਕ ਇਕ ਕਰਕੇ ਮਾਰ ਕੇ ਖਾ ਗਿਆ ਸੀ। ਹੰਸ ਬੜੇ ਪਰੇਸ਼ਾਨ ਸਨ। ਉਨ੍ਹਾਂ ਨੇ ਸਮਝਿਆ ਕਿ ਬੱਚੇ ਕਿਸੇ ਸ਼ਖਸ ਨੇ ਚੁਰਾ ਲਏ ਹਨ।

ਸ਼ਾਮ ਵੇਲੇ ਜਦੋਂ ਹੰਸਾਂ ਦਾ ਜੋੜਾ ਪਰਤ ਕੇ ਆਇਆ ਤਾਂ ਦਰਖਤ ਦੇ ਹੇਠਾਂ ਇਕ ਸ਼ਸਤ੍ਰਧਾਰੀ ਮੁਸਾਫ਼ਰ ਨੂੰ ਲੰਮੇ ਪਏ ਵੇਖਿਆ ਤਾਂ ਉਨ੍ਹਾਂ ਨੇ ਸਮਝਿਆ ਕਿ ਇਹੋ ਸ਼ਖਸ ਉਹਨਾਂ ਦੇ ਬੱਚੇ ਚੁਰਾ ਕੇ ਲੈ ਜਾਂਦਾ ਰਿਹਾ ਹੈ।

ਸੋ ਹੰਸਾਂ ਦਾ ਜੋੜਾ ਮੁਸਾਫਰ ਕੋਲ ਆਇਆ ਅਤੇ ਆਜਜ਼ੀ ਨਾਲ ਕਹਿਣ ਲੱਗਾ, "ਹੇ ਭਲੇ ਪੁਰਸ਼ ! ਅਸਾਂ ਤੇਰਾ ਕੀ ਵਿਗਾੜਿਐ ਕਿ ਤੂੰ ਸਾਡੇ ਬੱਚੇ ਚੁਰਾ ਕੇ ਲੈ ਜਾਂਦਾ ਏਂ ? ਸਾਡੇ ਉਤੇ ਰਹਿਮ ਕਰ। ਸਾਨੂੰ ਇਹ ਬੱਚੇ ਉਤਨੇ ਹੀ ਪਿਆਰੇ ਨੇ ਜਿਤਨੇ ਤੈਨੂੰ ਤੇਰੇ ਆਪਣੇ ਬੱਚੇ।"

ਮੀਰਜ਼ਾਦਾ ਇਹ ਗੱਲ ਸੁਣ ਕੇ ਹੈਰਾਨ ਰਹਿ ਗਿਆ। ਪਰ ਛੇਤੀ ਹੀ ਉਹਨੂੰ ਅਸਲੀ ਗੱਲ ਦੀ ਸਮਝ ਆ ਗਈ। ਮੀਰਜ਼ਾਦੇ ਨੇ ਫਨੀਅਰ ਵਲ ਇਸ਼ਾਰਾ ਕਰਕੇ ਹੰਸਾਂ ਨੂੰ ਕਿਹਾ, "ਤੁਹਾਡਾ ਦੁਸ਼ਮਣ ਤਾਂ ਇਹ ਸੱਪ ਏ, ਜਿਸ ਨੂੰ ਮੈਂ ਮਾਰ ਮੁਕਾਇਆ ਏ।"

ਫਨੀਅਰ ਸੱਪ ਨੂੰ ਮਰਿਆ ਵੇਖ, ਹੰਸ ਅਤੇ ਹੰਸਣੀ ਸਮਝ ਗਏ ਕਿ ਇਹੋ ਸੱਪ ਉਨ੍ਹਾਂ ਦੇ ਬੱਚੇ ਮਾਰ ਕੇ ਖਾ ਜਾਂਦਾ ਰਿਹਾ ਹੈ। ਸੋ ਉਹ ਮੁਸਾਫਰ ਦੇ ਬੜੇ ਸ਼ੁਕਰ ਗੁਜ਼ਾਰ ਹੋਏ ਤੇ ਕਹਿਣ ਲਗੇ, "ਹੇ ਭਲੇ ਪੁਰਸ਼ ! ਅਸੀਂ ਤੇਰੀ ਕੀ ਮਦਦ ਕਰ ਸਕਦੇ ਹਾਂ। ਭਾਵੇਂ ਅਸੀਂ ਨਿਤਾਣੇ ਜਿਹੇ ਜੀਵ ਹਾਂ, ਪਰ ਫਿਰ ਵੀ ਜੇ ਤੇਰਾ ਕੋਈ ਕੰਮ ਸੰਵਾਰ ਸਕੀਏ ਤਾਂ ਅਸੀਂ ਆਪਣੀ ਖੁਸ਼ਕਿਸਮਤੀ ਸਮਝਾਂਗੇ।"

ਮੀਰਜ਼ਾਦੇ ਨੇ ਆਪਣੇ ਬਾਰੇ ਦਸਦਿਆਂ ਕਿਹਾ, "ਮੈਂ ਇਕ ਰਾਜੇ ਦਾ ਲੜਕਾ ਹਾਂ ਅਤੇ ਸਬਜ਼ ਪਰੀ ਦੀ ਖੋਜ ਵਿਚ ਘਰੋਂ ਨਿਕਲਿਆ ਹਾਂ। ਮੈਂ ਪ੍ਰਣ ਕੀਤਾ ਹੋਇਐ ਕਿ ਉਸ ਨੂੰ ਹਾਸਲ ਕੀਤੇ ਬਗੈਰ ਘਰ ਵਾਪਸ ਨਹੀਂ ਪਰਤਾਂਗਾ।" ਆਪਣੀ ਸਾਰੀ ਵਿਥਿਆ ਸੁਣਾ ਕੇ ਮੀਰਜ਼ਾਦੇ ਨੇ ਕਿਹਾ, "ਜੇ ਤੁਹਾਨੂੰ ਸਬਜ਼ ਪਰੀ ਦੇ ਦੇਸ਼ ਦਾ ਥਹੁ ਪਤਾ ਮਾਲੂਮ ਹੋਵੇ ਤਾਂ ਮੈਨੂੰ ਦਸੋ। ਮੈਂ ਸਾਰੀ ਉਮਰ ਤੁਹਾਡਾ ਅਹਿਸਾਨਮੰਦ ਰਹਾਂਗਾ।"

ਹੰਸਾਂ ਨੂੰ ਸਬਜ਼ ਪਰੀ ਦੇ ਨਿਵਾਸ-ਅਸਥਾਨ ਦਾ ਪਤਾ ਸੀ। ਉਹ ਕਈ ਵਾਰ ਉਸ ਦੇਸ਼ ਵਲ ਸੈਰ ਸਪਾਟੇ ਵਾਸਤੇ ਗਏ ਸਨ। ਸੋ ਹੰਸਾਂ ਨੇ ਮੀਰਜ਼ਾਦੇ ਨੂੰ ਉਸ ਦੇਸ਼ ਬਾਰੇ ਕਾਫੀ ਸਾਰੀ ਵਾਕਫੀ ਦਿਤੀ। ਹੰਸਣੀ ਨੇ ਕਿਹਾ, "ਅਸੀਂ ਤੁਹਾਨੂੰ ਇਕ ਹੰਸ ਦੇਂਦੇ ਹਾਂ, ਇਹ ਤੁਹਾਨੂੰ ਆਪਣੇ ਖੰਭਾਂ ਉਤੇ ਬਿਠਾ ਕੇ ਸਬਜ਼ ਪਰੀ ਦੇ ਦੇਸ਼ ਨੂੰ ਲੈ ਜਾਵੇਗਾ।"

ਮੀਰਜ਼ਾਦਾ ਬੜਾ ਖੁਸ਼ ਹੋਇਆ।

ਅਗਲੇ ਦਿਨ ਮੀਰਜ਼ਾਦਾ ਹੰਸ ਦੇ ਖੰਭਾਂ ਉਤੇ ਬੈਠ ਕੇ ਪਰੀ ਦੇਸ਼ ਵਲ ਤੁਰ ਪਿਆ। ਪੈਂਡਾ ਚੋਖਾ ਸੀ ਅਤੇ ਰਾਹ ਵਿਚ ਸਮੁੰਦਰ ਪੈਂਦਾ ਸੀ, ਪਰ ਮੀਰਜ਼ਾਦਾ ਹੰਸ ਦੀ ਮਦਦ ਨਾਲ ਸਮੁੰਦਰ ਪਾਰ ਕਰ ਗਿਆ। ਜਦੋਂ ਹੰਸ ਥਕ ਜਾਂਦਾ, ਉਹ ਅਰਾਮ ਕਰਨ ਲਈ ਕਿਸੇ ਜੰਗਲ ਵਿਚ ਉਤਰ ਪੈਂਦਾ।

ਇਕ ਦਿਨ ਰਾਤ ਵੇਲੇ ਮੀਰਜ਼ਾਦਾ ਅਤੇ ਹੰਸ ਕਿਸੇ ਜੰਗਲ ਵਿਚ ਬਿਸਰਾਮ ਕਰ ਰਹੇ ਸਨ। ਜਦੋਂ ਸਵੇਰ ਹੋਈ ਤਾਂ ਹੰਸ ਮੋਤੀ ਚੁੱਗਣ ਲਈ ਕਿਸੇ ਨਦੀ ਦੇ ਕੰਢੇ ਗਿਆ। ਉਥੇ ਉਸ ਨੇ ਵੇਖਿਆ ਕਿ ਕੁਝ ਪਰੀਆਂ ਪਾਣੀ ਵਿਚ ਖੇਡ ਰਹੀਆਂ ਸਨ। ਉਨ੍ਹਾਂ ਦੇ ਕਪੜੇ ਨਦੀ ਦੇ ਕੰਢੇ ਇਕ ਦਰਖਤ ਹੇਠਾਂ ਪਏ ਸਨ। ਇਨ੍ਹਾਂ ਵਿਚ ਭਾਵੇਂ ਸਬਜ਼ ਪਰੀ ਨਹੀਂ ਸੀ, ਪਰ ਇਹ ਪਰੀਆਂ ਸਬਜ਼ ਦੇਸ਼ ਦੀਆਂ ਹੀ ਵਾਸੀ ਲਗਦੀਆਂ ਸਨ।

ਹੰਸ ਉਸੇ ਵੇਲੇ ਬੜੀ ਤੇਜ਼ੀ ਨਾਲ ਮੀਰਜ਼ਾਦੇ ਕੋਲ ਪੁਜਾ ਅਤੇ ਉਸ ਨੂੰ ਜਗਾ ਕੇ ਕਹਿਣ ਲਗਾ, "ਇਥੋਂ ਥੋੜੀ ਦੂਰ, ਦਰਿਆ ਵਿਚ, ਪਰੀਆਂ ਨਹਾ ਧੋ ਰਹੀਆਂ ਨੇ, ਤੁਸੀਂ ਉਥੇ ਜਾ ਕੇ ਉਨ੍ਹਾਂ ਦੇ ਕਪੜੇ ਚੁਕ ਲਓ ਤੇ ਕਿਧਰੇ ਛੁਪ ਜਾਓ। ਕਪੜਿਆਂ ਤੋਂ ਬਗੈਰ ਪਰੀਆਂ ਦੀ ਸਾਰੀ ਸ਼ਕਤੀ ਖਤਮ ਹੋ ਜਾਵੇਗੀ। ਪਰੀਆਂ ਤੁਹਾਨੂੰ ਕੁਝ ਮੰਗਣ ਵਾਸਤੇ ਕਹਿਣਗੀਆਂ। ਤੁਸੀਂ ਉਨ੍ਹਾਂ ਤੋਂ ਸਬਜ਼ ਪਰੀ ਦੀ ਮੰਗ ਕਰਨੀ। ਆਪੇ ਸਭ ਕੰਮ ਰਾਸ ਹੋ ਜਾਵੇਗਾ।" ਫਿਰ ਹੰਸ ਨੇ ਮੀਰਜ਼ਾਦੇ ਨੂੰ ਕਈ ਹਰ ਗੱਲਾਂ ਸਮਝਾਈਆਂ।

ਮੀਰਜ਼ਾਦਾ ਉਸੇ ਵੇਲੇ ਕਾਹਲੀ ਕਾਹਲੀ ਦਰਿਆ ਦੇ ਕੰਢੇ ਪੁਜਾ, ਅਤੇ ਪੋਲੇ ਪੋਲੇ ਪੱਬ ਧਰਦਾ, ਪਰੀਆਂ ਦੇ ਵਸਤਰ ਚੁਕ ਕੇ, ਇਕ ਦਰਖਤ ਉਪਰ ਜਾ ਚੜ੍ਹਿਆ। ਜਦੋਂ ਪਰੀਆਂ ਇਸ਼ਨਾਨ ਕਰ ਕੇ ਬਾਹਰ ਨਿਕਲੀਆਂ ਤਾਂ ਆਪਣੇ ਕਪੜੇ ਗਾਇਬ ਵੇਖ ਕੇ, ਘਬਰਾ ਗਈਆਂ। ਉਹਨਾਂ ਚਾਰ ਚੁਫੇਰੇ ਨਜ਼ਰ ਦੁੜਾਈ। ਇਸ ਉਜਾੜ ਬੀਆਬਾਨ ਵਿਚ ਉਨ੍ਹਾਂ ਦੇ ਕਪੜੇ ਕੌਣ ਚੁਕ ਕੇ ਲੈ ਗਿਆ ਸੀ।

ਪਰੀਆਂ ਨੂੰ ਪਰੇਸ਼ਾਨ ਵੇਖ ਕੇ, ਮੀਰਜ਼ਾਦਾ ਦਰਖਤ ਤੋਂ ਹੇਠਾਂ ਉਤਰ ਆਇਆ। ਇਕ ਓਪਰੇ ਮਰਦ ਨੂੰ ਵੇਖਦੇ ਸਾਰ ਪਰੀਆਂ ਆਪਣੇ ਨੰਗ-ਨਮੂਜ਼ ਨੂੰ ਛੁਪਾਣ ਲਈ ਦੌੜ ਕੇ ਦਰਿਆ ਵਿਚ ਜਾ ਵੜੀਆਂ।

ਸ਼ਹਿਜ਼ਾਦਾ ਪਰੀਆਂ ਦੇ ਸਰਦਾਰ ਨੂੰ ਕਹਿਣ ਲਗਾ, "ਤੁਹਾਡੇ ਕਪੜੇ ਮੈਂ ਚੁਕੇ ਨੇ। ਮੈਂ ਸਬਜ਼ ਪਰੀ ਲਈ ਕਈ ਚਿਰਾਂ ਤੋਂ ਵਿਆਕੁਲ ਹੋ ਰਿਹਾ ਹਾਂ ਅਤੇ ਦਰ ਦਰ ਦੀ ਖਾਕ ਛਾਣਦਾ ਫਿਰਦਾ ਹਾਂ। ਮੈਂ ਇਹ ਕਪੜੇ ਤੁਹਾਨੂੰ ਇਸ ਸ਼ਰਤ ਤੇ ਵਾਪਸ ਕਰ ਸਕਦਾ ਹਾਂ ਜੇ ਤੁਸੀਂ ਸਬਜ਼ ਪਰੀ ਨੂੰ ਲਿਆ ਕੇ ਮੇਰੇ ਹਵਾਲੇ ਕਰੋ, ਮੈਂ ਉਸ ਨੂੰ ਵਿਆਹ ਕੇ ਘਰ ਲਿਜਾਣਾ ਚਾਹੁੰਦਾ ਆਂ।"

ਇਹ ਗੱਲ ਸੁਣ ਕੇ ਪਰੀਆਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਸਬਜ਼ ਪਰੀ ਤਾ ਉਨ੍ਹਾਂ ਦੀ ਰਾਣੀ ਸੀ। ਉਸੇ ਦੇ ਆਸਰੇ ਤਾਂ ਉਹ ਜੀਅ ਰਹੀਆਂ ਸਨ। ਸੋ ਇਕ ਪਰੀ ਨਿਮਰਤਾ ਨਾਲ ਕਹਿਣ ਲਗੀ, "ਸਾਡੇ ਵਿਚੋਂ ਜਿਹੜੀ ਪਰੀ ਚਾਹੇਂ ਵਿਆਹ ਲੈ। ਅਸੀਂ ਸਬਜ਼ ਪਰੀ ਦਾ ਵੈਦਾ ਨਹੀਂ ਕਰ ਸਕਦੀਆਂ। ਉਹ ਅਸਾਂ ਸਭਨਾਂ ਦੀ ਰਾਣੀ ਏ। ਉਹਦੇ ਦਿਲ ਦਾ ਸਾਨੂੰ ਕੀ ਪਤਾ ?"

ਪਰ ਮੀਰਜ਼ਾਦੇ ਨੇ ਇਕੋ ਰਟ ਲਗਾਈ ਰੱਖੀ, "ਜੇ ਵਿਆਹ ਕਰਨਾ ਏ ਤਾਂ ਸਬਜ਼ ਪਰੀ ਨਾਲ। ਜਦੋਂ ਤਕ ਤੁਸੀਂ ਸਬਜ਼ ਪਰੀ ਨੂੰ ਲਿਆ ਕੇ ਮੇਰੇ ਹਵਾਲੇ ਨਹੀਂ ਕਰੋਗੀਆਂ, ਮੈਂ ਕਪੜੇ ਵਾਪਸ ਨਹੀਂ ਕਰਾਂਗਾ।"

ਕਾਫੀ ਦੇਰ ਤਕ ਪਰੀਆਂ ਆਪੋ ਵਿਚ ਘੁਸਰ ਮੁਸਰ ਕਰਦੀਆਂ ਰਹੀਆਂ। ਅਖੀਰ, ਉਨ੍ਹਾਂ ਸਲਾਹ ਕਰ ਕੇ ਮੀਰਜ਼ਾਦੇ ਨੂੰ ਕਿਹਾ, "ਅਸੀਂ ਸਬਜ਼ ਪਰੀ ਦੀ ਥਾਂ ਹਾਮੀ ਕਿਵੇਂ ਭਰ ਸਕਦੀਆਂ ਹਾਂ। ਤੂੰ ਇਉਂ ਕਰ, ਸਾਡੇ ਵਿਚੋਂ ਇਕ ਪਰੀ ਦੇ ਕਪੜੇ ਦੇ ਦੇ, ਉਹ ਪਹਿਨ ਕੇ ਸਬਜ਼ ਪਰੀ ਕੋਲ ਜਾਵੇਗੀ ਅਤੇ ਤੇਰੇ ਸੁਨੇਹੇ ਦਾ ਜੁਆਬ ਲੈ ਕੇ ਆ ਜਾਵੇਗੀ।"

ਮੀਰਜ਼ਾਦਾ ਇਹ ਗੱਲ ਮੰਨ ਗਿਆ।

ਉਸੇ ਵੇਲੇ ਪਰੀਆਂ ਦੀ ਸਰਦਾਰ ਆਪਣੇ ਕਪੜੇ ਪਹਿਨ ਕੇ ਸਬਜ਼ ਦੇਸ਼ ਨੂੰ ਗਈ ਅਤੇ ਉਸ ਨੇ ਸਬਜ਼ ਪਰੀ ਨੂੰ ਸਾਰਾ ਬ੍ਰਿਤਾਂਤ ਜਾ ਸੁਣਾਇਆ। ਸਬਜ਼ ਪਰੀ ਬੜੀ ਸੁਹਿਰਦ ਅਤੇ ਦਿਆਲੂ ਸੀ। ਉਸ ਨੂੰ ਬੜਾ ਦੁਖ ਹੋਇਆ ਕਿ ਉਹਦੀ ਖਾਤਰ ਪਰੀਆਂ ਦੇ ਇਕ ਵਡੇ ਸਾਰੇ ਗਰੋਹ ਨੂੰ ਕਸ਼ਟ ਉਠਾਣੇ ਪੈ ਰਹੇ ਹਨ। ਸੋ ਸਬਜ਼ ਪਰੀ ਨੇ ਮੀਰਜ਼ਾਦੇ ਨੂੰ ਮਿਲਣਾ ਪ੍ਰਵਾਨ ਕਰ ਲਿਆ।

ਪਰੀਆਂ ਦੀ ਸਰਦਾਰ ਨੇ ਵਾਪਸ ਆ ਕੇ ਮੀਰਜ਼ਾਦੇ ਨੂੰ ਦਸਿਆ ਕਿ ਸਬਜ਼ ਪਰੀ ਉਸਨੂੰ ਮਿਲਣ ਵਾਸਤੇ ਰਜ਼ਾਮੰਦ ਹੋ ਗਈ ਹੈ। ਕਲ ਉਹ ਆਪਣੀਆਂ ਸਹੇਲੀਆਂ ਨਾਲ ਇਸੇ ਨਦੀ ਦੇ ਕੰਢੇ ਉਸ ਨੂੰ ਸਵੇਰ ਵੇਲੇ ਮਿਲੇਗੀ।

ਮੀਰਜ਼ਾਦੇ ਨੇ ਉਸੇ ਵੇਲੇ ਸਭ ਪਰੀਆਂ ਦੇ ਕਪੜੇ ਵਾਪਸ ਕਰ ਦਿਤੇ। ਉਹ ਸਭ ਆਪੋ ਆਪਣੇ ਕਪੜੇ ਪਹਿਨ ਕੇ ਹਵਾ ਵਿਚ ਤਰਦੀਆਂ ਗਾਇਬ ਹੋ ਗਈਆਂ।

ਅਗਲੇ ਦਿਨ ਸਵੇਰੇ ਮੀਰਜ਼ਾਦਾ ਨਦੀ ਦੇ ਕੰਢੇ ਸਬਜ਼ ਪਰੀ ਦੀ ਉਡੀਕ ਕਰਨ ਲਗਾ। ਥੋੜੀ ਦੇਰ ਬਾਅਦ ਅਸਮਾਨ ਵਿਚੋਂ ਪਰੀਆਂ ਦਾ ਇਕ ਝੁੰਡ ਉਤਰਿਆ। ਇਕ ਤੋਂ ਇਕ ਚੜ੍ਹਦੀ, ਸੋਹਣੀ ਤੇ ਸਜੀਲੀ ਸੀ। ਉਨ੍ਹਾਂ ਵਿਚੋਂ ਇਕ ਪਰੀ ਜਿਸ ਨੇ ਸਬਜ਼ ਰੰਗ ਦੇ ਕਪੜੇ ਪਹਿਨ ਰਖੇ ਸਨ, ਬਾਕੀਆਂ ਨਾਲੋਂ ਰੰਗ ਰੂਪ ਅਤੇ ਸ਼ਿੰਗਾਰ ਵਿਚ ਵਖਰੀ ਸੀ। ਉਸ ਦੇ ਚਿਹਰੇ ਦੀ ਝਾਲ ਨਹੀਂ ਸੀ ਝਲੀ ਜਾਂਦੀ। ਇਹੋ ਸਬਜ਼ ਪਰੀ ਸੀ।

ਸਬਜ਼ ਪਰੀ ਨੇ ਮੀਰਜ਼ਾਦੇ ਵਲ ਵੇਖਿਆ। ਉਹ ਵੀ ਉੱਚਾ ਲੰਮਾ ਤੇ ਸੋਹਣਾ ਸੁਨੱਖਾ ਗਭਰੂ ਸੀ। ਭਰਵੀਂ ਡੀਲ ਡੌਲ ਸਦਕਾ ਮੀਰਜ਼ਾਦੇ ਦਾ ਪ੍ਰਭਾਵ ਬੜਾ ਗੌਰਵ ਵਾਲਾ ਸੀ। ਸਬਜ਼ ਪਰੀ ਵੇਖਦੇ ਸਾਰ ਮੋਹਿਤ ਹੋ ਗਈ ਅਤੇ ਉਸ ਨੇ ਵਿਆਹ ਲਈ ਰਜ਼ਾਮੰਦੀ ਦੇ ਦਿਤੀ।

ਉਸੇ ਵੇਲੇ ਦੋਹਾਂ ਦਾ ਵਿਆਹ ਬੜੀ ਧੂਮ ਧਾਮ ਨਾਲ ਹੋਇਆ।

ਫਿਰ ਪਰੀਆਂ ਸਬਜ਼ ਪਰੀ ਨੂੰ ਮੀਰਜ਼ਾਦੇ ਦੇ ਸਪੁਰਦ ਕਰਕੇ ਸਬਜ਼ ਦੇਸ਼ ਨੂੰ ਪਰਤ ਗਈਆਂ।

ਸ਼ਹਿਜ਼ਾਦਾ ਸਬਜ਼ ਪਰੀ ਨੂੰ ਵਿਆਹ ਕੇ ਆਪਣੇ ਦੇਸ਼ ਵਲ ਵਾਪਸ ਤੁਰ ਪਿਆ। ਸਬਜ਼ ਪਰੀ ਨੇ ਪਰੀਆਂ ਵਾਲੇ ਕਪੜੇ ਉਤਾਰ ਕੇ ਆਪਣੀਆਂ ਸਹੇਲੀਆਂ ਨੂੰ ਦੇ ਦਿਤੇ ਸਨ, ਜਿਸ ਕਰਕੇ ਉਸ ਵਿਚ, ਹੁਣ ਹਵਾਵਾਂ ਵਿਚ ਉਡਣ ਦੀ ਸ਼ਕਤੀ ਨਹੀਂ ਸੀ ਰਹੀ। ਹੰਸ ਵਿਚ ਵੀ ਇਤਨੀ ਸਮਰਥਾ ਨਹੀਂ ਸੀ ਕਿ ਉਹ ਮੀਰਜ਼ਾਦੇ ਅਤੇ ਸਬਜ਼ ਪਰੀ ਦੋਹਾਂ ਨੂੰ ਆਪਣੇ ਖੰਭਾਂ ਉਤੇ ਇਕਠਿਆਂ ਬਿਠਾ ਲਏ। ਸੋ ਉਨ੍ਹਾਂ ਨੂੰ ਸਮੁੰਦਰ ਦੇ ਰਸਤੇ ਘਰ ਵਾਪਸ ਜਾਣਾ ਪਿਆ।

ਮੀਰਜ਼ਾਦਾ ਅਤੇ ਸਬਜ਼ ਪਰੀ ਇਕ ਬੇੜੀ ਵਿਚ ਸਵਾਰ ਹੋ ਗਏ। ਹੰਸ ਵੀ ਉਨ੍ਹਾਂ ਦੇ ਨਾਲ ਹੀ ਇਕ ਗੁਠ ਵਿਚ ਬੈਠ ਗਿਆ। ਸਮੁੰਦਰ ਵਿਚ ਕਈ ਦਿਨ ਬੇੜਾ ਚਲਦਾ ਰਿਹਾ। ਦੋਵੇਂ ਸਾਰਾ ਦਿਨ ਹਸਦੇ ਖੇਡਦੇ ਰਹਿੰਦੇ ਸਨ। ਹੰਸ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਦਾ ਰਹਿੰਦਾ। ਇਕ ਦਿਨ ਅਚਾਨਕ ਸਮੁੰਦਰ ਵਿਚ ਕਹਿਰਾਂ ਦਾ ਤੂਫਾਨ ਉਠਿਆ। ਬੇੜਾ ਡੋਲਣ ਲਗਾ। ਮਲਾਹਾਂ ਨੇ ਬੇੜੇ ਨੂੰ ਕਿਨਾਰੇ ਲਗਾਉਣਾ ਚਾਹਿਆ, ਪਰ ਕਿਨਾਰਾ ਕਾਫੀ ਦੂਰ ਸੀ। ਅਖੀਰ ਇਕ ਵਡੀ ਸਾਰੀ ਛਲ ਆਈ, ਜਿਸ ਨਾਲ ਬੇੜਾ ਉਲਟ ਗਿਆ। ਤਿੰਨੋਂ ਪਾਣੀ ਵਿਚ ਜਾ ਡਿਗੇ ਅਤੇ ਲਹਿਰਾਂ ਦੀ ਲਪੇਟ ਵਿਚ ਆ ਕੇ ਅਡੋ ਅਡ ਵਹਿਣਾਂ ਵਿਚ ਪੈ ਗਏ। ਕਿਸੇ ਨੂੰ ਵੀ ਆਪਣੀ ਸੁਰਤ ਨਹੀਂ ਸੀ ਰਹੀ, ਉਹ ਕਿਸੇ ਦੂਜੇ ਦਾ ਕੀ ਖਿਆਲ ਕਰਦਾ।

ਮੀਰਜ਼ਾਦੇ ਦੇ ਹੱਥ ਇਕ ਲਕੜੀ ਦਾ ਥੰਮਾ ਲਗ ਗਿਆ, ਜਿਸ ਉਤੇ ਬੈਠ ਕੇ ਉਹ ਕੰਡੇ ਜਾ ਪੁਜਾ। ਮੀਰਜ਼ਾਦਾ ਕਈ ਦਿਨਾਂ ਦਾ ਭੁੱਖਾ ਭਾਣਾ ਸੀ। ਉਹਦੇ ਕਪੜੇ ਫੱਟ ਗਏ ਸਨ। ਉਹਦੇ ਕੋਲ ਪੈਸਾ ਧੇਲਾ ਵੀ ਨਹੀਂ ਸੀ ਰਿਹਾ। ਸੋ ਉਹ ਲਤਾਂ ਧੂੰਹਦਾ ਸਮੁੰਦਰ ਦੇ ਨੇੜੇ ਦੇ ਇਕ ਪਿੰਡ ਵਿਚ ਪੁਜਾ। ਉਥੇ ਇਕ ਭਠਿਆਰਨ ਦਾਣੇ ਭੁੰਨ ਰਹੀ ਸੀ, ਜਿਸਨੂੰ ਵੇਖਦੇ ਸਾਰ ਮੀਰਜ਼ਾਦੇ ਦੀ ਭੁਖ ਚਮਕ ਉਠੀ।

ਮੀਰਜ਼ਾਦੇ ਨੇ ਭਠਿਆਰਨ ਨੂੰ ਆਪਣੀ ਵੇਦਨਾ ਦਸੀ ਅਤੇ ਤਰਲਾ ਕਰਦੇ ਹੋਏ ਕਿਹਾ, "ਮਾਈ, ਮੈਂ ਕਈ ਦਿਨਾਂ ਦਾ ਭੁਖਾ ਹਾਂ, ਮੈਨੂੰ ਖਾਣ ਵਾਸਤੇ ਦਾਣੇ ਦੇਹ। ਮੈਂ ਤੇਰੇ ਵਾਪਸ ਜੰਗਲ ਵਿਚੋਂ ਕੱਖ ਕਾਨੇ ਚੁਣ ਲਿਆਵਾਂਗਾ।"

ਭਠਿਆਰਨ ਨੂੰ ਮੀਰਜ਼ਾਦੇ ਦਾ ਉਦਾਸ ਚਿਹਰਾ ਅਤੇ ਫਟੇ ਪੁਰਾਣੇ ਕਪੜੇ ਵੇਖ ਕੇ ਤਰਸ ਆ ਗਿਆ। ਉਸ ਨੇ ਮੀਰਜ਼ਾਦੇ ਨੂੰ ਖਾਣ ਵਾਸਤੇ ਕਾਫੀ ਕੁਝ ਦਿਤਾ ਅਤੇ ਫਿਰ ਉਸ ਨੂੰ ਕੁਝ ਪੁਰਾਣੇ ਕਪੜੇ ਪਹਿਨਣ ਲਈ ਦਿਤੇ। ਰਾਤ ਮੀਰਜ਼ਾਦਾ ਭਠਿਆਰਨ ਦੇ ਘਰ ਹੀ ਸੌਂ ਗਿਆ। ਭਠਿਆਰਨ ਦਾ ਆਪਣਾ ਕੋਈ ਬਾਲ ਬੱਚਾ ਨਹੀਂ ਸੀ, ਪਤੀ

ਮਰ ਚੁਕਾ ਸੀ। ਉਹ ਇਕਲੀ ਹੀ ਢਾਰੇ ਜਿਹੇ ਵਿਚ ਰਹਿੰਦੀ ਸੀ। ਸੋ ਭਠਿਆਰਨ ਨੇ ਮੀਰਜ਼ਾਦੇ ਨੂੰ ਆਪਣੇ ਕੋਲ ਹੀ ਰਖ ਲਿਆ। ਮੀਰਜ਼ਾਦਾ ਜੰਗਲ ਵਿਚੋਂ ਰੋਜ਼ ਲਕੜਾਂ ਕਟ ਕੇ ਲੈ ਆਉਂਦਾ ਅਤੇ ਭਠਿਆਰਨ ਸਾਰਾ ਦਿਨ ਦਾਣੇ ਭੁੰਨਦੀ ਰਹਿੰਦੀ। ਇਸ ਤਰ੍ਹਾਂ ਦੋਹਾਂ ਦਾ ਚੰਗਾ ਨਿਰਬਾਹ ਚਲਣ ਲਗਾ। ਕਦੇ ਕਦੇ ਮੀਰਜ਼ਾਦਾ ਸਬਜ਼ ਪਰੀ ਦੀ ਖੋਜ ਵਿਚ ਸਮੁੰਦਰ ਵਲ ਨਿਕਲ ਜਾਂਦਾ। ਮਤਾਂ ਉਹ ਕਿਨਾਰੇ ਲਗ ਗਈ ਹੋਵੇ।

ਉਧਰ ਹੰਸ ਕਦੇ ਪਾਣੀ ਵਿਚ ਤਰਦਾ ਤੇ ਕਦੇ ਹਵਾ ਵਿਚ ਉਡਾਰੀਆਂ ਭਰਦਾ, ਅਖੀਰ ਕੰਢੇ ਉਤੇ ਜਾ ਲਗਾ। ਉਹ ਸਮੁੰਦਰ ਦੇ ਕਿਨਾਰੇ ਹੀ ਇਕ ਦਰਖਤ ਉਪਰ ਆਲ੍ਹਣਾ ਬਣਾ ਕੇ ਵਾਸਾ ਕਰਨ ਲਗਾ। ਸਮੁੰਦਰ ਵਿਚੋਂ ਸਿੱਪੀਆਂ ਚੁਣ ਕੇ ਉਹ ਮੋਤੀਆਂ ਨਾਲ ਪੇਟ ਭਰ ਲੈਂਦਾ। ਜਦੋਂ ਉਸਨੂੰ ਵਕਤ ਮਿਲਦਾ, ਉਹ ਆਸ ਪਾਸ ਦੇ ਇਲਾਕੇ ਵਿਚ ਮੀਰਜ਼ਾਦੇ ਅਤੇ ਸਬਜ਼ ਪਰੀ ਦੀ ਭਾਲ ਕਰਦਾ। ਪਰ ਉਸ ਨੂੰ ਕੋਈ ਸਫਲਤਾ ਨਾ ਮਿਲੀ।

ਸਬਜ਼ ਪਰੀ ਰੁੜਦੀ ਹੋਈ ਕਿਸੇ ਹੋਰ ਦੇਸ਼ ਦੇ ਕੰਢੇ ਜਾ ਲਗੀ। ਦੇਵਨੈਤ ਉਸ ਦੇਸ਼ ਦਾ ਰਾਜਾ ਸ਼ਿਕਾਰ ਖੇਡਦਾ ਹੋਇਆ ਸਮੁੰਦਰ ਦੇ ਕੰਢੇ ਜਾ ਪੁਜਾ। ਉਥੇ ਇਕ ਖੂਬਸੂਰਤ ਤੀਵੀਂ ਨੂੰ ਬੇਹੋਸ਼ ਪਈ ਵੇਖ ਕੇ ਉਹ ਹੈਰਾਨ ਰਹਿ ਗਿਆ। ਉਹਦਾ ਰੰਗ ਰੂਪ ਪਰੀਆਂ ਵਾਲਾ ਸੀ, ਸੋ ਉਹ ਉਸਨੂੰ ਚੁਕ ਕੇ ਆਪਣੇ ਮਹਿਲਾਂ ਵਿਚ ਲੈ ਗਿਆ। ਸ਼ਾਹੀ ਹਕੀਮ ਨੂੰ ਸਦ ਕੇ ਸਬਜ਼ ਪਰੀ ਦਾ ਇਲਾਜ ਕਰਵਾਇਆ। ਕਈ ਦਿਨਾਂ ਮਗਰੋਂ ਉਹ ਹੋਸ਼ ਵਿਚ ਆਈ। ਜਦੋਂ ਪਰੀ ਬਿਲਕੁਲ ਨਵੀਂ ਨਰੋਈ ਹੋ ਗਈ ਤਾਂ ਰਾਜੇ ਨੇ ਉਸ ਅਗੇ ਵਿਆਹ ਦੀ ਪੇਸ਼ਕਸ਼ ਰਖੀ, ਪਰ ਸਬਜ਼ ਪਰੀ ਨੇ ਗੱਲ ਅਣਸੁਣੀ ਕਰ ਦਿਤੀ।

ਰਾਜੇ ਨੇ ਪਰੀ ਨੂੰ ਖੁਸ਼ ਕਰਨ ਲਈ ਉਸਦੇ ਸਾਹਮਣੇ ਹੀਰੇ ਮੋਤੀਆਂ, ਵੰਨ-ਸਵੰਨੇ ਰੇਸ਼ਮੀ ਕਪੜਿਆਂ ਤੇ ਕੀਮਤੀ ਚੀਜ਼ਾਂ ਦੇ ਅੰਬਾਰ ਲਗਾ ਦਿਤੇ। ਦਾਸੀਆਂ ਉਹਦੇ ਅਗੇ ਪਿਛੇ ਘੁੰਮਣ ਲਗੀਆਂ। ਪਰ ਸਬਜ਼ ਪਰੀ ਹਮੇਸ਼ਾ ਉਦਾਸ ਰਿਹਾ ਕਰੇ। ਨਾ ਕੁਝ ਖਾਏ ਨਾ ਕਦੇ ਬੋਲੇ।

ਇਕ ਦਿਨ ਰਾਜੇ ਨੇ ਮੌਕਾ ਤਾੜ ਕੇ ਉਸ ਅਗੇ ਵਿਆਹ ਦੀ ਫਿਰ ਪੇਸ਼ਕਸ਼ ਰਖੀ ਤਾਂ ਸਬਜ਼ ਪਰੀ ਨੇ ਸਾਫ ਕਹਿ ਦਿਤਾ, "ਮੈਂ ਤਾਂ ਪਹਿਲਾਂ ਹੀ ਵਿਆਹੀ ਹੋਈ ਹਾਂ। ਪਹਿਲੇ ਕੰਤ ਦੇ ਜੀਂਦਿਆਂ ਮੈਂ ਕਿਸੇ ਹੋਰ ਨਾਲ ਵਿਆਹ ਕਰਵਾਣ ਨੂੰ ਤਿਆਰ ਨਹੀਂ।"

ਰਾਜੇ ਨੇ ਜਦੋਂ ਧਨ ਦੌਲਤ ਨਾਲ ਸਬਜ਼ ਪਰੀ ਨੂੰ ਭਰਮਾਣਾ ਚਾਹਿਆ ਤਾਂ ਪਰੀ ਨੇ ਸਾਫ ਸ਼ਬਦਾਂ ਵਿਚ ਕਹਿ ਦਿਤਾ, "ਇਹ ਸਾਰੀ ਅਮੀਰੀ ਮੈਂ ਭੋਗ ਚੁਕੀ ਹਾਂ, ਮੇਰੇ ਲਈ ਇਹ ਚੀਜ਼ਾਂ ਕੋਈ ਅਰਥ ਨਹੀਂ ਰਖਦੀਆਂ, ਮੈਂ ਜਿਸ ਦੀ ਹਾਂ, ਉਸੇ ਦੀ ਰਹਾਂਗੀ।"

ਰਾਜੇ ਨੇ ਪਰੀ ਨੂੰ ਬੜਾ ਸਮਝਾਇਆ, "ਕੀ ਪਤਾ ਤੇਰਾ ਦਿਲਦਾਰ ਮਰ ਗਿਆ ਹੋਵੇ, ਤੂੰ ਉਹਦੀ ਯਾਦ ਵਿਚ ਆਪਣੀ ਜੋਵਾਨੀ ਅੰਵਾਈਂ ਨਾ ਗਾਲ।" ਪਰ ਪਰੀ ਨੇ ਇਕ ਨਾ ਸੁਣੀ।

ਜਦੋਂ ਰਾਜੇ ਨੇ ਬਹੁਤੀ ਜ਼ਿਦ ਕੀਤੀ ਤਾਂ ਸਬਜ਼ ਪਰੀ ਕਹਿਣ ਲਗੀ, "ਮੈਨੂੰ ਇਕ ਸਾਲ ਦੀ ਮੁਹਤਲ ਦਿਓ। ਜੇ ਇਸ ਅਰਸੇ ਵਿਚ ਮੇਰਾ ਮੀਰਜ਼ਾਦਾ ਮੈਨੂੰ ਨਾ ਲਭਾ ਤਾਂ ਤੁਸੀਂ ਬੇਸ਼ਕ ਮੇਰੇ ਨਾਲ ਵਿਆਹ ਕਰਵਾ ਲੈਣਾ।"

ਰਾਜਾ ਮੰਨ ਗਿਆ।

"ਪਰ ਮੇਰੀ ਇਕ ਸ਼ਰਤ ਏ, ਸਾਲ ਭਰ ਮੈਨੂੰ ਤੁਸੀਂ ਕੁਝ ਨਹੀਂ ਕਹਿਣਾ ਅਤੇ ਮੈਨੂੰ ਕਿਸੇ ਗੱਲਾਂ ਤੋਂ ਟੋਕਣਾ ਵਰਜਣਾ ਨਹੀਂ, ਜੋ ਮੈਂ ਚਾਹਵਾਂ ਕਰਾਂਗੀ।" ਪਰੀ ਨੇ ਬੇਨਤੀ ਕੀਤੀ।

ਰਾਜਾ ਇਹ ਗੱਲ ਵੀ ਮੰਨ ਗਿਆ।

ਸਬਜ਼ ਪਰੀ ਕਿਤਨਾ ਚਿਰ ਸੋਚਦੀ ਰਹੀ ਕਿ ਹੁਣ ਉਹ ਕੀ ਕਰੇ। ਜੇ ਕਿਸੇ ਤਰ੍ਹਾਂ ਹੰਸ ਮਿਲ ਜਾਵੇ ਤਾਂ ਮੀਰਜ਼ਾਦੇ ਨੂੰ ਲਭਣਾ ਸੌਖਾ ਹੋ ਜਾਵੇਗਾ। ਅਖੀਰ ਸਬਜ਼ ਪਰੀ ਨੂੰ ਇਕ ਤਰਕੀਬ ਸੁਝੀ। ਉਸ ਨੇ ਖਾਣ ਦੀਆ ਵੰਨ ਸਵੰਨੀਆਂ ਚੀਜ਼ਾਂ ਤਿਆਰ ਕਰਵਾ ਕੇ ਮਹਿਲਾਂ ਦੀ ਛਤ ਉਤੇ ਰਖਵਾ ਦਿਤੀਆਂ। ਕਿਧਰੇ ਫਲਾਂ ਦੇ ਢੇਰ ਲਗਾ ਦਿਤੇ, ਕਿਧਰੇ ਮਠਿਆਈਆਂ ਦੇ; ਇਕ ਪਾਸੇ ਉਥੇ ਸੁਚੇ ਮੋਤੀਆਂ ਦਾ ਅੰਬਾਰ ਖੜਾ ਕਰ ਦਿਤਾ। ਉਸ ਨੂੰ ਆਸ ਸੀ ਕਿ ਇਕ ਨਾ ਇਕ ਦਿਨ ਉਹਦਾ ਹੰਸ ਇਥੇ ਮੋਤੀ ਚੁਗਣ ਜ਼ਰੂਰ ਆਏਗਾ।

ਹਰ ਰੋਜ਼ ਵੰਨ-ਵੰਨਾ ਦੇ ਪੰਛੀਆਂ ਦੀਆਂ ਡਾਰਾਂ ਆਉਂਦੀਆਂ ਅਤੇ ਆਪਣੀ ਮਨ ਪਸੰਦ ਦੀਆਂ ਚੀਜ਼ਾਂ ਖਾ ਕੇ ਉਡ ਜਾਂਦੀਆਂ। ਇਹ ਖਬਰ ਸਾਰੇ ਪਾਸੇ ਫੈਲ ਗਈ ਅਤੇ ਦੂਰੋਂ ਦੂਰੋਂ ਪੰਛੀ ਚੋਗਾ ਚੁਗਣ ਇਧਰ ਆਉਣ ਲਗੇ।

ਇਕ ਵਾਰ ਹੰਸ ਸਮੁੰਦਰ ਦੇ ਕਿਨਾਰੇ ਸੁੱਚੇ ਮੋਤੀ ਭਾਲ ਰਿਹਾ ਸੀ, ਤਾਂ ਉਪਰੋਂ ਪੰਛੀਆਂ ਦੀ ਇਕ ਡਾਰ ਲੰਘੀ। ਉਹ ਹੰਸ ਨੂੰ ਵੇਖ ਕੇ ਹੇਠਾਂ ਉਤਰ ਆਈ ਤੇ ਕਹਿਣ ਲਗੀ, "ਤੂੰ ਇਥੇ ਮੋਤੀਆਂ ਨੂੰ ਸਹਿਕ ਰਿਹਾ ਏਂ, ਪਰ ਰਾਣੀ ਨੇ ਆਪਣੇ ਮਹਿਲਾਂ ਦੀ ਛਤ ਉਪਰ ਪੰਛੀਆਂ ਵਾਸਤੇ ਚੋਗਾ ਅਤੇ ਹੰਸਾਂ ਲਈ ਮੋਤੀ ਬਿਖੇਰੇ ਹੋਏ ਨੇ। ਤੂੰ ਵੀ ਚਲ ਤੇ ਆਨੰਦ ਲੈ। ਅਸੀਂ ਸਭ ਉਧਰ ਹੀ ਚਲੇ ਹਾਂ।"

ਹੰਸ ਕਈ ਦਿਨਾਂ ਦਾ ਭੁੱਖਾ ਸੀ। ਉਹ ਸੁਚੇ ਮੋਤੀਆਂ ਲਈ ਸਹਿਕ ਰਿਹਾ ਸੀ। ਸੋ ਉਹ ਵੀ ਪੰਛੀਆਂ ਨਾਲ ਤੁਰ ਪਿਆ। ਕਾਫੀ ਲੰਮੀ ਉਡਾਰੀ ਮਗਰੋਂ ਉਹ ਸਾਰੇ ਸਬਜ਼ ਪਰੀ ਦੇ ਮਹਿਲਾਂ ਦੀ ਛੱਤ ਉਤੇ ਜਾ ਉਤਰੇ। ਹੰਸ ਨੇ ਉਥੇ ਇਕ ਪਾਸੇ ਮੋਤੀਆਂ ਦਾ ਢੇਰ ਲਗਾ ਵੇਖਿਆ। ਉਹ ਬੜੇ ਚਾਅ ਨਾਲ ਮੋਤੀ ਚੁਗਣ ਲਗਾ। ਅਚਾਨਕ ਹੰਸ ਦੀ ਨਜ਼ਰ ਬਨੇਰੇ ਉਤੇ ਬੈਠੀ ਇਕ ਖੂਬਸੂਰਤ ਔਰਤ ਤੇ ਪਈ, ਜੋ ਉਦਾਸੀ ਦੀ ਮੂਰਤ ਬਣੀ ਹੋਈ ਸੀ। ਹੰਸ ਨੂੰ ਉਹ ਤੀਵੀਂ ਕੁਝ ਪਛਾਤੀ ਹੋਈ ਲਗੀ। ਉਸ ਨੂੰ ਸ਼ਕ ਪਿਆ ਕਿ ਕਿਧਰੇ ਇਹ ਸਬਜ਼ ਪਰੀ ਹੀ ਨਾ ਹੋਵੇ। ਉਸਦਾ ਉਹ ਪਹਿਲਾਂ ਵਾਲਾ ਰੰਗ ਰੂਪ ਨਹੀਂ ਸੀ ਰਿਹਾ। ਹੰਸ ਉਡਾਰੀ ਮਾਰ ਕੇ ਉਹਦੇ ਕੋਲ ਗਿਆ ਅਤੇ ਉਸਨੂੰ ਪਛਾਣਦੇ ਹੋਏ ਕਹਿਣ ਲਗਾ—

"ਤੁਸੀਂ ਸਬਜ਼ ਪਰੀ ਹੀ ਹੋ ਨਾ। ਕੀ ਤੁਸਾਂ ਮੈਨੂੰ ਨਹੀਂ ਪਛਾਤਾ ?"

"ਮੈਂ ਤੈਨੂੰ ਲਭਣ ਖਾਤਰ ਹੀ ਇਹ ਸਾਰਾ ਅਡੰਬਰ ਰਚਿਆ ਏ।" ਸਬਜ਼ ਪਰੀ

ਨੇ ਕਿਹਾ ਤੇ ਫਿਰ ਉਹ ਹੰਸ ਨੂੰ ਫੜ ਕੇ ਉਸ ਨੂੰ ਲਾਡ ਲਡਾਉਣ ਲਗੀ। ਫਿਰ ਪਰੀ ਨੇ ਹੰਸ ਨੂੰ ਦਸਿਆ, "ਮੇਰੇ ਨਾਲ ਇਸ ਦੇਸ਼ ਦਾ ਰਾਜਾ ਵਿਆਹ ਕਰਨਾ ਚਾਹੁੰਦਾ ਏ। ਮੈਂ ਟਾਲ ਰਹੀ ਹਾਂ। ਮੈਂ ਉਸ ਤੋਂ ਸਾਲ ਭਰ ਦੀ ਮੁਹਲਤ ਮੰਗੀ ਏ, ਬਸ ਛੇ ਮਹੀਨੇ ਹੋਰ ਰਹਿ ਗਏ ਨੇ। ਤੂੰ ਮੀਰਜ਼ਾਦੇ ਨੂੰ ਢੂੰਡ ਲਿਆ। ਨਹੀਂ ਤਾਂ ਮੈਂ, ਸਮਾਂ ਪੂਰਾ ਹੋਣ ਤੇ, ਮਹਿਲਾਂ ਦੇ ਕੋਠੇ ਉਪਰੋਂ ਛਾਲ ਮਾਰ ਕੇ ਪ੍ਰਾਣ ਤਿਆਗ ਦਿਆਂਗੀ।"

ਫਿਰ ਉਹ ਦੋਵੇਂ ਕਾਫੀ ਚਿਰ ਬੈਠੇ ਗੱਲਾਂ ਕਰਦੇ ਰਹੇ ਅਤੇ ਮੀਰਜ਼ਾਦੇ ਨੂੰ ਲਭਣ ਦੀਆਂ ਤਰਕੀਬਾਂ ਸੋਚਦੇ ਰਹੇ।

ਹੁਣ ਹੰਸ ਸਾਰਾ ਦਿਨ ਮੀਰਜ਼ਾਦੇ ਨੂੰ ਢੂੰਡਦਾ ਰਹਿੰਦਾ। ਸਵੇਰ ਸਾਰ ਉਹ ਮੋਤੀਆਂ ਦਾ ਚੋਗਾ ਚੁਗ ਕੇ ਘਰੋਂ ਨਿਕਲ ਤੁਰਦਾ ਤੇ ਸ਼ਾਮੀਂ ਡੂੰਘੀਆਂ ਤ੍ਰਿਕਾਲਾਂ ਵੇਲੇ ਘਰ ਵਾਪਸ ਪਰਤਦਾ। ਉਸਨੇ ਸਮੁੰਦਰੀ ਤਟ ਦਾ ਸਾਰਾ ਇਲਾਕਾ ਗਾਹ ਮਾਰਿਆ, ਪਰ ਮੀਰਜ਼ਾਦਾ ਕਿਧਰੇ ਵੀ ਨਾ ਲਭਾ।

ਇਕ ਦਿਨ ਹੰਸ ਥਕਿਆ ਟੁਟਿਆ ਹੋਇਆ ਇਕ ਦਰਖਤ ਉਤੇ ਅਰਾਮ ਕਰ ਰਿਹਾ ਸੀ ਕਿ ਉਸ ਨੂੰ ਜੰਗਲ ਵਿਚ ਇਕ ਸ਼ਖਸ ਨੂੰ ਲਕੜੀਆਂ ਚੁਣਦੇ ਵੇਖਿਆ। ਹੰਸ ਨੂੰ ਸ਼ਕ ਪਿਆ ਕਿ ਕਿਧਰੇ ਇਹ ਮੀਰਜ਼ਾਦਾ ਹੀ ਨਾ ਹੋਵੇ, ਕਿਉਂ ਜੋ ਉਸ ਦੀ ਡੀਲ ਡੌਲ ਤੇ ਨੈਣ ਨਕਸ਼ ਕੁਝ ਕੁਝ ਮੀਰਜ਼ਾਦੇ ਨਾਲ ਮਿਲਦੇ ਜੁਲਦੇ ਸਨ। ਪਰ ਇਕ ਤਾਂ ਉਸ ਨੇ ਫਟੇ ਪੁਰਾਣੇ ਕਪੜੇ ਪਹਿਨ ਰਖੇ ਸਨ, ਦੂਜਾ, ਉਹ ਬੜਾ ਦੁਬਲਾ ਪਤਲਾ ਤੇ ਮਾੜੂਆ ਜਿਹਾ ਲਗਦਾ ਸੀ। ਇਸ ਲਈ ਉਹਨੂੰ ਪਛਾਣਨਾ ਮੁਸ਼ਕਲ ਸੀ। ਹੰਸ ਪਹਿਲਾਂ ਉਡ ਕੇ ਉਹਦੇ ਕੋਲ ਜਾ ਬੈਠਾ। ਫਿਰ ਉਡਾਰੀ ਭਰ ਕੇ ਮੀਰਜ਼ਾਦੇ ਦੇ ਚਾਰ ਚੁਫੇਰੇ ਚੱਕਰ ਕਟਣ ਲਗਾ।

ਮੀਰਜ਼ਾਦੇ ਨੇ ਹੰਸ ਨੂੰ ਪਛਾਣਦੇ ਹੋਏ ਕਿਹਾ, "ਹੇ ਹੰਸ ! ਕੀ ਤੂੰ ਮੈਨੂੰ ਪਛਾਤਾ ਨਹੀਂ, ਮੈਂ ਤੇਰਾ ਪੁਰਾਣਾ ਬੇਲੀ ਹਾਂ, ਵੇਖ ਮੇਰੀ ਕੀ ਹਾਲਤ ਹੋ ਗਈ ਹੈ।" ਇਹ ਸੁਣ ਕੇ ਹੰਸ ਬੜਾ ਖੁਸ਼ ਹੋਇਆ। ਉਸ ਦੀ ਘਾਲਿ ਥਾਇ ਪਈ ਸੀ। ਪਹਿਲਾਂ ਉਸ ਨੇ ਮੀਰਜ਼ਾਦੇ ਦੀ ਸਾਰੀ ਵਿਥਿਆ ਸੁਣੀ ਅਤੇ ਫਿਰ ਸਬਜ਼ ਪਰੀ ਬਾਬਤ ਸਾਰੀ ਗੱਲ ਸੁਣਾਈ।

ਰਾਤੀਂ ਹੰਸ ਮੀਰਜ਼ਾਦੇ ਕੋਲ ਹੀ ਰਿਹਾ। ਅਗਲੇ ਦਿਨ ਸਵੇਰੇ ਮੀਰਜ਼ਾਦੇ ਨੇ ਬੁਢੀ ਭਠਿਆਰਨ ਨੂੰ ਸਾਰੀ ਗੱਲ ਦਸ ਕੇ ਉਸ ਤੋਂ ਵਿਦਾ ਮੰਗੀ।

ਭਠਿਆਰਨ ਇਨਕਾਰ ਨਾ ਕਰ ਸਕੀ।

ਫਿਰ ਹੰਸ ਦੇ ਖੰਭਾਂ ਉਤੇ ਬੈਠ ਕੇ ਮੀਰਜ਼ਾਦਾ ਸਬਜ਼ ਪਰੀ ਕੋਲ ਆ ਪੁਜਾ ਤੇ ਉਸ ਨੂੰ ਰਾਜੇ ਤੋਂ ਚੋਰੀ ਛੁਪੇ ਮਿਲਿਆ। ਸਬਜ਼ ਪਰੀ ਮੀਰਜ਼ਾਦੇ ਨੂੰ ਵੇਖ ਕੇ ਫੁਲੀ ਨਾ ਸਮਾਈ। ਦੋਹਾਂ ਦੀਆਂ ਅਖਾਂ ਖੁਸ਼ੀ ਨਾਲ ਛਲਕ ਉਠੀਆਂ। ਫਿਰ ਸਬਜ਼ ਪਰੀ ਨੇ ਆਪਣੀ ਸਾਰੀ ਵਿਥਿਆ ਮੀਰਜ਼ਾਦੇ ਨੂੰ ਸੁਣਾ ਕੇ ਕਿਹਾ, "ਮੈਨੂੰ ਇਸ ਰਾਜੇ ਦੀ ਨੀਤ ਉਤੇ ਸ਼ਕ ਏ। ਇਹ ਹਰ ਹੀਲੇ ਮੇਰੇ ਨਾਲ ਵਿਆਹ ਕਰਨਾ ਚਾਹੁੰਦਾ ਏ। ਹੋ ਸਕਦੈ ਇਹ ਤੈਨੂੰ ਮਰਵਾ ਦੇਵੇ, ਇਸ ਲਈ ਇਥੋਂ ਚੋਰੀ ਨਠਣਾ ਠੀਕ ਰਹੇਗਾ।"

ਮੀਰਜ਼ਾਦੇ ਨੂੰ ਵੀ ਇਹ ਗੱਲ ਪਸੰਦ ਆਈ। ਫਿਰ ਹੰਸ ਦੀ ਮਦਦ ਨਾਲ

ਦੋਵੇਂ ਉਥੋਂ ਚੋਰੀ ਨਿਕਲ ਆਏ। ਹੰਸ ਪਹਿਲਾਂ ਮੀਰਜ਼ਾਦੇ ਨੂੰ ਆਪਣੇ ਖੰਭਾਂ ਉਤੇ ਬਿਠਾ ਕੇ ਮਹਿਲਾਂ ਤੋਂ ਦੂਰ ਜੰਗਲ ਵਿਚ ਛਡ ਆਇਆ ਅਤੇ ਫਿਰ ਸਬਜ਼ ਪਰੀ ਨੂੰ। ਇਸ ਉਪਰੰਤ ਮੀਰਜ਼ਾਦੇ ਨੇ ਹੰਸ ਨੂੰ ਵਿਦਾ ਕੀਤਾ। ਉਸ ਨੂੰ ਆਪਣਾ ਵਤਨ ਤੇ ਮਾਪੇ ਯਾਦ ਆ ਰਹੇ ਸਨ। ਤਦ ਮੀਰਜ਼ਾਦਾ ਸ਼ਬਜ਼ ਪਰੀ ਨੂੰ ਨਾਲ ਲੈ ਕੇ ਆਪਣੇ ਸ਼ਹਿਰ ਵਲ ਤੁਰ ਪਿਆ।

ਕਈ ਦਿਨਾਂ ਦੇ ਲੰਮੇ ਸਫਰ ਮਗਰੋਂ ਮੀਰਜ਼ਾਦਾ ਆਪਣੇ ਸ਼ਹਿਰ ਪੁਜਾ। ਸ਼ਹਿਰੋਂ ਬਾਹਰ ਇਕ ਵਡਾ ਸਾਰਾ ਬਾਗ ਸੀ। ਉਸ ਨੇ ਉਥੇ ਬਿਸਰਾਮ ਕੀਤਾ। ਫਿਰ ਕਿਸੇ ਮੁਸਾਫਰ ਹਥ ਮੀਰਜ਼ਾਦੇ ਨੇ ਆਪਣੇ ਪਿਓ ਰਾਜੇ ਵਲ ਸੁਨੇਹਾ ਭੇਜਿਆ ਕਿ ਮੈਂ ਸਬਜ਼ ਪਰੀ ਵਿਆਹ ਕੇ ਲੈ ਆਇਆਂ, ਇਸ ਲਈ ਸ਼ਾਹੀ ਠਾਠ ਨਾਲ ਮੇਰੇ ਸਵਾਗਤ ਦਾ ਪ੍ਰਬੰਧ ਕੀਤਾ ਜਾਵੇ।

ਮੀਰਜ਼ਾਦਾ ਅਤੇ ਸਬਜ਼ ਪਰੀ ਦੋਵੇਂ ਇਕ ਵਡੇ ਸਾਰੇ ਦਰਖਤ ਹੇਠਾਂ ਅਰਾਮ ਕਰਨ ਲਗੇ। ਠੰਢੀ ਠੰਢੀ ਹਵਾ ਚਲ ਰਹੀ ਸੀ। ਮੀਰਜ਼ਾਦੇ ਦੀ ਅੱਖ ਲਗ ਗਈ। ਸਬਜ਼ ਪਰੀ ਨੂੰ ਪਿਆਸ ਲਗੀ। ਉਸ ਨੇ ਮੀਰਜ਼ਾਦੇ ਨੂੰ ਜਗਾਣਾ ਮੁਨਾਸਬ ਨਾ ਸਮਝਿਆ ਅਤੇ ਖੁਦ ਹੀ ਇਧਰ ਉਧਰ ਪਾਣੀ ਦੀ ਤਲਾਸ਼ ਕਰਨ ਲਗੀ। ਉਸ ਬਾਗ ਵਿਚ ਇਕ ਜਵਾਨ ਮਾਲਣ ਰਹਿੰਦੀ ਸੀ, ਜੋ ਬੜੀ ਚਾਤਰ ਸੀ। ਇਕ ਪਰੀ ਵਰਗੀ ਮੁਟਿਆਰ ਨੂੰ ਬਾਗ ਵਿਚ ਵਿਚਰਦਿਆਂ ਵੇਖ ਕੇ ਬੜੀ ਹੈਰਾਨ ਹੋਈ ਤੇ ਉਸਨੂੰ ਪੁਛਣ ਲਗੀ, "ਤੂੰ ਕੌਣ ਏਂ ? ਇਤਨੀ ਸੁਹਣੀ ਪੁਸ਼ਾਕ ਤੂੰ ਕਿਥੋਂ ਲਈ ਏ ?" ਸਬਜ਼ ਪਰੀ ਨੇ ਆਪਣੇ ਬਾਰੇ ਪੂਰਾ ਵੇਰਵਾ ਦੇ ਦਿਤਾ ਅਤੇ ਫਿਰ ਉਸ ਤੋਂ ਪਾਣੀ ਮੰਗਿਆ। ਮਾਲਣ ਉਸ ਨੂੰ ਬਾਉਲੀ ਉਤੇ ਲੈ ਗਈ। ਦੋਵੇਂ ਪਉੜੀਆਂ ਉਤਰ ਗਏ। ਫਿਰ ਬਾਉਲੀ ਵਿਚੋਂ ਸਬਜ਼ ਪਰੀ ਨੇ ਬੁਕਾਂ ਨਾਲ ਪਾਣੀ ਪੀਤਾ। ਪਾਣੀ ਬੜਾ ਨਿਰਮਲ ਸੀ। ਸਬਜ਼ ਪਰੀ ਹਥ ਮੂੰਹ ਧੋਣ ਲਗੀ। ਇਹ ਵੇਖ ਮਾਲਣ ਨੇ ਪਰੀ ਨੂੰ ਕਿਹਾ, "ਅਰਾਮ ਨਾਲ ਕਪੜੇ ਉਤਾਰ ਕੇ ਮੂੰਹ ਹਥ ਧੋ ਲੈ, ਇਥੇ ਕਿਸੇ ਨੇ ਨਹੀਂ ਆਉਣਾ।"

ਸਬਜ਼ ਪਰੀ ਨੇ ਆਪਣਾ ਭੋਛਣ ਹਾਰ ਸ਼ਿੰਗਾਰ ਅਤੇ ਕੁਝ ਹੋਰ ਕਪੜੇ ਉਤਾਰ ਦਿਤੇ ਅਤੇ ਅਰਾਮ ਨਾਲ ਹੱਥ ਪੈਰ ਧੋਣ ਲਗੀ। ਮਾਲਣ ਨੇ ਮੌਕਾ ਤਾੜ ਕੇ ਪਰੀ ਨੂੰ ਬਾਉਲੀ ਵਿਚ ਧਕਾ ਦੇ ਦਿਤਾ। ਪਾਣੀ ਕਾਫੀ ਡੂੰਘਾ ਸੀ, ਪਰੀ ਗੋਤੇ ਖਾਣ ਲਗੀ। ਮਾਲਣ ਨੇ ਉਸੇ ਵੇਲੇ ਪਰੀ ਦੇ ਕਪੜੇ ਖੁਦ ਪਹਿਨ ਲਏ, ਉਸਦਾ ਹਾਰ ਸ਼ਿੰਗਾਰ ਵੀ ਸਜਾ ਲਿਆ। ਫਿਰ ਉਹਦਾ ਭੋਛਣ ਉਪਰ ਲਪੇਟ ਕੇ ਬਾਗ ਵਿਚ ਆ ਬੈਠੀ।

ਕੁਝ ਚਿਰ ਬਾਅਦ ਮੀਰਜ਼ਾਦੇ ਦੀ ਅੱਖ ਖੁਲ੍ਹੀ। ਸਬਜ਼ ਪਰੀ ਨੂੰ ਆਪਣੇ ਕੋਲ ਨਾ ਵੇਖਕੇ ਉਹ ਘਬਰਾ ਗਿਆ ਅਤੇ ਸਾਰੇ ਬਾਗ ਵਿਚ ਢੂੰਡਣ ਲਗਾ। ਉਸ ਨੇ ਦਰਖਤ ਹੇਠਾਂ ਮਾਲਣ ਨੂੰ ਬੈਠਿਆਂ ਵੇਖਿਆ, ਉਹਾ ਕਪੜੇ, ਉਹੋ ਹਾਰ ਸ਼ਿੰਗਾਰ, ਉਹ ਭੋਛਣ ਪਰ ਰੰਗ ਰੂਪ ਬਦਲਿਆ ਹੋਇਆ। ਮਾਲਣ ਮੀਰਜ਼ਾਦੇ ਨੂੰ ਵੇਖ ਕੇ ਰੋਣ ਲਗ ਪਈ।

ਮੀਰਜ਼ਾਦੇ ਨੇ ਹੈਰਾਨ ਹੋ ਕੇ ਮਾਲਣ ਨੂੰ ਪੁਛਿਆ, "ਤੈਨੂੰ ਕੀ ਹੋਇਐ ? ਤੇਰਾ ਰੰਗ ਰੂਪ ਕਿਉਂ ਬਦਲ ਗਿਐ।"

ਤਾਂ ਮਾਲਣ ਨੇ ਰੋਂਦਿਆਂ ਹੋਇਆਂ ਕਿਹਾ, "ਮੈਂ ਬਾਉਲੀ ਵਿਚ ਪਾਣੀ ਪੀਣ ਲਈ

ਗਈ, ਉਥੇ ਇਕ ਕਾਲੇ-ਸ਼ਾਹ ਨਾਗ ਨੇ ਮੈਨੂੰ ਡੰਗ ਲਿਆ, ਜਿਸ ਕਰ ਕੇ ਮੇਰਾ ਰੰਗ ਕਾਲਾ ਪੈ ਗਿਐ। ਸਾਲ ਸਮੇਂ ਬਾਅਦ ਆਪਣੇ ਆਪ ਠੀਕ ਹੋ ਜਾਵੇਗਾ।"

ਮੀਰਜ਼ਾਦੇ ਨੂੰ ਕੁਝ ਸਮਝ ਨਾ ਆਈ। ਉਸਨੇ ਸੋਚਿਆ ਕਿ ਸੱਪ ਦੇ ਡੰਗਣ ਨਾਲ ਸ਼ਾਇਦ ਰੰਗ ਸਾਂਵਲਾ ਪੈ ਜਾਂਦਾ ਹੋਵੇ। ਸੋ ਉਸ ਨੇ ਮਾਲਣ ਦੀ ਗੱਲ ਉਤੇ ਯਕੀਨ ਕਰ ਲਿਆ। ਪਰ ਉਸ ਦਾ ਮਨ ਬੁਝ ਗਿਆ। ਪਹਿਲਾਂ ਵਾਲੀ ਖੁਸ਼ੀ ਨਹੀਂ ਰਹੀ।

ਕੁਝ ਦੇਰ ਬਾਅਦ ਰਾਜਾ ਤੂਤਨੀਆਂ ਵਾਜਿਆਂ, ਅਤੇ ਸਿਪਾਹੀਆਂ ਨਾਲ ਬਾਗ ਵਿਚ ਆਇਆ ਅਤੇ ਮੀਰਜ਼ਾਦੇ ਨੂੰ ਉਹਦੀ ਪਰੀ ਸਮੇਤ, ਧੂਮ ਧਾਮ ਨਾਲ ਘਰ ਲੈ ਗਿਆ। ਸਭ ਰਸਤੇ ਸ਼ਿੰਗਾਰੇ ਹੋਏ ਸਨ। ਸਾਰਾ ਸ਼ਹਿਰ ਹੁੰਮ ਹੁੰਮਾ ਕੇ ਸਬਜ਼ ਪਰੀ ਨੂੰ ਵੇਖਣ ਵਾਸਤੇ ਆਇਆ। ਮਾਲਣ ਨੇ ਲੰਮਾ ਸਾਰਾ ਘੁੰਡ ਕਢਿਆ ਹੋਇਆ ਸੀ, ਇਸ ਲਈ ਲੋਕੀਂ ਦੂਰੋਂ ਹੀ ਵੇਖਕੇ ਵਾਹ ਵਾਹ ਕਰਦੇ ਗਏ।

ਜਦੋਂ ਡੋਲਾ ਮਹਿਲਾਂ ਵਿਚ ਉਤਰਿਆ ਤਾਂ ਮੀਰਜ਼ਾਦੇ ਦੀਆਂ ਭਰਜਾਈਆਂ ਨੇ ਅਸਲੀਅਤ ਜਾਣਨ ਦੇ ਖਿਆਲ ਨਾਲ ਮਹਿਲਾਂ ਦੀ ਮੁਹਾਠ ਦੇ ਕੋਲ ਕੁਝ ਸੁਕੇ ਫਲ ਰਖ ਦਿਤੇ। ਸਬਜ਼ ਪਰੀ ਵਿਚ ਇਹ ਖਾਸੀਅਤ ਸੀ ਕਿ ਜੇ ਉਹ ਕਿਸੇ ਸੁਕੇ ਸੜੇ ਫਲ ਫੁੱਲ ਉਤੋਂ ਟੱਪ ਜਾਂਦੀ ਤਾਂ ਉਹ ਹਰਾ ਭਰਾ ਹੋ ਜਾਂਦਾ ਸੀ। ਜਦੋਂ ਮਾਲਣ ਫਲਾਂ ਫੁੱਲਾਂ ਉਤੋਂ ਲੰਘੀ ਤਾਂ ਉਹ ਪਹਿਲਾਂ ਵਾਂਗ ਹੀ ਮੁਰਝਾਏ ਹੋਏ ਪਏ ਰਹੇ, ਉਨ੍ਹਾਂ ਵਿਚ ਰਤਾ ਵੀ ਹਰਿਆਲੀ ਦੀ ਭਾ ਨਾ ਉਭਰੀ। ਸੋ ਭਰਜਾਈਆਂ ਤਾੜ ਗਈਆਂ ਕਿ ਇਹ ਅਸਲੀ ਸਬਜ਼ ਪਰੀ ਨਹੀਂ। ਪਰ ਉਹ ਦੋਵੇਂ ਸਹੁਰੇ ਤੋਂ ਡਰਦੀਆਂ ਚੁਪ ਰਹੀਆਂ।

ਜਦੋਂ ਸਬਜ਼ ਪਰੀ ਰੋਟੀ ਖਾਣ ਬੈਠੀ ਤਾਂ ਭਰਜਾਈਆਂ ਨੇ ਸਬਜ਼ ਪਰੀ ਦੀ ਅਸਲੀਅਤ ਜਾਣਨ ਲਈ ਇਕ ਹੋਰ ਪ੍ਰੀਖਿਆ ਲਈ। ਸਬਜ਼ ਪਰੀ ਨੂੰ ਸਬਜ਼ ਮੋਤੀ ਬੜੇ ਚੰਗੇ ਲਗਦੇ ਸਨ ਅਤੇ ਉਹ ਦਾਣਿਆਂ ਵਾਂਗ ਉਨ੍ਹਾਂ ਨੂੰ ਚਬ ਜਾਂਦੀ ਸੀ। ਇਸ ਲਈ ਭਰਜਾਈਆਂ ਨੇ ਇਕ ਥਾਲੀ ਵਿਚ ਸਬਜ਼ ਮੋਤੀ ਰਖ ਦਿਤੇ। ਮਾਲਣ ਸਬਜ਼ ਮੋਤੀਆਂ ਨੂੰ ਖਾਣ ਦੀ ਹੀ ਕੋਈ ਚੀਜ਼ ਸਮਝ ਕੇ ਮੂੰਹ ਵਿਚ ਤਾਂ ਪਾ ਗਈ। ਪਰ ਜਦੋਂ ਉਹ ਮੂੰਹ ਵਿਚ ਰੜਕੇ ਤਾਂ ਉਸ ਨੇ ਥੁਕ ਦਿਤੇ। ਭਰਜਾਈਆਂ ਦਾ ਸ਼ੰਕਾ ਸੱਚ ਵਿਚ ਬਦਲ ਗਿਆ। ਭਰਜਾਈਆਂ ਨੂੰ ਯਕੀਨ ਹੋ ਗਿਆ, ਕਿ ਮੀਰਜ਼ਾਦੇ ਨਾਲ ਧੋਖਾ ਹੋ ਗਿਐ, ਪਰ ਉਹ ਦੋਵੇਂ ਰਾਜੇ ਤੋਂ ਡਰਦੀਆਂ ਕੁਝ ਨਾ ਬੋਲੀਆਂ।

ਦਿਨ ਲੰਘਦੇ ਗਏ।

ਇਕ ਦਿਨ ਮੀਰਜ਼ਾਦਾ ਸ਼ਿਕਾਰ ਖੇਡਦਾ ਹੋਇਆ ਉਸ ਬਾਉਲੀ ਵਲ ਨਿਕਲ ਗਿਆ ਜਿਥੇ ਮਾਲਣ ਨੇ ਸਬਜ਼ ਪਰੀ ਨੂੰ ਧਕਾ ਦੇ ਕੇ ਪਾਣੀ ਵਿਚ ਸੁਟ ਦਿਤਾ ਸੀ। ਉਸਦੀ ਨਜ਼ਰ ਇਕ ਕਾਲੇ ਸਿਆਹ ਫਨੀਅਰ ਉਤੇ ਪਈ, ਜੋ ਬਾਉਲੀ ਵਲ ਜਾ ਰਿਹਾ ਸੀ। ਮੀਰਜ਼ਾਦੇ ਨੇ ਸਮਝਿਆ ਕਿ ਇਹ ਉਹ ਸੱਪ ਹੈ, ਜਿਸ ਨੇ ਸਬਜ਼ ਪਰੀ ਨੂੰ ਡਸਿਆ ਸੀ। ਸੋ ਮੀਰਜ਼ਾਦਾ ਕ੍ਰੋਧ ਵਿਚ ਭਖਦਾ ਹੋਇਆ ਸੱਪ ਦਾ ਪਿਛਾ ਕਰਨ ਲਗਾ। ਪਰ ਸੱਪ ਬਾਉਲੀ ਦੇ ਨੇੜੇ ਜਾ ਕੇ ਗਾਇਬ ਹੋ ਗਿਆ।

ਮੀਰਜ਼ਾਦੇ ਦੀ ਨਜ਼ਰ ਬਾਉਲੀ ਵਲ ਗਈ। ਉਸ ਨੇ ਕੀ ਵੇਖਿਆ ਕਿ ਇਕ

ਵਡਾ ਸਾਰਾ, ਅਲੌਕਿਕ ਜਿਹਾ ਫੁੱਲ ਬਾਉਲੀ ਵਿਚ ਝੂਮ ਰਿਹੈ। ਅਜਿਹਾ ਖੂਬਸੂਰਤ ਤੇ ਰੰਗ ਬਰੰਗਾ ਫੁੱਲ ਉਸ ਨੇ ਪਹਿਲਾਂ ਕਦੇ ਨਹੀਂ ਸੀ ਵੇਖਿਆ। ਸੋ ਮੀਰਜ਼ਾਦਾ ਘੋੜੇ ਤੋਂ ਹੇਠਾਂ ਉਤਰ ਪਿਆ ਤੇ ਫੁੱਲ ਤੋੜਨ ਲਈ ਹਥ ਵਧਾਇਆ। ਜਦੋਂ ਮੀਰਜ਼ਾਦਾ ਹਥ ਵਧਾਂਦਾ ਤਾਂ ਫੁਲ ਨੀਵਾਂ ਹੋ ਜਾਂਦਾ, ਜਦੋਂ ਉਹ ਹਥ ਪਿਛੇ ਖਿਚਦਾ ਤਾਂ ਫੁੱਲ ਫਿਰ ਉੱਚਾ ਹੋ ਜਾਂਦਾ। ਇਹ ਕੌਤਕ ਵੇਖ ਕੇ ਮੀਰਜ਼ਾਦਾ ਬੜਾ ਹੈਰਾਨ ਹੋਇਆ ਤੇ ਉਹਦੇ ਦਿਲ ਵਿਚ ਇਸ ਅਦਭੁਤ ਫੁੱਲ ਨੂੰ ਤੋੜਨ ਦੀ ਲਾਲਸਾ ਵਧ ਗਈ। ਪਰ ਉਸਦੀ ਕੋਈ ਪੇਸ਼ ਨਾ ਗਈ।

ਅਖੀਰ ਤੰਗ ਪੈ ਕੇ ਮੀਰਜ਼ਾਦਾ ਜਾਣ ਲਗਾ ਤਾਂ ਫੁੱਲ ਆਪਣੇ ਆਪ ਉਸ ਦੇ ਹੱਥਾਂ ਵਿਚ ਆ ਗਿਆ। ਮੀਰਜ਼ਾਦੇ ਨੇ ਫੁੱਲ ਨੂੰ ਤੋੜ ਲਿਆ।

ਮੀਰਜ਼ਾਦਾ ਫੁੱਲ ਲੈ ਕੇ ਘਰ ਆਇਆ ਅਤੇ ਉਸ ਨੇ ਸਾਰੀ ਗੱਲ ਮਾਲਣ ਨੂੰ ਦਸਦਿਆਂ ਉਹ ਫੁੱਲ ਵਿਖਾਇਆ। ਮਾਲਣ ਫੁੱਲ ਦਾ ਰੰਗ ਰੂਪ ਵੇਖ ਕੇ ਸਮਝ ਗਈ ਕਿ ਇਹ ਸਬਜ਼ ਪਰੀ ਦਾ ਹੀ ਕੋਈ ਕੌਤਿਕ ਹੈ। ਸੋ ਉਹ ਘਬਰਾ ਗਈ ਤੇ ਸਿਰ ਫੜਕੇ ਬੈਠ ਗਈ। ਉਸ ਨੇ ਮੀਰਜ਼ਾਦੇ ਨੂੰ ਕਿਹਾ ਕਿ ਜਦੋਂ ਦਾ ਇਹ ਫੁੱਲ ਘਰ ਵਿਚ ਆਇਐ ਮੇਰਾ ਸਿਰ ਪੀੜ ਨਾਲ ਫਟ ਰਿਹੈ। ਇਸ ਨਹਿਸ਼ ਫੁੱਲ ਨੂੰ ਕੁਟ ਕੇ ਬਾਹਰ ਦੂਰ ਜੰਗਲ ਵਿਚ ਸੁਟ ਆਓ।

ਮੀਰਜ਼ਾਦੇ ਨੇ ਉਸੇ ਵੇਲੇ ਫੁੱਲ ਨੂੰ ਪੱਥਰ ਉਤੇ ਰਗੜ ਕੇ ਮਸਲ ਦਿਤਾ ਅਤੇ ਫਿਰ ਉਸ ਨੂੰ ਦੂਰ ਜੰਗਲ ਵਿਚ ਸੁਟ ਆਇਆ।

ਜਿਥੇ ਫੁੱਲ ਨੂੰ ਸੁਟਿਆ ਗਿਆ ਸੀ ਉਥੇ ਇਕ ਬੜਾ ਪਿਆਰਾ ਬਾਗ ਉਗ ਪਿਆ। ਵੰਨਾ-ਵੰਨਾਂ ਦੇ ਫੁੱਲ ਤੇ ਬੜੀ ਪਿਆਰੀ ਮਹਿਕ।

ਇਕ ਦਿਨ ਮੀਰਜ਼ਾਦਾ ਸ਼ਿਕਾਰ ਖੇਡਣ ਗਿਆ ਉਸ ਬਾਗ ਵਿਚੋਂ ਦੀ ਲੰਘਿਆ। ਬਾਗ ਦੀ ਸੁਹਪਣ ਤੇ ਮਹਿਕ ਵੇਖ ਕੇ ਮੀਰਜ਼ਾਦਾ ਉਥੇ ਹੀ ਲੰਮਾ ਪੈ ਗਿਆ ਅਤੇ ਸੌਂ ਗਿਆ। ਜਦੋਂ ਉਹਦੀ ਅੱਖ ਖੁਲ੍ਹੀ ਤਾਂ ਹਨੇਰਾ ਕਾਫੀ ਸੰਘਣਾ ਹੋ ਚੁਕਾ ਸੀ। ਉਸ ਦੇ ਕੰਨਾਂ ਵਿਚ ਨਚਣ ਗਾਉਣ ਦੀ ਮਧੁਰ ਅਵਾਜ਼ ਪਈ। ਉਹ ਝੁਬਕ ਕੇ ਉਠ ਬੈਠਾ। ਜਿਧਰੋਂ ਅਵਾਜ਼ ਆ ਰਹੀ ਸੀ, ਮੀਰਜ਼ਾਦਾ ਉਧਰ ਗਿਆ ਤਾਂ ਕੀ ਵੇਖਦਾ ਹੈ ਕਿ ਉਥੇ ਕਾਫੀ ਸਾਰੀਆਂ ਪਰੀਆਂ ਨਚ ਰਹੀਆਂ ਹਨ।

ਮੀਰਜ਼ਾਦਾ ਕਾਫੀ ਦੇਰ ਤਕ ਛੁਪ ਕੇ ਪਰੀਆਂ ਦਾ ਨਾਚ ਵੇਖਦਾ ਰਿਹਾ। ਜਦੋਂ ਨਾਚ ਖਤਮ ਹੋਇਆ ਤਾਂ ਪਰੀਆਂ ਆਪੋ ਆਪਣੇ ਦੇਸ਼ ਵਲ ਜਾਣ ਲਗੀਆਂ ਤਾਂ ਇਕ ਪਰੀ ਨੇ ਕਿਹਾ, "ਸਖੀਓ ਜਾਣ ਵੇਲੇ ਮੇਰੀ ਇਕ ਨਸੀਹਤ ਲੈ ਜਾਣਾ, ਆਦਮ ਜ਼ਾਤ ਦਾ ਕਦੇ ਵਿਸਾਹ ਨਾ ਖਾਣਾ ਅਤੇ ਨਾ ਉਹਦੇ ਨਾਲ ਕਦੇ ਪਿਆਰ ਪਾਉਣਾ, ਇਹ ਦਿਲ ਦੇ ਖੋਟੇ ਹੁੰਦੇ ਨੇ।"

ਮੀਰਜ਼ਾਦੇ ਨੂੰ ਉਸ ਪਰੀ ਦੀ ਅਵਾਜ਼ ਪਛਾਣੀ ਹੋਈ ਲਗੀ। ਜਦੋਂ ਮੀਰਜ਼ਾਦੇ ਨੇ ਸਾਹਮਣੇ ਪਾਸੇ ਮੂੰਹ ਵਲ ਹੋ ਕੇ ਵੇਖਿਆ ਤਾਂ ਦੰਗ ਰਹਿ ਗਿਆ। ਇਹ ਤਾਂ ਉਹਦੀ ਸਬਜ਼ ਪਰੀ ਸੀ।

ਮੀਰਜ਼ਾਦਾ ਦੌੜ ਕੇ ਸਬਜ਼ ਪਰੀ ਕੋਲ ਪੁਜਾ ਦੇ ਕਹਿਣ ਲਗਾ, "ਇਹ

ਕੀ ? ਤੂੰ ਇਥੇ ਏਂ, ਤਾਂ ਫਿਰ ਮੇਰੇ ਘਰ ਕੌਣ ਰਹਿ ਰਿਹੈ। ਤੂੰ ਮੇਰੇ ਨਾਲ ਧੋਖਾ ਕੀਤਾ ਏ ?"

"ਧੋਖਾ ਤੇ ਮੈਂ", ਸਬਜ਼ ਪਰੀ ਨੇ ਕਿਹਾ, "ਤੇਰੀ ਖਾਤਰ ਮੈਂ ਰਾਜ ਛਡਿਆ, ਦੌਲਤਾਂ ਛਡੀਆਂ, ਸੁਖ ਅਰਾਮ ਛਪਿਆ, ਦਰ ਦਰ ਦੀਆਂ ਠੋਕਰਾਂ ਖਾਧੀਆਂ, ਤੇ ਤੂੰ ਮਾਲਣ ਉਤੇ ਹੀ ਭੁਲ ਗਿਐਂ। ਮੈਂ ਫੁੱਲ ਬਣ ਕੇ ਆਈ, ਤੂੰ ਕੁਚਲ ਦਿਤਾ। ਹੁਣ ਬਾਗ ਬਣ ਕੇ ਖਿੜੀ ਆਂ ਤੇ ਤੂੰ ਫਿਰ ਇਥੇ ਆ ਗਿਐਂ, ਮੇਰਾ ਜੀਣਾ ਹਰਾਮ ਕਰਨ ਲਈ।"

ਪਹਿਲਾਂ ਮੀਰਜ਼ਾਦੇ ਨੇ ਸਾਰੀ ਕਹਾਣੀ ਸੁਣਾਈ। ਫਿਰ ਸਬਜ਼ ਪਰੀ ਨੇ ਮੀਰਜ਼ਾਦੇ ਨੂੰ ਅਸਲੀ ਗੱਲ ਦਸੀ। ਸਾਰੀ ਗੱਲ ਸੁਣ ਕੇ ਮੀਰਜ਼ਾਦੇ ਨੇ ਆਪਣੀ ਭੁਲ ਬਖਸ਼ਾਈ ਤੇ ਸਬਜ਼ ਪਰੀ ਨੂੰ ਆਪਣੇ ਘਰ ਲੈ ਤੁਰਿਆ। ਸਬਜ਼ ਪਰੀ ਨੂੰ ਵੇਖ ਕੇ ਮਾਲਣ ਘਬਰਾ ਗਈ। ਜਾਨ ਬਖਸ਼ੀ ਲਈ ਤਰਲੇ ਕਰਨ ਲਗੀ। ਪਰ ਮੀਰਜ਼ਾਦੇ ਨੇ ਮਾਲਣ ਦੇ ਟੁਕੜੇ ਟੁਕੜੇ ਕਰਵਾ ਕੇ ਉਸ ਨੂੰ ਉਸੇ ਬਾਉਲੀ ਵਿਚ ਸੁਟਵਾ ਦਿਤਾ, ਜਿਥੇ ਮਾਲਣ ਨੇ ਸਬਜ਼ ਪਰੀ ਨੂੰ ਧਕਾ ਕੇ ਦੇ ਸੁਟਿਆ ਸੀ।

ਫਿਰ ਮੀਰਜ਼ਾਦਾ ਬੜੇ ਅਨੰਦ ਨਾਲ ਸਬਜ਼ ਪਰੀ ਨਾਲ ਵਸਣ ਰਸਣ ਲਗਾ।

ਪੰਜ ਜੁਤੀਆਂ

ਇਕ ਸੌਦਾਗਰ ਦਾ ਲੜਕਾ ਮੁਕੰਦਾ ਬੜਾ ਸਿਧਾ ਸਾਦਾ ਸੀ। ਉਸਨੂੰ ਇਕ ਪੰਡਤ ਸ਼ਾਸਤ੍ਰ ਪੜ੍ਹਾਇਆ ਕਰਦਾ ਸੀ। ਜਦੋਂ ਮੁਢਲੀ ਪੜ੍ਹਾਈ ਖਤਮ ਹੋਈ ਤਾਂ ਪੰਡਤ ਨੇ ਉਹਨੂੰ ਕਈ ਤਰ੍ਹਾਂ ਦੀਆਂ ਵਿਹਾਰਕ ਗੱਲਾਂ ਸਮਝਾਈਆਂ। ਇਸਤ੍ਰੀ ਦੇ ਮੱਕਰ ਫਰੇਬਾਂ ਤੋਂ ਜਾਣੂ ਕਰਵਾਣ ਵਾਸਤੇ, ਕਈ ਤ੍ਰੀਆ ਚਰਿਤ੍ਰ ਸੁਣਾਏ। ਪੰਡਤ ਨੇ ਮੁਕੰਦੇ ਨੂੰ ਤ੍ਰੀਆ ਚਰਿਤ੍ਰਾਂ ਦੀ ਇਕ ਪੋਥੀ ਵੀ ਪੜ੍ਹਨ ਵਾਸਤੇ ਦਿਤੀ। ਉਹ ਪੋਥੀ ਪੜ੍ਹ ਕੇ ਮੁਕੰਦੇ ਨੂੰ ਇਸਤ੍ਰੀਆਂ ਤੋਂ ਨਫਰਤ ਹੋ ਗਈ। ਉਹਨੇ ਇਰਾਦਾ ਕਰ ਲਿਆ ਕਿ ਉਹ ਸਾਰੀ ਉਮਰ ਵਿਆਹ ਨਹੀਂ ਕਰਵਾਏਗਾ। ਮੁਕੰਦੇ ਨੇ ਆਪਣੇ ਮਨ ਦੀ ਗੱਲ ਕਿਸੇ ਨੂੰ ਨਾ ਦਸੀ।

ਜਦੋਂ ਵੀ ਸੌਦਾਗਰ ਮੁਕੰਦੇ ਨਾਲ ਵਿਆਹ ਬਾਰੇ ਗੱਲ ਛੇੜਦਾ, ਇਹ ਟਾਲ ਜਾਂਦਾ। ਕਾਫੀ ਮੁਦਤ ਇਸ ਤਰ੍ਹਾਂ ਲੰਘ ਗਈ। ਅਖੀਰ ਸੌਦਾਗਰ ਨੇ ਮੁਕੰਦੇ ਨੂੰ ਸਮਝਾਇਆ, "ਦੇਖ ਬੇਟਾ, ਜੇ ਤੂੰ ਵਿਆਹ ਨਾ ਕਰਵਾਇਆ ਤਾਂ ਇਕ ਤਾਂ ਖਾਨਦਾਨ ਦੀ ਬਦਨਾਮੀ ਹੋਵੇਗੀ ਕਿ ਮੁੰਡਾ ਮੂਰਖ ਏ, ਰਿਸ਼ਤਾ ਕੋਈ ਨਹੀਂ ਮਿਲਦਾ। ਦੂਜਾ, ਅਗੋਂ ਵੰਸ ਨਾ ਚਲੀ ਤਾਂ ਪਿਤਰਾਂ ਨੂੰ ਪਾਣੀ ਕੌਣ ਦੇਵੇਗਾ ? ਤੂੰ ਮੇਰਾ ਇਕੋ ਇਕ ਪੁਤਰ ਏਂ। ਸਾਡੇ ਦੋਹਾਂ ਦੀਆਂ ਰੂਹਾਂ ਮਰਨ ਮਗਰੋਂ ਪਿਆਸੀਆਂ ਭਟਕਦੀਆ ਰਹਿਣਗੀਆਂ।"

ਸੌਦਾਗਰ ਦੇ ਮਜਬੂਰ ਕਰਨ ਤੇ ਮੁਕੰਦਾ ਇਸ ਸ਼ਰਤ ਤੇ ਵਿਆਹ ਕਰਵਾਉਣਾ

ਮੰਨਿਆ ਕਿ ਉਹ ਉਸ ਲੜਕੀ ਨਾਲ ਸ਼ਾਦੀ ਕਰਵਾਏਗਾ, ਜੋ ਹਰ ਰੋਜ਼ ਸਵੇਰੇ ਜਾਗਦੇ ਸਾਰ ਉਹਦੇ ਕੋਲੋਂ ਪੰਜ ਜੁਤੀਆਂ ਖਾਇਆ ਕਰੇਗੀ। ਮੁਕੰਦੇ ਨੇ ਸੋਚਿਆ ਕਿ ਇਸ ਤਰ੍ਹਾਂ ਤੀਵੀਂ ਉਹਦੇ ਕਾਬੂ ਵਿਚ ਰਹੇਗੀ ਅਤੇ ਦੁਬੇਲ ਹੋਣ ਕਰਕੇ ਉਹਦੇ ਨਾਲ ਕੋਈ ਚਲਿਤ੍ਰ ਨਹੀਂ ਖੇਡ ਸਕੇਗੀ।

ਪਰ ਸੌਦਾਗਰ ਨੂੰ ਅਜਿਹੀ ਕੁੜੀ ਕਿਥੋਂ ਮਿਲੇ ? ਭਾਵੇਂ ਸੌਦਾਗਰ ਕੋਲ ਕਾਫੀ ਧਨ ਦੌਲਤ ਸੀ, ਪਰ ਉਹਨੂੰ ਆਪਣੇ ਪੁਤਰ ਵਾਸਤੇ ਕੋਈ ਅਜਿਹੀ ਕੰਨਿਆਂ ਨਾ ਮਿਲੀ, ਜੋ ਹਰ ਰੋਜ਼ ਅਪਮਾਨਤ ਹੋ ਸਕੇ। ਅਮੀਰ ਕੁੜੀ ਤੇ ਇਕ ਪਾਸੇ ਰਹੀ, ਕੋਈ ਗਰੀਬ ਕੁੜੀ ਵੀ ਅਜਿਹੀ ਮੂਰਖਾਂ ਵਾਲੀ ਸ਼ਰਤ ਮੰਨਣ ਨੂੰ ਤਿਆਰ ਨਾ ਹੋਈ। ਸੌਦਾਗਰ ਰੁਪਏ ਪੈਸੇ ਤੇ ਮਾਲ ਦੌਲਤ ਨਾਲ ਵੀ ਕਿਸੇ ਕੰਨਿਆਂ ਨੂੰ ਭਰਮਾ ਨਾ ਸਕਿਆ।

ਵਕਤ ਲੰਘਦਾ ਗਿਆ। ਇਕ ਵਾਰ ਸੌਦਾਗਰ ਕਿਸੇ ਦੂਜੇ ਸ਼ਹਿਰ ਗਿਆ। ਉਥੇ ਉਹ ਆਪਣੇ ਇਕ ਦੋਸਤ ਦੇ ਘਰ ਠਹਿਰਿਆ। ਗੱਲਾਂ ਗੱਲਾਂ ਵਿਚ ਮੁਕੰਦੇ ਦੇ ਵਿਆਹ ਬਾਰੇ ਗੱਲ ਛਿੜ ਪਈ। ਸੌਦਾਗਰ ਨੇ ਦੋਸਤ ਨੂੰ ਸਾਰੀ ਗੱਲ ਦਸਦਿਆਂ ਕਿਹਾ, "ਮੁਕੰਦਾ ਬੜਾ ਜ਼ਿਦੀ ਏ, ਉਹ ਕਹਿੰਦੈ ਕਿ ਮੈਂ ਉਸ ਕੁੜੀ ਨਾਲ ਵਿਆਹ ਕਰਵਾਣੈ, ਜਿਹੜੀ ਪੰਜ ਜੁਤੀਆਂ ਸਵੇਰੇ ਜਾਗ ਕੇ ਰੋਜ਼ ਖਾਏ। ਪਰ ਕੋਈ ਕੁੜੀ ਅਜਿਹਾ ਅਪਮਾਨ ਸਹਿਣ ਨੂੰ ਤਿਆਰ ਨਹੀਂ।"

ਉਸ ਦੋਸਤ ਦੀ ਆਪਣੀ ਲੜਕੀ ਜਵਾਨ ਸੀ—ਸੁਹਣੀ, ਸੁਣੱਖੀ ਤੇ ਸੂਝ ਬੂਝ ਵਾਲੀ। ਉਸ ਦੀ ਦਿਲੀ ਇਛਾ ਸੀ ਕਿ ਉਹਦੀ ਲੜਕੀ ਮੁਕੰਦੇ ਨਾਲ ਵਿਆਹੀ ਜਾਵੇ। ਪਰ ਮੁਕੰਦੇ ਦੀ ਅਜੀਬ ਸ਼ਰਤ ਸੁਣ ਕੇ ਉਹ ਢਿਲਾ ਪੈ ਗਿਆ, "ਲੜਕੀ ਤਾਂ ਮੇਰੀ ਵੀ ਜਵਾਨ ਏ, ਮੈਂ ਉਹਦੇ ਵਾਸਤੇ ਵਰ ਟੋਲ ਰਿਹਾ ਹਾਂ, ਤੇਰਾ ਘਰ ਮਿਲ ਜਾਏ ਤਾਂ ਮੈਨੂੰ ਹੋਰ ਕੀ ਚਾਹੀਦੈ, ਪਰ ਜੁਤੀਆਂ ਵਾਲੀ ਗੱਲ ਇਤਰਾਜ਼ ਯੋਗ ਏ, ਕੋਈ ਕਸੂਰ ਹੋਵੇ ਤਾਂ ਕੋਈ ਝਿੜਕ ਝਾੜ ਸਹਿ ਵੀ ਲਵੇ, ਬਗੈਰ ਕਸੂਰ ਦੇ ਕੌਣ ਰੋਜ਼ ਜੁਤੀਆਂ ਖਾਵੇ ?"

"ਪਰ ਕੀ ਪਤਾ ਤੇਰੀ ਲੜਕੀ ਮੰਨ ਜਾਵੇ।" ਸੌਦਾਗਰ ਨੇ ਉਤਸਾਹ ਦਿਤਾ, "ਜੇ ਉਹਨੂੰ ਇਤਰਾਜ਼ ਨਾ ਹੋਵੇ ਤਾਂ ਤੈਨੂੰ ਕੋਈ ਉਜ਼ਰ ਨਹੀਂ ਹੋਣਾ ਚਾਹੀਦਾ।"

ਦੋਸਤ ਦੀ ਲੜਕੀ ਸਵਰਨੋ ਰਸੋਈ ਵਿਚ ਬੈਠੀ ਸਾਰੀਆਂ ਗੱਲਾਂ ਸੁਣ ਰਹੀ ਸੀ। ਉਹ ਵੇਖਣ ਨੂੰ ਜਿਤਨੀ ਸੋਹਣੀ ਸੁਣਖੀ ਸੀ, ਸੁਭਾ ਦੀ ਉਤਨੀ ਹੀ ਅਸੀਲ ਤੇ ਸੂਝ ਬੂਝ ਵਾਲੀ ਸੀ। ਉਸ ਨੂੰ ਆਪਣੇ 'ਤੇ ਪੂਰਾ ਵਿਸ਼ਵਾਸ ਸੀ। ਉਹ ਇਸ ਸ਼ਾਦੀ ਵਾਸਤੇ ਰਜ਼ਾਮੰਦ ਹੋ ਗਈ। "ਜੇ ਮੇਰੇ ਵਿਚ ਸਾਹਸ ਹੋਇਆ ਤਾਂ ਮੈਂ ਖੁਦ ਹੀ ਉਹਨੂੰ ਗਲਤ ਕੰਮ ਤੋਂ ਵਰਜ ਲਵਾਂਗੀ, ਤੁਸੀਂ ਮੇਰੀ ਚਿੰਤਾ ਨਾ ਕਰੋ।" ਸਵਰਨੋ ਨੇ ਆਪਣੇ ਪਿਓ ਨੂੰ ਸਮਝਾਇਆ।

ਮੁਕੰਦੇ ਦਾ ਵਿਆਹ ਬੜੀ ਧੂਮ ਧਾਮ ਨਾਲ ਹੋਇਆ। ਸਵਰਨੋ ਦਾ ਡੋਲਾ ਘਰ ਆਇਆ। ਰਾਤ ਸੁਖ ਦੀ ਬੀਤੀ। ਸਵਰਨੋ ਦੀ ਆਦਤ ਸੀ ਹਰ ਵੇਲੇ ਹਸੂੰ ਹਸੂੰ ਕਰਨਾ, ਕਦੇ ਉਹਦੇ ਚਿਹਰੇ ਤੇ ਗ਼ਮ ਦੀ ਪਰਛਾਈਂ ਕਿਸੇ ਨਹੀਂ ਸੀ ਵੇਖੀ।

ਸਵੇਰੇ ਮੁਕੰਦਾ ਜਾਗਿਆ ਤਾਂ ਸਵਰਨੋ ਨੂੰ ਕਹਿਣ ਲਗਾ, "ਸਵੇਰ ਹੋ ਗਈ ਏ, ਉਠ ਜਾਗ ਤੇ ਪੰਜ ਜੁਤੀਆਂ ਖਾ ਲੈ, ਇਹੋ ਮੇਰੀ ਸ਼ਰਤ ਸੀ।"

ਸਵਰਨੋ ਖਿੜ ਖਿੜ ਕਰ ਕੇ ਹਸਣ ਲਗੀ, "ਮੈਨੂੰ ਤਾਂ ਕੋਈ ਇਤਰਾਜ਼ ਨਹੀਂ। ਅਜ ਪਹਿਲਾ ਦਿਨ ਨੇ, ਇਹ ਚੰਗਾ ਸ਼ਗਨ ਨਹੀਂ ਹੁੰਦਾ। ਕਲ੍ਹ ਸਵੇਰੇ ਦਸ ਜੁਤੀਆਂ 'ਕਠੀਆਂ ਮਾਰ ਲੈਣੀਆਂ।" ਸਵਰਨੋ ਨੇ ਸਮਝਾਇਆ।

ਮੁਕੰਦੇ ਨੂੰ ਇਹ ਗੱਲ ਜਚ ਗਈ। ਅਗਲੇ ਦਿਨ ਜਦੋਂ ਮੁਕੰਦਾ ਸਵੇਰੇ ਜਾਗ ਕੇ ਸਵਰਨੋ ਨੂੰ ਜੁਤੀਆਂ ਮਾਰਨ ਲਗਾ ਤਾਂ ਸਵਰਨੋ ਖਿੜ ਖਿੜਾ ਕੇ ਹਸਦੀ ਹੋਈ ਕਹਿਣ ਲਗੀ, "ਮੈਨੂੰ ਜੁਤੀਆਂ ਖਾਣ ਵਿਚ ਕੋਈ ਇਤਰਾਜ਼ ਨਹੀਂ, ਪਰ ਇਹ ਸਾਡਾ ਆਪਸੀ ਮਾਮਲਾ ਏ, ਰਿਸ਼ਤੇਦਾਰਾਂ ਵਿਚ ਭੰਡੀ ਪਾਉਣ ਦਾ ਕੀ ਫੈਦਾ। ਉਹ ਕੀ ਕਹਿਣਗੇ ? ਦੋ ਚਾਰ ਦਿਨ ਦੀ ਗੱਲ ਏ, ਮੇਲ ਨੂੰ ਤੁਰ ਲੈਣ ਦੇਹ, ਫਿਰ ਭਾਵੇਂ ਸੌ ਜੁਤੀਆਂ ਰੋਜ਼ ਮਾਰ ਲਿਆ ਕਰਨਾ।"

ਇਸ ਤਰ੍ਹਾਂ ਅੱਠ ਦਸ ਦਿਨ ਹੋਰ ਲੰਘ ਗਏ। ਜਦੋਂ ਸਾਰਾ ਮੇਲ ਤੁਰ ਗਿਆ ਤਾਂ ਸਵੇਰੇ ਜਾਗਦੇ ਸਾਰ ਮੁਕੰਦੇ ਨੇ ਜੁਤੀ ਉਤਾਰ ਲਈ ਤੇ ਸਵਰਨੋ ਨੂੰ ਕਹਿਣ ਲਗਾ, "ਅਜ ਮੈਂ ਤੈਨੂੰ ਗਿਣ ਕੇ ਪੂਰੀਆਂ ਸੌ ਜੁਤੀਆਂ ਮਾਰਨੀਆਂ ਨੇ, ਅਗਲਾ ਪਿਛਲਾ ਸਾਰਾ ਹਿਸਾਬ ਪੂਰਾ ਕਰਨੈਂ। ਉਠ, ਮਾਰ ਖਾਣ ਲਈ ਤਿਆਰ ਹੋ ਜਾ।"

ਸਵਰਨੋ ਖਿੜ ਖਿੜ ਕਰਕੇ ਹਸਣ ਲਗੀ, "ਜੁਤੀਆਂ ਤਾਂ ਮੈਂ ਖਾ ਲਵਾਂ, ਪਰ ਜੁਤੀਆਂ ਮਾਰਨ ਦਾ ਤੁਹਾਡਾ ਹਕ ਨਹੀਂ ਬਣਦਾ, ਤੁਹਾਡੇ ਪਿਓ ਦਾ ਬਣਦਾ ਏ, ਉਹਨੂੰ ਸਦ ਲਿਆਓ।"

"ਉਹ ਕਿਵੇਂ ?" ਜੁਤੀ ਹੱਥ ਵਿਚ ਫੜੀ ਮੁਕੰਦਾ ਸਵਰਨੋ ਵਲ ਬਿਟ ਬਿਟ ਕਰ ਕੇ ਵੇਖਣ ਲਗਾ।

"ਮੈਨੂੰ ਇਹ ਦਸੋ, ਵਿਆਹ ਤੇ ਖਰਚਾ ਕਿਸ ਨੇ ਕੀਤੈ ?"

"ਮੇਰੇ ਪਿਓ ਨੇ।"

"ਇਹ ਗਹਿਣੇ ਗਟੇ ਕਿਸ ਨੇ ਢੋਏ ਨ ?"

"ਮੇਰੇ ਪਿਓ ਨੇ।"

"ਇਸ ਘਰ ਵਿਚ ਕਮਾਈ ਕਿਸ ਦੀ ਏ ?"

"ਮੇਰੇ ਪਿਓ ਦੀ।"

"ਤਾਂ ਫਿਰ ਪਿਓ ਨੂੰ ਕਹੋ ਮੈਨੂੰ ਜੁਤੀਆਂ ਮਾਰੇ, ਮੈਂ ਤੁਹਾਡਾ ਨਹੀਂ ਖਾਂਦੀ, ਤੁਹਾਡੇ ਪਿਓ ਦਾ ਦਿਤਾ ਖਾਂਦੀ ਆਂ। ਜਦੋਂ ਮੈਂ ਤੁਹਾਡਾ ਖਾਵਾਂਗੀ, ਤਾਂ ਤੁਸੀਂ ਜੁਤੀਆਂ ਮਾਰਦੇ ਸੋਹਣੇ ਲਗਦੇ ਹੋ। ਕੌਡੀ ਕਮਾਣੀ ਨਹੀਂ ਆਉਂਦੀ ਤੇ ਜੁਤੀਆਂ ਚੁਕੀ ਫਿਰਦੇ ਨੇ।" ਸਵਰਨੋ ਦਾ ਚਿਹਰਾ ਭੱਖਣ ਲਗਾ।

"ਤੂੰ ਠੀਕ ਕਹਿੰਦੀ ਏਂ ?" ਮੁਕੰਦੇ ਨੂੰ ਵੀ ਗੁਸਾ ਆ ਗਿਆ, "ਪਰ ਯਾਦ ਰਖ, ਜਿਸ ਦਿਨ ਮੈਂ ਕਮਾਈ ਕਰਕੇ ਆਇਆ, ਅਗਲੀ ਪਿਛਲੀ ਸਾਰੀ ਕਸਰ ਪੂਰੀ ਕਰ ਕੇ ਛਡਾਂਗਾ।"

"ਤਾਂ ਮੈਨੂੰ ਕੋਈ ਅਫਸੋਸ ਨਹੀਂ ਹੋਵੇਗਾ।" ਸਵਰਨੋ ਨੇ ਉਤਰ ਦਿਤਾ।

ਮੁਕੰਦਾ ਵਿਪਾਰ ਕਰਨ ਵਾਸਤੇ ਪ੍ਰਦੇਸ ਜਾਣ ਦੀ ਤਿਆਰੀ ਕਰਨ ਲਗਾ। ਉਹਨੇ ਆਪਣੇ ਪਿਓ ਤੋਂ ਪੰਜ ਹਜ਼ਾਰ ਰੁਪਏ ਮੰਗੇ, ਪਿਓ ਨੇ ਦੇ ਦਿਤੇ। ਮੁਕੰਦਾ ਜਹਾਜ਼ ਵਿਚ ਮਾਲ ਲਦ ਕੇ ਪ੍ਰਦੇਸ ਤੁਰ ਪਿਆ।

ਰਸਤੇ ਵਿਚ ਇਕ ਟਾਪੂ ਦੇ ਕੰਢੇ ਜਹਾਜ਼ ਰੁਕਿਆ। ਮੁਕੰਦਾ ਟਾਪੂ ਦੀ ਸੈਰ ਕਰਨ ਲਗਾ। ਅਚਾਨਕ ਉਸ ਦੀ ਨਜ਼ਰ ਇਕ ਖੂਬਸੂਰਤ ਬਾਗ ਤੇ ਪਈ ਜਿਥੇ ਫੁੱਲਾਂ ਬੂਟਿਆਂ ਤੋਂ ਇਲਾਵਾ ਅੰਬਾਂ ਦੇ ਕਾਫੀ ਸਾਰੇ ਝੁੰਡ ਉਗੇ ਪਏ ਸਨ।

ਮੁਕੰਦ ਬਾਗ ਵਿਚ ਟਹਿਲਣ ਲਗਾ। ਕਟੋਰੇ ਜਿਤਨੇ ਵਡੇ ਤੇ ਰਸੇ ਹੋਏ ਅੰਬ ਵੇਖ ਕੇ ਮੁਕੰਦੇ ਦਾ ਦਿਲ ਚੂਸਣ ਤੇ ਕਰ ਆਇਆ। ਉਹਨੇ ਇਕ ਦਰਖਤ ਨਾਲੋਂ ਅੰਬ ਤੋੜਿਆ, ਚੂਸਿਆ, ਬੜਾ ਰਸੀਲਾ ਤੇ ਲਜ਼ੀਜ਼ ਸੀ। ਮੁਕੰਦੇ ਨੇ ਖਾ ਕੇ ਗਿਟਕ ਉਥੇ ਪੈਰਾਂ ਵਿਚ ਹੀ ਸੁਟ ਦਿਤੀ ਤੇ ਇਕ ਹੋਰ ਅੰਬ ਤੋੜ ਕੇ ਚੂਸਣ ਲਗਾ। ਮੁਕੰਦੇ ਦੇ ਵੇਖਦੇ ਵੇਖਦੇ ਉਸ ਗਿਟਕ ਵਿਚੋਂ ਜੜ੍ਹ ਫੁਟਣ ਲਗੀ ਤੇ ਹੌਲੇ ਹੌਲੇ ਇਕ ਬੂਟਾ ਉਗ ਪਿਆ। ਜਦੋਂ ਤਕ ਉਸ ਨੇ ਅੰਬ ਚੂਸ ਕੇ ਖਤਮ ਕੀਤਾ, ਉਥੇ ਪੂਰਾ ਫਲਦਾਰ ਬ੍ਰਿਛ ਉਗ ਚੁਕਾ ਸੀ, ਜਿਸ ਨਾਲ ਕਾਫੀ ਸਾਰੇ ਪਕੇ ਹੋਏ ਅੰਬ ਸਨ।

ਮੁਕੰਦਾ ਇਹ ਮੌਅਜਜ਼ਾ ਵੇਖ ਕੇ ਹੈਰਾਨ ਰਹਿ ਗਿਆ। ਉਹਨੇ ਦੂਜੀ ਗਿਟਕ ਸੁਟ ਕੇ ਅਜ਼ਮਾਇਸ਼ ਕੀਤੀ। ਵੇਖਦੇ ਵੇਖਦੇ ਉਸ ਗਿਟਕ ਵਿਚੋਂ ਵੀ ਫਲਦਾਰ ਬੂਟਾ ਉਭਰਨ ਲਗਾ। ਮੁਕੰਦੇ ਨੇ ਸੋਚਿਆ, "ਇਸ ਜਗ੍ਹਾ ਦੇ ਅੰਬ ਬੜੇ ਅਜੀਬ ਹਨ, ਮੈਂ ਇਨ੍ਹਾਂ ਨਾਲ ਕਾਫੀ ਧਨ ਕਮਾ ਸਕਦਾ ਹਾਂ। ਸੋ ਉਹਨੇ ਥੋੜੇ ਜਿਹੇ ਅੰਬ ਆਪਣੇ ਰੁਮਾਲ ਵਿਚ ਬੰਨ੍ਹ ਲਏ, ਤੇ ਵਾਪਸ ਜਹਾਜ਼ ਤੇ ਆ ਗਿਆ। ਜਹਾਜ਼ ਫਿਰ ਸਮੁੰਦਰ ਵਿਚ ਠਿਲ ਪਿਆ ਅਤੇ ਘੁੰਮਦਾ ਘੁੰਮਾਂਦਾ ਮੁਕੰਦਾ ਇਕ ਸ਼ਹਿਰ ਪੁਜਾ। ਉਥੇ ਮੁਕੰਦੇ ਨੇ ਸ਼ਹਿਰ ਵਿਚ ਢੰਡੋਰਾ ਪਿਟਵਾ ਦਿਤਾ ਕਿ ਉਹ ਲੋਕਾਂ ਨੂੰ ਸ਼ਰਤ ਲਗਾ ਕੇ ਇਕ ਅਜੀਬ ਕਰਤਬ ਵਿਖਾਏਗਾ।

ਜਦੋਂ ਲੋਕ ਸ਼ਹਿਰ ਦੇ ਖੁਲ੍ਹੇ ਮੈਦਾਨ ਵਿਚ ਇਕਠੇ ਹੋ ਗਏ ਤਾਂ ਮੁਕੰਦੇ ਨੇ ਲੋਕਾਂ ਨੂੰ ਕਿਹਾ, "ਮੈਂ ਇਕ ਬੜਾ ਵਡਾ ਮੌਅਜਜ਼ਾ ਵਿਖਾਣ ਲਗਾ ਹਾਂ। ਮੈਂ ਇਸ ਅੰਬ ਨੂੰ ਚੂਸਕੇ ਗਿਟਕ ਸੁਟਾਂਗਾ ਤੇ ਤੁਹਾਡੇ ਵੇਖਦੇ ਵੇਖਦੇ ਇਸ ਗਿਟਕ ਵਿਚੋਂ ਅੰਬਾਂ ਦਾ ਇਕ ਪੇੜ ਉਡ ਆਵੇਗਾ।"

"ਇਹ ਕਦੇ ਮੁਮਕਿਨ ਨਹੀਂ ?" ਲੋਕਾਂ ਨੇ ਸ਼ੋਰ ਮਚਾਇਆ।

"ਜੇ ਮੈਂ ਨਾ ਕਰ ਸਕਿਆ ਤਾਂ ਤੁਹਾਡੇ ਵਿਚ ਪੰਜ ਹਜ਼ਾਰ ਰੁਪਏ ਵੰਡ ਦਿਆਂਗਾ। ਜੇ ਮੈਂ ਇਹ ਮੁਅਜਜ਼ਾ ਕਰ ਵਿਖਾਇਆ ਤਾਂ ਤੁਸੀਂ ਸਾਰੇ ਪੰਜ ਹਜ਼ਾਰ ਰੁਪਏ ਇਕਠੇ ਕਰਕੇ ਮੈਨੂੰ ਦਿਓਗੇ।" ਮੁਕੰਦੇ ਨੇ ਕਿਹਾ।

ਲੋਕਾਂ ਨੇ ਹੁੰਗਾਰਾ ਭਰਿਆ।

ਪਰ ਜਦੋਂ ਮੁਕੰਦੇ ਨੇ ਅੰਬ ਚੂਸ ਕੇ ਗਿਟਕ ਸੁਟੀ ਤਾਂ ਨਾ ਉਹਦੇ ਵਿਚੋਂ ਪੇੜ ਉਗਿਆ ਤੇ ਨਾ ਹੀ ਉਹ ਫਲੀ ਫੁਲੀ। ਸੋ ਮੁਕੰਦੇ ਨੂੰ ਪੰਜ ਹਜ਼ਾਰ ਰੁਪਏ ਦੇਣੇ ਪਏ। ਇਹੋ ਕੁਝ ਹੀ ਉਹਦੀ ਸਾਰੀ ਮੂੜੀ ਸੀ। ਆਪਣਾ ਸਾਰਾ ਮਾਲ ਵੇਚ ਕੇ ਮਸਾਂ ਉਹਨੇ ਰੁਪਏ ਕਠੇ ਕਰਕੇ ਲੋਕਾਂ ਵਿਚ ਵੰਡੇ।

ਮੁਕੰਦੇ ਦੀ ਹਾਲਤ ਮੰਗਤਿਆਂ ਵਾਲੀ ਹੋ ਗਈ। ਲੋਕੀ ਉਹਨੂੰ ਦਗਾਬਾਜ਼ ਸਮਝਣ ਲਗੇ। ਇਸ ਵਾਸਤੇ ਉਹਨੂੰ ਕਿਸੇ ਨੇ ਵੀ ਕੰਮ ਨਾ ਦਿਤਾ। ਅਖੀਰ ਮੁਕੰਦੇ ਨੂੰ ਪੇਟ ਪਾਲਣ ਵਾਸਤੇ ਘਾਹੀ ਦਾ ਕੰਮ ਕਰਨਾ ਪਿਆ। ਕਿਸੇ ਨੇ ਮੁਕੰਦੇ ਤੇ ਤਰਸ ਖਾ ਕੇ ਦਾਤ੍ਰੀ ਲੈ ਦਿਤੀ। ਮੁਕੰਦਾ ਰੋਜ਼ ਬਾਹਰ ਜੰਗਲ ਵਿਚ ਜਾ ਕੇ ਘਾਹ ਕਟ ਕੇ ਲਿਆਂਦਾ ਤੇ ਮੰਡੀ ਵਿਚ ਵੇਚ ਆਉਂਦਾ। ਜੋ ਟੱਕਾ ਪੈਸਾ ਮਿਲਦਾ, ਉਹਦੇ ਨਾਲ ਪੇਟ ਦੀ ਅੱਗ ਬੁਝਾ ਲੈਂਦਾ। ਉਹ ਸ਼ਹਿਰੋਂ ਬਾਹਰ ਇਕ ਝੁਗੀ ਬਣਾ ਕੇ ਰਹਿਣ ਲਗ ਪਿਆ।

ਕੁਝ ਸਮਾਂ ਲੰਘ ਗਿਆ। ਜਦੋਂ ਮੁਕੰਦਾ ਵਾਪਿਸ ਨਾ ਆਇਆ ਤਾਂ ਸਵਰਨੋ ਉਹਨੂੰ ਢੂੰਡਣ ਵਾਸਤੇ ਖੁਦ ਪ੍ਰਦੇਸਾਂ ਵਿਚ ਜਾਣ ਦੀਆਂ ਤਿਆਰੀਆਂ ਕਰਨ ਲਗੀ। ਪਹਿਲੇ ਤਾਂ ਸਹੁਰਾ ਰਜ਼ਾਮੰਦ ਨਾ ਹੋਇਆ, ਪਰ ਜਦੋਂ ਸਵਰਨੋ ਨੇ ਜ਼ਿਦ ਕੀਤੀ ਤਾਂ ਉਹਨੇ ਆਗਿਆ ਦੇ ਦਿਤੀ। ਸਵਰਨੋ ਨੇ ਗਭਰੂਆਂ ਵਾਲਾ ਲਿਬਾਸ ਪਹਿਨ ਲਿਆ ਅਤੇ ਸਹੁਰੇ ਕੋਲੋਂ ਪੰਜ ਹਜ਼ਾਰ ਰੁਪਏ ਲੈ ਕੇ ਜਹਾਜ਼ ਵਿਚ ਮਾਲ ਲਦ ਲਿਆ।

ਸਵਰਨੋ ਵੀ ਉਸੇ ਦਿਸ਼ਾ ਵਲ ਚਲ ਪਈ ਜਿਧਰ ਮੁਕੰਦਾ ਗਿਆ ਸੀ। ਕੁਝ ਦਿਨਾਂ ਮਗਰੋਂ ਉਸੇ ਟਾਪੂ ਅਗੇ ਜਹਾਜ਼ ਜਾ ਰੁਕਿਆ, ਜਿਥੇ ਮੁਕੰਦੇ ਨੇ ਅਦਭੁਤ ਅੰਬਾਂ ਦੇ ਦਰਖਤ ਵੇਖੇ ਸਨ। ਉਹ ਟਾਪੂ ਵਿਚ ਇਧਰ ਉਧਰ ਘੁੰਮਣ ਲਗੀ। ਉਸ ਦੀ ਨਜ਼ਰ ਅੰਬਾਂ ਦੇ ਝੁੰਡੇ ਉਤੇ ਜਾ ਪਈ। ਉਸ ਨੇ ਇਕ ਪਕੇ ਰਸੇ ਅੰਬ ਨੂੰ ਦਰਖਤ ਨਾਲੋਂ ਹੇਠਾਂ ਡਿਗਦੇ ਵੇਖਿਆ। ਸਵਰਨੋ ਨੇ ਅੰਬ ਚੁਕ ਲਿਆ ਅਤੇ ਚੂਸ ਕੇ ਗਿਟਕ ਸੁਟੀ ਤਾਂ ਉਹਦੇ ਵੇਖਦੇ ਵੇਖਦੇ ਗਿਟਕ ਵਿਚੋਂ ਇਕ ਨਵਾਂ ਬੂਟਾ ਉਗ ਕੇ ਦਰਖਤ ਬਣ ਗਿਆ।

ਫਿਰ ਸਵਰਨੋ ਨੇ ਇਕ ਹੋਰ ਅੰਬ ਚੂਸਿਆ, ਪਰ ਐਤਕੀਂ ਉਹਦੀ ਗਿਟਕ ਬਹੁਤ ਦੂਰ ਜਾ ਕੇ ਸੁਟੀ। ਉਸ ਨੇ ਵੇਖਿਆ ਉਹ ਗਿਟਕ ਉਵੇਂ ਦੀ ਉਵੇਂ ਪਈ ਰਹੀ। ਸਵਰਨੋ ਤਾੜ ਗਈ ਕਿ ਇਸ ਬਾਗ ਦੀ ਮਿੱਟੀ ਵਿਚ ਖਾਸੀਅਤ ਹੈ। ਸੋ ਉਸਨੇ ਕੁਝ ਅੰਬ ਤੇ ਬਾਗ ਦੀ ਬਹੁਤ ਸਾਰੀ ਮਿੱਟੀ ਨਾਲ ਲੈ ਲਈ ਤੇ ਅਗੇ ਤੁਰ ਪਈ।

ਕਈ ਦਿਨਾਂ ਮਗਰੋਂ ਸਵਰਨੋ ਦਾ ਜਹਾਜ਼ ਉਸ ਸ਼ਹਿਰ ਜਾ ਲਗਾ ਜਿਥੇ ਮੁਕੰਦਾ ਰਹਿੰਦਾ ਸੀ।

ਸਵਰਨੋ ਨੇ ਸ਼ਹਿਰ ਵਿਚ ਢਿੰਡੋਰਾ ਪਿਟਵਾ ਦਿਤਾ ਕਿ ਉਹ ਇਕ ਅਲੌਕਿਕ ਜਿਹਾ ਤਮਾਸ਼ਾ ਵਿਖਾਵੇਗੀ। ਜਦੋਂ ਲੋਕ ਇਕਠੇ ਹੋ ਗਏ ਤਾਂ ਸਵਰਨੋ ਨੇ ਦਸਿਆ ਕਿ ਅੰਬ ਦੀ ਗਿਟਕ ਵਿਚੋਂ ਉਹ ਪਲਾਂ ਛਿਣਾਂ ਵਿਚ ਅੰਬ ਦਾ ਪੇੜ ਪੈਦਾ ਕਰਕੇ ਵਿਖਾਵੇਗੀ।

"ਇਹ ਗੱਲ ਕਦੇ ਮੁਮਕਿਨ ਨਹੀਂ", ਲੋਕਾਂ ਨੇ ਕਿਹਾ, "ਤੂੰ ਬੇਸ਼ਕ ਸ਼ਰਤ ਲਗਾ ਲੈ। ਅਗੇ ਵੀ ਇਕ ਬੰਦਾ ਇਥੇ ਪੰਜ ਹਜ਼ਾਰ ਰੁਪਏ ਦੀ ਸ਼ਰਤ ਹਾਰ ਕੇ ਗਿਐ।"

"ਜੇ ਗਿਟਕ ਵਿਚੋਂ ਪੇੜ ਉਗ ਪਿਆ ਤਾਂ ਤੁਸੀਂ ਰਲ ਕੇ ਮੈਨੂੰ ਪੰਜ ਹਜ਼ਾਰ ਦੇਣਾ, ਜੇ ਨਾ ਉਗਿਆ ਤਾਂ ਮੈਂ ਤੁਹਾਨੂੰ ਦੇਵਾਂਗਾ।"

ਸਵਰਨੋ ਨੇ ਗਭਰੂ ਦਾ ਭੇਸ ਧਾਰ ਰਖਿਆ ਸੀ। ਉਸਨੇ ਪਹਿਲਾਂ ਅੰਬ ਦੀ ਗਿਟਕ ਚੂਸੀ, ਫਿਰ ਉਸ ਨੂੰ ਭੋਂਇ ਉਤੇ ਉਸ ਥਾਂ ਸੁਟ ਦਿਤਾ, ਜਿਥੇ ਉਸ ਨੇ ਬਾਗ ਦੀ ਥੋੜੀ ਜਿਹੀ ਮਿਟੀ ਬਿਖੇਰੀ ਹੋਈ ਸੀ। ਲੋਕਾਂ ਦੇ ਵੇਖਦੇ ਵੇਖਦੇ ਇਕ ਬੂਟਾ ਉਗਿਆ,

ਫਿਰ ਉਹ ਦਰਖਤ ਦਾ ਰੂਪ ਧਾਰਨ ਕਰ ਗਿਆ। ਸੋ, ਲੋਕਾਂ ਨੇ ਪੰਜ ਹਜ਼ਾਰ ਰੁਪਏ ਇਕਠੇ ਕਰ ਕੇ ਸਵਰਨੋ ਨੂੰ ਦੇ ਦਿਤੇ।

ਮੁਕੰਦਾ ਵੀ ਨੇੜੇ ਖਲੋਤਾ ਘਾਹ ਵੇਚ ਰਿਹਾ ਸੀ। ਉਹ ਇਹ ਮੌਅਜਜ਼ਾ ਵੇਖ ਕੇ ਹੱਕਾ ਬੱਕਾ ਰਹਿ ਗਿਆ। ਉਹ ਹੈਰਾਨ ਸੀ ਕਿ ਉਸ ਦੇ ਅੰਬ ਦੀ ਗਿਟਕ ਕਿਉਂ ਨਹੀਂ ਸੀ ਫਲੀ ਫੁਲੀ।

ਸਵਰਨੋ ਨੇ ਮੁਕੰਦੇ ਨੂੰ ਪਛਾਣ ਲਿਆ। ਕਪੜੇ ਲੀਰੋ ਲੀਰ, ਸਰੀਰ ਧੁਪਾਂ ਨਾਲ ਝੁਲਸਿਆ ਹੋਇਆ ਤੇ ਰੰਗ ਕਾਲਾ ਜਿਵੇਂ. ਕਿਸੇ ਪਿੰਡੇ ਤੇ ਕਾਲਖ ਮਲ ਦਿਤੀ ਹੋਵੇ। ਚਿਹਰੇ ਦੀ ਰੌਣਕ ਤੇ ਅੱਖਾਂ ਦੀ ਚਮਕ ਖਤਮ ਹੁੰਦੀ ਜਾ ਰਹੀ ਸੀ। ਸਵਰਨੋ ਨੇ ਮੁਕੰਦੇ ਤੋਂ ਘਾਹ ਦੀ ਵੰਡ ਦਾ ਮੁਲ ਪੁਛਿਆ।

"ਇਕ ਟਕਾ", ਮੁਕੰਦੇ ਨੇ ਕਿਹਾ।

"ਮੈਨੂੰ ਵਧੀਆ ਘਾਹ ਚਾਹੀਦਾ ਏ", ਸਵਰਨੋ ਨੇ ਕਿਹਾ, "ਤੂੰ ਰੋਜ਼ ਇਕ ਪੰਡ ਮੇਰੇ ਖੇਮੇ ਵਿਚ ਪਹੁੰਚਾ ਦਿਆ ਕਰ। ਜੇ ਘਾਹ ਅਛਾ ਹੋਇਆ ਤਾਂ ਚਾਰ ਟਕੇ ਰੋਜ਼ ਦੇ ਮਿਲਣਗੇ।"

ਜਦੋਂ ਉਹ ਅਗਲੇ ਦਿਨ ਖੇਮੇ ਵਿਚ ਘਾਹ ਦੀ ਪੰਡ ਸੁਟ ਕੇ ਜਾਣ ਲਗਾ ਤਾਂ ਸਵਰਨੋ ਨੇ ਉਸ ਨੂੰ ਸਿਰ ਤੋਂ ਪੈਰਾਂ ਤਕ ਗਹੁ ਨਾਲ ਵੇਖਦੇ ਹੋਏ ਕਿਹਾ, "ਕੀ ਤੂੰ ਨੌਕਰੀ ਕਰੇਂਗਾ ?"

"ਕਿਉਂ ਨਹੀਂ, ਮੈਂ ਘਾਹ ਕਟ ਕਟ ਕੇ ਤੰਗ ਪੈ ਗਿਆ ਆਂ।" ਮੁਕੰਦੇ ਨੇ ਹੱਥਾਂ ਦੇ ਛਾਲੇ ਵਿਖਾਂਦੇ ਹੋਏ ਕਿਹਾ, "ਵੇਖੋ, ਮੇਰੇ ਹਥਾਂ ਪੈਰਾਂ ਵਿਚ ਛਾਲੇ ਪੈ ਗਏ ਨੇ।"

"ਤੂੰ ਪੜ੍ਹਿਆ ਲਿਖਿਆ ਵੀ ਏਂ, ਹਿਸਾਬ ਕਿਤਾਬ ਕਰਨਾ ਜਾਣਦੈਂ ?"

"ਜੀ, ਮੈਂ ਜਨਮ ਤੋਂ ਘਾਹੀ ਨਹੀਂ, ਇਹ ਧੰਧਾ ਤਾਂ ਪੇਟ ਦੀ ਖਾਤਰ ਕਰਨਾ ਪਿਐ।"

"ਕਲ੍ਹ ਆ ਜਾਵੀਂ। ਮੈਂ ਤੇਰੇ ਲਈ ਕੰਮ ਕਢਾਂਗੀ।"

ਅਗਲੇ ਦਿਨ ਜਦੋਂ ਮੁਕੰਦਾ ਫਿਰ ਆਇਆ ਤਾਂ ਸਵਰਨੋ ਨੇ ਕਿਹਾ, "ਮੈਂ ਤੇਰੇ ਵਾਸਤੇ ਨਵੇਂ ਕਪੜੇ ਸਿਵਾ ਦਿਤੇ ਨੇ, ਤੇਰੇ ਇਹ ਕਪੜੇ ਇਥੇ ਨਹੀਂ ਚਲਣੇ। ਤੂੰ ਇਹ ਕਪੜੇ ਉਤਾਰ ਕੇ ਨਵੇਂ ਪਾ ਲੈ। ਇਹ ਪੁਰਾਣੇ ਘਾਹੀ ਦੇ ਕਪੜੇ, ਦਾਤ੍ਰੀ ਅਤੇ ਰੰਭੀ ਅੰਦਰ ਰਖ ਆ।"

ਸਵਰਨੋ ਨੇ ਫਿਰ ਆਪਣੇ ਸਭ ਨੌਕਰਾਂ ਨੂੰ ਬੁਲਾ ਕੇ ਕਿਹਾ, "ਵੇਖੋ ਅਜ ਤੋਂ ਮੇਰਾ ਸਾਰਾ ਕਾਰੋਬਾਰ ਇਹ ਮੁਕੰਦਾ ਵੇਖਿਆ ਕਰੇਗਾ। ਇਸ ਦੇ ਹਰ ਹੁਕਮ ਦੀ ਪਾਲਨਾ ਕੀਤੀ ਜਾਵੇ, ਉਸੇ ਤਰ੍ਹਾਂ ਜਿਵੇਂ ਮੇਰੇ ਹੁਕਮ ਦੀ ਪਾਲਣਾ ਹੁੰਦੀ ਏ।"

ਸਵਰਨੋ ਨੇ ਘਾਹੀ ਦੇ ਉਹ ਕਪੜੇ, ਦਾਤ੍ਰੀ ਤੇ ਰੰਭੀ ਸੰਭਾਲ ਕੇ ਕੋਲ ਰਖ ਲਏ।

ਕੁਝ ਦਿਨ ਲੰਘੇ ਤਾਂ ਸਵਰਨੋ ਨੇ ਮੁਕੰਦੇ ਨੂੰ ਬੁਲਾ ਕੇ ਕਿਹਾ, "ਮੈਂ ਇਕ ਛੋਟੇ ਸਫਰ ਤੇ ਜਾਣਾ ਏ, ਹਫਤਾ ਦਸ ਦਿਨ ਲਗ ਜਾਣਗੇ। ਮੇਰੇ ਪਿਛੋਂ ਤੂੰ ਕੰਮ ਦਾ ਪੂਰਾ ਪੂਰਾ ਧਿਆਨ ਰਖਣਾ। ਮਾਲ ਸਸਤੇ ਭਾ ਨਾ ਵੇਚਣਾ।"

ਫਿਰ ਸਵਰਨੋ ਆਪਣੇ ਨਾਲ ਇਕ ਸੰਦੂਕ ਲੈ ਕੇ ਉਥੋਂ ਤੁਰ ਪਈ। ਉਹਨੇ ਘਾਹੀ ਵਾਲੇ ਕਪੜੇ, ਦਾੜ੍ਹੀ ਤੇ ਰੰਭੀ ਵੀ ਆਪਣੇ ਸੰਦੂਕ ਵਿਚ ਛੁਪਾ ਕੇ ਰਖ ਲਏ।

ਸਵਰਨੋ ਉਥੋਂ ਸਿਧੀ ਆਪਣੇ ਘਰ ਵਾਪਸ ਆ ਗਈ।

ਕਈ ਮਹੀਨੇ ਲੰਘੇ ਗਏ, ਜਦੋਂ ਮਾਲਕ ਪਰਤ ਕੇ ਨਾ ਆਇਆ ਤਾਂ ਮੁਕੰਦੇ ਨੇ ਸੋਚਿਆ ਕਿ ਉਹਦਾ ਸੌਦਾਗਰ ਮਾਲਕ ਕਿਸੇ ਜੋਖੇਂ ਵਿਚ ਫਸ ਗਿਐ। ਹੋ ਸਕਦੈ ਕਿਸੇ ਜੰਗਲੀ ਜਾਨਵਰ ਨੇ ਖਾ ਲਿਆ ਹੋਵੇ ਜਾਂ ਕਿਸੇ ਚੋਰ ਡਾਕੂ ਨੇ ਮਾਰ ਸੁਟਿਆ ਹੋਵੇ।

ਜਦੋਂ ਮਾਲਕ ਦੇ ਪਰਤ ਕੇ ਆਉਣ ਦੀ ਕੋਈ ਆਸ ਨਾ ਰਹੀ ਤਾਂ ਮੁਕੰਦੇ ਨੇ ਉਹਦਾ ਸਾਰਾ ਮਾਲ ਮਤਾ ਸੰਭਾਲ ਕੇ ਇਕ ਜਹਾਜ਼ ਤੇ ਲਦ ਲਿਆ ਅਤੇ ਆਪਣੇ ਸ਼ਹਿਰ ਵਲ ਵਾਪਸ ਤੁਰ ਪਿਆ।

ਕਈ ਮਹੀਨਿਆਂ ਮਗਰੋਂ ਜਹਾਜ਼ ਉਹਦੇ ਸ਼ਹਿਰ ਪੁਜਾ। ਮੁਕੰਦਾ ਸਾਰਾ ਮਾਲ ਢੋ ਕੇ ਆਪਣੇ ਗੁਦਾਮ ਵਿਚ ਲੈ ਗਿਆ। ਸਵਰਨੋ ਨੇ ਉਹਦੀ ਬੜੀ ਆਉ ਭਗਤ ਕੀਤੀ ਤੇ ਦੁਧ ਦਾ ਛੰਨਾ ਪੀਣ ਲਈ ਅਗੇ ਰਖਿਆ। ਮੁਕੰਦੇ ਨੇ ਸਵਰਨੋ ਨੂੰ ਕਿਹਾ, "ਮੈਂ ਵਿਪਾਰ ਵਿਚ ਬੜਾ ਧਨ ਕਮਾ ਕੇ ਲਿਆਇਆ ਹਾਂ, ਪਹਿਲਾਂ ਤੂੰ ਜੁਤੀਆਂ ਦਾ ਹਿਸਾਬ ਮੁਕਾ ਲੈ, ਫਿਰ ਮੈਂ ਤੇਰੇ ਹਥੋਂ ਕੁਝ ਪੀਵਾਂਗਾ।"

"ਮੈਂ ਜੁਤੀਆਂ ਤਾਂ ਖਾਣ ਵਾਸਤੇ ਤਿਆਰ ਬੈਠੀ ਆਂ, ਪਹਿਲਾਂ ਦੁਧ ਦਾ ਘੁਟ ਤਾਂ ਭਰ ਲਓ।" ਸਵਰਨੋ ਨੇ ਮੁਸਕ੍ਰਾਂਦੇ ਹੋਏ ਕਿਹਾ।

"ਪਰ ਹੁਣ ਤੇਰੇ ਬਹਾਨੇ ਨਹੀਂ ਚਲਣੇ", ਮੁਕੰਦੇ ਨੇ ਜੁਤੀ ਉਤਾਰ ਲਈ, "ਤੂੰ ਬੜੇ ਮਿਹਣੇ ਮਾਰੇ ਸਨ, ਹੁਣ ਮੈਨੂੰ ਆਪਣੀ ਰੀਝ ਲਾਹ ਲੈਣ ਦੇ।"

"ਜੇ ਇਹੋ ਗੱਲ ਏ ਤਾਂ ਰਤਾ ਠਹਿਰੋ, ਮੈਂ ਹੁਣੇ ਆਈ।" ਇਹ ਕਹਿੰਦੀ ਹੋਈ ਸਵਰਨੋ ਅੰਦਰੋਂ ਸੰਦੂਕ ਵਿਚੋਂ ਘਾਹੀ ਦੇ ਕਪੜੇ, ਦਾੜ੍ਹੀ ਤੇ ਰੰਭੀ ਕੱਢ ਲਿਆਈ ਤੇ ਮੁਕੰਦੇ ਅਗੇ ਰਖਦੀ ਹੋਈ ਕਹਿਣ ਲਗੀ, "ਇਨ੍ਹਾਂ ਨੂੰ ਪਛਾਣਦੇ ਹੋ, ਇਹ ਤੁਹਾਡੇ ਕਪੜੇ ਨੇ।" ਤੇ ਫਿਰ ਰਤਾ ਰੁਕ ਕੇ ਕਹਿਣ ਲਗੀ, "ਤੁਸੀਂ ਆਪਣੇ ਕਪੜੇ ਸੰਭਾਲੋ ਤੇ ਮੇਰਾ ਮਾਲ ਮਤਾ ਮੇਰੇ ਹਵਾਲੇ ਕਰੋ।"

ਮੁਕੰਦੇ ਨੇ ਘਾਹੀ ਵਾਲੇ ਕਪੜੇ ਪਛਾਣ ਲਏ। ਉਹ ਕਦੇ ਕਪੜਿਆਂ ਵਲ ਵੇਖਦਾ ਤੇ ਕਦੇ ਸਵਰਨੋ ਵਲ। ਉਹਨੂੰ ਸਾਰੀ ਗੱਲ ਦੀ ਸਮਝ ਪੈ ਗਈ। ਸਵਰਨੋ ਹੀ ਸੌਦਾਗਰ ਦੇ ਭੇਸ ਵਿਚ ਉਹ ਸਾਰਾ ਮਾਲ ਧਨ ਉਹਨੂੰ ਸੌਂਪ ਕੇ ਆਈ ਸੀ।

ਮੁਕੰਦੇ ਦਾ ਸਿਰ ਸ਼ਰਮ ਨਾਲ ਝੁਕ ਗਿਆ। ਸਵਰਨੋ ਨੇ ਮੁਕੰਦੇ ਦੇ ਹਥ ਵਿਚ ਜੁਤੀ ਫੜਾਂਦੇ ਹੋਏ ਕਿਹਾ, "ਲਓ, ਹੁਣ ਜਿਤਨੀਆਂ ਚਾਹੋ ਜੁਤੀਆਂ ਮਾਰ ਲਓ।"

ਮੁਕੰਦੇ ਨੇ ਸਵਰਨੋ ਨੂੰ ਛਾਤੀ ਨਾਲ ਲਾ ਲਿਆ ਤੇ ਕਹਿਣ ਲਗਾ, "ਮੈਨੂੰ ਨਹੀਂ ਸੀ ਪਤਾ ਕਿ ਇਸਤ੍ਰੀ ਵਿਚ ਇਤਨੀ ਸ਼ਕਤੀ ਹੁੰਦੀ ਏ। ਇਸ ਨੂੰ ਚੰਗੇ ਪਾਸੇ ਵੀ ਵਰਤਿਆ ਜਾ ਸਕਦਾ ਏ। ਮੈਨੂੰ ਸਬਕ ਮਿਲ ਗਿਐ। ਬੁਰੇ ਪਾਸੇ ਵਲ ਇਹ ਸ਼ਕਤੀ ਚਲਿਤ੍ਰ ਬਣਦੀ ਏ ਤੇ ਚੰਗੇ ਪਾਸੇ ਵਲ ਮਰਦ ਦੀ ਬਾਂਹ।"

ਸੋਨੇ ਦੀ ਚਿੜੀ

ਪੁਰਾਣੇ ਜ਼ਮਾਨੇ ਦੀ ਗੱਲ ਏ, ਇਕ ਰਾਜਾ ਰੋਜ਼ ਰਾਤ ਵੇਲੇ ਭੇਸ ਬਦਲ ਕੇ ਸ਼ਹਿਰ ਦੀ ਗਸ਼ਤ ਕੀਤਾ ਕਰਦਾ ਸੀ ਅਤੇ ਉਹ ਲੋਕਾਂ ਦੇ ਦੁਖ-ਦਲਿਦ੍ਰ ਜਾਣ ਕੇ, ਉਹਨਾਂ ਦੀ ਲੋੜ ਅਨੁਸਾਰ ਮਦਦ ਕੀਤਾ ਕਰਦਾ ਸੀ। ਇਕ ਵਾਰ ਰਾਜਾ ਆਪਣੇ ਇਕ ਦਰਬਾਰੀ ਦੇ ਮਕਾਨ ਕੋਲੋਂ ਦੀ ਲੰਘ ਰਿਹਾ ਸੀ। ਵੇਲਾ ਅਧੀ ਰਾਤ ਦਾ ਸੀ। ਇਕ ਕਮਰੇ ਵਿਚ ਦੀਵੇ ਦੀ ਰੌਸ਼ਨੀ ਵਿਚ ਤਿੰਨ ਖੂਬਸੂਰਤ ਕੁੜੀਆਂ ਆਪੋ ਵਿਚ ਗੱਲਾਂ ਕਰਦੀਆਂ ਹੋਈਆਂ ਖਿੜ ਖਿੜਾ ਕੇ ਹਸ ਰਹੀਆਂ ਸਨ। ਰਾਜਾ ਖਿੜਕੀ ਦੇ ਉਹਲੇ ਖੜੋ ਕੇ ਉਨ੍ਹਾਂ ਦੀਆਂ ਗੱਲਾਂ ਸੁਣਨ ਲਗਾ।

ਵਡੀ ਭੈਣ ਕਹਿਣ ਲਗੀ, "ਮੈਨੂੰ ਤਾਂ ਖਾਣ ਪੀਣ ਦਾ ਬੜਾ ਚਸਕਾ ਏ, ਜੇ ਮੇਰਾ ਵਿਆਹ ਰਾਜੇ ਦੇ ਰਸੋਈਏ ਨਾਲ ਹੋ ਜਾਵੇ ਤਾਂ ਮੈਂ ਰੋਜ਼ ਵਧੀਆ ਖਾਣੇ ਖਾਇਆ ਕਰਾਂ।"

ਵਿਚਕਾਰਲੀ ਭੈਣ ਕਹਿਣ ਲਗੀ, "ਮੈਨੂੰ ਤਾਂ ਸੈਰ ਸਪਾਟੇ ਦਾ ਬੜਾ ਸ਼ੌਕ ਏ, ਜੇ ਮੇਰਾ ਵਿਆਹ ਵਜ਼ੀਰ ਨਾਲ ਹੋ ਜਾਵੇ ਤਾਂ ਮੈਂ ਸਾਰੇ ਦੇਸ ਵਿਚ ਖੂਬ ਘੁੰਮਾਂ ਫਿਰਾਂ।"

ਛੋਟੀ ਭੈਣ ਚੁਪ ਰਹੀ। ਸੋ, ਦੋਹਾਂ ਭੈਣਾਂ ਨੇ ਉਹਦੇ ਦਿਲ ਦੀ ਰੀਝ ਪੁਛੀ। ਉਹ ਕਹਿਣ ਲਗੀ, "ਜੇ ਰਾਜਾ ਮੇਰੇ ਨਾਲ ਵਿਆਹ ਕਰਵਾ ਲਏ ਤਾਂ ਮੈਂ ਉਸ ਨੂੰ ਬੜੇ ਸੋਹਣੇ ਸੋਹਣੇ ਅਤੇ ਅਕਲਮੰਦ ਬੱਚੇ ਜਣ ਕੇ ਦਿਆਂ।" ਫਿਰ ਤਿੰਨੋਂ ਭੈਣਾਂ ਖਿੜ ਖਿੜਾ ਕੇ ਹੱਸ ਪਈਆਂ।

ਰਾਜਾ ਚੁਪ ਚਾਪ ਸਾਰੀਆਂ ਗੱਲਾਂ ਸੁਣਦਾ ਰਿਹਾ। ਉਹਦੇ ਘਰ ਕੋਈ ਔਲਾਦ ਨਹੀਂ ਸੀ। ਉਹ ਤਿੰਨਾਂ ਕੁੜੀਆਂ ਦੀਆਂ ਗੱਲਾਂ ਸੋਚਦਾ ਵਿਚਾਰਦਾ ਹੋਇਆ ਮਹਿਲਾਂ ਵਲ ਤੁਰ ਪਿਆ। ਘਰ ਜਾ ਕੇ ਉਹ ਮੰਜੇ ਉਤੇ ਲੇਟ ਗਿਆ, ਪਰ ਉਸ ਨੂੰ ਨੀਂਦਰ ਨਾ ਆਈ। ਉਸ ਦਾ ਧਿਆਨ ਉਨ੍ਹਾਂ ਕੁੜੀਆਂ ਵਲ ਰਿਹਾ। ਅਖੀਰ ਉਸ ਨੇ ਤਿੰਨੋਂ ਕੁੜੀਆਂ ਦੀਆਂ ਖਵਾਹਿਸ਼ਾਂ ਪੂਰੀਆਂ ਕਰਨ ਦਾ ਫੈਸਲਾ ਕੀਤਾ।

ਸਵੇਰੇ ਜਾਗਦੇ ਸਾਰ ਰਾਜੇ ਨੇ ਪਾਲਕੀ ਭੇਜ ਕੇ ਤਿੰਨਾਂ ਭੈਣਾਂ ਨੂੰ ਮਹਿਲ ਵਿਚ ਸਦਵਾ ਲਿਆ। ਉਹ ਤਿੰਨੋਂ ਬੜੀਆਂ ਹੈਰਾਨ ਸਨ। ਰਾਜੇ ਨੇ ਉਨ੍ਹਾਂ ਨੂੰ ਕੋਲ ਸਦ ਕੇ ਕਿਹਾ, "ਅਜ ਰਾਤੀਂ ਮੈਂ ਤੁਸਾਂ ਭੈਣਾਂ ਦੀਆਂ ਗੱਲਾਂ ਸੁਣੀਆਂ ਸਨ। ਤੁਹਾਡੇ ਸੁਪਨੇ ਮੈਂ ਪੂਰੇ ਕਰ ਰਿਹਾ ਹਾਂ। ਵਡੀ ਭੈਣ ਦਾ ਵਿਆਹ ਰਸੋਈਏ ਨਾਲ, ਦਰਮਿਆਨੀ ਦਾ ਵਜ਼ੀਰ ਨਾਲ ਕਰ ਰਿਹਾਂ ਅਤੇ ਸਭ ਤੋਂ ਛੋਟੀ ਨੂੰ ਮੈਂ ਆਪਣੀ ਰਾਣੀ ਬਣਾ ਰਿਹਾਂ।"

ਫਿਰ ਤਿੰਨਾਂ ਭੈਣਾਂ ਦੇ ਵਿਆਹ ਬੜੀ ਧੂਮ ਧਾਮ ਨਾਲ ਹੋ ਗਏ। ਤਿੰਨੋਂ ਭਾਵੇਂ ਆਪੋ ਆਪਣੀ ਥਾਈਂ ਬੜੀਆਂ ਖੁਸ਼ ਸਨ, ਪਰ ਦੋਹਾਂ ਵਡੀਆਂ ਭੈਣਾਂ ਦੇ ਦਿਲਾਂ ਵਿਚ ਛੋਟੀ ਭੈਣ ਵਾਸਤੇ ਈਰਖਾ ਪੈਦਾ ਹੋ ਗਈ, ਕਿਉਂ ਜੋ ਉਹ ਦੇਸ਼ ਦੀ ਰਾਣੀ ਬਣ ਗਈ ਸੀ।

ਸਾਲ ਸਮਾਂ ਲੰਘਣ ਮਗਰੋਂ ਛੋਟੀ ਭੈਣ, ਜੋ ਰਾਣੀ ਸੀ, ਦੇ ਘਰ ਬਾਲ ਬੱਚਾ

ਹੋਣ ਵਾਲਾ ਸੀ। ਰਾਣੀ ਆਪਣੀਆਂ ਦੋਹਾਂ ਵਡੀਆਂ ਭੈਣਾਂ ਨਾਲ ਬੜਾ ਪਿਆਰ ਕਰਦੀ ਸੀ। ਉਨ੍ਹਾਂ ਸਦਕਾ ਹੀ ਉਸ ਨੂੰ ਰਾਣੀ ਬਣਨ ਦਾ ਮੌਕਾ ਮਿਲਿਆ ਸੀ। ਜੇ ਉਹ ਉਸ ਤੋਂ ਉਹਦੀ ਇਛਾ ਜ਼ੋਰ ਦੇ ਕੇ ਨਾ ਪੁਛਦੀਆਂ ਤਾਂ ਗੱਲ ਰਾਜੇ ਦੇ ਕੰਨਾਂ ਤਕ ਨਹੀਂ ਸੀ ਅਪੜਨੀ। ਸੋ ਰਾਣੀ ਨੇ ਰਾਜੇ ਨੂੰ ਕਿਹਾ ਕਿ ਜਣੇਪੇ ਵੇਲੇ ਉਸ ਦੇ ਕੋਲ ਉਸ ਦੀਆਂ ਦੋਹਾਂ ਭੈਣਾਂ ਤੋਂ ਸਿਵਾ ਹੋਰ ਕੋਈ ਨਾ ਹੋਵੇ, ਤਾਂ ਜੋ ਕੋਈ ਵੈਰੀ ਬੱਚੇ ਨੂੰ ਨੁਕਸਾਨ ਨਾ ਪਹੁੰਚਾ ਦੇਵੇ। ਦੋਵੇਂ ਭੈਣਾਂ ਖੁਸ਼ੀ ਖੁਸ਼ਾਈਂ ਸੇਵਾ ਲਈ ਰਜ਼ਾਮੰਦ ਹੋ ਗਈਆਂ।

ਅੱਧੀ ਰਾਤ ਵੇਲੇ ਰਾਣੀ ਨੇ ਇਕ ਬੱਚੇ ਨੂੰ ਜਨਮ ਦਿਤਾ, ਜਿਸਦਾ ਤੇਜ ਪ੍ਰਤਾਪ ਸੂਰਜ ਵਰਗਾ ਸੀ। ਦੋਹਾਂ ਵਡੀਆਂ ਭੈਣਾਂ ਨੇ ਦਾਈ ਨਾਲ ਸਾਜਸ਼ ਕਰਕੇ, ਬੱਚੇ ਨੂੰ ਘੜੇ ਵਿਚ ਪਾ ਕੇ ਮਹਿਲਾਂ ਦੇ ਪਿਛਵਾੜੇ ਵਗਦੀ ਨਦੀ ਵਿਚ ਠੇਲ੍ਹ ਦਿਤਾ। ਫਿਰ ਉਨ੍ਹਾਂ ਨੇ ਭੈਣ ਦੇ ਅਗੇ ਇਕ ਕਤੂਰੇ ਨੂੰ ਲਿਟਾ ਦਿਤਾ।

ਜਦੋਂ ਰਾਜੇ ਨੂੰ ਪਤਾ ਲਗਾ ਕਿ ਰਾਣੀ ਨੇ ਕਤੂਰੇ ਨੂੰ ਜਨਮ ਦਿਤਾ ਹੈ ਤਾਂ ਉਹ ਬੜਾ ਪ੍ਰੇਸ਼ਾਨ ਹੋਇਆ ਅਤੇ ਉਸ ਨੇ ਰਾਣੀ ਨੂੰ ਮਿਹਣੇ ਮਾਰਦਿਆਂ ਕਿਹਾ, "ਤੂੰ ਤਾਂ ਕਹਿੰਦੀ ਸੈਂ ਕਿ ਮੈਂ ਲਾਲਾਂ ਵਰਗਾ ਪੁਤਰ ਜੰਮਾਂਗੀ। ਤੂੰ ਤਾਂ ਕਤੂਰਾ ਜੰਮ ਦਿਤੈ ?"

ਰਾਣੀ ਨੇ ਹਉਕਾ ਭਰ ਕੇ ਕਿਹਾ, "ਰੱਬ ਦਾ ਭਾਣਾ ਏ, ਮੈਂ ਕੀ ਕਰ ਸਕਦੀ ਹਾਂ।" ਪਰ ਰਾਣੀ ਦਾ ਮਨ ਅੰਦਰੋਂ ਬੜਾ ਔਖਾ ਸੀ।

ਅਗਲੇ ਸਾਲ ਫਿਰ ਰਾਣੀ ਨੂੰ ਗਰਭ ਠਹਿਰ ਗਿਆ। ਐਤਕੀਂ ਫਿਰ ਉਸ ਨੇ ਇਕ ਖੂਬਸੂਰਤ ਬੱਚੇ ਨੂੰ ਜਨਮ ਦਿਤਾ। ਦੋਹਾਂ ਭੈਣਾਂ ਨੇ ਐਤਕੀਂ ਫਿਰ ਦਾਈ ਨਾਲ ਰਲ ਕੇ ਰਾਣੀ ਭੈਣ ਦੇ ਅਗੇ ਬਿੱਲੀ ਦਾ ਬਲ੍ਹੌਗੜਾ ਲਿਟਾ ਦਿਤਾ ਅਤੇ ਉਸ ਬੱਚੇ ਨੂੰ ਵੀ ਘੜੇ ਵਿਚ ਪਾ ਕੇ ਦਰਿਆ ਵਿਚ ਰੋਹੜ ਦਿਤਾ।

ਉਸ ਤੋਂ ਅਗਲੇ ਸਾਲ ਰਾਣੀ ਨੇ ਇਕ ਕੰਨਿਆਂ ਨੂੰ ਜਨਮ ਦਿਤਾ। ਐਤਕੀਂ ਵੀ ਦੋਹਾਂ ਭੈਣਾਂ ਨੇ ਉਸ ਬੱਚੀ ਨੂੰ ਜੰਮਦੇ ਸਾਰ ਘੜੇ ਵਿਚ ਪਾ ਕੇ ਦਰਿਆ ਵਿਚ ਰੋੜ੍ਹ ਦਿਤਾ ਅਤੇ ਛੋਟੀ ਭੈਣ ਦੇ ਅਗੇ ਮਿਟੀ ਦਾ ਕੋਈ ਖਿਡੌਣਾ ਰਖ ਦਿਤਾ।

ਰਾਜੇ ਨੂੰ ਬੜਾ ਦੁਖ ਹੋਇਆ। ਪਰ ਉਹ ਸੋਚਦਾ, ਕਿਸਮਤ ਅਗੇ ਕਿਸ ਦਾ ਜ਼ੋਰ ਏ, ਨਾਲੇ ਰਾਣੀ ਦਾ ਇਸ ਵਿਚ ਕੀ ਕਸੂਰ ਸੀ। ਇਹ ਤਾਂ ਰੱਬ ਦੇ ਰੰਗ ਸਨ। ਸੋ ਉਹ ਆਪਣੀ ਹੋਣੀ ਤੇ ਸਬਰ ਕਰਕੇ ਬੈਠ ਗਿਆ।

ਪਰ ਲੋਕਾਂ ਵਿਚ ਛੋਟੀ ਰਾਣੀ ਬਾਰੇ ਭਾਂਤ ਭਾਂਤ ਦੀਆਂ ਗੱਲਾਂ ਛਿੜ ਪਈਆਂ। ਕੋਈ ਆਖਦਾ, "ਰਾਣੀ ਚੁੜੇਲ ਏ, ਜੇ ਆਮ ਤੀਵੀਂ ਹੁੰਦੀ ਤਾਂ ਬਿਲੇ ਕਤੂਰੇ ਕਿਵੇਂ ਜੰਮਦੀ ?" ਕੋਈ ਕਹਿੰਦਾ, "ਇਹ ਤੀਵੀਂ ਨਹਿਸ਼ ਏ, ਮੁਲਕ ਨੂੰ ਲੈ ਡੁਬੇਗੀ। ਜਾਂ ਕਾਲ ਪੈ ਜਾਵੇਗਾ, ਜਾਂ ਫਿਰ ਹੜ੍ਹ ਆ ਜਾਣਗੇ, ਨਹੀਂ ਤਾਂ ਬੀਮਾਰੀ ਫੈਲ ਜਾਵੇਗੀ।"

ਲੋਕਾਂ ਦੀਆਂ ਅਜੀਬ ਅਜੀਬ ਗੱਲਾਂ ਸੁਣ ਕੇ ਰਾਜੇ ਦੇ ਦਿਲ ਵਿਚ ਰਾਣੀ ਵਾਸਤੇ ਨਫਰਤ ਪੈਦਾ ਹੋ ਗਈ ਅਤੇ ਅਖੀਰ ਕ੍ਰੋਧ ਵਿਚ ਆ ਕੇ ਉਸ ਨੇ ਰਾਣੀ ਦਾ ਸਿਰ ਮੁੰਨ ਕੇ ਅਤੇ ਮੂੰਹ ਕਾਲਾ ਕਰਕੇ ਉਸਨੂੰ ਖੋਤੇ ਉਤੇ ਬਿਠਾ ਦਿਤਾ ਅਤੇ ਬਾਹਰ ਜੰਗਲ ਵਿਚ ਛਡ ਆਇਆ। ਉਥੇ ਉਹ ਇਕ ਝੁਗੀ ਵਿਚ ਰਹਿਣ ਲਗੀ।

ਰਾਜੇ ਦੇ ਮਹਿਲਾਂ ਦੇ ਪਿਛਵਾੜੇ ਤੋਂ ਜੋ ਨਦੀ ਵਗਦੀ ਸੀ, ਉਸ ਦੇ ਹਿਠਾੜ ਵਲ ਇਕ ਬ੍ਰਾਹਮਣ ਰਹਿੰਦਾ ਸੀ। ਇਕ ਦਿਨ ਬ੍ਰਾਹਮਣ ਸਰਘੀ ਵੇਲੇ ਇਸ਼ਨਾਨ ਕਰ ਰਿਹਾ ਸੀ ਕਿ ਉਸ ਨੇ ਰਿੜਦਾ ਹੋਇਆ ਇਕ ਘੜਾ ਵੇਖਿਆ, ਜਿਸ ਵਿਚੋਂ ਇਕ ਬੱਚੇ ਦੇ ਰੋਣ ਦੀ ਕੁਰਲਾਹਟ ਆ ਰਹੀ ਸੀ। ਬ੍ਰਾਹਮਣ ਦਰਿਆ ਵਿਚ ਕੁਦ ਪਿਆ ਅਤੇ ਤੈਰਦਾ ਹੋਇ੍ਆ ਘੜੇ ਨੂੰ ਫੜ ਕੇ, ਬਾਹਰ ਕਢ ਲਿਆਇਆ। ਘੜੇ ਵਿਚ ਇਕ ਬੱਚੇ ਨੂੰ ਵੇਖ ਕੇ ਉਹ ਬੜਾ ਪ੍ਰਸੰਨ ਹੋਇਆ। ਉਸ ਨੇ ਉਹ ਬੱਚਾ ਘਰ ਜਾ ਕੇ ਆਪਣੀ ਪਤਨੀ ਦੀ ਗੋਦ ਵਿਚ ਜਾ ਪਾਇਆ। ਉਨ੍ਹਾਂ ਦੇ ਘਰ ਕੋਈ ਔਲਾਦ ਨਹੀਂ ਸੀ। ਇਸ ਲਈ ਦੋਵੇਂ ਬੜੀ ਖੁਸ਼ੀ ਨਾਲ ਬੱਚੇ ਨੂੰ ਪਾਲਣ ਲਗੇ।

ਸਾਲ ਕੁ ਮਗਰੋਂ ਫਿਰ ਇਕ ਦਿਨ ਬ੍ਰਾਹਮਣ ਨਦੀ ਉਤੇ ਇਸ਼ਨਾਨ ਕਰ ਰਿਹਾ ਸੀ ਕਿ ਉਸ ਨੇ ਉਸੇ ਤਰ੍ਹਾਂ ਇਕ ਘੜਾ ਰੁੜਦਾ ਵੇਖਿਆ ਅਤੇ ਫੜ ਲਿਆ। ਉਸ ਵਿਚੋਂ ਪਹਿਲੇ ਬਾਲ ਨਾਲ ਮਿਲਦੀ ਜੁਲਦੀ ਸ਼ਕਲ ਦਾ ਇਕ ਬੱਚਾ ਨਿਕਲਿਆ। ਬ੍ਰਾਹਮਣ ਤਾੜ ਗਿਆ ਕਿ ਇਹ ਪਹਿਲੇ ਬੱਚੇ ਦਾ ਹੀ ਭਰਾ ਹੈ।

ਉਸ ਤੋਂ ਅਗਲੇ ਵਰ੍ਹੇ ਉਸੇ ਤਰ੍ਹਾਂ ਦੀ ਹਾਲਤ ਵਿਚ, ਬ੍ਰਾਹਮਣ ਨੂੰ ਇਕ ਕੰਨਿਆਂ ਰੁੜ੍ਹਦੀ ਹੋਈ ਮਿਲੀ। ਉਸਦੇ ਨੈਣ ਨਕਸ਼ ਵੀ ਪਹਿਲੇ ਦੋਹਾਂ ਬੱਚਿਆਂ ਵਰਗੇ ਸਨ, ਜਿਸ ਤੋਂ ਬ੍ਰਾਹਮਣ ਨੇ ਅੰਦਾਜ਼ਾ ਲਗਾ ਲਿਆ ਕਿ ਇਹ ਤਿੰਨੋਂ ਬੱਚੇ ਇਕੋ ਪ੍ਰਵਾਰ ਦੇ ਜੀਅ ਹਨ।

ਬ੍ਰਾਹਮਣ ਕੋਲ ਕਾਫੀ ਸਾਰਾ ਧਨ ਦੌਲਤ ਸੀ। ਉਸ ਨੇ ਇਨ੍ਹਾਂ ਤਿੰਨਾਂ ਬੱਚਿਆਂ ਨੂੰ ਬੜੇ ਲਾਡ ਪਿਆਰ ਨਾਲ ਪਾਲਿਆ। ਉਨ੍ਹਾਂ ਦੀ ਹਰ ਗੱਲ ਮੰਨੀ ਅਤੇ ਕਦੇ ਉਨ੍ਹਾਂ ਨੂੰ ਅਹਿਸਾਸ ਨਾ ਹੋਣ ਦਿਤਾ ਕਿ ਉਹ ਉਹਦੇ ਆਪਣੇ ਸਕੇ ਬੱਚੇ ਨਹੀਂ। ਬ੍ਰਾਹਮਣ ਨੇ ਦੋਆਂ ਭਰਾਵਾਂ ਦਾ ਨਾਉਂ ਧਰਮ ਅਤੇ ਕਰਮ ਰਖਿਆ ਅਤੇ ਕੰਨਿਆਂ ਦਾ ਬੁਧਮਤੀ। ਬ੍ਰਾਹਮਣੀ ਦਾ ਤਾਂ ਬੱਚਿਆਂ ਵਿਚ ਇਤਨਾ ਮੋਹ ਸੀ ਕਿ ਉਹ ਇਕ ਪਲ ਲਈ ਵੀ ਵਿਸਾਹ ਨਹੀਂ ਸੀ ਖਾਂਦੀ।

ਉਹ ਤਿੰਨੋਂ ਬੱਚੇ ਹੌਲੇ ਹੌਲੇ ਵਡੇ ਹੋਣ ਲਗੇ। ਉਨ੍ਹਾਂ ਤਿੰਨਾਂ ਦਾ ਆਪੋ ਵਿਚ ਬੜਾ ਸਨੇਹ ਸੀ। ਉਹ ਇਕ ਦੂਜੇ ਨੂੰ ਵੇਖੇ ਬਿਨਾਂ ਜੀਅ ਨਹੀਂ ਸਨ ਸਕਦੇ। ਪੰਡਤ ਨੇ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਵਿਦਿਆ ਦਿਤੀ। ਸੋ ਬੱਚੇ ਬੜੇ ਹੋਣਹਾਰ ਨਿਕਲ ਆਏ। ਕੁਝ ਦਿਨਾਂ ਬਾਅਦ ਬ੍ਰਾਹਮਣ ਦੀ ਮੌਤ ਹੋ ਗਈ ਅਤੇ ਕੁਝ ਦਿਨ ਪਿਛੋਂ ਉਸਦੀ ਪਤਨੀ ਵੀ ਬੀਮਾਰ ਰਹਿ ਕੇ ਮਰ ਗਈ।

ਇਕ ਵਾਰ ਉਸ ਦੇਸ਼ ਦਾ ਰਾਜਾ ਹਿਰਨ ਦਾ ਸ਼ਿਕਾਰ ਖੇਡਦਾ ਹੋਇਆ ਆਪ੍ਣੇ ਸਾਥੀਆਂ ਤੋਂ ਨਿਖੜ ਗਿਆ। ਡੂੰਘੀਆਂ ਤ੍ਰਿਕਾਲਾਂ ਤਕ ਉਹ ਜੰਗਲ ਵਿਚ ਭਟਕਦਾ ਰਿਹਾ ਪਰ ਉਸ ਨੂੰ ਕਿਧਰੇ ਵੀ ਰਸਤਾ ਨਾ ਲਭਾ। ਉਸ ਨੇ ਜੰਗਲ ਵਿਚ ਦੂਰ ਇਕ ਥਾਂ ਦੀਵਾ ਬਲਦਾ ਹੋਇਆ ਵੇਖਿਆ। ਦੀਵੇ ਦੀ ਜੋਤ ਦੀ ਸੇਧ ਵਿਚ ਉਹ ਤੁਰਦਾ ਹੋਇਆ ਅਖੀਰ ਇਕ ਕੁਟੀਆ ਅਗੇ ਜਾ ਪੁਜਾ।

ਰਾਜਾ ਭੁਖ ਅਤੇ ਪਿਆਸ ਨਾਲ ਪ੍ਰੇਸ਼ਾਨ ਸੀ, ਉਸ ਨੇ ਪਾਣੀ ਮੰਗਿਆ। ਇਕ ਭਰਾ ਨੇ ਪਾਣੀ ਦਾ ਗਿਲਾਸ ਲਿਆ ਦਿਤਾ। ਭੈਣ ਨੇ ਰਾਜੇ ਨੂੰ ਥਾਲੀ ਵਿਚ ਰੋਟੀ

ਪਾ ਕੇ ਖਾਣ ਲਈ ਦਿਤੀ। ਫਿਰ ਛੋਟੇ ਭਰਾ ਨੇ ਰਾਜੇ ਨੂੰ ਮੰਜੀ ਵਿਛਾ ਕੇ ਅਰਾਮ ਕਰਨ ਲਈ ਕਿਹਾ।

ਮੰਜੀ ਉਤੇ ਲੰਮਾ ਪੈ ਕੇ ਰਾਜਾ ਉਨ੍ਹਾਂ ਨਾਲ ਗਲੀਂ ਰੁਝ ਪਿਆ, "ਤੁਸੀਂ ਕੌਣ ਹੋ, ਇਥੇ ਜੰਗਲ ਵਿਚ ਇਕਲੇ ਕਿਵੇਂ ਰਹਿੰਦੇ ਹੋ ?"

ਵਡੇ ਭਰਾ ਨੇ ਦਸਿਆ, "ਅਸੀਂ ਬ੍ਰਾਹਮਣ ਹਾਂ, ਸਾਡੇ ਮਾਪੇ ਮਰ ਚੁਕੇ ਨੇ। ਸਾਡੇ ਮਾਪੇ ਕਈ ਸਾਲਾਂ ਤੋਂ ਇਥੇ ਹੀ ਰਹਿੰਦੇ ਸਨ। ਉਨ੍ਹਾਂ ਨੂੰ ਭਗਤੀ ਲਈ ਇਹ ਇਕਾਂਤ ਥਾਂ ਬੜੀ ਪਸੰਦ ਸੀ।"

"ਤੁਸੀਂ ਸ਼ਹਿਰ ਚਲੋ, ਮੈਂ ਤੁਹਾਨੂੰ ਆਪਣੇ ਦਰਬਾਰ ਵਿਚ ਨੌਕਰੀ ਦਿਵਾ ਦਿਆਂਗਾ।" ਰਾਜੇ ਨੂੰ ਉਹ ਬੱਚੇ ਬੜੇ ਪਿਆਰੇ ਤੇ ਹੋਣਹਾਰ ਲਗੇ।

"ਪਰ ਸਾਡੇ ਪਿਤਾ ਜੀ ਨੇ ਕਿਹਾ ਸੀ ਕਿ ਤੁਸਾਂ ਸ਼ਹਿਰ ਕਦੇ ਨਹੀਂ ਜਾਣਾ, ਭਾਵੇਂ ਕਿਤਨੀ ਵੀ ਮਜਬੂਰੀ ਹੋਵੇ।"

"ਕਿਉਂ ?"

"ਇਹ ਤਾਂ ਪਤਾ ਨਹੀਂ, ਪਰ ਅਸੀਂ ਆਪਣੇ ਪਿਓ ਦਾ ਹੁਕਮ ਨਹੀਂ ਟਾਲ ਸਕਦੇ ?"

ਜਦੋਂ ਸਵੇਰੇ ਰਾਜਾ ਜਾਣ ਲਗਾ ਤਾਂ ਉਸਨੇ ਤਿੰਨਾਂ ਬੱਚਿਆਂ ਨਾਲ ਪਿਆਰ ਕਰਦੇ ਹੋਏ ਕਿਹਾ, "ਬੱਚਿਓ ! ਮੈਂ ਇਸ ਦੇਸ਼ ਦਾ ਰਾਜਾ ਹਾਂ, ਸ਼ਿਕਾਰ ਖੇਡਦਾ ਹੋਇਆ ਰਸਤਾ ਭੁਲ ਗਿਆ ਸਾਂ। ਮੈਂ ਹੁਣ ਚਲਦਾ ਹਾਂ। ਜਦੋਂ ਤੁਹਾਨੂੰ ਮੇਰੀ ਲੋੜ ਪਏ ਮੇਰੇ ਕੋਲ ਆ ਜਾਣਾ, ਮੈਂ ਤੁਹਾਡੀ ਹਰ ਤਰ੍ਹਾਂ ਨਾਲ ਮਦਦ ਕਰਾਂਗਾ।" ਜਾਣ ਵੇਲੇ ਰਾਜਾ ਉਨ੍ਹਾਂ ਨੂੰ ਕਾਫੀ ਸਾਰਾ ਧਨ ਦੇ ਗਿਆ।

ਜਦੋਂ ਰਾਜਾ ਚਲਾ ਗਿਆ ਤਾਂ ਬੁਧਮਤੀ ਨੇ ਆਪਣੇ ਭਰਾਵਾਂ ਤੋਂ ਪੁਛਿਆ, "ਰਾਜਾ ਕਿਥੇ ਰਹਿੰਦੈ ?"

"ਰਾਜਾ ਵਡੇ ਵਡੇ ਮਹਿਲਾਂ ਵਿਚ ਰਹਿੰਦਾ ਏ, ਉਸ ਦੇ ਮਹਿਲ ਦੇ ਚੁਫੇਰੇ ਵਡੇ ਵਡੇ ਬਾਗ ਬਗੀਚੇ ਹੁੰਦੇ ਨੇ।" ਵਡੇ ਭਰਾ ਨੇ ਸਮਝਾਇਆ।

"ਮੈਂ ਵੀ ਮਹਿਲਾਂ ਵਿਚ ਰਹਿਣਾ ਚਾਹੁੰਦੀ ਹਾਂ, ਤੁਸੀਂ ਮੇਰੇ ਵਾਸਤੇ ਵੀ ਉਹੋ ਜਿਹਾ ਮਹਿਲ ਬਣਾ ਦਿਓ।" ਬੁਧਮਤੀ ਕਹਿਣ ਲਗੀ।

ਬ੍ਰਾਹਮਣ ਤਿੰਨਾਂ ਬੱਚਿਆਂ ਲਈ ਕਾਫੀ ਧਨ ਛਡ ਗਿਆ ਸੀ। ਇਸ ਦੇ ਇਲਾਵਾ ਰਾਜੇ ਨੇ ਵੀ ਵਾਪਸ ਜਾ ਕੇ ਆਪਣੇ ਇਕ ਦੂਤ ਹਥ ਸੋਨੇ ਦੀਆਂ ਢੇਰ ਸਾਰੀਆਂ ਮੁਹਰਾਂ ਬੱਚਿਆਂ ਵਾਸਤੇ ਭਿਜਵਾ ਦਿਤੀਆਂ ਸਨ। ਇਸ ਲਈ ਇਨ੍ਹਾਂ ਬੱਚਿਆਂ ਨੂੰ ਧਨ ਦਾ ਕੋਈ ਘਾਟਾ ਨਹੀਂ ਸੀ।

ਧਰਮ ਤੇ ਕਰਮ ਨੇ ਬੁਧਮਤੀ ਦੀ ਗੱਲ ਮੰਨ ਲਈ। ਉਥੋਂ ਥੋੜੀ ਦੂਰ ਇਕ ਵਧੀਆ ਥਾਂ ਚੁਣ ਕੇ ਉਨ੍ਹਾਂ ਨੇ ਦਰਿਆ ਦੇ ਕੰਢੇ ਇਕ ਖੂਬਸੂਰਤ ਮਹਿਲ ਬਣਵਾਇਆ। ਮਹਿਲ ਦੇ ਚਾਰ ਚੁਫੇਰੇ ਬੜੇ ਸੁੰਦਰ ਬਗੀਚੇ ਬਣਾਏ ਗਏ। ਫਿਰ ਦੁਨੀਆਂ ਭਰ ਦੀਆਂ ਕੀਮਤੀ ਅਤੇ ਖੂਬਸੂਰਤ ਚੀਜ਼ਾਂ ਲਿਆ ਕੇ ਮਹਿਲ ਨੂੰ ਸ਼ਿੰਗਾਰਿਆ ਗਿਆ। ਵੇਖਣ ਵਿਚ ਉਹ ਮਹਿਲ ਰਾਜੇ ਦੇ ਮਹਿਲ ਨਾਲੋਂ ਵੀ ਵਧ ਖੂਬਸੂਰਤ ਲਗਦਾ ਸੀ।

ਉਸ ਮਹਿਲ ਵਿਚ ਤਿੰਨੋਂ ਭੈਣ ਭਰਾ ਬੜੀ ਸ਼ਾਨ ਸ਼ੌਕਤ ਨਾਲ ਰਹਿਣ ਲਗ ਪਏ। ਰਾਜਿਆਂ ਵਾਂਗ ਹੀ ਉਨ੍ਹਾਂ ਨੇ ਹਾਥੀ ਘੋੜੇ ਤੇ ਨੌਕਰ ਚਾਕਰ ਰਖ ਲਏ।

ਇਕ ਵਾਰ ਇਕ ਜੋਗੀ ਉਸ ਮਹਿਲਾਂ ਦੇ ਕੋਲੋਂ ਦੀ ਲੰਘਿਆ। ਜੰਗਲ ਵਿਚ ਇਕ ਖੂਬਸੂਰਤ ਮਹਿਲ ਵੇਖ ਕੇ ਉਹ ਹੈਰਾਨ ਰਹਿ ਗਿਆ। ਉਸ ਨੇ ਦਰਬਾਨਾਂ ਤੋਂ ਪੁਛਿਆ ਕਿ ਇਹ ਮਹਿਲ ਕਿਸ ਭਾਗਵਾਨ ਦਾ ਹੈ, ਮੈਂ ਉਸ ਦੇ ਦਰਸ਼ਨ ਕਰ ਕੇ, ਉਸ ਨੂੰ ਅਸ਼ੀਰਵਾਦ ਦੇਣਾ ਚਾਹੁੰਦਾ ਹਾਂ। ਦਰਬਾਨ ਉਸ ਜੋਗੀ ਨੂੰ ਤਿੰਨਾਂ ਭੈਣ ਭਰਾਵਾਂ ਕੋਲ ਲੈ ਗਿਆ।

ਜੋਗੀ ਕਾਫੀ ਦੇਰ ਤਕ ਉਨ੍ਹਾਂ ਨਾਲ ਗਲੀਂ ਬਾਤੀਂ ਰੁਝਾ ਰਿਹਾ। ਉਸ ਨੇ ਮਹਿਲ ਦੀ ਹਰੇਕ ਚੀਜ਼ ਦੀ ਸਿਫਤ ਕੀਤੀ। ਉਸ ਨੇ ਤਿੰਨਾਂ ਬੱਚਿਆਂ ਨੂੰ ਵਧਣ ਫੁਲਣ ਦੀਆਂ ਅਸੀਸਾਂ ਦਿਤੀਆਂ। ਜਦੋਂ ਜੋਗੀ ਜਾਣ ਲਗਾ ਤਾਂ ਬੁਧਮਤੀ ਨੇ ਕਿਹਾ, "ਇਸ ਮਹਿਲ ਵਿਚ ਜੇ ਕਿਸੇ ਚੀਜ਼ ਦਾ ਘਾਟਾ ਹੋਵੇ ਤਾਂ ਉਹ ਦਸ ਦੇਵੇ, ਅਸੀਂ ਉਹ ਮੰਗਵਾ ਲਵਾਂਗੇ।"

"ਵੈਸੇ ਤਾਂ ਇਹ ਬਹੁਤ ਖੂਬਸੂਰਤ ਹੈ, ਪਰ ਜੇ ਜ਼ਰੂਰ ਹੀ ਪੁਛਦਾ ਹੈਂ ਤਾਂ ਇਸ ਮਹਿਲ ਵਿਚ ਕੇਵਲ ਤਿੰਨ ਚੀਜ਼ਾਂ ਦੀ ਥੁੜ ਏ—ਸੋਨੇ ਦੀ ਚਿੜੀ, ਚਾਂਦੀ ਦਾ ਦਰਖਤ ਅਤੇ ਮੋਤੀਆਂ ਦਾ ਝਰਨਾ ਨਹੀਂ। ਜੇ ਇਹ ਤਿੰਨੋਂ ਚੀਜ਼ਾਂ ਇਥੇ ਆ ਜਾਣ ਤਾਂ ਇਹ ਮਹਿਲ ਸਵਰਗ ਲੋਕ ਨੂੰ ਵੀ ਮਾਤ ਪਾ ਦੇਵੇ ਗਾ।" ਜੋਗੀ ਨੇ ਕਿਹਾ।

"ਪਰ ਇਹ ਚੀਜ਼ਾਂ ਕਿਥੋਂ ਮਿਲਣਗੀਆਂ ?" ਬੁਧਮਤੀ ਨੇ ਪੁਛਿਆ।

"ਹਿਮਾਲੀਆ ਵਲ ਇਕ ਮਾਯਾ ਸਰੋਵਰ ਹੈ, ਉਥੇ ਨਦੀ ਦੇ ਕੰਢੇ ਇਕ ਅਲੌਕਿਕ ਮਹਿਲ ਵਿਚ ਇਹ ਸਭ ਚੀਜ਼ਾਂ ਮੌਜੂਦ ਹਨ।" ਜੋਗੀ ਨੇ ਸਾਰਾ ਰਹੱਸ ਖੋਲ੍ਹਿਆ ਅਤੇ ਕਈ ਹੋਰ ਗੱਲਾਂ ਸਮਝਾ ਕੇ ਉਥੋਂ ਚਲਾ ਗਿਆ।

ਜੋਗੀ ਦੇ ਚਲੇ ਜਾਣ ਤੋਂ ਬਾਅਦ ਧਰਮ, ਕਰਮ ਅਤੇ ਬੁਧਮਤੀ ਆਪੋ ਵਿਚ ਵਿਚਾਰ ਕਰਨ ਲਗੇ ਕਿ ਕਿਵੇਂ ਉਨ੍ਹਾਂ ਤਿੰਨ ਅਜੀਬ ਚੀਜ਼ਾਂ ਨੂੰ ਪ੍ਰਾਪਤ ਕੀਤਾ ਜਾਵੇ। ਧਰਮ ਕਹਿਣ ਲਗਾ, "ਮਾਯਾ ਸਰੋਵਰ ਉਤੇ ਜਾ ਕੇ ਮੈਂ ਉਨ੍ਹਾਂ ਸਭ ਚੀਜ਼ਾਂ ਨੂੰ ਲੈ ਆਉਂਦਾ ਹਾਂ। ਤੁਸੀਂ ਮੇਰੀ ਚਿੰਤਾ ਨਾ ਕਰਨਾ।" ਬੁਧਮਤੀ ਨੇ ਧਰਮ ਨੂੰ ਬੜਾ ਵਰਜਿਆ ਪਰ ਉਸ ਇਕ ਨਾ ਸੁਣੀਂ। ਜਾਣ ਵੇਲੇ ਧਰਮ ਨੇ ਬੁਧਮਤੀ ਨੂੰ ਤਲਵਾਰ ਫੜਾਂਦੇ ਹੋਏ ਕਿਹਾ, "ਇਹ ਤਲਵਾਰ ਮੇਰੀ ਜਿੰਦ-ਪ੍ਰਾਣ ਹੈ, ਜੇ ਮੈਂ ਮਰ ਗਿਆ ਤਾਂ ਇਸ ਤਲਵਾਰ ਨੂੰ ਜ਼ੰਗ ਲਗ ਜਾਵੇਗਾ।"

ਫਿਰ ਧਰਮ ਘੋੜੇ ਉਤੇ ਸਵਾਰ ਹੋ ਕੇ ਹਿਮਾਲੀਆ ਪਰਬਤ ਵਲ ਤੁਰ ਗਿਆ। ਦਿਨ ਲੰਘਦੇ ਗਏ ਤੇ ਹੌਲੇ ਹੌਲੇ ਮਹੀਨੇ ਬਣਦੇ ਗਏ। ਬੁਧਮਤੀ ਹਰ ਰੋਜ਼ ਸਵੇਰੇ ਜਾਗ ਕੇ ਤਲਵਾਰ ਵੇਖਦੀ, ਉਹ ਹਮੇਸ਼ਾ ਲਿਸ਼ਕਦੀ ਵਿਖਾਈ ਦੇਂਦੀ, ਜਿਸ ਕਰ ਕੇ ਉਸ ਨੂੰ ਭਰਾ ਦੀ ਸਲਾਮਤੀ ਬਾਰੇ ਤਸਲੀ ਰਹਿੰਦੀ।

ਧਰਮ ਕਈ ਜੰਗਲਾਂ ਅਤੇ ਪਹਾੜਾਂ ਵਿਚੋਂ ਲੰਘਦਾ ਹੋਇਆ ਅਖੀਰ ਮਾਯਾ ਸਰੋਵਰ ਪਹੁੰਚਿਆ। ਉਥੇ ਇਕ ਸਰੋਵਰ ਦੇ ਕੰਢੇ ਉਸ ਨੇ ਇਕ ਖੂਬਸੂਰਤ ਮਹਿਲ ਵੇਖਿਆ ਜੋ ਹੀਰੇ ਤੇ ਪੰਨਿਆਂ ਨਾਲ ਜੜਿਆ ਹੋਇਆ ਸੀ। ਉਸ ਦੇ ਆਸ ਪਾਸ ਬੜੇ ਸੁੰਦਰ

ਬਗੀਚੇ ਸਨ। ਉਥੇ ਕੋਈ ਜੀਵ ਜੰਤੂ ਵਿਖਾਈ ਨਹੀਂ ਸੀ ਦੇਂਦਾ, ਪਰ ਇਕ ਮਧੁਰ ਧੁਨੀ ਹਵਾ ਵਿਚ ਗੂੰਜ ਰਹੀ ਸੀ ਜੋ ਮਨ ਨੂੰ ਟੁੰਭਦੀ ਸੀ। ਮਹਿਲ ਵਿਚ ਜਾਣ ਲਈ ਬੜੀਆਂ ਖੂਬਸੂਰਤ ਪੌੜੀਆਂ ਸਨ, ਜਿਨ੍ਹਾਂ ਨੂੰ ਧਰਮ ਇਕ ਇਕ ਕਰਕੇ ਚੜ੍ਹਨ ਲਗਾ।

ਜਦੋਂ ਧਰਮ ਦੋ ਚਾਰ ਪੌੜੀਆਂ ਚੜ੍ਹ ਗਿਆ ਤਾਂ ਉਸ ਨੂੰ ਪਿਛੋਂ ਅਵਾਜ਼ਾਂ ਆਉਣ ਲਗੀਆਂ, "ਧਰਮ ਠਹਿਰ ਜਾ, ਅਗੇ ਨਾ ਜਾਈਂ।" ਜੋਗੀ ਨੇ ਧਰਮ ਨੂੰ ਸਮਝਾਇਆ ਸੀ ਕਿ ਜਦੋਂ ਉਹ ਮਾਯਾ ਸਰੋਵਰ ਉਤੇ ਪੁਜ ਜਾਵੇ ਤਾਂ ਉਹ ਫਿਰ ਮੰਜ਼ਲ ਤੇ ਪਹੁੰਚੇ ਬਗੈਰ ਕਦੇ ਭੁਲ ਭੁਲੇਖੇ ਵੀ ਪਿਛੇ ਵਲ ਨਾ ਵੇਖੇ, ਖਾਸ ਤੌਰ ਤੇ ਉਦੋਂ ਜਦੋਂ ਉਸ ਨੂੰ ਅਵਾਜ਼ਾਂ ਪੈ ਰਹੀਆਂ ਹੋਣ। ਜੇ ਉਸ ਨੇ ਪਰਤ ਕੇ ਵੇਖ ਲਿਆ ਤਾਂ ਉਹਦੀ ਸਾਰੀ ਸਾਧਨਾ ਬੇਕਾਰ ਹੋ ਜਾਵੇਗੀ।

ਸੋ ਧਰਮ ਅਵਾਜ਼ਾਂ ਤੋਂ ਲਾਪਰਵਾਹ ਪੌੜੀਆਂ ਚੜ੍ਹਦਾ ਗਿਆ। ਪਰ ਫਿਰ ਉਸ ਦੇ ਕੰਨਾਂ ਵਿਚ ਇਕ ਅਵਾਜ਼ ਪਈ, "ਧਰਮ ਬੇਟੇ, ਮੈਂ ਇਥੇ ਹਾਂ, ਤੇਰੇ ਪਿਛੇ ਵੇਖ ਲੈ।" ਇਹ ਅਵਾਜ਼ ਤਾਂ ਉਸ ਦੇ ਲੈਪਾਲਕ ਬ੍ਰਾਹਮਣ ਦੀ ਸੀ। ਸੋ ਉਹ ਪਿਛੇ ਪਰਤ ਕੇ ਵੇਖੇ ਬਗੈਰ ਰਹਿ ਨਾ ਸਕਿਆ। ਪਿਛੇ ਵੇਖਣ ਦੀ ਢਿਲ ਸੀ ਕਿ ਧਰਮ ਉਸੇ ਪਲ ਪਥਰ ਬਣ ਗਿਆ।

ਅਗਲੇ ਦਿਨ ਸਵੇਰੇ ਜਾਗਦੇ ਸਾਰ ਭੈਣ ਨੇ ਜਦੋਂ ਤਲਵਾਰ ਵੇਖੀ ਤਾਂ ਉਸ ਨੂੰ ਜ਼ੰਗ ਲਗਾ ਹੋਇਆ ਸੀ।

ਬੁਧਮਤੀ ਬੜੀ ਦੁਖੀ ਹੋਈ, ਪਰ ਕਰਮ ਨੇ ਉਸ ਨੂੰ ਦਿਲਾਸਾ ਦੇਂਦਿਆਂ ਕਿਹਾ, "ਹੋ ਸਕਦਾ ਏ ਕਿ ਸਾਡਾ ਭਰਾ ਕਿਸੇ ਜੰਗਲ ਵਿਚ ਭਟਕਦਾ ਫਿਰਦਾ ਹੋਵੇ ਅਤੇ ਕਿਸੇ ਵਡੀ ਮੁਸੀਬਤ ਵਿਚ ਫਸ ਗਿਆ ਹੋਵੇ। ਮੈਂ ਜਾ ਕੇ ਉਸ ਨੂੰ ਢੂੰਡਦਾ ਹਾਂ, ਜੇ ਉਹ ਮਰ ਵੀ ਗਿਆ ਹੋਇਆ ਤਾਂ ਵੀ ਮੈਂ ਅੰਮ੍ਰਿਤ ਸਰੋਵਰ ਦੇ ਸੰਜੀਵਨੀ ਜਲ ਨਾਲ ਉਸਨੂੰ ਮੁੜ ਜ਼ਿੰਦਾ ਕਰ ਲਾਂ ਗਾ, ਤੂੰ ਚਿੰਤਾ ਨਾ ਕਰ।"

ਫਿਰ ਕਰਮ ਨੇ ਭੈਣ ਨੂੰ ਇਕ ਤੀਰ ਕਮਾਨ ਦਿੰਦਿਆਂ ਕਿਹਾ, "ਇਸ ਤੀਰ ਕਮਾਨ ਵਿਚ ਮੇਰੀ ਜਿੰਦ-ਜਾਨ ਏ, ਜੇ ਮੈਂ ਮਰ ਗਿਆ ਤਾਂ ਇਹ ਕਮਾਨ ਟੁਟ ਜਾਵੇਗੀ।"

ਕਰਮ ਘੋੜੇ ਉਤੇ ਸਵਾਰ ਹੋ ਕੇ ਮਾਯਾ ਸਰੋਵਰ ਵਲ ਤੁਰ ਪਿਆ। ਰਸਤੇ ਵਿਚ ਉਹ ਆਪਣੇ ਵਡੇ ਭਰਾ ਧਰਮ ਬਾਰੇ ਪੁਛ ਗਿਛ ਕਰਦਾ ਰਿਹਾ। ਉਸ ਨੂੰ ਲੋਕਾਂ ਤੋਂ ਪਤਾ ਚਲਿਆ ਕਿ ਉਸੇ ਦੀ ਸ਼ਕਲ ਦਾ ਇਕ ਘੋੜਸਵਾਰ ਇਧਰੋਂ ਦੀ ਪਹਿਲਾਂ ਵੀ ਲੰਘਿਆ ਸੀ। ਅਖੀਰ ਕਰਮ ਕਈ ਤਕਲੀਫਾਂ ਝਾਗਦਾ ਹੋਇਆ ਮਾਯਾ ਸਰੋਵਰ ਜਾ ਪੁਜਾ। ਸਾਰੇ ਵਾਤਾਵਰਨ ਵਿਚ ਮਧੁਰ ਸੰਗੀਤ ਘੁਲਿਆ ਹੋਇਆ ਸੀ। ਜਾਪਦਾ ਸੀ ਕਿ ਮਹਿਲ ਦੇ ਅੰਦਰ ਪਰੀਆਂ ਨਚ ਅਤੇ ਗਾ ਰਹੀਆਂ ਸਨ।

ਜਿਵੇਂ ਹੀ ਕਰਮ ਪੌੜੀਆਂ ਚੜ੍ਹਨ ਲਗਾ ਉਸ ਨੂੰ ਪਿਛਲੇ ਪਾਸੇ ਤੋਂ ਅਵਾਜ਼ਾਂ ਆਉਣ ਲਗੀਆਂ। ਪਰ ਕਰਮ ਨੂੰ ਜੋਗੀ ਦੀ ਨਸੀਹਤ ਯਾਦ ਆ ਗਈ ਅਤੇ ਉਸ ਨੇ ਪਿਛੇ ਵਲ ਪਰਤ ਕੇ ਨਾ ਵੇਖਿਆ। ਉਹ ਤੇਜ਼ੀ ਨਾਲ ਪੌੜੀਆਂ ਚੜ੍ਹਦਾ ਗਿਆ। ਅਚਾਨਕ ਉਸ ਨੂੰ ਕੋਈ ਜਾਣੀ ਪਛਾਣੀ ਅਵਾਜ਼ ਸੁਣਾਈ ਦਿਤੀ, "ਕਰਮ ਠਹਿਰ ਜਾ।

ਮੈਂ ਧਰਮ ਹਾਂ, ਇਧਰ ਵੇਖ।" ਇਹ ਅਵਾਜ਼ ਉਸ ਦੇ ਭਰਾ ਧਰਮ ਦੀ ਅਵਾਜ਼ ਨਾਲ ਇਤਨੀ ਮਿਲਦੀ ਸੀ ਕਿ ਕਰਮ ਪਿਛੇ ਵੇਖਣ ਉਤੇ ਮਜਬੂਰ ਹੋ ਗਿਆ ਅਤੇ ਉਸੇ ਵੇਲੇ ਪਥਰ ਬਣ ਗਿਆ। ਅਗਲੇ ਦਿਨ ਸਵੇਰੇ ਬੁਧਮਤੀ ਨੇ ਵੇਖਿਆ ਕਿ ਤੀਰ ਕਮਾਨ ਟੁਟਿਆ ਪਿਆ ਹੈ। ਸੋ ਉਸ ਨੂੰ ਪਤਾ ਲਗ ਗਿਆ ਕਿ ਕਰਮ ਵੀ ਮਰ ਗਿਆ ਹੈ। ਬੁਧਮਤੀ ਬੜੀ ਰੋਈ, ਮਹਿਲ ਦੀ ਝੂਠੀ ਸ਼ਾਨ ਕਾਇਮ ਰਖਣ ਲਈ ਉਸ ਨੇ ਦੋਵੇਂ ਭਰਾ ਗੰਵਾ ਲਏ ਸਨ। ਜੇ ਹੁਣ ਉਹ ਸਭ ਅਲੌਕਿਕ ਚੀਜ਼ਾਂ ਪ੍ਰਾਪਤ ਵੀ ਹੋ ਗਈਆਂ ਤਾਂ ਵੀ ਉਹ ਭਰਾਵਾਂ ਤੋਂ ਬਗੈਰ ਉਨ੍ਹਾਂ ਦਾ ਕੀ ਕਰੇਗੀ।

ਕਾਫੀ ਦੇਰ ਤਕ ਬੁਧਮਤੀ ਉਦਾਸ ਬੈਠੀ ਝੁਰਦੀ ਰਹੀ। ਫਿਰ ਉਹ ਹੌਂਸਲਾ ਕਰ ਕੇ ਉਠ ਖਲੋਤੀ, "ਜੇ ਮੇਰੇ ਦਿਲ ਵਿਚ ਭਰਾਵਾਂ ਵਾਸਤੇ ਸਚਾ ਪਿਆਰ ਹੋਇਆ, ਤਾਂ ਮੈਂ ਉਨ੍ਹਾਂ ਦੋਹਾਂ ਨੂੰ ਅਗਲੇ ਲੋਕ ਵਿਚੋਂ ਵੀ ਵਾਪਸ ਲੈ ਆਵਾਂਗੀ। ਜੇ ਚਾਂਦੀ ਦਾ ਦਰਖਤ ਮਿਲ ਗਿਆ ਤਾਂ ਉਹਦਾ ਜਲ ਤਾਂ ਮੋਏ ਹੋਏ ਪ੍ਰਾਣੀਆਂ ਨੂੰ ਜ਼ਿੰਦਾ ਕਰ ਸਕਦਾ ਏ।" ਇਉਂ ਸੋਚਦੀ ਬੁਧਮਤੀ ਉਥੋਂ ਤੁਰ ਪਈ।

ਕਈ ਦਿਨਾਂ ਦੇ ਲੰਮੇ ਸਫਰ ਮਗਰੋਂ ਅਖੀਰ ਬੁਧਮਤੀ ਮਾਯਾ ਪਹਾੜ ਉਤੇ ਪੁਜੀ ਤਾਂ ਉਥੇ ਉਸ ਨੇ ਕਈ ਤਰ੍ਹਾਂ ਦੇ ਦਾਨਵਾਂ ਤੇ ਭੂਤ ਪ੍ਰੇਤਾਂ ਨੂੰ ਵਡੇ ਵਡੇ ਸੱਪਾਂ, ਸ਼ੇਰਾਂ ਅਤੇ ਹੋਰ ਬਲਾਵਾਂ ਉਤੇ ਸਵਾਰ ਘੁੰਮਦੇ ਫਿਰਦੇ ਵੇਖਿਆ। ਬੁਧਮਤੀ ਦਾ ਮਨ ਦਹਿਲ ਗਿਆ, ਪਰ ਉਸ ਨੇ ਮਨ ਨੂੰ ਪਕਿਆਂ ਰਖਿਆ। ਜਿਸ ਕਰ ਕੇ ਕਿਸੇ ਵੀ ਪ੍ਰੇਤ ਨੇ ਉਸ ਨੂੰ ਕੁਝ ਨਾ ਕਿਹਾ। ਸਭ ਡਰਾਂਦੇ ਧਮਕਾਂਦੇ, ਇਕ ਇਕ ਕਰ ਕੇ ਹਵਾ ਵਿਚ ਅਲੋਪ ਹੋ ਗਏ, ਪਰ ਉਨ੍ਹਾਂ ਦੀਆਂ ਡਰਾਉਣੀਆਂ ਅਵਾਜ਼ਾਂ ਫਿਰ ਵੀ ਉਸ ਨੂੰ ਸੁਣਾਈ ਦੇਂਦੀਆਂ ਰਹੀਆਂ।

ਫਿਰ ਬੁਧਮਤੀ ਹੌਂਸਲਾ ਕਰ ਕੇ ਮਹਿਲ ਦੀਆਂ ਪੌੜੀਆਂ ਚੜ੍ਹਨ ਲਗੀ ਤਾਂ ਉਸ ਨੂੰ ਕਈ ਪਛਾਣੀਆਂ ਹੋਈਆਂ ਅਵਾਜ਼ਾਂ ਸੁਣਾਈ ਦਿਤੀਆਂ। ਪਰ ਬੁਧਮਤੀ ਸੰਭਲ ਗਈ। ਉਹਨੇ ਸੋਚਿਆ; ਪਿਛੇ ਵੇਖਣ ਨਾਲ ਤਾਂ ਉਹ ਪਥਰ ਬਣ ਜਾਵੇਗੀ। ਸੋ ਉਸ ਨੇ ਆਪਣੇ ਕੰਨਾਂ ਵਿਚ ਉਂਗਲਾਂ ਦੇ ਲਈਆਂ। ਜਿਸ ਨਾਲ ਅਵਾਜ਼ਾਂ ਕੁਝ ਮਧਮ ਪੈ ਗਈਆਂ। ਪਰ ਤਾਂ ਵੀ ਉਸ ਦਾ ਮਨ ਪਰਤ ਕੇ ਵੇਖਣ ਲਈ ਤਾਂਘਦਾ। ਤਾਂ ਬੁਧਮਤੀ ਨੇ ਆਪਣੇ ਦੁਪਟੇ ਨਾਲੋਂ ਕੁਝ ਕਪੜਾ ਪਾੜ ਕੇ ਦੋਹਾਂ ਕੰਨਾਂ ਵਿਚ ਤੁੰਨ ਲਿਆ। ਹੁਣ ਉਸ ਨੂੰ ਕੋਈ ਅਵਾਜ਼ ਨਹੀਂ ਸੀ ਆ ਰਹੀ। ਪੌੜੀਆਂ ਚੜ੍ਹ ਕੇ ਉਹ ਇਕ ਵਿਸ਼ਾਲ ਦਲਾਨ ਵਿਚ ਪੁਜੀ, ਜਿਥੇ ਇਕ ਛੋਟੇ ਜਿਹੇ ਹੌਜ਼ ਦੇ ਕੰਢੇ ਉਸ ਨੇ ਇਕ ਚਾਂਦੀ ਰੰਗਾ ਦਰਖਤ ਵੇਖਿਆ। ਉਸੇ ਦਰਖਤ ਨਾਲ ਇਕ ਸੋਨੇ ਦਾ ਪਿੰਜਰਾ ਲਟਕ ਰਿਹਾ ਸੀ, ਜਿਸ ਵਿਚ ਇਕ ਸੁਨਹਿਰੀ ਚਿੜੀ ਸੀ। ਚਿੜੀ ਨੇ ਬੁਧਮਤੀ ਨੂੰ ਵੇਖਦਿਆਂ ਸਾਰ ਬੜੀ ਮਧੁਰ ਧੁਨੀ ਵਿਚ ਚਹਿਕਣਾ ਸ਼ੁਰੂ ਕੀਤਾ।

ਬੁਧਮਤੀ ਬੜੇ ਉਤਸ਼ਾਹ ਨਾਲ ਸੁਨਹਿਰੀ ਦਰਖਤ ਦੇ ਕੋਲ ਪੁਜੀ। ਉਸ ਨੇ ਚਾਰ ਚੁਫੇਰੇ ਵੇਖਿਆ, ਉਥੇ ਕੋਈ ਨਹੀਂ ਸੀ। ਫਿਰ ਉਸ ਸੁਨਹਿਰੀ ਪਿੰਜਰੇ ਨੂੰ ਫੜਨ ਲਈ ਹਥ ਵਧਾਇਆ। ਫਜ਼ਾ ਵਿਚ ਅਵਾਜ਼ਾਂ ਗੂੰਜੀਆਂ, "ਇਹ ਪਿੰਜਰਾ ਨਾ ਉਤਾਰ, ਖਬਰਦਾਰ ! ਹਥ ਨਾ ਲਾਈਂ।" ਪਰ ਬੁਧਮਤੀ ਨੇ ਹੌਂਸਲਾ ਕਰਕੇ ਦਰਖਤ ਨਾਲੋਂ

ਪਿੰਜਰਾ ਉਤਾਰ ਲਿਆ ਤਾਂ ਸੁਨਹਿਰੀ ਚਿੜੀ ਚੀਂ ਚੀਂ ਕਰਦੀ ਹੋਈ ਕਹਿਣ ਲਗੀ, "ਅਜ ਤੋਂ ਮੈਂ ਤੇਰੇ ਕਬਜ਼ੇ ਵਿਚ ਹਾਂ, ਤੇਰਾ ਭਲਾ ਇਸੇ ਗੱਲ ਵਿਚ ਏ ਕਿ ਤੂੰ ਉਸ ਨਿਗਾਰੇ ਉਤੇ ਚੋਟ ਮਾਰ। ਡੰਕਾ ਮਾਰਨ ਮਗਰੋਂ ਇਸ ਸਾਰੇ ਮਹਿਲ ਉਤੇ ਤੇਰਾ ਰਾਜ ਹੋ ਜਾਵੇਗਾ। ਫਿਰ ਸਭ ਭੂਤ ਪ੍ਰੇਤ ਤੇ ਇਥੋਂ ਦੀਆਂ ਦੈਵੀ ਸ਼ਕਤੀਆਂ ਤੇਰੇ ਅਧੀਨ ਹੋ ਜਾਣਗੀਆਂ।" ਬੁਧਮਤੀ ਦੌੜਦੀ ਹੋਈ ਗਈ ਅਤੇ ਉਸ ਨੇ ਨਿਗਾਰੇ ਉਤੇ ਚੋਟ ਮਾਰੀ। ਇਸ ਤੋਂ ਬਾਅਦ ਬੁਧਮਤੀ ਨੇ ਚਿੜੀ ਤੋਂ ਮੋਤੀਆਂ ਦੇ ਝਰਨੇ ਬਾਰੇ ਪੁਛਿਆ। ਚਿੜੀ ਨੇ ਦਸਿਆ ਕਿ ਝਰਨਾ ਮਹਿਲ ਦੇ ਦੂਜੇ ਪਾਸੇ ਵਲ ਹੈ। ਚਿੜੀ ਦਾ ਪਿੰਜਰਾ ਚੁਕੀ ਬੁਧਮਤੀ ਮਹਿਲ ਦੇ ਦੂਜੇ ਪਾਸੇ ਵਲ ਗਈ। ਰਾਹ ਵਿਚ ਕਾਫੀ ਸਾਰੇ ਪਥਰ ਸਨ, ਜਿਨ੍ਹਾਂ ਦੀਆਂ ਸ਼ਕਲਾਂ ਮਨੁਖਾਂ ਵਰਗੀਆਂ ਸਨ, ਜਿਵੇਂ ਪਥਰ ਵਿਚੋਂ ਕਿਸੇ ਬੁਤਘੜੇ ਨੇ ਮਨੁਖੀ ਅਕਾਰ ਦੇ ਬੁਤ ਘੜੇ ਹੋਣ।

"ਇਹ ਕਾਹਦੇ ਬੁਤ ਨੇ ?" ਬੁਧਮਤੀ ਨੇ ਪੁਛਿਆ।

"ਇਹ ਉਹਨਾਂ ਬੰਦਿਆਂ ਦੇ ਨੇ ਜਿਹੜੇ ਇਥੇ ਆਏ ਪਰ ਕਿਸੇ ਖੁਨਾਮੀ ਕਾਰਨ ਆਪਣੇ ਆਸ਼ੇ ਵਿਚ ਸਫਲ ਨਹੀਂ ਸੀ ਹੋਏ ਅਤੇ ਮਿੱਟੀ ਹੋ ਕੇ ਪਥਰ ਬਣ ਗਏ।" ਚਿੜੀ ਨੇ ਦਸਿਆ।

"ਇਨ੍ਹਾਂ ਵਿਚ ਸ਼ਾਇਦ ਮੇਰੇ ਦੋਵੇਂ ਭਰਾ ਵੀ ਹੋਣ।"

"ਤਾਂ ਫਿਰ ਤੂੰ ਇਨ੍ਹਾਂ ਉਤੇ ਝਰਨੇ ਦਾ ਪਾਣੀ ਤਰੌਂਕ, ਇਹ ਸਭ ਮੁੜ ਜ਼ਿੰਦਾ ਹੋ ਜਾਣਗੇ।" ਚਿੜੀ ਨੇ ਦਸਿਆ। ਫਿਰ ਬੁਧਮਤੀ ਨੇ ਝਰਨੇ ਵਿਚੋਂ ਪਾਣੀ ਲੈ ਕੇ ਉਨ੍ਹਾਂ ਪਥਰਾਂ ਉਤੇ ਤਰੌਂਕਿਆ। ਅਨੇਕਾਂ ਲੋਕ ਜੋ ਕਈ ਯੁਗਾਂ ਤੋਂ ਪਥਰ ਹੋਏ ਪਏ ਸਨ, ਜਾਗ ਉਠੇ। ਧਰਮ ਤੇ ਕਰਮ ਵੀ ਅੱਖਾਂ ਮਲਦੇ ਇਉਂ ਉਠ ਖਲੋਤੇ ਜਿਵੇਂ ਗੂੜ੍ਹੀ ਨੀਂਦਰ ਵਿਚੋਂ ਜਾਗੇ ਹੋਣ। ਉਹ ਭੈਣ ਨੂੰ ਮਿਲ ਕੇ ਬੜੇ ਖੁਸ਼ ਹੋਏ ਅਤੇ ਉਹਦੀ ਸੂਝ ਸਿਆਣਪ ਅਤੇ ਹਿੰਮਤ ਦੀ ਦਾਦ ਦੇਣ ਲਗੇ। ਬਾਕੀ ਲੋਕ ਵੀ, ਜੋ ਜੀਉ ਪਏ ਸਨ, ਬੁਧਮਤੀ ਦੇ ਚਰਨ ਛੂੰਹਦੇ ਹੋਏ ਆਪੋ ਆਪਣੇ ਘਰਾਂ ਨੂੰ ਤੁਰ ਗਏ।

ਫਿਰ ਬੁਧਮਤੀ ਨੇ ਭਰਾਵਾਂ ਦੇ ਨਾਲ ਮਹਿਲ ਦੀ ਸੈਰ ਕੀਤੀ ਅਤੇ ਜੋ ਵੀ ਵਡਮੁਲੀਆਂ ਤੇ ਅਦਭੁਤ ਚੀਜ਼ਾਂ ਲਭੀਆਂ ਉਹ ਸਭ ਨਾਲ ਲੈ ਕੇ, ਆਪਣੇ ਮਹਿਲ ਵਿਚ ਵਾਪਸ ਆ ਗਈ। ਉਨ੍ਹਾਂ ਨੇ ਅਦਭੁਤ ਚੀਜ਼ਾਂ ਦੀ ਮਦਦ ਨਾਲ ਆਪਣਾ ਸਾਰਾ ਮਹਿਲ ਸ਼ਿੰਗਾਰ ਲਿਆ। ਹੁਣ ਇਸ ਮਹਿਲ ਦਾ ਮੁਕਾਬਲਾ ਦੁਨੀਆਂ ਦਾ ਕੋਈ ਮਹਿਲ ਵੀ ਨਹੀਂ ਸੀ ਕਰ ਸਕਦਾ। ਸੋ ਇਸ ਮਹਿਲ ਦੀ ਚਰਚਾ ਆਲੇ ਦੁਆਲੇ ਫੈਲਣ ਲਗੀ।

ਸੋਨੇ ਦੀ ਚਿੜੀ ਅਗਮ ਨਿਗਮ ਦੀਆਂ ਗੱਲਾਂ ਜਾਣਦੀ ਸੀ। ਉਸ ਨੇ ਇਕ ਦਿਨ ਬੁਧਮਤੀ ਨੂੰ ਕਿਹਾ, "ਚੰਗੀ ਗੱਲ ਇਹੋ ਹੈ ਕਿ ਤੁਸੀਂ ਦੇਸ਼ ਦੇ ਰਾਜੇ ਨੂੰ ਖਾਣੇ ਤੇ ਸਦੋ।"

"ਇਹ ਤਾਂ ਠੀਕ ਏ, ਪਰ ਰਾਜੇ ਦੇ ਖਾਣ ਵਾਸਤੇ ਵਧੀਆ ਖਾਣੇ ਕੌਣ ਬਣਾਏਗਾ, ਮੈਂ ਤਾਂ ਖਾਣੇ ਬਨਾਣੇ ਜਾਣਦੀ ਨਹੀਂ", ਬੁਧਮਤੀ ਨੇ ਕਿਹਾ।

"ਇਹ ਗੱਲ ਤੂੰ ਮੇਰੇ ਉਪਰ ਛਡ ਦੇ। ਚਾਂਦੀ ਦਾ ਦਰਖਤ ਹਰ ਤਰ੍ਹਾਂ ਦੇ ਖਾਣੇ ਸਾਨੂੰ ਦੇਵੇਗਾ।" ਸੁਨਹਿਰੀ ਚਿੜੀ ਨੇ ਉਹਦਾ ਕੰਮ ਅਸਾਨ ਕਰ ਦਿਤਾ ਸੀ।

ਧਰਮ ਤੇ ਕਰਮ ਦੋਵੇਂ ਭਰਾ ਗਏ ਅਤੇ ਰਾਜੇ ਨੂੰ ਖਾਣੇ ਦਾ ਸਦਾ ਦੇ ਆਏ।

ਨਿਸਚਤ ਦਿਨ ਰਾਜਾ ਆਪਣੇ ਦਰਬਾਰੀਆਂ ਅਤੇ ਸਿਪਾਹੀਆਂ ਦੇ ਨਾਲ ਉਥੇ ਪੁਜਾ। ਮਹਿਲ ਦੀ ਸਜਾਵਟ, ਫਬਨ ਅਤੇ ਹਰੇਕ ਵਸਤੂ ਵੇਖ ਕੇ ਰਾਜਾ ਦੰਗ ਰਹਿ ਗਿਆ। ਇਥੇ ਹਰ ਚੀਜ਼ ਅਲੌਕਿਕ ਤੇ ਅਦਭੁਤ ਸੀ। ਰਾਜੇ ਨੇ ਮਹਿਲ ਦੀ ਬੜੀ ਪ੍ਰਸੰਸਾ ਕੀਤੀ।

ਅਖੀਰ ਜਦੋਂ ਰਾਜਾ ਖਾਣੇ ਦੀ ਮੇਜ਼ ਉਪਰ ਬੈਠਾ ਤਾਂ ਉਹਦੀ ਹੈਰਾਨੀ ਦੀ ਹਦ ਨਾ ਰਹੀ। ਸਭ ਖਾਣੇ ਹੀਰੇ ਮੋਤੀਆਂ ਦੇ ਬਣੇ ਹੋਏ ਸਨ। ਥਾਲਾਂ ਵਿਚ ਮੋਤੀਆਂ ਦੀ ਰੋਟੀ ਪਈ ਸੀ, ਕੋਈ ਸਬਜ਼ੀ ਹੀਰੇ ਦੀ ਸੀ ਕੋਈ ਪੰਨੇ ਦੀ। ਇਕ ਭਾਂਡੇ ਵਿਚ ਖੀਰ ਸੀ ਜਿਸ ਵਿਚ ਸੁਚੇ ਮੋਤੀਆਂ ਤੇ ਹੀਰੇ ਪੰਨੇ ਸਨ।

ਰਾਜੇ ਨੇ ਮੁਸਕਰਾਂਦੇ ਹੋਏ ਕਿਹਾ, "ਇਹ ਸਭ ਚੀਜ਼ਾਂ ਬੇਸ਼ਕ ਕੀਮਤੀ ਨੇ, ਪਰ ਖਾਣ ਦੇ ਲਾਇਕ ਨਹੀਂ ? ਤੁਸੀਂ ਖਾਣ ਵਾਸਤੇ ਵੀ ਕੁਝ ਰਖੋ, ਇਹ ਤਾਂ ਵੇਖਣ ਦੀਆਂ ਚੀਜ਼ਾਂ ਨੇ।"

ਰਾਜੇ ਦੇ ਐਨ ਸਿਰ 'ਤੇ ਚਾਂਦੀ ਦੇ ਦਰਖਤ ਨਾਲ, ਸੋਨ ਚਿੜੀ ਦਾ ਪਿੰਜਰਾ ਲਟਕਿਆ ਹੋਇਆ ਸੀ, ਉਹ ਚਹਿਕਦੀ ਹੋਈ ਬੋਲੀ, "ਮਹਾਰਾਜ ਖਾਓ, ਇਥੇ ਕਿਹੜੀ ਚੀਜ਼ ਦੀ ਥੁੜ ਏ ?"

"ਕੀ ਹੀਰੇ ਜਵਾਹਰਾਤ ਖਾਣ ਦੀਆਂ ਚੀਜ਼ਾਂ ਨੇ, ਕਦੇ ਕਿਸੇ ਮੋਤੀਆਂ ਦੀ ਰੋਟੀ ਪਕਾ ਕੇ ਨਹੀਂ ਖਾਧੀ ਅਤੇ ਨਾ ਹੀ ਹੀਰੇ ਪੰਨੇ ਸਬਜ਼ੀ ਵਾਂਗ ਰਿੰਨ ਕੇ ਖਾਧੇ ਨੇ। ਇਹ ਜਗੋਂ ਬਾਹਰੀ ਗੱਲ ਕਿਉਂ ?"

"ਤੁਹਾਡੇ ਦੇਸ਼ ਵਿਚ ਜਗੋਂ-ਬਾਹਰੀਆਂ ਗੱਲਾਂ ਹੋ ਰਹੀਆਂ ਨੇ", ਚਿੜੀ ਬੋਲੀ।

"ਕਿਵੇਂ ?" ਰਾਜੇ ਨੇ ਪੁਛਿਆ।

"ਜੇ ਤੀਵੀਂ ਕੁਤੇ, ਬਿਲੇ ਜਾਂ ਖਿਡੌਣੇ ਜੰਮ ਸਕਦੀ ਏ ਤਾਂ ਹੀਰੇ ਪੰਨੇ ਵੀ ਰਿੰਨ ਕੇ ਖਾਧੇ ਜਾ ਸਕਦੇ ਨੇ ?" ਚਿੜੀ ਨੇ ਰਮਜ਼ ਦੀ ਗੱਲ ਆਖੀ।

"ਇਹ ਤਿੰਨੋਂ ਚੀਜ਼ਾਂ ਮੇਰੀ ਹੀ ਰਾਣੀ ਨੇ ਜੰਮੀਆਂ ਨੇ, ਇਹ ਹੋ ਸਕਦਾ ਏ ਪਰ...।"

"ਪਰ ਉਹ ਸਭ ਪਖੰਡ ਸੀ, ਜੋ ਉਸ ਰਾਣੀ ਦੀਆਂ ਭੈਣਾਂ ਨੇ ਈਰਖਾ ਵਿਚ ਕੀਤਾ। ਉਦੋਂ ਵੀ ਤੁਹਾਡੇ ਘਰ ਲਾਲਾਂ ਵਰਗੇ ਬੱਚੇ ਜੰਮੇ ਸਨ।" ਚਿੜੀ ਨੇ ਅਸਲੀ ਭੇਦ ਖੋਲ੍ਹ ਦਿਤਾ।

"ਹੈਂ, ਇਹ ਸੱਚ ਏ। ਉਹ ਬੱਚੇ ਹੁਣ ਕਿਥੇ ਨੇ ?" ਰਾਜੇ ਨੇ ਹੈਰਾਨ ਹੋ ਕੇ ਪੁਛਿਆ।

"ਇਹ ਮਹਿਲ ਤੁਹਾਡੇ ਹੀ ਬੱਚਿਆਂ ਦਾ ਏ।" ਫਿਰ ਚਿੜੀ ਨੇ ਸਾਰੀ ਕਹਾਣੀ ਅਲਫ ਤੋਂ ਯੇ ਤਕ ਕਹਿ ਸੁਣਾਈ ਅਤੇ ਅਖੀਰ ਵਿਚ ਕਿਹਾ, "ਅਜੇ ਵੀ ਕੁਝ ਨਹੀਂ ਵਿਗੜਿਆ। ਇਨ੍ਹਾਂ ਬੱਚਿਆਂ ਦੀ ਮਾਂ ਦਰਿਆ ਦੇ ਕੰਢੇ ਝੁਗੀ ਵਿਚ ਰਹਿੰਦੀ ਹੈ। ਉਸ ਨੂੰ ਵਾਪਸ ਲੈ ਆਓ।" ਬੱਚੇ ਵੀ ਚਿੜੀ ਦੀਆਂ ਗੱਲਾਂ ਸੁਣ ਕੇ ਉਤਸ਼ਾਹ ਵਿਚ ਆ ਗਏ ਅਤੇ ਰਾਜੇ ਨੂੰ ਗਲਵਕੜੀ ਪਾ ਕੇ ਮਿਲੇ।

ਰਾਜਾ ਉਸੇ ਵੇਲੇ ਜੰਗਲ ਵਿਚ ਗਿਆ। ਰਾਣੀ ਉਥੇ ਫਟੇ ਪੁਰਾਣੇ ਕਪੜੇ ਪਹਿਨੀ ਇਕ ਝੁਗੀ ਵਿਚ ਰਹਿ ਰਹੀ ਸੀ। ਉਹਦਾ ਪਿੰਡਾ ਕਾਲਾ ਪੈ ਗਿਆ ਸੀ ਤੇ

ਜਿਸਮ ਲਿਸਾ। ਰਾਜੇ ਨੇ ਰਾਣੀ ਦੇ ਪੈਰਾਂ ਉਤੇ ਡਿਗ ਕੇ ਭੁਲ ਬਖਸ਼ਾਈ। ਰਾਣੀ ਨੂੰ ਉਹ ਸ਼ਾਨ ਸ਼ੌਕਤ ਨਾਲ ਘਰ ਲੈ ਆਇਆ। ਰਾਣੀ ਬੱਚਿਆਂ ਨੂੰ ਮਿਲ ਕੇ ਖੁਸ਼ੀ ਵਿਚ ਫੁਲੀ ਨਾ ਸਮਾਈ। ਫਿਰ ਰਾਜੇ ਨੇ ਕਰੋਧ ਵਿਚ ਆ ਕੇ ਛੋਟੀ ਰਾਣੀ ਦੀਆਂ ਦੋਹਾਂ ਭੈਣਾਂ ਨੂੰ ਜਿਉਂਦਾ ਹੀ ਧਰਤੀ ਵਿਚ ਦਬ ਦਿਤਾ। ਉਹਨਾਂ ਨੂੰ ਆਪਣੇ ਕੀਤੇ ਦਾ ਫਲ ਮਿਲ ਗਿਆ।

ਨੇਕੀ ਦੇ ਬਦਲੇ ਬਦੀ

ਇਕ ਸੌਦਾਗਰ ਦੇ ਘਰ ਕਈ ਸਾਲਾਂ ਮਗਰੋਂ ਲੜਕਾ ਜੰਮਿਆ, ਉਹਨੇ ਬੜੀਆਂ ਖੁਸ਼ੀਆਂ ਮਨਾਈਆਂ। ਸਾਕਾਂ ਸੰਬੰਧੀਆਂ ਨੂੰ ਘਰ ਬੁਲਾ ਕੇ ਭੋਜ ਦਿਤੇ। ਦੇਵੀ ਦੇਵਤਿਆਂ ਦੀਆਂ ਸੁਖਾਂ ਉਤਾਰੀਆਂ। ਉਸਦਾ ਇਕ ਦੋਸਤ ਸਤਾਂ ਦਰਿਆਵਾਂ ਤੋਂ ਪਾਰ ਰਹਿੰਦਾ ਸੀ। ਉਸਨੂੰ ਜਦੋਂ ਲੜਕੇ ਦੇ ਜੰਮਣ ਦੀ ਖਬਰ ਪਹੁੰਚੀ ਤਾਂ ਉਹ ਵੀ ਉਚੇਚਾ ਮੁਬਾਰਕ ਦੇਣ ਵਾਸਤੇ ਆਇਆ। ਬੱਚਾ ਬੜਾ ਸੁਨੱਖਾ, ਗੁਦਲਾ ਤੇ ਪਿਆਰਾ ਸੀ। ਸੌਦਾਗਰ ਦੇ ਦੋਸਤ ਨੂੰ ਵੇਖ ਕੇ ਅਚਾਨਕ ਬੱਚਾ ਮੁਸਕਰਾ ਪਿਆ।

ਦੋਸਤ ਨੇ ਕਿਹਾ, "ਇਹ ਬੱਚਾ ਮੈਨੂੰ ਵੇਖਦੇ ਸਾਰ ਮੁਸਕਰਾਇਆ ਏ, ਇਹਦਾ ਮੇਰੇ ਨਾਲ ਕੋਈ ਪਿਛਲੇ ਜਨਮ ਦਾ ਰਿਸ਼ਤਾ ਜਾਪਦਾ ਏ। ਕੁਝ ਦਿਨ ਹੋਏ ਮੇਰੇ ਘਰ ਵੀ ਲੜਕੀ ਜੰਮੀ ਏ। ਜੇ ਦੋਹਾਂ ਦਾ ਰਿਸ਼ਤਾ ਕਰ ਦੇਈਏ, ਤਾਂ ਠੀਕ ਰਹੇਗਾ। ਨਾਲੇ ਸਾਡੀ ਦੋਸਤੀ ਵੀ ਪਕੀ ਹੋ ਜਾਵੇਗੀ।"

ਸੌਦਾਗਰ ਨਾ ਮੰਨਿਆ, ਆਖੇ, "ਸੱਤ ਦਰਿਆ ਪਾਰ ਕਰਕੇ ਸਹੁਰੇ ਜਾਣਾ ਸੌਖਾ ਕੰਮ ਨਹੀਂ। ਇਧਰ ਦੇ ਦਿਉਤੇ ਹੋਰ, ਉਧਰ ਦੇ ਹੋਰ ; ਇਧਰ ਦੀਆਂ ਬਲਾਵਾਂ ਵਖਰੀਆਂ, ਉਧਰ ਦੀਆਂ ਦਾ ਕੀ ਪਤਾ। ਹਰ ਇਲਾਕੇ ਦੇ ਆਪਣੇ ਦਸਤੂਰ ਹੁੰਦੇ ਨੇ। ਮੇਰਾ ਇਕੋ ਇਕ ਲੜਕਾ ਏ, ਮੈਨੂੰ ਇਹ ਗੱਲ ਮਨਜੂਰ ਨਹੀਂ। ਨਾਲੇ ਅਜੇ ਇਹਦੀ ਉਮਰ ਹੀ ਕੀ ਏ।"

ਪਰ ਸੌਦਾਗਰ ਦੇ ਦੋਸਤ ਨੇ ਬੜੀ ਜ਼ਿਦ ਕੀਤੀ ਅਤੇ ਉਦੋਂ ਤਕ ਸੌਦਾਗਰ ਦਾ ਖਹਿੜਾ ਨਾ ਛਡਿਆ ਜਦੋਂ ਤਕ ਉਹਨੇ ਹਾਂ ਨਾ ਕਰ ਦਿਤੀ।

ਅਖੀਰ ਮੰਗਣੀ ਹੋ ਗਈ।

ਕੁਝ ਸਾਲਾਂ ਬਾਅਦ ਉਹਨਾਂ ਦਾ ਵਿਆਹ ਵੀ ਹੋ ਗਿਆ।

ਮੁੰਡੇ ਦਾ ਨਾਂ ਗੋਬਿੰਦਾ ਸੀ। ਜਦੋਂ ਉਹ ਜਵਾਨ ਹੋਇਆ ਤਾਂ ਸੌਦਾਗਰ ਨੇ ਉਹਨੂੰ ਮੁਕਲਾਵਾ ਲੈਣ ਲਈ ਭੇਜਿਆ। ਸੌਦਾਗਰ ਕੰਮ ਕਾਜ ਵਿਚ ਬਹੁਤ ਰੁਝਿਆ ਹੋਇਆ ਸੀ। ਇਸ ਵਾਸਤੇ ਗੋਬਿੰਦੇ ਨੂੰ ਇਕਲਿਆਂ ਹੀ ਜਾਣਾ ਪਿਆ। ਜਾਣ ਵੇਲੇ ਸੌਦਾਗਰ ਨੇ ਗੋਬਿੰਦੇ ਨੂੰ ਸਮਝਾਇਆ :

"ਵੇਖ ਸੱਤਾਂ ਦਰਿਆਵਾਂ ਤੋਂ ਪਾਰ ਜਾ ਰਿਹਾ ਏਂ। ਉਧਰ ਦਾ ਇਲਾਕਾ ਆਪਣਾ ਨਹੀਂ। ਉਧਰ ਦਾ ਵਿਹਾਰ ਪਤਾ ਨਹੀਂ ਕਿਹੋ ਜਿਹਾ ਹੋਵੇ। ਤੂੰ ਆਪਣੇ ਆਪ ਵਿਚ ਮਸਤ ਰਹੀਂ। ਕਿਸੇ ਬਿਗਾਨੇ ਝਗੜੇ ਵਿਚ ਨਾ ਪਈਂ। ਕਈ ਵਾਰ ਪ੍ਰੇਤ ਰੂਹਾਂ ਰੂਪ ਬਦਲ ਕੇ ਭਰਮਾਂਦੀਆਂ ਤੇ ਭਟਕਾਂਦੀਆਂ ਨੇ, ਤੂੰ ਕਿਸੇ ਲੋਭ ਲਾਲਚ ਵਿਚ ਨਾ ਆਈਂ, ਹਰ ਪਾਸਿਓਂ ਸੁਚੇਤ ਰਹੀਂ।"

ਗੋਬਿੰਦੇ ਨੇ ਸਾਰੀ ਗੱਲ ਸੁਣ ਕੇ ਕਿਹਾ, "ਤੁਸੀਂ ਚਿੰਤਾ ਨਾ ਕਰੋ। ਹੁਣ ਮੈਂ ਬੱਚਾ ਨਹੀਂ ਰਿਹਾ।" ਫਿਰ ਉਸ ਨੇ ਪਿਓ ਤੋਂ ਅਸ਼ੀਰਵਾਦ ਲੈ ਕੇ ਸਫਰ ਸ਼ੁਰੂ ਕੀਤਾ।

ਛੇਆਂ ਦਰਿਆਵਾਂ ਨੂੰ ਪਾਰ ਕਰਕੇ ਗੋਬਿੰਦਾ ਇਕ ਜੰਗਲ ਵਿਚ ਪੁਜਾ। ਰਾਹ ਵਿਚ ਉਹਨੂੰ ਇਕ ਸੱਪ ਤੇ ਨਿਉਲਾ ਲੜਦੇ ਵਿਖਾਈ ਦਿਤੇ। ਲੜਦੇ ਝਗੜਦੇ ਉਹ ਦੋਵੇਂ ਲਹੂ ਲੁਹਾਨ ਹੋ ਗਏ, ਪਰ ਅਜੇ ਵੀ ਉਹ ਬੜੇ ਜੋਸ਼ ਵਿਚ ਇਕ ਦੂਜੇ ਨਾਲ ਖਹਿਬੜ ਰਹੇ ਸਨ।

ਗੋਬਿੰਦੇ ਨੇ ਘੋੜਾ ਰੋਕ ਲਿਆ ਅਤੇ ਕੁਝ ਚਿਰ ਉਨ੍ਹਾਂ ਦੀ ਲੜਾਈ ਵੇਖਦਾ ਰਿਹਾ। ਨਿਉਲਾ ਸੱਪ ਨੂੰ ਮਾਰ ਮੁਕਾਣਾ ਚਾਹੁੰਦਾ ਸੀ, ਪਰ ਅਗੋਂ ਸੱਪ ਵੀ ਆਪਣੇ ਬਚਾਓ ਲਈ ਸਿਰ ਧੜ ਦੀ ਬਾਜ਼ੀ ਲਾਈ ਬੈਠਾ ਸੀ। ਗੋਬਿੰਦੇ ਦੇ ਵੇਖਦੇ ਵੇਖਦੇ ਨਿਉਲੇ ਨੇ ਸੱਪ ਨੂੰ ਚਿਤ ਕਰ ਲਿਆ। ਤਾਂ ਸੱਪ ਦੀ ਜਾਨ ਬਚਾਣ ਲਈ ਗੋਬਿੰਦੇ ਨੇ ਆਪਣੀ ਚਾਬਕ ਨਾਲ ਦੋਹਾਂ ਨੂੰ ਨਿਖੇੜਨਾ ਚਾਹਿਆ। ਨਿਉਲਾ ਕਿਸੇ ਹਾਲਤ ਵਿਚ ਵੀ ਸੱਪ ਨੂੰ ਜਿਉਂਦਾ ਨਹੀਂ ਸੀ ਛਡਣਾ ਚਾਹੁੰਦਾ। ਅਖੀਰ ਗੋਬਿੰਦੇ ਨੇ ਤਲਵਾਰ ਕਢੀ ਅਤੇ ਸੱਪ ਦੀ ਰਖਿਆ ਲਈ ਨਿਉਲੇ ਉਤੇ ਘੁਮਾਵਾਂ ਵਾਰ ਕੀਤਾ। ਨਿਉਲਾ ਡਰ ਕੇ ਨਸਣ ਲਗਾ ਤਾਂ ਤਲਵਾਰ ਦੀ ਤੇਜ਼ ਧਾਰ ਉਹਦੇ ਸਰੀਰ ਵਿਚੋਂ ਆਰ ਪਾਰ ਹੋ ਗਈ। ਉਸ ਨੇ ਉਥੇ ਹੀ ਤੜਪ ਤੜਪ ਕੇ ਪ੍ਰਾਣ ਤਿਆਗ ਦਿਤੇ।

ਸੱਪ ਦੀ ਜਾਨ ਬਚ ਗਈ। ਕੁਝ ਚਿਰ ਸੱਪ ਸਿਰ ਸੁਟੀ ਇਉਂ ਪਿਆ ਰਿਹਾ ਜਿਵੇਂ ਬੇਹੋਸ਼ ਹੋਵੇ, ਫਿਰ ਹਿਲਣ ਲਗਾ।

ਗੋਬਿੰਦਾ ਸੱਪ ਨੂੰ ਉਸੇ ਹਾਲਤ ਵਿਚ ਛਡ ਕੇ ਅਗੇ ਤੁਰ ਪਿਆ। ਥੋੜੀ ਦੇਰ ਮਗਰੋਂ ਸੱਪ ਨੂੰ ਪੂਰੀ ਹੋਸ਼ ਆ ਗਈ ਅਤੇ ਉਹ ਗੋਬਿੰਦੇ ਦੇ ਪਿਛੇ ਦੌੜਨ ਲਗਾ।

ਗੋਬਿੰਦੇ ਨੇ ਸੱਪ ਨੂੰ ਆਪਣੇ ਪਿਛੇ ਆਉਂਦੇ ਵੇਖ ਕੇ ਘੋੜਾ ਰੋਕ ਲਿਆ। ਉਹਨੇ ਸੋਚਿਆ ਕਿ ਸੱਪ ਉਹਦਾ ਅਹਿਸਾਨ ਚੁਕਾਣ ਵਾਸਤੇ ਕੋਈ ਮਣੀ ਉਹਨੂੰ ਦੇਣਾ ਚਾਹੁੰਦਾ ਹੈ। ਜਦੋਂ ਸੱਪ ਨੇੜੇ ਆ ਗਿਆ ਤਾਂ ਗੋਬਿੰਦੇ ਨੇ ਪੁਛਿਆ, "ਭਈ ਤੂੰ ਮੇਰਾ ਪਿਛਾ ਕਿਉਂ ਕਰ ਰਿਹਾ ਏਂ ?"

"ਮੈਂ ਕਈ ਦਿਨਾਂ ਤੋਂ ਕਿਸੇ ਆਦਮੀ ਨੂੰ ਡਸਿਆ ਨਹੀਂ, ਮੇਰੀ ਜੀਭ ਕਿਸੇ ਮਨੁਖ ਦਾ ਲਹੂ ਪੀਣ ਵਾਸਤੇ ਹਲਕੂੰ ਹਲਕੂੰ ਕਰ ਰਹੀ ਏ।" ਸੱਪ ਨੇ ਜੀਭ ਨੂੰ ਫੜਫੜਾਉਂਦੇ ਹੋਏ ਕਿਹਾ।

"ਪਰ ਮੈਂ ਤਾਂ ਤੇਰੇ ਨਾਲ ਭਲਾ ਕੀਤੈ, ਜੇ ਮੈਂ ਤੇਰੀ ਮਦਦ ਨਾ ਕਰਦਾ ਤਾਂ ਨਿਉਲੇ ਨੇ ਤੈਨੂੰ ਮਾਰ ਸੁਟਣਾ ਸੀ।"

"ਤੁਸੀਂ ਠੀਕ ਕਹਿੰਦੇ ਹੋ, ਇਸ ਜੰਗਲ ਦਾ ਦਸਤੂਰ ਹੀ ਅਜਿਹਾ ਏ ਕਿ

ਨੇਕੀ ਦਾ ਬਦਲਾ ਬਦੀ ਵਿਚ ਚੁਕਾਇਆ ਜਾਂਦਾ ਏ। ਇਥੋਂ ਦੇ ਹਰ ਕੰਮ ਪੁਠੇ ਨੇ, ਦਰਿਆ ਪੁਠੇ ਵਗਦੇ ਨੇ। ਪੰਛੀ ਜਿਸ ਦਰਖਤ ਦਾ ਫਲ ਖਾਂਦੇ ਨੇ, ਉਥੇ ਬਹਿ ਕੇ ਕਦੇ ਗੀਤ ਨਹੀਂ ਗਾਂਦੇ, ਅੱਕ ਤੇ ਬਹਿ ਕੇ ਚਹਿਕਦੇ ਨੇ। ਕੋਇਲ ਚੂਸਦੀ ਤਾਂ ਅੰਬਾਂ ਦਾ ਰਸ ਏ, ਪਰ ਨਿੰਮ ਦੀਆਂ ਟਹਿਣਾਂ ਤੇ ਬਹਿਕੇ ਗੀਤ ਅਲਾਪਦੀ ਏ।"

ਇਹ ਕਹਿੰਦਾ ਹੋਇਆ ਸੱਪ ਗੋਬਿੰਦੇ ਨੂੰ ਡੱਸਣ ਵਾਸਤੇ ਅਗੇ ਵਧਿਆ।

ਗੋਬਿੰਦੇ ਨੂੰ ਪਿਓ ਦੀ ਆਖੀ ਗੱਲ ਚੇਤੇ ਆ ਗਈ, ਉਹਦਾ ਚਿਹਰਾ ਹਿਸ ਗਿਆ।

"ਤੂੰ ਮੇਰੀ ਜਾਨ ਬਚਾਈ ਏ, ਇਸ ਵਾਸਤੇ ਮੈਂ ਤੇਰੀ ਜਾਨ ਬਖਸ਼ੀ ਨਹੀਂ ਕਰ ਸਕਦਾ, ਪਰ ਤੇਰਾ ਲਿਹਾਜ਼ ਕਰਦਾ ਹੋਇਆ ਤੇਰੀ ਆਖਰੀ ਖਵਾਹਿਸ਼ ਪੂਰੀ ਕਰ ਸਕਦਾ ਹਾਂ।" ਸੱਪ ਨੇ ਫੁੰਕਾਰੇ ਮਾਰਦੇ ਹੋਏ ਕਿਹਾ।

ਗੋਬਿੰਦਾ ਲੰਮੀ ਸੋਚ ਮਗਰੋਂ ਕਹਿਣ ਲਗਾ, "ਮੈਨੂੰ ਸਿਰਫ ਹਫਤੇ ਦੀ ਮੋਹਲਤ ਚਾਹੀਦੀ ਏ, ਮੈਂ ਆਪਣਾ ਮੁਕਲਾਵਾ ਲੈਣ ਚਲਿਆਂ। ਮਨ ਵਿਚ ਆਪਣੀ ਤ੍ਰੀਮਤ ਨੂੰ ਵੇਖਣ ਦਾ ਬੜਾ ਚਾਅ ਏ, ਅੱਖਾਂ ਵਿਚ ਕਈ ਸੁਪਨੇ ਲਟਕ ਰਹੇ ਨੇ, ਵਾਪਸੀ ਤੇ ਮੈਂ ਇਥੋਂ ਹੀ ਲੰਘਣਾ ਏ, ਤੂੰ ਮੈਨੂੰ ਬੇਸ਼ਕ ਡਸ ਲਈਂ।"

"ਜੇ ਤੂੰ ਹਫਤੇ ਮਗਰੋਂ ਨਾ ਪਰਤਿਆ ਤਾਂ ਮੈਂ ਤੇਰੇ ਘਰ ਦੇ ਸਾਰੇ ਜੀਆਂ ਨੂੰ ਜਾ ਕੇ ਡਸ ਆਵਾਂਗਾ। ਵੇਖੀਂ, ਦਗਾ ਨਾ ਕਰੀਂ, ਨਹੀਂ ਤਾਂ ਪਛਤਾਵੇਂਗਾ।" ਇਉਂ ਕਹਿੰਦੇ ਹੋਏ ਸੱਪ ਉਸਦੇ ਰਸਤੇ ਵਿਚੋਂ ਹਟ ਗਿਆ।

ਗੋਬਿੰਦਾ ਅਗੇ ਤੁਰ ਪਿਆ—ਨਿਮੋਝੂਣ ਤੇ ਉਦਾਸ, ਵਢੋ ਤਾਂ ਲਹੂ ਨਹੀਂ। ਉਸਦੀ ਜ਼ਿੰਦਗੀ ਕੁਝ ਦਿਨਾਂ ਦੀ ਹੀ ਰਹਿ ਗਈ ਸੀ ਤੇ ਉਹ ਦਿਨ ਵੀ ਉਸ ਨੇ ਮਾਂਗਵੇਂਲਏ ਸਨ।

ਅਖੀਰ ਗੋਬਿੰਦਾ ਸਹੁਰੇ ਘਰ ਪੁਜਾ। ਸਹੁਰੇ ਪ੍ਰਵਾਰ ਨੇ ਉਹਦਾ ਬੜਾ ਨਿਘਾ ਸਵਾਗਤ ਕੀਤਾ। ਹਰ ਵੇਲੇ ਸਾਲੇ ਸਾਲੀਆਂ ਅਗੇ ਪਿਛੇ ਘੁੰਮਦੇ ਰਹੇ। ਖਾਣ ਲਈ ਚੰਗਾ ਚੋਖਾ। ਪਰ ਗੋਬਿੰਦੇ ਦਾ ਦਿਲ ਬੁਝਿਆ ਹੋਇਆ ਸੀ। ਸਿਰ ਤੇ ਮੌਤ ਖੜੀ ਸੀ। ਸੋ ਉਹ ਉਦਾਸ ਰਿਹਾ। ਸਹੁਰੇ ਨੇ ਵਖ ਪੁਛਿਆ, ਸੱਸ ਨੇ ਵਖਰਾ ਦਿਲ ਫਰੋਲਿਆ, ਸਾਲੇ ਸਾਲੀਆਂ ਨੇ ਮਨ ਨੂੰ ਟਟੋਲਿਆ, ਪਰ ਗੋਬਿੰਦੇ ਨੇ ਦਿਲ ਦਾ ਭੇਤ ਕਿਸੇ ਨੂੰ ਨਾ ਦਿਤਾ। ਬਸ ਉਹ ਇਹੋ ਕਹਿੰਦਾ ਰਿਹਾ ਕਿ ਉਹਦੀ ਤਬੀਅਤ ਠੀਕ ਨਹੀਂ। ਹਕੀਮਾਂ ਨੂੰ ਵੀ ਸਦਿਆ ਗਿਆ। ਪਰ ਉਹਦੀ ਪੀੜ ਕਿਸੇ ਨੇ ਨਾ ਸਮਝੀ।

ਸਤਵੇਂ ਦਿਨ ਗੋਬਿੰਦਾ ਆਪਣੀ ਪਤਨੀ ਦਾ ਮੁਕਲਾਵਾ ਲੈ ਕੇ ਸਹੁਰੇ ਘਰੋਂ ਤੁਰ ਪਿਆ। ਆਪ ਉਹ ਘੋੜੇ ਤੇ ਚੜ੍ਹ ਬੈਠਾ, ਪਰ ਉਹਦੀ ਪਤਨੀ ਸਮਾਨ ਸਮੇਤ ਗਡੇ ਵਿਚ ਜਾ ਬੈਠੀ। ਅਗਲੇ ਦਿਨ ਗੋਬਿੰਦਾ ਉਸ ਜੰਗਲ ਵਿਚ ਪੁਜਾ ਜਿਥੇ ਉਸ ਨੇ ਆਪਣੀ ਦੇਹ ਸੱਪ ਦੇ ਹਵਾਲੇ ਕਰਨੀ ਸੀ। ਤਾਂ ਉਹ ਪਤਨੀ ਨੂੰ ਕਹਿਣ ਲਗਾ, "ਮੇਰਾ ਤੁਹਾਡਾ ਬਸ ਇਤਨਾ ਹੀ ਸੰਜੋਗ ਸੀ, ਮੇਰੀ ਇਥੇ ਮੌਤ ਲਿਖੀ ਹੋਈ ਏ, ਤੁਸੀਂ ਇਥੋਂ ਵਾਪਸ ਚਲੇ ਜਾਓ।"

"ਇਹ ਨਹੀਂ ਹੋ ਸਕਦਾ, ਮੈਂ ਤੁਹਾਡੇ ਨਾਲ ਹੀ ਰਹਿਣੈ, ਜਿਥੇ ਤੁਸੀਂ ਹੋ, ਉਥੇ ਹੀ ਮੇਰੀ ਦੁਨੀਆਂ ਤੇ ਪਾਤਸ਼ਾਹੀ ਏ। ਜਿਥੇ ਤੁਹਾਡਾ ਪਸੀਨਾ ਡੁਲ੍ਹੇਗਾ, ਉਥੇ ਮੈਂ ਆਪਣਾ ਲਹੂ ਵਹਾਵਾਂਗੀ।" ਗੋਬਿੰਦੇ ਦੀ ਪਤਨੀ ਦਾ ਉਤਰ ਸੀ।

ਕਾਫੀ ਚਿਰ ਦੋਹਾਂ ਵਿਚ ਬਹਿਸ ਹੁੰਦੀ ਰਹੀ। ਗੋਬਿੰਦੇ ਦੀ ਪਤਨੀ ਪਤਵੰਤੀ ਗੱਡੇ ਵਿਚੋਂ ਉਤਰ ਕੇ ਗੋਬਿੰਦੇ ਦੇ ਪਿਛੇ ਘੋੜੇ ਤੇ ਆ ਬੈਠੀ। "ਮੈਂ ਤੁਹਾਡੇ ਨਾਲ ਹੀ ਰਹਿਣੈ, ਵੇਖਾਂਗੀ ਮੌਤ ਤੁਹਾਡੇ ਨੇੜੇ ਕਿਵੇਂ ਢੁਕਦੀ ਏ।" ਪਤਵੰਤੀ ਨੇ ਸਿਦਕ ਨਾਲ ਕਿਹਾ।

ਗੱਡਾ ਪਿਛੇ ਪਿਛੇ ਆਉਂਦਾ ਰਿਹਾ। ਕਾਫੀ ਦੂਰ ਜਾ ਕੇ ਇਕ ਸੰਘਣਾ ਜੰਗਲ ਆਇਆ। ਉਥੇ ਜਾ ਕੇ ਗੋਬਿੰਦੇ ਨੇ ਘੋੜਾ ਰੋਕ ਲਿਆ ਤੇ ਹੇਠਾਂ ਉਤਰ ਪਿਆ। ਫਿਰ ਇਕ ਦਰਖਤ ਦੇ ਕੋਲ ਬਣੀ ਵਰਮੀ ਕੋਲ ਖਲੋ ਕੇ ਅਵਾਜ਼ਾਂ ਮਾਰਨ ਲਗਾ, "ਹੇ ਸੱਪਾ ! ਮੈਂ ਆਪਣਾ ਬਚਨ ਪਾਲਣ ਵਾਸਤੇ ਆ ਗਿਆਂ, ਜੇ ਤੂੰ ਮੈਨੂੰ ਡਸਣਾ ਏਂ ਤਾਂ ਬੇਸ਼ਕ ਆ ਕੇ ਡਸ ਲੈ, ਮੈਂ ਮਰਨ ਲਈ ਤਿਆਰ ਹਾਂ।"

ਪਤਵੰਤੀ ਵੀ ਘੋੜੇ ਤੋਂ ਹੇਠਾਂ ਉਤਰ ਆਈ ਅਤੇ ਗੋਬਿੰਦੇ ਨਾਲ ਚੰਬੜ ਗਈ, "ਇਹ ਕੀ ਏ ਸਿਰਤਾਜ ? ਤੁਸੀਂ ਮੌਤ ਨੂੰ ਖੁਦ ਅਵਾਜ਼ਾਂ ਦੇ ਰਿਹੇ ਹੋ। ਵਿਚੋਂ ਗੱਲ ਕੀ ਏ ?"

ਗੋਬਿੰਦੇ ਨੇ ਆਪਣੀ ਪਤਨੀ ਨੂੰ ਸਾਰੀ ਗੱਲ ਦਸੀ। ਉਤਨੀ ਦੇਰ ਤਕ ਸੱਪ ਨੇ ਵੀ ਖੁੱਡ ਵਿਚੋਂ ਸਿਰੀ ਬਾਹਰ ਕਢੀ ਅਤੇ ਛਜੱਲੀ ਫੈਲਾ ਕੇ ਸ਼ੁਕਣ ਲਗਾ।

"ਤੂੰ ਮੇਰੇ ਖਾਵੰਦੇ ਨੂੰ ਕਿਉਂ ਡਸਦੈਂ ?" ਪਤਵੰਤੀ ਨੇ ਸੱਪ ਦਾ ਰਾਹ ਰੋਕਦੇ ਹੋਏ ਕਿਹਾ, "ਇਹਨੇ ਤੇਰਾ ਕੀ ਵਿਗਾੜਿਐ, ਜੇ ਤੂੰ ਡਸਣਾ ਹੀ ਏ ਤਾਂ ਮੈਨੂੰ ਡਸ ਲੈ।"

ਸੱਪ ਨੇ ਸਾਰੀ ਗੱਲ ਦਸੀ ਤੇ ਅਖੀਰ ਸਮਝਾਇਆ, "ਮੈਂ ਤਾਂ ਇਹਦੀ ਨੇਕੀ ਦਾ ਬਦਲਾ ਬਦੀ ਨਾਲ ਚੁਕਾਣਾ ਏ।"

"ਇਹ ਕਿਹੋ ਜਿਹਾ ਪੁੱਠਾ ਦਸਤੂਰ ਏ।" ਪਤਵੰਤੀ ਸ਼ੀਹਣੀ ਵਾਂਗ ਭੱਖਣ ਲਗੀ, "ਇਸ ਨੇ ਤੈਨੂੰ ਜੀਵਨ ਦਿਤੈ, ਤੂੰ ਇਹਨੂੰ ਮੌਤ ਦੇ ਰਿਹੈਂ। ਇਹ ਕਿਉਂ ?"

"ਹਾਂ, ਇਸ ਜੰਗਲ ਦਾ ਇਹੋ ਦਸਤੂਰ ਏ। ਜੇ ਮੈਂ ਤੇਰੇ ਤੇ ਤਰਸ ਖਾ ਕੇ ਤੇਰੇ ਖਾਵੰਦ ਨੂੰ ਛਡ ਦਿਆਂ ਤਾਂ ਤੇਰਾ ਫਰਜ਼ ਬਣਦਾ ਏ ਕਿ ਇਹ ਅਹਿਸਾਨ ਚੁਕਾਣ ਵਾਸਤੇ ਤੂੰ ਮੇਰੇ ਪ੍ਰਾਣ ਲਏਂ। ਇਹੋ ਇਥੋਂ ਦੇ ਪੁਠੇ ਚਾਲੇ ਨੇ।"

"ਪਰ ਇਹ ਦਸਤੂਰ ਬਣਿਆ ਕਿਵੇਂ ?"

"ਕੀ ਇਸ ਦਾ ਜਵਾਬ ਵੀ ਦੇਣਾ ਪਏਗਾ ?"

"ਹਾਂ, ਮੇਰੀ ਤਸਲੀ ਵਾਸਤੇ ਇਹ ਜ਼ਰੂਰੀ ਏ।"

"ਤਾਂ ਫਿਰ ਤੂੰ ਉਹਨਾਂ ਟਾਹਲੀਆਂ ਦੇ ਝੁੰਡ ਕੋਲ ਚਲੀ ਜਾ, ਉਹ ਤੇਰੀ ਤਸਲੀ ਕਰਵਾ ਦੇਣਗੀਆਂ।" ਸੱਪ ਨੇ ਕਿਹਾ, "ਉਦੋਂ ਤਕ ਮੈਂ ਤੇਰੇ ਪਤੀ ਨੂੰ ਨਹੀਂ ਡਸਦਾ।"

ਪਤਵੰਤੀ ਨਿਮੋਝੂਣ ਹੋਈ ਜਿਸਮ ਧ੍ਰੂਹੁੰਦੀ ਉਥੋਂ ਟਾਹਲੀਆਂ ਵਲ ਤੁਰ ਪਈ। ਉਹਨੇ ਟਾਹਲੀਆਂ ਦੀ ਪ੍ਰਕਰਮਾ ਕੀਤੀ ਅਤੇ ਫਿਰ ਝੂਣਦੇ ਹੋਏ ਪੁਛਿਆ, "ਰੁੱਖ ਤਾਂ ਮਨੁਖ ਨੂੰ ਹਮੇਸ਼ਾ ਜੀਵਨ ਤੇ ਸ਼ਕਤੀ ਬਖਸ਼ਦੇ ਰਹੇ ਨੇ। ਮੈਂ ਤੁਹਾਡੇ ਤੋਂ ਪੁਛਦੀ ਆਂ, ਇਸ ਜੰਗਲ ਦਾ ਪੁਠਾ ਦਸਤੂਰ ਕਿਉਂ ਏ, ਇਥੇ ਨੇਕੀ ਬਦਲੇ ਬਦੀ ਦਾ ਕਿਉਂ ਵਰਤਾਰਾ ਏ।"

"ਇਹ ਗੱਲ ਅਸਾਂ ਮਨੁੱਖ ਤੋਂ ਹੀ ਸਿਖੀ ਏ ?" ਇਕ ਬੁੱਢੀ ਟਾਹਲੀ ਕਹਿਣ ਲਗੀ।

"ਝੂਠ ਮੈਂ ਨਹੀਂ ਮੰਨਦੀ।"

"ਤਾਂ ਫਿਰ ਸੁਣ", ਬੁਢੀ ਟਾਹਲੀ ਨੇ ਅਥਰੂ ਪੂੰਝਦਿਆਂ ਕਿਹਾ, "ਇਥੇ ਅਸੀਂ ਹੁਣ ਪੰਜ ਟਾਹਲੀਆਂ ਹਾਂ। ਕਦੇ ਅਸੀਂ ਛੇ ਹੁੰਦੀਆਂ ਸਾਂ। ਤਿੰਨ ਨਰ ਤਿੰਨ ਮਾਦਾ, ਛੇਵੀਂ ਮਾਦਾ ਵਿਚ ਇਕ ਖੋੜ ਸੀ। ਕਈ ਸਾਲ ਹੋਏ ਇਕ ਚੋਰ ਸ਼ਹਿਰੋਂ ਮਾਲ ਲੁਟ ਕੇ ਇਸ ਜੰਗਲ ਵਿਚ ਆ ਛੁਪਿਆ। ਸਿਪਾਹੀਆਂ ਨੇ ਉਹਦਾ ਪਿਛਾ ਕੀਤਾ। ਉਹ ਚੋਰ ਸਾਡੇ ਝੁੰਡ ਵਿਚ ਆ ਕੇ ਵਡੀ ਟਾਹਲੀ ਦੇ ਖੋੜ ਵਿਚ ਛੁਪ ਗਿਆ। ਰਾਤ ਚਾਨਣੀ ਸੀ, ਸਿਪਾਹੀਆਂ ਨੇ ਵੇਖ ਲਿਆ। ਚੋਰ ਨੇ ਟਾਹਲੀ ਅਗੇ ਬੇਨਤੀ ਕੀਤੀ, "ਹੇ ਰੁਖ ਮਹਾਰਾਜ ! ਤੁਸੀਂ ਮੇਰੇ ਮਾਈ ਬਾਪ ਓ, ਮੇਰੀ ਰਖਿਆ ਕਰੋ।" ਟਾਹਲੀ ਨੂੰ ਚੋਰ ਤੇ ਤਰਸ ਆ ਗਿਆ ਅਤੇ ਉਹਨੇ ਆਪਣੇ ਖੋੜ ਨੂੰ ਭੀੜ ਲਿਆ। ਸਿਪਾਹੀ ਦੋ ਦਿਨ ਜੰਗਲ ਵਿਚ ਘੁੰਮਦੇ ਰਹੇ। ਉਹਨਾਂ ਜੰਗਲ ਦਾ ਚਪਾ ਚਪਾ ਛਾਣ ਮਾਰਿਆ। ਅਖੀਰ ਉਹ ਹਫ਼ ਕੇ ਵਾਪਿਸ ਚਲੇ ਗਏ।

ਜਦੋਂ ਖਤਰਾ ਟਲ ਗਿਆ ਤਾਂ ਟਾਹਲੀ ਨੇ ਖੋੜ ਦਾ ਮੂੰਹ ਖੋਲ ਦਿਤਾ ਤੇ ਚੋਰ ਦਰਖਤ ਦਾ ਧੰਨਵਾਦ ਕਰਦਾ ਉਥੋਂ ਚਲਾ ਗਿਆ। ਉਸ ਟਾਹਲੀ ਨੂੰ ਚੰਦਨ ਦੀ ਪੁਠ ਚੜ੍ਹੀ ਹੋਈ ਸੀ। ਕਿਉਂ ਜੋ ਚੋਰ ਦੋ ਦਿਨ ਤੇ ਦੋ ਰਾਤਾਂ ਉਸ਼ ਖੋੜ ਵਿਚ ਟਾਹਲੀ ਦੀ ਛਾਤੀ ਨਾਲ ਲਗਿਆ ਰਿਹਾ, ਇਸ ਲਈ ਉਹਦੇ ਸਰੀਰ ਵਿਚ ਮਹਿਕ ਰਚ ਗਈ। ਉਹ ਜਿਧਰੋਂ ਵੀ ਲੰਘਦਾ ਇਕ ਮਹਿਕ ਦੀ ਲਪਟ ਪਿਛੇ ਛਡਦਾ ਜਾਂਦਾ।

ਇਕ ਵਾਰ ਉਹ ਚੋਰ ਰਾਜਧਾਨੀ ਵਿਚੋਂ ਲੰਘ ਰਿਹਾ ਸੀ। ਅਚਾਨਕ ਉਹਦੇ ਕੋਲੋਂ ਰਾਜੇ ਦਾ ਇਕ ਦਰਬਾਰੀ ਲੰਘਿਆ। ਉਸ ਨੇ ਉਸ ਸ਼ਖਸ ਵਿਚੋਂ ਚੰਦਨ ਦੀਆਂ ਲਪਟਾਂ ਆਉਂਦੀਆਂ ਵੇਖ ਕੇ ਪੁਛਿਆ, "ਇਹ ਇਤਰ ਤੂੰ ਕਿਥੋਂ ਲਿਐ।"

"ਮੈਂ ਇਤਰ ਕਦੇ ਨਹੀਂ ਵਰਤਿਆ।" ਚੋਰ ਨੇ ਸਹਿਜ ਸੁਭਾ ਉਤਰ ਦਿਤਾ।

"ਤੂੰ ਜੋ ਮੰਗੇਂਗਾ, ਮੈਂ ਇਨਾਮ ਵਜੋਂ ਦਿਆਂਗਾ, ਤੂੰ ਇਹ ਦਸ ਕਿ ਇਹ ਇਤਰ ਲਿਆ ਕਿਥੋਂ ਈ ?"

ਚੋਰ ਨੇ ਬਥੇਰਾ ਕਿਹਾ ਕਿ ਉਹਨੇ ਇਤਰ ਕਦੇ ਨਹੀਂ ਵਰਤਿਆ, ਪਰ ਦਰਬਾਰੀ ਨੇ ਇਕ ਨਾ ਮੰਨੀ। ਦਰਬਾਰੀ ਚੋਰ ਦੇ ਪਿੰਡੇ ਵਿਚੋਂ ਆ ਰਹੀਆਂ ਲਪਟਾਂ ਤੋਂ ਹੈਰਾਨ ਸੀ, ਤੇ ਉਹ ਚੋਰ ਨੂੰ ਫੜ ਕੇ ਰਾਜੇ ਦੇ ਦਰਬਾਰ ਵਿਚ ਲੈ ਗਿਆ।

ਚੋਰ ਦੇ ਪਿੰਡੇ ਵਿਚੋਂ ਆ ਰਹੀ ਮਹਿਕ ਨੇ ਰਾਜੇ ਨੂੰ ਵੀ ਭਰਮਾ ਲਿਆ ਤੇ ਰਾਜਾ ਪੁਛਣ ਲਗਾ, "ਇਹ ਮਹਿਕ ਕਿਥੋਂ ਆ ਰਹੀ ਏ, ਬੜੀ ਵਧੀਆ ਲਪਟ ਏ।"

ਦਰਬਾਰੀ ਨੇ ਰਾਜੇ ਨੂੰ ਸਾਰੀ ਗੱਲ ਦਸੀ। ਰਾਜੇ ਨੇ ਚੋਰ ਨੂੰ ਪਹਿਲਾਂ ਪਿਆਰ ਨਾਲ ਪੁਛਿਆ, ਫਿਰ ਇਨਾਮ ਦਾ ਲਾਲਚ ਦੇ ਕੇ ਪਸਮਾਇਆ। ਪਰ ਚੋਰ ਦੀ ਇਕੋ ਰਟ ਸੀ ਕਿ ਉਹਨੇ ਇਤਰ ਕਦੇ ਨਹੀਂ ਵਰਤਿਆ। ਤਾਂ ਰਾਜੇ ਨੇ ਗੁਸੇ ਨਾਲ ਲਾਲ ਪੀਲੇ ਹੁੰਦੇ ਕਿਹਾ, "ਜੇ ਤੂੰ ਅਸਲੀ ਗੱਲ ਨਾ ਦਸੀ ਤਾਂ ਮੈਂ ਤੈਨੂੰ ਫਾਹੇ ਚੜ੍ਹਾ ਦਿਆਂਗਾ।"

ਚੋਰ ਡਰ ਗਿਆ ਤੇ ਉਹਨੇ ਸਾਰੀ ਗੱਲ ਰਾਜੇ ਨੂੰ ਇਨ ਬਿਨ ਦਸ ਦਿਤੀ। ਫਿਰ ਰਾਜਾ ਚੋਰ ਦੇ ਨਾਲ ਆਪਣੇ ਸਿਪਾਹੀਆਂ ਸਮੇਤ ਇਸ ਜੰਗਲ ਵਿਚ ਆਇਆ। ਚੋਰ ਨੇ ਉਹ ਟਾਹਲੀ ਜਿਸ ਦੇ ਖੋੜ ਵਿਚ ਉਹ ਛੁਪਿਆ ਰਿਹਾ ਸੀ। ਰਾਜਾ ਟਾਹਲੀ ਵਿਚੋਂ ਆ ਰਹੀ ਮਹਿਕ ਤੇ ਮੋਹਿਤ ਹੋ ਗਿਆ ਤੇ ਉਸ ਨੇ ਟਾਹਲੀ ਨੂੰ ਕਟਣ ਦਾ ਹੁਕਮ ਦਿਤਾ।

ਉਹ ਟਾਹਲੀ ਰੋ ਰੋ ਕੇ ਬੇਹਾਲ ਹੋਣ ਲਗੀ, "ਮੈਂ ਇਸ ਚੋਰ ਦੀ ਜਾਨ ਬਚਾਈ ਏ, ਇਹਦੇ ਬਦਲੇ ਮੈਨੂੰ ਮਾਰ ਕੇ ਮੇਰੇ ਡਕਰੇ ਕੀਤੇ ਜਾ ਰਹੇ ਨੇ। ਇਹ ਬੇਇਨਸਾਫੀ ਏ।"

ਪਰ ਟਾਹਲੀ ਦੀ ਕਿਸੇ ਇਕ ਨਾ ਸੁਣੀ। ਟਾਹਲੀ ਦੇ ਟੋਟੇ ਕਰ ਕੇ ਰਾਜਾ ਆਪਣੇ ਮਹਿਲਾਂ ਵਿਚ ਲੈ ਗਿਆ। ਉਦੋਂ ਤੋਂ ਇਸ ਜੰਗਲ ਦੇ ਰੁਖਾਂ, ਬੂਟਿਆਂ ਅਤੇ ਜੀਆਂ ਜੰਤਾਂ ਨੇ ਰਲ ਕੇ ਫੈਸਲਾ ਕੀਤਾ ਕਿ ਜਦੋਂ ਕੋਈ ਮਨੁਖ ਉਨ੍ਹਾਂ ਵਿਚੋਂ ਕਿਸੇ ਨਾਲ ਭਲਾ ਕਰੇ, ਤਾਂ ਉਹਦੇ ਨਾਲ ਬੁਰਾ ਕਰਨਾ ਉਹਦਾ ਫਰਜ਼ ਏ।"

ਪਤਵੰਤੀ ਸਾਰੀ ਗੱਲ ਸੁਣ ਕੇ ਵਾਪਿਸ ਤੁਰ ਪਈ। ਉਹਦੇ ਸਰੀਰ ਵਿਚ ਕਦਮ ਪੁਟਣ ਦੀ ਸਕਤਾ ਨਹੀਂ ਸੀ ਰਹੀ।

"ਹੁਣ ਤੇਰੀ ਤਸਲੀ ਹੋ ਗਈ ਏ, ਹੁਣ ਮੈਂ ਤੇਰੇ ਖਾਵੰਦ ਨੂੰ ਡਸ ਲਵਾਂ।" ਸੱਪ ਨੇ ਸ਼ੁਕਦੇ ਹੋਏ ਕਿਹਾ।

"ਮੈਂ ਟਾਹਲੀ ਦੀ ਸਾਰੀ ਗੱਲ ਸੁਣ ਲਈ ਏ।" ਪਤਵੰਤੀ ਨੇ ਕਿਹਾ, "ਰੁਖ, ਫੁਲ ਫਲ ਤੇ ਹੋਰ ਬਨਸਪਤੀ ਤਾਂ ਮਨੁਖ 'ਦੇ ਖਾਣ ਵਰਤਣ ਦੀ ਚੀਜ਼ ਏ। ਉਹਦੇ ਨਾਲ ਮਨੁਖ ਜਾਤੀ ਦੇ ਮੰਦੇ ਵਿਵਹਾਰ ਸਦਕਾ ਤੈਨੂੰ ਮੇਰੇ ਪਤੀ ਨਾਲ ਬੁਰਾ ਸਲੂਕ ਨਹੀਂ ਕਰਨਾ ਚਾਹੀਦਾ।" ਥੋੜੀ ਦੇਰ ਚੁਪ ਰਹਿ ਕੇ ਫਿਰ ਪਤਵੰਤੀ ਕਹਿਣ ਲਗੀ, "ਜਦੋਂ ਕਿਸੇ ਪਸ਼ੂ ਪੰਛੀ ਜਾਂ ਕੀੜੇ ਕਿਰਲੇ ਨੇ ਮਨੁਖ ਨਾਲ ਭਲਾ ਕੀਤਾ ਏ, ਮਨੁਖ ਨੇ ਹਮੇਸ਼ਾ ਉਹਦੇ ਨਾਲ ਭਲਿਆਈ ਕੀਤੀ ਏ।"

"ਇਹ ਗੱਲ ਵੀ ਸੱਚ ਨਹੀਂ, ਜੀਆ ਜੰਤਾਂ ਦੀ ਨੇਕੀ ਦਾ ਬਦਲਾ ਵੀ ਮਨੁਖ ਬਦੀ ਨਾਲ ਦਿੰਦਾ ਰਿਹੈ। ਇਹਦੇ ਬਾਰੇ ਤੂੰ ਜਾਣਨਾ ਚਾਹੁੰਦੀ ਏਂ ਤਾਂ ਉਸ ਛਪੜ ਦੇ ਕੰਢੇ ਬੋਹੜ ਹੇਠ ਵਸਦੇ ਫਨੀਅਰ ਤੋਂ ਜਾ ਕੇ ਪੁਛ। ਆਪੇ ਤੈਨੂੰ ਜੁਆਬ ਮਿਲ ਜਾਵੇਗਾ। ਤੇਰੀ ਤਸਲੀ ਵਾਸਤੇ ਮੈਂ ਥੋੜਾ ਚਿਰ ਹੋਰ ਉਡੀਕ ਕਰ ਲੈਂਦਾ ਹਾਂ।"

ਪਤਵੰਤੀ ਉਸੇ ਪੈਰ ਛਪੱੜ ਦੇ ਕੰਢੇ ਗਈ ਤੇ ਬੋਹੜ ਦੇ ਹੇਠਾਂ, ਖੁਡ ਦੇ ਬਾਹਰ ਬੈਠੇ ਫਨੀਅਰ ਨੂੰ ਕਹਿਣ ਲਗੀ, "ਇਸ ਜੰਗਲ ਦਾ ਅਜਬ ਦਸਤੂਰ ਏ। ਨੇਕੀ ਕਰਨ ਵਾਲੇ ਨਾਲ ਬਦੀ ਕਿਉਂ ਕੀਤੀ ਜਾਂਦੀ ਏ।" ਇਹ ਕਹਿ ਕੇ ਪਤਵੰਤੀ ਨੇ ਆਪਣੀ ਵਿਥਿਆ ਰੋ ਰੋ ਕੇ ਸੁਣਾਈ। ਸਾਰੀ ਗੱਲ ਸੁਣ ਕੇ ਫਨੀਅਰ ਕਹਿਣ ਲਗਾ, "ਇਹ ਗੱਲ ਅਸਾਂ ਮਨੁਖ ਤੋਂ ਹੀ ਸਿਖੀ ਏ।"

"ਉਹ ਕਿਵੇਂ ?"

ਤਾਂ ਫਨੀਅਰ ਕਹਿਣ ਲਗਾ, "ਸਾਡੇ ਇਸ ਜੰਗਲ ਵਿਚ ਇਕ ਵਾਰ ਇਕ ਮੁਸਾਫਰ ਲੰਘ ਰਿਹਾ ਸੀ। ਉਸ ਨੇ ਇਕ ਛੱਪੜ ਦੇ ਕੰਢੇ ਇਸ਼ਨਾਨ ਕੀਤਾ ਤੇ ਉਸ ਫਲਾਹੀ

ਹੇਠ ਜਾ ਅਰਾਮ ਕਰਨ ਲਗਾ। ਉਹਦੇ ਕੋਲ ਇਕ ਮਟਕੇ ਵਿਚ ਦੁੱਧ ਸੀ, ਉਸ ਨੇ ਕੱਚੀ ਲਸੀ ਬਣਾ ਕੇ ਆਪ ਪੀਤੀ। ਅਚਾਨਕ ਉਹਦੀ ਨਜ਼ਰ ਮੇਰੇ ਦਾਦੇ ਤੇ ਪੈ ਗਈ, ਜੋ ਇਸੇ ਖੁਡ ਵਿਚ ਰਹਿੰਦਾ ਸੀ ਤੇ ਇਥੇ ਹੀ ਬਾਹਰ ਬੈਠਾ ਧੁਪ ਦਾ ਆਨੰਦ ਮਾਣ ਰਿਹਾ ਸੀ। ਮੁਸਾਫਰ ਨੇ ਇਕ ਕਟੋਰੇ ਵਿਚ ਦੁੱਧ ਪਾਇਆ ਤੇ ਮੇਰੇ ਦਾਦੇ ਅਗੇ ਆ ਰਖਿਆ। ਦਾਦੇ ਨੂੰ ਦੁੱਧ ਬੜਾ ਪਸਿੰਦ ਸੀ, ਉਨ੍ਹਾਂ ਨੇ ਲੇਹ ਕੇ ਪੀਤਾ। ਫਿਰ ਦਾਦੇ ਨੇ ਖੁਸ਼ ਹੋ ਕੇ ਉਹਦੀ ਨੇਕੀ ਦਾ ਬਦਲਾ ਚੁਕਾਣਾ ਚਾਹਿਆ ਅਤੇ ਖੁਡ ਵਿਚੋਂ ਇਕ ਅਸ਼ਰਫੀ ਕਢ ਕੇ ਲਿਆਂਦੀ ਤੇ ਮੁਸਾਫਰ ਨੂੰ ਦਿਤੀ।

ਅਸ਼ਰਫੀ ਵੇਖ ਕੇ ਮੁਸਾਫਰ ਦੀਆਂ ਅੱਖਾਂ ਟੱਡੀਆਂ ਗਈਆਂ। ਉਹਦੇ ਮਨ ਵਿਚ ਅਸ਼ਰਫੀਆਂ ਦਾ ਮੋਹ ਜਾਗ ਪਿਆ ਤੇ ਆਪਣੇ ਹੱਥ ਵਿਚਲੀ ਸੋਟੀ ਮੇਰੇ ਦਾਦੇ ਨੂੰ ਕਢ ਮਾਰੀ। ਮੇਰਾ ਦਾਦਾ ਸਿਸਕਣ ਲਗਾ, ਪਰ ਮਰਨ ਤੋਂ ਪਹਿਲਾਂ ਉਸ ਨੇ ਮੁਸਾਫਰ ਨੂੰ ਡੰਗ ਸੁਟਿਆ ਅਤੇ ਉਹ ਉਥੇ ਹੀ ਫੜਿਕ ਕੇ ਮਰ ਗਿਆ। ਫਿਰ ਦਾਦੇ ਨੇ ਮੇਰੇ ਪਿਉ ਨੂੰ ਬੁਲਾ ਕੇ ਸਾਰੀ ਗੱਲ ਦਸੀ ਤੇ ਕਿਹਾ, "ਮਨੁਖ ਦਾ ਕਦੇ ਵਿਸਾਹ ਨਾ ਖਾਣਾ, ਉਹ ਜੇ ਨੇਕੀ ਵੀ ਕਰੇ ਤਾਂ ਵੀ ਉਹਦੇ ਨਾਲ ਬਦੀ ਹੀ ਕਰਨੀ। ਸੋ ਸਾਡੀ ਕੁਲ ਉਦੋਂ ਤੋਂ ਮਨੁਖ ਦਾ ਵਿਸਾਹ ਨਹੀਂ ਖਾਂਦੀ ਤੇ ਉਹਦੀ ਨੇਕੀ ਦਾ ਅਹਿਸਾਨ ਵੀ ਬਦੀ ਦੁਆਰਾ ਚੁਕਾਂਦੀ ਏ।"

ਫਨੀਅਰ ਦੀ ਇਹ ਗੱਲ ਸੁਣ ਕੇ ਪਤਵੰਤੀ ਹੋਰ ਉਦਾਸ ਹੋ ਗਈ ਤੇ ਅਥਰੂ ਪੂੰਝਦੀ ਹੋਈ ਪਰਤ ਆਈ।

"ਹੁਣ ਤਾਂ ਮੈਂ ਇਹਨੂੰ ਡੰਗ ਸਕਦਾ ਹਾਂ।" ਸੱਪ ਨੇ ਗੋਬਿੰਦੇ ਵਲ ਵਧਦਿਆਂ ਪਤਵੰਤੀ ਨੂੰ ਕਿਹਾ।

"ਪਰ ਮੇਰਾ ਇਕ ਸਵਾਲ ਏ। ਜੇ ਮੇਰਾ ਪਤੀ ਮਰ ਗਿਆ, ਤਾਂ ਮੇਰਾ ਕੀ ਬਣੇਗਾ। ਮੈਂ ਸਾਰੀ ਉਮਰ ਵਿਧਵਾ ਰਹਾਂਗੀ", ਪਤਵੰਤੀ ਨੇ ਤਰਲੇ ਨਾਲ ਕਿਹਾ, "ਤੂੰ ਇਉਂ ਕਰ, ਜਦ ਤਕ ਮੇਰੇ ਬੱਚੇ ਨਹੀਂ ਹੋ ਜਾਂਦੇ, ਇਹਨੂੰ ਮਾਫ ਕਰ ਦੇ, ਜਦੋਂ ਮੇਰੇ ਦੋ ਬੱਚੇ ਹੋ ਜਾਣਗੇ, ਮੈਂ ਖੁਦ ਇਹਨੂੰ ਤੇਰੇ ਕੋਲ ਲੈ ਆਵਾਂਗੀ।"

ਸੱਪ ਨੂੰ ਪਤਵੰਤੀ ਤੇ ਤਰਸ ਆ ਗਿਆ। "ਠਹਿਰ, ਮੈਂ ਹੁਣੇ ਆਇਆ", ਇਹ ਕਹਿੰਦਾ ਹੋਇਆ ਸੱਪ ਖੁਡ ਵਿਚ ਲੰਘ ਗਿਆ। ਬਾਹਰ ਆ ਕੇ ਉਹਨੇ ਦੋ ਸੁਨਹਿਰੀ ਗੋਲੀਆਂ ਪਤਵੰਤੀ ਨੂੰ ਦਿੰਦਿਆਂ ਕਿਹਾ, "ਤੈਨੂੰ ਦੋ ਪੁਤਰ ਚਾਹੀਦੇ ਨੇ ? ਬਸ ਇਹ ਗੋਲੀਆਂ ਦੁੱਧ ਨਾਲ ਖਾ ਲਈਂ। ਤੇਰੇ ਘਰ ਦੋ ਪੁਤਰ ਉਪਰ ਥਲੀ ਜੰਮਣਗੇ। ਤੂੰ ਉਹਨਾਂ ਦੇ ਆਸਰੇ ਜੀਵਨ ਗੁਜ਼ਾਰ ਲਈਂ।"

ਪਤਵੰਤੀ ਨੇ ਉਹ ਦੋਵੇਂ ਗੋਲੀਆਂ ਫੜ ਕੇ ਪਲੇ ਨਾਲ ਬੰਨ੍ਹ ਲਈਆਂ। ਫਿਰ ਉਹਨੂੰ ਖਿਆਲ ਆਇਆ ਕਿ ਜੇ ਮੈਂ ਪਤੀ ਦੇ ਮਰਨ ਮਗਰੋਂ ਪੁਤਰ ਜੰਮੇ ਤਾਂ ਗਲੀ ਗੁਆਂਢ ਦੇ ਲੋਕ ਮੇਰੀ ਮਿਟੀ ਪਲੀਤ ਕਰ ਦੇਣਗੇ। ਸੋ ਉਹ ਕਹਿਣ ਲਗੀ, "ਇਹ ਨਹੀਂ ਹੋ ਸਕਦਾ, ਇਹਦੇ ਨਾਲ ਮੇਰੀ ਬਦਨਾਮੀ ਹੋਵੇਗੀ।"

"ਗੱਲ ਤਾਂ ਠੀਕ ਏ।" ਸੱਪ ਸੋਚਣ ਲਗਾ। ਫਿਰ ਉਹ ਦੁਬਾਰਾ ਖੁਡ ਵਿਚ ਗਿਆ ਤੇ ਦੋ ਚਾਰ ਤਾਂਬੇ ਰੰਗੀਆਂ ਗੋਲੀਆਂ ਲਿਆ ਕੇ ਕਹਿਣ ਲਗਾ, "ਜਿਹੜਾ ਤੈਨੂੰ

ਬਦਨਾਮ ਕਰੇ ਉਹਦੇ ਤੇ ਇਹ ਗੋਲੀ ਭੋਰ ਕੇ ਧੂੜ ਦੇਵੀਂ, ਇਹਦੀ ਸਵਾਹ ਪੈਂਦੇ ਸਾਰ ਉਹ ਭਸਮ ਹੋ ਜਾਵੇਗਾ।"

ਪਤਵੰਤੀ ਨੇ ਸੱਪ ਤੋਂ ਉਹ ਗੋਲੀਆਂ ਵੀ ਫੜ ਲਈਆਂ ਤੇ ਉਲਟਾ ਪੁਲਟਾ ਕੇ ਵੇਖਣ ਲਗੀ। ਫਿਰ ਅਚਾਨਕ ਉਹਦੇ ਮਨ ਵਿਚ ਕੋਈ ਖਿਆਲ ਫੁਰਿਆ ਤੇ ਉਹ ਸੱਪ ਨੂੰ ਪੁਛਣ ਲਗੀ, "ਕਿਵੇਂ ਧੂੜਨੀਆਂ ਨੇ, ਇਸ ਤਰ੍ਹਾਂ ਭੋਰ ਕੇ", ਤੇ ਫਿਰ ਸੱਪ ਉਤੇ ਭੋਰਦਿਆਂ ਹੋਇਆਂ ਕਹਿਣ ਲਗੀ, "ਇਸੇ ਤਰ੍ਹਾਂ ਹੀ ਨਾ।"

ਜਿਵੇਂ ਹੀ ਗੋਲੀਆਂ ਦੀ ਧੂੜ ਸੱਪ ਤੇ ਪਈ, ਉਹਦੇ ਜਿਸਮ ਨੂੰ ਅੱਗ ਲਗ ਗਈ ਤੇ ਅੱਖ ਪਲਕਾਰੇ ਵਿਚ ਉਹਦੇ ਵਿਚੋਂ ਸ਼ੋਅਲੇ ਨਿਕਲਣ ਲਗੇ। ਵੇਖਦੇ ਵੇਖਦੇ ਸੱਪ ਭਸਮ ਹੋ ਗਿਆ।

"ਚਲੋ, ਜਾਨ ਛੁਟੀ", ਪਤਨੀ ਨੇ ਗੋਬਿੰਦੇ ਨੂੰ ਕਿਹਾ, "ਸਾਨੂੰ ਨੇਕੀ ਦਾ ਫਲ ਨੇਕੀ ਵਿਚ ਮਿਲ ਹੀ ਗਿਐ। ਅਖੀਰ ਸਾਡੇ ਸਚ ਦੀ ਫਤਹਿ ਹੋਈ ਏ।" ਫਿਰ ਉਹ ਖੁਸ਼ੀ ਖੁਸ਼ੀ ਉਥੋਂ ਅਗੇ ਤੁਰ ਪਏ।

ਕੋਈ ਅਨੋਖਾ ਕੰਮ

ਇਕ ਵਾਰ ਕਿਸੇ ਰਾਜੇ ਦੀ ਰਾਣੀ ਤੇ ਵਜ਼ੀਰ ਦੀ ਪਤਨੀ ਦੋਵੇਂ ਇਕਠੀਆਂ ਬੈਠੀਆਂ ਗੱਪਾਂ ਮਾਰ ਰਹੀਆਂ ਸਨ। ਦੋਹਾਂ ਦੀ ਆਪਸ ਵਿਚ ਬੜੀ ਮੁਹਬਤ ਸੀ। ਦੋਵੇਂ ਇਕ ਦੂਜੇ ਨੂੰ ਵੇਖ ਕੇ ਜੀਂਦੀਆਂ ਸਨ।

ਰੱਬ ਸਬੱਬੀ ਦੋਹਾਂ ਦੇ ਘਰ ਬਾਲ ਬੱਚਾ ਹੋਣ ਵਾਲਾ ਸੀ। ਰਾਣੀ ਵਜ਼ੀਰ ਦੀ ਪਤਨੀ ਨੂੰ ਕਹਿਣ ਲਗੀ, "ਕਿਉਂ ਨਾ ਅਸੀਂ ਆਪਣਾ ਸਹੇਲਪੁਣਾ ਰਿਸ਼ਤੇਦਾਰੀ ਵਿਚ ਬਦਲ ਲਈਏ। ਜੇ ਇਕ ਦੇ ਘਰ ਕੁੜੀ ਹੋਈ ਤੇ ਦੂਜੇ ਦੇ ਘਰ ਮੁੰਡਾ ਤਾਂ ਉਨ੍ਹਾਂ ਦੋਹਾਂ ਦਾ ਵਿਆਹ ਕਰ ਦੇਈਏ।"

"ਪਰ ਜੇ ਦੋਹਾਂ ਦੇ ਘਰ ਮੁੰਡੇ ਜਾਂ ਕੁੜੀਆਂ ਜੰਮ ਪਈਆਂ ਤਾਂ ਫੇਰ ...", ਵਜ਼ੀਰ ਦੀ ਪਤਨੀ ਨੇ ਕਿਹਾ।

"ਤਾਂ ਸਮਝਾਂਗੀ ਕਿ ਰੱਬ ਨੂੰ ਸਾਡਾ ਇਹ ਸਹੇਲਪੁਣਾ ਪਸਿੰਦ ਨਹੀਂ", ਰਾਣੀ ਨੇ ਉਤਰ ਦਿਤਾ।

"ਠੀਕ ਏ, ਪਰ ਵੇਖਣਾ, ਕਲ੍ਹ ਤੁਸਾਂ ਬਦਲ ਨਹੀਂ ਜਾਣਾ। ਮੈਨੂੰ ਤਾਂ ਤੁਹਾਡੇ ਤੋਂ ਚੰਗਾ ਘਰ ਹੋਰ ਨਹੀਂ ਮਿਲ ਸਕਦਾ। ਮੇਰੀ ਤਾਂ ਹਾਂ ਸਮਝੋ।" ਵਜ਼ੀਰ ਦੀ ਪਤਨੀ ਨੇ ਆਪਣਾ ਸ਼ੰਕਾ ਪ੍ਰਗਟ ਕੀਤਾ।

"ਮੈਂ ਵੀ ਨਹੀਂ ਮੁਕਰਦੀ, ਤੂੰ ਇਹ ਮੇਰਾ ਬਚਨ ਸਮਝ।" ਰਾਣੀ ਨੇ ਵਿਸ਼ਵਾਸ ਦਿਵਾਂਦੇ ਹੋਏ ਕਿਹਾ।

"ਤਾਂ ਫਿਰ ਗੱਲ ਪਕੀ ਹੋ ਗਈ", ਕਹਿੰਦੇ ਹੋਏ ਵਜ਼ੀਰ ਦੀ ਪਤਨੀ ਨੇ ਰਾਣੀ ਦੇ ਦੋਵੇਂ ਹਥ ਘੁਟ ਲਏ।

ਕੁਝ ਦਿਨ ਲੰਘੇ। ਰਾਣੀ ਦੇ ਘਰ ਕੰਨਿਆ ਤੇ ਵਜ਼ੀਰਨੀ ਦੇ ਘਰ ਲੜਕਾ ਜੰਮਿਆ।

ਸਮਾਂ ਲੰਘਦਾ ਗਿਆ। ਇਕ ਵਾਰ ਵਜ਼ੀਰ ਦੀ ਪਤਨੀ ਤੇ ਰਾਣੀ ਇਕਠੀਆਂ ਬੈਠੀਆਂ ਗਪਾਂ ਮਾਰ ਰਹੀਆਂ ਸਨ ਤਾਂ ਵਜ਼ੀਰ ਦੀ ਪਤਨੀ ਨੇ ਰਾਣੀ ਨੂੰ ਆਪਣਾ ਬਚਨ ਯਾਦ ਕਰਵਾਇਆ।

"ਹਾਂ, ਸਚ, ਮੈਨੂੰ ਤਾਂ ਧਿਆਨ ਹੀ ਨਹੀਂ ਸੀ ਰਿਹਾ", ਰਾਣੀ ਨੇ ਕਿਹਾ, "ਮੈਂ ਅਜ ਹੀ ਰਾਜੇ ਨਾਲ ਗੱਲ ਕਰਸਾਂ।"

ਤੇ ਫਿਰ ਜਦੋਂ ਵੀ ਵਜ਼ੀਰ ਦੀ ਪਤਨੀ ਰਾਣੀ ਤੋਂ ਰਿਸ਼ਤੇ ਬਾਰੇ ਪੁਛਦੀ ਤਾਂ ਰਾਣੀ ਕਹਿੰਦੀ, "ਅਜ ਗੱਲ ਕਰਾਂਗੀ, ਮੌਕਾ ਹੀ ਨਹੀਂ ਮਿਲਿਆ।"

ਇਸ ਤਰ੍ਹਾਂ ਅਜ ਕਲ੍ਹ ਕਰਦਿਆਂ ਦੋਵੇਂ ਬੱਚੇ ਜਵਾਨ ਹੋ ਗਏ।

ਜਦੋਂ ਰਾਜੇ ਦੀ ਕੰਨਿਆ ਦੇ ਵਿਆਹ ਦੀ ਗੱਲ ਚਲਣ ਲਗੀ ਤਾਂ ਵਜ਼ੀਰ ਦੀ ਵਹੁਟੀ ਨੇ ਉਚੇਚਾ ਜਾ ਕੇ ਉਸ ਨੂੰ ਆਪਣਾ ਬਚਨ ਯਾਦ ਕਰਵਾਇਆ।

ਰਾਣੀ ਨੇ ਮੌਕਾ ਤਾੜ ਕੇ ਰਾਜੇ ਨੂੰ ਸਾਰੀ ਗੱਲ ਦਸੀ। ਰਾਜਾ ਤਾਂ ਕੰਨਿਆ ਬਾਰੇ ਬੜੇ ਉਚੇ ਸੁਪਨੇ ਲੈ ਰਿਹਾ ਸੀ। ਸੋ ਕਹਿਣ ਲਗਾ, "ਐਡੀ ਸੁਹਣੀ ਮੇਰੀ ਧੀ, ਵਡੇ ਵਡੇ ਰਾਜਿਆਂ ਦੇ ਰਿਸ਼ਤੇ ਆ ਰਹੇ ਨੇ, ਉਹਦੇ ਸਾਹਮਣੇ ਵਜ਼ੀਰ ਦੀ ਕੀ ਔਕਾਤ ਏ, ਮੈਨੂੰ ਤਾਂ ਇਹ ਰਿਸ਼ਤਾ ਉਕਾ ਪਸਿੰਦ ਨਹੀਂ।"

"ਪਰ ਮੈਂ ਉਹਦੇ ਨਾਲ ਵੈਦਾ ਕੀਤਾ ਹੋਇਐ, ਵੈਦੇ ਤੋਂ ਮੁੜਨ ਵਾਲੇ ਨੂੰ ਕੁੰਭੀ ਨਰਕ ਭੋਗਣਾ ਪੈਂਦਾ ਏ।" ਰਾਣੀ ਨੇ ਨਿਰਾਸ਼ ਹੋ ਕੇ ਤਰਲਾ ਕੀਤਾ, "ਮੇਰੇ ਪਿਛੇ ਹੀ ਮੰਨ ਜਾਓ। ਆਖਰ ਮੇਰਾ ਵੀ ਤਾਂ ਕੁੜੀ 'ਤੇ ਕੋਈ ਹਕ ਏ।"

"ਤੂੰ ਵਜ਼ੀਰ ਦੀ ਵਹੁਟੀ ਨੂੰ ਕਹਿ ਦੇ ਕਿ ਵਜ਼ੀਰ ਇਸ ਬਾਰੇ ਮੇਰੇ ਨਾਲ ਖੁਦ ਗੱਲ ਕਰੇ। ਤੂੰ ਵਿਚੋਂ ਨਿਕਲ ਜਾ। ਮੈਂ ਆਪੇ ਨਿਬੜ ਲਾਂਗਾ। ਤੇਰੀ ਵੀ ਰਹਿ ਜਾਵੇਗੀ, ਮੇਰੀ ਵੀ।" ਰਾਜੇ ਨੇ ਰਾਣੀ ਨੂੰ ਸਾਰੀ ਗੱਲ ਸਮਝਾਂਦੇ ਹੋਏ ਕਿਹਾ।

ਵਜ਼ੀਰ ਨੇ ਮੌਕਾ ਤਾੜ ਕੇ ਰਾਜੇ ਨਾਲ ਆਪਣੇ ਲੜਕੇ ਕਮਾਲ ਬਾਰੇ ਗੱਲ ਛੇੜੀ। ਤਾਂ ਰਾਜਾ ਸੋਚਾਂ ਵਿਚ ਡੁਬ ਗਿਆ। ਫਿਰ ਕਹਿਣ ਲਗਾ, "ਰਾਣੀ ਨੇ ਮੈਨੂੰ ਪਹਿਲਾਂ ਦਸਿਆ ਨਹੀਂ। ਮੈਂ ਆਪਣੇ ਮਨ ਵਿਚ ਪਕੀ ਧਾਰ ਲਈ ਏ ਕਿ ਇਸ ਕੁੜੀ ਦਾ ਵਿਆਹ ਕਿਸੇ ਰਾਜੇ ਦੇ ਮੁੰਡੇ ਨਾਲ ਕਰਨਾ ਏ ਜਾਂ ਫਿਰ ਕਿਸੇ ਅਜਿਹੇ ਮੁੰਡੇ ਨਾਲ ਜਿਹੜਾ ਕੋਈ ਅਨੋਖਾ ਕੰਮ ਕਰ ਵਿਖਾਵੇ। ਇਸ ਵਾਸਤੇ ਤੂੰ ਆਪਣੇ ਕਮਾਲ ਨੂੰ ਕੋਈ ਅਨੋਖਾ ਕੰਮ ਸਿਖਾ, ਜਿਹੜਾ ਪਹਿਲਾਂ ਨਾ ਕਿਸੇ ਕੀਤਾ ਹੋਵੇ ਤੇ ਨਾ ਹੀ ਅਗੋਂ ਕੋਈ ਕਰ ਸਕੇ। ਤਾਂ ਮੈਂ ਉਹਦੇ ਨਾਲ ਧੀ ਵਿਆਹ ਦਿਆਂਗਾ।"

ਵਜ਼ੀਰ ਦੇ ਪਲੇ ਕੁਝ ਨਾ ਪਿਆ। ਉਹਦਾ ਲੜਕਾ ਕਿਹੜਾ ਅਜੀਬ ਕੰਮ ਕਰੇ, ਜਿਹੜਾ ਕੋਈ ਹੋਰ ਨਾ ਕਰ ਸਕੇ। ਸੋ ਵਜ਼ੀਰ ਨੇ ਸਮਾਂ ਟਾਲਣ ਲਈ ਕੁਝ ਮੋਹਲਤ ਮੰਗ ਲਈ। ਰਾਜੇ ਨੇ ਸਵਾ ਸਾਲ ਦੀ ਮੋਹਲਤ ਦੇ ਦਿਤੀ।

ਵਜ਼ੀਰ ਆਪਣੇ ਮੁੰਡੇ ਕਮਾਲ ਨੂੰ ਲੈ ਕੇ ਘਰੋਂ ਨਿਕਲ ਤੁਰਿਆ।

ਇਕ ਇਕ ਕਰਕੇ ਉਹ ਛੇ ਦਰਿਆ ਲੰਘ ਗਿਆ, ਜਦੋਂ ਉਹਨੇ ਸਤਵਾਂ ਦਰਿਆ ਪਾਰ ਕੀਤਾ ਤਾਂ ਉਹ ਇਕ ਅਜੀਬ ਜਿਹੀ ਧਰਤੀ ਤੇ ਪੁਜਾ। ਜਿਥੇ ਦੀ ਹਰ ਚੀਜ਼ ਵਖਰੀ, ਮਿੱਟੀ ਵਿਚ ਸੁਗੰਧ, ਹਵਾ ਵਿਚ ਜਿਵੇਂ ਕਿਸੇ ਅਤਰ ਘੋਲਿਆ ਹੋਵੇ। ਪਾਣੀ ਦਾ ਘੁਟ ਭਰਿਆ ਤਾਂ ਉਹਨੂੰ ਦੁੱਧ ਵਰਗਾ ਸਵਾਦ ਆਇਆ। ਰੁਖਾਂ ਦੇ ਫਲ ਹੋਰ, ਪੰਛੀਆਂ ਦੀ ਸ਼ਕਲ ਸੂਰਤ ਅਜੀਬ। ਦੋਵੇਂ ਵੇਖ ਵੇਖ ਹੈਰਾਨ ਹੋਣ ਲਗੇ। ਪਿਉ ਪੁਤਰ ਦੋਹਾਂ ਨੂੰ ਸਖਤ ਭੁਖ ਲਗੀ। ਉਹ ਇਕ ਹਲਵਾਈ ਦੀ ਦੁਕਾਨ ਉਤੇ ਜਾ ਰੁਕੇ, ਰਸ ਨਾਲ ਛਲਕਦੀਆਂ ਮੋਟੀਆਂ ਮੋਟੀਆਂ ਜਲੇਬੀਆਂ ਵੇਖ ਕੇ ਉਨ੍ਹਾਂ ਦੇ ਮੂੰਹ ਵਿਚ ਪਾਣੀ ਆ ਗਿਆ। ਉਹਨਾਂ ਜਲੇਬੀਆਂ ਮੰਗੀਆਂ, ਜਲੇਬੀਆਂ ਠੰਢੀਆਂ ਸਨ। ਵਜ਼ੀਰ ਨੇ ਕਿਹਾ, "ਭਾਈ ਸਾਨੂੰ ਸਖਤ ਭੁਖ ਲਗੀ ਏ, ਗਰਮ ਗਰਮ ਜਲੇਬੀਆਂ ਕਢ ਕੇ ਦੇ।"

"ਭਠੀ ਠੰਢੀ ਏ, ਤੇ ਲਕੜਾਂ ਮੁਕ ਗਈਆਂ ਨੇ। ਜੇ ਤੁਹਾਨੂੰ ਬਹੁਤ ਕਾਹਲੀ ਏ ਤਾਂ ਟੰਗਾਂ ਡਾਹ ਕੇ ਤਲ ਦੇਵਾਂ।" ਹਲਵਾਈ ਨੇ ਮੁੱਛਾਂ ਨੂੰ ਤਾਓ ਦਿੰਦਿਆਂ ਕਿਹਾ।

"ਤੂੰ ਨਰਾਜ਼ ਨਾ ਹੋ, ਅਸੀਂ ਉਡੀਕ ਲੈਂਦੇ ਹਾਂ।" ਵਜ਼ੀਰ ਨੇ ਉਤਰ ਦਿਤਾ।

"ਤੁਸੀਂ ਕਦੋਂ ਤਕ ਉਡੀਕੋਗੇ, ਮੈਂ ਟੰਗ ਹੀ ਡਾਹ ਕੇ ਤਲ ਦਿੰਦਾ ਹਾਂ।" ਹਲਵਾਈ ਨੇ ਕਹਿੰਦੇ ਹੋਏ ਆਪਣੀ ਲਤ ਚੁਲ੍ਹੇ ਵਿਚ ਡਾਹ ਦਿਤੀ। ਫਿਰ ਉਪਰ ਤੇਲ ਛਿੜਕ ਕੇ ਅੱਗ ਬਾਲੀ। ਅੱਗ ਇਉਂ ਮਚਣ ਲਗੀ ਜਿਵੇਂ ਸੁਕੀ ਮੁੱਢੀ ਹੋਵੇ। ਜਲੇਬੀਆਂ ਤਲ ਕੇ ਫਿਰ ਹਲਵਾਈ ਨੇ ਆਪਣੀ ਟੰਗ ਸਾਬਤ ਸਬੂਤ ਬਾਹਰ ਕਢ ਲਈ। ਫਿਰ ਉਸ ਗਰਮ ਗਰਮ ਜਲੇਬੀਆਂ ਦੋਹਾਂ ਨੂੰ ਖਾਣ ਲਈ ਦਿਤੀਆਂ।

ਵਜ਼ੀਰ ਤੇ ਉਹਦਾ ਲੜਕਾ ਕਮਾਲ ਇਹ ਅਜੀਬ ਨਜ਼ਾਰਾ ਵੇਖ ਕੇ ਹੱਕੇ ਬੱਕੇ ਰਹਿ ਗਏ।

"ਤੂੰ ਮੇਰੇ ਮੁੰਡੇ ਨੂੰ ਇਹ ਇਲਮ ਸਿਖਾ ਦੇ। ਮੈਂ ਤੇਰੇ ਰਹਿਣ ਲਈ ਮਹਿਲ ਪਵਾ ਦਿਆਂਗਾ।" ਵਜ਼ੀਰ ਨੇ ਹਲਵਾਈ ਅਗੇ ਤਰਲਾ ਲੈਂਦਿਆਂ ਕਿਹਾ।

ਹਲਵਾਈ ਘੂਰਦਾ ਹੋਇਆ ਵਜ਼ੀਰ ਵਲ ਵੇਖਣ ਲਗਾ, "ਮੂਰਖਾ ! ਜਿਹੜਾ ਆਪਣੀ ਲਤ ਡਾਹ ਕੇ ਜਲੇਬੀਆਂ ਤਲ ਸਕਦਾ ਏ ਤੇ ਫਿਰ ਨਵੀਂ ਨਰੋਈ ਲਤ ਬਾਹਰ ਵੀ ਕਢ ਸਕਦਾ ਏ, ਉਹ ਜੇ ਚਾਹੇ ਤਾਂ ਇਕ ਛਿਣ ਵਿਚ ਮਹਿਲ ਵੀ ਖੜਾ ਕਰ ਸਕਦਾ ਏ।"

"ਮੈਥੋਂ ਭੁਲ ਹੋ ਗਈ", ਵਜ਼ੀਰ ਨੇ ਤਰਲੇ ਨਾਲ ਕਿਹਾ, "ਤੁਸੀਂ ਮੇਰੇ ਲੜਕੇ ਤੇ ਬਖਸ਼ਿਸ਼ ਕਰੋ ਤੇ ਇਹ ਹੁਨਰ ਸਿਖਾ ਦਿਉ। ਮੈਂ ਸਾਰੀ ਉਮਰ ਤੁਹਾਡਾ ਗੁਲਾਮ ਰਹਾਂਗਾ।"

ਹਲਵਾਈ ਇਕ ਟਕ ਵਜ਼ੀਰ ਵਲ ਵੇਖਦਾ ਰਿਹਾ, ਫਿਰ ਬੇਲਾਗ ਜਿਹੇ ਢੰਗ ਨਾਲ ਕਹਿਣ ਲਗਾ, "ਤੂੰ ਆਪਣੇ ਬੇਟੇ ਨੂੰ ਜਾਦੂ ਦਾ ਇਲਮ ਸਿਖਾਣਾ ਚਾਹੁੰਦਾ ਏਂ, ਪਰ ਇਹ ਬੜਾ ਕਠਨ ਇਲਮ ਏ, ਲੰਮੀ ਸਾਧਨਾ ਮੰਗਦਾ ਏ।"

"ਕਮਾਲ ਲੰਮੀ ਸਾਧਨਾ ਕਰਨ ਨੂੰ ਤਿਆਰ ਏ।"

"ਫਿਰ ਇਹਨੂੰ ਉਸ ਕੋਠੀ ਵਿਚ ਬੰਦ ਕਰ ਜਾ ਤੇ ਬਾਹਰੋਂ ਖੁਦ ਹੀ ਤਾਲਾ

ਮਾਰ ਕੇ ਚਾਬੀ ਮੈਨੂੰ ਦੇਂਦਾ ਜਾ। ਪਹਿਲਾਂ ਉਹਨੂੰ ਅੰਦਰ ਬੈਠ ਕੇ ਸਾਧਨਾ ਕਰਨੀ ਪਏਗੀ। ਸਾਲ ਮਗਰੋਂ ਆਵੀਂ ਤੇ ਇਹਨੂੰ ਲੈ ਜਾਵੀਂ। ਉਦੋਂ ਤਕ ਇਹ ਜਾਦੂ ਦੇ ਇਲਮ ਨਾਲ ਤਾਕ ਹੋ ਜਾਵੇਗਾ।" ਜਾਦੂਗਰ ਨੇ ਘੂਰੀ ਵਟਦੇ ਹੋਏ ਕਿਹਾ।

ਵਜ਼ੀਰ ਨੇ ਕਮਾਲ ਨੂੰ ਸਮਝਾਇਆ, "ਜਾਦੂ ਸਿਖਣ ਲਈ ਬੜੀਆਂ ਘਾਲਨਾ ਕਰਨੀਆਂ ਪੈਂਦੀਆਂ ਨੇ। ਇਹ ਝਾਘ ਕੇ ਪਿਛੋਂ ਸੁਖ ਮਿਲਦਾ ਏ।"

ਵਜ਼ੀਰ ਨੇ ਆਪਣੇ ਲੜਕੇ ਕਮਾਲ ਨੂੰ ਕਮਰੇ ਵਿਚ ਬੰਦ ਕਰ ਕੇ ਬਾਹਰੋਂ ਕੁੰਡੀ ਚੜ੍ਹਾ ਦਿਤੀ। ਫਿਰ ਤਾਲਾ ਮਾਰ ਕੇ ਚਾਬੀ ਜਾਦੂਗਰ ਹਲਵਾਈ ਦੇ ਹਵਾਲੇ ਕੀਤੀ ਤੇ ਉਹਦੇ ਪੈਰ ਛੂਹ ਕੇ ਆਪਣੇ ਦੇਸ਼ ਵਲ ਨੂੰ ਪਰਤ ਪਿਆ।

ਇਕ ਦਿਨ ਲੰਘਿਆ, ਦੂਜਾ ਵੀ ਲੰਘਿਆ। ਕਮਾਲ ਕਮਰੇ ਵਿਚ ਬੰਦ ਪਿਆ ਰਿਹਾ—ਭੁਖਾ ਭਾਣਾ, ਤ੍ਰੇਹ ਨਾਲ ਨਿਢਾਲ। ਕਿਸੇ ਉਹਦੀ ਖਬਰ ਸੁਰਤ ਨਾ ਲਈ। ਤੀਜੇ ਦਿਨ ਉਹ ਸ਼ੋਰ ਮਚਾਣ ਲਗਾ ਤਾਂ ਹਲਵਾਈ ਨੇ ਕਿਹਾ, "ਸ਼ੋਰ ਮਚਾਣ ਦਾ ਕੋਈ ਫੈਦਾ ਨਹੀਂ। ਇਥੋਂ ਹੁਣ ਤੇਰੇ ਪ੍ਰਾਣ ਹੀ ਨਿਕਲਣਗੇ, ਦੇਹ ਨਹੀਂ।"

ਹਲਵਾਈ ਦੀ ਇਕ ਲੜਕੀ ਸੀ—ਜੁਆਨ ਤੇ ਖੂਬਸੂਰਤ। ਹਲਵਾਈ ਖੁਦ ਜਿਤਨਾ ਜ਼ਾਲਮ ਤੇ ਨਿਰਦਈ ਸੀ, ਲੜਕੀ ਉਤਨੀ ਹੀ ਦਿਆਲੂ ਤੇ ਮੋਹ ਭਿਜੀ। ਵਜ਼ੀਰ ਦੇ ਮੁੰਡੇ ਦਾ ਸ਼ੋਰ ਹਲਵਾਈ ਦੀ ਲੜਕੀ ਨੇ ਸੁਣਿਆ। ਉਸ ਕਮਰੇ ਦੀ ਤਾਕੀ ਪਿਛਵਾੜੇ ਵਲ ਖੁਲਦੀ ਸੀ। ਕੁੜੀ ਨੇ ਖਿੜਕੀ ਖੋਲ ਕੇ ਅੰਦਰ ਝਾਕਿਆ ਤਾਂ ਇਕ ਜਵਾਨ ਗਭਰੂ ਵੇਖਿਆ—ਨਿਮੋਝੂਣ, ਉਦਾਸ, ਅੱਖਾਂ ਵਿਚ ਅਥਰੂ ਤਰਦੇ। ਉਹ ਸਾਰੀ ਗੱਲ ਸਮਝ ਗਈ। ਹਲਵਾਈ ਦੀ ਲੜਕੀ ਨੂੰ ਕਮਾਲ ਭਾ ਗਿਆ ਤੇ ਉਹ ਖਿੜਕੀ ਕੋਲ ਆ ਕੇ ਕਹਿਣ ਲਗੀ, "ਤੂੰ ਸ਼ੋਰ ਨਾ ਮਚਾ, ਮੈਂ ਤੈਨੂੰ ਰੋਜ਼ ਇਥੋਂ ਰੋਟੀ ਪਾਣੀ ਦੇ ਦਿਆਂਗੀ, ਭੁੱਖਾ ਨਹੀਂ ਮਰਨ ਦੇਂਦੀ। ਮੇਰਾ ਪਿਉ ਬੜਾ ਜ਼ਾਲਮ ਏ, ਇਸ ਲਈ ਮੈਂ ਤੇਰੀ ਹੋਰ ਕੋਈ ਮਦਦ ਨਹੀਂ ਕਰ ਸਕਦੀ।"

"ਤੇ ਜਾਦੂ ਦਾ ਇਲਮ ?"

"ਉਹ ਵੀ ਤੈਨੂੰ ਮੈਂ ਚੋਰੀ ਸਿਖਾ ਦਿਆਂਗੀ, ਪਰ ਮੇਰੀ ਇਕ ਸ਼ਰਤ ਏ ਕਿ ਤੂੰ ਜਾਦੂ ਦੀ ਵਰਤੋਂ ਇਸ ਕਮਰੇ ਦੇ ਅੰਦਰ ਨਹੀਂ ਕਰੇਂਗਾ। ਇਥੋਂ ਦੂਰ ਜਾ ਕੇ ਜੋ ਮਰਜ਼ੀ ਕਰੀਂ। ਜੇ ਤੂੰ ਇਥੇ ਅਹਾਤੇ ਅੰਦਰ ਕੋਈ ਜਾਦੂ ਕੀਤਾ ਤਾਂ ਮੇਰੇ ਪਿਉ ਨੂੰ ਪਤਾ ਲਗ ਜਾਵੇਗਾ ਤੇ ਜਾਂ ਉਹ ਜਾਦੂ ਨਾਲ ਤੇਰੀ ਯਾਦਾਸ਼ਤ ਖਤਮ ਕਰ ਦੇਵੇਗਾ ਜਾਂ ਉਹ ਤੇਰੀ ਬੋਟੀ ਬੋਟੀ ਕਰ ਕੇ ਖਾ ਜਾਵੇਗਾ।"

"ਠੀਕ ਏ, ਮੈਨੂੰ ਤੇਰੀ ਹਰ ਗੱਲ ਮਨਜ਼ੂਰ ਏ।"

ਹਲਵਾਈ ਦੀ ਕੁੜੀ ਜਾਦੂ ਟੂਣੇ ਵਿਚ ਬੜੀ ਮਾਹਿਰ ਸੀ। ਉਸਨੇ ਹਰ ਰੋਜ਼ ਦੁਪਹਿਰੀਂ ਜਦੋਂ ਉਹਦਾ ਬਾਪੂ ਸ਼ਹਿਰ ਗਿਆ ਹੁੰਦਾ, ਖਿੜਕੀ ਖੋਲ ਕੇ ਕਮਾਲ ਨੂੰ ਰੋਟੀ ਪਾਣੀ ਦੇ ਦਿੰਦੀ, ਨਾਲੇ ਜਾਦੂ ਦਾ ਇਲਮ ਸਮਝਾ ਦੇਂਦੀ। ਇਸ ਤਰ੍ਹਾਂ ਕਮਾਲ ਨੇ ਅਨੇਕਾਂ ਚਮਤਕਾਰ ਕਰਨੇ ਸਿਖ ਲਏ। ਉਸ ਵਿਚ ਇਛਾ ਅਨੁਸਾਰ ਰੂਪ ਬਦਲਣ ਦੀ ਸ਼ਕਤੀ ਵੀ ਆ ਗਈ।

ਸਾਲ ਸਮਾਂ ਲੰਘ ਗਿਆ। ਵਜ਼ੀਰ ਆਪਣੇ ਮੁੰਡੇ ਨੂੰ ਲੈਣ ਲਈ ਆਇਆ। ਹਲਵਾਈ

ਦੁਕਾਨ ਤੇ ਬੈਠਾ ਜਲੇਬੀਆਂ ਤਲ ਰਿਹਾ ਸੀ। ਵਜ਼ੀਰ ਨੇ ਉਹਦੇ ਪੈਰ ਫੜ. ਕੇ ਪ੍ਰਨਾਮ ਕੀਤਾ।

"ਤੇਰਾ ਮੁੰਡਾ ਤਾਂ ਮੂਰਖ ਏ, ਸਾਧਨਾ ਕਰਨੀ ਉਹਦੇ ਵਸ ਦੀ ਗੱਲ ਨਹੀਂ।" ਹਲਵਾਈ ਨੇ ਵਜ਼ੀਰ ਨੂੰ ਚਾਬੀ ਦਿੰਦੇ ਹੋਏ ਕਿਹਾ, "ਇਹ ਲੈ ਚਾਬੀ, ਜਿਵੇਂ ਬੰਦ ਕਰ ਗਿਆ ਸੈਂ, ਉਵੇਂ ਹੀ ਅੰਦਰ ਪਿਆ ਈ। ਮਰਿਆ ਜ਼ਿੰਦਾ ਆਪੇ ਸੰਭਾਲ ਲੈ।"

ਵਜ਼ੀਰ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ, ਤੇ ਚਾਬੀ ਲੈ ਕੇ ਕਮਰੇ ਵਲ ਰੋਂਦਾ ਹੋਇਆ ਦੌੜਿਆ। ਉਹ ਸੋਚਣ ਲਗਾ—ਲੜਕਾ ਤਾਂ ਭੁਖਾ ਤਿਹਾਇਆ ਮਰ ਮੁਕ ਗਿਆ ਹੋਣੈ। ਕਾਹਲੀ ਕਾਹਲੀ ਬੂਹਾ ਖੋਲ੍ਹਿਆ। ਵਜ਼ੀਰ ਮੁੰਡੇ ਨੂੰ ਨਵਾਂ ਨਰੋਆ ਵੇਖ ਕੇ ਹੈਰਾਨ ਰਹਿ ਗਿਆ। ਉਹ ਕਮਾਲ ਨੂੰ ਧਾ ਕੇ ਮਿਲਿਆ। ਇਤਨੀ ਦੇਰ ਵਿਚ ਪਿਛਲੀ ਖਿੜਕੀ ਖੁਲ੍ਹੀ ਤੇ ਹਲਵਾਈ ਦੀ ਲੜਕੀ ਕਹਿਣ ਲਗੀ, "ਮੇਰੇ ਪਿਓ ਨੂੰ ਉਕਾ ਪਤਾ ਨਹੀਂ ਕਿ ਇਹ ਜ਼ਿੰਦਾ ਏ। ਉਸ ਦੇ ਭਾਣੇ ਇਹ ਮਰ ਗਿਐ। ਸੋ ਤੁਸੀਂ ਇਹਨੂੰ ਮੋਇਆਂ ਵਾਂਗ ਹੀ ਰੋਂਦੇ ਕੁਰਲਾਂਦੇ ਚੁਕ ਕੇ ਲੈ ਜਾਓ, ਨਹੀਂ ਤਾਂ ਮੇਰਾ ਪਿਓ ਇਸ ਉਤੇ ਜਾਦੂ ਧੂੜ ਕੇ ਇਸ ਦੀ ਯਾਦਾਸ਼ਤ ਖਤਮ ਕਰ ਦੇਵੇਗਾ।"

ਵਜ਼ੀਰ ਨੇ ਆਪਣੇ ਮੁੰਡੇ ਨੂੰ ਮੋਢੇ ਤੇ ਲੋਥ ਵਾਂਗ ਲਟਕਾ ਲਿਆ ਤੇ ਫਿਰ ਧਾਹਾਂ ਮਾਰਦਾ, ਰੋਂਦਾ ਕੁਰਲਾਂਦਾ, ਬਾਹਰ ਨਿਕਲ ਆਇਆ ਤੇ ਉਥੋਂ ਜੰਗਲ ਵਲ ਤੁਰ ਪਿਆ ਜਿਵੇਂ ਦਾਹ-ਸਸਕਾਰ ਕਰਨ ਚਲਿਆ ਹੋਵੇ। ਹਲਵਾਈ ਉਸੇ ਤਰ੍ਹਾਂ ਬੈਠਾ ਜਲੇਬੀਆਂ ਤਲਦਾ ਰਿਹਾ। ਉਸਨੇ ਰੋਂਦੇ ਕੁਰਲਾਂਦੇ ਵਜ਼ੀਰ ਵਲ ਨਜ਼ਰ ਭੁੰਵਾਂ ਕੇ ਵੀ ਨਾ ਵੇਖਿਆ।

ਜਦੋਂ ਵਜ਼ੀਰ ਚਲਾ ਗਿਆ ਤਾਂ ਹਲਵਾਈ ਉਸ ਕੋਠੇ ਅੰਦਰ ਗਿਆ ਜਿਥੇ ਵਜ਼ੀਰ ਦਾ ਲੜਕਾ ਬੰਦ ਰਿਹਾ ਸੀ। ਉਸ ਨੇ ਕਮਰੇ ਨੂੰ ਸੁੰਘਿਆ। ਤਾਜ਼ੀ ਮਹਿਕ ਸੀ। ਕਿਧਰੋਂ ਵੀ ਬਾਸ ਨਹੀਂ ਸੀ ਆ ਰਹੀ। ਸੋ ਉਹ ਸਮਝ ਗਿਆ ਕਿ ਵਜ਼ੀਰ ਦਾ ਮੁੰਡਾ ਮਰਿਆ ਨਹੀਂ ਸੀ। ਜੇ ਉਹ ਜ਼ਿੰਦਾ ਰਿਹਾ ਏ ਤਾਂ ਇਹਦਾ ਮਤਲਬ ਏ ਕਿ ਉਹਦੀ ਲੜਕੀ ਉਸ ਨੂੰ ਰੋਟੀ ਪਾਣੀ ਦਿੰਦੀ ਰਹੀ ਏ। ਜੇ ਉਸ ਰੋਟੀ ਪਾਣੀ ਦਿਤਾ ਏ ਤਾਂ ਹੋ ਸਕਦੈ ਜਾਦੂ ਦਾ ਇਲਮ ਵੀ ਸਿਖਾ ਦਿਤਾ ਹੋਵੇ, ਸੋ ਉਸਨੇ ਆਪਣੀ ਲੜਕੀ ਤੋਂ ਪੁਛ ਪ੍ਰਤੀਤ ਕੀਤੀ।

ਲੜਕੀ ਨੇ ਸਾਰੀ ਗੱਲ ਸੱਚੋ ਸੱਚ ਦਸ ਦਿਤੀ, "ਮੈਂ ਨਹੀਂ ਸਾਂ ਚਾਹੁੰਦੀ ਕਿ ਉਹ ਭੁਖ ਹਥੋਂ ਤੜਪ ਤੜਪ ਕੇ ਮਰੇ, ਸੋ ਮੈਂ ਚੋਰੀ ਰੋਟੀ ਪਾਣੀ ਦਿੰਦੀ ਰਹੀ।"

"ਤੇ ਜਾਦੂ ਦੀ ਕਲਾ ?"

"ਉਹ ਦਿਲ ਪਰਚਾਣ ਲਈ ਇਹ ਵੀ ਦਸਦੀ ਰਹੀ, ਨਹੀਂ ਤਾਂ ਵਿਹਲਾ ਬੈਠਾ ਉਹ ਝੁਰਦਾ ਰਹਿੰਦਾ।"

"ਤੂੰ ਬੜਾ ਅਨਰਥ ਕੀਤਾ ਏ, ਮੈਂ ਹੁਣ ਉਹਨੂੰ ਫੜ ਕੇ ਲਿਆਂਦਾ ਹਾਂ ਤੇ ਤੇਰੇ ਸਾਹਮਣੇ ਬੋਟੀ ਬੋਟੀ ਕਰਕੇ ਡਕਾਰਦਾ ਹਾਂ।" ਹਲਵਾਈ ਕਹਿਣ ਲਗਾ, "ਮੇਰਾ ਦਿਲ ਕਹਿੰਦਾ ਏ ਕਿ ਉਸ ਤੋਂ ਮੇਰੀ ਜਾਨ ਨੂੰ ਖਤਰਾ ਹੋ ਸਕਦੈ, ਤੂੰ ਪਿਓ ਦਾ ਬੁਰਾ ਚਿਤਵਿਆ ਏ।"

ਤੇ ਫਿਰ ਕੁੜੀ ਦੇ ਰੋਕਦੇ ਰੋਕਦੇ ਜਾਦੂਗਰ ਹਲਵਾਈ ਉਥੋਂ ਜੰਗਲ ਵਲ ਦੌੜ ਪਿਆ ਅਤੇ ਕਮਾਲ ਦਾ ਪਿਛਾ ਕਰਨ ਲਗਾ।

ਵਜ਼ੀਰ ਅਤੇ ਉਹਦਾ ਪੁਤਰ ਕਮਾਲ ਕਈ ਮੀਲ ਦੂਰ ਨਿਕਲ ਗਏ। ਅਚਾਨਕ ਕਮਾਲ ਨੂੰ ਖਿਆਲ ਆਇਆ ਕਿ ਕਿਧਰੇ ਹਲਵਾਈ ਉਹਦਾ ਪਿਛਾ ਨਾ ਕਰ ਰਿਹਾ ਹੋਵੇ। ਉਸ ਨੇ ਜਾਦੂ ਦੀ ਸ਼ਕਤੀ ਨਾਲ ਪਿਛੇ ਝਾਕ ਕੇ ਵੇਖਿਆ ਤਾਂ ਉਸ ਨੂੰ ਪਤਾ ਲਗਾ ਕਿ ਹਲਵਾਈ ਉਸ ਨੂੰ ਮਾਰ ਮੁਕਾਣ ਲਈ ਉਹਦੇ ਪਿਛੇ ਵਾਹੋ-ਦਾਹੀ ਭਜਦਾ ਆ ਰਿਹੈ।

ਕਮਾਲ ਨੇ ਹੌਂਸਲੇ ਤੋਂ ਕੰਮ ਲੈਂਦਿਆਂ ਪਿਓ ਨੂੰ ਕਿਹਾ, "ਪਿਤਾ ਜੀ ! ਜਾਦੂਗਰ ਮੇਰਾ ਪਿਛਾ ਕਰ ਰਿਹੈ। ਉਹ ਸਾਹਮਣੇ ਕੁਝ ਘੋੜਿਆਂ ਦੇ ਵਿਪਾਰੀ ਜਾ ਰਹੇ ਨੇ। ਮੈਂ ਜਾਦੂ ਦੁਆਰਾ ਖੂਬਸੂਰਤ ਘੋੜਾ ਬਣ ਜਾਂਦਾ ਹਾਂ, ਤੁਸੀਂ ਮੈਨੂੰ ਉਹਨਾਂ ਵਿਪਾਰੀਆਂ ਅਗੇ ਕਿਸੇ ਮੁਲ ਵੀ ਵੇਚ ਦੇਣਾ। ਬਸ ਮੇਰੀ ਵਾਗ ਨਾ ਵੇਚਣੀ, ਵਾਗ ਵਿਚ ਮੇਰੀ ਜਾਨ ਹੋਵੇਗੀ।"

ਕਮਾਲ ਉਸੇ ਛਿਣ ਘੋੜਾ ਬਣ ਗਿਆ। ਵਜ਼ੀਰ ਨੇ ਵਿਪਾਰੀਆਂ ਅਗੇ ਘੋੜਾ ਸਸਤੇ ਭਾਅ ਵੇਚ ਦਿਤਾ। ਪਰ ਉਹਦੀ ਵਾਗ ਆਪਣੇ ਪਾਸ ਰਖ ਲਈ। ਲੜਕਾ ਵਿਪਾਰੀ ਦੇ ਘੋੜਿਆਂ ਵਿਚ ਰਲ ਗਿਆ। ਜਾਦੂਗਰ ਨੇ ਭੰਵਰਾ ਬਣ ਕੇ ਸਾਰੇ ਘੋੜੇ ਸੁੰਘੇ ਪਰ ਉਨ੍ਹਾਂ ਵਿਚੋਂ ਕਿਸੇ ਇਕ ਵਿਚ ਵੀ ਵਜ਼ੀਰ ਦੇ ਮੁੰਡੇ ਕਮਾਲ ਦੀ ਜਾਨ ਨਾ ਵੇਖ ਕੇ ਸਮਝ ਗਿਆ ਕਿ ਉਸ ਨੇ ਆਪਣੀ ਜਾਨ ਕਿਸੇ ਹੋਰ ਚੀਜ਼ ਵਿਚ ਛੁਪਾ ਰਖੀ ਹੈ। ਸੋ ਹਲਵਾਈ ਬੇਵਸ ਹੋ ਕੇ ਉਥੇ ਹੀ ਰੁਕ ਗਿਆ ਤੇ ਕਿਸੇ ਹੋਰ ਮੌਕੇ ਦੀ ਉਡੀਕ ਕਰਨ ਲਗਾ।

ਥੋਹੜੀ ਦੂਰ ਜਾ ਕੇ ਕਮਾਲ ਫਿਰ ਅਸਲੀ ਰੂਪ ਵਿਚ ਆ ਗਿਆ। ਹਲਵਾਈ ਨੇ ਫਿਰ ਉਹਦਾ ਪਿਛਾ ਕਰਨਾ ਸ਼ੁਰੂ ਕੀਤਾ। ਕਮਾਲ ਨੇ ਕੁਝ ਊਠ ਜਾਂਦੇ ਵੇਖੇ। ਸੋ ਉਹ ਆਪਣਾ ਰੂਪ ਬਦਲ ਕੇ ਊਠ ਬਣ ਗਿਆ। ਵਜ਼ੀਰ ਨੂੰ ਕਮਾਲ ਨੇ ਪਹਿਲਾਂ ਵਾਂਗ ਹੀ ਸਮਝਾ ਦਿਤਾ ਕਿ ਉਹ ਮੁਹਾਰ ਉਤਾਰ ਲਵੇ, ਮੁਹਾਰ ਵਿਚ ਹੀ ਕਮਾਲ ਦੀ ਜਾਨ ਸੀ। ਕਮਾਲ ਊਠਾਂ ਨਾਲ ਘੁੰਮਣ ਫਿਰਨ ਲਗਾ। ਹਲਵਾਈ ਨੇ ਭੰਵਰਾ ਬਣ ਕੇ ਸਾਰੇ ਊਠ ਸੁੰਘੇ। ਪਰ ਉਨ੍ਹਾਂ ਵਿਚੋਂ ਕਿਸੇ ਵਿਚ ਵੀ ਉਹਨੂੰ ਕਮਾਲ ਨਾ ਮਿਲਿਆ। ਹਲਵਾਈ ਫਿਰ ਬੇਵਸ ਹੋ ਕੇ ਉਥੇ ਹੀ ਠਹਿਰ ਗਿਆ।

ਕਮਾਲ ਫਿਰ ਮਨੁਖੀ ਜਾਮੇ ਵਿਚ ਆ ਗਿਆ ਤੇ ਅਗੇ ਤੁਰ ਪਿਆ। ਹਲਵਾਈ ਨੇ ਫਿਰ ਜਾਦੂ ਨਾਲ ਜਾਣ ਲਿਆ ਕਿ ਕਮਾਲ ਫਲਾਣੀ ਥਾਂ ਜਾ ਰਿਹਾ ਹੈ। ਸੋ ਉਹ ਪਿਛਾ ਕਰਦਾ ਹੋਇਆ ਉਥੇ ਪੁਜਾ। ਨੇੜੇ ਹੀ ਭੇਡਾਂ ਬਕਰੀਆਂ ਦਾ ਇਜੜ ਚਰ ਰਿਹਾ ਸੀ। ਕਮਾਲ ਨੇ ਫੌਰਨ ਭੇਡ ਦਾ ਰੂਪ ਧਾਰ ਲਿਆ ਤੇ ਭੇਡ ਬਕਰੀਆਂ ਵਿਚ ਜਾ ਰਲਿਆ, ਪਰ ਐਤਕੀਂ ਕਾਹਲੀ ਵਿਚ ਕਮਾਲ ਆਪਣੇ ਪਿਓ ਨੂੰ ਇਹ ਦਸਣਾ ਭੁਲ ਗਿਆ ਕਿ ਉਹਦੀ ਜਾਨ ਗਾਨੀ ਵਿਚ ਹੈ। ਸੋ ਵਜ਼ੀਰ ਨੇ ਭੇਡ ਦੀ ਗਾਨੀ ਨਾ ਉਤਾਰੀ।

ਜਾਦੂਗਰ ਨੇ ਭੇਡ ਪਛਾਣ ਲਈ ਅਤੇ ਆਜੜੀ ਨੂੰ ਚੰਗਾ ਮੁਲ ਦੇ ਕੇ ਖਰੀਦ

ਲਈ। ਕਮਾਲ ਨੂੰ ਮੌਤ ਆਪਣੇ ਸਾਹਮਣੇ ਦਿਸੀ। ਸੋ ਉਹ ਫੌਰਨ ਕਬੂਤਰ ਦਾ ਰੂਪ ਧਾਰ ਕੇ ਅਸਮਾਨ ਵਲ ਉਡਣ ਲਗਾ। ਜਾਦੂਗਰ ਨੇ ਉਸੇ ਵੇਲੇ ਬਾਜ਼ ਦਾ ਰੂਪ ਧਾਰ ਲਿਆ ਤੇ ਕਬੂਤਰ ਦਾ ਪਿਛਾ ਕਰਨ ਲਗਾ।

ਹੇਠਾਂ ਇਕ ਵਡਾ ਸਾਰਾ ਤਲਾਬ ਸੀ। ਕਬੂਤਰ ਉਸ ਵਿਚ ਉਤਰ ਪਿਆ ਅਤੇ ਮੱਛੀ ਦਾ ਰੂਪ ਧਾਰ ਕੇ ਪਾਣੀ ਵਿਚ ਗਾਇਬ ਹੋ ਗਿਆ। ਹਲਵਾਈ ਨੇ ਬਗਲੇ ਦਾ ਰੂਪ ਧਾਰਨ ਕਰ ਲਿਆ ਅਤੇ ਪਾਣੀ ਵਿਚ ਚੁੰਝਾਂ ਮਾਰ ਮਾਰ ਕੇ ਉਸ ਮੱਛੀ ਨੂੰ ਲਭਣ ਲਗਾ।

ਕਮਾਲ ਪਾਣੀ ਦੇ ਅੰਦਰੋਂ ਅੰਦਰੀਂ ਤਲਾਅ ਦੇ ਦੂਜੇ ਕੰਢੇ ਜਾ ਪੁਜਾ ਅਤੇ ਤੋਤਾ ਬਣ ਕੇ ਉਡ ਗਿਆ। ਹਲਵਾਈ ਨੂੰ ਪਤਾ ਨਾ ਲਗਾ ਤੇ ਉਹ ਬਗਲਾ ਬਣ ਕੇ ਉਥੇ ਹੀ ਕੰਢੇ ਤੇ ਮੱਛੀਆਂ ਦੀ ਤਾਕ ਵਿਚ ਬੈਠਾ ਰਿਹਾ।

ਤੋਤਾ ਉਥੋਂ ਉਡ ਕੇ ਰਾਜੇ ਦੇ ਬਾਗ ਵਿਚ ਜਾ ਪੁਜਾ ਅਤੇ ਫਿਰ ਅਨਾਰ ਦੇ ਦਰਖਤ ਉਤੇ ਜਾ ਬੈਠਾ। ਕੁਝ ਚਿਰ ਬਾਅਦ ਕਮਾਲ ਨੇ ਫਿਰ ਆਪਣਾ ਰੂਪ ਬਦਲ ਲਿਆ ਤੇ ਆਪਣੀ ਜਾਨ ਇਕ ਅਨਾਰ ਵਿਚ ਟਿਕਾ ਦਿਤੀ।

ਸ਼ਾਮੀ ਜਦੋਂ ਰਾਜਾ ਸੈਰ ਕਰਨ ਬਾਗ ਵਿਚ ਆਇਆ ਤਾਂ ਇਕ ਵਡਾ ਸਾਰਾ ਅਨਾਰ ਦਰਖਤ ਨਾਲ ਲਟਕਿਆ ਵੇਖ ਦੰਗ ਰਹਿ ਗਿਆ। ਭਖ-ਭਖ ਕਰਦਾ ਜਿਵੇਂ ਤਰਬੂਜ਼ ਹੋਵੇ। ਇਤਨਾ ਵਡਾ ਅਨਾਰ ਰਾਜੇ ਨੇ ਕਦੇ ਪਹਿਲਾਂ ਨਹੀਂ ਸੀ ਸੁਣਿਆ ਪੇਖਿਆ। ਮਾਲੀ ਨੇ ਉਹ ਅਨਾਰ ਤੋੜ ਕੇ ਰਾਜੇ ਨੂੰ ਦੇ ਦਿਤਾ ਤੇ ਕਿਹਾ, "ਇਹ ਅਨਾਰ ਭਾਗਾਂ ਵਾਲਾ ਜਾਪਦਾ ਏ, ਤੁਸੀਂ ਖੁਦ ਖਾਣਾ।"

ਰਾਜਾ ਅਨਾਰ ਘਰ ਲੈ ਗਿਆ ਤੇ ਉਹਨੇ ਚੀਰਨ ਲਈ ਮੇਜ਼ ਤੇ ਰਖਿਆ।

ਹਲਵਾਈ ਕਾਫੀ ਦੇਰ ਤਕ ਬਗਲਾ ਬਣ ਕੇ ਉਸ ਤਲਾਅ ਕੇ ਕੰਢੇ ਮੱਛੀ ਦੀ ਤਾਕ ਵਿਚ ਖੜਾ ਰਿਹਾ। ਫਿਰ ਉਹਨੇ ਜਾਦੂ ਦੀ ਸ਼ਕਤੀ ਨਾਲ ਅੰਤਰ ਧਿਆਨ ਹੋ ਕੇ ਵੇਖਿਆ। ਕਮਾਲ ਤਾਂ ਰਾਜੇ ਦੇ ਮੇਜ਼ ਤੇ ਅਨਾਰ ਦੀ ਸ਼ਕਲ ਵਿਚ ਪਿਆ ਸੀ।

ਹਲਵਾਈ ਨੇ, ਉਸ ਵੇਲੇ ਜੋਗੀ ਦਾ ਰੂਪ ਧਾਰਨ ਕੀਤਾ ਤੇ ਰਾਜੇ ਦੇ ਮਹਿਲਾਂ ਅਗੇ ਜਾ ਅਲਖ ਜਗਾਈ। ਰਾਜੇ ਨੇ ਮਹਿਲਾਂ ਦੀ ਖਿੜਕੀ ਵਿਚੋਂ ਵੇਖਿਆ—ਜੋਗੀ ਦਾ ਬੜਾ ਪ੍ਰਭਾਵ ਤੇ ਤੇਜ ਸੀ, ਸੋ ਰਾਜਾ ਖੁਦ ਖੈਰ ਪਾਉਣ ਲਈ ਹੇਠਾਂ ਆਇਆ।

ਜੋਗੀ ਨੇ ਕਿਹਾ, "ਮੈਨੂੰ ਖੈਰ ਨਹੀਂ ਚਾਹੀਦੀ। ਮੈਂ ਅਸ਼ੀਰਵਾਦ ਦੇਣ ਆਇਆ ਹਾਂ। ਤੁਹਾਡਾ ਰਾਜਾ ਚਹੁੰ ਕੁੰਟੀ ਫੈਲੇ।" ਫਿਰ ਜੋਗੀ ਨੇ ਜਾਣ ਦਾ ਪਖੰਡ ਕੀਤਾ। ਇਸ ਗੱਲ ਦਾ ਰਾਜੇ ਦੇ ਉਤੇ ਬੜਾ ਪ੍ਰਭਾਵ ਪਿਆ।

"ਕੁਝ ਮੰਗ ਲਓ, ਮੈਂ ਤੁਹਾਨੂੰ ਖਾਲੀ ਨਹੀਂ ਜਾਣ ਦੇਣਾ।" ਰਾਜੇ ਨੇ ਤਰਲਾ ਕੀਤਾ।

"ਅੱਛਾ ਜੇ ਦੇਣਾ ਹੀ ਚਾਹੁੰਦੇ ਹੋ ਤਾਂ ਮੈਨੂੰ ਅੰਦਰ ਮੇਜ਼ ਤੇ ਪਿਆ ਅਨਾਰ ਦੇ ਦਿਓ।" ਜੋਗੀ ਨੇ ਕਿਹਾ।

ਰਾਜਾ ਹੈਰਾਨ ਰਹਿ ਗਿਆ—ਇਹ ਤਾਂ ਕੋਈ ਅੰਤਰਜਾਮੀ ਹੈ। ਇਸ ਨੂੰ ਖਾਣੇ

ਦੀ ਮੇਜ਼ ਤੇ ਪਏ ਅਨਾਰ ਦੀ ਖਬਰ ਕਿਵੇਂ ਹੋ ਗਈ। ਰਾਜੇ ਨੇ ਉਸ ਦੇ ਆਦਰ ਨਾਲ ਚਰਨ ਛੂਹੇ ਤੇ ਫਿਰ ਅਨਾਰ ਲੈਣ ਲਈ ਉਪਰ ਗਿਆ।

ਜਦੋਂ ਰਾਜੇ ਨੇ ਅਨਾਰ ਚੁਕਿਆ ਤਾਂ ਵਿਚੋਂ ਮਹੀਨ ਜਿਹੀ ਅਵਾਜ਼ ਆਈ, "ਮੈਂ ਮਾਸੂਮ ਹਾਂ, ਮੈਨੂੰ ਜੋਗੀ ਦੇ ਹਵਾਲੇ ਨਾ ਕਰੋ। ਇਹ ਜੋਗੀ ਜਾਦੂਗਰ ਏ, ਮੈਨੂੰ ਮਾਰ ਕੇ ਖਾਣਾ ਚਾਹੁੰਦਾ ਏ।"

ਰਾਜਾ ਹੱਕਾ ਬੱਕਾ ਰਹਿ ਗਿਆ। ਉਹ ਘਬਰਾ ਗਿਆ ਤੇ ਕਹਿਣ ਲਗਾ, "ਮੈਂ ਉਹਨੂੰ ਅਨਾਰ ਦੇਣ ਦਾ ਬਚਨ ਦੇ ਚੁਕਾ ਹਾਂ। ਜੇ ਮੈਂ ਅਨਾਰ ਨਾ ਦਿਤਾ ਤਾਂ ਉਹ ਮੈਨੂੰ ਸਰਾਪ ਦੇ ਜਾਵੇਗਾ।"

"ਤਾਂ ਫਿਰ ਇਕ ਕੰਮ ਕਰੋ। ਜੋਗੀ ਦੇ ਹਥ ਅਨਾਰ ਫੜਾਣ ਵੇਲੇ ਹੇਠਾਂ ਫਰਸ਼ ਤੇ ਸੁਟ ਦੇਣਾ।" ਅਨਾਰ ਵਿਚੋਂ ਅਵਾਜ਼ ਆਈ।

ਰਾਜੇ ਨੇ ਇਉਂ ਹੀ ਕੀਤਾ। ਅਨਾਰ ਫਰਸ਼ ਉਤੇ ਡਿਗ ਕੇ ਫਟ ਗਿਆ ਤੇ ਉਹਦੇ ਦਾਣੇ ਚਾਰੇ ਪਾਸੇ ਖਿੰਡ ਗਏ। ਜੋਗੀ ਉਸੇ ਵੇਲੇ ਕੁੱਕੜ ਦਾ ਰੂਪ ਧਾਰ ਕੇ ਦਾਣੇ ਚੁਗਣ ਲਗਾ। ਕਮਾਲ ਦੀ ਇਕ ਦਾਣੇ ਵਿਚ ਜਿੰਦ ਸੀ ਜੋ ਰਤਾ ਪਿਛੇਰੇ ਜਾ ਡਿਗਾ ਸੀ। ਕਮਾਲ ਨੇ ਅੱਖ ਪਲਕਾਰੇ ਵਿਚ ਬਿਲੀ ਦਾ ਰੂਪ ਧਾਰ ਕੇ ਅਨਾਰ ਦੇ ਦਾਣੇ ਚੁਗਦੇ ਕੁੱਕੜ ਨੂੰ ਗਰਦਨ ਤੋਂ ਦਬੋਚ ਲਿਆ ਤੇ ਮਾਰ ਸੁਟਿਆ।

ਫਿਰ ਕਮਾਲ ਆਪਣੇ ਅਸਲੀ ਰੂਪ ਵਿਚ ਆ ਗਿਆ। ਰਾਜੇ ਨੇ ਵਜ਼ੀਰ ਦੇ ਪੁਤਰ ਕਮਾਲ ਨੂੰ ਪਛਾਣ ਲਿਆ ਤੇ ਹੈਰਾਨ ਹੋ ਕੇ ਪੁਛਣ ਲਗਾ, "ਇਹ ਸਾਰਾ ਮਾਜਰਾ ਕੀ ਏ ?"

ਕਮਾਲ ਨੇ ਸਾਰੀ ਗੱਲ ਦਸੀ ਤੇ ਕਿਹਾ, "ਮੈਂ ਅਨੋਖਾ ਕੰਮ ਕਰ ਵਿਖਾਇਆ ਏ ਜਿਹੜਾ ਪਹਿਲਾਂ ਕਿਸੇ ਨੇ ਨਹੀਂ ਕੀਤਾ। ਸੋ ਹੁਣ ਤੁਸੀਂ ਆਪਣਾ ਵਾਇਦਾ ਪੂਰਾ ਕਰੋ।"

ਰਾਜਾ ਖੁਸ਼ ਹੋ ਗਿਆ ਤੇ ਉਹਨੇ ਆਪਣੀ ਲੜਕੀ ਵਜ਼ੀਰ ਦੇ ਮੁੰਡੇ ਨਾਲ ਵਿਆਹ ਦਿਤੀ।

ਅੱਧਾ ਭਾਈ ਜਾਗਦਾ

ਇਕ ਰਾਜੇ ਦੀਆਂ ਸੱਤ ਰਾਣੀਆਂ ਸਨ, ਪਰ ਕਿਸੇ ਨੇ ਘਰ ਵੀ ਬਾਲ ਬੱਚਾ ਨਹੀਂ ਸੀ ਹੁੰਦਾ। ਰਾਜਾ ਹਮੇਸ਼ਾ ਉਦਾਸ ਰਹਿੰਦਾ। ਉਸ ਨੇ ਧਰਮ-ਕਰਮ ਦੇ ਅਨੇਕਾਂ ਕੰਮ ਕੀਤੇ, ਖੂਹ ਖੁਦਵਾਏ, ਸਰਾਵਾਂ ਬਣਵਾਈਆਂ, ਪਰ ਫਿਰ ਵੀ ਉਹਦੇ ਘਰ ਸੰਤਾਨ ਨਾ ਹੋਈ। ਰਾਜੇ ਨੇ ਫਕੀਰਾਂ ਅਤੇ ਸਾਧਾਂ-ਸੰਤਾਂ ਦੀ ਸੇਵਾ ਕਰਨੀ ਸ਼ੁਰੂ ਕੀਤੀ, ਸ਼ਾਇਦ ਕਿਸੇ ਦੇ ਪੈਰਾਂ ਸਦਕਾ ਉਹਦੇ ਘਰ ਔਲਾਦ ਹੋ ਜਾਵੇ।

ਇਕ ਵਾਰ ਇਕ ਕਰਨੀ ਵਾਲਾ ਫਕੀਰ ਰਾਜੇ ਦੇ ਮਹਿਲਾਂ ਕੋਲੋਂ ਦੀ ਲੰਘਿਆ। ਰਾਜੇ ਨੇ ਉਸ ਨੂੰ ਸਦ ਕੇ ਚੰਗੀ ਆਓ ਭਗਤ ਕੀਤੀ। ਫਕੀਰ ਮਿਹਰ ਦੇ ਘਰ ਆ ਗਿਆ ਤੇ ਰਾਜੇ ਨੂੰ ਕਹਿਣ ਲਗਾ, "ਫਕੀਰ ਤਰੁਠੇ ਨੇ, ਕੁਝ ਮੰਗ ਲੈ।"

ਰਾਜੇ ਨੇ ਕਿਹਾ, "ਤੁਹਾਡਾ ਦਿਤਾ ਅਤੇ ਰੱਬ ਦਾ ਦਿਤਾ ਬਹੁਤ ਕੁਝ ਏ।"

ਫਕੀਰ ਨੇ ਦੂਜੀ ਵਾਰ ਕਿਹਾ। ਰਾਜੇ ਨੇ ਫਿਰ ਉਹੋ ਜਵਾਬ ਦਿਤਾ। ਪਰ ਜਦੋਂ ਤੀਜੀ ਵਾਰ ਫਕੀਰ ਨੇ ਕਿਹਾ, "ਅਜੇ ਵੀ ਵੇਲਾ ਏ, ਕੁਝ ਮੰਗ ਲੈ।" ਤਾਂ ਰਾਜਾ ਅਥਰੂ ਕੇਰਦਾ ਹੋਇਆ ਬੋਲਿਆ, "ਸਾਈਂ ਜੀ ! ਮੇਰੇ ਘਰ ਔਲਾਦ ਨਹੀਂ ਹੁੰਦੀ, ਤੁਸੀਂ ਹੀ ਕੋਈ ਉਪਾ ਕਰੋ।" ਇਹ ਕਹਿੰਦੇ ਹੋਏ ਰਾਜੇ ਨੇ ਫਕੀਰ ਦੇ ਚਰਨ ਫੜ ਲਏ।

ਫ਼ਕੀਰ ਨੇ ਉਸੇ ਵੇਲੇ ਆਪਣੀ ਸੋਟੀ ਰਾਜੇ ਦੇ ਹਥ ਫੜਾਂਦਿਆਂ ਕਿਹਾ, "ਸ਼ਹਿਰੋਂ ਬਾਹਰ ਇਕ ਅੰਬਾਂ ਦਾ ਦਰਖਤ ਏ। ਇਕੋ ਵਾਰ ਸੋਟੀ ਮਾਰਨਾ, ਉਪਰੋਂ ਸੱਤ ਅੰਬ ਹੇਠਾਂ ਡਿਗਣਗੇ। ਉਹ ਸਤੇ ਅੰਬ ਆਪਣੀਆਂ ਸਤਾਂ ਰਾਣੀਆਂ ਨੂੰ ਖਵਾ ਦੇਣਾ। ਤੁਹਾਡੇ ਘਰ ਸਤ ਪੁਤਰ ਜੰਮਣਗੇ।"

ਅਗਲੇ ਦਿਨ ਸਵੇਰੇ ਰਾਜਾ ਇਸ਼ਨਾਨ ਅਤੇ ਪੂਜਾ ਪਾਠ ਕਰਕੇ ਸ਼ਹਿਰੋਂ ਬਾਹਰ ਨਿਕਲ ਗਿਆ। ਉਹਦੇ ਹਥ ਵਿਚ ਫ਼ਕੀਰ ਦੀ ਦਿਤੀ ਸੋਟੀ ਸੀ। ਅੰਬ ਦੇ ਦਰਖਤ ਕੋਲ ਪਹੁੰਚ ਕੇ ਰਾਜੇ ਨੇ ਦਰਖਤ ਉਤੇ ਜ਼ੋਰ ਨਾਲ ਸੋਟੀ ਮਾਰੀ। ਪੂਰੇ ਸਤ ਅੰਬ ਹੇਠਾਂ ਡਿਗੇ। ਨਾ ਵਧ ਤੇ ਨਾ ਘਟ।

ਰਾਜਾ ਉਹ ਅੰਬ ਚੁਗ ਕੇ ਘਰ ਲੈ ਆਇਆ ਅਤੇ ਉਸ ਨੇ ਆਪਣੀਆਂ ਸਤਾਂ ਰਾਣੀਆਂ ਨੂੰ ਇਕ ਇਕ ਅੰਬ ਖਾਣ ਵਾਸਤੇ ਦਿਤਾ। ਛੇਆਂ ਰਾਣੀਆਂ ਨੇ ਉਸੇ ਵੇਲੇ ਆਪੋ ਆਪਣੇ ਅੰਬ ਖਾ ਲਏ। ਪਰ ਸਤਵੀਂ ਰਾਣੀ ਉਦੋਂ ਸਿਰ ਪਈ ਧੋਂਦੀ ਸੀ। ਉਸ ਨੇ ਰਾਜੇ ਨੂੰ ਆਖਿਆ ਕਿ ਮੇਰਾ ਅੰਬ ਛਿਕੇ ਵਿਚ ਰਖ ਦਿਓ, ਮੈਂ ਨਹਾ ਧੋ ਕੇ ਖਾ ਲਾਂ ਗੀ।

ਰਾਜੇ ਨੇ ਉਹਦੇ ਹਿੱਸੇ ਦਾ ਅੰਬ ਛਿੱਕੇ ਵਿਚ ਰਖ ਦਿਤਾ। ਛੋਟੀ ਰਾਣੀ ਨਹਾ ਧੋ ਕੇ ਉਠੀ ਤਾਂ ਕੰਮ ਧੰਦੇ ਵਿਚ ਰੁਝ ਗਈ। ਉਸ ਨੂੰ ਅੰਬ ਖਾਣ ਦਾ ਚੇਤਾ ਹੀ ਨਾ ਰਿਹਾ। ਰੱਬ ਦੀ ਕਰਨੀ, ਛਿੱਕੇ ਤੇ ਇਕ ਬਿਲੀ ਜਾ ਚੜ੍ਹੀ ਅਤੇ ਅੱਧਾ ਅੰਬ ਖਾ ਗਈ। ਤ੍ਰਿਕਾਲਾਂ ਵੇਲੇ ਰਾਣੀ ਨੂੰ ਅੰਬ ਖਾਣ ਦਾ ਚੇਤਾ ਆਇਆ। ਛਿੱਕੇ ਵਿਚੋਂ ਉਸ ਨੇ ਅੰਬ ਕਢਿਆ ਤਾਂ ਉਹ ਅੱਧਾ ਖਾਧਾ ਹੋਇਆ ਸੀ। ਉਹ ਬੜੀ ਪ੍ਰੇਸ਼ਾਨ ਹੋਈ ਕਿ ਹੁਣ ਕੀ ਕਰਾਂ। ਜੇ ਰਾਜੇ ਨੂੰ ਦਸਿਆ ਤਾਂ ਉਹ ਖਫ਼ਾ ਹੋਵੇਗਾ। ਸੋ ਉਹਨੇ ਚੁਪ ਚੁਪੀਤੇ ਅੱਧਾ ਅੰਬ ਹੀ ਖਾ ਲਿਆ।

ਕੁਝ ਚਿਰ ਬਾਅਦ ਸਤਾਂ ਰਾਣੀਆਂ ਦੇ ਘਰ ਬਾਲ ਜੰਮੇਂ। ਵਡੀਆਂ ਛੇ ਰਾਣੀਆਂ ਦੇ ਬਾਲ ਤਾਂ ਬੜੇ ਸੋਹਣੇ ਤੇ ਸੁਨਖੇ ਸਨ, ਪਰ ਨਿਕੀ ਰਾਣੀ ਜਿਸ ਨੇ ਅੱਧਾ ਅੰਬ ਖਾਧਾ ਸੀ, ਦੇ ਘਰ ਅੱਧਾ ਪੁਤਰ ਜੰਮਿਆਂ—ਇਕ ਹੱਥ, ਇਕ ਪੈਰ, ਅੱਧਾ ਸਿਰ, ਇਕੋ ਕੰਨ ਤੇ ਇਕੋ ਅੱਖਾ। ਛੋਟੀ ਰਾਣੀ ਬੜੀ ਦੁਖੀ ਹੋਈ। ਰਾਜਾ ਵੀ ਬੜਾ ਪ੍ਰੇਸ਼ਾਨ।

ਸਮਾਂ ਲੰਘਦਾ ਗਿਆ ਅਤੇ ਮਹੀਨੇ ਸਾਲ ਬਣ ਕੇ ਬੀਤਦੇ ਗਏ। ਸਤੋ ਭਰਾ

ਜਵਾਨ ਹੋ ਗਏ। ਅੱਧੇ ਭਾਈ ਦੇ ਅੰਗ ਭਾਵੇਂ ਅੱਧੇ ਸਨ, ਪਰ ਉਹ ਚੁਸਤੀ ਚਲਾਕੀ ਵਿਚ ਬਾਕੀ ਛੇਆਂ ਭਰਾਵਾਂ ਨੂੰ ਮਾਤ ਪਾ ਦਿੰਦਾ ਸੀ। ਇਸੇ ਲਈ ਬਾਕੀ ਭਰਾ ਉਸ ਨਾਲ ਖੁਣਸ ਖਾਣ ਲਗੇ।

ਇਕ ਵਾਰ ਛੇਆਂ ਭਰਾਵਾਂ ਨੇ ਖਟੀ ਕਮਾਈ ਲਈ ਪ੍ਰਦੇਸ ਜਾਣ ਦਾ ਫੈਸਲਾ ਕੀਤਾ। ਅੱਧਾ ਭਾਈ ਵੀ ਆਖਣ ਲਗਾ, "ਮੈਂ ਵੀ ਭਰਾਵਾਂ ਨਾਲ ਖਟੀ ਕਮਾਈ ਲਈ ਪ੍ਰਦੇਸ ਜਾਵਾਂਗਾ।"

ਛੋਟੀ ਰਾਣੀ ਇਹ ਗੱਲ ਸੁਣ ਕੇ ਬੜੀ ਹੈਰਾਨ ਹੋਈ ਤੇ ਕਹਿਣ ਲਗੀ, "ਤੂੰ ਅੱਧਾ ਏਂ, ਪ੍ਰਦੇਸਾਂ ਵਿਚ ਬੜੀਆਂ ਮੁਸੀਬਤਾਂ ਤੇ ਦੁਖ ਨੇ, ਚੰਗਾ ਭਲਾ ਆਦਮੀ ਨਹੀਂ ਝਲ ਸਕਦਾ, ਤੂੰ ਕਿਵੇਂ ਕਰੇਂਗਾ ?"

ਪਰ ਅੱਧੇ ਨੇ ਮਾਂ ਦੀ ਇਕ ਨਾ ਮੰਨੀ। ਉਹ ਇਕੋ ਰਟ ਲਗਾਈ ਗਿਆ ਕਿ ਮੈਂ ਜ਼ਰੂਰ ਜਾਣਾ ਏ। ਅਖੀਰ ਛੋਟੀ ਰਾਣੀ ਤਾਂ ਰਜ਼ਾਮੰਦ ਹੋ ਗਈ, ਪਰ ਬਾਕੀ ਭਰਾ ਅੱਧੇ ਨੂੰ ਆਪਣੇ ਨਾਲ ਲਿਜਾਣ ਲਈ ਤਿਆਰ ਨਾ ਹੋਏ। ਉਲਟਾ ਉਹਦੇ ਨਾਲ ਟਿਚਕਰਾਂ ਕਰਨ ਲਗੇ।

ਅਗਲੇ ਦਿਨ ਜਦੋਂ ਭਰਾ ਘਰੋਂ ਨਿਕਲੇ ਤਾਂ ਅੱਧਾ ਭਾਈ ਵੀ ਉਹਨਾਂ ਦੇ ਪਿਛੇ ਪਿਛੇ ਤੁਰ ਪਿਆ।

ਤੁਰਦੇ ਤੁਰਦੇ ਉਹ ਸ਼ਹਿਰੋਂ ਬਾਹਰ ਨਿਕਲ ਗਏ। ਰਾਹ ਵਿਚ ਇਕ ਵਡੀ ਸਾਰੀ ਬੇਰੀ ਆਈ। ਜਿਸ ਨੂੰ ਸੂਹੇ ਲਾਲ ਬੇਰ ਲਗੇ ਹੋਏ ਸਨ। ਵਡਾ ਭਰਾ ਬੇਰੀ ਉਪਰ ਚੜ੍ਹ ਕੇ ਬੇਰੀ ਨੂੰ ਝੂਣਨ ਲਗਾ। ਬਾਕੀ ਪੰਜੇ ਭਰਾ ਬੇਰ ਖਾਣ ਲਗੇ। ਅੱਧਾ ਭਾਈ ਵੀ ਬੇਰ ਚੁਣਨ ਲਗਾ ਤਾਂ ਬਾਕੀਆਂ ਨੇ ਉਸ ਨੂੰ ਰੋਕਦੇ ਹੋਏ ਕਿਹਾ, "ਖਬਰਦਾਰ ! ਜੇ ਸਾਡੇ ਝੜੇ ਹੋਏ ਬੇਰ ਚੁਣੇ ਨੀ ਤਾਂ।"

ਅੱਧੇ ਭਾਈ ਨੂੰ ਭੁੱਖ ਲਗੀ ਹੋਈ ਸੀ। ਉਸ ਨੇ ਭਰਾਵਾਂ ਦੇ ਬੜੇ ਤਰਲੇ ਕੀਤੇ। ਪਰ ਕਿਸੇ ਉਸ ਨੂੰ ਇਕ ਬੇਰ ਤਕ ਖਾਣ ਨੂੰ ਨਾ ਦਿਤਾ। ਅਖੀਰ ਉਹ ਇਕ ਪਾਸੇ ਬੈਠ ਗਿਆ ਤੇ ਭਰਾਵਾਂ ਦਾ ਮੂੰਹ ਤਕਦਾ ਰਿਹਾ।

ਭਰਾ ਉਥੋਂ ਤੁਰੇ ਤਾਂ ਅਗੇ ਖੱਖੜੀਆਂ ਦਾ ਇਕ ਖੇਤ ਆਇਆ। ਬੰਨ੍ਹੇ ਉਤੇ ਕੰਡਿਆਲੀ ਵਾੜ ਲਗੀ ਹੋਈ ਸੀ। ਇਕ ਥਾਂ ਝਾੜੀਆਂ ਵਿਚ ਵਿਰਲ ਸੀ, ਉਥੋਂ ਅੱਧਾ ਭਾਈ ਖੇਤ ਵਿਚ ਲੰਘ ਗਿਆ ਅਤੇ ਖੱਖੜੀਆਂ ਖਾਣ ਲਗਾ। ਬਾਕੀ ਭਰਾ ਬਾਹਰ ਖੜੇ ਵੇਖਦੇ ਰਹੇ। ਪਰ ਜਦੋਂ ਉਨ੍ਹਾਂ ਦਾ ਦਿਲ ਖੱਖੜੀਆਂ ਲਈ, ਲਲਚਾਣ ਲਗਾ ਤਾਂ ਉਹਨਾਂ ਨੇ ਅੱਧੇ ਭਾਈ ਨੂੰ ਕਿਹਾ, "ਸਾਡੇ ਲਈ ਵੀ ਥੋੜੀਆਂ ਜਿਹੀਆਂ ਖੱਖੜੀਆਂ ਬਾਹਰ ਸੁਟ ਦੇ।"

"ਤੁਸਾਂ ਮੈਨੂੰ ਬੇਰ ਦਿਤੇ ਸਨ, ਜੇ ਮੈਂ ਤੁਹਾਨੂੰ ਖੱਖੜੀਆਂ ਦੇਵਾਂ ?"

ਛੇਆਂ ਭਰਾਵਾਂ ਨੂੰ ਬੜਾ ਗੁੱਸਾ ਚੜ੍ਹਿਆ। ਜਦੋਂ ਅੱਧਾ ਭਾਈ ਖੇਤ ਵਿਚੋਂ ਬਾਹਰ ਨਿਕਲਿਆ ਤਾਂ ਭਰਾਵਾਂ ਨੇ ਉਸ ਨੂੰ ਫੜ ਕੇ ਖੂਬ ਮਾਰਿਆ ਕੁਟਿਆ। ਫਿਰ ਉਸ ਨੂੰ ਇਕ ਦਰਖਤ ਨਾਲ ਬੰਨ੍ਹ ਦਿਤਾ ਤੇ ਆਪ ਉਥੋਂ ਅਗੇ ਤੁਰ ਪਏ।

ਕਾਫੀ ਚਿਰ ਤਕ ਅੱਧਾ ਭਾਈ ਦਰਖਤ ਨਾਲ ਬੰਨ੍ਹਿਆ ਰਿਹਾ। ਉਧਰੋਂ

ਕੋਈ ਮੁਸਾਫਰ ਲੰਘਿਆ। ਉਸ ਨੇ ਤਰਸ ਖਾ ਕੇ ਅੱਧੇ ਭਾਈ ਦੀ ਰੱਸੀ ਖੋਲ੍ਹ ਦਿਤੀ। ਅੱਧਾ ਭਾਈ ਦੌੜਦਾ ਹੋਇਆ ਭਰਾਵਾਂ ਵਿਚ ਆ ਰਲਿਆ। ਉਹਨੂੰ ਵੇਖ ਕੇ ਭਰਾ ਬੜੇ ਹੈਰਾਨ ਹੋਏ।

ਫਿਰ ਸਾਰੇ ਭਰਾ ਰਲ ਕੇ ਤੁਰਦੇ ਗਏ, ਤੁਰਦੇ ਗਏ। ਉਹ ਫਿਰ ਉਜਾੜ ਬੀਆਬਾਨ ਵਿਚੋਂ ਦੀ ਲੰਘ ਰਹੇ ਸਨ। ਜਦੋਂ ਹਨੇਰਾ ਸੰਘਣਾ ਹੋਣ ਲਗਾ ਤਾਂ ਸਭ ਭਰਾਵਾਂ ਨੇ ਜੰਗਲ ਵਿਚ ਹੀ ਰਾਤ ਕਟਣ ਦਾ ਫੈਸਲਾ ਕੀਤਾ।

ਦੂਰੋਂ ਉਨ੍ਹਾਂ ਨੂੰ ਇਕ ਦੀਵਾ ਜਗਦਾ ਵਿਖਾਈ ਦਿਤਾ। ਉਹ ਰੌਸ਼ਨੀ ਦੀ ਸੇਧ ਵਿਚ ਤੁਰ ਪਏ। ਉਥੇ ਪੁਜ ਕੇ ਉਨ੍ਹਾਂ ਇਕ ਵਡਾ ਸਾਰਾ ਮਕਾਨ ਵੇਖਿਆ। ਉਥੇ ਇਕ ਰਾਖਸ਼ਣੀ ਰਹਿੰਦੀ ਸੀ, ਜੋ ਭੁਲੇ ਭਟਕੇ ਮੁਸਾਫਰਾਂ ਨੂੰ, ਆਪਣੀਆਂ ਧੀਆਂ ਦੀ ਮਦਦ ਨਾਲ, ਘੇਰ ਕੇ ਲੈ ਆਉਂਦੀ। ਅਧੀ ਰਾਤ ਵੇਲੇ ਜਦੋਂ ਮੁਸਾਫਰ ਘੂਕ ਸੁਤਾ ਹੁੰਦਾ ਤਾਂ ਉਹਨੂੰ ਮਾਰ ਕੇ ਉਹ ਖਾ ਜਾਂਦੀ। ਇਸ ਰਾਖਸ਼ਣੀ ਦੀਆਂ ਛੇ ਧੀਆਂ ਸਨ।

ਬੁਢੀ ਰਾਖਸ਼ਣੀ ਸਤਾਂ ਭਰਾਵਾਂ ਨੂੰ ਵੇਖਕੇ ਬੜੀ ਪ੍ਰਸੰਨ ਹੋਈ। ਕਈ ਦਿਨਾਂ ਤੋਂ ਉਸ ਨੂੰ ਕੋਈ ਆਦਮੀ ਖਾਣ ਨੂੰ ਨਹੀਂ ਸੀ ਮਿਲਿਆ ਅਜ ਉਹ ਰਜ ਕੇ ਮਨੁਖ ਦਾ ਮਾਸ ਖਾਣਗੀਆਂ। ਉਸ ਦੀਆਂ ਧੀਆਂ ਵੀ ਸਤਾਂ ਜੁਆਨਾਂ ਨੂੰ ਵੇਖ ਕੇ ਮਚਲਣ ਲਗੀਆਂ।

ਬੁਢੀ ਰਾਖਸ਼ਣੀ ਨੇ ਸਤਾਂ ਭਰਾਵਾਂ ਦੀ ਬੜੀ ਆਓ ਭਗਤ ਕੀਤੀ। ਉਨ੍ਹਾਂ ਦੇ ਖਾਣ ਵਾਸਤੇ ਕਈ ਤਰ੍ਹਾਂ ਦੇ ਵਧੀਆ ਪਦਾਰਥ ਤਿਆਰ ਕੀਤੇ। ਜਦੋਂ ਸਤੇ ਭਰਾ ਰੋਟੀ ਖਾ ਚੁਕੇ ਤਾਂ ਰਾਖਸ਼ਣੀ ਨੇ ਉਹਨਾਂ ਦੇ ਸੌਣ ਦਾ ਪ੍ਰਬੰਧ ਕੀਤਾ। ਵਿਹੜੇ ਵਿਚ ਇਕ ਪਾਸੇ ਉਸ ਨੇ ਆਪਣੀਆਂ ਛੇਆਂ ਕੁੜੀਆਂ ਦੀਆਂ ਮੰਜੀਆਂ ਵਿਛਾਈਆਂ ਅਤੇ ਦੂਜੇ ਪਾਸੇ ਸਤਾਂ ਭਰਾਵਾਂ ਦੀਆਂ। ਆਪਣੀ ਮੰਜੀ ਉਸ ਨੇ ਡਿਉਢੀ ਵਿਚ ਵਿਛਾ ਦਿਤੀ।

ਅੱਧਾ ਭਾਈ ਕਹਿਣ ਲਗਾ, "ਮੈਨੂੰ ਤਾਂ ਮੰਜੀ ਉਤੇ ਨੀਂਦਰ ਨਹੀਂ ਆਉਂਦੀ। ਮੈਂ ਤਾਂ ਛਿੱਕੇ ਵਿਚ ਸੌਵਾਂਗਾ।" ਪਸਾਰ ਦੀ ਛੱਤ ਨਾਲ ਇਕ ਵਡਾ ਸਾਰਾ ਛਿੱਕਾ ਟੰਗਿਆ ਹੋਇਆ ਸੀ। ਅੱਧਾ ਭਾਈ ਉਛਲ ਕੇ ਉਸ ਵਿਚ ਜਾ ਵੜਿਆ ਅਤੇ ਗੋਲ ਮੋਲ ਹੋ ਕੇ ਲੇਟ ਗਿਆ। ਇਸ ਛਿੱਕੇ ਤੋਂ ਘਰ ਦੀ ਹਰ ਨੁਕਰ ਵਿਖਾਈ ਦੇਂਦੀ ਸੀ। ਅੱਧਾ ਭਾਈ ਅੱਖਾਂ ਮੀਟ ਕੇ ਸੌਣ ਦਾ ਬਹਾਨਾ ਕਰਨ ਲਗਾ। ਪਰ ਵਿਚੋਂ ਉਹ ਚੋਰ ਅੱਖੀਂ ਬੁਢੀ ਨੂੰ ਤਾੜ ਰਿਹਾ ਸੀ। ਉਸ ਨੂੰ ਬੁਢੀ ਦੇ ਤੌਰ ਤਰੀਕੇ ਕੁਝ ਚੰਗੇ ਨਾ ਲਗੇ, ਸੋ ਉਹ ਸਾਵਧਾਨ ਹੋ ਗਿਆ।

ਜਿਸ ਵੇਲੇ ਬੁਢੀ ਦੀਆਂ ਧੀਆਂ ਅਤੇ ਅੱਧੇ ਦੇ ਭਰਾ ਸੌਂ ਗਏ ਤਾਂ ਬੁਢੀ ਰਾਖਸ਼ਣੀ ਆਪਣੀ ਮੰਜੀ ਤੋਂ ਆਹਿਸਤਾ ਜਿਹੀ ਉਠੀ ਤੇ ਰੌਸ਼ਨੀ ਵਿਚ ਜਾ ਕੇ ਛੁਰੀਆਂ ਨੂੰ ਪੱਥਰ ਉਤੇ ਰਗੜ ਕੇ ਤੇਜ਼ ਕਰਨ ਲਗੀ। ਛਿਕੇ ਵਿਚ ਪਿਆ ਅੱਧਾ ਭਾਈ ਜਾਗਦਾ ਸੀ ਤੇ ਬੁਢੀ ਦੀ ਇਹ ਕਰਤੂਤ ਵੇਖ ਰਿਹਾ ਸੀ। ਉਸ ਨੇ ਹੌਂਸਲਾ ਇਕਠਾ ਕਰਦੇ ਹੋਏ ਬੁਢੀ ਨੂੰ ਕਿਹਾ—

ਬੁਢੀ ਮਾਂ,
ਕੀ ਲਿਸ਼ਕਾਨੀਂ ਏਂ,

ਕੀ ਮੁਸ਼ਕਾਨੀ ਏਂ,
ਕਿ ਅੱਧਾ ਭਾਈ ਜਾਗਦਾ।

ਬੁਢੀ ਘਬਰਾ ਗਈ ਤੇ ਉਸੇ ਵੇਲੇ ਅੱਧੇ ਭਾਈ ਦੇ ਕੋਲ ਦੌੜਦੀ ਹੋਈ ਆਈ ਤੇ ਕਹਿਣ ਲਗੀ, "ਤੂੰ ਸੌਂ ਜਾ ! ਸਵੇਰ ਦਾ ਖਾਣਾ ਤਿਆਰ ਕਰਨ ਲਈ ਮੈਂ ਸਬਜ਼ੀ ਕਟਣ ਲਗੀ ਹਾਂ, ਇਸ ਵਾਸਤੇ ਛੁਰੀਆਂ ਤੇਜ਼ ਕਰ ਰਹੀ ਹਾਂ।"

"ਪਰ ਮੈਨੂੰ ਤਾਂ ਨੀਂਦਰ ਨਹੀਂ ਪੈਂਦੀ।" ਅੱਧੇ ਭਾਈ ਨੇ ਕਿਹਾ।

"ਤੈਨੂੰ ਨੀਂਦਰ ਕਿਵੇਂ ਪਏਗੀ ?"

"ਮੇਰੀ ਮਾਂ ਰਾਤੀਂ ਰੋਜ਼ ਪੂੜੇ ਤਲ ਕੇ ਖਵਾਂਦੀ ਸੀ। ਇਥੇ ਮੈਨੂੰ ਕੌਣ ਪੂੜੇ ਤਲ ਕੇ ਖਵਾਏ।"

ਬੁਢੀ ਨੇ ਸੋਚਿਆ ਜੇ ਇਸ ਨੂੰ ਪੂੜੇ ਤਲ ਕੇ ਨਾ ਖਵਾਏ ਤਾਂ ਇਹ ਸਾਰੀ ਰਾਤ ਜਾਗਦਾ ਰਹੇਗਾ। ਸੋ ਉਸ ਨੇ ਉਸੇ ਵੇਲੇ ਤਵਾ ਧਰ ਕੇ ਅੱਧੇ ਭਾਈ ਵਾਸਤੇ ਪੂੜੇ ਤਿਆਰ ਕੀਤੇ। ਪੂੜੇ ਖਾ ਕੇ ਅੱਧਾ ਭਾਈ ਫਿਰ ਛਿਕੇ ਵਿਚ ਲੰਮਾ ਪੈ ਗਿਆ।

ਥੋੜੀ ਦੇਰ ਲੰਘੀ ਤਾਂ ਬੁਢੀ ਨੇ ਵੇਖਿਆ, ਅੱਧਾ ਭਾਈ ਛਿਕੇ ਵਿਚ ਘੁਰਾੜੇ ਮਾਰ ਰਿਹਾ ਹੈ, ਤਾਂ ਉਹ ਫਿਰ ਛੁਰੀਆਂ ਲੈ ਕੇ ਤੇਜ਼ ਕਰਨ ਲਗੀ।

ਵਿਚੋਂ ਅੱਧਾ ਭਾਈ ਸੁਤਾ ਨਹੀਂ ਸੀ, ਜਾਣ ਬੁਝ ਕੇ ਘੁਰਾਣੇ ਮਾਰ ਰਿਹਾ ਸੀ। ਸੋ ਉਹ ਕਹਿਣ ਲਗਾ—

ਬੁਢੀ ਮਾਈ,
ਕੀ ਲਿਸ਼ਕਾਂਦੀ,
ਕੀ ਮੁਸ਼ਕਾਂਦੀ,
ਕਿ ਅੱਧਾ ਭਾਈ ਜਾਗਦਾ।

ਬੁਢੀ ਘਬਰਾ ਗਈ ਤੇ ਅੱਧੇ ਕੋਲ ਆ ਕੇ ਕਹਿਣ ਲਗੀ, "ਤੂੰ ਅਜੇ ਸੁਤਾ ਕਿਉਂ ਨਹੀਂ, ਕੀ ਗੱਲ ਏ ?"

"ਮਾਂ, ਨੀਂਦਰ ਨਹੀਂ ਆਉਂਦੀ।"

"ਕਿਉਂ ਬੱਚਾ ਕੀ ਗੱਲ ਏ ?"

"ਮਾਂ ਮੈਨੂੰ ਪੂੜਿਆਂ ਦੇ ਨਾਲ ਰੋਜ਼ ਖੀਰ ਦਿਤਾ ਕਰਦੀ ਸੀ। ਖੀਰ ਖਾਧੇ ਬਗੈਰ ਨੀਂਦਰ ਨਹੀਂ ਆ ਰਹੀ।"

"ਜੇ ਆਖੇਂ ਤਾਂ ਹੁਣੇ ਖੀਰ ਰਿੰਨ੍ਹ ਦਿਆਂ।" ਫਿਰ ਬੁਢੀ ਕੁੜਦੀ ਹੋਈ ਰਸੋਈ ਵਿਚ ਗਈ ਅਤੇ ਅੱਗ ਬਾਲ ਕੇ ਖੀਰ ਤਿਆਰ ਕਰਨ ਲਗੀ। ਜਦੋਂ ਖੀਰ ਬਣ ਗਈ ਤਾਂ ਅੱਧੇ ਭਾਈ ਨੇ ਬੜੇ ਸਵਾਦ ਨਾਲ ਖਾਧੀ ਤੇ ਫਿਰ ਛਿਕੇ ਉਤੇ ਚੜ੍ਹ ਕੇ ਲੇਟ ਗਿਆ, "ਮਾਂ ਹੁਣ ਮੈਂ ਸੌਣ ਲਗਾ ਹਾਂ।"

ਝਟ ਕੁ ਬੁਢੀ ਆਪਣੇ ਮੰਜੇ ਉਤੇ ਲੰਮੀ ਪਈ ਰਹੀ। ਜਦੋਂ ਉਸਨੇ ਵੇਖਿਆ ਕਿ ਅੱਧਾ ਭਾਈ ਜ਼ੋਰ ਦੇ ਘੁਰਾੜੇ ਮਾਰ ਰਿਹੈ ਤਾਂ ਉਹ ਉਠ ਬੈਠੀ ਤੇ ਫਿਰ ਛੁਰੀਆਂ ਤੇਜ਼ ਕਰਨ ਲਗੀ। ਅੱਧਾ ਭਾਈ ਸੁਤਾ ਨਹੀਂ ਸੀ। ਅੱਧ-ਮੀਟੀਆਂ ਅੱਖਾਂ ਨਾਲ ਬੁਢੀ ਮਾਈ ਨੂੰ ਤਾੜ ਰਿਹਾ ਸੀ। ਸੋ ਉਹ ਫਿਰ ਬੋਲ ਪਿਆ—

ਬੁਢੀ ਮਾਈ
ਕੀ ਲਿਸ਼ਕਾਂਦੀ
ਕੀ ਮੁਸ਼ਕਾਂਦੀ
ਕਿ ਅੱਧਾ ਭਾਈ ਜਾਗਦਾ।

ਬੁਢੀ ਮਾਈ ਨੂੰ ਕਰੋਧ ਆ ਗਿਆ, "ਵੇ ਅੱਧਿਆ ! ਅਜ ਤੂੰ ਸੌਂਦਾ ਮਰਦਾ ਕਿਉਂ ਨਹੀਂ, ਹੁਣ ਤੈਨੂੰ ਕੀ ਚਾਹੀਦਾ ਏ।"

"ਸੌਂ ਤਾਂ ਗਿਆ ਸਾਂ, ਪਿਆਸ ਲਗ ਗਈ ਏ, ਤੂੰ ਪੂੜਿਆਂ ਵਿਚ ਘਿਉ ਜ਼ਿਆਦਾ ਪਾ ਦਿਤਾ ਸੀ, ਹੁਣ ਨੀਂਦਰ ਕਿਵੇਂ ਪਵੇ ?" ਅੱਧੇ ਭਾਈ ਨੇ ਕਿਹਾ।

ਬੁਢੀ ਘੜੇ ਵਿਚੋਂ ਪਾਣੀ ਲੈਣ ਗਈ ਤਾਂ ਉਹ ਖਾਲੀ ਸੀ। ਅੱਧਾ ਭਾਈ ਜਦੋਂ ਖੀਰ ਖਾ ਕੇ ਛਿਕੇ ਉਤੇ ਚੜ੍ਹਨ ਲਗਾ ਤਾਂ ਉਸ ਨੇ ਪੈਰ ਮਾਰ ਕੇ ਘੜਾ ਭੰਨ ਦਿਤਾ ਸੀ, ਜਿਸ ਕਰਕੇ ਸਾਰਾ ਪਾਣੀ ਹੌਲੇ ਹੌਲੇ ਵਗ ਗਿਆ ਸੀ।

"ਘੜਾ ਤਾਂ ਖਾਲੀ ਪਿਆ ਏ। ਪਾਣੀ ਕਿਥੋਂ ਲਿਆਵਾਂ ?" ਬੁਢੀ ਨੇ ਕਿਹਾ।

"ਕੋਈ ਡਰ ਨਹੀਂ, ਮੈਂ ਭਰਾਵਾਂ ਨੂੰ ਜਗਾ ਕੇ ਬਾਹਰੋਂ ਨਦੀ ਉਤੋਂ ਪਾਣੀ ਪੀ ਆਉਂਦਾ ਹਾਂ।" ਅੱਧੇ ਭਾਈ ਨੇ ਜੁਆਬ ਦਿਤਾ, "ਡਾਹਢੀ ਪਿਆਸ ਲਗੀ ਏ।"

ਬੁਢੀ ਕੋਲ ਕੋਈ ਚਾਰਾ ਨਾ ਰਿਹਾ ਤੇ ਕਹਿਣ ਲਗੀ, "ਅੱਛਾ, ਮੈਂ ਤੇਰੇ ਵਾਸਤੇ ਨਦੀ ਤੋਂ ਪਾਣੀ ਲਿਆਂਦੀ ਹਾਂ।"

ਅੱਧਾ ਭਾਈ ਕਹਿਣ ਲਗਾ, "ਤੂੰ ਮੇਰਾ ਗੜਵਾ ਲੈ ਜਾ, ਇਸ ਵਿਚ ਬਹੁਤ ਸਾਰਾ ਪਾਣੀ ਆ ਜਾਵੇਗਾ।" ਫਿਰ ਅੱਧਾ ਭਾਈ ਛਿਕੇ ਤੋਂ ਹੇਠਾਂ ਉਤਰਿਆ ਅਤੇ ਬੁਢੀ ਨੂੰ ਆਪਣਾ ਗੜਵਾ ਦਿਤਾ। ਉਸ ਗੜਵੇ ਹੇਠਾਂ ਨਿਕੀਆਂ ਨਿਕੀਆਂ ਮੋਰੀਆਂ ਸਨ ਅਤੇ ਬਹੁਤੀ ਦੇਰ ਉਹਦੇ ਵਿਚ ਪਾਣੀ ਨਹੀਂ ਸੀ ਠਹਿਰਦਾ।

ਬੁਢੀ ਰਾਖਸ਼ਣੀ ਬੁੜ ਬੁੜ ਕਰਦੀ ਪਾਣੀ ਲੈਣ ਨਦੀ ਵਲ ਚਲੀ ਗਈ।

ਬੁਢੀ ਦੇ ਜਾਣ ਤੋਂ ਬਾਅਦ ਅੱਧੇ ਭਾਈ ਨੇ ਆਪਣੇ ਭਰਾਵਾਂ ਨੂੰ ਜਗਾਇਆ ਅਤੇ ਸਾਰੀ ਗੱਲ ਸਮਝਾਂਦਿਆਂ ਕਿਹਾ, "ਇਹ ਬੁਢੀ ਤਾਂ ਰਾਖਸ਼ਣੀ ਏ, ਜੇ ਜਾਨ ਬਚਾਣੀ ਚਾਹੁੰਦੇ ਹੋ ਤਾਂ ਨਠ ਚਲੋ। ਉਹ ਪਾਣੀ ਲੈ ਕੇ ਹੁਣੇ ਵਾਪਸ ਆਉਂਦੀ ਹੋਵੇਗੀ।" ਫਿਰ ਅੱਧੇ ਨੇ ਭਰਾਵਾਂ ਨੂੰ ਉਹ ਛੁਰੀਆਂ ਵਿਖਾਈਆਂ, ਜੋ ਰਾਖਸ਼ਣੀ ਧਾਰ ਉਤੇ ਤੇਜ਼ ਕਰ ਰਹੀ ਸੀ।

ਭਰਾ ਘਬਰਾ ਕੇ ਇਧਰ ਉਧਰ ਨੱਠਣ ਲਗੇ। ਅੱਧੇ ਭਾਈ ਨੇ ਸਮਝਾਇਆ, "ਕਾਹਲੀ ਨਾ ਕਰੋ, ਜੇ ਅਸੀਂ ਨਠ ਗਏ ਤਾਂ ਬੁਢੀ ਸਾਡਾ ਪਿਛਾ ਕਰ ਕੇ ਸਾਨੂੰ ਫੜ ਲਏਗੀ। ਉਹ ਰਾਖਸ਼ਣੀ ਏ। ਇਸ ਲਈ ਕੋਈ ਅਜਿਹਾ ਅਡੰਬਰ ਕਰਨਾ ਚਾਹੀਦਾ ਏ ਕਿ ਉਹਨੂੰ ਸਾਡੇ ਨਠ ਜਾਣ ਦਾ ਸ਼ਕ ਨਾ ਪਏ।"

ਫਿਰ ਅੱਧੇ ਭਾਈ ਨੂੰ ਇਕ ਤਰਕੀਬ ਸੁਝੀ। ਉਸ ਨੇ ਭਰਾਵਾਂ ਦੀ ਮਦਦ ਨਾਲ ਬੁਢੀ ਦੀਆਂ ਸਤਾਂ ਧੀਆਂ ਦੀਆਂ ਮੰਜੀਆਂ ਉਸ ਪਾਸੇ ਵਲ ਕਰ ਦਿਤੀਆਂ ਜਿਧਰ ਅੱਧੇ ਦੇ ਭਰਾ ਸੁਤੇ ਸਨ ਅਤੇ ਆਪਣੇ ਭਰਾਵਾਂ ਦੀਆਂ ਮੰਜੀਆਂ ਦੂਜੇ ਪਾਸੇ ਵਲ। ਫਿਰ ਉਸ ਨੇ ਛਿਕੂ ਵਿਚ ਇਕ ਚਾਦਰ ਇਉਂ ਤਾਣ ਦਿਤੀ ਜਿਵੇਂ ਕੋਈ ਬੰਦਾ ਚਾਦਰ ਉਪਰ

ਲਈ ਸੁਤਾ ਪਿਆ ਹੋਵੇ। ਇਸ ਤੋਂ ਬਾਅਦ ਸਤੇ ਭਰਾ ਉਥੋਂ ਨਠ ਗਏ।

ਬੁਢੀ ਰਾਖਸ਼ਣੀ ਨੇ ਜਦੋਂ ਦਰਿਆ ਵਿਚੋਂ ਪਾਣੀ ਦਾ ਗੜਵਾ ਭਰਿਆ ਤਾਂ ਉਹ ਵਗਣ ਲਗਾ। ਬੁਢੀ ਚਾਰ ਕਦਮ ਹੀ ਗਈ ਸੀ ਕਿ ਗੜਵਾ ਖਾਲੀ ਹੋ ਗਿਆ। ਉਹ ਦੋਬਾਰਾ ਭਰਨ ਲਗੀ, ਪਰ ਉਹ ਫਿਰ ਖਾਲੀ ਹੋ ਗਿਆ। ਬੁਢੀ ਰਾਖਸ਼ਣੀ ਬੜੀ ਦੁਖੀ ਹੋਈ। ਜੇ ਪਾਣੀ ਭਰ ਕੇ ਨਾ ਖੜਿਆ ਤਾਂ ਅੱਧਾ ਭਾਈ ਸੌਵੇਂਗਾ ਨਹੀਂ। ਅਖੀਰ ਉਸ ਨੂੰ ਇਕ ਤਰਕੀਬ ਸੁਝੀ। ਉਸ ਨੇ ਆਪਣੀ ਚੁੰਨੀ ਉਤਾਰ ਕੇ ਗੜਵੇ ਦੀ ਤਹਿ ਵਿਚ ਦੇ ਦਿਤੀ ਅਤੇ ਗੜਵੇ ਨੂੰ ਭਰ ਕੇ ਕਾਹਲੀ ਕਾਹਲੀ ਘਰ ਵਲ ਤੁਰ ਪਈ।

ਬੁਢੀ ਜਦੋਂ ਸਾਹੋ ਸਾਹ ਘਰ ਪਹੁੰਚੀ ਤਾਂ ਅਗੇ ਚੁਪ ਵਰਤੀ ਵੇਖ ਕੇ ਉਸਨੇ ਸਮਝਿਆ ਕਿ ਅੱਧਾ ਭਾਈ ਵੀ ਸੌਂ ਗਿਐ। ਸੋ ਉਹ ਬੜੀ ਖੁਸ਼ ਹੋਈ। ਪਾਣੀ ਦਾ ਗੜਵਾ ਇਕ ਪਾਸੇ ਧਰ ਕੇ ਉਹ ਛੁਰੀਆਂ ਤੇਜ਼ ਕਰਨ ਲਗੀ। ਫਿਰ ਉਹ ਇਕ ਇਕ ਕਰਕੇ ਸਭਨਾਂ ਭਰਾਵਾਂ ਦੀਆਂ ਮੰਜੀਆਂ ਕੋਲ ਗਈ ਅਤੇ ਵਾਰੋ ਵਾਰੀ ਉਨ੍ਹਾਂ ਦੀਆਂ ਰਜ਼ਾਈਆਂ ਵਿਚ ਹਥ ਪਾ ਕੇ, ਉਨ੍ਹਾਂ ਦੇ ਪੇਟ ਵਿਚ ਛੁਰੀਆਂ ਖੋਭਦੀ ਰਹੀ ਤਾਂ ਜੋ ਦੂਜੇ ਭਰਾ ਜਾਗ ਨਾ ਪੈਣ। ਫਿਰ ਬੁਢੀ ਮਾਈ ਛਿਕੇ ਵਲ ਗਈ ਅਤੇ ਸੋਚਣ ਲਗੀ, "ਇਸ ਅੱਧੇ ਨੇ ਮੈਨੂੰ ਬੜਾ ਸਤਾਇਆ ਏ, ਸਵੇਰੇ ਮੈਂ ਇਸ ਨੂੰ ਤਸੀਹੇ ਦੇ ਕੇ ਮਾਰਾਂਗੀ। ਇਹ ਤਾਂ ਅੱਧਾ ਏ, 'ਕਲਾ ਕਾਰਾ ਕੀ ਕਰ ਸਕਦਾ ਏ।" ਸੋ ਉਹ ਇਹ ਸੋਚ ਕੇ ਸੌਂ ਗਈ ਕਿ ਸਵੇਰੇ ਜਾਗ ਕੇ, ਛੇਆਂ ਭਰਾਵਾਂ ਨੂੰ ਭੁੰਨ ਕੇ, ਧੀਆਂ ਨਾਲ ਰਲ ਕੇ ਖਾਵਾਂਗੀ।

ਜਦੋਂ ਸਵੇਰ ਹੋਈ ਤਾਂ ਉਹ ਧੀਆਂ ਨੂੰ ਜਗਾਣ ਲਗੀ, ਪਰ ਜਿਸ ਮੰਜੀ ਨੂੰ ਹੱਥ ਲਾਏ ਉਹੋ ਹੀ ਸਖਣੀ। ਬੁਢੀ ਹੈਰਾਨ ਪਰੇਸ਼ਾਨ ਹੋ ਕੇ ਭਰਾਵਾਂ ਦੀਆਂ ਮੰਜੀਆਂ ਵਲ ਵਧੀ ਅਤੇ ਰਜਾਈ ਚੁਕ ਕੇ ਵੇਖਣ ਲਗੀ। ਇਹ ਤਾਂ ਉਹਦੀਆਂ ਆਪਣੀਆਂ ਹੀ ਧੀਆਂ ਮੋਈਆਂ ਪਈਆਂ ਹਨ। ਬੁਢੀ ਰੋਣ ਪਿਟਣ ਲਗੀ। ਉਹਦਾ ਸਾਰਾ ਘਰ ਬਰਬਾਦ ਹੋ ਗਿਆ ਸੀ।

"ਮੈਂ ਵੀ ਬਦਲਾ ਲੈ ਕੇ ਛਡਾਂਗੀ ਤੇ ਇਕ ਇਕ ਨੂੰ ਜ਼ਿੰਦਾ ਨਹੀਂ ਛਡਾਂਗੀ।" ਇਹ ਕਹਿ ਕੇ ਬੁਢੀ ਰਾਖਸ਼ਣੀ ਵਾਹੋ ਦਾਹੀ ਜੰਗਲ ਵਲ ਤੁਰ ਪਈ ਤੇ ਸਤਾਂ ਭਰਾਵਾਂ ਨੂੰ ਢੂੰਡਦੀ ਹੋਈ ਪਿਛਾ ਕਰਨ ਲਗੀ।

ਉਧਰ ਭਰਾ ਸਾਰੀ ਰਾਤ ਤੁਰਦੇ ਗਏ, ਤੁਰਦੇ ਗਏ। ਜਦੋਂ ਉਹ ਬਹੁਤ ਥਕ ਗਏ ਤਾਂ ਇਕ ਦਰਖਤ ਹੇਠਾਂ ਲੰਮੇ ਪੈ ਰਹੇ। ਉਨ੍ਹਾਂ ਦੀ ਅੱਖ ਲਗ ਗਈ। ਅੱਧਾ ਭਾਈ ਜਾਗਦਾ ਹੋਇਆ ਪਹਿਰਾ ਦੇਣ ਲਗਾ। ਸਵੇਰ ਹੋਈ। ਅਚਾਨਕ ਅੱਧੇ ਭਾਈ ਨੂੰ ਦੂਰੋਂ ਰਾਖਸ਼ਣੀ ਆਉਂਦੀ ਵਿਖਾਈ ਦਿਤੀ। ਉਸ ਨੇ ਭਰਾਵਾਂ ਨੂੰ ਜਗਾਇਆ। ਭਰਾਵਾਂ ਦਾ ਜਿਧਰ ਮੂੰਹ ਆਇਆ ਉਧਰ ਦੌੜ ਪਏ ਤੇ ਅਗੇ ਜਾ ਕੇ ਦਰਖਤਾਂ ਉਤੇ ਚੜ੍ਹ ਕੇ ਟਹਿਣਾਂ ਵਿਚ ਛੁਪ ਗਏ। ਪਰ ਅੱਧੇ ਭਾਈ ਦੇ ਪੈਰਾਂ ਵਿਚ ਸੂਲ ਚੁਭ ਗਈ। ਅਜੇ ਉਹ ਸੂਲ ਕਢਦਾ ਹੀ ਪਿਆ ਸੀ ਕਿ ਬੁਢੀ ਰਾਖਸ਼ਣੀ ਨੇ ਉਸ ਨੂੰ ਗਿਚੀਓਂ ਫੜ ਲਿਆ ਅਤੇ ਮਾਰ ਕੁਟ ਕੇ ਕਹਿਣ ਲਗੀ, "ਤੂੰ ਹੀ ਸਾਰੀ ਸ਼ਰਾਰਤਾਂ ਦੀ ਜੜ੍ਹ ਏਂ, ਤੂੰ ਮੇਰੀਆਂ

ਧੀਆਂ ਦਾ ਖੂਨ ਮੇਰੇ ਹਥੋਂ ਕਰਵਾਇਆ ਏ। ਮੈਂ ਤੈਨੂੰ ਲੂਣ ਮਿਰਚਾਂ ਲਾ ਕੇ ਅਤੇ ਜੀਂਦੇ ਨੂੰ ਭੁੰਨ ਕੇ ਖਾਵਾਂਗੀ, ਤਾਂ ਮੇਰਾ ਕਲੇਜਾ ਠੰਢਾ ਹੋਵੇਗਾ।"

ਫਿਰ ਅੱਧੇ ਭਾਈ ਨੂੰ ਬੋਰੀ ਵਿਚ ਬੰਨ ਲਿਆ ਤੇ ਬੋਰੀ ਨੂੰ ਪਿਠ ਉਤੇ ਚੁਕ ਕੇ ਬੁਢੀ ਰਾਖਸ਼ਣੀ ਘਰ ਵਲ ਤੁਰ ਪਈ। ਰਾਹ ਵਿਚ ਇਕ ਪਿੰਡ ਆਇਆ। ਬੋਰੀ ਦੇ ਭਾਰ ਹੇਠ ਬੁਢੀ ਥਕ ਚੁਕੀ ਸੀ ਤੇ ਉਸ ਨੇ ਉਹ ਬੋਰੀ ਇਕ ਲੁਹਾਰ ਦੀ ਦੁਕਾਨ ਉਤੇ ਧਰਦੇ ਹੋਏ ਕਿਹਾ, "ਭਰਾਵਾ ! ਮੇਰੀ ਇਸ ਬੋਰੀ ਦਾ ਧਿਆਨ ਰਖੀਂ, ਮੇਰਾ ਲੂਣ ਮਿਰਚ ਮੁਕਿਆ ਹੋਇਐ, ਜ਼ਰਾ ਬਾਣੀਏਂ ਤੋਂ ਖਰੀਦ ਲਿਆਵਾਂ।" ਬੋਰੀ ਉਥੇ ਧਰ ਕੇ ਬੁਢੀ ਬਾਣੀਏਂ ਦੀ ਦੁਕਾਨ ਉਤੇ ਗਈ।

ਬੁਢੀ ਦੇ ਜਾਣ ਦੀ ਢਿਲ ਸੀ ਕਿ ਅੱਧੇ ਭਾਈ ਨੇ ਸ਼ੋਰ ਮਚਾਣਾ ਸ਼ੁਰੂ ਕਰ ਦਿਤਾ। ਲੁਹਾਰ ਨੇ ਬੋਰੀ ਖੋਲ੍ਹ ਕੇ ਅੱਧੇ ਭਾਈ ਨੂੰ ਬਾਹਰ ਕਢਿਆ ਅਤੇ ਅੱਧੇ ਭਾਈ ਤੋਂ ਸਾਰੀ ਗੱਲ ਸੁਣ ਕੇ, ਉਸ ਨੂੰ ਉਥੋਂ ਨਠਾ ਦਿਤਾ। ਫਿਰ ਬੋਰੀ ਵਿਚ ਲੋਹੇ ਦੀਆਂ ਕਾਤਰਾਂ, ਕਿਲ੍ਹਾਂ ਤੇ ਹੋਰ ਨਿਕ ਸੁਕ ਤੇ ਕਚਰਾ ਭਰ ਦਿਤਾ। ਉਪਰੋਂ ਬੋਰੀ ਪਹਿਲਾਂ ਵਾਂਗ ਹੀ ਸਿਉਂ ਦਿਤੀ।

ਬੁਢੀ ਰਾਖਸ਼ਣੀ ਲੂਣ ਮਿਰਚਾਂ ਲੈ ਕੇ ਆਈ ਅਤੇ ਬੋਰੀ ਨੂੰ ਪਿਠ ਉਤੇ ਚੁਕ ਕੇ ਘਰ ਵਲ ਤੁਰ ਪਈ। ਰਾਹ ਵਿਚ ਉਸ ਨੂੰ ਲੋਹੇ ਦੀਆਂ ਕਾਤਰਾਂ ਅਤੇ ਕਿਲ੍ਹ ਚੁਭਦੇ ਰਹੇ। ਬੁਢੀ ਅੱਧੇ ਭਾਈ ਨੂੰ ਸਾਰੇ ਰਾਹ ਵਿਚ ਗਾਹਲਾਂ ਕਢਦੀ ਰਹੀ ਤੇ ਇਹੋ ਕਹਿੰਦੀ ਰਹੀ, "ਰੁੜ ਪੁੜ ਜਾਣਿਆਂ, ਚਕ ਅਤੇ ਚੁੰਡੀਆਂ ਮਾਰ ਲੈ, ਘਰ ਜਾ ਕੇ ਮੈਂ ਤੇਰੀ ਖਬਰ ਲਾਂਗੀ, ਤੇਰੇ ਜੀਂਦੇ ਦਾ ਮਾਸ ਭੁੰਨ ਕੇ ਖਾਵਾਂਗੀ।"

ਘਰ ਜਾ ਕੇ ਬੁਢੀ ਨੇ ਜਦੋਂ ਬੋਰੀ ਖੋਲ੍ਹੀ ਤਾਂ ਵਿਚੋਂ ਲੋਹੇ ਦੀਆਂ ਕਾਤਰਾਂ, ਕਿਲ੍ਹ ਤੇ ਹੋਰ ਕਚਰਾ ਨਿਕਲਿਆ, ਜਿਸ ਨੂੰ ਵੇਖ ਕੇ ਬੁਢੀ ਰੋਣ ਪਿਟਣ ਲਗੀ।

ਅੱਧਾ ਭਾਈ ਉਥੋਂ ਅਗੇ ਤੁਰ ਪਿਆ। ਉਸ ਨੇ ਆਪਣੇ ਭਰਾਵਾਂ ਨੂੰ ਬੜਾ ਢੂੰਡਿਆ ਪਰ ਉਹ ਉਸ ਨੂੰ ਕਿਧਰੇ ਵੀ ਨਾ ਮਿਲੇ। ਰਾਹ ਵਿਚ ਇਕ ਘੁਮਿਆਰ ਦਾ ਘਰ ਸੀ। ਅੱਧੇ ਨੇ ਉਥੇ ਨੌਕਰੀ ਕਰ ਲਈ। ਸਾਰਾ ਦਿਨ ਅੱਧਾ ਘੁਮਿਆਰ ਦੇ ਭਾਂਡੇ ਢੋਂਦਾ ਰਹਿੰਦਾ ਅਤੇ ਰਾਤ ਨੂੰ ਉਨ੍ਹਾਂ ਦੇ ਵਿਹੜੇ ਵਿਚ ਹੀ ਲੰਮਾ ਪੈ ਜਾਂਦਾ।

ਇਕ ਵਾਰ ਅੱਧਾ ਭਾਈ ਰਾਤੀਂ ਸੁਤਾ ਪਿਆ ਸੀ ਕਿ ਘੁਮਿਆਰ ਦੀ ਛੋਟੀ ਕੁੜੀ ਦੇ ਪੇਟ ਵਿਚ ਵਟ ਉਠਿਆ। ਘੁਮਿਆਰ ਨੇ ਅੱਧੇ ਭਾਈ ਨੂੰ ਅਵਾਜ਼ ਮਾਰ ਕੇ ਸਦਿਆ ਅਤੇ ਕਿਹਾ ਕਿ ਉਹ ਕੁੜੀ ਨੂੰ ਬਾਹਰ ਟਟੀ ਫਿਰਾ ਲਿਆਵੇ।

ਅੱਧਾ ਭਾਈ ਛੋਟੀ ਕੁੜੀ ਨੂੰ ਬਾਹਰ ਲੈ ਗਿਆ ਅਤੇ ਉਥੇ ਉਸ ਨੂੰ ਕੀੜਿਆਂ ਦੇ ਇਕ ਭੌਣ ਉਤੇ ਜਾ ਬਿਠਾਇਆ। ਕੁੜੀ ਨੇ ਕਿਹਾ, "ਇਥੇ ਕੀੜੇ ਲੜਦੇ ਨੇ, ਮੈਂ ਨਹੀਂ ਬੈਠਦੀ।"

ਤਾਂ ਅੱਧਾ ਆਖਣ ਲਗਾ, "ਦੂਜੀ ਥਾਂ ਮੈਂ ਤੈਨੂੰ ਤਾਂ ਬਿਠਾਵਾਂਗਾ ਜੇ ਤੂੰ ਮੈਨੂੰ ਇਹ ਦਸੇਂ ਕਿ ਤੇਰੇ ਮਾਂ ਪਿਓ ਦਾ ਡੋਲਾ ਕਿਥੇ ਦਬਿਆ ਹੋਇਐ।" ਕੁੜੀ ਨੇ ਡਰਦੇ ਮਾਰੇ ਦਸ ਦਿਤਾ ਕਿ ਮਾਂ ਦਾ ਡੋਲਾ ਚੁਲ੍ਹੀ ਹੇਠ ਦਬਿਆ ਹੈ ਤੇ ਪਿਓ ਦਾ ਚੱਕੀ ਹੇਠਾਂ। ਫਿਰ ਅੱਧੇ ਭਾਈ ਨੇ ਕੁੜੀ ਨੂੰ ਸਾਫ ਜਗ੍ਹਾ ਉਤੇ ਬਿਠਾ ਦਿਤਾ।

ਅਗਲੇ ਦਿਨ ਅੱਧਾ ਭਾਈ ਭਾਂਡੇ ਮਾਂਜਣ ਦੇ ਬਹਾਨੇ ਚੁਲ੍ਹੇ ਦੇ ਕੋਲ ਬੈਠ ਗਿਆ ਅਤੇ ਹੌਲੇ ਹੌਲੇ ਮਿੱਟੀ ਪੁੱਟਦਾ ਰਿਹਾ। ਇਸ ਤਰ੍ਹਾਂ ਉਸ ਨੇ ਡੋਲਾ ਕਢ ਲਿਆ ਅਤੇ ਉਹ ਸਾਰੇ ਰੁਪਏ ਇਕ ਕਾਣੀ ਜਿਹੀ ਖੋਤੀ ਨੂੰ ਖਵਾ ਦਿਤੇ। ਅਗਲੇ ਦਿਨ ਉਹ ਦਾਣੇ ਪੀਹਣ ਦੇ ਬਹਾਨੇ ਚੱਕੀ ਕੋਲ ਜਾ ਬੈਠਾ ਅਤੇ ਉਥੋਂ ਵੀ ਡੋਲਾ ਕਢ ਕੇ ਉਹ ਰੁਪਏ ਵੀ ਉਹਨੇ ਕਾਣੀ ਖੋਤੀ ਨੂੰ ਖਵਾ ਦਿਤੇ।

ਕੁਝ ਦਿਨ ਲੰਘੇ ਤਾਂ ਅੱਧਾ ਭਾਈ ਘੁਮਿਆਰ ਨੂੰ ਕਹਿਣ ਲਗਾ, "ਮੈਨੂੰ ਤੁਹਾਡੀ ਸੇਵਾ ਕਰਦਿਆਂ ਕਾਫੀ ਸਾਰਾ ਚਿਰ ਹੋ ਗਿਐ, ਮੈਂ ਹੁਣ ਘਰ ਵਾਪਸ ਜਾਣਾ ਚਾਹੁੰਦਾ ਹਾਂ।" ਘੁਮਿਆਰ ਨੇ ਉਸ ਨੂੰ ਟਿਕੇ ਰਹਿਣ ਲਈ ਬੜੇ ਲਾਲਚ ਦਿਤੇ, ਪਰ ਅੱਧੇ ਨੇ ਇਕ ਨਾ ਮੰਨੀ। ਘੁਮਿਆਰ ਨੇ ਕਿਹਾ, "ਕੁਝ ਦਿਨ ਹੋਰ ਠਹਿਰ ਜਾ। ਤੇਰੀ ਤਨਖਾਹ ਦੇਣੀ ਏ, ਮੇਰੇ ਕੋਲ ਅਜੇ ਪੈਸੇ ਨਹੀਂ।"

"ਤੁਸੀਂ ਪੈਸਿਆਂ ਦੀ ਥਾਂ ਮੈਨੂੰ ਇਹ ਕਾਣੀ ਖੋਤੀ ਹੀ ਦੇ ਦਿਓ।" ਅੱਧੇ ਭਾਈ ਨੇ ਜ਼ੋਰ ਦਿਤਾ।

ਇਹ ਸੁਣ ਕੇ ਘੁਮਿਆਰ ਬੜਾ ਖੁਸ਼ ਹੋਇਆ। ਸਸਤੇ ਵਿਚ ਉਹਦੀ ਜਾਨ ਛੁਟ ਗਈ ਸੀ। ਸੋ ਅੱਧਾ ਭਾਈ ਖੋਤੀ ਉਤੇ ਸਵਾਰ ਹੋ ਕੇ ਉਥੋਂ ਆਪਣੇ ਦੇਸ਼ ਵਲ ਤੁਰ ਪਿਆ।

ਰਾਹ ਵਿਚ ਉਸ ਨੂੰ ਆਪਣੇ ਛੇ ਭਰਾ ਮਿਲ ਗਏ, ਉਹ ਵੀ ਖਟ ਕਮਾ ਕੇ ਵਾਪਸ ਘਰ ਜਾ ਰਹੇ ਸਨ। ਉਹ ਸਭ ਘੋੜਿਆਂ ਉਤੇ ਸਵਾਰ ਸਨ ਅਤੇ ਅੱਧਾ ਭਾਈ ਖੋਤੀ ਉਤੇ। ਸੋ ਬਾਕੀ ਭਰਾ ਅੱਧੇ ਨੂੰ ਟਿਚਕਰਾਂ ਕਰਨ ਲਗੇ। ਅੱਧੇ ਨੇ ਕਿਹਾ, "ਹਸ ਲਓ ਭਰਾਵੋ, ਪਰ ਤੁਹਾਡੇ ਘੋੜੇ ਲਿਦ ਕਰਨਗੇ ਤੇ ਮੇਰੀ ਖੋਤੀ ਰੁਪਏ ਹੱਗੇਗੀ।" ਭਰਾ ਇਹ ਗੱਲ ਸੁਣ ਕੇ ਹੋਰ ਹਸੇ।

ਜਦੋਂ ਸਤੋਂ ਭਰਾ ਘਰ ਪੁਜੇ ਤਾਂ ਛੇਵੋਂ ਰਾਣੀਆਂ ਆਪਣੇ ਬੱਚਿਆਂ ਨੂੰ ਘੋੜਿਆਂ ਉਤੇ ਸਵਾਰ ਵੇਖ ਕੇ ਬੜੀਆਂ ਖੁਸ਼ ਹੋਈਆਂ, ਪਰ ਅੱਧੇ ਭਾਈ ਦੀ ਮਾਂ ਪੁਤਰ ਨੂੰ ਖੋਤੀ ਉਤੇ ਚੜ੍ਹਿਆ ਵੇਖ ਕੇ ਉਦਾਸ ਹੋ ਗਈ।

ਘਰ ਪਹੁੰਚ ਕੇ ਛੇਆਂ ਭਰਾਵਾਂ ਨੇ ਆਪਣੇ ਘੋੜੇ ਬਾਹਰ ਕਿਲੇ ਉਤੇ ਜਾ ਬੰਨ੍ਹੇ ਪਰ ਅੱਧਾ ਭਾਈ ਆਪਣੀ ਖੋਤੀ ਨੂੰ ਵਿਹੜੇ ਵਿਚ ਲੈ ਆਇਆ। ਫਿਰ ਉਹਨੇ ਇਕ ਚਿਟੀ ਚਾਦਰ ਵਿਛਾ ਕੇ ਉਸ ਉਪਰ ਖੋਤੀ ਖੜ੍ਹੀ ਕਰ ਦਿਤੀ। ਸਾਰੇ ਭਰਾ ਹੈਰਾਨ ਹੋ ਕੇ ਪੁਛਣ ਲਗੇ, "ਮੂਰਖਾ, ਇਹ ਕੀ ਕਰਨ ਲਗੈਂ।"

ਪਰ ਅੱਧੇ ਭਾਈ ਨੇ ਦੋ ਤਿੰਨ ਸੋਟੀਆਂ ਖੋਤੀ ਦੀ ਪਿਠ ਵਿਚ ਮਾਰੀਆਂ। ਖੋਤੀ ਨੇ ਉਸ ਵੇਲੇ ਰੁਪਏ ਹੱਗਣੇ ਸ਼ੁਰੂ ਕਰ ਦਿਤੇ। ਅੱਧਾ ਖੋਤੀ ਨੂੰ ਡੰਡਾ ਮਾਰਦਾ ਜਾਂਦਾ ਤੇ ਖੋਤੀ ਛਣ ਛਣ ਕਰਕੇ ਰੁਪਏ ਹੱਗਦੀ ਜਾਂਦੀ। ਸਭ ਭਰਾ ਵੇਖ ਕੇ ਹੈਰਾਨ ਹੋਣ ਲਗੇ। ਚਾਦਰ ਉਤੇ ਰੁਪਿਆਂ ਦਾ ਢੇਰ ਲਗ ਗਿਆ।

ਭਰਾਵਾਂ ਨੇ ਅੱਧੇ ਨੂੰ ਤਰਲੇ ਨਾਲ ਕਿਹਾ, "ਤੂੰ ਸਾਨੂੰ ਆਪਣੀ ਇਹ ਖੋਤੀ ਦੇ ਦੇ ਅਤੇ ਸਾਡੇ ਸਾਰੇ ਘੋੜੇ ਲੈ ਲੈ।" ਅੱਧੇ ਨੇ ਹਿਸਾਬ ਲਗਾ ਕੇ ਵੇਖਿਆ ਕਿ ਜਿਤਨੇ ਰੁਪਏ ਉਸ ਨੇ ਖੋਤੀ ਨੂੰ ਖਵਾਏ ਸਨ, ਉਹ ਤਾਂ ਉਸ ਨੇ ਹੱਗ ਦਿਤੇ ਹਨ, ਬਸ ਇਕ-ਅੱਧਾ ਰੁਪਿਆ ਹੋਰ ਰਹਿੰਦਾ ਸੀ। ਸੋ ਉਸ ਨੇ ਇਹ ਸੌਦਾ ਮੰਨ ਲਿਆ ਅਤੇ ਭਰਾਵਾਂ ਦੇ

ਘੋੜੇ ਲੈ ਕੇ ਉਨ੍ਹਾਂ ਨੂੰ ਵਟੇ 'ਚ ਖੋਤੀ ਦੇ ਦਿਤੀ। ਫਿਰ ਅੱਧਾ ਭਰਾਵਾਂ ਨੂੰ ਕਹਿਣ ਲਗਾ, "ਅਜ ਇਹ ਹੋਰ ਰੁਪਏ ਨਹੀਂ ਦੇਵੇਗੀ, ਇਸ ਨੂੰ ਖੂਬ ਦਾਣਾ ਫਕਾ ਖਵਾਓ। ਕਲ੍ਹ ਇਹ ਹੋਰ ਰੁਪਏ ਹੱਗੇਗੀ।"

ਭਰਾਵਾਂ ਨੇ ਸਾਰਾ ਦਿਨ ਖੋਤੀ ਨੂੰ ਖੂਬ ਦਾਣਾ ਪਠਾ ਪਾਇਆ। ਅਗਲੇ ਦਿਨ ਚਾਦਰ ਵਿਛਾ ਕੇ ਉਪਰ ਖੋਤੀ ਖੜੀ ਕਰਕੇ ਉਸ ਨੂੰ ਉਹ ਮਾਰਨ ਲਗੇ। ਪਰ ਉਹ ਰੁਪਿਆਂ ਦੀ ਥਾਂ ਲਿਦ ਸੁਟਣ ਲਗੀ। ਜਦੋਂ ਉਨ੍ਹਾਂ ਨੇ ਖੋਤੀ ਨੂੰ ਬਹੁਤ ਮਾਰਿਆ ਤਾਂ ਉਸ ਨੇ ਇਕ ਰੁਪਿਆ ਹੱਗਿਆ। ਉਹ ਵੀ ਖੋਟਾ ਸੀ।

ਭਰਾਵਾਂ ਅੱਧੇ ਭਾਈ ਨੂੰ ਪੁਛਿਆ, "ਇਹ ਕੀ ਗੱਲ ਹੋਈ ?"

ਅੱਧਾ ਹਸ ਕੇ ਕਹਿਣ ਲਗਾ, "ਇਹ ਤਾਂ ਆਪੋ ਆਪਣੀ ਕਿਸਮਤ ਏ।"

ਕਬੂਤਰੀ ਸ਼ਹਿਜ਼ਾਦੀ

ਪੁਰਾਣੇ ਵੇਲਿਆਂ ਦੀ ਗੱਲ ਏ, ਇਕ ਰਾਜੇ ਦੀ ਲੜਕੀ ਨੂੰ ਕਬੂਤਰ ਅਤੇ ਕਬੂਤਰੀਆਂ ਬਹੁਤ ਚੰਗੀਆਂ ਲਗਦੀਆਂ ਸਨ। ਗੁਟਕੂੰ ਗੁਟਕੂੰ ਕਰਦੇ ਕਬੂਤਰਾਂ ਨੂੰ ਰਾਜਕੁਮਾਰੀ ਹੱਥਾਂ ਵਿਚ ਫੜ ਕੇ ਖਿਡਾਂਦੀ ਰਹਿੰਦੀ। ਕਦੇ ਉਨ੍ਹਾਂ ਨੂੰ ਆਪਣੀਆਂ ਗਲ੍ਹਾਂ ਨਾਲ ਲਗਾ ਕੇ ਪਲੋਸਦੀ, ਕਦੇ ਹਿਕ ਨਾਲ ਪਈ ਲਗਾਂਦੀ। ਰਾਜੇ ਦੇ ਬਾਗ ਵਿਚ ਇਕ ਫੁਹਾਰੇ ਨੇੜੇ ਵੰਨ-ਵੰਨਾਂ ਦੇ ਕਬੂਤਰ ਕਲਾ ਬਾਜ਼ੀਆਂ ਮਾਰਦੇ ਕਲੋਲਾਂ ਕਰਦੇ, ਉਡਦੇ ਰਹਿੰਦੇ ਤੇ ਉਹ ਉਹਨੂੰ ਚੋਗਾ ਚੁਗਾ ਕੇ ਬੜੀ ਪ੍ਰਸੰਨ ਹੁੰਦੀ। ਉਸ ਰਾਜਕੁਮਾਰੀ ਨੂੰ ਸਾਰੇ ਕਬੂਤਰੀ ਸ਼ਹਿਜ਼ਾਦੀ ਕਹਿਣ ਲਗ ਪਏ।

ਕਬੂਤਰੀ ਸ਼ਹਿਜ਼ਾਦੀ ਸਾਰਾ ਦਿਨ ਕਬੂਤਰੀਆਂ ਵਾਂਗ ਹੀ ਗੁਟਕੂੰ ਗੁਟਕੂੰ ਕਰਦੀ ਫਿਰਦੀ। ਉਸ ਦੀਆਂ ਅੱਖਾਂ ਕਬੂਤਰੀਆਂ ਵਾਂਗ ਹੀ ਗੋਲ ਤੇ ਉਭਰੀਆਂ ਹੋਈਆਂ ਸਨ। ਗਰਦਨ ਕਬੂਤਰੀਆਂ ਵਾਂਗ ਹੀ ਗਲਣੀ ਵਰਗੀ ਤੇ ਮੱਧਰੀ। ਰਾਜਕੁਮਾਰੀ ਨੂੰ ਇਉਂ ਮਹਿਸੂਸ ਹੁੰਦਾ ਜਿਵੇਂ ਉਹ ਪਿਛਲੇ ਜਨਮ ਕਬੂਤਰੀ ਹੋਵੇ। ਰੱਬ ਨੇ ਉਹਨੂੰ ਅੰਤਾਂ ਦਾ ਹੁਸਨ ਦਿਤਾ ਸੀ। ਸੋਹਣੇ ਗੁੰਦਵੇਂ ਸਰੀਰ ਵਾਲੀ ਕਬੂਤਰੀ ਸ਼ਹਿਜ਼ਾਦੀ ਸਿਰ ਤੋਂ ਪੈਰਾਂ ਤਕ ਇਕ ਤਸਵੀਰ ਲਗਦੀ ਸੀ। ਉਹਦੀ ਅਵਾਜ਼ ਵਿਚ ਪੰਛੀਆਂ ਦੀ ਕੋਮਲਤਾ ਤੇ ਮਧੁਰਤਾ ਸੀ।

ਕਬੂਤਰੀ ਸ਼ਹਿਜ਼ਾਦੀ ਨੂੰ ਕਹਾਣੀਆਂ ਸੁਣਨ ਦਾ ਬੜਾ ਸ਼ੌਕ ਸੀ। ਇਕ ਦਿਨ ਉਹਨੇ ਆਪਣੀ ਮਾਂ ਨੂੰ ਕੋਈ ਕਹਾਣੀ ਸੁਨਾਉਣ ਵਾਸਤੇ ਕਿਹਾ। ਰਾਜਾ ਦੂਰ ਕਿਧਰੇ ਸ਼ਿਕਾਰ ਤੇ ਗਿਆ ਹੋਇਆ ਸੀ ਅਤੇ ਮਾਵਾਂ ਧੀਆਂ ਦੋਵੇਂ ਵਕਤ ਬਿਤਾਣ ਦੇ ਆਹਰ ਵਿਚ ਜੁਟੀਆਂ ਸਾਰਾ ਦਿਨ ਗੱਲੀਂ ਰੁਝੀਆਂ ਰਹਿੰਦੀਆਂ ਸਨ।

"ਮਾਂ, ਮੈਨੂੰ ਕਿਸੇ ਕਬੂਤਰੀ ਦੀ ਕਹਾਣੀ ਸੁਣਾ।" ਰਾਜਕੁਮਾਰੀ ਨੇ ਕਿਹਾ।

ਮਾਂ ਨੂੰ ਇਕ ਕਬੂਤਰ ਤੇ ਕਬੂਤਰੀ ਦੀ ਕਹਾਣੀ ਯਾਦ ਆ ਗਈ। ਸੋ ਉਹ ਚਟਖਾਰੇ ਮਾਰ ਕੇ ਸਵਾਦ ਨਾਲ ਸੁਨਾਉਣ ਲਗੀ—ਪੁਰਾਣੇ ਵੇਲਿਆਂ ਦੀ ਗੱਲ ਏ, ਇਕ ਜੰਗਲ ਵਿਚ ਕਬੂਤਰਾਂ ਦਾ ਇਕ ਜੋੜਾ ਰਹਿੰਦਾ ਸੀ। ਉਨ੍ਹਾਂ ਨੇ ਬੜੀ ਮਿਹਨਤ ਨਾਲ ਇਕ ਦਰਖਤ ਉਤੇ ਆਪਣਾ ਆਲ੍ਹਣਾ ਬਣਾਇਆ। ਫਿਰ ਕਬੂਤਰੀ ਨੇ ਅੰਡੇ ਦਿਤੇ। ਅੰਡਿਆਂ ਵਿਚੋਂ ਬੱਚੇ ਨਿਕਲੇ। ਦੋਵੇਂ ਜੀਅ ਬੜੇ ਪਿਆਰ ਨਾਲ ਬੱਚਿਆਂ ਨੂੰ ਪਾਲਣ ਲਗੇ। ਕਬੂਤਰ ਤੇ ਕਬੂਤਰੀ ਦੋਵੇਂ ਬਾਹਰੋਂ ਚੋਗਾ ਕਠਾ ਕਰਕੇ ਲਿਆਂਦੇ ਤੇ ਦੁਪਹਿਰੀਂ ਆ ਕੇ ਬੱਚਿਆਂ ਨੂੰ ਖਵਾਂਦੇ।

ਇਕ ਦਿਨ ਜਦੋਂ ਉਹ ਚੋਗਾ ਲੈ ਕੇ ਪਰਤੇ ਤਾਂ ਉਨ੍ਹਾਂ ਵੇਖਿਆ, ਜੰਗਲ ਵਿਚ ਦਾਵਾਨਲ ਭੜਕੀ ਹੋਈ ਸੀ ਅਤੇ ਉਸ ਅੱਗ ਦੀ ਲਪੇਟ ਵਿਚ ਅਨੇਕਾਂ ਬ੍ਰਿਛ ਬੂਟਾ ਆ ਚੁਕੇ ਸਨ ਅਤੇ ਅੱਗ ਦੇ ਸ਼ੋਅਲੇ ਉਨ੍ਹਾਂ ਦੇ ਆਲ੍ਹਣੇ ਵਲ ਲਪਕ ਰਹੇ ਸਨ। ਇਹ ਦੇਖ ਦੋਵੇਂ ਘਬਰਾ ਗਏ। ਕਬੂਤਰੀ ਨੇ ਕੁਰਲਾਂਦੇ ਹੋਏ ਕਿਹਾ, "ਕਿਸੇ ਤਰ੍ਹਾਂ ਮੇਰੇ ਬੱਚਿਆਂ ਨੂੰ ਬਚਾਓ, ਉਨ੍ਹਾਂ ਬਗੈਰ ਮੈਂ ਜੀ ਨਹੀਂ ਸਕਦੀ।"

ਕਬੂਤਰ ਨੇ ਅੱਗ ਦੇ ਨੇੜੇ ਜਾਣ ਦੀ ਕੋਸ਼ਿਸ਼ ਕੀਤੀ ਪਰ ਸੇਕ ਦੀ ਤਾਬ ਨਾ ਝਲ ਸਕਣ ਕਰਕੇ ਪਰਤ ਆਇਆ ਤੇ ਕਹਿਣ ਲਗਾ, "ਅੱਗ ਦਾ ਬੜਾ ਜ਼ੋਰ ਏ, ਉਹਦੇ ਸੇਕ ਨਾਲ ਬੱਚੇ ਭੁਜ ਚੁਕੇ ਹੋਣੇ ਹਨ, ਸਾਨੂੰ ਹੁਣ ਖਤਰਾ ਮੁਲ ਲੈਣ ਦਾ ਕੋਈ ਫੈਦਾ ਨਹੀਂ।"

"ਨਹੀਂ, ਉਹ ਜ਼ਿੰਦਾ ਨੇ, ਮੇਰੀ ਮਮਤਾ ਮੇਰੇ ਅੰਦਰੋਂ ਮੈਨੂੰ ਅਵਾਜ਼ਾਂ ਮਾਰ ਰਹੀ ਏ, ਜੇ ਤੁਸੀਂ ਮਦਦ ਨਹੀਂ ਕਰਨੀ ਤਾਂ ਮੈਂ ਕਲਿਆਂ ਹੀ ਬੱਚੇ ਕਢਣ ਦੀ ਕੋਸ਼ਿਸ਼ ਕਰਦੀ ਆਂ। ਜੇ ਉਹ ਮਰ ਗਏ ਤਾਂ ਮੈਂ ਵੀ ਸੜ ਭੁਜ ਕੇ ਸਵਾਹ ਹੋ ਜਾਵਾਂਗੀ।" ਕਬੂਤਰੀ ਕਰੁਣਾ ਦੀ ਮੂਰਤੀ ਬਣੀ ਹੋਈ ਸੀ।

"ਜੇ ਇਹ ਗੱਲ ਏ, ਤਾਂ ਮੈਂ ਤੇਰੇ ਨਾਲ ਚਲਦਾ ਹਾਂ।" ਕਬੂਤਰ ਨੇ ਹੁੰਗਾਰਾ ਭਰਦੇ ਹੋਏ ਕਿਹਾ।

ਪਰ ਸ਼ੋਅਲਿਆਂ ਦੇ ਨਜ਼ਦੀਕ ਜਾ ਕੇ ਕਬੂਤਰ ਦਾ ਮਨ ਦਹਿਲ ਗਿਆ ਤੇ ਉਹਨੇ ਕਬੂਤਰੀ ਨੂੰ ਸਮਝਾਇਆ, "ਅੱਗ ਦਾ ਸੇਕ ਬਰਦਾਸ਼ਤ ਤੋਂ ਬਾਹਰ ਏ। ਬੱਚੇ ਤਾਂ ਝੁਲਸ ਹੀ ਗਏ ਹੋਣਗੇ, ਜੇ ਹੋਰ ਅਗੇ ਵਧੇ ਤਾਂ ਅਸੀਂ ਦੋਵੇਂ ਵੀ ਝੁਲਸ ਕੇ ਸਵਾਹ ਹੋ ਜਾਵਾਂਗੇ। ਚਲੋ, ਮੁੜ ਚਲੀਏ, ਜੇ ਅਸੀਂ ਜ਼ਿੰਦਾ ਰਹੇ ਤਾਂ ਹੋਰ ਬੱਚੇ ਪੈਦਾ ਕਰ ਲਾਂ ਗੇ।" ਕਬੂਤਰ ਨੇ ਸਮਝਾਇਆ।

ਪਰ ਕਬੂਤਰੀ ਨੇ ਇਕ ਨਾ ਸੁਣੀ। ਉਹਦੀਆਂ ਆਂਦਰਾਂ ਉਹਨੂੰ ਸ਼ੋਅਲਿਆਂ ਵਲ ਖਿਚ ਕੇ ਲੈ ਗਈਆਂ ਤੇ ਕਬੂਤਰੀ ਆਪਣੇ ਆਲ੍ਹਣੇ ਉਤੇ ਜਾ ਲਪਕੀ।

"ਤੇ ਕਬੂਤਰ ?" ਰਾਜਕੁਮਾਰੀ ਨੇ ਪੁਛਿਆ।

"ਉਹ ਅੱਗ ਤੋਂ ਡਰ ਕੇ ਨਸ ਗਿਆ। ਕੁਝ ਦਿਨਾਂ ਬਾਅਦ ਕਬੂਤਰ ਨੇ ਇਕ ਨਵੀਂ ਕਬੂਤਰੀ ਨਾਲ ਵਿਆਹ ਕਰ ਕੇ ਘਰ ਵਸਾ ਲਿਆ।" ਰਾਣੀ ਨੇ ਰਾਜਕੁਮਾਰੀ ਨੂੰ ਸਮਝਾਂਦਿਆਂ ਹੋਇਆਂ ਕਿਹਾ, "ਇਹ ਮਰਦਾਂ ਦਾ ਦਸਤੂਰ ਏ, ਹਰ ਮਰਦ ਇਵੇਂ ਹੀ ਕਰਦਾ ਏ ਭਾਵੇਂ ਉਹਦੀ ਜਿਨਸ ਕੈਸੀ ਵੀ ਹੋਵੇ।"

ਕੁਝ ਚਿਰ ਰਾਜਕੁਮਾਰੀ ਡੂੰਘੀ ਸੋਚ ਵਿਚ ਡੁਬੀ ਰਹੀ ਤੇ ਫਿਰ ਕਹਿਣ ਲਗੀ, "ਮਾਂ ਜੀ, ਫਿਰ ਉਸ ਕਬੂਤਰੀ ਦਾ ਕੀ ਬਣਿਆ ?"

"ਕਬੂਤਰੀ ਅੱਗ ਵਿਚ ਭੁਜ ਕੇ ਬੱਚਿਆਂ ਨਾਲ ਹੀ ਸਵਾਹ ਹੋ ਗਈ। ਅਗਨੀ ਦੇਵਤੇ ਨੇ ਉਹਦੀ ਬਲੀ ਉਤੇ ਪ੍ਰਸੰਨ ਹੋ ਕੇ ਉਹਨੂੰ ਮੁੜ ਮਨੁਖਾ ਜੂਨ ਵਿਚ, ਕਿਸੇ ਰਾਜੇ ਦੇ ਘਰ ਸ਼ਹਿਜ਼ਾਦੀ ਦੇ ਰੂਪ ਵਿਚ ਜਨਮ ਦਿਤਾ।"

"ਹੁਣ ਉਹ ਕਿਥੇ ਏ ?" ਰਾਜਕੁਮਾਰੀ ਨੇ ਬੱਚਿਆਂ ਵਾਲੀ ਮਾਸੂਮਤਾ ਨਾਲ ਪੁਛਿਆ।

"ਇਹ ਮੇਰੇ ਸਾਹਮਣੇ, ਤੂੰ ਹੀ ਤਾਂ ਉਹ ਕਬੂਤਰੀ ਏਂ, ਜੋ ਪਿਛਲੇ ਜਨਮ ਦੇ ਚੰਗੇ ਕਰਮਾਂ ਸਦਕਾ ਰਾਜਕੁਮਾਰੀ ਬਣੀ ਏਂ।" ਮਾਂ ਨੇ ਧੀ ਨੂੰ ਪਿਆਰ ਨਾਲ ਪਲੋਸਦੇ ਹੋਏ ਮਖੌਲ ਨਾਲ ਕਿਹਾ।

ਰਾਣੀ ਦੀਆਂ ਪਲਕਾਂ ਭਾਰੀਆਂ ਹੋ ਗਈਆਂ ਤੇ ਉਹ ਸੌਂ ਗਈ, ਪਰ ਰਾਜਕੁਮਾਰੀ ਸਾਰੀ ਰਾਤ ਉਸ ਬੇਵਫਾ ਕਬੂਤਰ ਬਾਰੇ ਸੋਚਦੀ ਰਹੀ। ਉਹਦੇ ਮਨ ਵਿਚ ਮਰਦਾਂ ਵਾਸਤੇ ਨਫਰਤ ਪੈਦਾ ਹੋ ਗਈ।

ਕੁਝ ਦਿਨਾਂ ਬਾਅਦ ਰਾਜਕੁਮਾਰੀ ਦੀ ਮਾਂ ਅਚਾਨਕ ਬੀਮਾਰ ਪੈ ਗਈ। ਰਾਜੇ ਨੇ ਬੜਾ ਇਲਾਜ ਕਰਵਾਇਆ ਪਰ ਦਵਾ ਦਾਰੂ ਦਾ ਕੋਈ ਅਸਰ ਨਹੀਂ ਹੋਇਆ। ਅਖੀਰ ਰਾਣੀ ਨੇ ਪ੍ਰਾਣ ਤਿਆਗ ਦਿਤੇ। ਰਾਜੇ ਨੇ ਸਾਲ ਦੇ ਅੰਦਰ ਅੰਦਰ ਹੋਰ ਵਿਆਹ ਕਰਵਾ ਲਿਆ ਤੇ ਨਵੀਂ ਰਾਣੀ ਨਾਲ ਖੁਸ਼ੀ ਖੁਸ਼ਾਈਂ ਵਸਣ ਲਗਾ।

ਇਹ ਵੇਖ ਕੇ ਕਬੂਤਰੀ ਸ਼ਹਿਜ਼ਾਦੀ ਦੇ ਦਿਲ ਵਿਚ ਮਰਦ ਜ਼ਾਤ ਵਾਸਤੇ ਨਫਰਤ ਹੋਰ ਵਧ ਗਈ ਤੇ ਉਹਨੇ ਪ੍ਰਣ ਕਰ ਲਿਆ ਕਿ ਉਹ ਸਾਰੀ ਉਮਰ ਸ਼ਾਦੀ ਨਹੀਂ ਕਰਾਏ ਗੀ।

ਪਿਓ ਨੇ ਕਬੂਤਰੀ ਸ਼ਹਿਜ਼ਾਦੀ ਲਈ ਕਈ ਰਿਸ਼ਤੇ ਢੂੰਡੇ, ਪਰ ਹਰ ਵਾਰ ਉਹ ਕੋਈ ਨਾ ਕੋਈ ਬਹਾਨਾ ਪਾ ਕੇ ਟਾਲ ਦਿੰਦੀ। ਅਖੀਰ ਰਾਜਾ ਇਕ ਥਾਂ ਉਹਦਾ ਰਿਸ਼ਤਾ ਪਕਾ ਕਰਨ ਲਗਾ ਤਾਂ ਕਬੂਤਰੀ ਸ਼ਹਿਜ਼ਾਦੀ ਨੇ ਰਾਜੇ ਨੂੰ ਸਾਰੀ ਉਮਰ ਵਿਆਹ ਨਾ ਕਰਨ ਦਾ ਫੈਸਲਾ ਸੁਣਾਇਆ ਤੇ ਕਿਹਾ, "ਮੈਨੂੰ ਬਾਗ਼ ਵਿਚ ਵਖਰਾ ਕੁਆਰ-ਕੋਠਾ ਪਵਾ ਦਿਓ ਤਾਂ ਜੋ ਮੈਂ ਸਾਰੀ ਉਮਰ ਮਰਦਾਂ ਤੋਂ ਵਖਰੀ ਰਹਿ ਸਕਾਂ।"

ਰਾਜੇ ਨੇ ਬੜਾ ਸਮਝਾਇਆ, ਪਰ ਕਬੂਤਰੀ ਸ਼ਹਿਜ਼ਾਦੀ ਦੇ ਹਠ ਅਗੇ ਉਹਦੀ ਪੇਸ਼ ਨਾ ਗਈ। ਸੋ ਰਾਜੇ ਨੇ ਬਾਗ਼ ਵਿਚ ਹੀ ਉਹਦੇ ਲਈ ਇਕਲਵਾਂਝਾ ਕੋਠਾ ਪੁਵਾ ਦਿਤਾ ਤੇ ਉਹ ਸਖੀਆਂ ਸਹੇਲੀਆਂ ਨਾਲ ਉਥੇ ਰਹਿਣ ਲਗੀ। ਉਹਦੇ ਕੋਠੇ ਵਲ ਮਰਦਾਂ ਨੂੰ ਜਾਣ ਦੀ ਆਗਿਆ ਨਹੀਂ ਸੀ।

ਰਾਜਾ ਬੜਾ ਪਰੇਸ਼ਾਨ ਰਹਿਣ ਲਗਾ। ਸੋਚਾਂ ਉਹਨੂੰ ਘੇਰੀ ਰਖਦੀਆਂ। ਅਖੀਰ ਉਹਨੇ ਲੰਮੇ ਵਿਚਾਰ ਮਗਰੋਂ ਡੰਕੇ ਦੀ ਚੋਟ ਨਾਲ ਐਲਾਨ ਕਰਵਾ ਦਿਤਾ ਕਿ ਜਿਹੜਾ ਆਦਮੀ ਰਾਜਕੁਮਾਰੀ ਨੂੰ ਵਿਆਹ ਵਾਸਤੇ ਰਜ਼ਾਮੰਦ ਕਰ ਲਏਗਾ। ਰਾਜਾ ਉਹਦੇ ਨਾਲ ਹੀ ਰਾਜਕੁਮਾਰੀ ਨੂੰ ਵਿਆਹ ਦੇਵੇਗਾ।

ਇਹ ਖਬਰ ਸੁਣ ਕੇ ਕਈ ਰਾਜਕੁਮਾਰ ਆਏ, ਉਨ੍ਹਾਂ ਬੜੇ ਅਜੀਬ ਅਜੀਬ ਢੰਗ ਵਰਤੇ, ਪਰ ਕਬੂਤਰੀ ਸ਼ਹਿਜ਼ਾਦੀ ਕਿਸੇ ਰਾਜਕੁਮਾਰ ਨੂੰ ਮਿਲਣ ਵਾਸਤੇ ਰਜ਼ਾਮੰਦ ਤਕ

ਨਾ ਹੋਈ। ਸੋ ਰਾਜੇ ਨੇ ਡੰਨ ਰਖ ਦਿਤਾ ਕਿ ਰਾਜਕੁਮਾਰੀ ਨਾਲ ਵਿਆਹ ਕਰਨ ਵਾਸਤੇ ਆਇਆ ਜਿਹੜਾ ਸ਼ਖਸ ਰਾਜਕੁਮਾਰੀ ਨੂੰ ਰਜ਼ਾਮੰਦ ਨਾ ਕਰ ਸਕਿਆ, ਉਹਨੂੰ ਮੌਤ ਦੀ ਸਜ਼ਾ ਦਿਤੀ ਜਾਵੇਗੀ। ਸੋ ਹੁਣ ਕੋਈ ਸ਼ਖਸ ਉਹਦੇ ਨਾਲ ਵਿਆਹ ਕਰਵਾਣ ਦੀ ਜੁਰਤ ਨਹੀਂ ਸੀ ਕਰਦਾ।

ਇਕ ਵਾਰ ਇਕ ਸੌਦਾਗਰ ਆਪਣੇ ਇਕ ਦੋਸਤ ਨਾਲ ਇਕ ਸ਼ਹਿਰ ਵਿਚ ਆਇਆ। ਇਹ ਸੌਦਾਗਰ ਇਕ ਰਾਜਕੁਮਾਰ ਸੀ, ਜੋ ਵਜ਼ੀਰ ਦੇ ਲੜਕੇ ਨੂੰ ਨਾਲ ਲੈ ਕੇ, ਸੌਦਾਗਰ ਦੇ ਭੇਸ ਵਿਚ ਵਖ ਵਖ ਮੁਲਕਾਂ ਦੀ ਸੈਰ ਕਰ ਰਿਹਾ ਸੀ। ਸੌਦਾਗਰ ਨੇ ਬਾਗ਼ ਦੇ ਕੋਲ ਡੇਰੇ ਜਾ ਲਾਏ।

ਕਬੂਤਰੀ ਸ਼ਹਿਜ਼ਾਦੀ ਦੀਆਂ ਸਖੀਆਂ ਦੀ ਨਜ਼ਰ ਉਹਦੇ ਤੇ ਪਈ ਤੇ ਉਨ੍ਹਾਂ ਸੌਦਾਗਰ ਨੂੰ ਸਮਝਾਂਦਿਆਂ ਹੋਇਆਂ ਕਿਹਾ, "ਵੇਖੋ ਤੁਸੀਂ ਇਥੇ ਡੇਰੇ ਨਹੀਂ ਪਾ ਸਕਦੇ ?"

"ਕਿਉਂ ?"

"ਇਥੇ ਕਬੂਤਰੀ ਸ਼ਹਿਜ਼ਾਦੀ ਦਾ ਕੁੰਆਰ ਕੋਠਾ ਏ। ਤੇ ਉਹ ਕਿਸੇ ਮਰਦ ਮਾਨੂ ਦੇ ਮੂੰਹ ਨਹੀਂ ਲਗਣਾ ਚਾਹੁੰਦੀ। ਜਿਹੜਾ ਮਰਦ ਉਹਦੇ ਸਾਹਮਣੇ ਆਣ ਦੀ ਗੁਸਤਾਖੀ ਕਰੇ, ਉਹਨੂੰ ਉਹ ਕੈਦਖਾਨੇ ਵਿਚ ਸੁਟਵਾ ਦਿੰਦੀ ਏ।"

"ਪਰ ਉਹ ਮਰਦਾਂ ਤੋਂ ਐਡੀ ਨਫਰਤ ਕਿਉਂ ਕਰਦੀ ਏ ?"

"ਇਸ ਗੱਲ ਦਾ ਪਤਾ ਤਾਂ ਰਾਜਕੁਮਾਰੀ ਨੂੰ ਹੀ ਹੋਵੇਗਾ।"

ਫਿਰ ਸੌਦਾਗਰ ਮੰਦ ਮੰਦ ਮੁਸਕਾਂਦਾ ਪੁਛਣ ਲਗਾ, "ਕੀ ਰਾਜਕੁਮਾਰੀ ਖੂਬਸੂਰਤ ਏ।"

"ਬਹੁਤ ਖੂਬਸੂਰਤ, ਨਿਰੀ ਪਰੀ, ਜਿਵੇਂ ਅਪਛਰਾ ਧਰਤੀ ਉਤੇ ਉਤਰ ਆਈ ਹੋਵੇ।"

"ਕੀ ਉਹ ਕਰੜੇ ਸੁਭਾ ਦੀ ਏ ?"

"ਨਹੀਂ, ਬੜੀ ਨਰਮ ਦਿਲ ਦੀ ਏ ਤੇ ਮਿਠੀ ਵੀ। ਕਿਸੇ ਸਖੀ ਦਾ ਰਤਾ ਭਰ ਦੁਖ ਦਰਦ ਵੀ ਨਹੀਂ ਸਹਾਰ ਸਕਦੀ।"

ਸੌਦਾਗਰ ਹੈਰਾਨ ਹੋ ਗਿਆ ਤੇ ਆਪਣੇ ਦੋਸਤ ਵਜ਼ੀਰ ਦੇ ਪੁਤਰ ਨੂੰ ਪੁਛਣ ਲਗਾ, "ਮਿੱਤਰਾ ! ਅਜਿਹੀ ਖੂਬਸੂਰਤ ਦੇ ਕੋਮਲ ਭਾਵੀ ਔਰਤ ਮਰਦ ਜ਼ਾਤ ਨਾਲ ਕਿਉਂ ਨਫਰਤ ਕਰਦੀ ਏ। ਇਸਦਾ ਕਾਰਨ ਜ਼ਰੂਰ ਲਭਣਾ ਚਾਹੀਦੈ।" ਫਿਰ ਰਤਾ ਰੁਕ ਕੇ ਕਹਿਣ ਲਗਾ, "ਮੈਂ ਇਹਦੇ ਨਾਲ ਵਿਆਹ ਕਰਵਾ ਕੇ ਸਬਰ ਕਰਾਂਗਾ।"

"ਸਾਡੀ ਰਾਜਕੁਮਾਰੀ ਨਾਲ ਵਿਆਹ ਕਰਵਾਣਾ ਖਾਲਾ ਜੀ ਦਾ ਘਰ ਨਹੀਂ, ਉਹਦੇ ਨਾਲ ਜਿਸ ਮਰਦ ਨੇ ਵੀ ਵਿਆਹ ਦੀ ਇਛਾ ਪ੍ਰਗਟ ਕੀਤੀ ਏ, ਉਹ ਮੌਤ ਦੀ ਘਾਟ ਉਤਾਰ ਦਿਤਾ ਗਿਐ।" ਇਕ ਸਖੀ ਨੇ ਬੜੇ ਮਾਣ ਨਾਲ ਕਿਹਾ, "ਰਾਜੇ ਦਾ ਐਲਾਨ ਹੈ ਕਿ ਜਿਹੜਾ ਕਬੂਤਰੀ ਸ਼ਹਿਜ਼ਾਦੀ ਨੂੰ ਵਿਆਹ ਵਾਸਤੇ ਰਜ਼ਾਮੰਦ ਕਰ ਲਏ, ਉਸੇ ਨਾਲ ਸ਼ਹਿਜ਼ਾਦੀ ਦਾ ਵਿਆਹ ਕਰ ਦਿਤਾ ਜਾਵੇਗਾ ਅਤੇ ਅੱਧਾ ਰਾਜ ਦਾਜ ਵਿਚ ਦਿਤਾ ਜਾਵੇਗਾ। ਪਰ ਜਿਤਨੇ ਵੀ ਰਾਜਕੁਮਾਰ ਆਏ, ਉਨ੍ਹਾਂ ਵਿਚੋਂ ਕਿਸੇ ਇਕ ਦੇ ਵੀ ਉਹ ਸਾਹਮਣੇ ਨਹੀਂ ਹੋਈ। ਬਸ ਪਰਦੇ ਉਹਲੇ ਹੀ ਗੱਲਾਂ ਚਲਦੀਆਂ ਰਹੀਆਂ।"

ਸੌਦਾਗਰ ਨੇ, ਉਥੋਂ ਸਮਾਨ ਚੁਕ ਲਿਆ ਤੇ ਦੋਸਤ ਸਮੇਤ ਰਤਾ ਅਗੇਰੇ ਨਦੀ

ਦੇ ਕਿਨਾਰੇ ਜਾ ਟਿਕਾਣਾ ਕੀਤਾ। ਫਿਰ ਉਹ ਦੋਵੇਂ ਕਾਫੀ ਦੇਰ ਤਕ ਲੰਮੀ ਚੌੜੀ ਸਲਾਹ ਕਰਦੇ ਰਹੇ। ਅਖੀਰ ਉਨ੍ਹਾਂ ਦੋਹਾਂ ਨੇ ਗੁਰੂ ਚੇਲੇ ਦਾ ਰੂਪ ਧਾਰ ਕੇ ਸਾਰੇ ਸ਼ਹਿਰ ਦਾ ਚਕਰ ਕਟਿਆ। ਉਨ੍ਹਾਂ ਨੂੰ ਇਕ ਭਠਿਆਰਨ ਮਿਲੀ ਜੋ ਸ਼ਹਿਰ ਦੀ ਹਰ ਇਕ ਗੱਲ ਦੀ ਸੂਹ ਰਖਦੀ ਸੀ। ਦੋਹਾਂ ਰਾਤ ਉਥੇ ਹੀ ਗੁਜ਼ਾਰਨ ਦਾ ਫੈਸਲਾ ਕੀਤਾ।

ਰਾਤੀਂ ਕਾਫੀ ਦੇਰ ਤਕ ਬੁੱਢੀ ਭਠਿਆਰਨ ਦੋਹਾਂ ਫਕੀਰਾਂ ਨਾਲ ਗੱਲੀਂ ਜੁਟੀ ਰਹੀ। ਪਹਿਲਾਂ ਮਾਰਫਤ ਦੀਆਂ ਗੱਲਾਂ ਹੋਈਆਂ, ਫਿਰ ਦੁਨੀਆਂਦਾਰੀ ਦੀਆਂ। ਚਲਦੀ ਚਲ਼ਦੀ ਗੱਲ ਕਬੂਤਰੀ ਸ਼ਹਿਜ਼ਾਦੀ ਤੇ ਆ ਰੁਕੀ।

"ਕਬੂਤਰੀ ਸ਼ਹਿਜ਼ਾਦੀ ਮਰਦ ਦੀ ਜ਼ਾਤ ਨਾਲ ਐਡੀ ਨਫਰਤ ਕਿਉਂ ਕਰਦੀ ਏ ?" ਫਕੀਰ ਦੇ ਭੇਸ ਵਿਚ ਸੌਦਾਗਰ ਨੇ ਪੁਛਿਆ, "ਦਿਲ ਦੀ ਤਾਂ ਉਹ ਬੜੀ ਨੇਕ ਏ।"

ਭਠਿਆਰਨ ਨੇ ਲੋਕਾਂ ਤੋਂ ਜੋ ਗੱਲਾਂ ਸੁਣੀਆਂ ਸਨ, ਉਹ ਇਕ ਇਕ ਕਰਕੇ ਉਗਲ ਦਿਤੀਆਂ—ਰਾਜਕੁਮਾਰੀ ਨੂੰ ਆਪਣੇ ਪਿਛਲੇ ਜਨਮ ਦਾ ਗਿਆਨ ਹੋ ਗਿਐ। ਪਿਛਲੇ ਜਨਮ ਵਿਚ ਉਹ ਕਬੂਤਰੀ ਸੀ। ਉਹਦੇ ਨਾਲ ਕਬੂਤਰ ਨੇ ਧੋਖਾ ਕੀਤਾ। ਫਿਰ ਭਠਿਆਰਨ ਨੇ ਕਬੂਤਰ ਤੇ ਕਬੂਤਰੀ ਦੀ ਕਹਾਣੀ ਸੁਣਾ ਕੇ ਕਿਹਾ, "ਪਿਛਲੇ ਜਨਮ ਆਪਣੇ ਬੱਚਿਆਂ ਦੀ ਖਾਤਰ ਬਲੀ ਦੇਣ ਸਦਕਾ ਐਸ ਜਨਮ ਉਹ ਰਾਜਕੁਮਾਰੀ ਬਣੀ ਏ, ਕਬੂਤਰ ਦੀ ਬੇਵਫਾਈ ਕਰਕੇ ਉਹਨੂੰ ਮਰਦ ਦੀ ਜ਼ਾਤ ਨਾਲ ਨਫਰਤ ਏ।

ਸੌਦਾਗਰ ਨੂੰ ਸਾਰੀ ਗੱਲ ਸਮਝ ਆ ਗਈ। ਉਹ ਸਾਰੀ ਰਾਤ ਤਰਕੀਬਾਂ ਸੋਚਦਾ ਰਿਹਾ। ਸਵੇਰੇ ਉਹ ਦੋਸਤ ਸਮੇਤ ਆਪਣੇ ਟਿਕਾਣੇ ਤੇ ਜਾ ਪੁਜਾ।

ਅਗਲੇ ਦਿਨ ਸੌਦਾਗਰ ਨੇ ਦਰਜੀ ਕੋਲ ਜਾ ਕੇ ਜਾਦੂਗਰਾਂ ਵਾਲੇ ਅਜੀਬ ਕਿਸਮ ਦੇ ਕਪੜੇ ਅਤੇ ਪਗੜੀ ਤਿਆਰ ਕਰਵਾਈ ਤੇ ਕੁਝ ਹੋਰ ਕਪੜੇ ਸਿਵਾਏ। ਜਾਦੂਗਰ ਵਾਲੇ ਕਪੜੇ ਉਹਨੇ ਖੁਦ ਪਹਿਨੇ ਅਤੇ ਦੋਸਤ ਨੂੰ ਜਮੂਰਿਆਂ ਵਾਲੇ ਕਪੜੇ ਪਹਿਨਾ ਦਿਤੇ। ਇਕ ਥੈਲੇ ਵਿਚ ਅਜੀਬ ਕਿਸਮ ਦੀਆਂ ਚੀਜ਼ਾਂ ਇਕੱਠੀਆਂ ਕਰਕੇ ਪਾ ਲਈਆਂ। ਤਾਂ ਸੌਦਾਗਰ ਆਪਣੇ ਦੋਸਤ ਸਮੇਤ ਰਾਜੇ ਦੇ ਦਰਬਾਰ ਵਿਚ ਜਾ ਹਾਜ਼ਰ ਹੋਇਆ ਤੇ ਕਹਿਣ ਲਗਾ, "ਮਹਾਰਾਜ ! ਮੈਂ ਇਕ ਮਸ਼ਹੂਰ ਜਾਦੂਗਰ ਹਾਂ ਅਤੇ ਬੜੇ ਦਿਲਚਸਪ ਕਰਿਸ਼ਮੇ ਵਿਖਾ ਸਕਦਾ ਹਾਂ।"

"ਇਹਦਾ ਕਈ ਸਬੂਤ ?" ਰਾਜੇ ਨੇ ਤਸਲੀ ਕਰਨ ਲਈ ਪੁਛਿਆ।

ਜਾਦੂਗਰ ਨੇ ਰਾਜੇ ਨੂੰ ਇਕ ਜਾਦੂ ਦਾ ਚਮਤਕਾਰ ਕਰ ਕੇ ਵਿਖਾਇਆ। ਪਾਣੀ ਦੇ ਭਰੇ ਖਾਲੀ ਗਿਲਾਸ ਵਿਚੋਂ ਜਾਦੂਗਰ ਨੇ ਪਹਿਲਾਂ ਇਕ ਕੰਠਹਾਰ ਕਢਿਆ ਤੇ ਫਿਰ ਮੁੰਦਰੀ।

ਰਾਜੇ ਨੂੰ ਜਾਦੂਗਰ ਦਾ ਤਮਾਸ਼ਾ ਬਹੁਤ ਪਸੰਦ ਆਇਆ। ਸੋ ਰਾਜੇ ਨੇ ਜਾਦੂਗਰ ਨੂੰ ਕਿਹਾ, "ਤੁਸੀਂ ਮੇਰੇ ਬਾਗ਼ ਵਿਚ ਅਜ ਸ਼ਾਮੀਂ ਤਮਾਸ਼ਾ ਵਿਖਾਣਾ। ਮੇਰੀ ਲੜਕੀ ਵੀ ਸਖੀਆਂ ਨਾਲ ਤਮਾਸ਼ਾ ਵੇਖਣ ਲਈ ਆਵੇਗੀ। ਉਹਦਾ ਵੀ ਦਿਲ ਪਰਚ ਜਾਵੇਗਾ।"

"ਪਰ ਮੈਂ ਔਰਤ ਜ਼ਾਤ ਨੂੰ ਨਫਰਤ ਕਰਦਾ ਹਾਂ। ਮੈਨੂੰ ਕਿਸੇ ਔਰਤ ਦੇ ਮੂੰਹ ਲਗਿਆਂ ਵਰ੍ਹੇ ਬੀਤ ਗਏ ਨੇ।" ਸੌਦਾਗਰ ਨੇ ਪਖੰਡ ਕੀਤਾ।

"ਪਰ ਜੇ ਮੇਰੀ ਰਾਜਕੁਮਾਰੀ ਪਰਦੇ ਦੇ ਉਹਲੇ ਬੈਠ ਕੇ ਤਮਾਸ਼ਾ ਵੇਖ ਲਏ ਤਾਂ ਕੋਈ ਹਰਜ਼ ਨਹੀਂ।" ਰਾਜੇ ਨੇ ਨਿਮਰਤਾ ਨਾਲ ਕਿਹਾ।

ਇਹੋ ਤਾਂ ਜਾਦੂਗਰ ਚਾਹੁੰਦਾ ਸੀ।

"ਇਸ ਵਿਚ ਮੈਨੂੰ ਕੋਈ ਇਤਰਾਜ਼ ਨਹੀਂ।" ਜਾਦੂਗਰ ਨੇ ਆਪਣਾ ਪਖ ਪੂਰਦਿਆਂ ਕਿਹਾ, "ਪਰ ਮੇਰੀਆਂ ਦੋ ਸ਼ਰਤਾਂ ਨੇ, ਇਕ ਤਾਂ ਇਹ ਕਿ ਕੋਈ ਔਰਤ ਵੀ ਮੇਰੇ ਸਾਹਮਣੇ ਨਹੀਂ ਆਉਣੀ ਚਾਹੀਦੀ। ਦੂਜੀ, ਇਹ ਕਿ ਜੇ ਔਰਤ ਨੇ ਛੁਪ ਕੇ ਤਮਾਸ਼ਾ ਵੇਖਣਾ ਏ ਤਾਂ ਉਨ੍ਹਾਂ ਦੀ ਅਵਾਜ਼ ਮੇਰੇ ਕੰਨਾਂ ਤਕ ਨਹੀਂ ਪਹੁੰਚਣੀ ਚਾਹੀਦੀ।" ਜਾਦੂਗਰ ਨੇ ਸਮਝਾਇਆ।

ਰਾਜੇ ਨੇ ਜਾਦੂਗਰ ਦੀਆਂ ਸ਼ਰਤਾਂ ਮੰਨ ਲਈਆਂ।

ਬਾਗ਼ ਵਿਚ ਤਮਾਸ਼ੇ ਵਾਸਤੇ ਉਚੇਚਾ ਪ੍ਰਬੰਧ ਕੀਤਾ ਗਿਆ। ਇਕ ਪਾਸੇ ਰਾਜੇ ਤੇ ਉਹਦੇ ਦਰਬਾਰੀ ਬੈਠ ਗਏ, ਦੂਜੇ ਪਾਸੇ ਪਰਦੇ ਦੇ ਓਹਲੇ ਕਬੂਤਰੀ ਸ਼ਹਿਜ਼ਾਦੀ ਤੇ ਉਹਦੀਆਂ ਸਖੀਆਂ ਚੁਪਚਾਪ ਜਾ ਬੈਠੀਆਂ। ਪਰਦੇ ਬੜੇ ਪਤਲੇ ਸਨ ਤੇ ਉਨ੍ਹਾਂ ਵਿਚ ਸੁਰਾਖ ਸਨ, ਜਿਨ੍ਹਾਂ ਵਿਚੋਂ ਤਮਾਸ਼ਾ ਵੇਖਿਆ ਜਾ ਸਕਦਾ ਸੀ।

ਜਾਦੂਗਰ ਨੇ ਤਮਾਸ਼ਾ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਬਾਰੇ ਜਾਣ ਪਛਾਣ ਕਰਾਂਦਿਆਂ ਦਸਿਆ ਕਿ ਮੈਂ ਜਦੋਂ ਦੀ ਹੋਸ਼ ਸੰਭਾਲੀ ਹੈ ਔਰਤ ਜ਼ਾਤ ਨੂੰ ਨਫਰਤ ਕਰਦਾ ਆਇਆ ਹਾਂ। ਇਹਦੇ ਪਿਛੇ ਇਕ ਖਾਸ ਰਾਜ ਹੈ ਜੋ ਮੈਂ ਤੁਹਾਨੂੰ ਦਸ ਦੇਣਾ ਚਾਹੁੰਦਾ ਹਾਂ, ਤਾਂ ਜੋ ਤੁਹਾਨੂੰ ਇਸ ਨਫਰਤ ਦਾ ਅਸਲ ਕਾਰਨ ਪਤਾ ਲਗ ਜਾਵੇ। ਮੈਂ ਪਿਛਲੇ ਜਨਮ ਵਿਚ ਬੱਚਿਆਂ ਦੀ ਖਾਤਰ ਬੜੀ ਵਡੀ ਕੁਰਬਾਨੀ ਕੀਤੀ ਅਤੇ ਆਪਣੇ ਪ੍ਰਾਣਾਂ ਦੀ ਬਲੀ ਤਕ ਦੇ ਦਿਤੀ, ਜਿਸ ਕਰਕੇ ਇਸ ਜਨਮ ਵਿਚ ਇਕ ਤਾਂ ਮੈਨੂੰ ਅਦਭੁਤ ਕਰਿਸ਼ਮੇ ਵਿਖਾਣ ਦੀ ਸ਼ਕਤੀ ਪ੍ਰਾਪਤ ਹੋਈ; ਦੂਜਾ, ਮੈਨੂੰ ਪਿਛਲੇ ਜਨਮ ਦੀਆਂ ਸਭ ਗੱਲਾਂ ਦਾ ਚੇਤਾ ਰਿਹਾ।

ਫਿਰ ਜਾਦੂਗਰ ਨੇ ਆਪਣੀ ਵਿਥਿਆ ਇਉਂ ਸੁਣਾਈ—

ਪਿਛਲੇ ਜਨਮ ਮੈਂ ਇਕ ਕਬੂਤਰ ਸਾਂ। ਮੇਰਾ ਆਪਣੀ ਕਬੂਤਰੀ ਨਾਲ ਬੜਾ ਪਿਆਰ ਸੀ। ਅਸਾਂ ਦੋਹਾਂ ਰਲ ਦੇ ਇਕ ਆਲ੍ਹਣਾ ਬਣਾਇਆ। ਕਬੂਤਰੀ ਨੇ ਅੰਡੇ ਦਿਤੇ, ਅਸੀਂ ਦੋਵੇਂ ਰਲ ਕੇ ਬੱਚੇ ਪਾਲਣ ਲਗੇ। ਇਕ ਦਿਨ ਅਸੀਂ ਚੋਗੇ ਦੀ ਭਾਲ ਵਿਚ ਦੂਰ ਨਿਕਲ ਗਏ। ਪਿਛੋਂ ਜੰਗਲ ਵਿਚ ਅਚਾਨਕ ਅੱਗ ਭੜਕ ਉਠੀ। ਅਸੀਂ ਦੋਵੇਂ ਪਰੇਸ਼ਾਨ ਉਸ ਬ੍ਰਿਛ ਕੋਲ ਪਹੁੰਚੇ ਜਿਥੇ ਸਾਡਾ ਆਲ੍ਹਣਾ ਸੀ। ਮੈਂ ਆਪਣੀ ਜਾਨ ਖਤਰੇ ਵਿਚ ਪਾ ਕੇ ਬੱਚਿਆਂ ਨੂੰ ਬਚਾਣਾ ਚਾਹਿਆ, ਪਰ ਕਬੂਤਰੀ ਕਹਿਣ ਲਗੀ, "ਤੁਸੀਂ ਆਪਣੀ ਜਾਨ ਖਤਰੇ ਵਿਚ ਨਾ ਪਾਓ, ਜੇ ਅਸੀਂ ਦੋਵੇਂ ਜ਼ਿੰਦਾ ਰਹੇ ਤਾਂ ਬੱਚੇ ਹੋਰ ਪੈਦਾ ਹੋ ਜਾਣਗੇ।"

ਪਰ ਮੈਂ ਕਬੂਤਰੀ ਨੂੰ ਸਮਝਾਇਆ ਕਿ ਥੋਹੜਾ ਜਿਹਾ ਖਤਰਾ ਮੁਲ ਲੈ ਕੇ ਅਸੀਂ ਇਨ੍ਹਾਂ ਬੱਚਿਆਂ ਨੂੰ ਝੁਲਸਣ ਤੋਂ ਬਚਾ ਸਕਦੇ ਹਾਂ। ਕਬੂਤਰੀ ਰਜ਼ਾਮੰਦ ਹੋ ਗਈ।

ਪਰ ਜਦੋਂ ਮੈਂ ਆਲ੍ਹਣੇ ਵਲ ਲਪਕਿਆ, ਕਬੂਤਰੀ ਗਾਇਬ ਹੋ ਗਈ। ਮੈਂ ਬੱਚੇ ਕੱਢਦਾ ਹੋਇਆ ਅੱਗ ਵਿਚ ਝੁਲਸ ਕੇ ਮਰ ਗਿਆ। ਕਬੂਤਰੀ ਬੇਵਫਾ ਨਿਕਲੀ। ਜਦੋਂ ਤੋਂ ਮੈਨੂੰ ਪਿਛਲੇ ਜਨਮ ਦੀ ਇਸ ਗੱਲ ਦਾ ਗਿਆਨ ਹੋਇਐ, ਮੈਂ ਔਰਤ ਜ਼ਾਤ ਨਾਲ ਨਫਰਤ ਕਰਦਾ ਹਾਂ।"

ਪਰਦੇ ਪਿਛੇ ਬੈਠੀ ਕਬੂਤਰੀ ਸ਼ਹਿਜ਼ਾਦੀ ਸਾਰਾ ਬ੍ਰਿਤਾਂਤ ਸੁਣ ਕੇ ਅੱਗ ਦੇ ਸ਼ੋਅਲੇ ਵਾਂਗ ਭੱਖਣ ਲਗੀ ਅਤੇ ਪਰਦੇ ਵਿਚੋਂ ਬਾਹਰ ਆ ਕੇ ਕਹਿਣ ਲਗੀ, "ਜਾਦੂਗਰ ! ਤੂੰ ਝੂਠ ਬੋਲਦਾ ਏਂ।" ਤੇ ਫਿਰ ਉਹ ਜਾਦੂਗਰ ਦੇ ਸਾਹਮਣੇ ਆ ਖਲੋਤੀ, "ਬੇਵਫਾ ਤੂੰ ਸੈਂ, ਮੈਂ ਨਹੀਂ। ਮੈਂ ਹੀ ਉਹ ਕਬੂਤਰੀ ਹਾਂ। ਮੈਂ ਤਾਂ ਅੱਗ ਵਿਚ ਝੁਲਸ ਕੇ ਮਰ ਗਈ ਸਾਂ, ਤੂੰ ਨਠ ਗਿਆ ਸੈਂ।"

ਜਾਦੂਗਰ ਆਪਣੀ ਤੀਰ ਨਿਸ਼ਾਨੇ ਤੇ ਪਿਆ ਵੇਖ ਕੇ ਉਸੇ ਰੌਂ ਵਿਚ ਕਹਿਣ ਲਗਾ, "ਮੈਂ ਬੇਵਫਾ ਕਿਵੇਂ ਹੋ ਸਕਦਾ ਸਾਂ ? ਮੈਂ ਤਾਂ ਇਕ ਬੱਚਾ ਕਢ ਵੀ ਲਿਆਇਆ ਸਾਂ, ਦੂਜਾ ਕਢਣ ਲਗਿਆਂ ਅੱਗ ਵਿਚ ਝੁਲਸ ਗਿਆ। ਜੇ ਤੂੰ ਨਾਲ ਹੁੰਦੀ ਤਾਂ ਦੋਵੇਂ ਬੱਚੇ ਸਹੀ ਸਲਾਮਤ ਨਿਕਲ ਆਉਣੇ ਸਨ। ਇਸ ਵਾਸਤੇ ਸਾਰਾ ਕਸੂਰ ਤੇਰਾ ਏ।"

ਦੋਵੇਂ ਕਾਫੀ ਦੇਰ ਤਕ ਇਕ ਦੂਜੇ ਤੇ ਦੋਸ਼ ਥਪਦੇ ਰਹੇ। ਰਾਜਾ ਤੇ ਉਹਦੇ ਦਰਬਾਰੀ ਹੈਰਾਨ ਹੋਏ ਦੋਹਾਂ ਵਲ ਬਿਟ ਬਿਟ ਵੇਖਦੇ ਰਹੇ।

ਅਖੀਰ ਜਾਦੂਗਰ ਦਾ ਜਮੂਰਾ ਕਹਿਣ ਲਗਾ, "ਵੇਖੋ, ਰੱਬ ਨੇ ਤੁਸਾਂ ਦਾ ਮੁੜ ਮੇਲ ਕਰਵਾ ਦਿਤਾ ਏ। ਤੁਸੀਂ ਪੁਰਾਣੀਆਂ ਗੱਲਾਂ ਭੁਲ ਜਾਓ ਤੇ ਹੁਣ ਵੀ ਇਕ ਦੂਜੇ ਦੀ ਬਾਂਹ ਫੜ ਲਓ।"

ਰਾਜਾ ਇਹ ਗੱਲ ਸੁਣ ਕੇ ਬੜਾ ਖੁਸ਼ ਹੋਇਆ।

"ਤੁਸੀਂ ਆਪਣੀ ਗਲਤੀ ਮੰਨ ਜਾਓ।" ਜਾਦੂਗਰ ਕਹਿਣ ਲਗਾ, "ਕਬੂਤਰੀ ਸ਼ਹਿਜ਼ਾਦੀ ! ਮੈਂ ਤਾਂ ਤੁਹਾਡੇ ਬੱਚਿਆਂ ਪਿਛੇ ਆਪਣੀ ਜਾਨ ਕੁਰਬਾਨ ਕਰ ਦਿਤੀ ਸੀ। ਹੋ ਸਕਦੈ ਕਿ ਤੁਸੀਂ ਕਿਸੇ ਗਲਤ ਫਹਿਮੀ ਦਾ ਸ਼ਿਕਾਰ ਹੋ ਗਏ ਹੋਵੋ। ਜੇ ਮੇਰਾ ਕਸੂਰ ਹੈ ਤਾਂ ਹੁਣ ਤੁਸੀਂ ਮੈਨੂੰ ਮਾਫ ਕਰ ਦਿਓ।"

"ਨਹੀਂ ਮਾਫੀ ਤਾਂ ਮੈਨੂੰ ਮੰਗਣੀ ਚਾਹੀਦੀ ਸੀ, ਪਤਾ ਨਹੀਂ ਕਿਵੇਂ ਭੁਲ ਹੋ ਗਈ ਸੀ। ਮੈਂ ਤਾਂ ਬੱਚਿਆਂ ਦੀ ਖਾਤਰ ਅੱਗ ਵਿਚ ਝੁਲਸ ਗਈ ਸੀ। ਇਸੇ ਬਲੀ ਸਦਕਾ ਹੀ ਮੈਂ ਇਸ ਜਨਮ ਰਾਜਕੁਮਾਰੀ ਬਣੀ ਹਾਂ। ਮੈਨੂੰ ਸਭ ਕੁਝ ਯਾਦ ਏ।" ਕਬੂਤਰੀ ਸ਼ਹਿਜ਼ਾਦੀ ਨੇ ਆਪਣਾ ਪੱਖ ਪੂਰਦਿਆਂ ਕਿਹਾ।

"ਮੈਂ ਵੀ ਅੱਗ ਵਿਚ ਝੁਲਸ ਗਿਆ ਸਾਂ, ਉਸੇ ਬਲੀ ਸਦਕਾ ਮੈਂ ਵੀ ਰਾਜਕੁਮਾਰ ਬਣਿਆ ਹਾਂ। ਪਰ ਤੁਹਾਡੀ ਬੇਵਫਾਈ ਕਾਰਨ ਭਟਕਦਾ ਫਿਰਦਾ ਹਾਂ।" ਜਾਦੂਗਰ ਨੇ ਅਸਲੀਅਤ ਦਸੀ, "ਮੈਂ ਅਸਲ ਵਿਚ ਇਕ ਰਾਜਕੁਮਾਰ ਹਾਂ, ਸੌਦਾਗਰ ਨਹੀਂ।"

ਫਿਰ ਦੋਹਾਂ ਨੇ ਇਕ ਦੂਜੇ ਤੋਂ ਖ਼ਿਮਾ ਮੰਗੀ। ਉਸ ਵੇਲੇ ਰਾਜਾ ਉਨ੍ਹਾਂ ਦੇ ਕੋਲ ਆ ਗਿਆ ਤੇ ਕਹਿਣ ਲਗਾ, "ਤੁਸੀਂ ਮੁੜ ਕੇ ਇਕ ਦੂਜੇ ਦੇ ਹੋ ਜਾਓ। ਜਿਹੜੀ

ਗਲਤ ਫਹਿਮੀ ਪਿਛਲੇ ਜਨਮ ਪੈ ਗਈ ਸੀ, ਉਹ ਹੁਣ ਦੂਰ ਕਰ ਲਓ।"

ਕਬੂਤਰੀ ਸ਼ਹਿਜ਼ਾਦੀ ਨੇ ਸਿਰ ਝੁਕਾ ਦਿਤਾ।

ਫਿਰ ਰਾਜੇ ਨੇ ਦੋਹਾਂ ਦਾ ਵਿਆਹ ਬੜੀ ਧੂਮ ਧਾਮ ਨਾਲ ਕਰ ਦਿਤਾ।

ਅਮਰ ਫਲ ਤੇ ਪ੍ਰੇਮ

ਇਕ ਵਾਰ ਇਕ ਰਾਜਾ ਜੰਗਲ ਵਿਚ ਸ਼ਿਕਾਰ ਖੇਡਣ ਲਈ ਗਿਆ। ਇਕ ਸੁਨਹਿਰੇ ਹਿਰਨ ਦਾ ਪਿੱਛਾ ਕਰਦਾ ਉਹ ਆਪਣੇ ਸਾਥੀਆਂ ਤੋਂ ਦੂਰ ਨਿਖੜ ਗਿਆ। ਉਹਨੂੰ ਸਖਤ ਪਿਆਸ ਲਗੀ। ਇਕ ਛੰਭ ਤੋਂ ਪਾਣੀ ਪੀ ਕੇ ਉਹ ਅਰਾਮ ਕਰਨ ਲਈ, ਕੰਢੇ ਤੇ ਹੀ ਲੰਮਾ ਪੈ ਰਿਹਾ। ਘੋੜਾ ਉਹਨੇ ਦਰਖਤ ਨਾਲ ਬੰਨ੍ਹ ਦਿਤਾ। ਇਕ ਤੋਤਾ ਉਹਦੇ ਨਾਲ ਸੀ। ਰਾਜਾ ਉਸੇ ਨਾਲ ਖੇਡਣ ਲਗਾ।

ਅਚਾਨਕ ਰਾਜੇ ਦੀ ਨਜ਼ਰ ਇਕ ਬੜੇ ਖੂਬਸੂਰਤ ਬੂਟੇ ਤੇ ਪਈ ਜੋ ਵੇਖਣ ਵਿਚ ਬੜਾ ਅਜੀਬ ਸੀ। ਉਸ ਬੂਟੇ ਨੂੰ ਕੇਵਲ ਤਿੰਨ ਫਲ ਲਗੇ ਹੋਏ ਸਨ—ਸੇਬ ਵਾਂਗ ਲਾਲ ਤੇ ਰਸ ਨਾਲ ਚੋ ਚੋ ਕਰਦੇ। ਰਾਜੇ ਨੇ ਅਜਿਹਾ ਫਲ ਪਹਿਲਾਂ ਕਦੇ ਨਹੀਂ ਸੀ ਵੇਖਿਆ। ਰਾਜੇ ਨੂੰ ਸ਼ਕ ਹੋਇਆ ਕਿ ਹੋਵੇ ਨਾ ਇਹ ਅਮਰ ਫਲ ਹੈ।

ਰਾਜੇ ਨੇ ਤੋਤੇ ਨੂੰ ਪੁਛਿਆ, "ਤੂੰ ਤਾਂ ਜੰਗਲਾਂ ਵਿਚ ਫਿਰਦਾ ਰਹਿੰਦਾ ਏਂ। ਅਮਰ ਫਲ ਦੀ ਤੈਨੂੰ ਪਛਾਣ ਹੋਣੀ ਏਂ। ਵੇਖ, ਇਹੋ ਕਿਧਰ ਅਮਰ ਫਲ ਤਾਂ ਨਹੀਂ।"

ਤੋਤਾ ਉਡ ਕੇ ਉਸ ਬੂਟੇ ਉਤੇ ਜਾ ਬੈਠਾ। ਬੂਟੇ ਦੇ ਪੱਤੇ ਤੇ ਫਲ ਧਿਆਨ ਨਾਲ ਵੇਖੇ, ਮਹਿਕ ਦਾ ਅਹਿਸਾਸ ਲਿਆ ਤੇ ਫਿਰ ਕਹਿਣ ਲਗਾ, "ਜਾਪਦਾ ਏ ਕਿ ਇਹ ਅਮਰ ਫਲ ਈ ਏ। ਤੁਸੀਂ ਫਲ ਖਾ ਲਓ।"

"ਤੂੰ ਇਕ ਫਲ ਚਖ ਕੇ ਸਵਾਦ ਵੇਖ", ਰਾਜੇ ਨੇ ਕਿਹਾ, "ਕਿਧਰੇ ਕੋਈ ਜ਼ਹਿਰੀਲਾ ਬੂਟਾ ਹੀ ਨਾ ਹੋਵੇ।"

ਉਹ ਬੂਟਾ ਛੰਭ ਦੇ ਐਨ ਕੰਢੇ ਤੇ ਉਗਿਆ ਹੋਇਆ ਸੀ। ਜੜ੍ਹ ਤਾਂ ਕਿਨਾਰੇ ਤੇ ਸੀ, ਪਰ ਉਸਦਾ ਸਾਰਾ ਫੈਲਾਅ ਛੰਭ ਤੇ ਸੀ। ਤੋਤੇ ਨੇ ਜਿਵੇਂ ਹੀ ਇਕ ਫਲ ਨੂੰ ਚੁੰਝ ਮਾਰ ਕੇ ਚਖਣਾ ਚਾਹਿਆ, ਉਹ ਹੇਠਾਂ ਛੰਭ ਵਿਚ ਡਿਗ ਪਿਆ। ਪਰ ਤੋਤੇ ਨੇ ਫਲ ਚਖ ਲਿਆ ਸੀ, ਸੋ ਉਹਨੇ ਦਸਿਆ ਕਿ ਫਲ ਬੜਾ ਲਜ਼ੀਜ਼ ਏ।

ਰਾਜੇ ਨੇ ਟਹਿਣੀ ਫੜ ਕੇ ਬਾਕੀ ਬਚੇ ਦੋਵੇਂ ਫਲ ਤੋੜਨੇ ਚਾਹੇ, ਪਰ ਅਜੇ ਉਹਨੇ ਇਕੋ ਹੀ ਤੋੜਿਆ ਸੀ ਕਿ ਦੂਜਾ ਫਲ ਵੀ ਛੰਭ ਵਿਚ ਜਾ ਡਿਗਾ। ਸੋ ਰਾਜੇ ਦੇ ਹਥ ਵਿਚ ਇਕੋ ਫਲ ਆਇਆ। "ਇਸ ਫਲ ਨੂੰ ਹੁਣ ਖਾ ਲਓ।" ਤੋਤੇ ਨੇ ਕਿਹਾ, "ਪੂਰਾ ਫਲ ਖਾ ਲੈਣ ਵਾਲਾ ਅਮਰ ਹੋ ਜਾਂਦਾ ਏ।"

"ਨਹੀਂ, ਮੈਂ ਇਹ ਫਲ ਆਪਣੇ ਬਾਗ਼ ਵਿਚ ਬੀਜਾਂ ਗਾ ਅਤੇ ਫਿਰ ਉਸ ਪੌਦੇ

ਨਾਲ ਪਹਿਲੇ ਸਾਲ ਜਿਹੜੇ ਤਿੰਨ ਫਲ ਲਗਣ ਗੇ, ਉਨ੍ਹਾਂ ਵਿਚੋਂ ਇਕ ਮੈਂ ਖੁਦ ਖਾਵਾਂਗਾ। ਦੂਜਾ ਰਾਣੀ ਨੂੰ ਖੁਆਵਾਂਗਾ ਅਤੇ ਤੀਜਾ ਆਪਣੇ ਪੁਤ੍ਰ ਨੂੰ। ਇਕਲਿਆਂ ਲੰਮੀ ਉਮਰ ਭੋਗਣ ਦਾ ਕੋਈ ਰਸ ਨਹੀਂ।"

ਰਾਜਾ ਮਹਿਲਾਂ ਵਿਚ ਵਾਪਸ ਆ ਗਿਆ। ਉਸ ਨੇ ਉਸੇ ਵੇਲੇ ਸ਼ਾਹੀ ਮਾਲੀ ਨੂੰ ਬੁਲਾਇਆ ਤੇ ਉਸ ਫਲ ਨੂੰ ਬਗੀਚੇ ਵਿਚ ਬੀਜ ਦੇਣ ਦਾ ਹੁਕਮ ਦਿਤਾ। ਰਾਜਾ ਹਰ ਰੋਜ਼ ਖੁਦ ਉਸ ਬੂਟੇ ਨੂੰ ਵੇਖਦਾ ਤੇ ਮੰਤਰਾਂ ਦਾ ਜਾਪ ਕਰਦਾ ਹੋਇਆ ਹਥੀਂ ਪਾਣੀ ਦਿੰਦਾ। ਇਸ ਤਰ੍ਹਾਂ ਦੋ ਵਰ੍ਹੇ ਬੀਤ ਗਏ।

ਦੋ ਵਰ੍ਹਿਆਂ ਮਗਰੋਂ ਉਸ ਬੂਟੇ ਨੂੰ ਪਹਿਲਾ ਫਲ ਲਗਾ। ਉਸ ਦਿਨ ਜ਼ੋਰ ਦਾ ਝਖੜ ਝੁਲਿਆ ਤੇ ਉਹ ਫਲ ਹੇਠਾਂ ਡਿਗ ਪਿਆ। ਹੇਠਾਂ ਇਕ ਫਨੀਅਰ ਬੈਠਾ ਸੀ, ਫਲ ਉਸ ਉਤੇ ਜਾ ਡਿਗਾ। ਫਨੀਅਰ ਨੇ ਕ੍ਰੋਧ ਵਿਚ ਆ ਕੇ ਆਪਣੀ ਦੰਦੀ ਫਲ ਵਿਚ ਖੋਭ ਦਿਤੀ।

ਸਵੇਰੇ ਮਾਲੀ ਦੀ ਨਜ਼ਰ ਉਸ ਫਲ ਤੇ ਪਈ ਤਾਂ ਉਹ ਰਾਜੇ ਕੋਲ ਲੈ ਗਿਆ। ਰਾਜਾ ਬੜਾ ਖੁਸ਼ ਹੋਇਆ। ਰਾਜੇ ਦਾ ਆਪਣੀ ਰਾਣੀ ਨਾਲ ਬੜਾ ਪਿਆਰ ਸੀ। ਸੋ ਉਹਨੇ ਸੋਚਿਆ ਕਿ ਪਹਿਲਾ ਫਲ ਰਾਣੀ ਨੂੰ ਖਵਾਇਆ ਜਾਵੇ, ਤਾਂ ਜੋ ਉਹ ਅਮਰ ਹੋ ਜਾਵੇ।

ਰਾਣੀ ਫਲ ਨੂੰ ਖਾਂਦੇ ਸਾਰ ਬੇਹੋਸ਼ ਹੋ ਗਈ। ਉਸਦੀਆਂ ਅੱਖਾਂ ਫਿਰ ਗਈਆਂ, ਮੂੰਹ ਵਿਚੋਂ ਝੱਗ ਛੁਟ ਪਈ। ਥੋੜੀ ਦੇਰ ਬਾਅਦ ਉਹਨੇ ਪ੍ਰਾਣ ਤਿਆਗ ਦਿਤੇ। ਹਕੀਮਾਂ ਨੇ ਦਸਿਆ ਕਿ ਉਹ ਫਲ ਜ਼ਹਿਰੀਲਾ ਸੀ।

ਰਾਜੇ ਨੂੰ ਬੜਾ ਦੁਖ ਹੋਇਆ। ਉਹਨੇ ਉਸ ਬੂਟੇ ਦੇ ਦੁਆਲੇ ਵਾੜ ਲਵਾ ਦਿਤੀ ਤਾਂ ਜੋ ਉਹਦਾ ਜ਼ਹਿਰੀਲਾ ਫਲ ਜਾਂ ਪੱਤਾ ਕੋਈ ਵੀ ਨਾ ਖਾਵੇ। ਉਸ ਨੇ ਸੋਚਿਆ ਕਿ ਉਹ ਕਿਸੇ ਸਿਆਣੇ ਹਕੀਮ ਜਾਂ ਰਿਸ਼ੀ ਮੁਨੀ ਤੋਂ ਉਸ ਫਲ ਬਾਰੇ ਜਾਣਕਾਰੀ ਪ੍ਰਾਪਤ ਕਰੇਗਾ ਕਿ ਉਹ ਬੂਟਾ ਕਾਹਦਾ ਏ। ਸ਼ਹਿਰ ਵਿਚ ਰਾਜੇ ਨੇ ਢੰਡੋਰਾ ਪਿਟਵਾ ਦਿਤਾ ਕਿ ਸ਼ਾਹੀ ਬਾਗ਼ ਵਿਚ ਲਗੇ ਫਲਾਣੇ ਬੂਟੇ ਦਾ ਫਲ ਜ਼ਹਿਰੀਲਾ ਹੈ, ਕੋਈ ਮੂੰਹ ਨਾ ਲਾਵੇ।

ਸਮਾਂ ਲੰਘਦਾ ਗਿਆ। ਉਸ ਨਗਰ ਵਿਚ ਇਕ ਚੌਧਰੀ ਰਹਿੰਦਾ ਸੀ, ਜਿਸ ਦੀ ਇਕ ਮੁਟਿਆਰ ਧੀ ਸੀ, ਜੋ ਆਪਣੇ ਇਕ ਕਾਮੇ ਨਾਲ ਮੁਹਬਤ ਕਰਦੀ ਸੀ। ਜ਼ਿਮੀਦਾਰ ਨੂੰ ਜਦੋਂ ਇਸ ਗੱਲ ਦੀ ਖਬਰ ਹੋਈ ਤਾਂ ਉਹਨੇ ਕਾਮੇ ਨੂੰ ਮਾਰ ਕੁਟ ਕੇ ਘਰੋਂ ਕਢ ਦਿਤਾ ਅਤੇ ਆਪਣੀ ਧੀ ਦੀ ਮੰਗਣੀ ਕਿਧਰੇ ਹੋਰ ਉਚੇ ਘਰਾਣੇ ਵਿਚ ਕਰ ਦਿਤੀ। ਲੜਕੀ ਨੇ ਖੁਦਕਸ਼ੀ ਕਰਨ ਦਾ ਫੈਸਲਾ ਕੀਤਾ। ਉਹਨੂੰ ਪਤਾ ਸੀ ਕਿ ਸ਼ਾਹੀ ਬਾਗ ਵਿਚ ਇਕ ਜ਼ਹਿਰੀਲਾ ਫਲ ਹੈ। ਸੋ ਉਸ ਨੇ ਉਹ ਫਲ ਖਾ ਲੈਣ ਦਾ ਮਨ ਬਣਾ ਲਿਆ ਤੇ ਤ੍ਰਿਕਾਲਾਂ ਪੈਂਦੇ ਸਾਰ ਉਹ ਬਾਗ ਵਲ ਚਲ ਪਈ।

ਰਾਹ 'ਚ ਉਹਨੂੰ ਉਹ ਕਾਮਾ ਵੀ ਮਿਲ ਪਿਆ। ਕੁੜੀ ਨੇ ਉਸਨੂੰ ਸਾਰੀ ਗੱਲ ਦਸੀ। ਕਾਮੇ ਨੇ ਵੀ ਜ਼ਹਿਰੀਲਾ ਫਲ ਖਾ ਕੇ ਆਤਮਘਾਤ ਕਰਨ ਦਾ ਫੈਸਲਾ ਕੀਤਾ।

ਦੋਵੇਂ ਬਾਗ ਵਿਚ ਲੁਕ ਛੁਪ ਕੇ ਪਹੁੰਚੇ ਤੇ ਉਨ੍ਹਾਂ ਨੇ ਉਸ ਬੂਟੇ ਨਾਲ ਲਗੇ

ਦੋਵੇਂ ਫਲ ਇਕ ਇਕ ਤੋੜ ਕੇ ਖਾ ਲਏ ਤੇ ਫਿਰ ਉਸੇ ਬੂਟੇ ਹੇਠਾਂ ਅਖਾਂ ਮੀਟ ਕੇ ਲੰਮੇ ਪੈ ਗਏ। ਝਟ ਕੁ ਮਗਰੋਂ ਉਨ੍ਹਾਂ ਦੀ ਅੱਖ ਲਗ ਗਈ।

ਸਵੇਰੇ ਮਾਲੀ ਨੇ ਉਨ੍ਹਾਂ ਨੂੰ ਆ ਜਗਾਇਆ। ਉਨ੍ਹਾਂ ਦੇ ਚਿਹਰੇ ਉਤੇ ਅਨੋਖਾ ਜਲਾਲ ਆ ਗਿਆ ਤੇ ਜਿਸਮ ਵਿਚ ਸ਼ਬਾਬ ਡੁਲ ਡੁਲ ਪੈਣ ਲਗਾ। ਮਾਲੀ ਦੇ ਪੁਛਣ ਤੇ ਕਿ ਤੁਸੀਂ ਕੌਣ ਹੋ ਤੇ ਇਥੇ ਕਿਉਂ ਸੁਤੇ ਪਏ ਹੋ ਤਾਂ ਦੋਹਾਂ ਨੇ ਸ਼ੁਰੂ ਤੋਂ ਲੈ ਕੇ ਅਖੀਰ ਤਕ ਜ਼ਹਿਰੀਲਾ ਫਲ ਖਾਣ ਵਾਲੀ ਗੱਲ ਸਚੋ ਸਚ ਦਸ ਦਿਤੀ ਤੇ ਕਿਹਾ, "ਅਸਾਂ ਤਾਂ ਖੁਦਕਸ਼ੀ ਕਰਨ ਦੀ ਖਾਤਰ ਇਹ ਫਲ ਖਾਧਾ ਸੀ, ਪਰ ਸਾਡੇ ਵਿਚ ਨਵੀਂ ਸ਼ਕਤੀ ਤੇ ਜ਼ਿੰਦਗੀ ਆ ਗਈ ਏ।"

ਮਾਲੀ ਉਨ੍ਹਾਂ ਨੂੰ ਰਾਜੇ ਕੋਲ ਲੈ ਗਿਆ। ਰਾਜਾ ਸਾਰੀ ਗੱਲ ਸੁਣ ਕੇ ਕਹਿਣ ਲਗਾ, "ਮੇਰੀ ਕਿਸਮਤ ਵਿਚ ਇਹ ਫਲ ਨਹੀਂ ਸੀ। ਤੁਹਾਡੇ ਭਾਗਾਂ ਵਿਚ ਸੀ, ਸੋ ਤੁਸੀਂ ਅਮਰ ਹੋ ਗਏ ਹੋ। ਤੁਸੀਂ ਕਿਉਂ ਜੋ ਪ੍ਰੇਮੀ ਹੋ, ਇਸ ਵਾਸਤੇ ਤੁਹਾਡੇ ਨਾਲ ਮੁਹਬਤ ਵੀ ਅਮਰ ਹੋ ਗਈ ਏ। ਦੁਨੀਆਂ ਵਿਚ ਹੁਣ ਮੁਹਬਤ ਕਰਨ ਵਾਲਿਆਂ ਨੂੰ ਕਦੇ ਮੌਤ ਵੀ ਵਖ ਨਹੀਂ ਕਰ ਸਕੇਗੀ।"

ਕਹਿੰਦੇ ਨੇ ਮੁਹਬਤ ਅਮਰ ਫਲ ਖਾ ਕੇ ਅਮਰ ਹੋ ਗਈ ਹੈ। ਇਸ ਲਈ ਸੱਚੇ ਪ੍ਰੇਮੀਆਂ ਨੂੰ ਮੌਤ ਵੀ ਨਹੀਂ ਨਿਖੇੜ ਸਕਦੀ।

ਅੱਧੀ ਉਮਰ ਦਾ ਉਧਾਰ

ਇਕ ਰਾਜੇ ਨੂੰ ਨਾਚ ਗਾਣੇ ਦਾ ਬੜਾ ਸ਼ੌਕ ਸੀ। ਉਸ ਦੇ ਦਰਬਾਰ ਵਿਚ ਦੂਰੋਂ ਦੂਰੋਂ ਨਾਚੀਆਂ ਕਸਬ ਵਿਖਾਣ ਲਈ ਹਾਜ਼ਰ ਹੁੰਦੀਆਂ। ਜਿਨ੍ਹਾਂ ਦੇ ਨਾਚ ਰਾਜੇ ਨੂੰ ਪਸੰਦ ਹੁੰਦੇ, ਉਨ੍ਹਾਂ ਨੂੰ ਰਾਜਾ ਆਪਣੇ ਮਹਿਲਾਂ ਵਿਚ ਹੀ ਇਕ ਵਖਰੇ ਹਿੱਸੇ ਵਿਚ ਹਿਰਾਇਸ਼ ਦੀ ਆਗਿਆ ਦੇ ਦਿੰਦਾ।

ਹਰ ਰੋਜ਼ ਰਾਤ ਵੇਲੇ ਮਹਿਲ ਦੇ ਖੁਲ੍ਹੇ ਅਹਾਤੇ ਵਿਚ ਮਸ਼ਾਲਾਂ ਦੀ ਰੌਸ਼ਨੀ ਵਿਚ ਨਾਚ ਹੁੰਦਾ। ਕੋਈ ਵੀ ਸ਼ਖਸ ਉਸ ਨਾਚ ਨੂੰ ਵੇਖ ਸਕਦਾ ਸੀ। ਇਕ ਪਾਸੇ ਰਾਜਾ ਅਤੇ ਉਸ ਦੇ ਦਰਬਾਰੀ ਬੈਠੇ ਹੁੰਦੇ, ਦੂਜੇ ਪਾਸੇ ਸ਼ਹਿਰ ਦੇ ਲੋਕ। ਕਈ ਵਾਰ ਅੱਧੀ ਅੱਧੀ ਰਾਤ ਤਕ ਮਹਿਫਲ ਜੰਮੀ ਰਹਿੰਦੀ।

ਪਿਛਲੇ ਕੁਝ ਮਹੀਨਿਆਂ ਤੋਂ ਇਕ ਨਵੀਂ ਨਾਚੀ ਦਰਬਾਰ ਵਿਚ ਆਈ ਹੋਈ ਸੀ, ਜਿਸ ਦਾ ਨਾਓਂ ਛਬੀਲੀ ਸੀ। ਉਹ ਰੰਗ ਰੂਪ ਦੀ ਸੋਹਣੀ ਤੇ ਸਰੀਰ ਦੀ ਸੁਬਕ ਸੀ। ਜਦੋਂ ਨਚਦੀ ਇਉਂ ਜਾਪਦਾ ਬਿਜਲੀ ਥਰਕ ਰਹੀ ਹੋਵੇ। ਰਾਜਾ ਉਹਨੂੰ ਬਹੁਤ ਚਾਹੁਣ ਲਗਾ ਤੇ ਉਚੇਚਾ ਮਾਣ ਦਿੰਦਾ।

ਇਕ ਦਿਨ ਸ਼ਾਮ ਵੇਲੇ ਛਬੀਲੀ ਦਾ ਨਾਚ ਸੀ। ਥੋੜੀ ਦੇਰ ਪਹਿਲਾਂ ਮੀਂਹ ਪੈ

ਕੇ ਹਟਿਆ ਸੀ, ਜਿਸ ਕਰਕੇ ਹਾਜ਼ਰੀ ਬਹੁਤ ਘਟ ਸੀ। ਇਕ ਲੰਙੜਾ ਰੱਬ ਸਬੱਬੀ ਉਧਰੋਂ ਦੀ ਲੰਘ ਰਿਹਾ ਸੀ। ਗਾਣੇ ਦੀ ਅਵਾਜ਼ ਸੁਣ ਕੇ ਉਹ ਵੀ ਮਹਿਲਾਂ ਵਲ ਤੁਰ ਪਿਆ ਅਤੇ ਦਲਾਨ ਵਿਚ ਹੋ ਰਹੇ ਨਾਚ ਨੂੰ ਵੇਖਣ ਲਗਾ। ਛਬੀਲੀ ਨੂੰ ਵੇਖਕੇ ਲੰਙੜੇ ਦੀਆਂ ਅੱਖਾਂ ਵਿਚ ਚਮਕ ਆ ਗਈ। ਉਹਨੇ ਜੇਬ ਵਿਚੋਂ ਰੁਪਿਆ ਕਢ ਕੇ ਛਬੀਲੀ ਦੇ ਸਿਰ ਤੋਂ ਵਾਰਨਾ ਚਾਹਿਆ, ਪਰ ਲੰਙੜਾ ਹੋਣ ਕਰਕੇ ਉਹ ਅਗੇ ਵਧ ਨਾ ਸਕਿਆ। ਛਬੀਲੀ ਨੇ ਵੇਖਿਆ ਅਤੇ ਝੂੰਮਦੀ ਹੋਈ ਉਹਦੇ ਕੋਲ ਪਹੁੰਚੀ। ਜਦੋਂ ਉਹ ਲੰਙੜੇ ਦੇ ਹਥੋਂ ਰੁਪਿਆ ਫੜਨ ਲਗੀ ਤਾਂ ਇਕਦਮ ਠਠੰਬਰ ਗਈ ਅਤੇ ਮਸਾਂ ਡਿਗਦੀ ਡਿਗਦੀ ਬਚੀ। ਫਿਰ ਸੰਭਲ ਕੇ ਛਬੀਲੀ ਨੇ ਆਪਣੀ ਲੱਤ ਫੜ ਲਈ।

"ਤੈਨੂੰ ਇਹ ਕੀ ਹੋ ਗਿਐ ?" ਰਾਜੇ ਨੇ ਪੁਛਿਆ।

"ਮੇਰੀ ਲੱਤ ਵਿਚੋਂ ਚੀਸਾਂ ਉਠ ਰਹੀਆਂ ਨੇ।" ਛਬੀਲੀ ਨੇ ਘਬਰਾਂਦੇ ਹੋਏ ਕਿਹਾ, "ਮੇਰੇ ਤੋਂ ਹੋਰ ਨਚਿਆ ਨਹੀਂ ਜਾਣਾ।"

"ਅਗੇ ਵੀ ਕਦੇ ਇਉਂ ਹੋਇਐ ?"

"ਨਹੀਂ, ਬਸ ਇਸ ਲੰਙੜੇ ਨੂੰ ਛੂਹੰਦੇ ਸਾਰ ਉਹਦੀ ਲੱਤ ਦੀ ਪੀੜ ਜਿਵੇਂ ਮੇਰੀ ਲੱਤ ਵਿਚ ਚਲੀ ਗਈ ਹੋਵੇ।"

"ਇਹਦਾ ਇਲਾਜ ਕੀ ਏ ?"

"ਇਸ ਲੰਙੜੇ ਨੂੰ ਵੱਢ ਕੇ ਇਹਦੇ ਲਹੂ ਨਾਲ ਮੇਰੀ ਲੱਤ ਧੋ ਦਿਓ।" ਛਬੀਲੀ ਨੇ ਤਰਲਾ ਕੀਤਾ, "ਉਫ, ਨਹੀਂ ਤਾਂ ਮੈਂ ਸਾਰੀ ਉਮਰ ਨਚ ਨਹੀਂ ਸਕਾਂਗੀ।"

ਰਾਜਾ ਹੈਰਾਨ ਹੋ ਕੇ ਕਦੇ ਲੰਙੜੇ ਵਲ ਵੇਖਦਾ ਤੇ ਕਦੇ ਛਬੀਲੀ ਵਲ। ਉਹਨੇ ਸੋਚਿਆ ਲੰਙੜੇ ਦੇ ਛੂਹਣ ਨਾਲ ਹੀ ਨਾਚੀ ਦੀ ਲੱਤ ਵਿਚ ਚੀਸ ਉਠੀ ਏ। ਸ਼ਾਇਦ ਲੰਙੜੇ ਦੀ ਨਜ਼ਰ ਲਗ ਗਈ ਹੋਵੇ ਤੇ ਨਜ਼ਰ ਉਤਾਰਨ ਦਾ ਇਹੋ ਇਕ ਢੰਗ ਹੋਵੇ। ਰਾਜੇ ਦੀ ਛਬੀਲੀ ਨਾਲ ਦਿਲੋਂ ਮੁਹਬਤ ਸੀ। ਸੋ ਉਹਨੇ ਉਸੇ ਵੇਲੇ ਜਲਾਦ ਨੂੰ ਬੁਲਾ ਭੇਜਿਆ।

ਲੰਙੜਾ ਤਰਲੇ ਕਰਨ ਲਗਾ, "ਮੈਂ ਬੇਕਸੂਰ ਹਾਂ, ਮੈਨੂੰ ਇਉਂ ਨਾ ਮਾਰੋ।"

"ਪਰ ਤੇਰਾ ਕੋਈ ਕਸੂਰ ਜ਼ਰੂਰ ਏ। ਇਹ ਨਾਚੀ ਤੈਨੂੰ ਵੇਖ ਕੇ ਠਠੰਬਰੀ ਏ ਤੇ ਡਿਗਦੀ ਡਿਗਦੀ ਬਚੀ ਏ।" ਰਾਜੇ ਨੇ ਲੰਙੜੇ ਦੀ ਤਸਲੀ ਕਰਵਾਣੀ ਚਾਹੀ, "ਤੂੰ ਕੀ ਜਾਦੂ ਕੀਤੈ, ਇਹ ਮੈਂ ਨਹੀਂ ਜਾਣਦਾ, ਪਰ ਤੈਨੂੰ ਮਾਫ ਨਹੀਂ ਕੀਤਾ ਜਾ ਸਕਦਾ।"

"ਤੁਸੀਂ ਬੇਸ਼ਕ ਮੇਰੇ ਟੁਕੜੇ ਟੁਕੜੇ ਕਰ ਦਿਓ। ਪਰ ਮੇਰੀ ਇਕ ਅਰਜ਼ ਸੁਣ ਲਓ।" ਲੰਙੜੇ ਨੇ ਹਥ ਜੋੜਦੇ ਹੋਏ ਬੇਨਤੀ ਕੀਤੀ, "ਮੈਂ ਇਸ ਨੂੰ ਕੁਝ ਉਧਾਰ ਦਿਤਾ ਏ, ਉਹ ਇਹ ਮੈਨੂੰ ਮੋੜ ਦੇਵੇ। ਇਹ ਉਸੇ ਉਧਾਰ ਨੂੰ ਯਾਦ ਕਰਕੇ ਠਠੰਬਰ ਏ।"

"ਮੈਂ ਇਹਦਾ ਕੁਝ ਨਹੀਂ ਦੇਣਾ।" ਨਾਚੀ ਗੁੱਸੇ ਵਿਚ ਭੱਖਦੀ ਹੋਈ ਕਹਿਣ ਲਗੀ, "ਮੈਂ ਤਾਂ ਇਹਨੂੰ ਪਛਾਣਦੀ ਵੀ ਨਹੀਂ।"

"ਪਰ ਤੂੰ ਇਹ ਤਾਂ ਆਖ ਸਕਦੀ ਏਂ", ਲੰਙੜੇ ਨੇ ਧੀਰਜ ਨਾਲ ਸਮਝਾਂਦੇ ਹੋਏ ਨਾਚੀ ਨੂੰ ਕਿਹਾ, "ਕਿ ਮੈਂ ਜੋ ਇਸ ਲੰਙੜੇ ਤੋਂ ਉਧਾਰ ਲਿਆ ਸੀ, ਉਹ ਮੈਂ ਇਹਨੂੰ ਮੋੜ ਦਿਤੈ। ਬਸ, ਮੈਂ ਇਹੋ ਅਖਵਾਣਾ ਚਾਹੁੰਦਾ ਹਾਂ।"

"ਮੈਂ ਤੇਰਾ ਕੋਈ ਉਧਾਰ ਨਹੀਂ ਚੁਕਾਣਾ।" ਨਾਚੀ ਲੰਕੜੇ ਨੂੰ ਘੂਰਦੀ ਹੋਈ ਕਹਿਣ ਲਗੀ।

ਤਾਂ ਰਾਜੇ ਨੇ ਨਾਚੀ ਨੂੰ ਸਮਝਾਇਆ, "ਵੇਖ ਇਹਦੀ ਮੌਤ ਸਿਰ ਤੇ ਆਈ ਹੋਈ ਏ। ਇਸ ਦੀ ਆਖਰੀ ਖਵਾਹਿਸ਼ ਪੂਰੀ ਕਰਨਾ ਸਾਡਾ ਫਰਜ਼ ਬਣਦਾ ਏ, ਤੂੰ ਜੋ ਕੁਝ ਇਹ ਕਹਿੰਦਾ ਏ ਇਹਦੇ ਪਿਛੇ ਪਿਛੇ ਕਹਿ ਦੇ। ਜੇ ਤੂੰ ਇਹਦਾ ਕੁਝ ਨਹੀਂ ਦੇਣਾ ਤਾਂ ਕਹਿਣ ਵਿਚ ਕੀ ਹਰਜ ਏ ?

ਨਾਚੀ ਮਜਬੂਰ ਹੋ ਗਈ, ਕੋਈ ਪੇਸ਼ ਨਾ ਜਾਂਦੀ ਵੇਖ ਕਹਿਣ ਲਗੀ, "ਮੈਂ ਇਸ ਲੰਕੜੇ ਤੋਂ ਜੋ ਕੁਝ ਉਧਾਰ ਲਿਐ, ਓਹ ਮੈਂ ਇਹਨੂੰ ਮੋੜ ਦਿਤਾ।"

ਉਸੇ ਵੇਲੇ ਨਾਚੀ ਝੁਆਂਟਣੀ ਖਾ ਕੇ ਫਰਸ਼ ਉਤੇ ਧੜਮ ਕਰਦੀ ਡਿਗ ਪਈ। ਫਿਰ ਉਹ ਇਉਂ ਤੜਪਣ ਲਗੀ ਜਿਵੇਂ ਕਿਸੇ ਪਾਣੀ ਵਿਚੋਂ ਮੱਛੀ ਬਾਹਰ ਕਢ ਸੁਟੀ ਹੋਵੇ। ਥੋੜੀ ਦੇਰ ਬਾਅਦ ਨਾਚੀ ਨੇ ਪ੍ਰਾਣ ਤਿਆਗ ਦਿਤੇ।

ਰਾਜਾ ਤੇ ਉਹਦੇ ਦਰਬਾਰੀ ਘਬਰਾ ਗਏ ਤੇ ਉਹ ਲੰਕੜੇ ਵਲ ਬਿਟਰ ਬਿਟਰ ਵੇਖਣ ਲਗੇ। ਉਹਨਾਂ ਨੂੰ ਲੰਕੜਾ ਕੋਈ ਜਾਦੂਗਰ ਜਾਪਿਆ।

ਰਾਜਾ ਕਰੋਧ ਵਿਚ ਆ ਗਿਆ, ਪਰ ਉਹ ਲੰਕੜੇ ਦੀ ਰਹਸਮਈ ਸ਼ਕਤੀ ਤੋਂ ਡਰ ਗਿਆ ਤੇ ਗੁੱਸਾ ਅੰਦਰ ਜਰਦਾ ਹੋਇਆ ਧੀਰਜ ਨਾਲ ਕਹਿਣ ਲਗਾ, "ਇਸ ਗੱਲ ਦੀ ਤਹਿ ਵਿਚ ਕੋਈ ਭੇਤ ਜ਼ਰੂਰ ਏ, ਤੂੰ ਅਸਲੀ ਗੱਲ ਦਸ ਦੇ, ਮੈਂ ਤੈਨੂੰ ਮੁਕਤ ਕਰ ਦੇਵਾਂਗਾ।" ਫਿਰ ਰਾਜਾ ਲੰਕੜੇ ਨੂੰ ਬੜੀ ਨਰਮੀ ਨਾਲ ਕਹਿਣ ਲਗਾ, "ਅੱਛਾ ਇਹ ਦਸ ਕਿ ਤੂੰ ਉਹਨੂੰ ਕੀ ਉਧਾਰ ਦਿਤਾ ਸੀ ਤੇ ਉਸ ਤੈਨੂੰ ਕੀ ਮੋੜਿਐ।"

"ਮੈਂ ਤੁਹਾਨੂੰ ਸਾਰੀ ਗੱਲ ਸ਼ੁਰੂ ਤੋਂ ਅਖੀਰ ਤਕ ਦਸ ਦਿੰਦਾ ਹਾਂ। ਛੁਪਾਣ ਵਾਲੀ ਕੋਈ ਗੱਲ ਨਹੀਂ।" ਲੰਕੜੇ ਨੇ ਇਹ ਕਹਿੰਦੇ ਹੋਏ ਸਾਰਾ ਬ੍ਰਿਤਾਂਤ ਇਉਂ ਸੁਣਾਇਆ:

ਇਹ ਛਬੀਲੀ ਨਾਂ ਦੀ ਨਾਚੀ ਮੇਰੀ ਪਤਨੀ ਹੈ। ਮੇਰਾ ਇਹਦੇ ਨਾਲ ਬੜਾ ਪਿਆਰ ਸੀ। ਇਕ ਪਲ ਵੀ ਅਖੋਂ ਉਹਲੇ ਹੁੰਦੀ ਤਾਂ ਮੈਂ ਸਮਝਦਾ ਪਰਲੋ ਆ ਗਈ ਏ। ਇਕ ਦਿਨ ਛਬੀਲੀ ਨੇ ਲਾਡ ਨਾਲ ਪੁਛਿਆ, "ਸਵਾਮੀ, ਤੁਸੀਂ ਮੇਰੇ ਨਾਲ ਇਤਨਾ ਪਿਆਰ ਕਰਦੇ ਓ, ਜੇ ਮੈਂ ਮਰ ਗਈ ਤਾਂ ਪਿਛੋਂ ਤੁਸੀਂ ਕੀ ਕਰੋਗੇ।"

"ਮੈਂ ਤਾਂ ਤੇਰੇ ਬਗੈਰ ਜੀਊ ਨਹੀਂ ਸਕਦਾ, ਮੈਨੂੰ ਤੇਰੀ ਚਿੰਤਾ ਰਹਿੰਦੀ ਏ। ਜੇ ਮੈਨੂੰ ਕੁਝ ਹੋ ਗਿਆ ਤਾਂ ਤੇਰਾ ਪਿਛੋਂ ਕੀ ਬਣੇਗਾ। ਮੇਰਾ ਕੋਈ ਸਾਕ ਸਬੰਧੀ ਵੀ ਨਹੀਂ, ਜਿਹੜਾ ਤੇਰੀ ਦੇਖਭਾਲ ਕਰੇ।" ਮੈਂ ਅੱਖਾਂ ਵਿਚ ਹੰਝੂ ਭਰ ਕੇ ਛਬੀਲੀ ਨੂੰ ਕਿਹਾ।

"ਜੇ ਤੁਹਾਨੂੰ ਕੁਝ ਹੋ ਗਿਆ ਤਾਂ ਮੈਂ ਤੁਹਾਡੀ ਕਬਰ ਦੇ ਕੋਲ ਹੀ ਝੁਗੀ ਪਾ ਕੇ ਬਾਕੀ ਸਾਰੀ ਉਮਰ ਫਕੀਰਨੀ ਬਣ ਕੇ ਉਥੇ ਹੀ ਗੁਜ਼ਾਰ ਦਿਆਂਗੀ।" ਛਬੀਲੀ ਨੇ ਅੱਖਾਂ ਵਿਚ ਹੰਝੂ ਭਰਦੇ ਹੋਏ ਕਿਹਾ।

"ਅਛਾ, ਮੈਂ ਵੀ ਇਹੋ ਕੁਝ ਕਰਾਂਗਾ, ਤੂੰ ਨਹੀਂ ਹੋਵੇਂਗੀ ਤਾਂ ਤੇਰੀ ਕਬਰ ਤਾਂ ਸਾਹਮਣੇ ਰਹੇਗੀ।" ਮੈਂ ਪ੍ਰਣ ਕਰਦੇ ਹੋਏ ਕਿਹਾ।

ਸਾਲ ਸਮਾਂ ਲੰਘ ਗਿਆ। ਇਕ ਦਿਨ ਅਚਾਨਕ ਛਬੀਲੀ ਦੇ ਪੇਟ ਵਿਚ ਸੂਲ ਉਠਿਆ ਤੇ ਉਸ ਨੇ ਪ੍ਰਾਣ ਤਿਆਗ ਦਿਤੇ। ਮੈਂ ਇਹਦੀ ਕਬਰ ਦੇ ਨੇੜੇ ਝੁਗੀ ਬਣਾ ਕੇ ਕਬਰਸਤਾਨ ਵਿਚ ਹੀ ਫਕੀਰੀ ਵੇਸ ਵਿਚ ਰਹਿਣ ਲਗਾ। ਕੰਮ ਧੰਦਾ ਠਪ ਹੋ ਗਿਆ। ਮੈਂ ਆਪਣਾ ਘਰ ਬਾਹਰ ਧਨ ਦੌਲਤ ਸਭ ਦਾਨ ਕਰ ਦਿਤੇ।

"ਫਿਰ ਇਹ ਜ਼ਿੰਦਾ ਕਿਵੇਂ ਹੋ ਗਈ।" ਰਾਜੇ ਨੇ ਵਿਚੋਂ ਹੀ ਗੱਲ ਟੋਕਦੇ ਹੋਏ ਹੈਰਾਨੀ ਨਾਲ ਪੁਛਿਆ।

"ਇਹ ਲੰਬਾ ਬ੍ਰਿਤਾਂਤ ਏ, ਮੈਂ ਸਾਰਾ ਸੁਣਾਂਦਾ ਹਾਂ।" ਲੰਙੜੇ ਨੇ ਰਾਜੇ ਨੂੰ ਤਸਲੀ ਦਿਤੀ।

ਫਿਰ ਲੰਙੜੇ ਨੇ ਆਪਣੀ ਗੱਲ ਤੋਰੀ—ਮੈਂ ਸ਼ਹਿਰੋਂ ਟੁਕਰ ਮੰਗ ਕੇ ਲੈ ਆਉਂਦਾ ਤੇ ਆਪਣਾ ਪੇਟ ਭਰ ਲੈਂਦਾ, ਸਾਰਾ ਦਿਨ ਕਬਰ ਦੇ ਸਿਰਹਾਣੇ ਬੈਠ ਕੇ ਰੋਂਦਾ ਰਹਿੰਦਾ।

ਇਸ ਤਰ੍ਹਾਂ ਸਾਲ ਸਮਾਂ ਲੰਘ ਗਿਆ। ਇਕ ਦਿਨ ਇਕ ਕਰਨੀ ਵਾਲਾ ਫਕੀਰ ਓਧਰੋਂ ਦੀ ਲੰਘਿਆ ਤੇ ਮੈਨੂੰ ਪੁਛਣ ਲਗਾ ਕਿ ਇਸ ਉਜਾੜ ਬੀਆਬਾਨ ਵਿਚ ਮੈਂ ਇਕਲਾ ਕਿਉਂ ਰਹਿ ਰਿਹਾ ਹਾਂ। ਮੈਂ ਉਸ ਫਕੀਰ ਨੂੰ ਮੁੱਢ ਤੋਂ ਅੰਤ ਤਕ ਸਾਰਾ ਮਾਜਰਾ ਸੁਣਾ ਦਿਤਾ। ਮੇਰੀਆਂ ਅੱਖਾਂ ਵਿਚੋਂ ਛਮ ਛਮ ਅਥਰੂ ਕਿਰਨ ਲਗੇ। ਮੇਰੀ ਸਾਧਨਾ ਉਤੇ ਪ੍ਰਸੰਨ ਹੋ ਕੇ ਉਹ ਫਕੀਰ ਕਹਿਣ ਲਗਾ, "ਜੇ ਤੂੰ ਆਪਣੀ ਅੱਧੀ ਉਮਰ ਇਸ ਨੂੰ ਉਧਾਰੀ ਦੇ ਦੇਵੇਂ ਤਾਂ ਮੈਂ ਇਹਨੂੰ ਮੁੜ ਜ਼ਿੰਦਾ ਕਰ ਸਕਦਾ ਹਾਂ।"

"ਤੁਸੀਂ ਬੇਸ਼ਕ ਮੇਰੀ ਅੱਧੀ ਉਮਰ ਇਹਨੂੰ ਦੇ ਦਿਓ।" ਮੈਂ ਪ੍ਰਸੰਨ ਹੋ ਕੇ ਕਿਹਾ, "ਇਸ ਤਰ੍ਹਾਂ ਸਾਡੀ ਦੋਹਾਂ ਦੀ ਮੌਤ ਇਕੋ ਦਿਨ ਇਕੋ ਵੇਲੇ ਹੋਵੇਗੀ।"

"ਪਰ ਤੂੰ ਜਿਸ ਵੇਲੇ ਵੀ ਚਾਹੇਂ ਇਹਦੀ ਰਜ਼ਾਮੰਦੀ ਨਾਲ ਆਪਣੀ ਉਧਾਰ ਦਿਤੀ ਉਮਰ ਵਾਪਿਸ ਲੈ ਸਕਦਾ ਏਂ। ਬਸ ਇਹਨੂੰ ਕਹਿਣਾ ਪਵੇਗਾ ਕਿ ਮੈਂ ਜੋ ਉਧਾਰ ਲਿਆ ਸੀ ਉਹ ਵਾਪਿਸ ਦਿਤਾ।" ਫਕੀਰ ਨੇ ਸਮਝਾਇਆ।

ਤਾਂ ਫਕੀਰ ਨੇ ਕਬਰ ਪੁਟੀ, ਕੋਈ ਮੰਤਰ ਫੇਰਿਆ। ਫਿਰ ਮੈਂ ਛਬੀਲੀ ਦੀ ਲੋਥ ਦੀਆਂ ਸਤ ਪ੍ਰਕਰਮਾਂ ਲਿਤੀਆਂ ਤੇ ਹਰ ਵਾਰ ਕਿਹਾ, "ਮੈਂ ਆਪਣੀ ਅੱਧੀ ਉਮਰ ਤੈਨੂੰ ਦਿਤੀ।" ਤਾਂ ਸਤਵੀਂ ਪ੍ਰਕਰਮਾਂ ਤੇ ਛਬੀਲੀ ਜੀਉ ਉਠੀ। ਅਸੀਂ ਦੋਵੇਂ ਬੜੇ ਖੁਸ਼ ਹੋਏ। ਬੇਕਾਬੂ ਹੋਏ ਇਉ ਇਕ ਦੂਜੇ ਨੂੰ ਚੰਬੜ ਗਏ, ਜਿਵੇਂ ਸਦੀਆਂ ਦੇ ਵਿਛੜੇ ਮਿਲੇ ਹੋਈਏ।

ਪਰ ਛਬੀਲੀ ਦੀ ਇਕ ਟੰਗ ਕਬਰ ਵਿਚ ਖ਼ਰਾਬ ਹੋ ਗਈ ਸੀ, ਇਸ ਵਾਸਤੇ ਉਹ ਲੰਙੜਾ ਕੇ ਤੁਰਨ ਲਗੀ। ਮੈਂ ਫਕੀਰ ਨੂੰ ਕਿਹਾ ਕਿ ਜਿਥੇ ਇਤਨੀ ਰਹਿਮਤ ਕੀਤੀ ਜੇ, ਉਥੇ ਥੋੜੀ ਹੋਰ ਬਖਸ਼ਿਸ਼ ਵੀ ਕਰ ਦਿਓ, ਕਿਸੇ ਤਰ੍ਹਾਂ ਇਸ ਦੀ ਟੰਗ ਠੀਕ ਹੋ ਜਾਵੇ।

"ਜੇ ਤੂੰ ਇਹਦੀ ਲਤ ਠੀਕ ਚਾਹੁੰਦਾ ਏਂ ਤਾਂ ਖੁਦ ਲੰਙੜਾ ਬਣ ਜਾ।" ਫਕੀਰ ਨੇ ਕਿਹਾ, "ਇਹ ਕਰਨੀ ਦਾ ਭੋਗ ਏ, ਕਿਸੇ ਨੂੰ ਤਾਂ ਭੋਗਣਾ ਹੀ ਪਏਗਾ।"

ਮੈਂ ਇਹ ਗੱਲ ਵੀ ਮੰਨ ਲਈ। ਫਕੀਰ ਨੇ ਮੰਤਰ ਨਾਲ ਛਬੀਲੀ ਦੀ ਲੱਤ ਠੀਕ ਕਰ ਦਿਤੀ। ਮੈਂ ਚੰਗਾ ਭਲਾ ਆਦਮੀ ਲੰਙੜਾ ਹੋ ਗਿਆ।

ਫਿਰ ਅਸੀਂ ਦੋਵੇਂ ਉਥੋਂ ਚਲ ਪਏ।

"ਹੁਣ ਕਿਥੇ ਚਲੀਏ ?" ਮੈਂ ਛਬੀਲੀ ਤੋਂ ਪੁਛਿਆ।

"ਆਪਣੇ ਘਰ, ਹੋਰ ਕਿਥੇ ?" ਛਬੀਲੀ ਨੇ ਉਤਰ ਦਿਤਾ।

"ਪਰ ਘਰ, ਕੋਠਾ ਤੇ ਖੇਤ ਮੈਂ ਤੇਰੇ ਵਿਜੋਗ ਵਿਚ ਦਾਨ ਕਰ ਦਿਤੇ ਨੇ। ਮੇਰੇ ਕੋਲ ਤਾਂ ਕੱਚੀ ਕੌਡੀ ਵੀ ਨਹੀਂ ਰਹੀ। ਮੈਂ ਤਾਂ ਮੰਗਤਿਆਂ ਵਾਂਗ ਮੰਗ ਪਿੰਨ ਕੇ ਗੁਜ਼ਾਰਾ ਕਰਦਾ ਹਾਂ।" ਮੈਂ ਦਸਿਆ।

ਇਹ ਗੱਲ ਸੁਣ ਕੇ ਛਬੀਲੀ ਦਾ ਰੰਗ ਉਡ ਗਿਆ, ਉਹ ਘਬਰਾ ਗਈ।

ਮੈਂ ਉਹਨੂੰ ਦਿਲਾਸਾ ਦੇ ਕੇ ਉਸੇ ਪੁਰਾਣੇ ਘਰ ਵਾਪਿਸ ਲੈ ਗਿਆ। ਪਰ ਲੋਕਾਂ ਨੇ ਸਾਡੀ ਆਓ ਭਗਤ ਕੀ ਕਰਨੀ ਸੀ, ਉਹ ਸਾਨੂੰ ਭੂਤ ਪ੍ਰੇਤ ਸਮਝਣ ਲਗੇ। ਸਾਨੂੰ ਵੇਖ ਕੇ ਨਠ ਜਾਂਦੇ।

ਤਾਂ ਅਸੀਂ ਕਿਸੇ ਦੂਜੇ ਸ਼ਹਿਰ ਜਾ ਕੇ ਵਸਣ ਦਾ ਫੈਸਲਾ ਕੀਤਾ। ਇਕ ਵਾਰ ਅਸੀਂ ਦੋਵੇਂ ਜੰਗਲ ਵਿਚੋਂ ਦੀ ਲੰਘ ਰਹੇ ਸਾਂ ਕਿ ਰਾਹ ਵਿਚ ਇਕ ਖੂਬਸੂਰਤ ਸੌਦਾਗਰ ਮਿਲ ਪਿਆ। ਉਸ ਨੂੰ ਮੈਂ ਆਪਣੀ ਸਾਰੀ ਵਿਥਿਆ ਸੁਣਾਈ। ਉਸ ਨੇ ਸਾਨੂੰ ਨਾਲ ਚਲਣ ਲਈ ਕਿਹਾ। ਸੌਦਾਗਰ ਬੜਾ ਮਨਚਲਾ ਸੀ, ਉਸ ਨੇ ਛਬੀਲੀ ਦਾ ਮਨ ਜਿਤ ਲਿਆ। ਛਬੀਲੀ ਨੇ ਉਸ ਨਾਲ ਕੋਈ ਗੋਂਦ ਗੁੰਦੀ। ਰਾਹ ਵਿਚ ਇਕ ਖੂਹ ਆਇਆ। ਮੈਨੂੰ ਪਾਣੀ ਦਾ ਲੋਟਾ ਭੱਰ ਲਿਆਣ ਲਈ ਭੇਜਿਆ। ਮੈਂ ਰਸੀ ਤੇ ਲੋਟਾ ਲੈ ਕੇ ਤੁਰ ਪਿਆ। ਜਦੋਂ ਖੂਹ ਉਤੇ ਪਹੁੰਚਿਆ ਤਾਂ ਪਿਛੋਂ ਛਬੀਲੀ ਤੇ ਉਹ ਸੌਦਾਗਰ ਵੀ ਆ ਪਹੁੰਚੇ। ਜਿਉਂ ਹੀ ਮੈਂ ਲੋਟਾ ਲਮਕਾਇਆ ਦੋਹਾਂ ਨੇ ਰਲ ਕੇ ਮੈਨੂੰ ਖੂਹ ਵਿਚ ਧਕੇਲ ਦਿਤਾ। ਉਸ ਖੂਹ ਵਿਚ ਪਾਣੀ ਬਹੁਤ ਥੋੜਾ ਸੀ, ਮਸਾਂ ਗੋਡੇ ਗੋਡੇ। ਮੈਂ ਕਈ ਦਿਨ ਉਸ ਖੂਹ ਵਿਚ ਭੁਖਾ ਭਾਣਾ ਰਿਹਾ। ਅਖੀਰ ਉਧਰੋਂ ਇਕ ਕਾਫਲਾ ਲੰਘਿਆ ਜਿਨ੍ਹਾਂ ਨੇ ਮੈਨੂੰ ਖੂਹ ਵਿਚੋਂ ਬਾਹਰ ਕਢਿਆ।

ਉਦੋਂ ਤੋਂ ਮੈਂ ਛਬੀਲੀ ਨੂੰ ਥਾਂ ਥਾਂ ਢੂੰਡਦਾ ਫਿਰਦਾ ਹਾਂ। ਮੈਨੂੰ ਪੂਰਾ ਇਕ ਸਾਲ ਭਟਕਦਿਆਂ ਹੋ ਗਿਐ। ਅਜ ਜਦੋਂ ਮੈਂ ਇਥੋਂ ਲੰਘ ਰਿਹਾ ਸਾਂ ਕਿ ਮੈਂ ਨਾਚ ਵੇਖਣ ਲਈ ਸੁਭਾਵਕ ਹੀ ਠਹਿਰ ਗਿਆ। ਸੋਚਿਆ ਦਿਲ ਬਹਿਲ ਜਾਵੇਗਾ। ਮੈਂ ਇਹਨੂੰ ਨਚਦਿਆਂ ਵੇਖ ਕੇ ਹਕਾ ਬਕਾ ਰਹਿ ਗਿਆ। ਇਹਨੇ ਵੀ ਮੈਨੂੰ ਪਛਾਣ ਲਿਆ। ਇਸ ਨੇ ਸੋਚਿਆ ਕਿ ਮੈਂ ਖੂਹ ਵਿਚ ਡੁਬ ਕੇ ਮਰ ਖਪ ਗਿਆ ਹੋਵਾਂਗਾ, ਪਰ ਮੈਨੂੰ ਇਹ ਜ਼ਿੰਦਾ ਵੇਖ ਕੇ ਠਠੰਬਰ ਗਈ। ਇਸ ਨੇ ਮੈਨੂੰ ਤੁਹਾਡੇ ਹਥੋਂ ਮਰਵਾ ਦੇਣਾ ਚਾਹਿਆ। ਮੈਂ ਇਹਦੇ ਤੋਂ ਉਧਾਰ ਦਿਤੀ ਉਮਰ ਮੰਗੀ, ਜੋ ਇਹਨੂੰ ਮਜਬੂਰ ਹੋ ਕੇ ਮੋੜਨੀ ਪਈ। ਇਸ ਲਈ ਉਧਾਰ ਮੋੜਦਿਆਂ ਸਾਰ ਇਹਦੇ ਪ੍ਰਾਣ ਨਿਕਲ ਗਏ।

ਰਾਜਾ ਹੈਰਾਨ ਹੋ ਗਿਆ, "ਕੀ ਇਕ ਔਰਤ ਆਪਣੇ ਪ੍ਰਾਣ ਦਾਤੇ ਵਾਸਤੇ ਮੌਤ ਮੰਗ ਸਕਦੀ ਏ ? ਇਹ ਗੱਲ ਤਾਂ ਮੈਂ ਕਦੇ ਸੋਚੀ ਵੀ ਨਹੀਂ ਸੀ, ਪਰ ਪ੍ਰਤਖ ਹੋ ਗਈ ਏ।" ਫਿਰ ਰਾਜੇ ਦੇ ਮਨ ਸੰਸਾ ਉਠਿਆ ਕਿ ਕਿਧਰੇ ਲੰਛੜੇ ਦੀ ਸਾਰੀ ਕਹਾਣੀ ਮਨਘੜਤ ਹੀ ਨਾ ਹੋਵੇ। ਸੋ ਰਾਜਾ ਕਹਿਣ ਲਗਾ, "ਇਸ ਸਾਰੀ ਗੱਲ ਦਾ ਕੋਈ ਸਬੂਤ ?"

ਲੰਙੜਾ ਉਸੇ ਵੇਲੇ ਉਠ ਖਲੋਤਾ, "ਇਹ ਮੇਰੀ ਲੱਤ, ਜੋ ਇਹਦੇ ਕਾਰਨ ਲੰਙੜੀ ਹੋਈ ਸੀ, ਹੁਣ ਠੀਕ ਹੋ ਗਈ ਹੈ। ਬੇਸ਼ਕ ਵੇਖ ਲਓ।"

ਲੰਙੜਾ ਬਿਲਕੁਲ ਠੀਕ ਚਲ ਰਿਹਾ ਸੀ।

ਰਾਜੇ ਨੇ ਉਹਨੂੰ ਆਪਣੇ ਦਰਬਾਰ ਵਿਚ ਹੀ ਨੌਕਰ ਰਖ ਲਿਆ।

ਨਿੱਕਾ ਜਿਹਾ ਚਲਿੱਤਰ

ਇਕ ਵਾਰ ਇਕ ਜੱਟ ਆਪਣੇ ਦੋਸਤਾਂ ਮਿਤਰਾਂ ਨਾਲ ਬੈਠਾ ਗਪਾਂ ਮਾਰ ਰਿਹਾ ਸੀ ਕਿ ਤੀਵੀਆਂ ਦੇ ਮਕਰ ਫਰੇਬਾਂ ਦੀਆਂ ਗੱਲਾਂ ਛਿੜ ਪਈਆਂ। ਉਹਦੇ ਦੋਸਤਾਂ ਨੇ ਤੀਵੀਆਂ ਦੇ ਚਲਿਤਰਾਂ ਬਾਰੇ ਬੜੇ ਦਿਲਚਸਪ ਕਿੱਸੇ ਸੁਣਾਏ, ਜਿਨ੍ਹਾਂ ਨੂੰ ਸੁਣ ਕੇ ਜੱਟ ਹੱਕਾ ਬੱਕਾ ਰਹਿ ਗਿਆ ਅਤੇ ਘਰ ਆ ਕੇ ਆਪਣੀ ਜ਼ਨਾਨੀ ਨੂੰ ਕਹਿਣ ਲਗਾ, "ਭਲੀਏ ਲੋਕੇ, ਲੋਕ ਤਾਂ ਆਖਦੇ ਨੇ ਕਿ ਤ੍ਰੀਮਤ ਜ਼ਾਤ ਬੜੀ ਫਰੇਬਣ ਹੁੰਦੀ ਏ, ਇਸ ਦੀ ਨਸ ਨਸ ਵਿਚ ਚਲਿਤ੍ਰ ਨੇ, ਪਰ ਮੈਂ ਤੇਰੇ ਵਿਚ ਕਦੇ ਕੋਈ ਫਰੇਬ ਨਹੀਂ ਵੇਖਿਆ। ਮੇਰਾ ਦਿਲ ਤੇਰਾ ਕੋਈ ਚਲਿਤ੍ਰ ਵੇਖਣ ਨੂੰ ਕਰਦੈ, ਤੂੰ ਵੀ ਕੋਈ ਮੱਕਰ ਖੇਡੇਂ ਤਾਂ ਜਾਣਾ।"

ਤੀਵੀਂ ਜੱਟ ਦੀ ਗੱਲ ਸੁਣ ਕੇ ਹਸ ਪਈ ਤੇ ਆਖਣ ਲਗੀ, "ਸਭ ਤੀਵੀਆਂ ਮਕਰ ਕਰ ਲੈਂਦੀਆਂ ਨੇ, ਮੈਨੂੰ ਵੀ ਆਉਂਦੇ ਨੇ, ਪਰ ਕੀ ਫੈਦਾ, ਐਵੇਂ ਤੁਹਾਨੂੰ ਖਜਲ ਖਵਾਰ ਪਈ ਕਰਾਂ।"

"ਜੇ ਆਉਂਦੇ ਨੀ ਤਾਂ ਕਰ ਕੇ ਵਿਖਾ। ਤੈਨੂੰ ਮੇਰੀ ਜਿੰਦ ਜਵਾਨੀ ਦੀ ਕਸਮ ਲਗੇ।"

"ਫਿਰ ਪਿਛੋਂ ਔਖੇ ਨਾ ਪਏ ਹੋਇਓ।"

"ਨਹੀਂ ਹੁੰਦਾ, ਸਗੋਂ ਮੈ ਖੁਸ਼ ਹੋਵਸਾਂ।"

"ਅੱਛਾ, ਜਦੋਂ ਕਦੇ ਮੌਕਾ ਬਣਿਆ, ਕਰ ਵਿਖਾਵਸਾਂ, ਇੰਜ ਤਾਂ ਨਹੀਂ ਬਈ ਰੋਟੀ ਤਵੇ ਤੇ ਪਈਏ ਤੇ ਲਾਹ ਲਈ। ਇਹ ਤਾਂ ਗੱਲ ਮੌਕੇ ਦੀ ਹੀ ਹੁੰਦੀ ਏ।"

ਤੇ ਫਿਰ ਗੱਲ ਆਈ ਗਈ ਹੋ ਗਈ। ਜੱਟ ਭੁਲ ਭੁਲਾ ਗਿਆ।

ਇਕ ਦਿਨ ਜਟੀ ਤ੍ਰਿਕਾਲੀਂ ਸ਼ਹਿਰੋਂ ਦੋ ਮਛੀਆਂ ਖਰੀਦ ਲਿਆਈ ਤੇ ਸਵੇਰੇ ਜੱਟ ਦੇ ਜਾਗਣ ਤੋਂ ਪਹਿਲਾਂ ਹੀ ਉਹ ਖੇਤ ਵਿਚ ਉਸ ਥਾਂ ਧਰਤੀ ਵਿਚ ਦਬ ਆਈ ਜਿਥੇ ਥੋਹੜੀ ਦੇਰ ਬਾਅਦ ਜੱਟ ਨੇ ਹੱਲ ਫੇਰਨਾ ਸੀ। ਫਿਰ ਉਹ ਚੁਪ ਚਾਪ ਘਰ ਆ ਕੇ ਕੰਮ ਧੰਦੇ ਵਿਚ ਰੁਝ ਪਈ।

ਜੱਟ ਜਾਗਿਆ ਅਤੇ ਹਲ ਪੰਜਾਲੀ ਚੁਕ ਕੇ ਖੇਤਾਂ ਵਲ ਤੁਰ ਪਿਆ। ਜਦੋਂ ਉਹ ਹਲ ਫੇਰਨ ਲਗਾ ਤਾਂ ਜ਼ਿਮੀਂ ਹੇਠੋਂ ਦੋ ਤਾਜ਼ੀਆਂ ਮੱਛੀਆਂ ਨਿਕਲੀਆਂ ਤੇ ਹਲ ਦੀ ਨੋਕ ਨਾਲ ਉਛਲ ਕੇ ਦੂਰ ਜਾ ਪਈਆਂ। ਜੱਟ ਹੈਰਾਨ ਹੋ ਕੇ ਮੱਛੀਆਂ ਵਲ ਵੇਖਣ

ਲੱਗਾ। ਉਹਨੇ ਦੋਵੇਂ ਮੱਛੀਆਂ ਚੁਕ ਕੇ ਪੁਠੀਆਂ ਸਿਧੀਆਂ ਕਰ ਕੇ ਵੇਖੀਆਂ। ਸਚਮੁਚ ਮੱਛੀਆਂ ਹੀ ਸਨ ਤੇ ਬਿਲਕੁਲ ਤਾਜ਼ਾ। ਜੱਟ ਹੈਰਾਨ, ਇਥੇ ਜ਼ਿਮੀਂ ਵਿਚ ਮੱਛੀ ਕਿਥੋਂ ਆ ਗਈ। ਮੱਛੀ ਤਾਂ ਪਾਣੀ ਵਿਚ ਹੁੰਦੀ ਏ। ਫਿਰ ਸੋਚਣ ਲਗਾ—ਰੱਬ ਦੀਆਂ ਕੁਦਰਤਾਂ ਦਾ ਕੀ ਪਤਾ। ਉਹ ਚਾਹਵੇ ਤਾਂ ਥਲਾਂ ਵਿਚ ਵੀ ਚਸ਼ਮੇ ਫੁਟਾ ਸਕਦਾ ਏ। ਫਿਰ ਉਸ ਨੇ ਦੋਵੇਂ ਮੱਛੀਆਂ ਪਤਿਆਂ ਵਿਚ ਵਲੇਟ ਕੇ ਇਕ ਪਾਸੇ ਰਖ ਦਿਤੀਆਂ ਤੇ ਰੱਬ ਦੀਆਂ ਕੁਦਰਤਾਂ ਬਾਰੇ ਸੋਚਦਾ ਹੋਇਆ ਹਲ ਵਾਹਣ ਲਗਾ।

ਥੋਹੜੀ ਦੇਰ ਮਗਰੋਂ ਜੱਟੀ ਭੱਤਾ ਲੈ ਕੇ ਆ ਗਈ। ਜੱਟੀ ਨੇ ਪਤਨੀ ਦੇ ਆਉਂਦੇ ਸਾਰ ਦੋਵੇਂ ਮੱਛੀਆਂ ਫੜਾਂਦਿਆਂ ਕਿਹਾ, "ਇਹ ਲੈ ਮੱਛੀਆਂ ਨੀ, ਅਜ ਰਾਤੀਂ ਰਿੰਨ੍ਹੀ, ਮੱਛੀ ਖਾਧਿਆਂ ਬੜੇ ਦਿਨ ਹੋ ਗਏ ਨੇ।"

"ਇਹ ਮੱਛੀਆਂ ਕਿਥੋਂ ਲਈਆਂ ਜੇ ?" ਤੀਵੀਂ ਨੇ ਅਜੀਬ ਜਿਹਾ ਮੂੰਹ ਬਣਾ ਕੇ ਪੁਛਿਆ, ਜਿਵੇਂ ਮੱਛੀ ਵੇਖ ਕੇ ਉਹਨੂੰ ਹੈਰਾਨੀ ਹੋਈ ਹੋਵੇ।

"ਜ਼ਿਮੀਂ ਵਿਚੋਂ, ਹਲ ਫੇਰਦਿਆਂ, ਦੋਵੇਂ ਭੁੜਕ ਕੇ ਪਰ੍ਹੇ ਜਾ ਪਈਆਂ।"

"ਅੱਛਾ, ਰੱਬ ਦੇ ਰੰਗ ! ਅਗੇ ਮੇਰੇ ਨਾਨੇ ਨੂੰ ਇਕ ਵਾਰ ਹਲ ਫੇਰਦਿਆਂ ਜ਼ਿਮੀਂ ਵਿਚੋਂ ਮੱਛੀ ਮਿਲੀ ਸੀ, ਖਾਂਦਿਆਂ ਸਾਰ ਵੱਲਾਂ ਛੱਲਾਂ ਹੋ ਗਈਆਂ ਸਨ। ਪੈਸਾ ਸਾਂਭਿਆ ਨਾ ਜਾਵੇ। ਕਹਿੰਦੇ ਨੇ, ਅਜਿਹੀ ਮੱਛੀ ਜਿਹੜਾ ਵੀ ਖਾਵੇ ਅਮੀਰ ਹੋ ਜਾਂਦੈ। ਸਾਡੇ ਤਾਂ ਭਾਗ ਖੁਲ੍ਹ ਗਏ ਨੇ।"

"ਇਹ ਤਾਂ ਚੰਗੀ ਗੱਲ ਹੋਈ, ਤੂੰ ਜਾ ਕੇ ਮੱਛੀ ਰਿੰਨ੍ਹ, ਮੈਂ ਆਇਆ। ਵੇਖੀਂ ਕਿਸੇ ਨੂੰ ਦੇਵੀਂ ਨਾ।" ਜੱਟ ਖੁਸ਼ੀ ਵਿਚ ਫੁਲਿਆ ਨਹੀਂ ਸੀ ਸਮਾ ਰਿਹਾ।

ਜਟੀ ਨੇ ਖੇਤ ਵਿਚੋਂ ਕੁਝ ਸਾਗ ਮੂਲੀਆਂ ਪੁਟੀਆਂ ਤੇ ਫਿਰ ਮੱਛੀਆਂ ਲੈ ਕੇ ਮੁਸਕਰਾਂਦੀ ਹੋਈ ਘਰ ਚਲੀ ਗਈ। ਜਾਂਦਿਆਂ ਸਾਰ ਜੱਟੀ ਨੇ ਮੱਛੀ ਰਿੰਨ੍ਹੀ। ਜਦੋਂ ਉਹ ਪੱਕ ਗਈ ਤਾਂ ਇਕ ਕਟੋਰੇ ਵਿਚ ਪਾ ਕੇ ਅੰਦਰਲੇ ਕੋਠੇ ਵਿਚ, ਭੜੋਲੇ ਦੇ ਵਿਚ ਛੁਪਾ ਆਈ। ਮੱਛੀ ਦੇ ਛਿਲੜ ਤੇ ਸਿਰੀਆਂ ਉਸ ਘਰ ਦੇ ਪਿਛਵਾੜੇ ਟੋਆ ਪੁਟ ਕੇ ਦੱਬ ਦਿੱਤੀਆਂ ਤਾਂ ਜੋ ਮੱਛੀ ਦਾ ਨਾਂ ਨਿਸ਼ਾਨ ਹੀ ਮਿਟ ਜਾਵੇ।

ਫਿਰ ਜੱਟੀ ਨੇ ਸਾਗ ਰਿੰਨਿਆ, ਮੂਲੀਆਂ ਤੇ ਗਾਜਰਾਂ ਦੀ ਭਾਜੀ ਬਣਾਈ ਅਤੇ ਰੋਟੀ ਤਿਆਰ ਕਰ ਕੇ ਜੱਟ ਨੂੰ ਉਡੀਕਣ ਲਗੀ।

ਘਰ ਆ ਕੇ ਜੱਟ ਨੇ ਰੋਟੀ ਮੰਗੀ। ਤਾਂ ਜੱਟੀ ਨੇ ਉਹਦੇ ਅਗੇ ਥਾਲੀ ਵਿਚ ਸਾਗ ਤੇ ਮੂਲੀਆਂ ਰਖ ਦਿਤੀਆਂ।

"ਮੱਛੀ ਆਪ ਖਾਸੈਂ ?" ਜੱਟ ਥੋੜਾ ਜਿਹਾ ਔਖਾ ਹੋ ਕੇ ਕਹਿਣ ਲਗਾ, "ਤੈਨੂੰ ਤਾਂ ਮੇਰਾ ਖਿਆਲ ਹੀ ਨਹੀਂ ਰਹਿੰਦਾ।"

"ਕਿਹੜੀ ਮੱਛੀ ?" ਜੱਟੀ ਨੇ ਇਉਂ ਕਿਹਾ ਜਿਵੇਂ ਉਹ ਮੱਛੀ ਬਾਰੇ ਕੁਝ ਨਹੀਂ ਸੀ ਜਾਣਦੀ।

"ਜਿਹੜੀ ਦੁਪਹਿਰੀਂ ਦਿਤੀ ਸੀ, ਭੁਲ ਗਈ ਏਂ, ਤੇਰੇ ਚੇਤੇ ਨੂੰ ਕੀ ਹੋ ਗਿਐ ?"

"ਮੇਰੇ ਚੇਤੇ ਨੂੰ ਕਿ ਤੁਹਾਡੇ ਚੇਤੇ ਨੂੰ ?"

"ਕੀ ਪਈ ਕਹਿੰਦੀ ਏਂ ? ਦੁਪਹਿਰੀਂ ਜ਼ਿਮੀਂ ਵਿਚੋਂ ਹਲ ਫੇਰਦਿਆਂ ਦੋ ਮੱਛੀਆਂ

ਟਪੋਸੀਆਂ ਮਾਰਦੀਆਂ ਉਹ ਜਾ ਪਈਆਂ ਸਨ। ਉਹ ਮੈਂ ਤੇਰੇ ਹਵਾਲੇ ਕਰ ਦਿਤੀਆਂ. ਸਨ।" ਜੱਟ ਨੇ ਸਾਰੀ ਗੱਲ ਚੇਤੇ ਕਰਵਾਂਦੇ ਹੋਏ ਕਿਹਾ।

"ਜ਼ਿਮੀਂ ਵਿਚ ਹਲ ਫੇਰਦਿਆਂ ਮੱਛੀਆਂ ਨਿਕਲੀਆਂ ਸਨ। ਮੱਛੀ ਜ਼ਿਮੀਂ ਵਿਚ ਹੁੰਦੀ ਏ ਕਿ ਪਾਣੀ ਵਿਚ ? ਕਿਹੋ ਜਿਹੀਆਂ ਗੱਲਾਂ ਕਰਦੇ ਪਏ ਹੋ ? ਝੱਲੇ ਤਾਂ ਨਹੀਂ ਹੋ ਗਏ ਓ ?"

ਜੱਟ ਨੂੰ ਸ਼ਕ ਪੈ ਗਿਆ ਕਿ ਜਟੀ ਨੇ ਉਹ ਮੱਛੀਆਂ ਭਰਾਵਾਂ ਨੂੰ ਖਵਾਣ ਵਾਸਤੇ ਕਿਧਰੇ ਛੁਪਾ ਦਿਤੀਆਂ ਹਨ। ਉਹ ਗੁਸੇ ਨਾਲ ਭੁੜਕਦਾ ਹੋਇਆ ਕਹਿਣ ਲਗਾ, "ਉਦੋਂ ਤਾਂ ਕਹਿੰਦੀ ਸੈਂ, ਜ਼ਿਮੀਂ 'ਚੋਂ ਨਿਕਲੀ ਮੱਛੀ ਬਰਕਤ ਵਾਲੀ ਹੁੰਦੀ ਏ, ਮੇਰੇ ਨਾਨੇ ਨੂੰ ਵੀ ਮਿਲੀ ਸੀ। ਲਗਦੈ ਤੂੰ ਉਹ ਮੱਛੀ ਭਰਾਵਾਂ ਵਾਸਤੇ ਰਖ ਲਈ ਏ, ਚੁਪ ਕਰ ਕੇ ਕਢ ਲਿਆ। ਨਹੀਂ ਤਾਂ ਮੈਂ ਤੇਰੇ ਹੱਡ ਚੰਮ ਇਕ ਕਰ ਦੇਣੇ ਨੇ, ਕਮੀਨੀ ਨਾ ਹੋਵੇ ਤੇ।"

ਜੱਟੀ ਵੀ ਅਗੋਂ ਲੜਨ ਨੂੰ ਹੋਈ, "ਤੁਸੀਂ ਤਾਂ ਝਲੇ ਹੋ ਗਏ ਲਗਦੇ ਹੋ। ਜ਼ਿਮੀਂ ਵਿਚੋਂ ਵੀ ਕਦੇ ਮੱਛੀ ਨਿਕਲੀ, ਕਿਸੇ ਅਗੇ ਗੱਲ ਨਾ ਕਰਿਓ, ਲੋਕ ਮਖੌਲਾਂ ਕਰਨਗੇ।"

ਜੱਟ ਦਾ ਪਾਰਾ ਚੜ੍ਹ ਗਿਆ। ਉਸ ਨੇ ਜੁਤੀ ਲਾਹ ਲਈ ਤੇ ਜੱਟੀ ਨੂੰ ਮਾਰਦਾ ਹੋਇਆ ਕਹਿਣ ਲਗਾ, "ਬੋਲ, ਜ਼ਿਮੀਂ ਵਿਚ ਮੱਛੀ ਪੈਦਾ ਹੁੰਦੀ ਏ ਕਿ ਨਹੀਂ।"

"ਝਲੇ ਹੋ ਗਏ ਓ, ਮੱਛੀ ਪਾਣੀ ਵਿਚ ਹੁੰਦੀ ਏ, ਜ਼ਿਮੀਂ ਵਿਚ ਨਹੀਂ।" ਜੱਟੀ ਕਹਿੰਦੀ ਗਈ। ਜੱਟ ਜੁਤੀਆਂ ਮਾਰਦਾ ਗਿਆ, ਜੱਟੀ ਮਾਰ ਖਾਂਦੀ ਗਈ ਤੇ ਰੋਂਦੀ ਹੋਈ ਕਹਿੰਦੀ ਗਈ, "ਮੱਛੀ ਜ਼ਿਮੀਂ ਵਿਚ ਵੀ ਕਦੀ ਹੋਈ ?"

ਦੋਹਾਂ ਦਾ ਰੌਲਾ ਸੁਣ ਕੇ ਗੁਆਂਢੀ ਵੀ ਆ ਇਕਠੇ ਹੋਏ ਤੇ ਜੱਟ ਦਾ ਹਥ ਫੜ ਕੇ ਕਹਿਣ ਲਗੇ, "ਐਵੇਂ ਜ਼ਨਾਨੀ ਨੂੰ ਮਾਰਦਾ ਜਾਨੈ, ਗੱਲ ਦਸ ਕੀ ਏ ?"

ਜੱਟ ਨੇ ਗੁਸੇ ਨਾਲ ਲਾਲ ਪੀਲੇ ਹੁੰਦਿਆਂ ਕਿਹਾ, "ਮੈਂ ਸਵੇਰੇ ਆਪਣੀ ਜ਼ਿਮੀਂ ਵਿਚੋਂ ਦੋ ਮੱਛੀਆਂ ਫੜੀਆਂ ਸਨ। ਇਹਨੂੰ ਰਿੰਨ੍ਹਣ ਪਕਾਣ ਵਸਤੇ ਦਿਤੀਆਂ ਨੇ। ਜ਼ਿਮੀਂ ਵਿਚ ਜੰਮੀ ਮੱਛੀ ਬਰਕਤ ਵਾਲੀ ਸੀ, ਇਨ੍ਹੇ ਭਰਾਵਾਂ ਦੇ ਖਾਣ ਵਾਸਤੇ ਛੁਪਾ ਛਪੀਏ। ਮੈਨੂੰ ਖਾਣ ਲਈ ਨਹੀਂ ਦਿੰਦੀ।"

ਜੱਟੀ ਅਥਰੂ ਪੂੰਝਦੀ ਹੋਈ ਕਹਿਣ ਲਗੀ, "ਇਹ ਜੱਟ ਤਾਂ ਝੱਲਾ ਹੋ ਗਿਐ, ਕਦੇ ਜ਼ਿਮੀਂ ਵਿਚੋਂ ਵੀ ਮੱਛੀ ਉਗੀ। ਇਨ੍ਹੇ ਮੂਲੀਆਂ ਦਿਤੀਆਂ ਸਨ, ਮੈਂ ਪਕਾਅ ਕੇ ਰਖ ਦਿਤੀਆਂ ਨੇ। ਹੁਣ ਇਹ ਮੱਛੀ ਮੰਗਦੈ !"

ਲੋਕਾਂ ਨੇ ਜੱਟ ਨੂੰ ਸਮਝਾਇਆ, "ਮੂਰਖਾ ! ਮੱਛੀ ਜ਼ਿਮੀਂ ਵਿਚ ਨਹੀਂ ਪਾਣੀ ਵਿਚ ਹੁੰਦੀ ਏ। ਜ਼ਿਮੀਂ ਵਿਚੋਂ ਤਾਂ ਮੂਲੀਆਂ ਹੀ ਨਿਕਲਦੀਆਂ ਨੇ।"

ਜੱਟ ਲੋਕਾਂ ਨਾਲ ਲੜਨ ਲਗਾ। ਚਿਹਰੇ ਤੇ ਘੂਰੀ ਤੇ ਅੱਖਾਂ ਵਿਚ ਰੋਹ। ਜਿਵੇਂ ਜਿਵੇਂ ਲੋਕ ਜੱਟ ਨੂੰ ਸਮਝਾਣ, ਜੱਟ ਆਖੀ ਜਾਵੇ, "ਇਹ ਜੱਟੀ ਮੈਨੂੰ ਮੂਰਖ ਬਣਾ ਰਹੀ ਏ। ਮੈਂ ਇਹਨੂੰ ਜ਼ਿਮੀਂ ਵਿਚੋਂ ਨਿਕਲੀਆਂ ਮੱਛੀਆਂ ਦਿਤੀਆਂ ਨੇ।"

ਲੋਕਾਂ ਸਮਝਿਆ ਜੱਟ ਪਾਗਲ ਹੋ ਗਿਐ। ਉਹ ਜੱਟ ਨੂੰ ਰਸਿਆਂ ਨਾਲ ਬੰਨ੍ਹਣ ਲਗੇ। ਅਗੋਂ ਜੱਟ ਲੋਕਾਂ ਨੂੰ ਮਾਰਨ ਲਗਾ। ਪਰ ਲੋਕਾਂ ਨੇ ਰਲ ਕੇ ਉਹਨੂੰ ਰਸਿਆਂ

ਨਾਲ ਜੁੜ ਲਿਆ ਤੇ ਹਕੀਮ ਨੂੰ ਸਦ ਲਿਆਏ। ਹਕੀਮ ਨੇ ਸਾਰੀ ਗੱਲ ਸੁਣ ਕੇ ਕਿਹਾ, "ਇਹਦਾ ਦਿਮਾਗ ਖਰਾਬ ਹੋ ਗਿਐ। ਇਹਨੂੰ ਸ਼ਹਿਰ ਲੈ ਜਾਓ।"

ਜੱਟ ਹਕੀਮ ਨੂੰ ਵੀ ਗਾਲ੍ਹਾਂ ਕਢਣ ਲਗ ਪਿਆ।

ਲੋਕੀਂ ਜੱਟ ਨੂੰ ਜ਼ਬਰਦਸਤੀ ਗਡੇ ਵਿਚ ਬਿਠਾ ਕੇ ਸ਼ਹਿਰ ਲਿਜਾਣ ਲਗੇ ਤਾਂ ਜੱਟੀ ਨੂੰ ਤਰਸ ਆ ਗਿਆ। ਜੱਟੀ ਨੇ ਲੋਕਾਂ ਨੂੰ ਪਰ੍ਹੇ ਹਟਾਂਦਿਆਂ ਕਿਹਾ, "ਇਹ ਪਾਗਲ ਨਹੀਂ, ਇਹ ਸੱਚਾ ਏ। ਇਹਨੇ ਜ਼ਿਮੀਂ ਵਿਚੋਂ ਹੀ ਦੋ ਮੱਛੀਆਂ ਫੜੀਆਂ ਸੀ, ਜੋ ਮੈਂ ਰਿੰਨ੍ਹ ਕੇ ਛੁਪਾ ਦਿਤੀਆਂ ਨੇ। ਤੁਸੀਂ ਸਭ ਜਾਉ, ਇਹ ਹੁਣੇ ਠੀਕ ਹੋ ਜਾਂਦਾ ਏ।"

ਲੋਕੀਂ ਹੈਰਾਨ ਹੋ ਕੇ ਇਕ ਪਾਸੇ ਜਾ ਖੜੇ ਹੋਏ ਤਾਂ ਜੱਟੀ ਜੱਟ ਨੂੰ ਕਹਿਣ ਲਗੀ, "ਤੂੰ ਸੱਚਾ ਏਂ। ਝਲਾ ਨਾ ਹੋ, ਮੈਂ ਮੱਛੀ ਰਿੰਨ੍ਹ ਕੇ ਤੇਰੇ ਵਾਸਤੇ ਅੰਦਰ ਰਖੀ ਹੋਈ ਏ। ਠਹਿਰ, ਮੈਂ ਲਿਆ ਕੇ ਦਿੰਦੀ ਆਂ।" ਫਿਰ ਜੱਟੀ ਅੰਦਰ ਗਈ ਤੇ ਭੜੋਲੇ ਵਿਚ ਛੁਪਾਈ ਮੱਛੀ ਕਢ ਕੇ ਲੈ ਆਈ। ਜੱਟ ਹੱਕਾ ਬਕਾ ਹੋ ਕੇ ਉਹਦੇ ਵਲ ਵੇਖਣ ਲਗਾ। ਫਿਰ ਗੁਸੇ ਵਿਚ ਆ ਗਿਆ, "ਇਹ ਭਰਾਵਾਂ ਵਾਸਤੇ ਰਖੀ ਸੀ ਆ।"

"ਨਹੀਂ", ਜੱਟੀ ਨੇ ਮਾਫ਼ੀ ਮੰਗਦਿਆਂ ਕਿਹਾ, "ਵੇਖਿਆ ਜੇ ਮੇਰਾ ਨਿਕਾ ਜਿਹਾ ਚਲਿਤਰ। ਤੁਸੀਂ ਰੋਜ਼ ਕਹਿੰਦੇ ਸੀ ਨਾ ਕਿ ਕੋਈ ਚਲਿਤ੍ਰ ਵਿਖਾ। ਉਹ ਮੱਛੀਆਂ ਮੈਂ ਹੀ ਖੇਤ ਵਿਚ ਦਬੀਆਂ ਸਨ।" ਫਿਰ ਜੱਟੀ ਨੇ ਅਸਲੀ ਗੱਲ ਜੱਟ ਨੂੰ ਦਸ ਦਿਤੀ।

"ਵਾਹ ਇਹ ਨਿੱਕਾ ਜਿਹਾ ਚਲਿਤ੍ਰ ਏ। ਜੇ ਇਹ ਨਿੱਕਾ ਜਿਹਾ ਏ ਤਾਂ ਵਡਾ ਕਿਹੋ ਜਿਹਾ ਹੋਵੇਗਾ।" ਤੇ ਜੱਟ ਕੰਨਾਂ ਨੂੰ ਹੱਥ ਲਾ ਕੇ ਤੌਬਾ ਕਰਨ ਲਗਾ, "ਜ਼ਨਾਨੀ ਦੀ ਤਾਂ ਮਿੱਟੀ ਵੀ ਮਾਣ ਨਹੀਂ।"

ਅੰਨ੍ਹੇ ਦਾ ਸਵਾਂਗ

ਇਕ ਕਿਸਾਨ ਦੀ ਤੀਵੀਂ ਕੰਮੋਂ ਵੇਖਣ ਵਿਚ ਬੜੀ ਸਾਊ ਸੀ। ਉਹ ਹਰ ਰੋਜ਼ ਪੰਜੇ ਵਕਤ ਨਿਮਾਜ਼ ਪੜ੍ਹਦੀ। ਰਮਜ਼ਾਨ ਵਿਚ ਰੋਜ਼ੇ ਰਖਦੀ ਤੇ ਜ਼ਕਾਤ ਦਿੰਦੀ। ਆਏ ਗਏ ਗਰੀਬ ਗੁਰਬੇ ਦੀ ਮਦਦ ਕਰਦੀ। ਮਹੱਲੇ ਵਿਚ ਉਹ ਬੜੀ ਨੇਕ ਸੀਰਤ ਔਰਤ ਕਰਕੇ ਜਾਣੀ ਜਾਂਦੀ। ਪਰ ਉਹ ਸਤਿ ਵਿਚ ਬੜੀ ਢਿਲੀ ਸੀ। ਉਹ ਰੋਜ਼ ਕੁਕੜ ਦੀ ਪਹਿਲੀ ਬਾਂਗੇ, ਜਦੋਂ ਉਹਦਾ ਖਾਵੰਦ ਘੂਕ ਸੁਤਾ ਹੁੰਦਾ, ਅਛੋਪਲੇ ਜਿਹੇ ਉਠਦੀ ਤੇ ਅਪਣੇ ਆਸ਼ਕ ਨੂੰ ਜਾ ਮਿਲਦੀ। ਪਹਿਰ ਰਾਤ ਉਹਦੇ ਨਾਲ ਗੁਜ਼ਾਰ ਕੇ ਫਿਰ ਘਰ ਪਰਤ ਆਉਂਦੀ, ਸਵੇਰੇ ਜਾਗ ਕੇ ਨਹਾ ਧੋ ਕੇ ਨਮਾਜ਼ ਪੜ੍ਹਦੀ। ਜਦੋਂ ਕਿਸਾਨ ਜਾਗਦਾ ਤਾਂ ਉਹ ਨਿਮਾਜ਼ ਪੜ੍ਹ ਰਹੀ ਹੁੰਦੀ।

ਇਕ ਦਿਨ ਖਾਵੰਦ ਦੀ ਅੱਧੀ ਰਾਤ ਵੇਲੇ ਅੱਖ ਖੁਲ੍ਹ ਗਈ ਤੇ ਕੰਮੋਂ ਨੂੰ ਮੰਜੇ

ਤੇ ਨਾ ਸੁਤਾ ਵੇਖ ਕੇ ਉਹ ਹੈਰਾਨ ਰਹਿ ਗਿਆ। ਉਸ ਨੇ ਕੰਮੋਂ ਨੂੰ ਇਧਰ ਓਧਰ ਵੇਖਿਆ ਤੇ ਫਿਰ ਉਡੀਕਣ ਲਗਾ। ਜਦੋਂ ਕੰਮੋਂ ਪਰਤ ਕੇ ਆਈ ਤਾਂ ਅਗੋਂ ਖਾਵੰਦ ਨੂੰ ਮੰਜੇ ਤੇ ਬੈਠਾ ਵੇਖ ਕੇ ਘਬਰਾ ਗਈ।

ਖਾਵੰਦ ਨੇ ਕੰਮੋਂ ਵਲ ਘੂਰਦੇ ਹੋਏ ਪੁਛਿਆ, "ਐਸ ਵੇਲੇ ਕਿਥੇ ਗਈ ਸੀ ?"

ਕੰਮੋਂ ਨੇ ਜਿਵੇਂ ਜਵਾਬ ਪਹਿਲੇ ਹੀ ਸੋਚ ਰਖਿਆ ਹੋਵੇ, ਕਹਿਣ ਲਗੀ, "ਅੱਧੀ ਰਾਤੀਂ ਭੈੜਾ ਸੁਪਨਾ ਆਇਆ ਸੀ, ਤੇਰੀਆਂ ਅੱਖਾਂ ਅੰਨ੍ਹੀਆਂ ਹੋ ਗਈਆਂ ਨੇ, ਪੀਰ ਦੀ ਮਜ਼ਾਰ ਤੇ ਸੁੱਖਣਾ ਸੁਖੀ ਏ।"

"ਪਰ ਰਾਤ ਨੂੰ ਕਿਉਂ ਗਈ ਏਂ। ਦਿਨੇ ਵੀ ਤਾਂ ਜਾ ਸਕਦੀ ਸੈਂ ?"

"ਨਹੀਂ, ਮੈਂ ਚੋਰੀ ਦਾ ਚਲੀਹਾ ਸੁਖਿਆ ਏ। ਕਹਿੰਦੇ ਨੇ, ਪੀਰ ਦੀ ਮਜ਼ਾਰ ਦੀ ਜ਼ਿਆਰਤ ਚੋਰੀ ਕੀਤੀ ਜਾਵੇ ਤਾਂ ਫਲ ਛੇਤੀ ਮਿਲਦਾ ਏ।"

ਖਾਵੰਦ ਦੇ ਮਨ ਦੀ ਤਸਲੀ ਨਾ ਹੋਈ। ਉਹਦੇ ਮਨ ਵਿਚ ਕਈ ਤਰ੍ਹਾਂ ਦੇ ਸੰਸੇ ਉਠੇ। ਸੋ ਉਹ ਇਕ ਰਾਤ ਉਠਿਆ ਤੇ ਕਾਲੀ ਲੋਈ ਨਾਲ ਸਾਰਾ ਜੁਸਾ ਢੱਕ ਕੇ ਕੰਮੋਂ ਦੇ ਪਿਛੇ ਪਿਛੇ ਤੁਰ ਪਿਆ। ਰਾਤ ਘੁਪ ਹਨੇਰੀ ਸੀ, ਇਸ ਲਈ ਕਾਲੀ ਕੰਬਲੀ ਵਿਚ ਉਹ ਰਾਤ ਦੀ ਸਿਆਹੀ ਵਿਚ ਹੀ ਰਚ ਮਿਚ ਗਿਆ।

ਪਹਿਲਾਂ ਕੰਮੋਂ ਪੀਰ ਦੀ ਮਜ਼ਾਰ ਤੇ ਗਈ ਅਤੇ ਉਥੇ ਹੱਥ ਜੋੜ ਕੇ ਦੁਆ ਮੰਗਣ ਲਗੀ, "ਹੇ ਪੀਰ ਸਾਈਂ ! ਤੇਰੇ ਦਰ ਤੇ ਪੈਰੋਂ ਵਾਹਣੀ ਫਕੀਰਨੀਆਂ ਵਾਂਗ ਆਈ ਹਾਂ, ਮੇਰੀ ਦੁਆ ਕਬੂਲ ਕਰ। ਮੇਰੇ ਖਾਵੰਦ ਨੂੰ ਕਿਸੇ ਤਰ੍ਹਾਂ ਅੰਨ੍ਹਾਂ ਕਰ ਦੇ। ਮੈਂ ਜਦੋਂ ਤਕ ਜੀਂਦੀ ਰਹੀ ਤੁਹਾਡਾ ਚਿਰਾਗ਼ ਬਾਲਦੀ ਰਹਾਂਗੀ।"

ਕਿਸਾਨ ਬੜਾ ਹੈਰਾਨ ਹੋਇਆ ਕਿ ਮੈਂ ਤਾਂ ਕੰਮੋਂ ਨੂੰ ਬੜੀ ਪਾਕ ਦਾਮਨ ਸਮਝਦਾ ਰਿਹਾ ਸਾਂ। ਇਹ ਤਾਂ ਬੜੀ ਚਲਿਤ੍ਰਹਾਰੀ ਨਿਕਲੀ। ਪਰ ਖਾਵੰਦ ਚੁਪਚਾਪ ਪ੍ਰਛਾਵੇਂ ਹਾਰ ਉਹਦਾ ਪਿਛਾ ਕਰਦਾ ਰਿਹਾ।

ਮਜ਼ਾਰ ਤੋਂ ਕੰਮੋਂ ਸਿਧੀ ਛਪੜ ਵਲ ਗਈ। ਉਥੇ ਇਕ ਠਿੱਗਣਾ ਮਰਦ ਉਡੀਕ ਕਰ ਰਿਹਾ ਸੀ। ਦੋਵੇਂ ਧਾ ਕੇ ਇਕ ਦੂਜੇ ਨੂੰ ਮਿਲੇ। ਫਿਰ ਉਹ ਮਰਦ ਉਹਨੂੰ ਇਕ ਢਾਰੇ ਵਿਚ ਲੈ ਗਿਆ। ਉਥੇ ਉਹ ਦੋਵੇਂ ਰੰਗ ਰਲੀਆਂ ਮੰਨਾਂਦੇ ਰਹੇ। ਅੱਧਾ ਪਹਿਰ ਬਿਤਾ ਕੇ ਕੰਮੋਂ ਘਰ ਵਲ ਚਲ ਪਈ।

ਕਿਸਾਨ ਉਹਦੇ ਤੋਂ ਪਹਿਲਾਂ ਹੀ ਤੇਜ਼ ਤੇਜ਼ ਕਦਮ ਪੁਟਦਾ ਘਰ ਪੁਜਾ ਤੇ ਸਿਰ ਮੂੰਹ ਵਲੇਟ ਕੇ ਇਉਂ ਲੰਮਾ ਪੈ ਗਿਆ ਜਿਵੇਂ ਘੂਕ ਸੁਤਾ ਹੋਵੇ। ਪਰ ਬਾਕੀ ਰਾਤ ਉਹਦੀ ਇਕ ਛਿਣ ਵੀ ਅੱਖ ਨਾ ਲਗੀ। ਉਹ ਤਾਂ ਆਪਣੀ ਤੀਵੀਂ ਨੂੰ ਪਾਰਸ ਸਮਝਦਾ ਸੀ, ਪਰ ਉਹ ਵੇਸਵਾ ਤੋਂ ਵਧ ਬਦਲਚਨ ਨਿਕਲੀ।

ਸਵੇਰੇ ਜਾਗ ਕੇ ਕੰਮੋਂ ਦਾ ਖਾਵੰਦ ਛੱਪੜ ਦੇ ਨੇੜੇ ਉਸ ਢਾਰੇ ਕੋਲ ਗਿਆ ਤਾਂ ਜੋ ਪਛਾਣ ਸਕੇ ਕਿ ਉਥੇ ਕਿਹੜਾ ਮਰਦ ਮਾਣੂ ਰਹਿੰਦਾ ਸੀ। ਉਹਨੂੰ ਪਤਾ ਚਲਿਆ ਕਿ ਉਹ ਤਾਂ ਪਿਡ ਦੇ ਪੰਸਾਰੀ ਦਾ ਢਾਰਾ ਸੀ, ਜਿਥੇ ਉਹ ਅਰਕ ਵਗੈਰਾ ਕਢਿਆ ਕਰਦਾ ਸੀ। ਹੋਰ ਖੋਜ ਕਰਨ ਤੇ ਉਹਨੂੰ ਪਤਾ ਚਲਿਆ ਕਿ ਉਥੇ ਪੰਸਾਰੀ ਦਾ ਜਵਾਨ ਛੋਕਰਾ ਗੇੜੇ ਕਟਦਾ ਰਹਿੰਦਾ ਹੈ। ਕਿਸਾਨ ਦੇ ਸਾਰੀ ਗੱਲ ਸਮਝ

ਆ ਗਈ। ਉਹਨੇ ਪੰਸਾਰੀ ਦੇ ਮੁੰਡੇ ਨੂੰ ਉਹਦੇ ਠਿਗਣੇ ਕਦ ਤੋਂ ਪਛਾਣ ਲਿਆ।

ਦੋ ਕੁ ਦਿਨ ਕੰਮੋਂ ਦਾ ਖਾਵੰਦ ਕੋਈ ਤਜਵੀਜ਼ ਸੋਚਦਾ ਰਿਹਾ।

ਅਗਲੇ ਦਿਨ ਜਦ ਕੰਮੋਂ ਕੁਕੜ ਦੀ ਪਹਿਲੀ ਬਾਂਗੇ ਪੀਰ ਦੀ ਮਜ਼ਾਰ ਵਲ ਜਾਣ ਲਗੀ ਤਾਂ ਉਹ ਉਹਦੇ ਪਿਛੇ ਪਿਛੇ ਦੂਜੀ ਗਲੀ ਵਿਚੋਂ ਤੇਜ਼ ਤੇਜ਼ ਕਦਮ ਪੁਟਦਾ ਅਗੋਂ ਦੀ ਮਜ਼ਾਰ ਤੇ ਜਾ ਪੁਜਾ ਤੇ ਕਬਰ ਦੇ ਨਾਲ ਇਕ ਬ੍ਰਿਛ ਉਤੇ ਛੁਪ ਕੇ ਬੈਠ ਗਿਆ। ਜਦੋਂ ਕੰਮੋਂ ਨੇ ਰੋਜ਼ ਵਾਂਗ ਖਾਵੰਦ ਦੇ ਅੰਨ੍ਹੇ ਹੋ ਜਾਣ ਦੀ ਦੁਆ ਮੰਗੀ ਤਾਂ ਕਿਸਾਨ ਨੇ ਮੂੰਹ ਵਿਚ ਕਪੜਾ ਪਾ ਕੇ ਤੇ ਆਪਣੀ ਅਵਾਜ਼ ਬਦਲ ਕੇ ਬੜੀ ਮਧਮ ਤੇ ਗੌਰਵ ਵਾਲੀ ਸੁਰ ਵਿਚ ਕਿਹਾ, "ਤੇਰੇ ਸਿਦਕ ਤੇ ਪੀਰ ਖੁਸ਼ ਨੇ, ਜਾਹ ਬੀਬੀ ਤੇਰੀ ਦੁਆ ਕਬੂਲ। ਤੂੰ ਆਪਣੇ ਖਾਵੰਦ ਨੂੰ ਹਰ ਰੋਜ਼ ਮਾਸ ਮੁਰਗਾ, ਪਰੌਂਠੇ, ਮਠਿਆਈ ਖੂਬ ਖਲਾ, ਦੁਧ ਘਿਓ ਦੇ, ਉਹਦੀਆਂ ਅੱਖੀਆਂ ਤੇ ਚਰਬੀ ਚੜ੍ਹ ਜਾਵੇਗੀ। ਚਾਲ੍ਹੀਆਂ ਦਿਨਾਂ ਵਿਚ ਉਹ ਅੰਨ੍ਹਾਂ ਹੋ ਜਾਵੇਗਾ, ਪਰ ਇਹ ਚਾਲੀ ਦਿਨ ਤੈਨੂੰ ਪ੍ਰਹੇਜ਼ ਵਿਚ ਰਹਿਣਾ ਪਏਗਾ।"

ਕੰਮੋਂ ਇਹ ਇਲਹਾਮ ਸੁਣ ਕੇ ਬੜੀ ਖੁਸ਼ ਹੋਈ ਤੇ ਉਸੇ ਪੈਰ ਢਾਰੇ ਵਲ ਦੌੜਦੀ ਆਈ ਤੇ ਕਹਿਣ ਲਗੀ, "ਮੇਰੀ ਮੁਰਾਦ ਪੂਰੀ ਹੋਣ ਵਾਲੀ ਏ। ਮੈਂ ਚਾਲ੍ਹੀ ਦਿਨ ਪਰਹੇਜ਼ ਵਿਚ ਰਹਿਣਾ ਏ, ਸੋ ਤੈਨੂੰ ਹੁਣ ਨਹੀਂ ਮਿਲਾਂਗੀ। ਚਾਲ੍ਹੀ ਦਿਨਾਂ ਮਗਰੋਂ ਮੇਰਾ ਖਾਵੰਦ ਅੰਨ੍ਹਾ ਹੋ ਜਾਵੇਗਾ। ਫਿਰ ਤੂੰ ਰਾਤੀਂ ਰੋਜ਼ ਘਰ ਆ ਜਾਇਆ ਕਰੀਂ।"

ਉਥੋਂ ਨਚਦੀ ਟਪਦੀ ਕੰਮੋਂ ਘਰ ਪਹੁੰਚੀ। ਉਹਨੇ ਵੇਖਿਆ ਉਹਦਾ ਖਾਵੰਦ ਗੂੜ੍ਹੀ ਨੀਂਦਰ ਸੁਤਾ ਪਿਆ ਸੀ। ਸੋ ਉਹ ਤਸਲੀ ਨਾਲ ਮੰਜੇ ਤੇ ਜਾ ਕੇ ਲੰਮੀ ਪੈ ਗਈ।

ਸਵੇਰੇ ਜਾਗ ਕੇ ਉਹਨੇ ਹਲਵਾ ਬਣਾਇਆ ਤੇ ਖਾਵੰਦ ਅਗੇ ਰਖਦੀ ਹੋਈ ਕਹਿਣ ਲਗੀ, "ਤੁਸੀਂ ਦਿਨ ਬਦਿਨ ਦੁਬਲੇ ਪਤਲੇ ਹੁੰਦੇ ਜਾਂਦੇ ਹੋ। ਪਹਿਲਾਂ ਤੁਹਾਡਾ ਚਿਹਰਾ ਸੂਰਜ ਵਾਂਗ ਦਗਦਾ ਸੀ, ਹੁਣ ਮਟਿਆਲਾ ਪੈਂਦਾ ਜਾਂਦਾ ਏ। ਤੁਸੀਂ ਆਪਣੀ ਸਿਹਤ ਦਾ ਖਿਆਲ ਨਹੀਂ ਰਖਦੇ, ਲਓ ਹਲਵਾ ਖਾਓ।"

ਕਦੇ ਕੰਮੋਂ ਖਾਵੰਦ ਵਾਸਤੇ ਪੂੜੀਆਂ ਪਈ ਤਲਦੀ, ਕਦੇ ਖਾਲਸ ਘਿਓ ਵਿਚ ਗੁੰਨ ਕੇ ਪਰੌਂਠੇ ਪਕਾਂਦੀ, ਕਦੇ ਜ਼ਰਦਾ ਪਲਾਓ ਬਣਾਂਦੀ, ਕਦੇ ਅੰਡੇ ਖਾਣ ਵਾਸਤੇ ਦਿੰਦੀ, ਬਸ ਸਾਰਾ ਦਿਨ ਖਾਵੰਦ ਨੂੰ ਕੋਈ ਨਾ ਕੋਈ ਚੀਜ਼ ਖਵਾਣ ਦੇ ਆਹਰ ਵਿਚ ਲਗੀ ਰਹਿੰਦੀ।

ਸੌਣ ਤੋਂ ਪਹਿਲਾਂ ਕੰਮੋਂ ਖਾਵੰਦ ਦਾ ਸਿਰ, ਕਦੇ ਘਿਓ ਨਾਲ ਤੇ ਕਦੇ ਬਦਾਮ ਰੋਗਨ ਨਾਲ ਝਸਦੀ। ਇਸ ਤਰ੍ਹਾਂ ਕੰਮੋਂ ਦਾ ਖਾਵੰਦ ਦਿਨ ਬਦਿਨ ਹਟਾ ਕਟਾ ਹੋਣ ਲਗਾ।

ਹਫਤਾ ਕੁ ਬੀਤਿਆ ਤਾਂ ਕੰਮੋਂ ਦਾ ਖਾਵੰਦ ਕਹਿਣ ਲਗਾ, "ਭਲੀਏ ਲੋਕੇ ਵੇਖਣ ਨੂੰ ਤਾਂ ਮੈਂ ਹਟਾ ਕਟਾ ਲਗਦਾ ਹਾਂ, ਪਰ ਅੰਦਰੋਂ ਕਮਜ਼ੋਰੀ ਵਧਦੀ ਜਾਂਦੀ ਏ, ਨਜ਼ਰ ਵਿਚ ਵੀ ਫਰਕ ਪੈ ਗਿਐ, ਦੂਰ ਦੀ ਚੀਜ਼ ਵਸਤ ਵਿਖਾਈ ਨਹੀਂ ਦੇਂਦੀ, ਕਿਸੇ ਹਕੀਮ ਨੂੰ ਚਾ ਵਿਖਾ।"

ਇਹ ਗੱਲ ਸੁਣ ਕੇ ਕੰਮੋਂ ਦਿਲ ਵਿਚ ਬੜੀ ਖੁਸ਼ ਹੋਈ। ਉਪਰੋਂ ਉਪਰੋਂ ਕਹਿਣ ਲਗੀ, "ਹਕੀਮ ਕੋਲ ਜਾਣ ਦੀ ਕੋਈ ਲੋੜ ਨਹੀਂ, ਮੈਂ ਤੁਹਾਡੀ ਖੁਰਾਕ ਦੁਗਣੀ ਕਰ ਦਿਆਂਗੀ। ਕਮਜ਼ੋਰੀ ਕਰ ਕੇ ਕਈ ਵਾਰ ਨਜ਼ਰ ਖਰਾਬ ਹੋ ਜਾਂਦੀ ਏ।"

ਤੇ ਕੰਮੋਂ ਨੇ ਕਿਸਾਨ ਨੂੰ ਹੋਰ ਚੰਗਾ ਚੋਖਾ ਖਾਣ ਲਈ ਦੇਣਾ ਸ਼ੁਰੂ ਕਰ ਦਿਤਾ।

ਜਦੋਂ ਚਾਲ੍ਹੀ ਦਿਨ ਪੂਰੇ ਹੋ ਗਏ ਤਾਂ ਕੰਮੋਂ ਦੇ ਖਾਵੰਦ ਨੇ ਕਿਹਾ, "ਭਲੀਏ ਲੋਕੇ, ਮੈਨੂੰ ਤਾਂ ਉਕਾ ਨਹੀਂ ਦਿਸਦਾ, ਜਿਵੇਂ ਅੱਖਾਂ ਅਗੇ ਚਰਬੀ ਚੜ੍ਹ ਗਈ ਹੋਵੇ। ਮੈਨੂੰ ਕਿਸੇ ਹਕੀਮ ਕੋਲ ਲੈ ਜਾ।"

ਕੰਮੋਂ ਉਹਦੇ ਹਥ ਵਿਚ ਲਾਠੀ ਫੜਾ ਕੇ ਕਹਿਣ ਲਗੀ, "ਇਹਦੀ ਟੇਕ ਲੈ ਲਿਆ ਕਰ। ਕੁਝ ਦਿਨ ਇਉਂ ਲੰਘਾ, ਫਿਰ ਮੈਂ ਤੈਨੂੰ ਕਿਸੇ ਹਕੀਮ ਕੋਲ ਲੈ ਜਾਵਾਂਗੀ।"

ਪਰ ਕੰਮੋਂ ਨੇ ਮਨ ਵਿਚ ਸੋਚਿਆ ਕਿ ਪਤਾ ਨਹੀਂ ਇਹ ਪੂਰਾ ਅੰਨ੍ਹਾ ਹੋਇਐ ਜਾਂ ਇਹਨੂੰ ਘਟ ਦਿਸਦੇ, ਇਸ ਨੂੰ ਅਜ਼ਮਾ ਲੈਣਾ ਬਿਹਤਰ ਹੈ।

ਕੰਮੋਂ ਨੇ ਅਗਲੇ ਦਿਨ ਵਿਹੜੇ ਵਿਚ ਜੌਂ ਸੁਕਣੇ ਪਾਏ ਅਤੇ ਪਤੀ ਨੂੰ ਕੋਲ ਬਿਠਾ ਕੇ ਕਹਿਣ ਲਗੀ, "ਮੈਂ ਖੂਹ ਤੇ ਪਾਣੀ ਭਰਨ ਚਲੀ ਆਂ, ਪਿਛੋਂ ਜੌਆਂ ਦਾ ਧਿਆਨ ਰਖੀਂ, ਵੇਖੀਂ ਕੁੱਤਾ ਬਿਲਾ ਮੂੰਹ ਨਾ ਮਾਰ ਜਾਵੇ।" ਕਿਸਾਨ ਡੰਡਾ ਲੈ ਕੇ ਬਹਿ ਗਿਆ, ਕੰਮੋਂ ਨੇ ਤਾਂ ਪਾਣੀ ਭਰਨ ਦਾ ਬਹਾਨਾ ਬਣਾਇਆ ਸੀ। ਉਹਨੇ ਘੜਾ ਚੁਕਣ ਦਾ ਖੜਕਾਰ ਕੀਤਾ ਤੇ ਫਿਰ ਅੰਦਰ ਸੁਫੇ ਵਿਚ ਜਾ ਕੇ ਲੰਮੀ ਪੈ ਗਈ।

ਥੋੜੀ ਦੇਰ ਬਾਅਦ ਕੰਮੋਂ ਸੁੱਫੇ ਵਿਚੋਂ ਨਿਕਲੀ ਤੇ ਪਤੀ ਨੂੰ ਦਸੇ ਬਗੈਰ ਜੌਆਂ ਨੂੰ ਛੇੜਨ ਲਗੀ। ਪਤੀ ਨੇ ਕੰਮੋਂ ਦੇ ਲਕ ਵਿਚ ਜ਼ੋਰ ਦੀ ਲਾਠੀ ਮਾਰੀ ਤੇ ਕਹਿਣ ਲਗਾ, "ਠਹਿਰ ਕੁਤੀਏ ! ਮੈਂ ਤੈਨੂੰ ਜੌਆਂ ਵਿਚ ਮੂੰਹ ਮਾਰਨ ਦਾ ਸਵਾਦ ਚਖਾਨਾਂ।"

ਕੰਮੋਂ ਦਾ ਲਕ ਦੂਹਰਾ ਹੋ ਗਿਆ ਤੇ ਖਿਝਦੀ ਹੋਈ ਕਹਿਣ ਲਗੀ, "ਤੁਸਾਂ ਮੈਨੂੰ ਹੀ ਲਾਠੀ ਕਢ ਮਾਰੀ ਏ। ਵੇਖ ਤਾਂ ਲੈਂਦੇ।"

"ਤੂੰ ਬੋਲੀ ਕਿਉਂ ਨਹੀਂ ਤੈਨੂੰ ਪਤੈ, ਮੈਨੂੰ ਦਿਸਦਾ ਕੁਝ ਨਹੀਂ, ਮੈਂ ਤਾਂ ਕੁਤੀ ਸਮਝਿਐ ਤੇ ਪੈਰਾਂ ਦੀ ਅਵਾਜ਼ ਤੇ ਲਾਠੀ ਕਢ ਮਾਰੀ।"

ਕੰਮੋਂ ਨੂੰ ਭਾਵੇਂ ਸਖਤ ਪੀੜ ਹੋਈ, ਪਰ ਉਹ ਦਿਲੋਂ ਬੜੀ ਖੁਸ਼ ਸੀ ਕਿ ਉਹਦਾ ਖਾਵੰਦ ਸਚਮੁਚ ਅੰਨ੍ਹਾ ਹੋ ਗਿਐ।

ਕੰਮੋਂ ਨੂੰ ਹੁਣ ਹਰ ਤਰ੍ਹਾਂ ਦੀ ਖੁਲ੍ਹ ਸੀ, ਉਹ ਤ੍ਰਿਕਾਲਾਂ ਵੇਲੇ ਆਪਣੇ ਯਾਰ ਨੂੰ ਘਰ ਹੀ ਬੁਲਾ ਲੈਂਦੀ, ਅਤੇ ਖਾਵੰਦ ਦੇ ਸਾਹਮਣੇ ਹੀ ਬੈਠ ਕੇ, ਜੋ ਜੀਅ ਆਵੇ ਕਰਦੀ ਫਿਰਦੀ। ਜੇ ਗਲੀ ਗੁਆਂਢ ਵਾਲੇ ਪੰਸਾਰੀ ਦੇ ਛੋਕਰੇ ਦੇ ਆਉਣ ਬਾਰੇ ਪੁਛਦੇ ਤਾਂ ਕਹਿੰਦੀ, "ਇਨ੍ਹਾਂ ਦੀਆਂ ਅੱਖਾਂ ਖਰਾਬ ਨੇ, ਇਲਾਜ ਕਰਨ ਵਾਸਤੇ ਆਉਂਦਾ ਏ।"

ਰੋਜ਼ ਯਾਰ ਨੂੰ ਘਰ ਵਿਚ ਆਉਂਦਾ ਵੇਖ ਕਿਸਾਨ ਤੋਂ ਜਰਿਆ ਨਾ ਗਿਆ ਤੇ ਉਹ ਡਿਓਢੀ ਵਿਚ ਲਾਠੀ ਲੈ ਕੇ ਬਹਿ ਗਿਆ। ਜਦੋਂ ਉਹਦਾ ਯਾਰ ਚੁਪ ਚਾਪ ਲੰਘਣਾਂ ਲਗਦਾ, ਅੰਨ੍ਹਾਂ ਉਹਨੂੰ ਵਟ ਕੇ ਲਾਠੀ ਮਾਰਦਾ। ਕੰਮੋਂ ਨੂੰ ਕਿਸਾਨ ਦਾ ਡਿਉਢੀ ਵਿਚ

ਬੈਠਣਾ ਪਸੰਦ ਨਹੀਂ ਸੀ, ਸੋ ਦੋਵੇਂ ਖਹਿਬੜਦੇ ਰਹਿੰਦੇ। ਨਿਤ ਮੈਂ ਮੈਂ ਤੂੰ ਤੂੰ ਹੁੰਦੀ। ਕੰਮੋਂ ਕਹਿੰਦੀ, "ਤੂੰ ਸਾਰਾ ਦਿਨ ਇਥੇ ਬੈਠਾ ਮੇਰੇ ਹੱਡ ਖੋਰਦਾ ਰਹਿੰਦਾ ਏਂ। ਮਰਦ ਨਿਕੰਮੇ ਸ਼ੋਭਾ ਨਹੀਂ ਦਿੰਦੇ। ਹੋਰ ਨਹੀਂ ਤਾਂ ਬਾਹਰ ਗਲੀ ਵਿਚ ਬਹਿ ਕੇ ਮੁੰਜ ਦੀ ਰਸੀ ਹੀ ਚਾ ਵਟਿਆ ਕਰ।"

ਅਗੋਂ ਖਾਵੰਦ ਕਹਿੰਦਾ, "ਤੂੰ ਵੀ ਤਾਂ ਬਦਲ ਗਈ ਏਂ। ਪਹਿਲਾ ਚੰਗਾ ਚੋਖਾ ਖਵਾਂਦੀ ਸੀ। ਹੁਣ ਸੁਕੇ ਟੁਕਰ ਅਗੇ ਰਖ ਦਿੰਦੀ ਏਂ। ਆਪ ਮੌਜਾਂ ਮਾਣਦੀ ਫਿਰਦੀ ਏਂ।"

ਇਕ ਦਿਨ ਪਤੀ ਪਤਨੀ ਦੋਹਾਂ ਵਿਚ ਕਾਫੀ ਝੜਪ ਹੋ ਗਈ। ਕਿਸਾਨ ਡਿਉਢੀ ਵਿਚ ਡਾਂਗ ਫੜ ਕੇ ਬੈਠਾ ਸੀ। ਉਪਰੋਂ ਕੰਮੋਂ ਦਾ ਯਾਰ ਆ ਗਿਆ ਅਤੇ ਡਾਂਗ ਉਤੋਂ ਦੀ ਆਹਿਸਤਾ ਜਿਹਾ ਟਪ ਗਿਆ। ਕੰਮੋਂ ਦਾ ਖਾਵੰਦ ਕਿਸਾਨ ਸਭ ਕੁਝ ਚੁਪ ਚਾਪ ਵੇਖਦਾ ਰਿਹਾ। ਜਦੋਂ ਯਾਰ ਅੰਦਰ ਲੰਘ ਗਿਆ ਤਾਂ ਅੰਨ੍ਹਾਂ ਡਾਂਗ ਫੜੀ ਉਹਦੇ ਪਿਛੇ ਪਿਛੇ। ਆਖੇ, ਕੋਈ ਚੋਰ ਉਚੱਕਾ ਅੰਦਰ ਲੰਘ ਗਿਐ। ਮੈਂ ਮਰਦਾਵੇਂ ਕਦਮਾਂ ਦੀ ਚਾਪ ਸੁਣੀ ਹੈ। ਕੰਮੋਂ ਨੇ ਬਥੇਰਾ ਸਮਝਾਇਆ ਕਿ ਉਹ ਕੁੱਤਾ ਸੀ ਜੋ ਕਮਰੇ ਦਾ ਗੇੜਾ ਕਟ ਕੇ ਬਾਹਰ ਨਿਕਲ ਗਿਐ, ਪਰ ਅੰਨ੍ਹੇ ਨੇ ਇਕ ਨਾ ਸੁਣੀ, "ਨਹੀਂ ਕੋਈ ਮਰਦ ਮਾਣੂੰ ਏ।"

ਅੰਨ੍ਹਾਂ ਕਮਰੇ ਅੰਦਰ ਵੇਖਣ ਗਿਆ ਤਾਂ ਕੰਮੋਂ ਨੇ ਉਸ ਨੂੰ ਚਟਾਈ ਵਿਚ ਲਪੇਟ ਦਿਤਾ। ਅੰਨ੍ਹੇ ਨੇ ਵੇਖ ਲਿਆ। ਅੰਨ੍ਹੇ ਕਹੇ, "ਭਲੀਏ ਲੋਕੇ ! ਮੈਨੂੰ ਤਾਂ ਦਿਸਦਾ ਨਹੀਂ ਤੂੰ ਹੀ ਵੇਖ। ਐਵੇਂ ਕੋਈ ਘਰ ਲੁਟ ਕੇ ਲੈ ਜਾਵੇਗਾ।" ਫਿਰ ਅੰਨ੍ਹਾਂ ਰੌਲਾ ਪਾ ਕੇ ਲੋਕਾਂ ਨੂੰ ਕੱਠਾ ਕਰਨ ਲਗਾ। ਇਸ ਤੇ ਮੀਆਂ ਬੀਵੀ ਵਿਚ ਕਾਫੀ ਝਗੜਾ ਹੋ ਗਿਆ।

ਖਾਵੰਦ ਗੁੱਸੇ ਨਾਲ ਭੁੜਕਦਾ ਹੋਇਆ ਮੰਜੀ ਨਾਲੋਂ ਦਾਵਣ ਖੋਲ੍ਹ ਲਿਆਇਆ ਤੇ ਚਟਾਈ ਨੂੰ ਮਜ਼ਬੂਤੀ ਨਾਲ ਬੰਨ੍ਹ ਕੇ ਕਹਿਣ ਲਗਾ, "ਮੈਂ ਅਜ ਤੋਂ ਸਾਧ ਹੋ ਚਲਿਆਂ। ਮੈਂ ਇਥੇ ਨਹੀਂ ਰਹਿਣਾ। ਤੂੰ ਇਕਲੀ ਭਾਵੇਂ ਕਜੀ ਨੂਟੀ ਰਹਿ ਤੇ ਭਾਵੇਂ ਖੇਹ ਖਾਹ।" ਤੇ ਫਿਰ ਚਟਾਈ ਨੂੰ ਮੋਢਿਆਂ ਤੋਂ ਚੁਕ ਕੇ ਬਾਹਰ ਵਲ ਦੌੜਿਆ।

"ਤੁਸੀਂ ਮੈਨੂੰ 'ਕਲੀ ਛਡ ਕੇ ਨਾ ਜਾਓ।" ਕੰਮੋਂ ਨੇ ਤਰਲੇ ਨਾਲ ਕਿਹਾ ਤੇ ਉਹਦਾ ਰਾਹ ਰੋਕ ਲਿਆ। ਉਹ ਘਬਰਾਈ ਹੋਈ ਸੀ। ਉਹਦਾ ਯਾਰ ਉਸੇ ਚਟਾਈ ਵਿਚ ਬੱਝਾ ਹੋਇਆ ਸੀ।

"ਹਟ ਮੇਰੇ ਅਗਿਓਂ।" ਖਾਵੰਦ ਨੇ ਕੰਮੋਂ ਨੂੰ ਜ਼ੋਰ ਦਾ ਧੱਕਾ ਮਾਰਿਆ, "ਤੂੰ ਇਥੇ ਮੇਰਾ ਜੀਣਾ ਹਰਾਮ ਕਰ ਦਿਤੈ। ਮੈਂ ਹੱਜ ਕਰਨ ਚਲਿਆਂ।"

ਕੰਮੋਂ ਦੇ ਤਰਲਿਆਂ ਦੀ ਪਰਵਾਹ ਨਾ ਕਰਦਿਆਂ ਖਾਵੰਦ ਘਰੋਂ ਬਾਹਰ ਨਿਕਲ ਕੇ ਗਲੀ ਵਿਚ ਆ ਗਿਆ। ਕੰਮੋਂ ਨੇ ਭੇਤ ਖੁਲ੍ਹ ਜਾਣ ਦੇ ਡਰੋਂ ਗਲੀ ਵਿਚ ਰੌਲਾ ਪਾਉਣਾ ਚੰਗਾ ਨਾ ਸਮਝਿਆ।

ਫੁੜੀ ਚੁਕੀ ਅੰਨ੍ਹਾਂ ਬਾਹਰ ਨਦੀ ਵਲ ਤੁਰ ਪਿਆ। ਰਾਹ ਵਿਚ ਕੰਮੋਂ ਦੇ ਯਾਰ ਨੇ ਬੜੇ ਹਥ ਪੈਰ ਮਾਰੇ। ਪਰ ਅੰਨ੍ਹਾਂ ਬਣਿਆ ਖਾਵੰਦ ਕਹਿਣ ਲਗਾ, "ਮੈਂ ਤੈਨੂੰ ਇਉਂ

ਛਡਦਾ ਨਹੀਂ, ਤੂੰ ਮੇਰਾ ਘਰ ਬਰਬਾਦ ਕੀਤੈ। ਮੈਂ ਤੈਨੂੰ ਨਦੀ ਵਿਚ ਰੋੜ੍ਹ ਕੇ ਸਾਹ ਲਵਾਂਗਾ। ਮੈਂ ਅੰਨ੍ਹਾਂ ਨਹੀਂ, ਸੁਜਾਖਾ ਹਾਂ। ਮੈਂ ਤਾਂ ਅੰਨ੍ਹਾਂ ਬਣ ਕੇ ਤੁਹਾਡੇ ਪਖੰਡ ਵੇਖਦਾ ਰਿਹਾ ਹਾਂ।"

ਇਹ ਗੱਲ ਸੁਣ ਕੇ ਕੰਮੋਂ ਦੇ ਯਾਰ ਨੇ ਬੜੇ ਤਰਲੇ ਕੀਤੇ, "ਭਰਾਵਾ ! ਇਕ ਵਾਰ ਮਾਫ ਕਰ ਦੇ, ਸਾਰੀ ਉਮਰ ਤੇਰਾ ਗੁਲਾਮ ਬਣ ਕੇ ਰਵ੍ਹਾਂਗਾ। ਕੰਮੋਂ ਵਲ ਨਜ਼ਰ ਫੇਰ ਕੇ ਵੀ ਵੇਖਿਆ ਤਾਂ ਜੋ ਸਜ਼ਾ ਹਲਕੇ ਕੁੱਤੇ ਦੀ ਏ, ਸੋ ਮੇਰੀ।"

ਪਰ ਖਾਵੰਦ ਨੇ ਉਹਦੀ ਕਿਸੇ ਗੱਲ ਵਲ ਧਿਆਨ ਨਾ ਦਿਤਾ।

ਰਾਹ ਵਿਚ ਇਕ ਝੀਵਰ ਦਾ ਤੰਦੂਰ ਪੈਂਦਾ ਸੀ, ਜਿਥੇ ਲੰਘਦੇ ਪਲੰਘਦੇ ਮੁਸਾਫਰ ਅਰਾਮ ਕਰ ਲੈਂਦੇ। ਨਾਲੇ ਕੁਝ ਟਕੇ ਦੇ ਕੇ ਰੋਟੀ ਟੁਕਰ ਖਾ ਲੈਂਦੇ। ਕਿਸਾਨ ਦੀ ਭੁਖ ਚਮਕ ਪਈ ਸੀ। ਸੋ ਉਹ ਚਟਾਈ ਇਕ ਪਾਸੇ ਟਿਕਾ ਕੇ ਰੋਟੀ ਖਾਣ ਵਾਸਤੇ ਬੈਠ ਗਿਆ।

ਝੀਵਰੀ ਕਣਕ ਦਾ ਇਕ ਪਰੌਂਠਾ ਪਕਾ ਕੇ ਖੋਲੀ ਦੇ ਪਿਛਵਾੜੇ ਬੈਠੇ ਇਕ ਮੁਸ਼ਟੰਡੇ ਨੂੰ ਖਾਣ ਲਈ ਦੇ ਕੇ ਆਈ। ਸੋ ਕੰਮੋਂ ਦੇ ਖਾਵੰਦ ਨੇ ਕਣਕ ਦੇ ਪਰੌਂਠੇ ਮੰਗਦਿਆਂ ਕਿਹਾ, "ਕਣਕ ਦੇ ਦੋ ਪਰੌਂਠੇ ਲਾਹ ਦੇ, ਜੋ ਲੈਣਾ ਹੀ ਲੈ ਲਈਂ।"

"ਪਰ ਇਹ ਜਵਾਂ ਦਾ ਢੋਡਾ ਤੇ ਸਾਗ ਏ, ਜੇ ਖਾਣਾ ਈ ਤਾਂ ਬਹਿ ਜਾ, ਨਹੀਂ ਤਾਂ ਅਗੇਰੇ ਹੋ।" ਝੀਵਰੀ ਨੇ ਕਿਹਾ।

ਝੀਵਰੀ ਦਾ ਅਧਖੜ ਉਮਰ ਦਾ ਖਾਵੰਦ ਅੰਦਰ ਮੰਜੇ ਤੇ ਬੈਠਾ ਹੁਕਾ ਪੀ ਰਿਹਾ ਸੀ। ਝੀਵਰੀ ਜਵਾਨ ਸੀ। ਰੰਗ ਭਾਵੇਂ ਸਾਂਵਲਾ ਸੀ, ਪਰ ਸਰੀਰ ਦੀ ਝੋਟੀ ਵਾਂਗ ਗਠੀ ਹੋਈ। ਝੀਵਰ ਦਾ ਇਹ ਦੂਜਾ ਵਿਆਹ ਸੀ। ਝੀਵਰ ਦੋਹਾਂ ਦੀ ਗਲ ਬਾਤ ਸੁਣ ਕੇ ਕਹਿਣ ਲਗਾ, "ਭਈ ! ਇਥੇ ਜਵਾਂ ਦੀ ਢੋਡੀ ਹੀ ਮਿਲੇਗੀ, ਕਣਕ ਦੇ ਪਰੌਂਠੇ ਕਿਥੇ ? ਕਣਕ ਤਾਂ ਖਾਣ ਵਾਸਤੇ ਮੈਨੂੰ ਵੀ ਨਸੀਬ ਨਹੀਂ ਤੇ ਮੈਂ ਵੇਖ ਜਵਾਂ ਦੀ ਢੋਡੀ ਖਾ ਰਿਹਾਂ।"

ਤਾਂ ਕੰਮੋਂ ਦਾ ਖਾਵੰਦ ਕਹਿਣ ਲਗਾ, "ਹੁਣ ਇਹ ਕਣਕ ਦਾ ਪਰੌਂਠਾ ਪਕਾ ਕੇ ਉਸ ਢਾਰੇ ਹੇਠ ਕਿਸੇ ਨੂੰ ਦੇ ਕੇ ਆਈ ਏ।"

"ਇਹ ਕਿਵੇਂ ਹੋ ਸਕਦੈ ? ਮੇਰੇ ਨਾਲੋਂ ਇਹਨੂੰ ਕੌਣ ਚੰਗੈ।" ਇਹ ਕਹਿੰਦੇ ਹੋਏ ਝੀਵਰ ਹੁੱਕਾ ਇਕ ਪਾਸੇ ਟਿਕਾ ਕੇ ਉਠ ਖਲੋਤਾ ਤੇ ਢਾਰੇ ਵਲ ਚਲ ਪਿਆ। ਉਸ ਨੇ ਵੇਖਿਆ ਉਥੇ ਇਕ ਹਟਾ ਕਟਾ ਮੁਸ਼ਟੰਡਾ ਪਰੌਂਠੇ ਖਾ ਰਿਹਾ ਸੀ। ਝੀਵਰ ਨੇ ਉਹਨੂੰ ਗਲਮੇਂ ਤੋਂ ਫੜ ਲਿਆ ਤੇ ਧ੍ਰੀਕਦਾ ਹੋਇਆ ਤੰਦੂਰ ਤੇ ਲਿਜਾ ਕੇ ਕਹਿਣ ਲਗਾ, "ਮੈਂ ਤੈਨੂੰ ਤੰਦੂਰ ਵਿਚ ਬਾਲਣ ਦੀ ਥਾਂ ਝੋਂਕ ਦਿਆਂਗਾ। ਤੂੰ ਇਤਨਾ ਸੋਹਣਾ ਜੁਆਨ, ਤੈਨੂੰ ਮੇਰੀ ਇਹ ਕਾਲੀ ਕਲੂਟੀ ਝੀਵਰੀ ਹੀ ਪਸਿੰਦ ਆਈ ਏ।"

ਕੰਮੋਂ ਦੇ ਖਾਵੰਦ ਨੇ ਝੀਵਰ ਨੂੰ ਟੋਕਿਆ ਤੇ ਹਸ ਕੇ ਕਹਿਣ ਲਗਾ, "ਇਹਨੂੰ ਮਾਰਨ ਦਾ ਕੋਈ ਫੈਦਾ ਨਹੀਂ, ਤੂੰ ਅੱਧਖੜ ਏਂ ਤੇ ਤੇਰੀ ਵਹੁਟੀ ਜੁਆਨ ਏ। ਪਰ ਮੇਰੇ ਵਲ ਵੇਖ, ਕਿਡਾ ਖੂਬਸੂਰਤ ਤੇ ਹਟਾ ਕਟਾ ਗਭਰੂ ਆਂ, ਤਾਂ ਵੀ ਮੇਰੀ ਜ਼ਨਾਨੀ

ਇਕ ਸੁਕੜ ਜਿਹੇ ਗਭਰੂ ਦੇ ਹਥਾਂ ਤੇ ਪੈ ਗਈ ਏ। ਇਹ ਤਾਂ ਘਰ ਘਰ ਦੀ ਅੱਗ ਏ।" ਤੇ ਫਿਰ ਕੰਮੋਂ ਦੇ ਖਾਵੰਦ ਨੇ ਚਿਟਾਈ ਨਾਲੋਂ ਰਸੀ ਖੋਲ੍ਹੀ ਤੇ ਕੰਮੋਂ ਦੇ ਯਾਰ ਨੂੰ ਵਿਚੋਂ ਬਾਹਰ ਕਢਿਆ।

"ਇਨ੍ਹਾਂ ਦੋਹਾਂ ਦਾ ਮੂੰਹ ਕਾਲਾ ਕਰ ਕੇ ਖੋਤੇ ਤੇ ਫੇਰਨਾ ਚਾਹੀਦਾ ਏ।" ਝੀਵਰ ਨੇ ਕਿਹਾ।

"ਮੂੰਹ ਤਾਂ ਇਹਨਾਂ ਸਾਡਾ ਕਾਲਾ ਕਰ ਦਿਤਾ ਏ, ਇਹ ਸਾਡੀਆਂ ਜ਼ਨਾਨੀਆਂ ਸਾਂਭੀ ਬੈਠੇ ਨੇ। ਬਸ ਇਨ੍ਹਾਂ ਨੂੰ ਸ਼ਰਮਸਾਰ ਕਰਕੇ ਛਡ ਦਿਓ।" ਕੰਮੋਂ ਦਾ ਖਾਵੰਦ ਕਹਿਣ ਲਗਾ।

ਫਿਰ ਉਹਨਾਂ ਦੋਹਾਂ ਨੇ ਉਹਨਾਂ ਦੋਹਾਂ ਮਰਦਾਂ ਨੂੰ ਸ਼ਰਮਿੰਦਾ ਕਰਕੇ ਛਡ ਦਿਤਾ।

ਸੁੰਢ ਦੇ ਹਲਦੀ

ਪੁਰਾਣੇ ਵੇਲਿਆਂ ਦੀ ਗੱਲ ਏ, ਕਾਲੀ ਮਿਰਚ ਨੇ ਲਾਲ ਮਿਰਚੀ ਨਾਲ ਵਿਆਹ ਕਰਵਾਇਆ। ਉਹਦੇ ਘਰ ਦੋ ਧੀਆਂ ਸੁੰਢ ਤੇ ਹਲਦੀ ਜੰਮੀਆਂ। ਸੁੰਢ ਪਿਓ ਤੇ ਗਈ ਤੇ ਹਲਦੀ ਮਾਂ ਤੇ। ਉਨ੍ਹਾਂ ਦੇ ਨਾਨਕੇ ਲੂਣਪੁਰ ਸਨ।

ਇਕ ਦਿਨ ਹਲਦੀ ਨੇ ਮਾਂ ਨੂੰ ਕਿਹਾ, "ਮਾਂ, ਮਾਂ, ਮੈਂ ਨਾਨਕੇ ਜਾਣੈ। ਅਖੇ -ਨਾਨਕੇ ਘਰ ਜਾਵਾਂਗੇ, ਲਡੂ ਪੇੜੇ ਖਾਵਾਂਗੇ। ਮੋਟੇ ਹੋ ਕੇ ਆਵਾਂਗੇ।"

ਪਰ ਕਾਲੀ ਮਿਰਚ ਨੇ ਸਮਝਾਇਆ, "ਧੀਏ ! ਰਾਹ ਵਿਚ ਬੜੀਆਂ ਔਕੜਾਂ ਨੇ, ਕਦੇ ਤੇਰਾ ਮਾਮਾ ਆਵੇਗਾ ਤੇ ਲੈ ਜਾਵੇਗਾ।"

ਪਰ ਹਲਦੀ ਨੇ ਜ਼ਿਦ ਕੀਤੀ।

ਮਾਂ ਨੇ ਸੁੰਢ ਨੂੰ ਕਿਹਾ, "ਤੂੰ ਹੀ ਇਹਦੇ ਨਾਲ ਚਲੀ ਜਾ, ਇਕ ਤੇ ਦੋ ਗਿਆਰਾਂ ਹੁੰਦੇ ਨੇ। ਰਾਹ ਵਿਚ ਸਾਥ ਰਹੇਗਾ।"

ਸੁੰਢ ਦੀ ਹਲਦੀ ਨਾਲ ਬਣਦੀ ਨਹੀਂ ਸੀ। ਸੁੰਢ ਰਤਾ ਕੌੜੇ ਸੁਭਾ ਦੀ ਸੀ, ਹਮੇਸ਼ਾ ਆਕੜ ਵਿਚ ਰਹਿੰਦੀ। ਸੋ ਕਹਿਣ ਲਗੀ, "ਮਾਂ, ਮੈਂ ਅਜੇ ਨਹੀਂ ਜਾਣਾ। ਜਦੋਂ ਮੇਰਾ ਜੀ ਕੀਤਾ, ਮੈਂ ਚਲੀ ਜਾਵਾਂਗੀ।"

ਅਖੀਰ ਹਲਦੀ ਮਾਂ ਪਿਉ ਦੀ ਅਸੀਸ ਲੈ ਕੇ ਇਕਲੀ ਹੀ ਘਰੋਂ ਤੁਰ ਪਈ।

ਰਾਹ ਵਿਚ ਦਰਿਆ ਆਇਆ। ਠਾਠਾਂ ਮਾਰਦਾ ਪਾਣੀ ਵੇਖ ਕੇ ਪਹਿਲਾਂ ਤਾਂ ਹਲਦੀ ਘਬਰਾ ਗਈ। ਫਿਰ ਉਹਨੇ ਹੌਂਸਲਾ ਕਰਕੇ ਦਰਿਆ ਨੂੰ ਕਿਹਾ—

ਬਾਬਾ, ਬਾਬਾ ਰਾਹ ਦੇਹ
ਮੈਨੂੰ ਪਾਰ ਲੰਘਾ ਦੇਹ

ਦਰਿਆ ਨੇ ਹਲਦੀ ਨੂੰ ਕਿਹਾ, "ਮੈਂ ਤੈਨੂੰ ਰਾਹ ਤਾਂ ਦੇਸਾਂ, ਪਰ ਤੂੰ ਕੁਝ ਇੱਟਾਂ

ਰੋਟੇ ਚੁਣ ਲਿਆ ਤੇ ਮੇਰੀ ਛਾਤੀ ਤੇ ਵਿਛਾ ਦੇ, ਤਾਂ ਜੋ ਪਿਛੋਂ ਆਉਣ ਵਾਲੇ ਦੂਜੇ ਮੁਸਾਫ਼ਰਾਂ ਲਈ ਵੀ ਪੁਲ ਬਣ ਜਾਵੇ।"

ਹਲਦੀ ਮੰਨ ਗਈ ਤੇ ਇੱਟਾਂ ਰੋੜੇ ਢੋ ਕੇ ਲਿਆਣ ਲਗੀ। ਉਹਨੂੰ ਇਸ ਤਰ੍ਹਾਂ ਪੁਲ ਬਣਾਂਦਿਆਂ ਵੇਖਕੇ, ਕਈ ਮੁਸਾਫਰ ਤੇ ਹੋਰ ਪ੍ਰਾਣੀ ਉਹਦੀ ਮਦਦ ਕਰਨ ਲਗੇ। ਸੋ ਪੁਲ ਬਣ ਗਿਆ ਅਤੇ ਹਲਦੀ ਪਾਰ ਲੰਘ ਗਈ।

ਹਲਦੀ ਥਕ ਗਈ ਸੀ। ਸੋ ਪਾਰ ਜਾ ਕੇ ਉਹਨੇ ਕੁਝ ਚਿਰ ਅਰਾਮ ਕੀਤਾ। ਹਲਦੀ ਨੂੰ ਸਖਤ ਭੁਖ ਲਗੀ। ਉਹਦੀ ਨਜ਼ਰ ਇਕ ਬੇਰੀ ਉਤੇ ਜਾ ਪਈ, ਜਿਸ ਨਾਲ ਸੂਹੇ ਸੂਹੇ ਬੇਰ ਲਗੇ ਹੋਏ ਸਨ। ਹਲਦੀ ਨੇ ਬੇਰੀ ਅਗੇ ਤਰਲਾ ਕੀਤਾ—

ਮਾਸੀ ਮਾਸੀ ਬੇਰ ਦੇ
ਮੈਂ ਤੈਂਡੀ ਧੀ ਧਿਆਣੀ
ਮੈਂ ਡਾਹਡੀ ਭੁਖੀ ਭਾਣੀ

ਬੇਰੀ ਨੇ ਹਲਦੀ ਨੂੰ ਲਾਡ ਕੀਤਾ ਤੇ ਕਿਹਾ, "ਧੀਏ ! ਪਹਿਲਾਂ ਮੇਰੇ ਹੇਠੋਂ ਸਾਰੇ ਕੰਡੇ ਹੂੰਜ ਦੇ, ਮੈਂ ਤੈਨੂੰ ਲਾਲ ਸੂਹੇ ਬੇਰ ਦੇਸਾਂ। ਹੁਣ ਜਾਤਕਾਂ ਨੇ ਬੇਰ ਖਾਣ ਆਣੇ, ਉਹਨਾਂ ਦੇ ਪੈਰਾਂ ਵਿਚ ਕੰਡੇ ਪੁੜਨਗੇ।"

ਹਲਦੀ ਨੇ ਇਕ ਟਾਹਣੀ ਲੈ ਕੇ ਬੇਰੀ ਹੇਠਾਂ ਬੁਹਾਰੀ ਫੇਰ ਕੇ ਸਾਰੇ ਕੰਡੇ ਹੂੰਝ ਕੇ ਇਕ ਪਾਸੇ ਕਰ ਦਿਤੇ। ਫਿਰ ਬੇਰੀ ਨੇ ਮਿਠੇ ਤੇ ਸੂਹੇ ਬਿੰਬ ਬੇਰ ਖਾਣ ਵਾਸਤੇ ਦਿਤੇ।

ਹਲਦੀ ਨੇ ਪੇਟ ਭਰ ਕੇ ਬੇਰ ਖਾਧੇ ਤੇ ਅਗੇ ਤੁਰ ਪਈ। ਤ੍ਰਿਕਾਲਾਂ ਵੇਲੇ ਉਹ ਪਿੰਡ ਦੀ ਭੱਠੀ ਕੋਲੋਂ ਦੀ ਲੰਘੀ। ਭੱਠੀ ਵਿਚ ਦਾਣੇ ਸਨ, ਹਲਦੀ ਨੇ ਭੱਠੀ ਤੋਂ ਦਾਣੇ ਮੰਗੇ—

ਮਾਮੀ ਮਾਮੀ ਦਾਣੇ ਦੇ
ਤੈਂਡੀ ਭਣਈ ਭੁਖੀ ਏ

ਭੱਠੀ ਨੇ ਹਲਦੀ ਨੂੰ ਦਿਲਾਸਾ ਦਿੰਦੇ ਹੋਏ ਕਿਹਾ, "ਪਹਿਲਾਂ ਮੇਰੇ ਆਲੇ ਦੁਆਲੇ ਪਏ ਹੋਏ ਕੋਲੇ ਤੇ ਹੋਰ ਗੰਦ-ਮੰਦ ਸਾਫ ਕਰ ਦੇ।"

ਹਲਦੀ ਨੇ ਸਾਰੀ ਭੱਠੀ ਨੂੰ ਸਾਫ ਕੀਤਾ। ਆਲੇ ਦੁਆਲੇ ਤੋਂ ਗੰਦ ਹੂੰਝ ਕੇ ਇਕ ਪਾਸੇ ਸੁਟਿਆ। ਭੱਠੀ ਨੇ ਹਲਦੀ ਨੂੰ ਲੱਪ ਦਾਣਿਆਂ ਦੀ ਦਿਤੀ। ਹਲਦੀ ਚਬਦੀ ਹੋਈ ਅਗੇ ਤੁਰ ਪਈ।

ਅਖੀਰ ਹਲਦੀ ਲੂਣਪੁਰ ਜਾ ਪਹੁੰਚੀ। ਉਥੇ ਉਹ ਸਭਨਾਂ ਰਿਸ਼ਤੇਦਾਰਾਂ ਨੂੰ ਪਿਆਰ ਮੁਹਬਤ ਨਾਲ ਮਿਲੀ। ਮਾਮੇ ਮਾਮੀਆਂ ਸਭ ਉਸ ਨਾਲ ਪਿਆਰ ਕਰਦੇ। ਉਹ ਹਰੇਕ ਦਾ ਕਹਿਣ ਮੰਨਦੀ, ਵਿਹਲੇ ਵੇਲੇ ਬੈਠ ਕੇ ਸੂਤਰ ਕਤਦੀ। ਰਸੋਈ ਵਿਚ ਨਾਨੀ ਦਾ ਹੱਥ ਵਟਾਂਦੀ।

ਕੁਝ ਦਿਨ ਲੰਘੇ ਤਾਂ ਹਲਦੀ ਨੇ ਵਾਪਿਸ ਆਪਣੇ ਘਰ ਜਾਣਾ ਚਾਹਿਆ। ਸਭਨਾਂ ਨੇ ਉਹਨੂੰ ਕੁਝ ਦਿਨ ਹੋਰ ਰੁਕ ਜਾਣ ਲਈ ਕਿਹਾ। ਪਰ ਹਲਦੀ ਮਾਂ ਪਿਉ ਤੋਂ ਓਦਰ ਗਈ ਸੀ। ਸੋ ਉਹ ਡੁਸਕਣ ਲਗੀ।

ਅਖੀਰ ਨਾਨਕੇ ਪਰਿਵਾਰ ਨੇ ਹਲਦੀ ਨੂੰ ਬੜੇ ਪਿਆਰ ਨਾਲ ਵਿਦਾ ਕੀਤਾ। ਜਿਹੜਾ ਸੂਤਰ ਹਲਦੀ ਨੇ ਕਤਿਆ ਸੀ, ਉਸਦੇ ਉਹਨੂੰ ਕਪੜੇ ਸਿਵਾ ਦਿਤੇ। ਮਾਮੀਆਂ ਨੇ ਮਠਿਆਈ ਤਲ ਕੇ ਨਾਲ ਬੰਨ੍ਹ ਦਿਤੀ। ਨਾਨੇ ਨੇ ਫੁੱਲਾਂ ਦੀ ਬੁਚਕੀ ਨਾਲ ਚੁਕਾ ਦਿਤੀ।

ਹਲਦੀ ਵਾਪਸ ਘਰ ਜਾਂਦਿਆਂ ਰਾਹ ਵਿਚ ਭੱਠੀ ਨੂੰ ਮਿਲੀ ਤੇ ਕਹਿਣ ਲਗੀ, "ਮਾਮੀ ਨੀ ਮਾਮੀ, ਤੇਰੀ ਧੀ ਧਿਆਣੀ ਘਰ ਚਲੀ।"

"ਠਹਿਰ ਭਣੇਵੀਏ ! ਮੇਰੇ ਕੋਲੋਂ ਕੁਝ ਲੈਂਦੀ ਜਾਹ, ਧੀਆਂ ਖਾਲੀ ਨਹੀਂ ਜਾਂਦੀਆਂ।" ਫਿਰ ਭੱਠੀ ਨੇ ਉਹਨੂੰ ਭੁਜੇ ਹੋਏ ਛੋਲੇ ਦਿਤੇ। ਹਲਦੀ ਨੇ ਉਹ ਬੁਚਕੀ ਦੀ ਇਕ ਚੂਕਾਂ ਨਾਲ ਬੰਨ੍ਹ ਲਏ।

ਫਿਰ ਹਲਦੀ ਅਗੇ ਤੁਰ ਪਈ। ਰਾਹ ਵਿਚ ਉਹਨੂੰ ਬੇਰੀ ਮਿਲੀ ਤੇ ਹਲਦੀ ਕਹਿਣ ਲਗੀ, "ਮਾਸੀ ਨੀ ਮਾਸੀ, ਤਹਿੰਡੀ ਧੀ ਸਿਆਣੇ ਨਾਨਕਿਉਂ ਹੋ ਆਈ।"

ਬੇਰੀ ਹਲਦੀ ਦਾ ਸਿਰ ਪਲੋਸਦਿਆਂ ਕਹਿਣ ਲਗੀ, "ਧੀਏ ! ਬੇਰ ਲੈਂਦੀ ਜਾਈਂ, ਮੈਂ ਸੂਹੇ ਲਾਲ ਬੇਰ ਤੇਰੇ ਵਾਸਤੇ ਸਾਂਭ ਰਖੇ ਨੇ, ਧੀਆਂ ਖਾਲੀ ਨਹੀਂ ਜਾਂਦੀਆਂ।"

ਬੇਰੀ ਤੋਂ ਬੇਰ ਲੈ ਕੇ ਹਲਦੀ ਨੇ ਪੰਡ ਦੀ ਦੂਜੀ ਚੂਕਾ ਪਲੇ ਬੰਨ੍ਹ ਲਏ ਤੇ ਨਚਦੀ ਝੁੜਕਦੀ ਅਗੇ ਤੁਰ ਪਈ। ਅਗੇ ਦਰਿਆ ਆ ਗਿਆ। ਹਲਦੀ ਪੁਲ ਤੋਂ ਲੰਘਦੀ ਹੋਈ ਦਰਿਆ ਨੂੰ ਕਹਿਣ ਲਗੀ, "ਚਾਚਾ ਚਾਚਾ, ਮੈਂ ਨਾਨਕਿਉਂ ਪਰਤ ਆਈ ਆਂ।"

ਦਰਿਆ ਨੇ ਹਲਦੀ ਦੇ ਸਿਰ ਤੇ ਹੱਥ ਫੇਰਿਆ ਤੇ ਫੇਰ ਸਾਰੀਆਂ ਸਿੱਪੀਆਂ ਤੇ ਘੋਗੇ ਦੇ ਕੇ ਕਹਿਣ ਲਗਾ, "ਧੀਏ ! ਤੇਰੇ ਨਾਲ ਮੋਹ ਹੋ ਗਿਐ, ਕਦੇ ਕਦੇ ਫੇਰਾ ਮਾਰਦੀ ਰਹੀਂ।"

ਹਲਦੀ ਨੇ ਉਹ ਘੋਗੇ ਤੇ ਸਿੱਪੀਆਂ ਵੀ ਚੂਕਾਂ ਨਾਲ ਬੰਨ੍ਹ ਲਈਆਂ। ਫਿਰ ਉਹ ਘਰ ਵਲ ਤੁਰ ਪਈ। ਹਲਦੀ ਖਾਣ ਪਹਿਨਣ ਦੇ ਸਮਾਨ ਨਾਲ ਲਦੀ ਹੋਈ ਘਰ ਪਹੁੰਚੀ।

ਹਲਦੀ ਨੂੰ ਖੁਸ਼ ਵੇਖ ਕੇ ਸੁੰਢ ਕਹਿਣ ਲਗੀ, "ਮਾਂ, ਮਾਂ, ਮੈਂ ਵੀ ਨਾਨਕੇ ਜਾਸਾਂ।" ਮਾਂ ਨੇ ਸਮਝਾਇਆ, "ਧੀਏ, ਰਸਤਾ ਬਿਖੜਾ ਏ ਤੇ ਤੇਰਾ ਸੁਭਾ ਕੌੜਾ ਏ। ਤੂੰ ਇਕਲੀ ਕਿਧਰੇ ਨਾ ਜਾ, ਮਾਮਾ ਆਇਆ ਤਾਂ ਤੈਨੂੰ ਲੈ ਜਾਸੀ।" ਪਰ ਸੁੰਢ ਨੇ ਇਕ ਨਾ ਮੰਨੀ।

ਸੁੰਢ ਘਰੋਂ ਤੁਰ ਪਈ। ਨਾ ਮਾਂ ਦੀ ਅਸੀਸ ਲਈ ਤੇ ਨਾ ਪਿਉ ਦੀ। ਜਾਣ ਵੇਲੇ ਜਦੋਂ ਹਲਦੀ ਨੇ ਸੁੰਢ ਨੂੰ ਕੁਝ ਸਮਝਾਣਾ ਚਾਹਿਆ ਤਾਂ ਸੁੰਢ ਉਹਦੇ ਨਾਲ ਅਗੋਂ ਝਗੜ ਪਈ, "ਤੂੰ ਕੌਣ ਹੁੰਦੀ ਏਂ ਮੈਨੂੰ ਸਮਝਾਣ ਵਾਲੀ।"

"ਵਡੇ ਕਹਿੰਦੇ ਨੇ ਮਤ ਰਾਹ ਦੇ ਰੋੜੇ ਦੀ ਵੀ ਕੰਮ ਆਉਂਦੀ ਏ।" ਹਲਦੀ ਨੇ ਤਾੜਿਆ।

"ਮੈਨੂੰ ਤੇਰੇ ਤੋਂ ਵਧ ਸਮਝ ਏ", ਸੁੰਢ ਘੂਰਨ ਲਗੀ।

ਸੁੰਢ ਘਰੋਂ ਤੁਰ ਪਈ। ਨਾਲ ਉਹਨੇ ਚਾਦਰ ਲੈ ਲਈ ਜਿਸ ਵਿਚ ਉਹਨੇ ਨਾਨਕੇ ਘਰੋਂ ਚੀਜ਼ਾਂ ਬੰਨ੍ਹ ਕੇ ਲਿਆਣੀਆਂ ਸਨ।

ਰਾਹ ਵਿਚ ਪਹਿਲਾਂ ਦਰਿਆ ਆਇਆ। ਉਹ ਪੁਲੀ ਤੋਂ ਟਪਣ ਲਗੀ ਤਾਂ ਦਰਿਆ

ਨੇ ਕਿਹਾ, "ਧੀਏ ! ਚਾਰ ਇੱਟਾਂ-ਰੋੜੇ ਪੁਲੀ ਤੇ ਰਖਦੀ ਜਾ, ਇਸ ਤਰ੍ਹਾਂ ਪੁਲੀ ਪਕੀ ਹੋ ਜਾਵੇਗੀ ਤੇ ਮੁਸਾਫਰਾਂ ਨੂੰ ਅਰਾਮ ਰਹੇਗਾ।"

"ਮੈਂ ਕੋਈ ਤੈਂਡੀ ਨੌਕਰ ਆਂ।" ਸੁੰਢ ਨੇ ਖਿਝਦੇ ਹੋਏ ਕਿਹਾ।

ਦਰਿਆ ਪਾਰ ਕਰਕੇ ਸੁੰਢ ਕਾਹਲੇ-ਕਾਹਲੇ ਕਦਮ ਪੁਟਦੀ ਅਗੇ ਤੁਰ ਪਈ। ਰਾਹ ਵਿਚ ਬੇਰੀ ਆਈ। ਸੁੰਢ ਨੂੰ ਭੁਖ ਲਗੀ ਸੀ, ਸੋ ਬੇਰੀ ਨੂੰ ਜ਼ੋਰ ਜ਼ੋਰ ਦੀ ਝੂੰਜਣ ਲਗੀ। ਬੇਰੀ ਨੂੰ ਇਹ ਗੱਲ ਪਸਿੰਦ ਨਾ ਆਈ। ਉਸ ਨੇ ਆਪਣੇ ਸਾਰੇ ਬੇਰ ਸਮੇਟ ਲਏ, ਸੋ ਹੇਠਾਂ ਕੁਝ ਪੀਲੇ ਪਤੇ ਹੀ ਡਿਗੇ। ਫਿਰ ਸੁੰਢ ਨੇ ਹੇਠੋਂ ਕੁਝ ਪਹਿਲੋਂ ਦੇ ਡਿਗੇ ਬੇਰ ਚੁਗੇ ਤੇ ਖਾਣ ਲਗੀ। ਇਹ ਵੇਖ ਬੇਰੀ ਨੇ ਕਿਹਾ, "ਧੀਏ ! ਜੇ ਤੂੰ ਤਾਜ਼ੇ ਤੇ ਮਿਠੇ ਬੇਰ ਖਾਣਾ ਚਾਹੁੰਦੀ ਏਂ ਤਾਂ ਮੇਰੇ ਹੇਠ ਬੁਹਾਰੀ ਦੇ ਕੇ ਕੰਡੇ ਹੂੰਝਦੀ ਜਾ। ਹੁਣੇ ਬਾਲ ਬੇਰ ਖਾਣ ਆਉਣ ਗੇ ਤਾਂ ਉਨ੍ਹਾਂ ਦੇ ਪੈਰਾਂ ਵਿਚ ਚੁਭਣਗੇ।"

ਪਰ ਸੁੰਢ ਨੇ ਇਕ ਨਾ ਸੁਣੀ।

ਤੁਰਦੀ ਤੁਰਦੀ ਸੁੰਢ ਭੱਠੀ ਕੋਲ ਪਹੁੰਚੀ। ਭੱਠੀ ਵਿਚ ਕੁਝ ਦਾਣੇ ਪਏ ਵੇਖੇ ਤੇ ਜ਼ਬਰਦਸਤੀ ਇਕ ਲਪ ਦਾਣਿਆਂ ਦੀ ਭਰ ਲਈ। ਭੱਠੀ ਦੀ ਇਕ ਨਾ ਸੁਣੀ। ਜਾਣ ਵੇਲੇ ਸੁੰਢ ਨੂੰ ਭੱਠੀ ਨੇ ਮਿਹਣਾ ਮਾਰਿਆ, "ਤੂੰ ਮੁਫਤ ਦਾ ਖਾਣ ਹਿਲੀ ਹੋਈ ਏਂ, ਪਛਤਾਵੇਂਗੀ।"

"ਤੈਨੂੰ ਕੀ, ਤੂੰ ਸੜਦੀ ਰਹਿ, ਭੁਜਦੀ ਰਹਿ।" ਇਹ ਕਹਿ ਕੇ ਸੁੰਢ ਅਗੇ ਲੰਘ ਗਈ।

ਅਖੀਰ ਸੁੰਢ ਨਾਨਕੇ ਪਹੁੰਚੀ। ਕਿਸੇ ਨਾਲ ਸਿਧੇ ਮੂੰਹ ਗੱਲ ਨਾ ਕੀਤੀ, ਨਾ ਸਾਹਿਬ ਸਲਾਮਤ। ਨਾ ਦੁਖ ਸੁਖ ਦੀ। ਓਪਰੀ ਜਿਹੀ ਬਣ ਕੇ ਆਕੜ ਵਿਖਾਂਦੀ ਤੇ ਸਭ ਤੋਂ ਪਰ੍ਹੇ ਪਰ੍ਹੇ ਰਹਿੰਦੀ। ਉਸ ਕਦੇ ਵੀ ਕਿਸੇ ਦੀ ਕੋਈ ਗੱਲ ਨਾ ਮੰਨੀ। ਚਰਖਾ ਕਤਣਾ ਤਾਂ ਇਕ ਪਾਸੇ ਰਿਹਾ, ਉਸ ਨੇ ਲਤ ਮਾਰ ਕੇ ਚਰਖਾ ਹੀ ਤੋੜ ਦਿਤਾ।

ਕੁਝ ਦਿਨਾਂ ਮਗਰੋਂ ਜਦੋਂ ਸੁੰਢ ਨੇ ਵਾਪਿਸ ਘਰ ਜਾਣ ਦੀ ਇਛਾ ਪ੍ਰਗਟ ਕੀਤੀ ਤਾਂ ਕਿਸੇ ਨੇ ਉਹਨੂੰ ਨਾ ਰੋਕਿਆ, ਸਗੋਂ ਅੰਦਰੋਂ ਅੰਦਰੀਂ ਸਭ ਖੁਸ਼ ਹੋਏ ਤੇ ਕਹਿਣ ਲਗੇ, "ਇਹ ਕਲੂਖਤ ਤੋਂ ਸਾਡੀ ਜਿੰਦ ਛੁਟੇਗੀ।"

ਨਾਨਕਿਆਂ ਨੇ ਸੁੰਢ ਨੂੰ ਤੁਰਨ ਵੇਲੇ ਨਾ ਕਪੜੇ ਦਿਤੇ ਨਾ ਫਲ ਮਠਿਆਈ। ਸੁੰਢ ਖਿਝ ਕੇ ਲੜ ਪਈ।

ਰਾਹ ਵਿਚ ਭੱਠੀ ਆਈ। ਜਦੋਂ ਸੁੰਢ ਉਹਦੇ ਕੋਲੋਂ ਦੀ ਲੰਘਣ ਲਗੀ, ਤਾਂ ਭੱਠੀ ਨੇ ਕਿਹਾ, "ਨੀ ਚੰਦਰੀਏ, ਜਾਂਦਿਆਂ ਮਾਮੀ ਨਾਲ ਲੜ੍ਹ ਗਈ ਸੈਂ, ਹੁਣ ਕੁਝ ਲੈਂਦੀ ਤਾਂ ਜਾ।"

ਸੁੰਢ ਨੇ ਚੁੰਨੀ ਫੈਲਾਈ ਤਾਂ ਭੱਠੀ ਨੇ ਤਪਦੀ ਹੋਈ ਰੇਤ ਉਸਦੀ ਝੋਲੀ ਵਿਚ ਪਾ ਦਿਤੀ ਤੇ ਫਿਰ ਸੁੰਢ ਦੇ ਮੂੰਹ ਤੇ ਥੋੜੀ ਜਿਹੀ ਕਾਲਖ ਮਲਦੇ ਹੋਏ ਕਿਹਾ, "ਚੰਦਰੀਏ ! ਤੂੰ ਏਸੇ ਜੋਗੀ ਏਂ।"

ਖਿਝਦੀ ਖਪਦੀ ਸੁੰਢ ਅਗੇ ਤੁਰ ਪਈ। ਜਦੋਂ ਉਹ ਬੇਰੀ ਦੇ ਕੋਲ ਪੁਜੀ ਤਾਂ ਬੇਰੀ ਨੇ ਜ਼ੋਰ ਜ਼ੋਰ ਦੀ ਝੂਲਣਾ ਸ਼ੁਰੂ ਕਰ ਦਿਤਾ ਅਤੇ ਆਲੇ ਦੁਆਲੇ ਸਾਰੇ ਰਾਹ ਤੇ

ਉਹਨੇ ਕੰਡੇ ਬਖੇਰ ਦਿਤੇ। ਸੁੰਢ ਦੇ ਪੈਰਾਂ ਵਿਚ ਕੰਡੇ ਪੁੜ ਗਏ ਤੇ ਲਹੂ ਸਿੰਮਣ ਲਗਾ।

ਫਿਰ ਸੁੰਢ ਦਰਿਆ ਦੇ ਕੋਲ ਪਹੁੰਚੀ। ਜਦੋਂ ਉਹ ਪੁਲੀ ਤੋਂ ਲੰਘ ਰਹੀ ਸੀ ਤਾਂ ਦਰਿਆ ਨੇ ਹੜ ਲੈ ਆਂਦਾ। ਪਾਣੀ ਦੀਆਂ ਛਲਾਂ ਪੁਲੀ ਨੂੰ ਵੀ ਛੁਹ ਰਹੀਆਂ ਸਨ। ਸੁੰਢ ਮਸਾਂ ਮਸਾਂ ਬਚੀ।

ਜਦੋਂ ਸੁੰਢ ਖਾਲੀ ਹਥ ਘਰ ਪਹੁੰਚੀ ਤਾਂ ਉਹ ਕਿਸੇ ਅਗੇ ਮੂੰਹ ਦੇਣ ਜੋਗੀ ਨਹੀਂ ਸੀ। ਉਹ ਗੋਡਿਆਂ ਵਿਚ ਸਿਰ ਛੁਪਾ ਕੇ ਝੁਸਕਣ ਲਗੀ।

ਸੱਪ ਤੇ ਡੱਡੂ

ਇਕ ਛੱਪੜ ਵਿਚ ਬਹੁਤ ਸਾਰੇ ਡੱਡੂ ਰਹਿੰਦੇ ਸਨ, ਜੋ ਸਾਰਾ ਦਿਨ ਪਾਣੀ ਵਿਚ ਟਪੋਸੀਆਂ ਮਾਰਦੇ ਫਿਰਦੇ। ਉਸ ਛੱਪੜ ਦੇ ਕੰਢੇ ਇਕ ਵਡਾ ਸਾਰਾ ਬੋਹੜ ਸੀ। ਜਿਸ ਦੇ ਇਕ ਖੋੜ ਵਿਚ ਕਿਧਰੋਂ ਇਕ ਕਾਲਾ ਸੱਪ ਆ ਕੇ ਰਹਿਣ ਲਗ ਪਿਆ, ਸੱਪ ਦਾ ਜਦੋਂ ਦਾਉ ਲਗਦਾ ਦੋ ਤਿੰਨ ਡੱਡੂ ਹੜੁਪ ਕਰ ਜਾਂਦਾ। ਡੱਡੂਆਂ ਦੀ ਗਿਣਤੀ ਦਿਨ-ਬਦਿਨ ਘਟਣ ਲਗੀ।

ਉਥੋਂ ਕੁਝ ਫਾਸਲੇ 'ਤੇ ਇਕ ਹੋਰ ਛੱਪੜ ਸੀ, ਜਿਥੇ ਕਾਫੀ ਸਾਰੇ ਡੱਡੂ ਰਹਿੰਦੇ ਸਨ। ਉਸ ਛੱਪੜ ਦਾ ਇਕ ਬੁਢਾ ਡੱਡੂ ਘੁੰਮਦਾ ਘੁੰਮਾਂਦਾ ਅਚਾਨਕ ਬੋਹੜ ਵਾਲੇ ਛੱਪੜ ਵਲ ਨਿਕਲ ਆਇਆ। ਇਹ ਛੱਪੜ ਉਹਨੂੰ ਵਧੇਰੇ ਸੁਹਣਾ ਲਗਾ ਤੇ ਉਸ ਨੇ ਇਥੇ ਹੀ ਵਸ ਜਾਣ ਦਾ ਵਿਚਾਰ ਬਣਾ ਲਿਆ।

ਗੱਲਾਂ ਗੱਲਾਂ ਵਿਚ ਬੋਹੜ ਵਾਲੇ ਛੱਪੜ ਦੇ ਡੱਡੂਆਂ ਦੇ ਸਰਦਾਰ ਨੇ ਨਵੇਂ ਆਏ ਬੁਢੇ ਡੱਡੂ ਨੂੰ ਦਸਿਆ, "ਇਥੇ ਹੋਰ ਤਾਂ ਸਾਰੇ ਸੁਖ ਨੇ, ਪਰ ਅਸੀਂ ਚੈਨ ਨਾਲ ਇਧਰ ਉਧਰ ਘੁੰਮ ਫਿਰ ਨਹੀਂ ਸਕਦੇ।"

"ਕਿਉਂ ?" ਬੁਢੇ ਡੱਡੂ ਨੇ ਹੈਰਾਨ ਹੋ ਕੇ ਚਾਰ ਚੁਫੇਰੇ ਨਜ਼ਰ ਦੁੜਾਂਦੇ ਹੋਏ ਪੁਛਿਆ।

"ਇਥੇ ਬੋਹੜ ਦੇ ਹੇਠਾਂ ਇਕ ਸੱਪ ਰਹਿੰਦੈ, ਜੋ ਇਕ ਇਕ ਕਰਕੇ ਡੱਡੂਆਂ ਨੂੰ ਹੜੁਪ ਕਰੀ ਜਾਂਦੈ। ਇਥੇ ਰਹਿਣ ਦੀ ਸਾਡੀ ਤਾਂ ਮਜਬੂਰੀ ਏ, ਤੂੰ ਆਪਣੀ ਜਾਨ ਕਿਉਂ ਖਤਰੇ ਵਿਚ ਪਾਉਂਦਾ ਏਂ।" ਡੱਡੂਆਂ ਦੇ ਸਰਦਾਰ ਨੇ ਸਾਰੀ ਗੱਲ ਸਮਝਾਈ।

ਬੁਢਾ ਡੱਡੂ ਸੋਚਾਂ ਵਿਚ ਡੁਬ ਗਿਆ ਤੇ ਫਿਰ ਕਹਿਣ ਲਗਾ, "ਸਾਡੇ ਛੱਪੜ ਦੇ ਨੇੜੇ ਤਾਂ ਕਦੇ ਕੋਈ ਸੱਪ ਨਹੀਂ ਫਟਕਿਆ। ਮੇਰਾ ਇਕ ਨਿਉਲਾ ਦੋਸਤ ਏ, ਉਹ ਦਿਨ ਵਿਚ ਦੋ ਤਿੰਨ ਗੇੜੇ ਕਢ ਜਾਂਦਾ ਏ। ਇਸ ਵਾਸਤੇ ਸੱਪ ਉਧਰ ਕਦੇ ਫਟਕਿਆ ਨਹੀਂ।" ਫਿਰ ਥੋੜ੍ਹਾ ਜਿਹਾ ਸਾਹ ਲੈ ਕੇ ਬੁਢਾ ਡੱਡੂ ਬੋਲਿਆ, "ਤੁਸੀਂ ਚਾਹੋ ਤਾਂ ਮੈਂ ਉਸ ਨਿਉਲੇ ਨੂੰ ਕੁਝ ਦਿਨਾਂ ਵਾਸਤੇ ਇਥੇ ਲੈ ਆਉਂਦਾ ਹਾਂ।"

"ਤੂੰ ਨਿਉਲੇ ਨੂੰ ਜ਼ਰੂਰ ਲੈ ਆ, ਨਹੀਂ ਤਾਂ ਸਾਡੀ ਕੁਲ ਦਾ ਬੀਂ ਨਾਸ ਹੋ

ਜਾਵੇਗਾ।" ਡੱਡੂਆਂ ਦੇ ਸਰਦਾਰ ਨੇ ਤਰਲਾ ਕੀਤਾ।

ਬੁਢਾ ਡੱਡੂ ਉਸੇ ਵੇਲੇ ਨਿਉਲੇ ਕੋਲ ਗਿਆ ਤੇ ਉਹਨੂੰ ਸਾਰੀ ਗੱਲ ਜਾ ਦਸੀ। ਨਿਉਲੇ ਦੀ ਡੱਡੂ ਨਾਲ ਗਹਿਰੀ ਦੋਸਤੀ ਸੀ, ਸੋ ਉਹ ਉਸੇ ਵੇਲੇ ਬੁਢੇ ਡੱਡੂ ਨਾਲ ਤੁਰ ਪਿਆ ਅਤੇ ਬੋਹੜ ਦੇ ਹੇਠਾਂ ਆ ਕੇ ਲਲਕਾਰਾ ਮਾਰਨ ਲਗਾ, "ਉਏ ਸੱਪਾ ! ਜ਼ਰਾ ਬਾਹਰ ਤਾਂ ਆ, ਜੇ ਤੂੰ ਮੇਰੀ ਗੱਲ ਮੰਨ ਲਈ ਤਾਂ ਮੈਂ ਤੇਰਾ ਵਾਲ ਵੀ ਵਿੰਗਾ ਨਹੀਂ ਕਰਾਂਗਾ। ਜੇ ਨਾ ਮੰਨੀ ਤਾਂ ਮੈਂ ਮਾਰ ਮਾਰ ਕੇ ਤੇਰੇ ਪਰਖਚੇ ਉਡਾ ਦਿਆਂਗਾ।"

ਸੱਪ ਘਬਰਾਇਆ ਹੋਇਆ ਬਾਹਰ ਆਇਆ, ਡਰ ਨਾਲ ਉਹਦਾ ਸਾਰਾ ਜਿਸਮ ਕੰਬ ਰਿਹਾ ਸੀ।

"ਇਹ ਮੇਰਾ ਦੋਸਤ ਏ", ਨਿਉਲੇ ਨੇ ਬੁਢੇ ਡੱਡੂ ਵਲ ਇਸ਼ਾਰਾ ਕਰ ਕੇ ਕਿਹਾ, "ਇਸ ਦੇ ਬਹੁਤ ਸਾਰੇ ਰਿਸ਼ਤੇਦਾਰ ਇਸੇ ਛੱਪੜ ਵਿਚ ਰਹਿੰਦੇ ਨੇ, ਅਗੋਂ ਤੋਂ ਤੂੰ ਇਸ ਛੱਪੜ ਦੇ ਕਿਸੇ ਡੱਡੂ ਵਲ ਵੇਖਣਾ ਨਹੀਂ ਹੋਵੇਗਾ।"

ਸੱਪ ਕੋਲ ਕੋਈ ਉਜ਼ਰ ਨਹੀਂ ਸੀ। ਉਸ ਨੇ ਹਾਂ ਵਿਚ ਸਿਰ ਝੁਕਾ ਦਿਤਾ।

ਸੱਪ ਖੁਡ ਵਿਚ ਵਾਪਸ ਜਾਣ ਲਗਾ ਕਿ ਬੁਢੇ ਡੱਡੂ ਨੇ ਨਿਉਲੇ ਦੇ ਕੰਨ ਵਿਚ ਕੋਈ ਗੱਲ ਆਖੀ।

"ਰਤਾ ਠਹਿਰ", ਨਿਉਲੇ ਨੇ ਸੱਪ ਨੂੰ ਕਿਹਾ, "ਡੱਡੂਆਂ ਦਾ ਡਰ ਭਓ ਉਤਾਰਨ ਲਈ ਤੂੰ ਇਸ ਡੱਡੂ ਨੂੰ ਆਪਣੀ ਪਿੱਠ ਤੇ ਬਿਠਾ ਕੇ ਇਸ ਛੱਪੜ ਦੇ ਸੌ ਗੇੜੇ ਕਢ।"

ਨਿਉਲੇ ਨੇ ਆਪਣੇ ਦੋਸਤ ਬੁਢੇ ਡੱਡੂ ਨੂੰ ਸੱਪ ਦੀ ਪਿਠ ਤੇ ਬੈਠਣ ਵਾਸਤੇ ਕਿਹਾ। ਛੱਪੜ ਵਿਚ ਰਹਿੰਦੇ ਡੱਡੂ ਪਾਣੀ ਵਿਚੋਂ ਬਾਹਰ ਨਿਕਲ ਕੇ ਇਹ ਅਜੀਬ ਤਮਾਸ਼ਾ ਵੇਖਣ ਲਗੇ। ਉਹਨਾਂ ਲਈ ਇਹ ਅਸੰਭਵ ਸੀ।

ਸੱਪ ਨੇ ਆਪਣਾ ਅਪਮਾਨ ਹੁੰਦਾ ਵੇਖ ਨਿਉਲੇ ਨੂੰ ਕਿਹਾ, "ਮੈਂ ਇਹ ਗੇੜੇ ਹਨੇਰੇ ਪਏ ਕਢਾਂਗਾ।"

"ਤੂੰ ਇਸੇ ਵੇਲੇ ਰਾਤ ਸਮਝ ਲੈ", ਨਿਉਲੇ ਨੇ ਘੂਰਿਆ।

ਸੋ ਮਜਬੂਰ ਹੋ ਕੇ ਸੱਪ ਡੱਡੂ ਨੂੰ ਪਿਠ ਤੇ ਬਿਠਾ ਕੇ ਛਪੜ ਦੇ ਗੇੜੇ ਕਢਣ ਲਗਾ। ਸੱਪ ਨੇ ਕੁਲ੍ਹ ਸੌ ਗੇੜੇ ਕਢਣੇ ਸਨ। ਜਦੋਂ ਵੀਹ ਗੇੜੇ ਪੂਰੇ ਹੋ ਜਾਂਦੇ ਤਾਂ ਸੱਪ ਨੇ ਡੱਡੂ ਨੂੰ ਦਸਿਆ, "ਮਹਾਰਾਜ ! ਇਕ ਵੀਹਾਂ ਪੂਰੀ ਹੋ ਗਈ ਜੇ।"

ਨਿਕੇ ਵਡੇ ਡੱਡੂ ਛੱਪੜ ਵਿਚੋਂ ਬਾਹਰ ਨਿਕਲ ਕੇ ਸਿਰ ਚੁਕੀ ਇਹ ਤਮਾਸ਼ਾ ਵੇਖ ਰਹੇ ਸਨ ਅਤੇ ਟਪੋਸੀਆਂ ਮਾਰ ਰਹੇ ਸਨ।

ਜਦੋਂ ਪੰਜ ਵੀਹਾਂ ਗੇੜੇ ਹੋ ਗਏ ਤਾਂ ਸੱਪ ਨੇ ਬੁਢੇ ਡੱਡੂ ਨੂੰ ਕਿਹਾ, "ਮਹਾਰਾਜ, ਹੁਣ ਪਿਠ ਤੋਂ ਉਤਰੋ, ਸੌ ਗੇੜੇ ਪੂਰੇ ਹੋ ਗਏ ਜੇ।"

"ਪੰਜ ਵੀਹਾਂ ਗੇੜੇ ਹੋਏ ਨੇ, ਸੱਤਾਂ ਵੀਹਾਂ ਦਾ ਸੌ ਹੁੰਦਾ ਏ", ਡੱਡੂ ਨੇ ਮੁਸਕਰਾ ਕੇ ਕਿਹਾ, "ਦੋ ਵੀਹਾਂ ਗੇੜੇ ਹੋਰ ਲਵਾ।"

ਦੋਵੇਂ ਬਹਿਸ ਕਰਨ ਲਗੇ। ਸੱਪ ਆਖੇ ਪੰਜ ਵੀਹਾਂ ਦਾ ਸੌ ਹੁੰਦੈ। ਬੁਢਾ ਡੱਡੂ ਆਖੇ, ਨਹੀਂ, ਸੱਤਾਂ ਵੀਹਾਂ ਦਾ। ਅਖੀਰ ਸੱਪ ਨੇ ਨਿਉਲੇ ਕੋਲ ਜਾ ਕੇ ਉਹਨੂੰ ਸਾਰੀ ਗੱਲ ਸਮਝਾਈ।

"ਡੱਡੂ ਜੇ ਕਹਿੰਦਾ ਏ ਠੀਕ ਏ।" ਨਿਉਲੇ ਨੇ ਸੱਪ ਨੂੰ ਘੂਰਦੇ ਹੋਏ ਕਿਹਾ।

ਮਜਬੂਰ ਹੋ ਕੇ ਸੱਪ ਨੇ ਸੱਤ ਵੀਹਾਂ ਗੇੜੇ ਪੂਰੇ ਕੀਤੇ।

ਸੱਪ ਗੇੜੇ ਕਟ ਕੇ ਥਕ ਚੁਕਾ ਸੀ। ਸੋ ਡੱਡੂ ਨੂੰ ਉਤਾਰ ਕੇ ਆਪਣੀ ਖੁਡ ਵਿਚ ਜਾਣ ਲਗਾ ਤਾਂ ਉਹਨੇ ਡੱਡੂ ਨੂੰ ਝੁਕ ਕੇ ਪ੍ਰਨਾਮ ਕਰਦਿਆਂ ਕਿਹਾ—

ਜਿਨ੍ਹਾਂ ਦੇ ਪਿਛੇ ਜ਼ੋਰ ਏ, ਉਨ੍ਹਾਂ ਦੀ ਕਿਆ ਬਾਤ।
ਸਤਾਂ ਵੀਹਾਂ ਦਾ ਸੌ ਗਿਣਨ, ਦਿਨ ਨੂੰ ਆਖਣ ਰਾਤ।

ਚਿੜੀ ਤੇ ਕਾਂ

ਇਕ ਵਾਰ ਇਕ ਕਾਂ ਨੇ ਚਿੜੀ ਨਾਲ ਦੋਸਤੀ ਗੰਢ ਲਈ। ਉਹ ਕਈ ਵਾਰ ਦਾਣੇ ਦੀ ਤਲਾਸ਼ ਵਿਚ ਇਕਠੇ ਹੀ ਨਿਕਲ ਤੁਰਦੇ। ਇਕ ਦਿਨ ਉਹ ਚੋਗਾ ਚੁਗਣ ਵਾਸਤੇ ਇਕਠੇ ਨਿਕਲੇ ਕਾਫੀ ਦੇਰ ਤਕ ਘੁੰਮਦੇ ਫਿਰਦੇ ਰਹੇ, ਪਰ ਉਨ੍ਹਾਂ ਨੂੰ ਖਾਣ ਵਾਸਤੇ ਕਿਧਰੋਂ ਕੁਝ ਨਾ ਮਿਲਿਆ। ਕਾਂ ਬੜਾ ਭੁਖਾ ਸੀ, ਉਸ ਦਾ ਦਿਲ ਕੀਤਾ ਕਿ ਉਹ ਚਿੜੀ ਦਾ ਹੀ ਮਾਸ ਨੋਚ ਲਏ, ਪਰ ਉਹ ਦੋਸਤੀ ਦੇ ਨਾਂ ਤੇ ਧੱਬਾ ਨਹੀਂ ਸੀ ਲਗਾਣਾ ਚਾਹੁੰਦਾ। ਇਸ ਲਈ ਕੋਈ ਬਹਾਨਾ ਲਭਣ ਲਗਾ।

ਅਚਾਨਕ ਕਾਂ ਨੇ ਵੇਖਿਆ, "ਇਕ ਛਤ ਉਤੇ ਕਿਸੇ ਨੇ ਹਰੀਆਂ ਮਿਰਚਾਂ ਸੁਕਣੇ ਪਾਈਆਂ ਹੋਈਆਂ ਸਨ। ਸੋ ਉਨ੍ਹਾਂ ਦੋਹਾਂ ਨੇ ਸੋਚਿਆ ਅਜ ਹਰੀਆਂ ਮਿਰਚਾਂ ਖਾ ਕੇ ਹੀ ਪੇਟ ਭਰ ਲਿਆ ਜਾਵੇ।

ਪਰ ਕਾਂ ਦੀ ਨੀਤ ਬਦਨੀਤ ਹੋ ਗਈ ਤੇ ਕਹਿਣ ਲਗਾ, "ਅਜ ਤੇਰਾ ਮੇਰਾ ਮੁਕਾਬਲਾ ਹੋ ਜਾਵੇ।"

"ਖਾਣ ਵਿਚ ਮੈਂ ਤੇਰਾ ਮੁਕਾਬਲਾ ਨਹੀਂ ਕਰ ਸਕਦੀ", ਚਿੜੀ ਨੇ ਮਜਬੂਰੀ ਪ੍ਰਗਟ ਕੀਤੀ।

"ਅੱਛਾ, ਤੂੰ ਮੇਰੇ ਨਾਲੋਂ ਅੱਧੀਆਂ ਮਿਰਚਾਂ ਖਾਈਂ।" ਕਾਂ ਚਿੜੀ ਨੂੰ ਹਰ ਹਾਲਤ ਵਿਚ ਫਸਾਣਾ ਚਾਹੁੰਦਾ ਸੀ।

"ਮਨਜ਼ੂਰ ਏ।" ਚਿੜੀ ਨੇ ਹਾਮੀ ਭਰੀ।

"ਪਰ ਜਿਹੜਾ ਜਿਤ ਗਿਆ ਦੂਜਾ ਹਮੇਸ਼ਾ ਲਈ ਉਹਦਾ ਗੁਲਾਮ, ਭਾਵੇਂ ਉਹ ਉਹਨੂੰ ਖਾਵੇ, ਭਾਵੇਂ ਜੋ ਜੀਅ ਕਰੇ, ਉਸ ਤੋਂ ਕਰਾਵੇ।"

"ਠੀਕ ਏ।"

ਦੋਵੇਂ ਛਤ ਤੇ ਬਹਿ ਕੇ ਮਿਰਚਾਂ ਖਾਣ ਲਗੇ। ਕਾਂ ਤਿੰਨ ਮਿਰਚਾਂ ਵਖ ਕਰਦਾ, ਦੋ ਆਪਣੇ ਅਗੇ ਰਖ ਲੈਂਦਾ ਤੇ ਇਕ ਚਿੜੀ ਅਗੇ। ਚਿੜੀ ਅਰਾਮ ਨਾਲ ਮਿਰਚਾਂ ਖਾਣ ਲਗੀ, ਪਰ ਕਾਂ ਅਧੀ ਖਾਂਦਾ ਤੇ ਅਧੀ ਡਨੀ ਭੰਨਣ ਵੇਲੇ ਸੁਟ ਦਿੰਦਾ।

ਕਾਂ ਦੀ ਚਲਾਕੀ ਕਾਰਨ ਚਿੜੀ ਹਾਰ ਗਈ।

"ਮੰਗ ਕੀ ਮੰਗਦਾ ਏਂ, ਮੈਂ ਤੇਰੀ ਗੁਲਾਮ ਹਾਂ।" ਚਿੜੀ ਨੇ ਹਾਰ ਮੰਨਦੇ ਹੋਏ ਕਿਹਾ।

"ਮੈਨੂੰ ਸਖਤ ਭੁਖ ਲਗੀ ਏ, ਮਿਰਚਾਂ ਨੇ ਭੁਖ ਹੋਰ ਚਮਕਾ ਦਿਤੀ ਏ। ਮੈਂ ਤੈਨੂੰ ਖਾਣਾ ਚਾਹੁੰਦਾ ਹਾਂ।" ਕਾਂ ਨੇ ਅਸਲੀ ਗੱਲ ਆਖੀ।

"ਅੱਛਾ, ਇਹ ਗੱਲ ਏ, ਮੈਨੂੰ ਕੋਈ ਉਜ਼ਰ ਨਹੀਂ, ਪਰ ਪਹਿਲਾਂ ਤੂੰ ਆਪਣੀ ਚੁੰਝ ਸਾਫ ਕਰ ਕੇ ਆ, ਉਹ ਬੜੀ ਗੰਦੀ ਏ, ਮਿਰਚਾਂ ਲਗਣਗੀਆਂ, ਮੇਰਾ ਪਿੰਡ ਲੂੰ ਲੂੰ ਕਰੇਗਾ।" ਚਿੜੀ ਨੇ ਸਮਾਂ ਟਾਲਣਾ ਚਾਹਿਆ ਮਤਾਂ ਕਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਜਾਏ।

ਕਾਂ ਨਦੀ ਉਤੇ ਚੁੰਝ ਧੋਣ ਲਈ ਗਿਆ।

ਨਦੀ ਨੇ ਪੁਛਿਆ, "ਕੀ ਗੱਲ ਏ ?"

ਕਾਂ ਨੇ ਕਿਹਾ, "ਮੈਂ ਚਿੜੀ ਨੂੰ ਖਾਣਾ ਏ, ਉਹ ਕਹਿੰਦੀ ਏ ਪਹਿਲਾਂ ਆਪਣੀ ਚੁੰਝ ਧੋ ਆ, ਫਿਰ ਮੈਨੂੰ ਖਾਵੀਂ।"

ਜਿਉਂ ਹੀ ਕਾਂ ਨਦੀ ਵਿਚ ਚੁੰਝ ਧੋਣ ਲਗਾ, ਤਾਂ ਨਦੀ ਨੇ ਉਸਨੂੰ ਡਾਂਟ ਦਿਤਾ, "ਤੇਰੀ ਚੁੰਝ ਗੰਦੀ ਏ ਤੇ ਮੇਰਾ ਜਲ ਨਿਰਮਲ ਏ। ਤੂੰ ਮੇਰੇ ਵਿਚ ਚੁੰਝ ਬੋੜ ਕੇ ਮੈਨੂੰ ਪਲੀਤ ਨਾ ਕਰੀਂ। ਜੇ ਚੁੰਝ ਧੋਣਾ ਚਾਹੁੰਦਾ ਏਂ ਤਾਂ ਕਿਧਰੋਂ ਕਟੋਰਾ ਲੈ ਕੇ ਆ ਤੇ ਫਿਰ ਪਾਣੀ ਭਰ ਕੇ ਆਪਣੀ ਚੁੰਝ ਸਾਫ ਕਰ ਲੈ।"

ਕਾਂ ਇਹ ਗੱਲ ਸੁਣ ਕੇ ਘੁਮਿਆਰ ਕੋਲ ਗਿਆ ਅਤੇ ਸਾਰੀ ਗੱਲ ਸੁਣਾ ਕੇ ਕਹਿਣ ਲਗਾ—

ਨਦੀ ਪਾਣੀ ਦੇਵੇ ਨਾ
ਚੁੰਝ ਸਾਫ ਹੋਵੇ ਨਾ
ਚਿੜੀ ਟਾਲ ਮਟੋਲੇ ਕਰੇ
ਮਾਂ ਵਿਚਾਰਾ ਭੁਖਾ ਮਰੇ।

ਤੇ ਫਿਰ ਉਹਨੇ ਘੁਮਿਆਰ ਤੋਂ ਭਾਂਡਾ ਮੰਗਿਆ ਤਾਂ ਜੋ ਉਹਦੇ ਵਿਚ ਨਦੀ ਦਾ ਪਾਣੀ ਪਾ ਕੇ ਚੁੰਝ ਧੋ ਲਏ।

ਘੁਮਿਆਰ ਨੇ ਕਾਂ ਨੂੰ ਕਿਹਾ, "ਤੂੰ ਮੇਰੇ ਬੱਚਿਆਂ ਹਥੋਂ ਟੁਕਰ ਖੋਹ ਕੇ ਲੈ ਜਾਂਦਾ ਏਂ, ਮੈਂ ਤੈਨੂੰ ਮੁਫਤ ਕਟੋਰਾ ਨਹੀਂ ਦੇ ਸਕਦਾ। ਤੂੰ ਮੈਨੂੰ ਪਹਿਲਾਂ ਮਿਟੀ ਲਿਆ ਦੇ, ਫਿਰ ਮੈਂ ਤੈਨੂੰ ਪਿਆਲਾ ਬਣਾ ਦੇਵਾਂਗਾ।"

ਉਥੋਂ ਕਾਂ ਇਕ ਖੇਤ ਵਿਚ ਗਿਆ ਤੇ ਧਰਤੀ ਮਾਤਾ ਨੂੰ ਕਹਿਣ ਲਗਾ—

ਘੁਮਿਆਰ ਭਾਂਡਾ ਦੇਵੇ ਨਾ
ਨਦੀ ਪਾਣੀ ਭਰੀਵੇ ਨਾ
ਚੁੰਝ ਸਾਫ ਹੋਵੇ ਨਾ
ਚਿੜੀ ਟਾਲ ਮਟੋਲਾ ਕਰੇ
ਕਾਂ ਵਿਚਾਰਾ ਭੁਖਾ ਮਰੇ।

ਫਿਰ ਕਾਂ ਧਰਤੀ ਵਿਚ ਚੁੰਝਾਂ ਮਾਰ ਕੇ ਕੁਝ ਮਿੱਟੀ ਖੋਦਣ ਲਗਾ। ਧਰਤੀ ਗੁਸੇ ਵਿਚ ਆ ਗਈ, "ਆਪਣੀ ਗੰਦੀ ਚੁੰਝ ਮੇਰੀ ਛਾਤੀ ਵਿਚ ਨਾ ਮਾਰ। ਤੂੰ ਮਿਤ੍ਰ ਧ੍ਰੋਹੀ ਏਂ। ਜੇ ਤੂੰ ਮਿੱਟੀ ਚਾਹੁੰਦਾ ਏਂ ਤਾਂ ਲੁਹਾਰ ਤੋਂ ਖੁਰਪੀ ਲੈ ਕੇ ਆ, ਅਤੇ ਜਿਤਨੀ ਮਿੱਟੀ ਲੋੜ ਏ ਲੈ ਜਾ।"

ਕਾਂ ਉਥੋਂ ਲੁਹਾਰ ਕੋਲ ਗਿਆ ਤੇ ਸਾਰੀ ਵਿਥਿਆ ਸੁਣਾ ਕੇ ਕਹਿਣ ਲਗਾ—

ਧਰਤੀ ਮਿੱਟੀ ਦੇਵੇ ਨਾ
ਘੁਮਿਆਰ ਭਾਂਡਾ ਘੜੇ ਨਾ
ਨਦੀ ਪਾਣੀ ਚੜ੍ਹੇ ਨਾ
ਚੁੰਝ ਸਾਫ ਹੋਵੇ ਨਾ
ਚਿੜੀ ਟਾਲ ਮਟੋਲਾ ਕਰੇ
ਕਾਂ ਵਿਚਾਰਾ ਭੁਖਾ ਮਰੇ।
ਲੁਹਾਰ ਤੋਂ ਉਹਨੇ ਖੁਰਪੀ ਮੰਗੀ।

ਲੁਹਾਰ ਕਹਿਣ ਲਗਾ, "ਤੂੰ ਸਵੇਰੇ ਸਵੇਰੇ ਆ ਮਥੇ ਲਗੈਂ। ਮੈਂ ਤਾਂ ਅਜੇ ਅੱਗ ਵੀ ਨਹੀਂ ਬਾਲੀ। ਨਾਲੇ ਬੁਹਣੀਂ ਵੀ ਨਹੀਂ ਕੀਤੀ। ਜੇ ਤੈਨੂੰ ਖੁਰਪੀ ਚਾਹੀਦੀ ਏ ਤਾਂ ਪਹਿਲਾਂ ਮੈਨੂੰ ਕਿਧਰੋਂ ਅੱਗ ਲਿਆ ਦੇ।"

ਕਾਂ ਉਸੇ ਵੇਲੇ ਅੱਗ ਮੰਗਣ ਤੁਰ ਪਿਆ। ਇਕ ਘਰ ਵਿਚ ਤੀਵੀਂ ਅੱਗ ਬਾਲ ਰਹੀ ਸੀ, ਕਾਂ ਉਹਨੂੰ ਕਹਿਣ ਲਗਾ—

ਲੋਹਾਰ ਖੁਰਪੀ ਦੇਵੇ ਨਾ
ਮਿਟੀ ਖੁਟਣ ਹੋਵੇ ਨਾ
ਘੁਮਿਆਰ ਭਾਂਡੇ ਘੜੇ ਨਾ
ਨਦੀ ਪਾਣੀ ਚੜ੍ਹੇ ਨਾ
ਚੁੰਝ ਸਾਫ ਹੋਵੇ ਨਾ
ਚਿੜੀ ਟਾਲ ਮਟੋਲਾ ਕਰੇ
ਕਾਂ ਵਿਚਾਰਾ ਭੁਖਾ ਮਰੇ।

ਤੀਵੀਂ ਧਰਮ ਕਰਮ ਵਾਲੀ ਸੀ। ਉਸੇ ਵੇਲੇ ਉਹ ਚੁਲ੍ਹੇ 'ਚ ਅੱਗ ਬਾਲ ਕੇ ਹਟੀ ਸੀ। ਉਸ ਨੇ ਇਕ ਕੋਲਾ ਕਾਂ ਨੂੰ ਦਿੰਦੇ ਹੋਏ ਕਿਹਾ, "ਅਹਿ ਲੈ, ਪਰ ਖੜੇਂਗਾ ਕਿਵੇਂ ?"

"ਮੇਰੀ ਪਿਠ ਤੇ ਬੰਨ੍ਹ ਦੇ।" ਕਾਂ ਨੇ ਖੁਸ਼ ਹੋ ਕੇ ਕਿਹਾ।

ਤੀਵੀਂ ਨੇ ਮੁੰਝ ਦੀ ਰਸੀ ਨਾਲ ਕੋਲਾ ਕਾਂ ਦੀ ਪਿਠ ਨਾਲ ਬੰਨ੍ਹ ਦਿਤਾ। ਕਾਂ ਉਥੋਂ ਉਡ ਗਿਆ। ਥੋੜੀ ਹੀ ਦੂਰ ਗਿਆ ਕਿ ਉਹਦੇ ਖੰਭਾਂ ਨੂੰ ਅੱਗ ਲਗ ਗਈ ਤੇ ਉਹ ਸੜਨ ਭੁਜਣ ਲਗਾ ਅਤੇ ਉਥੇ ਹੀ ਜਾ ਡਿਗਾ, ਜਿਥੇ ਚਿੜੀ ਉਹਦੀ ਉਡੀਕ ਕਰ ਰਹੀ ਸੀ। ਚਿੜੀ ਨੂੰ ਤਰਸ ਆ ਗਿਆ, ਉਸ ਨੇ ਕਾਂ ਦੀ ਅੱਗ ਬੁਝਾਈ, ਪਰ ਸਾਰਾ ਸਰੀਰ ਸੜ ਜਾਣ ਕਰਕੇ ਕਾਂ ਨੇ ਪ੍ਰਾਣ ਤਿਆਗ ਦਿਤੇ।

ਜੂੰ ਤੇ ਕੁੱਕੜ

ਇਕ ਸੀ ਜੂੰ ਤੇ ਇਕ ਸੀ ਕੁੱਕੜ, ਉਨ੍ਹਾਂ ਦੋਹਾਂ ਦਾ ਆਪੋ ਵਿਚ ਬੜਾ ਪਿਆਰ ਸੀ। ਜੂੰ ਕੁੱਕੜ ਨੂੰ ਚੰਮੜੀ ਰਹਿੰਦੀ ਤੇ ਕੁੱਕੜ ਉਹਨੂੰ ਆਪਣੀ ਪਿੱਠ ਤੇ ਬਿਠਾ ਕੇ ਬੜਾ ਖੁਸ਼ ਹੁੰਦਾ। ਇਕ ਦਿਨ ਜੂੰ ਕੁੱਕੜ ਨੂੰ ਕਹਿਣ ਲਗੀ, "ਮਾਮਾ ! ਤੂੰ ਮੈਨੂੰ ਸ਼ਹਿਰ ਦੀ ਸੈਰ ਕਰਵਾ।"

ਕੁੱਕੜ ਮੰਨ ਗਿਆ। ਉਨ੍ਹਾਂ ਦੋਹਾਂ ਨੇ ਸੱਤ ਸੱਤ ਰੋਟੀਆਂ ਆਪਣੇ ਨਾਲ ਬੰਨ੍ਹ ਲਈਆਂ ਅਤੇ ਸ਼ਹਿਰ ਵਲ ਤੁਰ ਪਏ। ਪਿੰਡੋਂ ਬਾਹਰ ਨਿਕਲ ਕੇ ਉਹ ਇਕ ਛੱਪੜ ਤੇ ਪੁਜੇ। ਜੂੰ ਕਹਿਣ ਲਗੀ, "ਮਾਮਾ, ਮੈਨੂੰ ਭੁਖ ਲਗੀ ਏ, ਮੈਂ ਰੋਟੀ ਖਾ ਲਵਾਂ।"

"ਮੈਨੂੰ ਤਾਂ ਭੁਖ ਨਹੀਂ, ਤੂੰ ਬੇਸ਼ਕ ਖਾ ਲੈ।" ਕੁੱਕੜ ਨੇ ਕਿਹਾ।

ਜੂੰ ਇਕ ਇਕ ਕਰਕੇ ਸਤੋ ਰੋਟੀਆਂ ਡਕਾਰ ਗਈ—ਪਰ ਉਹਦੀ ਭੁਖ ਨਾ ਮਿਟੀ। ਸੋ ਕਹਿਣ ਲਗੀ, "ਮੇਰਾ ਤਾਂ ਕੁਝ ਨਹੀਂ ਬਣਿਆ।"

"ਤਾਂ ਮੇਰੀਆਂ ਰੋਟੀਆਂ ਵੀ ਤੂੰਹੀ ਖਾ ਲੈ।" ਕੁੱਕੜ ਨੇ ਜੁਆਬ ਦਿਤਾ।

ਜੂੰ ਕੁੱਕੜ ਦੀਆਂ ਸੱਤੋ ਰੋਟੀਆਂ ਵੀ ਇਕ ਇਕ ਕਰਕੇ ਖਾ ਗਈ।

ਥੋਹੜੀ ਜਿਹੀ ਦੂਰ ਜਾ ਕੇ ਜੂੰ ਫਿਰ ਕਹਿਣ ਲਗੀ, "ਮਾਮਾ, ਮਾਮਾ, ਭੁਖ ਲਗੀ ਏ।"

"ਮੇਰੀ ਲਤ ਖਾ ਲੈ।" ਕੁੱਕੜ ਨੇ ਔਖੇ ਹੋ ਕੇ ਆਖਿਆ।

ਜੂੰ ਕੁੱਕੜ ਦੀ ਲਤ ਨੂੰ ਚਕ ਮਾਰ ਕੇ ਖਾ ਗਈ। ਕੁੱਕੜ ਲੰਙੜਾ ਕੇ ਤੁਰਨ ਲਗਾ। ਥੋੜੀ ਜਿਹੀ ਹੋਰ ਅਗੇ ਜਾ ਕੇ ਜੂੰ ਫਿਰ ਕਹਿਣ ਲਗੀ, "ਮਾਮਾ, ਇਕ ਲਤ ਨਾਲ ਮੇਰਾ ਕੁਝ ਨਹੀਂ ਬਣਿਆ।"

"ਤਾਂ ਦੂਜੀ ਲਤ ਵੀ ਖਾ ਲੈ।" ਕੁੱਕੜ ਨੇ ਰੋਹ ਨਾਲ ਕਿਹਾ।

ਜੂੰ ਨੇ ਦੂਜੀ ਲਤ ਵੀ ਖਾ ਲਈ। ਫਿਰ ਵੀ ਉਹਦੀ ਭੁਖ ਮਠੀ ਨਾ ਹੋਈ। ਕੁੱਕੜ ਤੁਰਨ ਜੋਗਾ ਵੀ ਨਾ ਰਿਹਾ। ਜੂੰ ਕਹਿਣ ਲਗੀ, "ਤੂੰ ਤਾਂ ਹੁਣ ਤੁਰ ਵੀ ਨਹੀਂ ਸਕਦਾ। ਮੈਂ ਭੁਖ ਨਾਲ ਨਿਢਾਲ ਆਂ, ਮੈਂ ਤੈਨੂੰ ਸਾਰਾ ਖਾਣ ਲਗੀ ਆਂ।"

"ਤੂੰ ਮੇਰੀ ਦੋਸਤੀ ਦਾ ਨਜਾਇਜ਼ ਫੈਦਾ ਉਠਾ ਰਹੀ ਏਂ।" ਕੁੱਕੜ ਨੇ ਕਿਹਾ। ਪਰ ਜੂੰ ਕੁੱਕੜ ਦੀਆਂ ਬੋਟੀਆਂ ਬੋਟੀਆਂ ਕਰ ਕੇ ਖਾ ਗਈ, ਅਤੇ ਕਲੀ ਸ਼ਹਿਰ ਵਲ ਤੁਰ ਪਈ।

ਅਗੇ ਜੂੰ ਨੇ ਇਕ ਭੇਡ ਆਉਂਦੀ ਵੇਖੀ। ਜੂੰ ਉਹਦਾ ਰਾਹ ਰੋਕ ਕੇ ਕਹਿਣ ਲਗੀ, "ਭੇਡੇ ਨੇ ਭੇਡੇ, ਮੈਂ ਤੈਨੂੰ ਖਾਸਾਂ।"

ਭੇਡ ਨੇ ਹੱਸ ਕੇ ਆਖਿਆ, "ਤੂੰ ਨਿਕੀ ਜਿਹੀ ਜੂੰ, ਮੈਨੂੰ ਕਿਵੇਂ ਖਾਸੇਂ ? ਜਾਹ ਆਪਣਾ ਕੰਮ ਕਰ।"

ਜੂੰ ਨੇ ਆਖਿਆ, "ਮੈਂ ਸੱਤ ਰੋਟੀਆਂ ਆਪਣੀਆਂ ਖਾਧੀਆਂ, ਸੱਤ ਕੁੱਕੜ ਦੀਆਂ,

ਕੁੱਕੜ ਬਾਂਗ ਆਲਾ ਖਾਧੈ। ਤੈਨੂੰ ਨਾ ਛਡਸਾਂ।" ਫਿਰ ਜੂੰ ਭੇਡ ਉਤੇ ਜਾ ਚੜ੍ਹੀ ਤੇ ਉਸ ਨੂੰ ਹੌਲੀ ਹੌਲੀ ਕਰਕੇ ਸਾਰਾ ਨਿਗਲ ਗਈ।

ਭੇਡ ਖਾ ਕੇ ਜੂੰ ਬੜੀ ਆਕੜ ਨਾਲ ਤੁਰਨ ਲਗੀ।

ਜੂੰ ਅਗੇਰੇ ਗਈ ਤਾਂ ਉਸ ਨੂੰ ਬਕਰੀ ਘਾਹ ਚਰਦੀ ਮਿਲੀ। ਜੂੰ ਉਹਦੇ ਕੋਲ ਜਾ ਕੇ ਘੂਰਨ ਲਗੀ, "ਬਕਰੀਏ ਨੀ ਬਕਰੀਏ ! ਮੈਂ ਤੁਧੋ ਆਂ ਖਾਸਾਂ।"

"ਤੇਰੀ ਇਹ ਮਜ਼ਾਲ, ਤੂੰ ਨਿਕੀ ਜਿਹੀ ਜੂੰ ਤੇ ਮੈਂ ਵਡੀ ਸਾਰੀ ਬਕਰੀ। ਜੇ ਮੈਂ ਚਾਹਾਂ ਤਾਂ ਹੁਣੇ ਮੈਂ ਤੈਨੂੰ ਪੈਰਾਂ ਹੇਠਾਂ ਮਿਧ ਸੁਟਾਂ।"

ਜੂੰ ਗੁਸੇ ਨਾਲ ਕਹਿਣ ਲਗੀ, "ਮੈਂ ਸੱਤ ਰੋਟੀਆਂ ਆਪਣੀਆਂ ਖਾਧੀਆਂ, ਸੱਤ ਕੁੱਕੜ ਦੀਆਂ, ਕੁੱਕੜ ਬਾਂਗ ਆਲਾ ਖਾਧਾ, ਭੇਡ ਹਰਕਣੀ ਖਾਧੀ, ਤੈਨੂੰ ਵੀ ਨਾ ਛਡਸਾਂ।"

ਤੇ ਜੂੰ ਕੁਦ ਕੇ ਬਕਰੀ ਤੇ ਜਾ ਚੜ੍ਹੀ ਤੇ ਉਹਦਾ ਸਾਰਾ ਲਹੂ ਪੀ ਪਈ।

ਹੁਣ ਜੂੰ ਆਕੜ ਵਿਚ ਫੁਲੀ ਨਹੀਂ ਸੀ ਸਮਾਈ।

ਉਥੋਂ ਤੁਰੀ ਤਾਂ ਅਗੇ ਗਊ ਆਈ, ਜੂੰ ਉਸ ਨੂੰ ਵੀ ਖਾ ਗਈ।

ਫਿਰ ਮਝ ਮਿਲੀ, ਜੂੰ ਉਹਨੂੰ ਵੀ ਕਹਿਣ ਲਗੀ, "ਮੈਂ ਤਾਂ ਤੈਨੂੰ ਖਾਸਾਂ।"

ਅਗੋਂ ਘੋੜਾ ਮਿਲਿਆ ਜੂੰ ਉਸ ਨੂੰ ਵੀ ਹੜੁਪ ਕਰਨਾ ਚਾਹਿਆ।

"ਨਿਕੀ ਜਿਹੀ ਜੂੰ, ਤੇ ਵਡੇ ਤੇਰੇ ਦਾਈਏ।" ਘੋੜੇ ਨੇ ਹਿਣਕੇਦੇ ਹੋਏ ਕਿਹਾ।

"ਮੈਂ ਸੱਤ ਰੋਟੀਆਂ ਆਪਣੀਆਂ ਖਾਧੀਆਂ, ਸੱਤ ਕੁੱਕੜ ਦੀਆਂ, ਕੁੱਕੜ ਬਾਂਗ ਆਲਾ ਖਾਧਾ। ਭੇਡ ਹਰਕਣੀ ਖਾਧੀ, ਗਾਂ ਭਕਣੀ ਖਾਧੀ, ਮਝ ਰੀਂਘਣੀ ਖਾਧੀ ਤੇ ਤੈਨੂੰ ਵੀ ਨਹੀਂ ਛਡਦੀ।" ਜੂੰ ਇਹ ਕਹਿੰਦੀ ਹੋਈ ਟਪੋਸੀ ਮਾਰ ਕੇ ਘੋੜੇ 'ਤੇ ਜਾ ਬੈਠੀ ਤੇ ਉਹ ਨੂੰ ਵੀ ਨਿਗਲ ਗਈ।

ਹੁਣ ਆਕੜ ਨਾਲ ਜੂੰ ਦੇ ਪੈਰ ਧਰਤੀ ਤੇ ਟਿਕਦੇ ਨਹੀਂ ਸਨ।

ਜੂੰ ਅਗੇਰੇ ਗਈ ਤਾਂ ਨਦੀ ਠਾਠਾਂ ਮਾਰਦੀ ਵਗ ਰਹੀ ਸੀ। ਜੂੰ ਨਦੀ ਨੂੰ ਕਹਿਣ ਲਗੀ, "ਨਦੀਏ ਨੀ ਨਦੀਏ ਮੈਨੂੰ ਰਾਹ ਦੇ, ਨਹੀਂ ਤਾਂ ਮੈਂ ਤੈਨੂੰ ਪੀ ਜਾਸਾਂ।"

"ਤੇਰੀ ਇਹ ਮਜ਼ਾਲ।" ਨਦੀ ਕਹਿਣ ਲਗੀ, "ਨਿਕੀ ਬੂੰਦ ਕੁ ਜੂੰ ਤੇ ਨਦੀਆਂ ਨਾਲ ਝੇੜੇ।"

"ਤੂੰ ਨਹੀਂ ਜਾਣਦੀ, ਮੈਂ ਸੱਤ ਰੋਟੀਆਂ ਆਪਣੀਆਂ ਖਾਧੀਆਂ, ਸੱਤ ਕੁੱਕੜ ਦੀਆਂ। ਫਿਰ ਕੁੱਕੜ ਬਾਂਗ ਆਲਾ ਖਾਧਾ, ਭੇਡ ਹਰਕਣੀ ਖਾਧੀ, ਗਾਂ ਭਕਣੀ ਖਾਧੀ, ਮੱਝ ਰੀਂਘਣੀ ਖਾਧੀ, ਘੋੜਾ ਹਿਣਕਣਾ ਖਾਧਾ, ਹੁਣ ਤੈਂਡੀ ਵਾਰੀ ਏ।" ਤੇ ਫਿਰ ਜੂੰ ਨਦੀ ਨੂੰ ਡੀਕ ਲਾ ਕੇ ਪੀ ਗਈ ਤੇ ਆਕੜ ਨਾਲ ਕਹਿਣ ਲਗੀ, "ਵਾਹ ! ਨਦੀ ਸ਼ੁਕਦੀ ਪੀਤੀ।"

ਜੂੰ ਤੁਰ ਤੁਰ ਕੇ ਥਕ ਗਈ ਸੀ। ਖਾ ਖਾਂ ਕੇ ਉਹਦਾ ਪੇਟ ਫੁਲ ਗਿਆ। ਉਹ ਇਕ ਪਿੱਪਲ ਥਲੇ ਜਾ ਲੰਮੀ ਪਈ ਤੇ ਅਰਾਮ ਕਰਨ ਲਗੀ।

ਨਿਮੀ ਨਿਮੀ ਹਵਾ ਚਲ ਰਹੀ ਸੀ, ਪਿੱਪਲ ਨਾਲੋਂ ਇਕ ਪਤਾ ਟੁਟਿਆ ਤੇ ਜੂੰ ਤੇ ਆ ਡਿਗਾ। ਜੂੰ ਪਤੇ ਹੇਠ ਦੱਬ ਕੇ ਮਰ ਗਈ।

ਜੂਠਾ ਅੰਬ

ਇਕ ਵਾਰ ਕਿਸੇ ਦਾ ਇਕਲੌਤਾ ਲੜਕਾ ਸਖਤ ਬੀਮਾਰ ਪੈ ਗਿਆ ਬੜੇ ਦੂਰੋਂ ਦੂਰੋਂ ਵੈਦ ਹਕੀਮ ਬੁਲਾਏ ਗਏ, ਪਰ ਕੋਈ ਉਹਦਾ ਰੋਗ ਦੂਰ ਨਾ ਕਰ ਸਕਿਆ। ਰਾਜਕੁਮਾਰ ਦਿਨ ਬਦਿਨ ਸੁਕ ਕੇ ਤੀਲਾ ਹੁੰਦਾ ਗਿਆ। ਉਹਦੇ ਨਰੋਏ ਹੋਣ ਲਈ ਪੀਰਾਂ ਫਕੀਰਾਂ ਅਗੇ ਸੁਖਣ ਸੁਖੀਆਂ ਗਈਆਂ।

ਰਾਜਾ ਬੜਾ ਪਰੇਸ਼ਾਨ ਸੀ, ਇਕੋ ਇਕ ਉਹਦਾ ਲੜਕਾ, ਜੇ ਮਰ ਗਿਆ ਤਾਂ ਉਹਦਾ ਵਾਰਸ ਕੌਣ ਬਣੇਗਾ। ਰਾਜਾ ਆਖਦਾ, "ਮੈਂ ਆਪਣੀ ਜਾਨ ਦੀ ਬਲੀ ਦੇਣ ਵਾਸਤੇ ਤਿਆਰ ਹਾਂ, ਜੇ ਮੇਰਾ ਲੜਕਾ ਕਿਸੇ ਤਰ੍ਹਾਂ ਬਚ ਜਾਵੇ।"

ਰਾਣੀ ਆਪਣੀ ਥਾਂ ਘਬਰਾਈ ਹੋਈ ਸੀ, ਉਹਦੀਆਂ ਤ੍ਰੇਲੀਆਂ ਛੁਟਦੀਆਂ ਰਹਿੰਦੀਆਂ। ਰਾਣੀ ਦਿਉਤਿਆਂ ਅਗੇ ਅਰਦਾਸ ਕਰਦੀ, "ਭਾਵੇਂ ਮੇਰੀ ਉਮਰ ਇਸ ਬੱਚੇ ਨੂੰ ਲਗ ਜਾਵੇ, ਪਰ ਇਹ ਕਿਸੇ ਤਰ੍ਹਾਂ ਬਚ ਜਾਵੇ।"

ਭੈਣ ਵਖਰੇ ਤਰਲੇ ਕਢਦੀ ਫਿਰਦੀ, "ਬੇਸ਼ਕ ਮੇਰੀ ਅਧੀ ਉਮਰ ਵੀਰੇ ਨੂੰ ਲਗ ਜਾਵੇ, ਪਰ ਉਹਦਾ ਵਾਲ ਤਕ ਵਿੰਗਾ ਨਾ ਹੋਵੇ।"

ਇਸ ਤਰ੍ਹਾਂ ਹਰ ਕੋਈ ਲੜਕੇ ਦੀ ਬੀਮਾਰੀ ਆਪਣੇ ਪਿੰਡੇ ਤੇ ਭੋਗਣ ਵਾਸਤੇ ਤਿਆਰ ਸੀ, ਕੋਈ ਸਾਰੀ ਉਮਰ ਵਾਰਨ ਲਈ ਤੇ ਕੋਈ ਅਧੀ। ਦਾਸੀਆਂ ਮਹਿਲਾਂ ਵਿਚ ਸਿਰ ਸੁਟੀ ਨਿਮੋਝੂਣ ਬੈਠੀਆਂ ਸਨ। ਦਰਬਾਰੀ ਤੇ ਹੋਰ ਅਹਿਲਕਾਰ ਗੁੰਮ ਸੁੰਮ ਸਨ। ਸਾਰੇ ਸ਼ਹਿਰ ਵਿਚ ਹਾਹਾਕਾਰ ਮਚੀ ਹੋਈ ਸੀ। ਰਾਜੇ ਦੇ ਹੋਰ ਨਰ ਔਲਾਦ ਨਹੀਂ ਸੀ, ਜੇ ਅਗੋਂ ਕੁੜੀਆਂ ਹੀ ਜੰਮੀਆਂ ਤਾਂ ਤਖਤ ਦਾ ਵਾਰਸ ਕੌਣ ਬਣੇਗਾ ?

ਜਦੋਂ ਹਕੀਮਾਂ ਨੇ ਜੁਆਬ ਦੇ ਦਿਤਾ, ਰਾਜੇ ਨੇ ਸਾਧੂਆਂ ਫਕੀਰਾਂ ਦੇ ਪਲ੍ਹੇ ਜਾ ਫੜੇ। ਰਾਜੇ ਨੂੰ ਪਤਾ ਲਗਾ ਕਿ ਸ਼ਹਿਰੋਂ ਬਾਹਰ ਜੰਗਲ ਵਿਚ ਇਕ ਫਕੀਰ ਦਿਨ ਰਾਤ ਤਪਸਿਆ ਕਰਦਾ ਰਹਿੰਦਾ ਹੈ। ਉਹ ਕੰਦਮੂਲ ਦੇ ਸਿਵਾ ਕੁਝ ਮੂੰਹ ਨਹੀਂ ਲਗਾਂਦਾ। ਉਹ ਪਹੁੰਚਿਆ ਹੋਇਆ ਫਕੀਰ ਹੈ, ਪਰ ਉਹ ਬਹੁਤਾ ਆਪਣੇ ਵਿਚ ਹੀ ਮਸਤ ਰਹਿਣ ਕਰ ਕੇ ਕਿਸੇ ਦੀ ਪਰਵਾਹ ਨਹੀਂ ਕਰਦਾ। ਉਸਦੇ ਅਸ਼ੀਰਵਾਦ ਨਾਲ ਰਾਜਕੁਮਾਰ ਬਚ ਸਕਦਾ ਹੈ।

ਇਹ ਗੱਲ ਜਾਣ ਕੇ ਰਾਜਾ ਕੁਝ ਦਰਬਾਰੀਆਂ ਨੂੰ ਨਾਲ ਲੈ ਕੇ ਨੰਗੇ ਪੈਰੀਂ ਜੰਗਲ ਵਿਚ ਗਿਆ ਤੇ ਫਕੀਰ ਅਗੇ ਹਥ ਜੋੜ ਕੇ ਤਰਲੇ ਕਰਨ ਲਗਾ, "ਮਹਾਰਾਜ ਕਿਸੇ ਤਰ੍ਹਾਂ ਮੇਰੇ ਪੁਤਰ ਦੀ ਜਾਨ ਬਚਾ ਲਓ।"

ਫਕੀਰ ਨੇ ਕਿਹਾ, "ਮੈਂ ਰੱਬ ਕੇ ਕੰਮਾਂ ਵਿਚ ਦਖਲ ਨਹੀਂ ਦਿੰਦਾ। ਮੈਂ ਹਮੇਸ਼ਾ ਪ੍ਰਭੂ ਦੀ ਰਜ਼ਾ ਵਿਚ ਰਹਿੰਦਾ ਹਾਂ।"

ਪਰ ਜਦੋਂ ਰਾਜੇ ਨੇ ਤਰਲੇ ਕੀਤੇ ਤਾਂ ਫਕੀਰ ਰਾਜੇ ਦੇ ਨਾਲ ਮਹਿਲ ਵਿਚ ਪੁਜਾ। ਸਭਨਾਂ ਦੇ ਚਿਹਰੇ ਉਤਰੇ ਹੋਏ ਸਨ, ਅੱਖਾਂ ਵਿਚ ਅਥਰੂ ਲਟਕ ਰਹੇ ਸਨ। ਚਾਰੇ ਪਾਸੇ ਵਾਵੈਲਾ ਮਚਿਆ ਹੋਇਆ ਸੀ। ਹਰ ਕੋਈ ਆਪਣੀ ਜਾਨ ਨਿਛਾਵਰ ਕਰਕੇ ਵੀ

ਬੱਚੇ ਨੂੰ ਜ਼ਿੰਦਾ ਰਖਣ ਲਈ ਤਰਲੋਮਛੀ ਹੋ ਰਿਹਾ ਸੀ। ਇਹ ਸਭ ਕੁਝ ਵਿਖਾ ਕੇ, ਰਾਜਾ ਫਕੀਰ ਨੂੰ ਕਹਿਣ ਲਗਾ, "ਤੁਸੀਂ ਵੇਖ ਹੀ ਲਿਆ ਏ, ਰਾਜਕੁਮਾਰ ਨੂੰ ਜੇ ਕੁਝ ਹੋ ਗਿਐ ਤਾਂ ਦੇਸ਼ ਵਿਚ ਹਨੇਰ ਗੁਬਾਰ ਮਚ ਜਾਵੇਗਾ। ਹਰ ਕੋਈ ਆਪਣੀ ਜਾਨ ਇਸ ਬੱਚੇ ਤੋਂ ਨਿਛਾਵਰ ਕਰਨ ਲਈ ਤਿਆਰ ਏ। ਤੁਸੀਂ ਜਿਵੇਂ ਕਿਵੇਂ ਬੱਚੇ ਦੀ ਜਾਨ ਬਚਾਓ।"

ਫਕੀਰ ਕਿਤਨਾ ਚਿਰ ਬੱਚੇ ਵਲ ਵੇਖਦਾ ਰਿਹਾ। ਫਿਰ ਉਸ ਨੇ ਆਲੇ-ਦੁਆਲੇ ਜੁੜ ਕੇ ਬੈਠੇ ਰਿਸ਼ਤੇਦਾਰਾਂ, ਦਰਬਾਰੀਆਂ ਤੇ ਲੋਕਾਂ ਵਲ ਨਜ਼ਰ ਮਾਰੀ। ਕਾਫੀ ਸੋਚ ਵਿਚਾਰ ਮਗਰੋਂ ਫਕੀਰ ਕਹਿਣ ਲਗਾ, "ਇਹ ਲੜਕਾ ਬਚ ਸਕਦਾ ਏ, ਪਰ ਇਹਦੇ ਲਈ ਵਡੀ ਕੁਰਬਾਨੀ ਦੀ ਲੋੜ ਹੈ।"

"ਹਰ ਕੋਈ ਵਡੀ ਤੋਂ ਵਡੀ ਕੁਰਬਾਨੀ ਦੇਣ ਵਾਸਤੇ ਤਿਆਰ ਏ, ਜੇ ਇਹਦੀ ਜਾਨ ਬਚ ਸਕਦੀ ਹੋਵੇ", ਰਾਜੇ ਨੇ ਤਸਲੀ ਨਾਲ ਕਿਹਾ, "ਧਨ ਦੌਲਤ, ਸੋਨਾ ਚਾਂਦੀ, ਹੀਰੇ ਮੋਤੀ, ਜਾਨ ਸਭ ਇਹਦੇ ਤੋਂ ਨਿਛਾਵਰ ਨੇ।"

ਫਕੀਰ ਨੇ ਸਭਨਾਂ ਨੂੰ ਦਿਲਾਸਾ ਦਿਤਾ। ਫਿਰ ਉਸੇ ਵੇਲੇ ਇਕ ਅੰਬ ਮੰਗਵਾਇਆ। ਫਕੀਰ ਨੇ ਰਾਜੇ ਦੇ ਬੀਮਾਰ ਬੱਚੇ ਨੂੰ ਥੋੜਾ ਜਿਹਾ ਅੰਬ ਚੂਸਣ ਲਈ ਕਿਹਾ। ਬੱਚੇ ਦੇ ਦੋ ਤਿੰਨ ਚੂਸੇ ਮਾਰੇ। ਫਿਰ ਇਕ ਥਾਲੀ ਮੰਗਵਾ ਕੇ ਫਕੀਰ ਨੇ ਉਹ ਜੂਠਾ ਅੰਬ ਥਾਲੀ ਵਿਚ ਰਖ ਦਿਤਾ।

ਤਾਂ ਫਕੀਰ ਨੇ ਰਾਜੇ ਨੂੰ ਸੰਬੋਧਨ ਕਰ ਕੇ ਕਿਹਾ, "ਜੇ ਕੋਈ ਪ੍ਰਾਣੀ ਇਸ ਬੱਚੇ ਤੋਂ ਆਪਣੀ ਜਾਨ ਨਿਛਾਵਰ ਕਰਨਾ ਚਾਹੇ ਤਾਂ ਇਸ ਦੀ ਜਿੰਦ ਬਚ ਸਕਦੀ ਏ।"

"ਉਹ ਕਿਵੇਂ ?" ਹੈਰਾਨ ਹੋ ਕੇ ਰਾਜੇ ਨੇ ਪੁਛਿਆ।

"ਜਿਹੜਾ ਕੋਈ ਇਸ ਬੱਚੇ ਦੀ ਥਾਂ ਆਪਣੀ ਜਾਨ ਦੇਣਾ ਚਾਹੇ, ਉਹ ਇਹ ਜੂਠਾ ਅੰਬ ਚੂਸ ਲਏ। ਜਿਵੇਂ ਜਿਵੇਂ ਉਹ ਅੰਬ ਚੂਸਦਾ ਜਾਵੇਗਾ, ਲੜਕੇ ਦਾ ਰੋਗ ਉਹਨੂੰ ਲਗਦਾ ਜਾਵੇਗਾ। ਬੱਚਾ ਉਠ ਬੈਠੇਗਾ ਤੇ ਉਸ ਪ੍ਰਾਣੀ ਦੀ ਮੌਤ ਹੋ ਜਾਵੇਗੀ।"

"ਇਹ ਤਾਂ ਕੋਈ ਮੁਸ਼ਕਲ ਗੱਲ ਨਹੀਂ, ਕਿਸੇ ਨੂੰ ਵੀ ਹੁਕਮ ਦਿਤਾ ਜਾ ਸਕਦੈ।" ਘਬਰਾਏ ਹੋਏ ਰਾਜੇ ਨੇ ਕਿਹਾ।

"ਹੁਕਮ ਨਾਲ ਨਹੀਂ, ਆਪਣੀ ਮਰਜ਼ੀ ਨਾਲ, ਸੁਤੇ ਸਿਧ ਸੱਚੇ ਦਿਲੋਂ।"

"ਇਹ ਵੀ ਮੁਸ਼ਕਲ ਨਹੀਂ, ਸਾਰੀ ਪਰਜਾ ਉਹਦੇ ਤੋਂ ਜਾਨ ਨਿਛਾਵਰ ਕਰਨ ਵਾਸਤੇ ਤਿਆਰ ਏ।"

"ਫਿਰ ਕੋਈ ਅਗੇ ਆਵੇ।"

ਇਹ ਗੱਲ ਸੁਣ ਕੇ ਉਥੇ ਹਾਜ਼ਰ ਸਭ ਲੋਕ ਇਕ ਦੂਜੇ ਦਾ ਮੂੰਹ ਵੇਖਣ ਲਗੇ। ਕੁਝ ਲੋਕ ਪੋਲੇ ਪੈਰੇ ਉਥੋਂ ਖਿਸਕ ਗਏ।

ਕੁਝ ਪਲ ਮੌਤ ਵਰਗਾ ਸਨਾਟਾ ਛਾਇਆ ਰਿਹਾ, ਪਰ ਅਗੇ ਕੋਈ ਨਾ ਨਿਤਰਿਆ ਤਾਂ ਫਕੀਰ ਨੇ ਰਾਜੇ ਨੂੰ ਕਿਹਾ, "ਵੇਖਦੇ ਕੀ ਹੋ, ਤੁਸੀਂ ਖੁਦ ਬੱਚੇ ਤੋਂ ਜਾਨ ਨਿਛਾਵਰ ਕਰਨ ਲਈ ਤਿਆਰ ਸੀ, ਤੁਸੀਂ ਖੁਦ ਹੀ ਚਾ ਅੰਬ ਨੂੰ ਚੂਸ ਲਓ।"

"ਮੈਂ ਚੂਸ ਤਾਂ ਲਵਾਂ, ਪਰ ਮੇਰੀ ਮੌਤ ਤੋਂ ਬਾਅਦ ਇਹ ਲਾਵਾਰਸ ਹੋ

ਜਾਵੇਗਾ। ਗੁਆਂਢੀ ਰਾਜੇ ਇਸ ਦੇ ਦੇਸ਼ ਤੇ ਕਾਬਜ਼ ਹੋ ਜਾਣਗੇ। ਰਾਜਕੁਮਾਰ ਨੂੰ ਬੰਦੀ ਬਣਾ ਲੈਣਗੇ, ਨਾ ਦੇਸ਼ ਰਹੇਗਾ ਨਾ ਰਾਜਕੁਮਾਰ। ਸੋ ਇਹਦੀ ਖਾਤਰ ਮੇਰਾ ਜੀਣਾ ਤਾਂ ਬਹੁਤ ਜ਼ਰੂਰੀ ਏ।" ਰਾਜੇ ਨੇ ਸੋਚ ਸੋਚ ਕੇ ਸ਼ਬਦ ਉਗਲੇ।

"ਤਾਂ ਫਿਰ ਅੰਬ ਰਾਣੀ ਨੂੰ ਖਾਣ ਵਾਸਤੇ ਦੇ ਦਿਓ", ਫਕੀਰ ਨੇ ਰਾਣੀ ਅਗੇ ਥਾਲ ਕਰਦਿਆਂ ਕਿਹਾ, "ਲਓ ਰਾਣੀ ਜੀ, ਤੁਸੀਂ ਇਹ ਅੰਬ ਚੂਸ ਲਓ, ਤੁਸੀਂ ਤਾਂ ਇਹਦੀ ਮਾਂ ਹੋ, ਇਹਦੇ ਲਈ ਜਾਨ ਕੁਰਬਾਨ ਕਰ ਸਕਦੇ ਹੋ।"

ਰਾਣੀ ਗੁੰਮ ਸੁੰਮ ਹੋ ਗਈ। ਫਿਰ ਅੱਖਾਂ ਪਲੇ ਨਾਲ ਪੂੰਝਦੀ ਹੋਈ ਕਹਿਣ ਲਗੀ, "ਮੈਂ ਆਪਣੇ ਬੱਚੇ ਖਾਤਰ ਜਾਨ ਕੁਰਬਾਨ ਕਰਨ ਨੂੰ ਤਿਆਰ ਹਾਂ, ਪਰ ਜੇ ਮੈਂ ਮਰ ਗਈ ਤਾਂ ਇਸ ਬੱਚੇ ਨੂੰ ਪਾਲੇਗਾ ਕੌਣ ? ਰਾਜੇ ਨੇ ਦੂਜਾ ਵਿਆਹ ਕਰਵਾ ਲੈਣੈ, ਮਤਰੇਈ ਮਾਂ ਨੇ ਇਹਦਾ ਜੀਣਾ ਹਰਾਮ ਕਰ ਦੇਣਾ, ਹੋ ਸਕਦੈ ਕਿ ਮੜ੍ਹੇਏ ਭਰਾ ਇਹਦੇ ਤੋਂ ਰਾਜ ਭਾਗ ਖੋਹ ਲੈਣ।"

"ਠੀਕ ਕਹਿੰਦੇ ਹੋ।" ਫਕੀਰ ਨੇ ਉਹ ਥਾਲੀ ਰਾਜਕੁਮਾਰ ਦੀ ਭੈਣ ਅਗੇ ਰਖ ਦਿਤੀ। ਭੈਣ ਨੇ ਜੂਠੇ ਅੰਬ ਵਲ ਵੇਖਦੇ ਹੋਏ ਕਿਹਾ, "ਮੈਂ ਤਾਂ ਵੀਰੇ ਬਗੈਰ ਇਕ ਪਲ ਵੀ ਨਹੀਂ ਜੀ ਸਕਦੀ, ਜੇ ਮੈਂ ਇਹਦੀ ਥਾਂ ਮਰ ਗਈ ਤਾਂ ਅਗਲੇ ਲੋਕ ਵਿਚ ਮੈਂ ਇਹਦੇ ਬਗੈਰ ਕਿਵੇਂ ਰਵ੍ਹਾਂਗੀ। ਇਹ ਮੇਰੇ ਬਗੈਰ ਇਥੇ ਦੁਖੀ ਰਹੇਗਾ, ਜੇ ਫਿਰ ਵੀ ਇਨ੍ਹੇ ਦੁਖੀ ਰਹਿਣਾ ਏ ਤਾਂ ਮੇਰੀ ਕੁਰਬਾਨੀ ਦਾ ਕੀ ਫੈਦਾ।"

ਇਸ ਤਰ੍ਹਾਂ ਫਕੀਰ ਸਭਨਾਂ ਦੇ ਅਗੇ ਥਾਲੀ ਘੁੰਮਾਂਦਾ ਗਿਆ। ਸਭਨਾਂ ਨੇ ਕੋਈ ਨ ਕੋਈ ਉਜ਼ਰ ਕੀਤਾ। ਫਿਰ ਜਦੋਂ ਮਹਿਲਾਂ ਦੀਆਂ ਦਾਸੀਆਂ ਅਗੇ ਅੰਬ ਰਖਿਆ ਗਿਆ ਤਾਂ ਉਨ੍ਹਾਂ ਵੀ ਖਾਣ ਤੋਂ ਇਨਕਾਰ ਕਰਦਿਆਂ ਕਿਹਾ, "ਅਸੀਂ ਰਾਜੇ ਤੋਂ ਆਪਣੀ ਜਾਨ ਕੁਰਬਾਨ ਕਰ ਸਕਦੀਆਂ ਹਾਂ, ਪਰ ਉਹਦੇ ਬੱਚੇ ਤੋਂ ਨਹੀਂ।"

ਜਦੋਂ ਸਭਨਾਂ ਨੇ ਜੂਠਾ ਅੰਬ ਖਾਣ ਤੋਂ ਇਨਕਾਰ ਕਰ ਦਿਤਾ ਤਾਂ ਰਾਜੇ ਨੇ ਕਿਹਾ, "ਹੁਣ ਕੀ ਕੀਤਾ ਜਾਵੇ, ਕੋਈ ਹੋਰ ਉਪਾ ਸੋਚੋ।"

"ਪਹਿਲਾਂ ਉਹ ਸਭ ਲੋਕ ਇਥੋਂ ਚਲੇ ਜਾਣ ਜੋ ਇਹ ਅੰਬ ਨਹੀਂ ਚੂਸਣਾ ਚਾਹੁੰਦੇ।" ਫਕੀਰ ਨੇ ਕਿਹਾ।

"ਮੈਂ ਵੀ ਮਹਾਰਾਜ ?" ਰਾਜੇ ਨੇ ਪੁਛਿਆ।

"ਨਹੀਂ ਤੁਸੀਂ ਬੇਸ਼ਕ ਬੈਠੇ ਰਹੋ।"

ਇਕ ਇਕ ਕਰਕੇ ਸਭ ਲੋਕ ਉਥੋਂ ਚਲੇ ਗਏ। ਸਾਰਾ ਦਰਬਾਰ ਖਾਲੀ ਹੋ ਗਿਆ।

"ਹੁਣ ਮਹਾਰਾਜ ਕੀ ਕਰੀਏ ?"

"ਇਸ ਅੰਬ ਨੂੰ ਧਰਤੀ ਵਿਚ ਬੀਜ ਦਿਓ, ਜੇ ਇਸ ਦੀਆਂ ਕਰੂੰਬਲਾਂ ਨਿਕਲਣ ਤਕ ਇਹ ਬੱਚਾ ਜ਼ਿੰਦਾ ਰਿਹਾ ਤਾਂ ਇਹ ਰਾਜਕੁਮਾਰ ਮੁੜ ਨਵਾਂ ਨਰੋਆ ਹੋ ਜਾਵੇਗਾ।"

"ਕੀ ਮਤਲਬ ?"

"ਕੋਈ ਵੀ ਕਿਸੇ ਲਈ ਨਹੀਂ ਮਰਦਾ, ਕੁਦਰਤ ਹੀ ਦੂਜੇ ਲਈ ਕੁਰਬਾਨ ਹੁੰਦੀ ਏ। ਜੇ ਕੁਦਰਤ ਨੇ ਇਸ ਅੰਬ ਨੂੰ ਆਪਣੇ ਲਹੂ ਨਾਲ ਪਾਲਿਆ ਤਾਂ ਇਹ ਬੱਚਾ ਨਰੋਆ ਹੋ ਸਕਦਾ ਏ।"

"ਇਹ ਤਾਂ ਮੁਕਦਰ ਦੀ ਗੱਲ ਹੋਈ।"

"ਹਾਂ, ਸਾਨੂੰ ਸਭਨਾਂ ਨੂੰ ਰੱਬ ਦੀ ਰਜ਼ਾ ਵਿਚ ਹੀ ਰਹਿਣਾ ਪਵੇਗਾ।" ਫਕੀਰ ਦਾ ਉਤਰ ਸੀ।

ਭਲੇ ਦਾ ਭਲਾ

ਇਕ ਸ਼ਖਸ ਨੇ ਦਰਿਆ ਵਿਚ ਅਠੂਏਂ ਨੂੰ ਰੁੜਦਾ ਵੇਖਿਆ। ਉਸ ਨੂੰ ਤਰਸ ਆ ਗਿਆ ਅਤੇ ਪਾਣੀ ਵਿਚ ਇਕ ਪੱਤਾ ਸੁਟ ਕੇ ਉਸ 'ਤੇ ਅਠੂਏਂ ਨੂੰ ਚੜ੍ਹਾ ਲਿਆ ਤੇ ਪੱਤਾ ਬਾਹਰ ਜ਼ਿਮੀਂ ਤੇ ਹੌਲੇ ਜਿਹੇ ਟਿਕਾ ਦਿਤਾ। ਪਰ ਇਤਨੀ ਦੇਰ ਵਿਚ ਅਠੂਏਂ ਨੇ ਭਲੇ ਆਦਮੀ ਨੂੰ ਡੰਗ ਕਢ ਮਾਰਿਆ। ਭਲੇ ਆਦਮੀ ਨੂੰ ਸਖਤ ਪੀੜ ਹੋਈ ਤੇ ਉਹ ਇਕ ਵਡਾ ਸਾਰਾ ਪਥਰ ਚੁਕ ਕੇ ਅਠੂਏਂ ਨੂੰ ਮਾਰਨ ਲਗਾ। ਤਾਂ ਪੱਤਾ ਸਰ ਸਰ ਕਰਦਾ ਹੋਇਆ ਕਹਿਣ ਲਗਾ, "ਵੇ ਮਾਹਣੂਆਂ ! ਤੂੰ ਬੁਰਾ ਕਿਉਂ ਕਰਦੈ ? ਭਲੇ ਦਾ ਹਮੇਸ਼ਾ ਭਲਾ ਹੀ ਹੁੰਦਾ ਏ ਤੇ ਬੁਰੇ ਦਾ ਬੁਰਾ।"

"ਪਰ ਉਹ ਕਿਵੇਂ ?" ਭਲੇ ਸ਼ਖਸ ਨੇ ਪੁਛਿਆ। ਉਸੇ ਵੇਲੇ ਹਵਾ ਦਾ ਇਕ ਝੋਂਕਾ ਆਇਆ ਤੇ ਪੱਤੇ ਨੂੰ ਉਡਾ ਕੇ ਕਿਧਰ ਦਾ ਕਿਧਰ ਲੈ ਗਿਆ।

ਭਲੇ ਆਦਮੀ ਨੂੰ ਸਖਤ ਪੀੜ ਹੋ ਰਹੀ ਸੀ। ਅਠੂਆਂ ਵੀ ਕਿਸੇ ਝਾੜੀ ਉਹਲੇ ਛੁਪ ਗਿਆ। ਕੋਲ ਹੀ ਇਕ ਬੁਢੀ ਗਾਂ ਖੜੀ ਸੀ। ਭਲੇ ਆਦਮੀ ਨੇ ਆਪਣੀ ਤਸਲੀ ਵਾਸਤੇ ਉਹਦੇ ਤੋਂ ਪੁਛਿਆ, "ਗਊ ਮਾਤਾ, ਤੂੰ ਹੀ ਦਸ, ਭਲੇ ਦਾ ਭਲਾ ਕਿਵੇਂ ਹੁੰਦਾ ਏ ਤੇ ਬੁਰਾ ਦਾ ਬੁਰਾ।"

ਗਊ ਨੇ ਉਦਾਸ ਅੱਖਾਂ ਨਾਲ ਭਲੇ ਸ਼ਖਸ ਵਲ ਵੇਖਿਆ ਤੇ ਡੁਸਕਦੀ ਹੋਈ ਕਹਿਣ ਲਗੀ, "ਮੈਂ ਤਾਂ ਨਹੀਂ ਦਸ ਸਕਦੀ। ਮੈਂ ਤਾਂ ਮਨੁਖ ਨਾਲ ਸਾਰੀ ਉਮਰ ਭਲਿਆਈ ਕਰਦੀ ਆਂ, ਆਪਣੇ ਵਛੜੇ ਦੇ ਮੂੰਹੋਂ ਦੁਧ ਖੋਹ ਕੇ ਮਨੁਖ ਦੇ ਬੱਚਿਆਂ ਨੂੰ ਪਿਲਾਂਦੀ ਰਹੀ ਆਂ, ਪਰ ਹੁਣ ਜਦੋਂ ਬੁਢੀ ਹੋ ਗਈ ਆਂ, ਤਾਂ ਮੇਰਾ ਮਾਲਕ ਮੈਨੂੰ ਜੰਗਲ ਵਿਚ ਭੁਖਿਆਂ ਮਰਨ ਲਈ ਛਡ ਗਿਐ। ਮੈਂ ਕੀ ਜਾਣਾ। ਭਲੇ ਦਾ ਭਲਾ ਕਿਵੇਂ ਹੁੰਦਾ ਏ ?"

ਉਹ ਭਲਾ ਸ਼ਖਸ ਨਿਰਾਸ ਹੋ ਕੇ ਅਗੇ ਤੁਰ ਪਿਆ। ਇਕ ਤਲਾਅ ਦੇ ਨੇੜੇ ਉਹਨੇ ਇਕ ਟੁਟਿਆ ਹੋਇਆ ਘੜਾ ਵੇਖਿਆ, ਉਸ ਦੇ ਡਕਰੇ ਬਿਖਰੇ ਪਏ ਸਨ ਤੇ ਗਲਵਾਣੀ ਠੀਕਰਾਂ ਦੇ ਢੇਰ ਤੇ ਟਿਕੀ ਪਈ ਸੀ। ਉਸ ਨੇ ਗਲਵਾਣੀ ਨੂੰ ਹਥਾਂ ਵਿਚ ਚੁਕ ਲਿਆ ਤੇ ਪੁਛਿਆ, "ਤੂੰ ਹੀ ਦਸ, ਭਲੇ ਦਾ ਭਲਾ ਕਿਵੇਂ ਹੁੰਦਾ ਏ ?"

"ਮੈਂ ਤਾਂ ਸਾਰੀ ਉਮਰ ਮਨੁਖ ਦਾ ਭਲਾ ਕੀਤਾ ਏ, ਪਾਣੀ ਪਿਆ ਕੇ ਉਹਦੀ

ਪਿਆਸ ਬੁਝਾਂਦਾ ਰਿਹਾ ਹਾਂ। ਅਜ ਜ਼ਰਾ ਕੁ ਚੀਰ ਪੈ ਗਿਐ ਤਾਂ ਇਥੇ ਨਿਕਾਰਾ ਸਮਝ ਕੇ ਸੁਟ ਗਏ ਨੇ। ਮੈਂ ਠੀਕਰਾਂ ਬਣ ਕੇ ਰੁਲਦਾ ਫਿਰਦਾ ਆਂ। ਮੈਨੂੰ ਤਾਂ ਭਲੇ ਦਾ ਭਲਾ ਨਹੀਂ ਮਿਲਿਆ।" ਘੜੇ ਨੇ ਆਪਣਾ ਅਨੁਭਵ ਦਸਿਆ।

ਭਲਾ ਸ਼ਖਸ ਉਥੋਂ ਅਗੇ ਤੁਰ ਪਿਆ। ਰਾਹ ਵਿਚ ਉਹਨੇ ਇਕ ਵਡਾ ਸਾਰਾ ਅੰਬ ਦਾ ਰੁਖ ਵੇਖਿਆ ਜੋ ਪੁਰਾਣਾ ਜਾਪਦਾ ਸੀ, "ਬਾਬਾ, ਬਾਬਾ।" ਭਲੇ ਸ਼ਖਸ ਨੇ ਦਰਖਤ ਅਗੇ ਤਰਲਾ ਕੀਤਾ, "ਤੂੰ ਤਾਂ ਦੁਨੀਆਂ ਵੇਖੀ ਏ, ਮੈਨੂੰ ਦਸ ਭਲੇ ਦਾ ਭਲਾ ਕਿਵੇਂ ਹੁੰਦਾ ਏ ?"

"ਮੇਰੀ ਜ਼ਾਤ ਹਮੇਸ਼ਾ ਮਨੁਖ ਨੂੰ ਸਵਾਦੀ ਫਲ ਦੇਂਦੀ ਰਹੀ ਹੈ। ਉਹਦੇ ਸਿਰ ਤੇ ਛਾਂ ਕਰਦੀ ਰਹੀ ਏ।" ਦਰਖਤ ਨੇ ਜੁਆਬ ਦਿਤਾ, "ਪਰ ਮਨੁਖ ਜਾਤੀ ਨੇ ਸਾਡੇ ਨਾਲ ਹਮੇਸ਼ਾ ਬੁਰਿਆਈ ਹੀ ਕੀਤੀ ਏ। ਸਾਨੂੰ ਵੱਢ ਟੁਕ ਕੇ ਆਪਣਾ ਘਰ ਵਸਾਂਦੀ ਰਹੀ ਏ।" ਕੁਝ ਚਿਰ ਦਰਖਤ ਚੁਪ ਰਿਹਾ, ਫਿਰ ਕਹਿਣ ਲਗਾ, "ਤੇਰੇ ਇਸ ਪ੍ਰਸ਼ਨ ਦਾ ਉਤਰ ਕੋਈ ਸੰਸਾਰੀ ਨਹੀਂ ਦੇ ਸਕਦਾ। ਕੋਈ ਸਾਧ-ਸੰਤ ਹੀ ਇਹ ਰਮਜ਼ ਸਮਝਾ ਸਕਦਾ ਏ। ਨਾਲੇ ਇਹ ਬਚਨ ਵੀ ਤਾਂ ਕਿਸੇ ਸਾਧ ਦੇ ਨੇ।"

ਫਿਰ ਉਸ ਦਰਖਤ ਨੇ ਭਲੇ ਮਨੁਖ ਨੂੰ ਦਸਿਆ, "ਫਲਾਣੇ ਜੰਗਲ ਵਿਚ ਇਕ ਸਾਧ ਰਹਿੰਦਾ ਏ। ਤੂੰ ਉਹਦੇ ਕੋਲ ਚਲਾ ਜਾ। ਉਹ ਇਕ ਦਿਨ ਇਥੇ ਮੇਰੀ ਛਾਂ ਵਿਚ ਬੈਠ ਕੇ ਕਿਸੇ ਨੂੰ ਸਮਝਾ ਰਿਹਾ ਸੀ ਕਿ ਭਲੇ ਦਾ ਹਮੇਸ਼ਾ ਭਲਾ ਹੁੰਦਾ ਏ ਤੇ ਬੁਰੇ ਦਾ ਬੁਰਾ।"

ਭਲਾ ਪੁਰਸ਼ ਦਰਖਤ ਦੇ ਦਸੇ ਅਨੁਸਾਰ ਉਸ ਜੰਗਲ ਵਿਚ ਗਿਆ ਅਤੇ ਉਸ ਸਾਧ ਨੂੰ ਜਾ ਮਿਲਿਆ।

ਜੰਗਲ ਵਿਚ ਸਾਧ, ਆਪਣੀ ਪਤਨੀ ਸਮੇਤ, ਇਕ ਕੁਟੀਆ ਵਿਚ ਰਹਿੰਦਾ ਸੀ। ਸਾਰਾ ਦਿਨ ਉਹ ਪੂਜਾ ਪਾਠ ਵਿਚ ਲਗਾ ਰਹਿੰਦਾ ਅਤੇ ਕੰਦਮੂਲ ਖਾ ਕੇ ਆਪਣੇ ਪੇਟ ਦੀ ਅੱਗ ਬੁਝਾ ਲਿਆ ਕਰਦਾ।

ਸਾਧ ਨੇ ਤ੍ਰਿਕਾਲਾਂ ਵੇਲੇ ਕੰਦਮੂਲ ਲਿਆਂਦਾ। ਨਵੇਂ ਆਏ ਮੁਸਾਫਰ ਨੇ ਵੀ ਅਜ ਉਹਨਾਂ ਨਾਲ ਹੀ ਕੰਦਮੂਲ, ਖਾਣੀ ਸੀ, ਸੋ ਸਾਧ ਨੇ ਸਾਰੇ ਦੇ ਤਿੰਨ ਹਿਸੇ ਕਰਨੇ ਚਾਹੇ।

ਇਹ ਵੇਖ ਕੇ ਸਾਧ ਦੀ ਪਤਨੀ ਔਖੀ ਜਿਹੀ ਹੋ ਕੇ ਕਹਿਣ ਲਗੀ, "ਤੁਸੀਂ ਇਹਦੇ ਦੋ ਹੀ ਹਿੱਸੇ ਕਰੋ।"

"ਪਰ ਇਹ ਮੁਸਾਫਰ ਅਜ ਸਾਡਾ ਮਹਿਮਾਨ ਏ। ਇਹ ਕੀ ਖਾਏਗਾ ?"

"ਮਹਿਮਾਨ ਤੁਹਾਡਾ ਹੋਵੇਗਾ ਮੇਰਾ ਨਹੀਂ, ਮੈਂ ਆਪਣੇ ਹਿੱਸੇ ਵਿਚੋਂ ਕੁਝ ਵੀ ਦੇਣ ਨੂੰ ਤਿਆਰ ਨਹੀਂ ਆਂ।"

ਸੋ ਮਜਬੂਰ ਹੋ ਕੇ ਸਾਧ ਨੇ ਕੰਦਮੂਲ ਦੇ ਦੋ ਹੀ ਹਿੱਸੇ ਕੀਤੇ। ਫਿਰ ਆਪਣੇ ਹਿੱਸੇ ਵਿਚੋਂ, ਕਾਫੀ ਸਾਰਾ ਕੰਦਮੂਲ, ਸਾਧ ਨੇ ਮੁਸਾਫਰ ਨੂੰ ਦੇ ਦਿਤਾ।

ਮੁਸਾਫਰ ਚੁਪ ਚਾਪ ਸਭ ਕੁਝ ਵੇਖਦਾ ਰਿਹਾ।

ਰਾਤ ਵੇਲੇ ਸਾਧ ਨੇ ਕੁਟੀਆ ਅੰਦਰ ਹੀ ਸੌਣ ਦਾ ਪ੍ਰਬੰਧ ਕਰਨਾ ਚਾਹਿਆ, ਪਰ ਸਾਧਣੀ ਮੁਸਾਫਰ ਨੂੰ ਨਾ ਤਾਂ ਆਪਣੇ ਬਿਸਤਰੇ ਵਿਚੋਂ ਕੋਈ ਚਾਦਰ ਦੇਣ ਨੂੰ ਤਿਆਰ ਸੀ, ਨਾ ਹੀ ਉਹਦੇ ਲਈ ਅੰਦਰ ਥਾਂ ਬਨਾਣ ਲਈ ਰਜ਼ਾਮੰਦ ਸੀ। ਅਖੀਰ ਸਾਧ ਨੇ ਆਪਣਾ ਬਿਸਤਰਾ ਮੁਸਾਫਰ ਨੂੰ ਦੇ ਦਿਤਾ ਤੇ ਖੁਦ ਉਸ ਨੇ ਕੁਟੀਆ ਦੇ ਬੂਹੇ ਵਿਚ ਪੈ ਕੇ ਰਾਤ ਲੰਘਾਣ ਦਾ ਫੈਸਲਾ ਕੀਤਾ।

ਸੌਣ ਤੋਂ ਪਹਿਲਾਂ ਸਾਧ ਟਹਿਲਣ ਲਈ ਨਦੀ ਵਲ ਨਿਕਲ ਗਿਆ। ਮੁਸਾਫਰ ਵੀ ਉਹਦੇ ਨਾਲ ਸੀ। ਗੱਲਾਂ ਗੱਲਾਂ ਵਿਚ ਸਾਧ ਨੇ ਪੁਛਿਆ, "ਭਲਿਆ ਲੋਕਾ ! ਤੂੰ ਜੰਗਲ ਵਿਚ ਮੇਰੇ ਕੋਲ ਕਿਸ ਕੰਮ ਵਾਸਤੇ ਆਇਆ ਏਂ ?"

"ਮੇਰਾ ਇਕ ਪ੍ਰਸ਼ਨ ਏ, ਉਤਰ ਕਿਧਰੇ ਨਹੀਂ ਮਿਲਿਆ।"

"ਕਿਹੜਾ ?"

"ਕਿ ਭਲੇ ਦਾ ਭਲਾ ਕਿਵੇਂ ਹੁੰਦਾ ਏ ਤੇ ਬੁਰਾ ਦਾ ਬੁਰਾ ?"

ਸਾਧ ਅੱਖਾਂ ਮੀਟ ਕੇ ਅੰਤਰ ਧਿਆਨ ਹੋ ਗਿਆ। ਕੁਝ ਚਿਰ ਬਾਅਦ ਅੱਖਾਂ ਖੋਲ੍ਹ ਕੇ ਕਹਿਣ ਲਗਾ, "ਜ਼ਿੰਦਗੀ ਦਾ ਕੁਝ ਭਰੋਸਾ ਨਹੀਂ, ਜੇ ਮੈਂ ਸਵੇਰੇ ਜ਼ਿੰਦਾ ਹੋਇਆ ਤਾਂ ਮੈਂ ਤੈਨੂੰ ਇਹਦਾ ਉਤਰ ਖੁਦ ਦਿਆਂਗਾ, ਜੇ ਨਾ ਰਿਹਾ ਤਾਂ ਤੂੰ ਦੋ ਦਿਨਾਂ ਮਗਰੋਂ ਫਲਾਣੇ ਪਿੰਡ ਦੇ ਚੌਧਰੀ ਦੇ ਘਰ ਜਾਈਂ। ਉਥੇ ਬੜੀ ਰੌਣਕ ਹੋਵੇਗੀ, ਖੁਸ਼ੀਆਂ ਮਨਾਈਆਂ ਜਾ ਰਹੀਆਂ ਹੋਣਗੀਆਂ। ਉਸ ਚੌਧਰੀ ਦੇ ਘਰ ਕੋਈ ਔਲਾਦ ਨਹੀਂ, ਪਲੇਠੀ ਦਾ ਪੁਤਰ ਜੰਮੇਗਾ। ਤੂੰ ਉਸ ਬਾਲ ਤੋਂ ਇਹੋ ਪ੍ਰਸ਼ਨ ਪੁੱਛੀਂ। ਉਹ ਤੇਰਾ ਉਤਰ ਦੇ ਦੇਵੇਗਾ, ਘਬਰਾਈਂ ਨਾ।"

ਮੁਸਾਫਰ ਇਹ ਗੱਲ ਸੁਣ ਕੇ ਹੈਰਾਨ ਰਹਿ ਗਿਆ।

ਫਿਰ ਉਹ ਦੋਵੇਂ ਗੱਲਾਂ ਕਰਦੇ ਕੁਟੀਆ ਵਲ ਪਰਤ ਆਏ। ਮੁਸਾਫਰ ਸਾਧ ਦੇ ਬਿਸਤਰੇ ਤੇ ਸੌਂ ਗਿਆ। ਸਾਧ ਕੁਟੀਆ ਦੇ ਦਰਵਾਜ਼ੇ ਅਗੇ ਠੰਢ ਵਿਚ ਲੰਮਾ ਪੈ ਗਿਆ।

ਮੁਸਾਫਰ ਸਵੇਰੇ ਜਾਗਿਆ। ਉਹਨੇ ਵੇਖਿਆ, ਸਰਦੀ ਲਗਣ ਕਰ ਕੇ ਸਾਧ ਮਰ ਗਿਆ ਸੀ। ਮੁਸਾਫਰ ਨੂੰ ਬੜਾ ਦੁਖ ਹੋਇਆ ਕਿ ਉਹਦੀ ਖਾਤਰ ਸਾਧ ਨੇ ਆਪਣੇ ਪ੍ਰਾਣ ਤਿਆਗ ਦਿਤੇ ਹਨ। ਸਾਧਣੀ ਭੁਬਾਂ ਮਾਰ ਕੇ ਰੋਣ ਲਗੀ।

ਜਦੋਂ ਮੁਸਾਫਰ ਸਾਧ ਦਾ ਦਾਹ ਸੰਸਕਾਰ ਕਰਨ ਲਗਾ ਤਾਂ ਸਾਧਣੀ ਕਹਿਣ ਲਗੀ, "ਮੈਂ ਆਪਣੀ ਸਾਰੀ ਜ਼ਿੰਦਗੀ ਇਹਦੇ ਨਾਲ ਹੀ ਗੁਜ਼ਾਰੀ ਏ, ਹੁਣ ਮੇਰਾ ਕੋਈ ਨਹੀਂ ਰਿਹਾ ਮੈਂ ਕਲਿਆਂ ਜੀ ਕੇ ਕੀ ਕਰਨਾ ਏ, ਮੈਂ ਇਹਦੇ ਨਾਲ ਸਤੀ ਹੋ ਕੇ ਮਰਾਂਗੀ ਅਤੇ ਪ੍ਰਲੋਕ ਵਿਚ ਇਹਦੇ ਨਾਲ ਹੀ ਸੁਖ ਭੋਗਾਂਗੀ।"

ਸੋ ਸਾਧਣੀ ਵੀ ਸਾਧ ਦੇ ਨਾਲ ਹੀ ਚਿੱਖਾ ਉਤੇ ਭਸਮ ਹੋ ਗਈ।

ਦੋ ਕੁ ਦਿਨਾਂ ਮਗਰੋਂ ਭਲਾ ਪੁਰਸ਼ ਸਾਧ ਦੇ ਦਸੇ ਹੋਏ ਪਿੰਡ ਵਿਚ ਪੁਜਾ। ਉਥੇ ਚੌਧਰੀ ਦੇ ਘਰ ਪਲੇਠੀ ਦਾ ਲੜਕਾ ਜੰਮਿਆ ਹੋਇਆ ਸੀ। ਬੜੀਆਂ ਰੌਣਕਾਂ ਸਨ, ਹਰ ਕੋਈ ਖੁਸ਼ੀ ਨਾਲ ਝੁੜਕ ਰਿਹਾ ਸੀ।

ਭਲੇ ਪੁਰਸ਼ ਨੇ ਚੌਧਰੀ ਦੇ ਪੁਤਰ ਨੂੰ ਮਿਲਣਾ ਚਾਹਿਆ ਚੌਧਰੀ ਨੇ ਮਨ੍ਹਾਂ ਕੀਤਾ, ਪਰ ਭਲੇ ਪੁਰਸ਼ ਨੇ ਸਾਰੀ ਗੱਲ ਦਸਦੇ ਹੋਏ ਕਿਹਾ, "ਇਸ ਗਲ ਵਿਚ ਇਕ

ਜੀਵਨ ਰਹੱਸ ਛੁਪਿਆ ਪਿਐ, ਜੋ ਮੈਂ ਜਾਣਨਾ ਚਾਹੁੰਦਾ ਹਾਂ। ਮੇਰੀ ਕਿਸੇ ਤਰ੍ਹਾਂ ਉਸ ਨਵੇਂ ਜੰਮੇ ਬੱਚੇ ਨਾਲ ਇਕ ਵਾਰ ਮੁਲਾਕਾਤ ਕਰਵਾ ਦਿਓ।"

ਭਲੇ ਪੁਰਸ਼ ਨੂੰ ਨਵੇਂ ਜੰਮੇ ਬੱਚੇ ਦੇ ਕੋਲ ਲਿਜਾਇਆ ਗਿਆ। ਭਲੇ ਪੁਰਸ਼ ਨੇ ਬੱਚੇ ਨੂੰ ਉਹ ਸੁਆਲ ਕੀਤਾ, "ਭਲੇ ਦਾ ਭਲਾ ਕਿਵੇਂ ਹੁੰਦਾ ਏ ਤੇ ਬੁਰੇ ਦਾ ਬੁਰਾ ਕਿਵੇਂ ?"

ਬੱਚਾ ਇਕਦਮ ਸੁਚੇਤ ਹੋ ਗਿਆ ਤੇ ਕਹਿਣ ਲਗਾ, "ਭਾਈ, ਮੈਂ ਉਹਾ ਸਾਧ ਹਾਂ ਜਿਸ ਨੇ ਤੈਨੂੰ ਅੱਧਾ ਕੰਦਮੂਲ ਖਾਣ ਵਾਸਤੇ ਦਿਤਾ ਸੀ ਅਤੇ ਰਾਤ ਆਪਣੇ ਬਿਸਤਰੇ ਵਿਚ ਸੰਵਾਇਆ ਸੀ। ਮੈਂ ਹੀ ਮਰਨ ਉਪਰੰਤ ਇਥੇ ਇਕ ਵਡੇ ਘਰ ਵਿਚ ਜਨਮ ਲਿਐ।"

"ਤੇ ਤੁਹਾਡੀ ਪਤਨੀ ਸਾਧਣੀ ?"

"ਉਸ ਨੇ ਤੈਨੂੰ ਖਾਣ ਵਾਸਤੇ ਕੁਝ ਨਹੀਂ ਸੀ ਦਿਤਾ। ਨਾ ਹੀ ਸੌਣ ਵਾਸਤੇ ਟਿਕਾਣਾ ਦੇਣਾ ਚਾਹੁੰਦੀ ਸੀ। ਇਸ ਲਈ ਉਹ ਕੁੱਤੀ ਦੇ ਪੇਟੋਂ ਜੰਮੀ ਏ। ਇਸੇ ਚੌਧਰੀ ਦੀ ਕੁੱਤੀ ਕਲ੍ਹ ਹੀ ਸੂਈ ਏ ਤੇ ਹਵੇਲੀ ਵਿਚ ਉਹ ਕਤੂਰੀ ਖੇਡ ਰਹੀ ਹੈ।"

ਭਲਾ ਪੁਰਸ਼ ਰਮਜ਼ ਦੀ ਗੱਲ ਸੁਣ ਕੇ ਹੱਕਾ ਬੱਕਾ ਰਹਿ ਗਿਆ।

ਇਕ ਛਿਣ ਦਾ ਖ਼ੁਦਾ

ਰੱਬ ਜਦੋਂ ਸਾਰੀ ਕਾਇਨਾਤ ਘੜ ਚੁਕਾ ਤਾਂ ਉਹਦੇ ਮਨ ਵਿਚ ਮਨੁੱਖ ਨੂੰ ਰਚਨ ਦਾ ਫੁਰਨਾ ਫੁਰਿਆ। ਰੱਬ ਨੇ ਉਸੇ ਵੇਲੇ ਧਰਤੀ ਵਿਚੋਂ ਥੋੜ੍ਹੀ ਜਿਹੀ ਮਿੱਟੀ ਲੈ ਕੇ ਦੋ ਪੁਤਲੇ ਘੜੇ। ਫਿਰ ਉਨ੍ਹਾਂ ਨੂੰ ਸੁਰਜੀਤ ਕਰਨ ਵਾਸਤੇ ਉਨ੍ਹਾਂ ਦੇ ਅੰਦਰ ਫੂਕ ਮਾਰੀ। ਉਹ ਦੋਵੇਂ ਪੁਤਲੇ ਉਸੇ ਵੇਲੇ ਪ੍ਰਾਣਧਾਰੀ ਹੋ ਕੇ ਨਚਣ ਭੁੜਕਣ ਲਗੇ।

ਤਾਂ ਰੱਬ ਨੇ ਉਨ੍ਹਾਂ ਦੋਹਾਂ ਦੀ ਪਿੱਠ ਤੇ ਹੱਥ ਫੇਰਦੇ ਹੋਏ ਕਿਹਾ, "ਇਹ ਸਾਰਾ ਸੰਸਾਰ ਹੁਣ ਤੁਹਾਡਾ ਏ, ਜੋ ਜੀਆ ਆਵੇ ਕਰੋ, ਜੋ ਜੀਆ ਚਾਹੇ ਖਾਓ ਪੀਓ, ਅਨੰਦ ਮੌਜ ਵਿਚ ਰਹੋ।"

ਪਰ ਉਨ੍ਹਾਂ ਦੋਹਾਂ ਪ੍ਰਾਣੀਆਂ ਨੂੰ ਸੰਸਾਰ ਇਕ ਭੈ ਸਾਗਰ ਵਾਂਗ ਲਗਿਆ। ਇਤਨੀ ਵਿਸ਼ਾਲ ਦੁਨੀਆਂ ਵਿਚ ਉਹ ਇਕਲੇ ਕਿਵੇਂ ਰਹਿਣਗੇ ? ਸੋ ਉਹ ਦੋਵੇਂ ਘਬਰਾ ਕੇ ਕਹਿਣ ਲਗੇ, "ਸਾਨੂੰ ਤਾਂ ਸੰਸਾਰ ਤੋਂ ਡਰ ਲਗਦਾ ਏ, ਅਸੀਂ ਤੁਹਾਡੇ ਬਗੈਰ ਇਕਠੇ ਇਸ ਭੈ ਸਾਗੌਰ ਵਿਚ ਨਹੀਂ ਠਿਲ੍ਹ ਸਕਦੇ। ਤੁਸੀਂ ਹਮੇਸ਼ਾ ਸਾਡੇ ਨਾਲ ਰਹੋ।"

"ਇਹ ਨਹੀਂ ਹੋ ਸਕਦਾ, ਮੈਂ ਤੁਹਾਡੇ ਨਾਲ ਕਿਵੇਂ ਰਹਿ ਸਕਦਾ ਹਾਂ ? ਮੈਂ ਇਤਨੇ ਵਡੇ ਸੰਸਾਰ ਦਾ ਪ੍ਰਬੰਧ ਚਲਾਣਾ ਏ।" ਰੱਬ ਨੇ ਦੋਹਾਂ ਪ੍ਰਾਣੀਆਂ ਨੂੰ ਸਮਝਾਇਆ।

"ਤਾਂ ਫਿਰ ਸਾਡੀ ਇਕ ਬੇਨਤੀ ਮੰਨੋ, ਕੁਝ ਪਲ ਤਾਂ ਸਾਡੇ ਨਾਲ ਰਹੋ।" ਪ੍ਰਾਣੀ ਨੇ ਤਰਲਾ ਕਰਦਿਆਂ ਕਿਹਾ, "ਨਹੀਂ ਤਾਂ ਅਸੀਂ ਦੁਨੀਆਂ ਵਿਚ ਰਹਿਣ ਨੂੰ ਤਿਆਰ ਨਹੀਂ।"

ਰੱਬ ਕਾਫੀ ਦੇਰ ਸੋਚਦਾ ਰਿਹਾ। ਫਿਰ ਕਹਿਣ ਲਗਾ, "ਮੈਂ ਕੇਵਲ ਇਕ ਛਿਣ ਵਾਸਤੇ ਤੁਹਾਡੇ ਵਿਚ ਰਹਾਂਗਾ। ਇਕ ਛਿਣ, ਜਿਤਨੇ ਚਿਰ ਵਿਚ, ਮੈਂ ਫੂਕ ਮਾਰ ਕੇ ਤੁਹਾਨੂੰ ਸੁਰਜੀਤ ਕੀਤਾ ਏ, ਮੈਂ ਤੁਹਾਡੇ ਨਾਲ ਹੀ ਹੋਵਾਂਗਾ, ਤੁਸੀਂ ਉਸ ਛਿਣ ਰੱਬ ਹੋਵੋਗੇ। ਤੁਹਾਡੇ ਹਰ ਹੁਕਮ ਦੀ ਪਾਲਣਾ ਇਹ ਪ੍ਰਕ੍ਰਿਤੀ ਤੇ ਸਾਰਾ ਪਸਾਰਾ ਕਰੇਗਾ। ਤੁਹਾਡੇ ਮੂੰਹੋਂ ਨਿਕਲਿਆ ਵਾਕ ਸੱਚਾ ਸਿਧ ਹੋਵੇਗਾ।"

ਦੋਵੇਂ ਪ੍ਰਾਣੀ ਬੜੇ ਖੁਸ਼ ਹੋਏ ਤੇ ਪੁਛਣ ਲਗੇ, "ਪਰ ਉਹ ਛਿਣ ਕਿਹੜਾ ਹੋਵੇਗਾ ?"

"ਇਹ ਮੈਂ ਨਹੀਂ ਦਸ ਸਕਦਾ। ਇਤਨਾ ਵਡਾ ਸੰਸਾਰ ਏ, ਮੈਂ ਪਤਾ ਨਹੀਂ ਕਿਸ ਕੋਲ ਕਦੋਂ ਆਵਾਂ, ਪਰ ਮੇਰਾ ਵਾਅਦਾ ਰਿਹਾ ਕਿ ਅਠਾਂ ਪਹਿਰਾਂ ਵਿਚ ਕਿਸੇ ਇਕ ਛਿਣ, ਮੈਂ ਤੁਹਾਡੇ ਨਾਲ ਹੋਵਾਂਗਾ। ਮੇਰੀ ਇਲਾਹੀ ਸ਼ਕਤੀ ਤੁਹਾਡੀ ਹੋਵੇਗੀ।" ਰੱਬ ਨੇ ਸਮਝਾਇਆ, "ਪਰ ਇਹ ਛਿਣ ਤੁਹਾਨੂੰ ਖੁਦ ਉਡੀਕਣਾ ਪਏਗਾ।"

ਸੋ ਉਦੋਂ ਤੋਂ ਰੱਬ ਹਰੇਕ ਪ੍ਰਾਣੀ ਦੇ ਹਿਰਦੇ ਅੰਦਰ ਇਕ ਛਿਣ ਵਾਸਤੇ ਆ ਕੇ ਬੈਠਦਾ ਹੈ। ਉਸ ਪਲ ਬੰਦਾ ਮਨੁੱਖ ਨਹੀਂ ਖੁਦਾ ਹੁੰਦਾ ਹੈ।

ਰਹੱਸ ਦੀ ਇਹ ਗੱਲ ਇਕ ਸਾਧ ਨੇ ਆਪਣੇ ਮੁਰੀਦ ਨੂੰ ਸੁਣਾਈ ਤਾਂ ਉਹਦਾ ਮੁਰੀਦ ਪੁਛਣ ਲਗਾ, "ਕੀ ਇਹ ਛਿਣ ਮੇਰੇ ਅੰਦਰ ਵੀ ਆਉਂਦਾ ਏ ?"

"ਹਾਂ, ਸਾਰੀ ਲੁਕਾਈ ਦੇ ਅੰਦਰ, ਤੂੰ ਦੁਨੀਆਂ ਤੋਂ ਵਖਰਾ ਥੋੜਾ ਏਂ।"

"ਉਸ ਪਲ ਜੋ ਵੀ ਮੰਗਿਆ ਜਾਵੇ, ਕੀ ਉਹ ਜ਼ਰੂਰ ਪ੍ਰਾਪਤ ਹੁੰਦਾ ਏ ?"

"ਕਿਉਂ ਨਹੀਂ ?"

"ਭਾਵੇਂ ਦੁਨਿਆਵੀ ਪਦਾਰਥ ਹੀ ਮੰਗ ਲਏ ਜਾਣ ...।"

"ਬੇਸ਼ਕ, ਪਰ ਉਸ ਛਿਣ ਨੂੰ ਫੜਨਾ ਬੜਾ ਕਠਿਨ ਏ।"

"ਇਹ ਵੀ ਕੋਈ ਮੁਸ਼ਕਲ ਗੱਲ ਏ, ਮਹਾਰਾਜ !" ਤੇ ਉਹ ਮੁਰੀਦ ਉਸੇ ਵੇਲੇ ਘਰ ਗਿਆ ਅਤੇ ਨਹਾ ਧੋ ਕੇ, ਇਕ ਗੁਠਾਂ ਵਿਚ ਧੂਪ ਧੁਖਾ ਕੇ ਬੈਠ ਗਿਆ। ਫੇਰ ਉਹਨੇ ਰਸੋਈ ਵਿਚੋਂ ਪਿੱਤਲ ਦੀ ਗਾਗਰ ਕੱਢ ਕੇ ਆਪਣੇ ਅਗੇ ਰਖ ਲਈ ਤੇ ਜਾਪ ਕਰਨ ਲਗਾ, "ਇਹ ਗਾਗਰ ਸੋਨੇ ਦੀ ਬਣ ਜਾਵੇ।" ਉਹਦਾ ਵਿਚਾਰ ਸੀ ਕਿ ਅੱਠਾਂ ਪਹਿਰਾਂ ਵਿਚ ਇਕ ਛਿਣ ਤਾਂ ਆਵੇਗਾ, ਜਦੋਂ ਉਹ ਖੁਦਾ ਹੋਵੇਗਾ ਤਾਂ ਉਹਦਾ ਬਚਨ ਸਹਿਜੇ ਹੀ ਪੂਰਾ ਹੋ ਜਾਵੇਗਾ। ਇਸ ਤਰ੍ਹਾਂ ਦਿਨ ਭਰ ਦੀ ਸਾਧਨਾ ਨਾਲ ਉਹ ਸਾਰੀ ਉਮਰ ਵਾਸਤੇ ਧਨ ਦੌਲਤ ਇਕਠਾ ਕਰ ਲਵੇਗਾ।

ਸਾਰਾ ਦਿਨ ਮੁਰੀਦ ਨੇ ਇਕੋ ਰਟ ਲਗਾਈ ਰਖੀ, "ਇਹ ਗਾਗਰ ਸੋਨੇ ਦੀ ਬਣ ਜਾਵੇ।"

ਇਕ ਪਹਿਰ ਬੀਤ ਗਿਆ।

ਦੂਜਾ ਪਹਿਰ ਬੀਤ ਗਿਆ।

ਇਸ ਤਰ੍ਹਾਂ ਇਕ ਇਕ ਕਰਕੇ ਸਤ ਪਹਿਰ ਬੀਤ ਗਏ। ਹੁਣ ਅਠਵਾਂ ਪਹਿਰ ਚਲ ਰਿਹਾ ਸੀ। ਮੁਰੀਦ ਬੋਲ ਬੋਲ ਕੇ ਥਕ ਗਿਆ ਸੀ। ਹੁਣ ਉਹ ਖਿਝ ਗਿਆ ਸੀ। ਅਖੀਰ ਉਹਦੇ ਤੋਂ ਹੋਰ ਸਬਰ ਨਾ ਹੋ ਸਕਿਆ ਤੇ ਉਹ ਖਿਝ ਕੇ ਕਹਿਣ ਲਗਾ, "ਸਹੁਰੀ ਦੀਏ, ਜੇ ਸੋਨੇ ਦੀ ਨਹੀਂ ਊ ਬਣਨਾ ਤਾਂ ਮਿੱਟੀ ਦੀ ਹੀ ਬਣ ਜਾ।" ਉਸੇ ਛਿਣ ਉਹ ਗਾਗਰ ਮਿੱਟੀ ਦੀ ਬਣ ਗਈ।

ਮੁਰੀਦ ਮਥੇ ਤੇ ਹਥ ਮਾਰਦਾ ਹੋਇਆ ਕਹਿਣ ਲਗਾ, "ਵਾਹ ਨੀ ਹੋਣੀਏ ! ਜਿਸ ਛਿਣ ਮੈਂ ਖੁਦਾ ਬਣਿਆ ਸਾਂ, ਉਸ ਛਿਣ ਮੈਂ ਕੀ ਮੰਗ ਬੈਠਾ !"

ਆਪੋ ਆਪਣਾ ਸੁਭਾਅ

ਇਕ ਵਾਰ ਕੋਈ ਮਹਾਤਮਾ ਕਿਸੇ ਨਦੀ ਦੇ ਕੰਢੇ ਦਰਖਤ ਹੇਠ ਬੈਠਾ ਤਪਸਿਆ ਕਰ ਰਿਹਾ ਸੀ। ਉਸ ਨੂੰ ਇਕ ਅਠੂਆਂ ਪਾਣੀ ਵਿਚ ਰੁੜ੍ਹਦਾ ਵਿਖਾਈ ਦਿਤੀ। ਮਹਾਤਮਾ ਨੇ ਇਕ ਟਹਿਣੀ ਨਾਲ ਅਠੂਏਂ ਨੂੰ ਪਾਣੀ ਵਿਚੋਂ ਬਾਹਰ ਕਢਿਆ ਅਤੇ ਫਿਰ ਆਪਣੇ ਸਿਮਰਨ ਵਿਚ ਲੀਨ ਹੋ ਗਿਆ।

ਅਠੂਆਂ ਰੀਂਘਦਾ ਹੋਇਆ ਮਹਾਤਮਾ ਦੇ ਪੈਰਾਂ ਕੋਲ ਆ ਗਿਆ ਅਤੇ ਡੰਗ ਮਾਰਨ ਹੀ ਲਗਾ ਸੀ ਕਿ ਮਹਾਤਮਾ ਦਾ ਧਿਆਨ ਉਖੜ ਕੇ ਅਠੂਏਂ ਵਲ ਚਲਾ ਗਿਆ। ਮਹਾਤਮਾ ਨੇ ਅਠੂਏਂ ਨੂੰ ਇਕ ਟਹਿਣੀ ਨਾਲ ਝਾੜੀਆਂ ਵਲ ਧਕ ਦਿਤਾ। ਝਟ ਕੁ ਮਗਰੋਂ ਫਿਰ ਅਠੂਆਂ ਰੀਂਘਦਾ ਹੋਇਆ ਮਹਾਤਮਾ ਦੇ ਪੈਰਾਂ ਉਤੇ ਚੜ੍ਹ ਆਇਆ ਤੇ ਡੰਗ ਮਾਰ ਗਿਆ। ਮਹਾਤਮਾ ਨੇ ਇਕ ਚੀਸ ਵੱਟੀ ਤੇ ਅਠੂਏਂ ਨੂੰ ਫਿਰ ਟਹਿਣੀ ਨਾਲ ਦੂਰ ਝਾੜੀਆਂ ਵਲ ਸੁਟ ਦਿਤਾ। ਝਟ ਕੁ ਲੰਘਿਆ ਤਾਂ ਅਠੂਆਂ ਫਿਰ ਰੀਂਘਦਾ ਹੋਇਆ ਮਹਾਤਮਾ ਦੀਆਂ ਲਤਾਂ ਉਪਰ ਜਾ ਚੜ੍ਹਿਆ ਅਤੇ ਇਕ ਹੋਰ ਡੰਗ ਮਾਰ ਗਿਆ। ਪਰ ਮਹਾਤਮਾ ਨੇ ਉਸ ਨੂੰ ਮਾਰਨ ਦੀ ਥਾਂ ਫਿਰ ਟਹਿਣੀ ਨਾਲ ਚੁਕ ਕੇ ਝਾੜੀ ਵਿਚ ਸੁਟ ਦਿਤਾ। ਇਸ ਤਰ੍ਹਾਂ ਕਈ ਵਾਰ ਹੋਇਆ।

ਇਹ ਅਜੀਬ ਨਜ਼ਾਰਾ ਨਦੀ ਦੇ ਕੰਢੇ ਖਲੋਤਾ ਇਕ ਗ੍ਰਹਿਸਤੀ ਵੇਖ ਰਿਹਾ ਸੀ। ਉਸਨੇ ਹੈਰਾਨੀ ਨਾਲ ਮਹਾਤਮਾ ਤੋਂ ਪੁਛਿਆ, "ਮਹਾਰਾਜ, ਇਹ ਅਠੂਆਂ ਤੁਹਾਨੂੰ ਕਈ ਵਾਰ ਡੰਗ ਮਾਰ ਚੁਕਾ ਹੈ, ਪਰ ਤੁਸੀਂ ਇਸ ਨੂੰ ਮਾਰਨ ਦੀ ਬਜਾਏ ਹਰ ਵਾਰ ਝਾੜੀਆਂ ਵਿਚ ਕਿਉਂ ਸੁਟ ਰਹੇ ਹੋ। ਇਸ ਗੱਲ ਵਿਚ ਕੀ ਭੇਤ ਏ ?"

ਮਹਾਤਮਾ ਮੁਸਕਰਾ ਕੇ ਕਹਿਣ ਲਗਾ, "ਬੇਟਾ, ਇਸ ਜੀਵ ਦਾ ਸੁਭਾਅ ਡੰਗ ਮਾਰਨਾ ਏ। ਇਸ ਨਾਲ ਕੋਈ ਬੁਰਾ ਕਰੇ, ਭਾਵੇਂ ਭਲਾ, ਇਸਨੇ ਤਾਂ ਉਹਨੂੰ ਡੰਗ ਹੀ ਮਾਰਨਾ ਹੋਇਆ। ਆਪਣਾ ਸੁਭਾਅ ਇਹਨੇ ਨਹੀਂ ਛੱਡਣਾ। ਸਾਧੂ-ਜਨਾਂ

ਦਾ ਸੁਭਾਅ ਖਿਮਾ ਕਰਨਾ ਏ, ਜੇ ਇਹ ਨਿਮਾਣਾ ਜੀਵ ਆਪਣਾ ਸੁਭਾਅ ਨਹੀਂ ਛੱਡਦਾ ਤਾਂ ਮੈਂ ਇਨਸਾਨ ਹੋ ਕੇ ਆਪਣਾ ਖਿਮਾ ਕਰਨ ਦਾ ਸੁਭਾਅ ਕਿਵੇਂ ਛੱਡ ਦੇਵਾਂ।"

ਸੱਚ ਤੇ ਝੂਠ

ਕਿਸੇ ਸਾਧ ਤੋਂ ਇਕ ਗ੍ਰਹਿਸਤੀ ਨੇ ਪੁਛਿਆ, "ਸੱਚ ਤੇ ਝੂਠ ਵਿਚ ਕਿਤਨਾ ਕੁ ਫਰਕ ਏ ?"

ਸਾਧ ਨੇ ਕਿਹਾ, "ਬਸ ਚਾਰ ਉਂਗਲਾਂ ਦਾ ਏ।"

ਗ੍ਰਹਿਸਤੀ ਨੇ ਹੈਰਾਨ ਹੋ ਕੇ ਪੁਛਿਆ, "ਮਹਾਰਾਜ ! ਇਹ ਕਿਵੇਂ ?"

ਸਾਧ ਨੇ ਆਪਣੇ ਸੱਜੇ ਹੱਥ ਦੀਆਂ ਚਾਰ ਉਂਗਲਾਂ ਸਜੀ ਅੱਖ ਤੇ ਸੱਜੇ ਕੰਨ ਵਿਚਕਾਰ ਰਖਦਿਆਂ ਕਿਹਾ, "ਬੇਸ਼ਕ ਵੇਖ ਲਓ, ਅੱਖ ਤੇ ਕੰਨ ਵਿਚ ਚੋਹਾਂ ਉਂਗਲਾਂ ਦਾ ਹੀ ਫਰਕ ਹੈ। ਅੱਖ ਨਾਲ ਵੇਖੀ ਗੱਲ ਹੀ ਸੱਚੀ ਸਮਝਣੀ ਚਾਹੀਦੀ ਏ। ਕੰਨਾਂ ਨਾਲ ਸੁਣੀ ਗੱਲ ਝੂਠੀ ਵੀ ਹੋ ਸਕਦੀ ਏ।"

ਅੰਨ੍ਹੇ ਤੇ ਸੁਜਾਖੇ

ਇਕ ਫਕੀਰ ਤੋਂ ਕਿਸੇ ਸਜਨ ਪੁਰਸ਼ ਨੇ ਪੁਛਿਆ, "ਫਕੀਰ ਜੀ, ਦੁਨੀਆਂ ਵਿਚ ਸੁਜਾਖੇ ਬਹੁਤੇ ਨੇ ਜਾਂ ਅੰਨ੍ਹੇ ?"

ਫਕੀਰ ਨੇ ਸਜਨ ਪੁਰਸ਼ ਨੂੰ ਕਿਹਾ, "ਦੁਨੀਆਂ ਵਿਚ ਬਹੁਤੇ ਲੋਕ ਅੰਨ੍ਹੇ ਨੇ, ਉਨ੍ਹਾਂ ਨੂੰ ਅੱਖੋਂ ਉਕਾ ਨਹੀਂ ਦਿਸਦਾ।"

ਉਹ ਸਜਨ ਹੈਰਾਨ ਹੋ ਕੇ ਕਹਿਣ ਲਗਾ, "ਮੈਨੂੰ ਤਾਂ ਅੰਨ੍ਹੇ ਬਹੁਤ ਹੀ ਘਟ ਨਜ਼ਰ ਆਂਦੇ ਨੇ, ਤੁਹਾਡੀ ਗੱਲ ਮਨ ਮੰਨਦਾ ਨਹੀਂ।"

ਫਕੀਰ ਨੇ ਕਿਹਾ, "ਕਲ੍ਹ ਤੂੰ ਬਜ਼ਾਰ ਵਿਚ ਬਹਿ ਕੇ ਮੁੰਜ ਵਟਣੀ ਸ਼ੁਰੂ ਕਰ ਦੇਵੀਂ। ਜੋ ਕੁਝ ਤੇਰੇ ਨਾਲ ਬੀਤੇ ਮੈਨੂੰ ਆ ਦਸੀਂ।"

ਸਜਨ ਪੁਰਸ਼ ਮੁੰਜ ਲੈ ਕੇ ਬਜ਼ਾਰ ਵਿਚ ਵਟਣ ਲਗ ਪਿਆ। ਜਿਹੜਾ ਕੋਈ ਵੀ ਉਸ ਦਾ ਵਾਕਫ ਜਾਂ ਰਿਸ਼ਤੇਦਾਰ ਉਥੋਂ ਦੀ ਲੰਘਦਾ, ਉਸ ਤੋਂ ਇਹੋ ਗੱਲ ਪੁਛਦਾ, "ਸ਼ਾਹ ਜੀ, ਕੀ ਪਏ ਕਰਦੇ ਹੋ ?"

ਸਜਨ ਪੁਰਸ਼ ਨੇ ਵੇਖਿਆ ਕਿ ਸਭ ਲੋਕ ਮੁੰਜ ਵਟਦਿਆਂ ਵੇਖ ਕੇ ਵੀ ਇਹੋ

ਗੱਲ ਪੁਛਦੇ ਨੇ, ਕਿ ਸ਼ਾਹ ਜੀ, ਕੀ ਪਏ ਕਰਦੇ ਹੋ। ਜੇ ਉਨ੍ਹਾਂ ਦੀਆਂ ਅੱਖਾਂ ਹੁੰਦੀਆਂ ਤਾਂ ਉਹ ਇਹ ਸਵਾਲ ਕਦੇ ਨਾ ਪੁਛਦੇ।

ਇਕ ਪਾਸੇ

ਇਕ ਸਾਧੂ ਪਿੰਡੋਂ ਬਾਹਰ ਝੁੱਗੀ ਪਾ ਕੇ ਰਹਿੰਦਾ ਸੀ। ਇਕ ਦਿਨ ਉਸ ਦਾ ਦਿਲ ਕੀਤਾ ਕਿ ਸ਼ਹਿਰ ਜਾ ਕੇ ਘੁੰਮ-ਫਿਰ ਆਏ ਅਤੇ ਸ਼ਹਿਰ ਦੇ ਰੰਗ-ਤਮਾਸ਼ੇ ਅਤੇ ਰੌਣਕ ਵੀ ਵੇਖ ਆਏ। ਉਹ ਸ਼ਹਿਰ ਵਲ ਤੁਰ ਪਿਆ। ਰਾਹ ਵਿਚ ਸਾਧੂ ਨੂੰ ਭੁਖ ਲਗੀ। ਇਕ ਮੁਹਲੇ ਵਿਚੋਂ ਲੰਘਦਿਆਂ, ਸਾਧੂ ਇਕ ਪਲ ਲਈ, ਕਿਸੇ ਬੂਹੇ ਅਗੇ ਜਾ ਰੁਕਿਆ। ਉਹ ਸੋਚ ਹੀ ਰਿਹਾ ਸੀ ਕਿ ਖਾਣ ਲਈ ਕੁਝ ਮੰਗੇ ਜਾਂ ਨਾ ਮੰਗੇ।

ਘਰ ਦੀ ਸੁਆਣੀ ਬੂਹੇ ਅਗੇ ਝਾੜੂ ਫੇਰ ਰਹੀ ਸੀ। ਉਸ ਨੇ ਸਾਧੂ ਨੂੰ ਖਲੋਤਾ ਵੇਖ ਕੇ ਕਿਹਾ, "ਭਾਈ, ਇਕ ਪਾਸੇ ਹੋ ਜਾ।"

ਸਾਧੂ ਦੇ ਕੰਨਾਂ ਵਿਚ ਇਹ ਬੋਲ ਬਿਜਲੀ ਵਾਂਗ ਪਏ ਅਤੇ ਉਸ ਦੇ ਦਿਲ ਉਪਰ ਡੂੰਘਾ ਅਸਰ ਕਰ ਗਏ। ਉਸ ਦੇ ਅੰਦਰ ਹਲਚਲ ਜਿਹੀ ਮਚ ਗਈ। ਸਾਧੂ ਝੱਟ ਉਸ ਤੀਵੀਂ ਦੇ ਪੈਰਾਂ ਉਪਰ ਜਾ ਡਿੱਗਾ ਅਤੇ ਕਹਿਣ ਲਗਾ, "ਤੂੰ ਮੈਨੂੰ ਅਸਲੀ ਰਾਹ ਦਸਿਆ ਏ। ਮੈਂ ਸਾਧੂ ਬਣ ਕੇ ਵੀ ਦੋਵੇਂ ਪਾਸੇ ਰਖਣਾ ਚਾਹੁੰਦਾ ਸਾਂ। ਸੰਸਾਰ ਵੀ ਅਤੇ ਪ੍ਰਲੋਕ ਵੀ, ਪਰ ਤੂੰ ਮੈਨੂੰ ਗਿਆਨ ਦੇ ਦਿਤਾ ਏ। ਹੁਣ ਮੈਂ ਸੰਸਾਰ ਨੂੰ ਤਿਆਗ ਕੇ ਪ੍ਰਲੋਕ ਨੂੰ ਹੀ ਸੰਵਾਰਨ ਦਾ ਜਤਨ ਕਰਾਂਗਾ।"

ਤੀਵੀਂ ਦੇ ਪੱਲੇ ਕੁਝ ਵੀ ਨਾ ਪਿਆ। ਸਾਧੂ ਆਪਣੀ ਕੁਟੀਆ ਵਲ ਪਰਤ ਆਇਆ ਅਤੇ ਉਸ ਫੈਸਲਾ ਕਰ ਲਿਆ ਕਿ ਉਹ ਬਾਕੀ ਜ਼ਿੰਦਗੀ ਸੰਸਾਰ ਤੋਂ ਨਿਰਲੇਪ ਰਹਿ ਕੇ ਗੁਜ਼ਾਰੇਗਾ।

ਗੱਲ ਪੁਛਣ ਦਾ ਢੰਗ

ਇਕ ਵਾਰ ਇਕ ਸੱਜ ਵਿਆਹੀ ਕੁੜੀ ਨੂੰ ਉਸ ਦੇ ਪਤੀ ਨੇ ਕਿਹਾ, "ਮੈਂ ਦੁੱਧ ਲੈ ਆਉਂਦਾ ਹਾਂ, ਤੂੰ ਅਜ ਖੀਰ ਬਣਾ ਕੇ ਖਵਾ।" ਉਸ ਕੁੜੀ ਨੂੰ ਖੀਰ ਬਣਾਉਣੀ ਨਹੀਂ ਸੀ ਆਉਂਦੀ, ਪਰ ਉਹ ਪਤੀ ਸਾਹਮਣੇ ਨੀਵੀਂ ਨਹੀਂ ਸੀ ਪੈਣਾ ਚਾਹੁੰਦੀ। ਝਟ ਕਹਿਣ ਲਗੀ, "ਤੁਸੀਂ ਦੁੱਧ ਲੈ ਆਓ, ਮੈਂ ਤੁਹਾਨੂੰ ਬੜੀ ਵਧੀਆ ਖੀਰ ਰਿੰਨ੍ਹ ਕੇ ਖਵਾਵਾਂਗੀ,

ਮੇਰੀ ਰਿੰਨ੍ਹੀ ਖੀਰ ਤਾਂ ਘਰ ਦੇ ਉਂਗਲਾਂ ਚਟ ਚਟ ਕੇ ਖਾਂਦੇ ਸਨ।" ਪਤੀ ਦੁੱਧ ਲਿਆ ਕੇ ਕੰਮ ਉਤੇ ਚਲਿਆ ਗਿਆ।

ਪਿਛੋਂ ਉਹ ਕੁੜੀ ਇਕ ਬੁਢੀ ਗੁਆਂਢਣ ਕੋਲ ਗਈ ਅਤੇ ਖੀਰ ਰਿੰਨ੍ਹਣ ਦਾ ਢੰਗ ਪੁਛਿਆ।

ਬੁਢੀ ਨੇ ਕਿਹਾ, "ਪਹਿਲਾਂ ਦੁੱਧ ਉਬਾਲ ਲਈਂ।"

ਕੁੜੀ, "ਇਹ ਤਾਂ ਮੈਨੂੰ ਪਤੈ।"

ਬੁਢੀ, "ਫਿਰ ਚਾਵਲ ਪਾਣੀ 'ਚ ਭਿਉਂ ਕੇ ਤੇ ਸਾਫ ਕਰ ਕੇ ਦੁੱਧ ਵਿਚ ਪਾ ਦੇਈਂ।"

ਕੁੜੀ, "ਇਹ ਵੀ ਮੈਨੂੰ ਪਤੈ।"

ਬੁਢੀ, "ਫਿਰ ਥੋੜ੍ਹੀ ਜਿਹੀ ਖੰਡ, ਲੋੜ ਅਨੁਸਾਰ ਬਦਾਮਾਂ ਦੀਆਂ ਗਿਰੀਆਂ, ਮੇਵਾ ਆਦਿ ਵੀ ਪਾ ਦੇਵੀਂ। ਖੀਰ ਬੜੀ ਸਵਾਦਲੀ ਬਣ ਜਾਵੇਗੀ।"

ਕੁੜੀ, "ਮਾਸੀ ਇਹ ਤਾਂ ਮੈਨੂੰ ਸਭ ਕੁਝ ਪਤਾ ਹੈ।"

ਬੁਢੀ ਜੋ ਕੁਝ ਗੱਲ ਕਹਿੰਦੀ ਜਾਂਦੀ, ਸੱਜ ਵਿਆਹੀ ਕੁੜੀ ਸੁਣ ਕੇ ਝਟ ਕਹਿ ਦੇਂਦੀ ਕਿ ਇਹ ਤਾਂ ਮੈਨੂੰ ਪਤਾ ਏ। ਬੁਢੀ ਨੂੰ ਬੜੀ ਖਿਝ ਚੜ੍ਹੀ। ਉਸ ਨੂੰ ਪਤਾ ਸੀ ਕਿ ਕੁੜੀ ਨੂੰ ਖੀਰ ਰਿੰਨ੍ਹਣੀ ਨਹੀਂ ਆਉਂਦੀ। ਪਰ ਇਹ ਐਵੇਂ ਚਾਤਰੀ ਵਿਖਾ ਰਹੀ ਹੈ। ਸੋ ਬੁਢੀ ਨੇ ਕੁੜੀ ਨੂੰ ਪਰਖਣਾ ਚਾਹਿਆ ਤੇ ਕਹਿਣ ਲਗੀ, "ਜਿਸ ਵੇਲੇ ਜ਼ਰਾ ਦੁੱਧ ਸੰਘਣਾ ਹੋ ਜਾਵੇ ਤਾਂ ਉਸ ਵਿਚ ਦੋ ਨਿੰਬੂਆਂ ਦਾ ਰਸ ਨਚੋੜ ਦੇਵੀਂ, ਬਸ ਵਧੀਆ ਖੀਰ ਤਿਆਰ ਹੋ ਜਾਵੇਗੀ।" ਕੁੜੀ ਬੜੇ ਵਿਸ਼ਵਾਸ ਨਾਲ ਕਹਿਣ ਲਗੀ, "ਮਾਸੀ, ਇਹ ਵੀ ਮੈਨੂੰ ਪਤੈ।" ਤੇ ਵੇਖਦੇ ਵੇਖਦੇ ਆਪਣੇ ਘਰ ਵਲ ਦੌੜ ਗਈ। ਬੁਢੀ ਹੈਰਾਨ ਹੋਈ ਵੇਖਦੀ ਹੀ ਰਹਿ ਗਈ।

ਘਰ ਆ ਕੇ ਸੱਜ ਵਿਆਹੀ ਨੇ ਬੁਢੀ ਦੇ ਦਸੇ ਅਨੁਸਾਰ ਪਹਿਲਾਂ ਦੁੱਧ ਉਬਾਲਣਾ ਧਰਿਆ। ਫਿਰ ਚਾਵਲ ਧੋ ਕੇ ਦੁੱਧ ਵਿਚ ਪਾਏ। ਇਸ ਤੋਂ ਬਾਅਦ ਖੰਡ, ਸੌਗੀ ਤੇ ਬਦਾਮਾਂ ਦੀਆਂ ਗਿਰੀਆਂ ਲੋੜ ਅਨੁਸਾਰ ਪਾਈਆਂ ਤੇ ਜਦੋਂ ਦੁੱਧ ਸੰਘਣਾ ਹੋ ਗਿਆ ਅਤੇ ਚਾਵਲ ਕੁਝ ਨਰਮ ਹੋ ਗਏ ਤਾਂ ਉਸ ਅੱਗ ਖਿੱਚ ਦਿਤੀ ਅਤੇ ਖੀਰ ਵਿਚ ਦੋ ਨਿੰਬੂ ਨਿਚੋੜ ਦਿਤੇ।

ਗਰਮ ਖੀਰ ਵਿਚ ਨਿੰਬੂ ਨਚੋੜਨ ਦੀ ਢਿਲ ਸੀ ਕਿ ਦੁੱਧ ਫਿੱਟ ਗਿਆ ਤੇ ਖਟਾਸ ਛੱਡ ਗਿਆ।

ਸ਼ਾਮੀਂ ਜਦੋਂ ਪਤੀ ਘਰ ਆਇਆ ਤਾਂ ਪਤਨੀ ਨੇ ਕਟੋਰੇ ਵਿਚ ਖੀਰ ਪਾ ਕੇ ਉਸ ਦੇ ਅਗੇ ਰਖੀ। ਫਿੱਟੇ ਹੋਏ ਦੁੱਧ ਵਾਲੀ ਖਟੁਮਰੀ ਤੇ ਬਕ-ਬਕੀ ਖੀਰ ਵੇਖ ਕੇ ਪਤੀ ਗੁਸੇ ਨਾਲ ਕਹਿਣ ਲਗਾ, "ਇਹ ਜਾਚ ਕਿਥੋਂ ਸਿਖੀ ਆ ?"

ਪਤਨੀ ਕਹਿਣ ਲਗੀ, "ਨਾਲ ਵਾਲੀ ਮਾਸੀ ਨੇ ਹੀ ਕਿਹਾ ਸੀ ਕਿ ਅਖੀਰ ਵਿਚ ਨਿੰਬੂ ਨਚੋੜ ਦੇਈਂ।"

ਪਤੀ ਨੂੰ ਬੜਾ ਰੋਹ ਚੜ੍ਹਿਆ ਤੇ ਉਹ ਲਾਲ-ਪੀਲਾ ਹੁੰਦਾ ਬੁਢੀ ਮਾਸੀ ਕੋਲ

ਗਿਆ ਤੇ ਕਹਿਣ ਲਗਾ, "ਮਾਸੀ, ਜੇ ਕਿਸੇ ਨੂੰ ਮੱਤ ਨਹੀਂ ਦੇਣੀ ਹੁੰਦੀ ਤਾਂ ਕੁਮੱਤ ਵੀ ਦੇਣੀ ਚੰਗੀ ਨਹੀਂ।"

ਬੁਢੀ ਕਹਿਣ ਲਗੀ, "ਪੁਤਰ, ਤੇਰੀ ਵਹੁਟੀ ਮੇਰੇ ਕੋਲੋਂ ਖੀਰ ਰਿੰਨ੍ਹਣ ਦਾ ਤਰੀਕਾ ਪੁਛਣ ਆਈ ਸੀ। ਮੈਂ ਜਿਹੜੀ ਗੱਲ ਦਸੀ ਜਾਵਾਂ, ਉਹ ਆਖੀ ਜਾਵੇ, ਇਹ ਤਾਂ ਮੈਨੂੰ ਪਤਾ ਏ। ਮੈਂ ਅਜ਼ਮਾਣ ਲਈ ਕਿਹਾ ਕਿ ਅਖੀਰ ਵਿਚ ਖੀਰ ਵਿਚ ਦੋ ਨਿੰਬੂ ਨਚੋੜ ਦੇਵੀਂ ਅਤੇ ਉਹ ਇਹ ਕਹਿੰਦੀ ਹੋਈ ਕਿ ਇਹ ਵੀ ਪਤੈ ਉਥੋਂ ਦੌੜ ਗਈ। ਦਸ, ਇਸ ਵਿਚ ਮੇਰਾ ਕੀ ਦੋਸ਼ ਏ, ਜੇ ਕਿਸੇ ਤੋਂ ਮੱਤ ਲੈਣੀ ਹੋਵੇ ਤਾਂ ਤਰੀਕੇ ਨਾਲ ਲੈਣੀ ਚਾਹੀਦੀ ਏ।"

ਪਤੀ ਸ਼ਰਮਿੰਦਾ ਹੋ ਕੇ ਘਰ ਪਰਤ ਆਇਆ।

ਮਰਦ ਦੀ ਮੁੱਛ

ਇਕ ਹਟਵਾਣੀਆਂ ਸ਼ਹਿਰ ਸੌਦਾ ਖਰੀਦਣ ਵਾਸਤੇ ਗਿਆ। ਉਸ ਨੇ ਬਹੁਤ ਸਾਰਾ ਕਰਿਆਨਾ ਖਰੀਦ ਲਿਆ। ਜਦੋਂ ਹਿਸਾਬ ਕੀਤਾ ਤਾਂ ਰਕਮ ਕਾਫੀ ਸਾਰੀ ਬਣ ਗਈ। ਹਟਵਾਣੀਏ ਕੋਲ ਇਤਨੇ ਪੈਸੇ ਨਹੀਂ ਸਨ। ਸੋ ਉਸ ਨੇ ਥੋਕ ਦੇ ਵਪਾਰੀ ਨੂੰ ਕਿਹਾ, "ਰੁਪਏ ਜ਼ਿਆਦਾ ਬਣ ਗਏ ਨੇ, ਮੇਰੇ ਕੋਲ ਪੂਰੀ ਰਕਮ ਨਹੀਂ, ਹੁਣ ਕੀ ਕੀਤਾ ਜਾਵੇ ?"

"ਤੇਰਾ ਇਥੇ ਕੋਈ ਜ਼ਾਮਨੀ ਏ ਤਾਂ ਉਹਦੀ ਪਛਾਣ ਤੇ ਮੈਂ ਤੈਨੂੰ ਸਾਰਾ ਸੌਦਾ ਉਧਾਰਾ ਦੇ ਸਕਦਾ ਹਾਂ।" ਵਪਾਰੀ ਨੇ ਹਟਵਾਣੀਏ ਨੂੰ ਤਸਲੀ ਦਿੰਦੇ ਹੋਏ ਕਿਹਾ।

"ਮੈਂ ਇਸ ਸ਼ਹਿਰ ਵਿਚ ਪਹਿਲੀ ਵਾਰ ਸੌਦਾ ਖਰੀਦਣ ਆਇਆਂ। ਮੈਂ ਪਿੰਡ ਦਾ ਰਹਿਣ ਵਾਲਾ ਹਾਂ, ਇਥੇ ਮੈਨੂੰ ਕੋਈ ਨਹੀਂ ਜਾਣਦਾ।" ਹਟਵਾਣੀਏ ਨੇ ਨਿਮੋਝੂਣ ਹੋ ਕੇ ਕਿਹਾ। ਫਿਰ ਉਹਨੂੰ ਕੁਝ ਖਿਆਲ ਆਇਆ ਤੇ ਉਤਸ਼ਾਹ ਨਾਲ ਕਹਿਣ ਲਗਾ, "ਮੈਂ ਤੁਹਾਨੂੰ ਆਪਣੀ ਮੁੱਛ ਦਾ ਵਾਲ ਦੇ ਸਕਦਾ ਹਾਂ। ਅਗਲੇ ਫੇਰੇ ਪੈਸੇ ਦੇ ਕੇ ਵਾਲ ਵਾਪਿਸ ਲੈ ਜਾਵਾਂਗਾ।"

ਵਪਾਰੀ ਮੁਸਕਰਾ ਪਿਆ ਤੇ ਹਟਵਾਣੀਏਂ ਵਲ ਨਜ਼ਰ ਭਰ ਕੇ ਸਿਰ ਤੋਂ ਪੈਰਾਂ ਤਕ ਵੇਖਿਆ ਤੇ ਕਿਹਾ, "ਅੱਛਾ, ਠੀਕ ਏ ! ਤੂੰ ਆਪਣੀ ਮੁੱਛ ਦਾ ਵਾਲ ਹੀ ਦੇ ਜਾ। ਮੈਨੂੰ ਮੰਨਜ਼ੂਰ ਏ।"

ਹਟਵਾਣੀਏਂ ਨੇ ਆਪਣੀ ਮੁੱਛ ਨਾਲੋਂ ਇਕ ਵਾਲ ਤੋੜਿਆ ਤੇ ਵਪਾਰੀ ਦੇ ਹੱਥਾਂ ਵਿਚ ਫੜਾ ਦਿਤਾ। ਵਪਾਰੀ ਨੇ ਵਾਲ ਨੂੰ ਘੁੰਮਾ ਫਿਰਾ ਕੇ ਵੇਖਿਆ ਤੇ ਹਸ ਕੇ ਕਹਿਣ ਲਗਾ, "ਇਹ ਵਾਲ ਵਿੰਗਾ ਟੇਢਾ ਏ, ਨਾਲੇ ਛੋਟਾ ਏ, ਕੋਈ ਵਡਾ ਸਾਰਾ ਵਾਲ ਦੇ ਦਿਓ।"

"ਭਾਵੇਂ ਇਹ ਵਾਲ ਵਿੰਗਾ ਟੇਢਾ ਏ ਤੇ ਭਾਵੇਂ ਛੋਟਾ, ਹੈ ਤਾਂ ਇਹ ਮੇਰੀ ਮੁੱਛ ਦਾ ਏ, ਮਰਦ ਦੀ ਮੁੱਛ ਦਾ। ਇਸ ਵਾਸਤੇ ਤੁਹਾਨੂੰ ਇਹੋ ਲੈਣਾ ਪਏਗਾ।" ਹਟਵਾਣੀਏਂ ਨੇ ਦ੍ਰਿੜ੍ਹਤਾ ਨਾਲ ਕਿਹਾ।

ਵਪਾਰੀ ਨੇ ਉਹ ਵਾਲ ਇਕ ਕਾਗਜ਼ ਵਿਚ ਵਲੇਟ ਦੇ ਆਪਣੀ ਤਿਜੋਰੀ ਵਿਚ ਸੰਭਾਲ ਲਿਆ।

ਪਿੰਡ ਵਾਪਸ ਆ ਕੇ ਉਹਨੇ ਪਤਨੀ ਨੂੰ ਸਾਰੀ ਗੱਲ ਦਸੀ, ਪਤਨੀ ਨੇ ਗੁਆਂਢਣ ਨੂੰ ਜਾ ਦਸੀ। ਹੌਲੇ ਹੌਲੇ ਇਹ ਗੱਲ ਸਾਰੇ ਪਿੰਡ ਵਿਚ ਖਿੰਡ ਗਈ ਕਿ ਹਟਵਾਣੀਆਂ ਮੁੱਛ ਦਾ ਵਾਲ ਦੇ ਕੇ ਢੇਰ ਸਾਰਾ ਸੌਦਾ ਉਧਾਰਾ ਲੈ ਆਇਆ ਹੈ।

ਕੁਝ ਦਿਨਾਂ ਬਾਅਦ ਉਹ ਹਟਵਾਣੀਆਂ ਸ਼ਹਿਰ ਗਿਆ ਤੇ ਵਪਾਰੀ ਦੀ ਬਕਾਇਆ ਰਕਮ ਚੁਕਾ ਕੇ, ਮੁੱਛ ਦਾ ਵਾਲ ਵਾਪਸ ਲੈ ਆਇਆ।

ਉਸੇ ਪਿੰਡ ਵਿਚ ਇਕ ਦੂਜਾ ਹਟਵਾਣੀਆਂ ਰਹਿੰਦਾ ਸੀ—ਪਖੰਡ ਤੇ ਮਨ ਦਾ ਕਾਲਾ। ਉਸ ਨੇ ਜਦੋਂ ਇਹ ਗੱਲ ਸੁਣੀ ਤਾਂ ਉਹ ਵੀ ਇਕ ਦਿਨ ਸ਼ਹਿਰ ਗਿਆ ਤੇ ਉਸ ਵਪਾਰੀ ਦੀ ਦੁਕਾਨ ਤੇ ਪਹੁੰਚ ਕੇ ਸੌਦਾ ਕਢਵਾਣ ਲਗਾ। ਉਹਨੇ ਬਹੁਤਾ ਸਾਰਾ ਮਾਲ ਖ਼ਰੀਦ ਲਿਆ। ਜਦੋਂ ਰਕਮ ਜੋੜੀ ਤਾਂ ਕਾਫੀ ਰੁਪਏ ਬਣ ਗਏ। ਪਖੰਡੀ ਹਟਵਾਣੀਆਂ ਇਕਦਮ ਉਦਾਸ ਜਿਹਾ ਮੂੰਹ ਬਣਾ ਕੇ ਤਰਲੇ ਨਾਲ ਕਹਿਣ ਲਗਾ, "ਭਰਾਵਾ, ਮੇਰੇ ਕੋਲ ਪੈਸੇ ਥੋੜੇ ਨੇ, ਸੌਦਾ ਮੈਂ ਜ਼ਰੂਰ ਖੜਨਾਂ ਏ, ਕੁਝ ਦਿਨਾਂ ਨੂੰ ਤਿਉਹਾਰ ਏ।"

"ਕੋਈ ਜ਼ਾਮਨੀ ਹੋਏ ਤਾਂ ਬੁਲਾ ਲਿਆ। ਮੈਂ ਸੌਦਾ ਦੇ ਦਿੰਦਾ ਆਂ।"

"ਮੈਨੂੰ ਇਸ ਸ਼ਹਿਰ ਵਿਚ ਕੋਈ ਨਹੀਂ ਜਾਣਦਾ", ਫਿਰ ਹਟਵਾਣੀਆਂ ਕੁਝ ਸੋਚ ਕੇ ਕਹਿਣ ਲਗਾ, "ਤੂੰ ਇਉਂ ਕਰ, ਮੇਰੀ ਮੁੱਛ ਦਾ ਵਾਲ ਰਖ ਲੈ। ਅਗਲੇ ਫੇਰੇ ਪੈਸੇ ਦੇ ਕੇ ਵਾਪਿਸ ਲੈ ਜਾਵਾਂਗਾ।"

ਵਪਾਰੀ ਮੰਨ ਗਿਆ।

ਪਖੰਡੀ ਹਟਵਾਣੀਏ ਨੇ ਮੁੱਛਾਂ ਵਿਚੋਂ ਇਕ ਵਾਲ ਤੋੜਿਆ ਤੇ ਵਪਾਰੀ ਦੀ ਤਲੀ ਤੇ ਜਾ ਰਖਿਆ। ਵਪਾਰੀ ਨੇ ਵਾਲ ਨੂੰ ਜ਼ਰਾ ਘੁੰਮਾ ਫਿਰਾ ਕੇ ਵੇਖਿਆ ਤੇ ਕਹਿਣ ਲਗਾ, "ਇਹ ਤਾਂ ਟੇਢਾ ਮੇਢਾ ਏ, ਨਾਲੇ ਛੋਟਾ ਏ, ਕੋਈ ਵਡਾ ਸਾਰਾ ਵਾਲ ਦੇ ਤਾਂ ਜੋ ਸੰਭਾਲ ਕੇ ਰਖ ਸਕਾਂ।"

ਪਖੰਡੀ ਹਟਵਾਣੀਏਂ ਨੇ ਉਸੇ ਵੇਲੇ ਮੁੱਛ ਨਾਲੋਂ ਪੰਜ ਛੇ ਵਾਲ ਤੋੜੇ ਅਤੇ ਵਪਾਰੀ ਦੀ ਤਲੀ ਉਤੇ ਰਖਦੇ ਹੋਏ ਕਿਹਾ, "ਇਹ ਲੈ, ਜਿਹੜਾ ਪਸਿੰਦ ਆਉਂਦਾ ਈ ਚੁਣ ਲੈ, ਬਾਕੀ ਸੁਟ ਦੇਈਂ।"

ਵਪਾਰੀ ਨੇ ਪਖੰਡੀ ਹਟਵਾਣੀਏਂ ਨੂੰ ਬੜੇ ਧਿਆਨ ਨਾਲ ਸਿਰ ਤੋਂ ਪੈਰਾਂ ਤਕ ਵੇਖਿਆ। ਫਿਰ ਉਸ ਨੇ ਵਾਲ ਵਾਪਸ ਕਰਦੇ ਹੋਏ ਕਿਹਾ, "ਇਹ ਸੌਦਾ ਮੈਂ ਨਹੀਂ ਦੇਣਾ। ਤੂੰ ਆਪਣੇ ਵਾਲ ਵਾਪਸ ਲੈ ਲੈ।"

"ਕਿਉਂ ?"

"ਤੇਰੀ ਮੁੱਛ ਮਰਦ ਦੀ ਮੁੱਛ ਨਹੀਂ। ਮਰਦ ਦੀ ਮੁੱਛ ਦਾ ਇੱਕੋ ਵਾਲ ਹੀ ਕਾਫੀ

ਏ, ਉਹ ਭਾਵੇਂ ਟੇਢਾ ਹੋਵੇ ਭਾਵੇਂ ਛੋਟਾ। ਮੈਂ ਤੇਰੇ ਤੇ ਇਤਬਾਰ ਨਹੀਂ ਕਰ ਸਕਦਾ ਤੇਰੇ ਵਾਲ ਦੀ ਕੋਈ ਵੁਕਤ ਨਹੀਂ।"

ਪਖੰਡੀ ਹਟਵਾਣੀਆਂ ਮੂੰਹ ਲਟਕਾਈ ਘਰ ਪਰਤ ਆਇਆ।

ਮੀਆਂ ਮਿਠੂ ਦੀ ਮਜ਼ਾਰ

ਜਿਹਲਮ ਵਿਚ ਰਾਣੀ ਸੁੰਦਰਾਂ ਦੇ ਖੰਡਰਾਂ ਕੋਲ ਮੀਆਂ ਮਿਠੂ ਦੀ ਮਜ਼ਾਰ ਹੈ। ਇਥੇ ਕਦੇ ਲੋਕੀਂ ਔਲਾਦ ਲਈ ਸੁਖਣਾ ਸੁਖਣ ਆਇਆ ਕਰਦੇ ਸਨ। ਪਰ ਹੁਣ ਇਹ ਜਗ੍ਹਾ ਬਿਲਕੁਲ ਤਬਾਹ ਹੋ ਚੁਕੀ ਹੈ ਤੇ ਇਹਦਾ ਨਾਂ ਵੀ ਲੋਕਾਂ ਨੂੰ ਵਿਸਰ ਗਿਆ ਹੈ। ਇਹ ਮਜ਼ਾਰ ਇਕ ਤੋਤੇ ਦੀ ਸੀ।

ਕਹਿੰਦੇ ਨੇ ਜਿਹਲਮ ਦੇ ਇਕ ਰਾਜੇ ਕੋਲ ਬੜਾ ਪਿਆਰਾ ਤੋਤਾ ਸੀ—ਅਕਲਮੰਦ, ਗੱਲਾਂ ਕਰਨ ਦਾ ਚਟੂਰਾ। ਰਾਜਾ ਉਹਨੂੰ ਲਾਡ ਨਾਲ ਮੀਆਂ ਮਿਠੂ ਕਹਿੰਦਾ ਸੀ ਅਤੇ ਵਿਹਲੇ ਵੇਲੇ ਉਹਦੇ ਨਾਲ ਰੋਜ਼ ਝਟ ਕੁ ਸਮਾਂ ਗੁਜ਼ਾਰਦਾ ਸੀ। ਰਾਜਾ ਤੋਤੇ ਨੂੰ ਆਪਣੀ ਹਥੀਂ ਚੂਰੀ ਕੁਟ ਕੇ ਖਵਾਂਦਾ ਸੀ। ਤੋਤਾ ਵੀ ਰਾਜੇ ਨਾਲ ਬੜਾ ਮੋਹ ਕਰਦਾ ਸੀ, ਕਦੇ ਉਹਦੇ ਮੋਢਿਆਂ ਤੇ ਫੁਦਕਦਾ ਫਿਰਦਾ, ਕਦੇ ਚਹਿਕ ਕੇ ਰਾਜੇ ਦਾ ਮਨ ਪ੍ਰਚਾਂਦਾ।

ਰਾਜੇ ਨੇ ਤੋਤੇ ਵਾਸਤੇ ਮਹਿਲਾਂ ਵਿਚ ਹਰ ਤਰ੍ਹਾਂ ਦੇ ਅਰਾਮ ਤੇ ਸਹੂਲਤਾਂ ਦਾ ਪ੍ਰਬੰਧ ਕੀਤਾ ਹੋਇਆ ਸੀ। ਤੋਤੇ ਦੇ ਰਹਿਣ ਵਾਸਤੇ ਇਕ ਉਚੇਚਾ ਹਵਾਦਾਰ ਕੋਠਾ ਤਿਆਰ ਕਰਵਾਇਆ ਗਿਆ, ਜਿਸ ਦੇ ਨਾਲ ਲਗਦਾ ਇਕ ਬਗੀਚਾ ਸੀ, ਜਿਸ ਵਿਚ ਕਈ ਤਰ੍ਹਾਂ ਦੇ ਫੁਵਾਰੇ ਸਨ, ਜਿਨ੍ਹਾਂ ਦੀ ਕਿਣ ਮਿਣ ਵਿਚ ਤੋਤਾ ਗਰਮੀਆਂ ਵਿਚ ਆਨੰਦ ਲਿਆ ਕਰਦਾ ਸੀ।

ਇਸ ਤਰ੍ਹਾਂ ਕਈ ਸਾਲ ਲੰਘ ਗਏ, ਇਕ ਦਿਨ ਤੋਤੇ ਦਾ ਮਨ ਆਪਣੇ ਵਤਨ ਲਈ ਉਦਾਸ ਹੋ ਗਿਆ। ਉਹਨੇ ਰਾਜੇ ਤੋਂ ਆਗਿਆ ਮੰਗੀ, "ਮਹਾਰਾਜ ! ਮੈਂ ਆਪਣੇ ਵਤਨ ਜਾਣਾ ਚਾਹੁੰਦਾ ਹਾਂ, ਮੈਨੂੰ ਤਿੰਨ ਮਹੀਨਿਆਂ ਦੀ ਛੁਟੀ ਦਿਓ। ਐਤਕੀਂ ਦੀ ਬਸੰਤ ਰੁਤ ਮੈਂ ਆਪਣੇ ਦੋਸਤਾਂ ਤੇ ਰਿਸ਼ਤੇਦਾਰਾਂ ਨਾਲ ਹੱਸ ਖੇਡ ਕੇ ਗੁਜ਼ਾਰਨਾ ਚਾਹੁੰਦਾ ਹਾਂ।"

"ਪਰ ਇਥੇ ਤੈਨੂੰ ਕੀ ਤਕਲੀਫ ਏ ? ਹਰ ਤਰ੍ਹਾਂ ਦੀਆਂ ਸਹੂਲਤਾਂ ਨੇ। ਪੂਰੀ ਆਜ਼ਾਦੀ ਏ।" ਰਾਜੇ ਨੇ ਉਹਨੂੰ ਰੋਕਣਾ ਚਾਹਿਆ।

"ਨਹੀਂ ਮਹਾਰਾਜ ! ਭਾਵੇਂ ਇਥੇ ਸਭ ਕੁਝ ਏ, ਪਰ ਮੇਰਾ ਲਹੂ ਤੇ ਮੇਰੀ ਮਿੱਟੀ ਮੈਨੂੰ ਬੁਲਾ ਰਹੀ ਏ। ਦੋਸਤਾਂ ਤੇ ਭੈਣਾਂ ਭਰਾਵਾਂ ਵਿਚ ਰਹਿਣ ਦਾ ਸਵਾਦ ਹੋਰ ਹੀ ਏ, ਆਪਣੀ ਮਿੱਟੀ ਦੀ ਮਹਿਕ ਹੋਰ ਕਿਧਰੇ ਨਹੀਂ ਮਿਲਦੀ। ਨਾਲੇ ਇਹ ਸਾਰੀ ਅਜ਼ਾਦੀ

ਮਸਨੂਈ ਏ, ਮੈਂ ਖੁਲ੍ਹੀ ਹਵਾ ਵਿਚ ਸਾਥੀਆਂ ਨਾਲ ਤਾਰੀਆਂ ਲਗਾਣਾ ਚਾਹੁੰਦਾ ਹਾਂ।" ਤੋਤੇ ਨੇ ਹਠ ਕੀਤਾ।

"ਕਿਧਰੇ ਤੇਰੀ ਨੀਤ ਤਾਂ ਖਰਾਬ ਨਹੀਂ ਹੋ ਗਈ। ਜੇ ਪਰਤ ਕੇ ਨਾ ਆਇਆ ਤਾਂ ...", ਰਾਜੇ ਨੇ ਸ਼ੰਕਾ ਪ੍ਰਗਟ ਕੀਤੀ।

"ਜੀ, ਇਹ ਗੱਲ ਨਹੀਂ। ਮੈਂ ਬਸੰਤ ਰੁਤ ਦੇ ਮੁਕਣ ਸਾਰ ਤੁਹਾਡੇ ਕੋਲ ਹਾਜ਼ਰ ਹੋ ਜਾਵਾਂਗਾ।" ਤੋਤੇ ਨੇ ਕਿਹਾ, "ਜੇ ਮੇਰੀ ਨੀਤ ਖਰਾਬ ਹੁੰਦੀ ਤਾਂ ਮੈਂ ਤੁਹਾਡੇ ਤੋਂ ਚੋਰੀ ਦਸੇ ਬਗੈਰ ਨਠ ਸਕਦਾ ਸਾਂ। ਤੁਸਾਂ ਮੈਨੂੰ ਪੂਰੀ ਖੁਲ੍ਹ ਦਿਤੀ ਹੋਈ ਏ।"

ਸੋ ਰਾਜੇ ਨੇ ਲਾਚਾਰ ਹੋ ਕੇ ਤੋਤੇ ਨੂੰ ਆਗਿਆ ਦਿਤੀ। ਜਦੋਂ ਤੋਤਾ ਵਿਦਾ ਹੋਣ ਲਗਾ ਤਾਂ ਰਾਜੇ ਨੇ ਕਿਹਾ, "ਵਾਪਸੀ ਤੇ ਮੇਰੇ ਵਾਸਤੇ ਕੋਈ ਖਾਸ ਚੀਜ਼ ਲੈ ਕੇ ਆਈਂ। ਮੈਂ ਤੈਨੂੰ ਉਡੀਕਾਂਗਾ।"

"ਜ਼ਰੂਰ ਲੈ ਕੇ ਆਵਾਂਗਾ।" ਤੋਤੇ ਨੇ ਜਵਾਬ ਦਿਤਾ।

ਰਾਜੇ ਨੇ ਮੀਆਂ ਮਿਠੂ ਦੇ ਪੈਰਾਂ ਵਿਚ ਪਛਾਣ ਵਾਸਤੇ ਰੇਸ਼ਮ ਦੀ ਲਾਲ ਗਾਨੀ ਬੰਨ੍ਹ ਰਖੀ ਸੀ। ਤੋਤੇ ਨੇ ਉਹ ਉਤਾਰਨੀ ਚਾਹੀ।

"ਇਹ ਗਾਨੀ ਬਝੀ ਰਹਿਣ ਦੇ। ਇਹ ਤੇਰੇ ਮੇਰੇ ਪਿਆਰ ਦਾ ਧਾਗਾ ਏ। ਇਹਨੂੰ ਖੋਲ੍ਹਣਾ ਠੀਕ ਨਹੀਂ।" ਰਾਜੇ ਨੇ ਲਾਡ ਨਾਲ ਕਿਹਾ। ਤੋਤਾ ਭਾਵੇਂ ਪੂਰੀ ਤਰ੍ਹਾਂ ਨਿਰਲੇਪ ਹੋ ਕੇ ਬਸੰਤ ਰੁਤ ਦੇ ਦਿਨ ਜੀਣਾ ਚਾਹੁੰਦਾ ਸੀ, ਪਰ ਰਾਜੇ ਦੇ ਮੋਹ ਨਾਲ ਆਖੀ ਗੱਲ ਸੁਣ ਕੇ ਚੁਪ ਕਰ ਗਿਆ।

ਤੋਤੇ ਦੇ ਚਲੇ ਜਾਣ ਦੇ ਬਾਅਦ ਰਾਜੇ ਨੇ ਆਪਣੇ ਸ਼ਾਹੀ ਸ਼ਿਕਾਰੀਆਂ ਨੂੰ ਬੁਲਾ ਕੇ ਹੁਕਮ ਦਿਤਾ, "ਸ਼ਾਹੀ ਤੋਤਾ ਮੀਆਂ ਮਿਠੂ ਬਸੰਤ ਦੇ ਦਿਨ ਆਪਣੇ ਜੰਗਲੀ ਸਾਥੀਆਂ ਨਾਲ ਗੁਜ਼ਾਰਨ ਵਾਸਤੇ ਛੁਟੀ ਤੇ ਗਿਐ। ਇਸ ਵਾਸਤੇ ਜਦੋਂ ਤਕ ਉਹ ਪਰਤ ਕੇ ਨਾ ਆ ਜਾਵੇ, ਕੋਈ ਸ਼ਿਕਾਰੀ ਕਿਸ ਤੋਤੇ ਨੂੰ ਨਾ ਫੜੇ। ਦੂਜਾ, ਮੀਆਂ ਮਿਠੂ ਦੇ ਪੈਰਾਂ ਵਿਚ ਰੇਸ਼ਮ ਦੀ ਲਾਲ ਗਾਨੀ ਬਝੀ ਹੋਈ ਹੈ। ਚਿੜੀਮਾਰ ਉਹਦੀ ਪੂਰੀ ਨਿਗਰਾਨੀ ਰਖਣ।"

ਤੋਤਾ ਲੰਮੀ ਉਡਾਰੀ ਭਰਦਾ ਹੋਇਆ ਇਕ ਘਣੇ ਜੰਗਲ ਵਿਚ ਪੁਜਾ। ਇਹੋ ਉਹਦਾ ਵਤਨ ਸੀ। ਉਥੇ ਉਹ ਇਕ ਛੱਪੜ ਦੇ ਕੰਢੇ ਆਪਣੇ ਭੈਣਾਂ ਭਰਾਵਾਂ ਤੇ ਹੋਰ ਸਾਥੀਆਂ ਨਾਲ ਘੁਲ ਮਿਲ ਕੇ ਰਹਿਣ ਲਗਾ। ਉਹਦਾ ਆਲ੍ਹਣਾ ਛੋਟਾ ਤੇ ਘਾਹ ਫੂਸ ਦਾ ਸੀ। ਮੀਆਂ ਮਿਠੂ ਹਮੇਸ਼ਾ ਮਖਮਲ ਦੇ ਗਦੇ ਉਤੇ ਸੌਂਦਾ ਸੀ, ਪਰ ਮੀਆਂ ਮਿਠੂ ਨੂੰ ਕੱਖਾਂ ਕਾਨਿਆਂ ਦੇ ਆਲ੍ਹਣੇ ਵਿਚ ਬੜਾ ਆਨੰਦ ਮਿਲਦਾ ਅਤੇ ਉਹ ਸਾਰਾ ਦਿਨ ਟਪੋਸੀਆਂ ਮਾਰਦਾ ਰਹਿੰਦਾ।

ਇਕ ਚਿੜੀਮਾਰ ਨੇ ਮੀਆਂ ਮਿਠੂ ਦੇ ਪੈਰ ਵਿਚ ਬਧੀ ਲਾਲ ਗਾਨੀ ਤੋਂ ਉਹਨੂੰ ਪਛਾਣ ਲਿਆ ਅਤੇ ਰਾਜੇ ਨੂੰ ਆ ਦਸਿਆ ਕਿ ਮੀਆਂ ਮਿਠੂ ਫਲਾਣੇ ਜੰਗਲ ਵਿਚ ਛੱਪੜ ਦੇ ਨੇੜੇ ਇਕ ਪਿੱਪਲ ਤੇ ਰਹਿੰਦਾ ਹੈ ਅਤੇ ਸਾਰਾ ਦਿਨ ਚਹਿਕਦਾ ਫਿਰਦਾ ਹੈ।

ਰਾਜੇ ਨੂੰ ਇਹ ਗੱਲ ਸੁਣ ਕੇ ਬੜੀ ਹੈਰਾਨੀ ਹੋਈ। ਮਹਿਲ ਵਿਚ ਕਿਤਨੇ ਆਰਾਮ

ਸਨ, ਪਰ ਫਿਰ ਉਹ ਤੋਤਾ ਉਦਾਸ ਰਹਿੰਦਾ ਸੀ। ਜੰਗਲ ਵਿਚ ਕੋਈ ਸਹੂਲਤ ਨਹੀਂ, ਫਿਰ ਵੀ ਉਹ ਆਨੰਦ ਵਿਚ ਮਗਨ ਹੈ।

ਇਸ ਤਰ੍ਹਾਂ ਇਕ ਇਕ ਕਰ ਕੇ ਦਿਨ ਬੀਤਦੇ ਗਏ।

ਆਖਿਰ ਬਸੰਤ ਦੀ ਰੁਤ ਖਤਮ ਹੋਈ ਤਾਂ ਤੋਤਾ ਰਾਜੇ ਦੇ ਦਰਬਾਰ ਵਿਚ ਵਾਪਸ ਜਾਣ ਦੀਆਂ ਤਿਆਰੀਆਂ ਕਰਨ ਲਗਾ। ਉਹ ਰਾਜੇ ਵਾਸਤੇ ਕੋਈ ਅਜਿਹੀ ਸੁਗਾਤ ਲਿਜਾਣਾ ਚਾਹੁੰਦਾ ਸੀ ਜਿਹੜੀ ਅਦਭੁਤ ਵੀ ਹੋਵੇ ਤੇ ਲਾਭਵੰਦੀ ਵੀ। ਸੋ ਮੀਆਂ ਮਿਠੂ ਨੇ ਆਪਣੇ ਪਿਉ ਤੋਂ ਪੁਛਿਆ। ਮਿਠੂ ਦਾ ਪਿਉ ਪਰੀਆਂ ਦੇ ਇਕ ਵਚਿਤ੍ਰ ਬਾਗ ਤੋਂ ਵਾਕਿਫ ਸੀ। ਉਸ ਬਾਗ ਵਿਚ ਅਮਰ ਫਲ ਦਾ ਇਕ ਬ੍ਰਿਛ ਲਗਾ ਹੋਇਆ ਸੀ। ਸੋ ਦੋਵੇਂ ਪਿਉ ਪੁਤਰ ਉਸ ਬਾਗ ਵਿਚ ਪਹੁੰਚੇ ਤੇ ਕਈ ਦਿਨ ਤਾੜ ਵਿਚ ਰਹੇ। ਅਖੀਰ ਉਨ੍ਹਾਂ ਦਾ ਦਾਓ ਲਗਾ ਅਤੇ ਉਨ੍ਹਾਂ ਦੋ ਸੇਬ ਚੁਰਾ ਲਿਆਂਦੇ। ਇਕ ਤਾਂ ਉਨ੍ਹਾਂ ਨੇ ਦਰਖਤ ਨਾਲੋਂ ਤੋੜਿਆ, ਪਰ ਦੂਜਾ ਹੇਠਾਂ ਡਿਗਿਆ ਹੋਇਆ ਚੁਕ ਲਿਆ। ਹੋਰ ਫਲ ਉਦੋਂ ਦਰਖਤ ਨਾਲ ਨਹੀਂ ਸਨ ਲਗੇ ਹੋਏ।

ਮੀਆਂ ਮਿਠੂ ਦੋਵੇਂ ਅਮਰ ਫਲ ਲੈ ਕੇ ਰਾਜੇ ਦੇ ਦਰਬਾਰ ਵਿਚ ਜਾ ਹਾਜ਼ਰ ਹੋਇਆ। ਰਾਜੇ ਨੇ ਉਹਦਾ ਬੜਾ ਸ਼ਾਨਦਾਰ ਸਵਾਗਤ ਕੀਤਾ। ਉਸ ਦੀ ਆਮਦ ਵਿਚ ਸ਼ਹਿਨਾਈਆਂ ਵਜਾਈਆਂ ਗਈਆਂ। ਰਾਜੇ ਨੇ ਉਹਨੂੰ ਆਪਣੇ ਮੋਢਿਆਂ ਤੇ ਬਿਠਾਇਆ ਤੇ ਆਪਣੇ ਹੱਥਾਂ ਨਾਲ ਚੂਰੀ ਕੁੱਟ ਕੇ ਖਵਾਈ। ਤੋਤੇ ਨੇ ਰਾਜੇ ਅਗੇ ਦੋਵੇਂ ਸੇਬ ਰਖਦੇ ਹੋਏ ਕਿਹਾ, "ਮਹਾਰਾਜ ! ਇਹ ਮੇਰੇ ਵਲੋਂ ਤੁਛ ਜਿਹੀ ਭੇਟ ਏ, ਕਬੂਲ ਕਰੋ ?"

"ਇਹਦੇ ਕੀ ਖਾਸ ਗੁਣ ਨੇ ?" ਰਾਜੇ ਨੇ ਇਕ ਫਲ ਨੂੰ ਹੱਥਾਂ ਵਿਚ ਘੁੰਮਾ ਕੇ ਪੁਛਿਆ।

"ਇਹ ਅਮਰ ਫਲ ਏ, ਇਹਦੇ ਖਾਣ ਨਾਲ ਆਦਮੀ ਹਮੇਸ਼ਾ ਜਵਾਨ ਰਹਿੰਦਾ ਹੈ ਅਤੇ ਦੀਰਘ ਆਯੂ ਭੋਗਦਾ ਏ।" ਮੀਆਂ ਮਿਠੂ ਨੇ ਦਸਿਆ।

"ਇਹ ਫਲ ਤੂੰ ਕਿਥੋਂ ਲਿਆਇਆ ਏਂ ?"

"ਪਰੀਆਂ ਦੇ ਬਾਗ 'ਚੋਂ। ਇਹਦਾ ਦੁਨੀਆਂ ਵਿਚ ਇਕੋ ਇਕ ਦਰਖਤ ਏ। ਉਹ ਦਰਖਤ ਦੀ ਮੇਰੇ ਦਾਦੇ ਨੇ ਮੇਰੇ ਪਿਉ ਨੂੰ ਦਸ ਪਾਈ ਸੀ। ਉਥੋਂ ਕੇਵਲ ਦੋ ਹੀ ਫਲ ਮਿਲੇ, ਇਕ ਟਹਿਣੀ ਨਾਲ ਲਗਾ ਹੋਇਆ ਸੀ, ਦੂਜਾ ਹੇਠਾਂ ਡਿਗਿਆ ਪਿਆ ਸੀ। ਇਸੇ ਕਰਕੇ ਇਕ ਫਲ 'ਤੇ ਥੋੜ੍ਹੀ ਜਿਹੀ ਖਰਾਸ਼ ਵੀ ਏ।"

ਰਾਜਾ ਬੜਾ ਖੁਸ਼ ਹੋਇਆ। ਦੋਹਾਂ ਫਲਾਂ ਨੂੰ ਉਹਨੇ ਆਪਣੇ ਕੋਲ ਚੌਕੀ ਤੇ ਰਖ ਦਿਤਾ। ਰਾਜੇ ਨੇ ਸੋਚਿਆ ਕਿ ਇਕ ਫਲ ਉਹ ਖੁਦ ਖਾਵੇਗਾ ਅਤੇ ਦੂਜਾ ਵਡੀ ਰਾਣੀ ਨੂੰ ਦੇਵੇਗਾ। ਫਿਰ ਰਾਜਾ ਤੋਤੇ ਨਾਲ ਗੱਲੀਂ ਰੁਝ ਗਿਆ, ਉਹ ਕਿਥੇ ਕਿਥੇ ਗਿਆ, ਉਸ ਕਿਵੇਂ ਦਿਨ ਗੁਜ਼ਾਰੇ ?

ਰਾਜੇ ਦੀ ਇਕ ਪਾਲਤੂ ਬਿਲੀ ਸੀ ਜੋ ਹਮੇਸ਼ਾ ਰਾਜੇ ਦੇ ਇਰਦ ਗਿਰਦ ਘੁੰਮਦੀ ਰਹਿੰਦੀ ਸੀ। ਉਸ ਵੇਲੇ ਵੀ ਉਹ ਰਾਜੇ ਦੇ ਨੇੜੇ ਛੁਪੀ ਬੈਠੀ ਸੀ। ਬਿਲੀ ਫਲ ਵੇਖ ਕੇ ਲਪਕੀ ਅਤੇ ਉਨ੍ਹਾਂ ਵਿਚੋਂ ਇਕ ਸੇਬ ਖਾ ਗਈ। ਬਿਲੀ ਨੂੰ ਸੇਬ ਚੰਗੇ ਲਗਦੇ ਸਨ ਤੇ ਅਜ ਕਈ ਦਿਨਾਂ ਮਗਰੋਂ ਉਹਨੇ ਸੇਬ ਵੇਖਿਆ ਸੀ।

ਰਾਜੇ ਨੂੰ ਬੜਾ ਗੁੱਸਾ ਚੜ੍ਹਿਆ ਅਤੇ ਉਹ ਬਿਲੀ ਨੂੰ ਘੂਰਨ ਲਗਾ। ਪਰ ਰਾਜੇ ਦੇ ਵੇਖਦੇ ਵੇਖ਼ਦੇ ਬਿਲੀ ਇਉਂ ਤੜਪਣ ਲਗੀ, ਜਿਵੇਂ ਉਹਨੇ ਕੋਈ ਜ਼ਹਿਰੀਲੀ ਚੀਜ਼ ਖਾ ਲਈ ਹੋਵੇ ਤੇ ਫਿਰ ਸਭਨਾਂ ਦੇ ਵੇਖਦੇ ਵੇਖਦੇ ਬਿਲੀ ਨੇ ਸਿਸਕ ਸਿਸਕ ਕੇ ਪ੍ਰਾਣ ਤਿਆਗ਼ ਦਿਤੇ।

"ਇਹ ਤਾਂ ਜ਼ਹਿਰੀਲਾ ਫਲ ਏ।" ਇਕ ਦਰਬਾਰੀ ਨੇ ਕਿਹਾ, "ਸ਼ੁਕਰ ਏ ਇਹ ਫਲ ਰਾਜੇ ਨੇ ਖੁਦ ਨਹੀਂ ਖਾਧਾ।"

"ਰਾਜੇ ਰਾਣੀ ਨੂੰ ਮਾਰਨ ਦੀ ਕਿਸੇ ਦੁਸ਼ਮਨ ਦੀ ਸਾਜਿਸ਼ ਹੈ।" ਦੂਜਾ ਦਰਬਾਰੀ ਬੋਲਿਆ।

"ਚੰਗਾ ਹੋਇਆ ਬਿਲੀ ਨੇ ਖਾ ਲਿਆ, ਨਹੀਂ ਤਾਂ ਰਾਜਾ ਤੇ ਰਾਣੀ ਖਾ ਲੈਂਦੇ ਤਾਂ ਉਹ ਸਿਸਕ ਸਿਸਕ ਕੇ ਪ੍ਰਾਣ ਦੇ ਦਿੰਦੇ। ਰੱਬ ਨੇ ਬਖਸ਼ਿਸ਼ ਕੀਤੀ ਏ।" ਕਿਸੇ ਹੋਰ ਨੇ ਆਖਿਆ।

ਰਾਜੇ ਨੂੰ ਪਾਲਤੂ ਬਿਲੀ ਦੀ ਮੌਤ ਦਾ ਦੁਖ ਹੋਣਾ ਸੁਭਾਵਿਕ ਸੀ। ਪਰ ਰਾਜੇ ਨੂੰ ਜ਼ਿਆਦਾ ਦੁਖ ਇਸ ਗੱਲ ਦਾ ਸੀ ਕਿ ਜੇ ਉਹ ਉਤਾਵਲ ਵਿਚ ਫਲ ਖੁਦ ਖਾ ਲੈਂਦਾ ਤਾਂ ਉਹਦਾ ਵੀ ਇਹੋ ਹਸ਼ਰ ਹੋਣਾ ਸੀ। ਰਾਜਾ ਕਰੋਧ ਵਿਚ ਭੱਖਣ ਲਗਾ। ਉਹਦੀਆਂ ਅੱਖਾਂ ਵਿਚੋਂ ਅੰਗਾਰੇ ਨਿਕਲਣ ਲਗੇ। ਉਹਨੇ ਸੋਚਿਆ ਕਿ ਜਾਂ ਤਾਂ ਤੋਤੇ ਦੀ ਨੀਤ ਬਦਨੀਤ ਹੋ ਗਈ ਹੈ। ਉਹਨੇ ਜਾਣ ਬੁਝ ਕੇ ਜ਼ਹਿਰੀਲਾ ਫਲ ਲਿਆਂਦਾ ਹੈ, ਜਾਂ ਫਿਰ ਉਸ ਦੇ ਕਿਸੇ ਦੁਸ਼ਮਣ ਦੀ ਪ੍ਰੇਰਨਾ ਤੇ ਤੋਤੇ ਨੇ ਇਹ ਕੁਝ ਕੀਤਾ ਏ।

ਇਹ ਸੋਚ ਕੇ ਰਾਜਾ ਗੁੱਸੇ ਨਾਲ ਝਗੋ ਝਗ ਹੋ ਗਿਆ ਤੇ ਤੋਤੇ ਉਤੇ ਝਪਟਿਆ। ਉਹਦੀ ਗੱਲ ਸੁਣੇ ਬਗੈਰ ਰਾਜੇ ਨੇ ਉਹਦੀ ਗਰਦਨ ਮਰੋੜ ਦਿਤੀ ਤੇ ਫਿਰ ਉਹਨੂੰ ਖਿੜਕੀ ਵਿਚੋਂ ਬਾਹਰ ਸੁਟ ਦਿਤਾ।

ਥੋੜ੍ਹੀ ਦੇਰ ਬਾਅਦ ਰਾਜੇ ਨੇ ਦੂਜਾ ਸੇਬ ਚੁਕਿਆ ਤੇ ਖਿੜਕੀ ਵਿਚੋਂ ਵਗਾਹ ਕੇ ਬਾਹਰ ਸੁਟਿਆ। ਉਸ ਪਾਸੇ ਵਲ ਰਾਜੇ ਦਾ ਬਾਗ ਸੀ। ਸੇਬ ਇਕ ਬਗੀਚੇ ਵਿਚ ਜਾ ਡਿਗਾ। ਸੇਬ ਦੇ ਫਟ ਜਾਣ ਨਾਲ ਉਹਦਾ ਇਕ ਬੀਜ ਨਿਕਲ ਕੇ ਕਿਆਰੀ ਵਿਚ ਜਾ ਪਿਆ।

ਕੁਝ ਕੁ ਮਹੀਨਿਆਂ ਮਗਰੋਂ ਉਥੇ ਇਕ ਬੂਟਾ ਉੱਗ ਪਿਆ। ਇਸ ਬੂਟੇ ਦੀ ਮਾਲੀ ਤੋਂ ਸਿਵਾ ਹੋਰ ਕਿਸੇ ਨੂੰ ਉਕੀ ਖਬਰ ਨਹੀਂ ਸੀ। ਮਾਲੀ ਨੇ ਮਾਲਣ ਨੂੰ ਇਕ ਦਿਨ ਸਮਝਾਇਆ ਕਿ ਇਹ ਬੂਟਾ ਬੜਾ ਜ਼ਹਿਰੀਲਾ ਹੈ। ਇਸ ਦਾ ਫਲ ਕਦੇ ਵੀ ਨਾ ਖਾਵੀਂ ਅਤੇ ਨਾ ਹੀ ਕਿਸੇ ਨੂੰ ਇਹਦੇ ਨੇੜੇ ਜਾਣ ਦੇਵੀਂ।

ਦਿਨ ਲੰਘਦੇ ਗਏ। ਬੂਟੇ ਨੂੰ ਨਿਕੇ ਨਿਕੇ ਖੂਬਸੂਰਤ ਸੇਬ ਪਏ।

ਉਨ੍ਹੀਂ ਦਿਨੀਂ, ਇਕ ਦਿਨ ਮਾਲੀ ਤੇ ਮਾਲਣ ਵਿਚ ਕਿਸੇ ਗੱਲੋਂ ਸਖਤ ਝਗੜਾ ਹੋ ਗਿਆ। ਉਹ ਦੋਵੇਂ ਸਾਰਾ ਦਿਨ ਕੁਤਿਆਂ ਵਾਂਗ ਝਈਆਂ ਲੈਂਦੇ ਰਹੇ, ਮਿਹਣੇ ਤਾਅਨਿਆਂ ਨਾਲ ਇਕ ਦੂਜੇ ਦਾ ਮਨ ਸਾੜਦੇ ਰਹੇ। ਮਾਲਣ ਨੇ ਮਾਲੀ ਦਾ ਬੜਾ ਅਪਮਾਨ ਕੀਤਾ, ਮਾਲੀ ਨੇ ਵੀ ਮਾਲਣ ਦੀ ਗੁਤ ਮਰੋੜ ਕੇ ਉਹਨੂੰ ਭੋਇੰ ਤੇ ਪਟਕਾ ਕੇ ਮਾਰਿਆ।

ਜਦੋਂ ਹਨੇਰਾ ਪਿਆ ਤਾਂ ਮਾਲਣ ਚੁਪਕੇ ਜਿਹੇ ਜ਼ਹਿਰੀਲੇ ਬੂਟੇ ਕੋਲ ਗਈ ਅਤੇ ਉਥੋਂ ਇਕ ਸੇਬ ਤੋੜ ਕੇ ਉਹਨੇ ਸਿਰਹਾਣੇ ਹੇਠਾਂ ਆ ਰਖਿਆ ਕਿ ਰਾਤੀਂ ਖਾ ਕੇ ਮਰ ਜਾਵੇਗੀ। ਜਦੋਂ ਹਨੇਰਾ ਜ਼ਰਾ ਗੂੜ੍ਹਾ ਹੋਇਆ ਤਾਂ ਮਾਲੀ ਵੀ ਇਕ ਜ਼ਹਿਰੀਲਾ ਸੇਬ ਤੋੜ ਲਿਆਇਆ। ਉਹ ਵੀ ਸੇਬ ਖਾ ਕੇ ਹਮੇਸ਼ਾ ਦੀ ਨੀਂਦਰ ਸੌਂ ਜਾਣਾ ਚਾਹੁੰਦਾ ਸੀ।

ਅੱਧੀ ਰਾਤ ਵੇਲੇ ਉਠ ਕੇ ਦੋਹਾਂ ਨੇ ਸੇਬ ਖਾ ਲਿਆ। ਫਿਰ ਇਸ ਖਿਆਲ ਨਾਲ ਲੰਮੇ ਪੈ ਗਏ ਕਿ ਉਹ ਸਵੇਰੇ ਜਾਗਣਗੇ ਹੀ ਨਹੀਂ। ਪਰ ਸਵੇਰੇ ਜਦੋਂ ਉਨ੍ਹਾਂ ਦੀ ਅੱਖ ਖੁਲ੍ਹੀ ਤਾਂ ਦੋਹਾਂ ਤੇ ਨਵੀਂ ਜਵਾਨੀ ਚੜ੍ਹ ਗਈ ਸੀ। ਅੰਗਾਂ ਵਿਚ ਬਿਜਲੀਆਂ ਲਰਜ਼ ਰਹੀਆਂ ਸਨ, ਚਿਹਰੇ ਤੇ ਚਮਕ ਤੇ ਅੱਖਾਂ ਵਿਚ ਨੂਰ। ਭੱਖਦਾ ਗੁੰਦਵਾਂ ਸਰੀਰ। ਦੋਵੇਂ ਉਹੀ ਸਨ, ਤੇ ਉਹ ਨਹੀਂ ਸੀ ਸਨ। ਦੋਵੇਂ ਇਕ ਦੂਜੇ ਵਲ ਵੇਖਕੇ ਹੈਰਾਨ ਰਹਿ ਗਏ।

ਅਸਲ ਵਿਚ ਉਹ ਸੇਬ ਅਮਰ ਫਲ ਹੀ ਸੀ, ਜਿਸ ਨੂੰ ਖਾ ਕੇ ਮਾਲੀ ਤੇ ਮਾਲਣ ਜਵਾਨ ਤੇ ਨਵੇਂ ਨਰੋਏ ਹੋ ਗਏ ਸਨ। ਉਹ ਦੋਵੇਂ ਬੜੇ ਖੁਸ਼ ਹੋਏ।

ਥੋੜ੍ਹੀ ਦੇਰ ਬਾਅਦ ਰਾਜਾ ਬਾਗ ਵਿਚ ਟਹਿਲਣ ਲਈ ਆਇਆ ਤਾਂ ਉਹਨੇ ਵੇਖਿਆ ਕਿ ਝੁਗੀ ਵਿਚ ਪੁਰਾਣੇ ਬੁਢੇ ਮਾਲੀ ਤੇ ਮਾਲਣ ਦੀ ਥਾਂ ਕੋਈ ਜਵਾਨ ਮਾਲੀ ਤੇ ਮਾਲਣ ਬੈਠੇ ਹੋਏ ਸਨ। ਮਾਲੀ ਤੇ ਮਾਲਣ ਨੇ ਰਾਜੇ ਨੂੰ ਟਹਿਲਦਿਆਂ ਵੇਖ ਝੁਕ ਕੇ ਪ੍ਰਣਾਮ ਕੀਤਾ।

ਰਾਜੇ ਨੇ ਉਨ੍ਹਾਂ ਵਲ ਘੂਰਦੇ ਹੋਏ ਪੁਛਿਆ, "ਤੁਸੀਂ ਕੌਣ ਹੋ ਤੇ ਇਥੇ ਕੀ ਕਰ ਰਹੇ ਹੋ ?"

"ਅਸੀਂ ਮਾਲੀ ਤੇ ਮਾਲਣ ਹਾਂ, ਤੁਹਾਡੇ ਖਾਦਮ।"

"ਪਰ ਉਹ ਤਾਂ ਬੁਢੇ ਸਨ, ਤੁਸੀਂ ਦੋਵੇਂ ਜਵਾਨ ਹੋ। ਇਹ ਕਿਵੇਂ ਹੋਇਆ ?" ਰਾਜੇ ਨੇ ਸਮਝਿਆ ਕਿ ਇਨ੍ਹਾਂ ਦੋਹਾਂ ਨੇ ਸ਼ਾਹੀ ਮਾਲੀ ਤੇ ਮਾਲਣ ਨੂੰ ਮਾਰ ਕੇ ਉਨ੍ਹਾਂ ਦੀ ਥਾਂ ਖੁਦ ਸੰਭਾਲ ਲਈ ਏ। ਸੋ ਰਾਜੇ ਨੇ ਕਰੋਧ ਵਿਚ ਆ ਕੇ ਕਿਹਾ, "ਮੈਂ ਹੁਣੇ ਕੋਤਵਾਲ ਨੂੰ ਸਦ ਕੇ ਤੁਹਾਨੂੰ ਦੋਹਾਂ ਨੂੰ ਫਾਹੇ ਲਗਵਾ ਦੇਵਾਂਗਾ, ਨਹੀਂ ਤਾਂ ਸਚੋ ਸਚੀ ਸਾਰੀ ਗੱਲ ਦਸੋ।"

ਮਾਲੀ ਤੇ ਮਾਲਣ ਨੇ ਰਾਜੇ ਦੇ ਪੈਰ ਫੜ ਲਏ ਤੇ ਸਾਰੀ ਗੱਲ ਦਸਦਿਆਂ ਕਿਹਾ, "ਹਜ਼ੂਰ ਅਸੀਂ ਉਹੋ ਬੁਢੇ ਮਾਲੀ ਤੇ ਮਾਲਣ ਹਾਂ, ਅਮਰ ਫਲ ਖਾਣ ਨਾਲ ਮੁੜ ਜਵਾਨ ਹੋ ਗਏ ਹਾਂ।"

ਪਰ ਰਾਜੇ ਨੂੰ ਵਿਸ਼ਵਾਸ ਨਾ ਆਇਆ, ਜਿਸ ਫਲ ਦੇ ਖਾਧਿਆਂ ਉਹਦੀ ਪਾਲਤੂ ਬਿਲੀ ਮਰ ਗਈ ਸੀ, ਉਹਦੇ ਵਿਚ ਕਿਸੇ ਨੂੰ ਮੁੜ ਜਵਾਨ ਤੇ ਨਵਾਂ ਨਰੋਆ ਕਰਨ ਦੀ ਸ਼ਕਤੀ ਕਿਵੇਂ ਹੋ ਸਕਦੀ ਸੀ ?

ਰਾਜੇ ਨੇ ਪ੍ਰਤਾਵਾ ਲੈਣਾ ਚਾਹਿਆ। ਉਸ ਵੇਲੇ ਰਾਜੇ ਨੇ ਸ਼ਹਿਰ ਦੇ ਸਭ ਤੋਂ ਬਜ਼ੁਰਗ ਆਦਮੀ ਨੂੰ ਸਦਿਆ ਤੇ ਦਰਖਤ ਨਾਲੋਂ ਫਲ ਤੋੜ ਕੇ ਉਹਨੂੰ ਖਾਣ ਵਾਸਤੇ ਦਿਤਾ। ਬਜ਼ੁਰਗ ਨੇ ਰਾਜੇ ਦੇ ਸਾਹਮਣੇ ਬੈਠ ਕੇ ਫਲ ਖਾਧਾ। ਵੇਖਦੇ ਵੇਖਦੇ ਉਸ ਦਾ

ਬੁੱਢਾ ਝੁਰੜਾਇਆ ਸਰੀਰ ਬਦਲਣ ਲਗਾ। ਪਹਿਲਾਂ ਉਹਦੇ ਚਿਹਰੇ ਦੀਆਂ ਝੁਰੜੀਆਂ ਗਾਇਬ ਹੋ ਗਈਆਂ। ਫਿਰ ਅੱਖਾਂ ਵਿਚ ਚਮਕ ਆ ਗਈ, ਚਿਹਰਾ ਭੱਖਣ ਲਗਾ, ਢਿਲਕਿਆ ਸਰੀਰ ਗੁੰਦਵਾਂ ਹੋ ਗਿਆ। ਇਹ ਵੇਖ ਰਾਜਾ ਦੰਗ ਰਹਿ ਗਿਆ।

ਰਾਜੇ ਨੇ ਉਸ ਬੂਟੇ ਨਾਲੋਂ ਸਾਰੇ ਸੇਬ ਤੋੜ ਲਏ ਤੇ ਮਹਿਲਾਂ ਵਿਚ ਲਿਜਾ ਕੇ ਪਹਿਲਾਂ ਖੁਦ ਇਕ ਸੇਬ ਖਾਧਾ, ਫਿਰ ਇਕ ਇਕ ਸੇਬ ਸਤਾਂ ਰਾਣੀਆਂ ਨੂੰ ਖਵਾਏ। ਜੋ ਸੇਬ ਬਚ ਗਏ ਉਹ ਵਜ਼ੀਰਾਂ ਨੂੰ ਖਾਣ ਵਾਸਤੇ ਦਿਤੇ। ਸੇਬ ਖਾਂਦੇ ਸਾਰ ਉਹ ਸਭ ਜਵਾਨ, ਨਵੇਂ ਨਰੋਏ ਤੇ ਖੂਬਸੂਰਤ ਹੋ ਗਏ।

ਇਹ ਵੇਖ ਰਾਜੇ ਨੇ ਕੁਝ ਸਿਆਣਿਆਂ ਨੂੰ ਬੁਲਾਇਆ ਤੇ ਉਨ੍ਹਾਂ ਨੂੰ ਤੋਤੇ ਦੇ ਸੇਬ ਲਿਆਣ ਤੋਂ ਲੈ ਕੇ ਮਾਲੀ ਦੇ ਸੇਬ ਖਾਣ ਤਕ ਸਾਰੀ ਗੱਲ ਸੁਣਾ ਕੇ ਪੁਛਿਆ, "ਮੇਰੀ ਸਮਝ ਵਿਚ ਨਹੀਂ ਆ ਰਿਹਾ ਕਿ ਪਹਿਲਾ ਸੇਬ ਖਾ ਕੇ ਬਿਲੀ ਕਿਉਂ ਮਰ ਗਈ ਸੀ, ਜਦੋਂ ਕਿ ਦੂਜੇ ਸੇਬ ਵਿਚ ਅਮਰ ਕਰਨ ਦੀ ਸ਼ਕਤੀ ਸੀ। ਇਸ ਵਿਚ ਕੀ ਰਹੱਸ ਏ।"

ਸਿਆਣਿਆਂ ਨੇ ਲੰਮੀ ਸੋਚ ਮਗਰੋਂ ਦਸਿਆ ਕਿ ਇਕ ਸੇਬ ਨੂੰ ਤੋਤੇ ਨੇ ਦਰਖਤ ਦੇ ਹੇਠੋਂ ਚੁਕਿਆ ਸੀ। ਉਹਦੇ ਉਤੇ ਖਰਾਸ਼ ਵੀ ਸੀ। ਉਸ ਫਲ ਨੂੰ ਕਿਸੇ ਜ਼ਹਿਰੀਲੇ ਸੱਪ ਨੇ ਦੰਦੀ ਵੱਢੀ ਹੋਈ ਏ, ਜਿਸ ਕਰਕੇ ਉਹ ਜ਼ਹਿਰੀਲਾ ਹੋ ਗਿਐ ਤੇ ਉਹਨੂੰ ਖਾਣ ਨਾਲ ਬਿਲੀ ਦੀ ਮੌਤ ਹੋ ਗਈ ਸੀ।

ਰਾਜੇ ਨੂੰ ਆਪਣੀ ਉਤਾਵਲ ਤੇ ਬੜਾ ਪਛਵਾਵਾ ਲਗਾ। ਉਹਨੇ ਕਾਹਲ ਵਿਚ ਆਪਣੇ ਪਿਆਰੇ ਤੇ ਵਫਾਦਾਰ ਤੋਤੇ ਦੀ ਜਾਨ ਮੁਫਤ ਵਿਚ ਲੈ ਲਈ ਸੀ।

ਤਾਂ ਰਾਜੇ ਨੇ ਹੁਕਮ ਦਿਤਾ ਕਿ ਮੀਆਂ ਮਿਠੂ ਦਾ ਪਿੰਜਰ ਲਭਿਆ ਜਾਵੇ। ਮੀਆਂ ਮਿਠੂ ਦਾ ਪਿੰਜਰ ਇਕ ਬੂਟੇ ਕੋਲ ਪਿਆ ਮਿਲਿਆ। ਰਾਜੇ ਨੇ ਬਾਗ ਵਿਚ ਮੀਆਂ ਮਿਠੂ ਦੀ ਕਬਰ ਬਣਵਾਈ ਅਤੇ ਉਹਦੇ ਉਤੇ ਮਜ਼ਾਰ ਖੜੀ ਕੀਤੀ। ਲੋਕ ਦਸਦੇ ਹਨ ਕਿ ਉਨ੍ਹਾਂ ਦੇ ਦਾਦੇ ਪੜਦਾਦੇ ਵੇਲੇ ਮੀਆਂ ਮਿਠੂ ਦੀ ਮਜ਼ਾਰ ਹੈ ਸੀ, ਹੁਣ ਉਹ ਕਿਧਰੇ ਵਿਖਾਈ ਨਹੀਂ ਦਿੰਦੀ।

ਖੂਹ ਕਿਸਦਾ ?

ਇਕ ਵਾਰ ਇਕ ਬੁੱਢੀ ਤੀਵੀਂ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਆਈ। ਉਸ ਦੇ ਪਤੀ ਦਾ ਦੇਹਾਂਤ ਹੋ ਚੁੱਕਾ ਸੀ ਅਤੇ ਉਸ ਦੇ ਬੱਚੇ ਅਜੇ ਛੋਟੇ-ਛੋਟੇ ਸਨ। ਉਸ ਨੇ ਆਪਣੀ ਥੋੜੀ ਜਿਹੀ ਭੋਇੰ ਨੂੰ ਵਾਹੁਣ ਲਈ ਟੁੰਮ-ਟੱਲਾ ਵੇਚ ਕੇ ਇਕ ਖੂਹ ਬਣਵਾਇਆ। ਇਹ ਖੂਹ ਉਸ ਦੇ ਖੇਤਾਂ ਦੀ ਹੱਦ ਉਤੇ ਸੀ, ਜਿਥੋਂ ਅੱਗੇ ਉਸ ਦੇ ਦੇਵਰ ਦੇ ਖੇਤ ਸ਼ੁਰੂ ਹੋ ਜਾਂਦੇ ਸਨ। ਦੇਵਰ ਨੇ ਬੁਢੀ ਭਰਜਾਈ ਨੂੰ ਕਿਹਾ

ਕਿ ਉਹ ਕੁਝ ਦਿਨਾਂ ਲਈ ਉਸ ਖੂਹ ਦਾ ਪਾਣੀ ਆਪਣੇ ਖੇਤਾਂ ਨੂੰ ਲਾਉਣਾ ਚਾਹੁੰਦਾ ਹੈ। ਭਰਜਾਈ ਨੇ ਆਗਿਆ ਦੇ ਦਿਤੀ। ਪਰ ਇਸ ਪਿਛੋਂ ਦੇਵਰ ਖੁਦ ਹੀ ਉਸ ਖੂਹ ਦਾ ਮਾਲਕ ਬਣ ਬੈਠਾ ਸੀ। ਖੂਹ ਜਿਸ ਥਾਂ ਉਤੇ ਖੁਦਵਾਇਆ ਗਿਆ ਸੀ ਉਹ ਥਾਂ ਦੁਹਾਂ ਦੇ ਖੇਤਾਂ ਨਾਲ ਲਗਦੀ ਹੋਣ ਕਰਕੇ ਖੂਹ ਦੀ ਮਾਲਕੀ ਦਾ ਭੁਲੇਖਾ ਸਹਿਜੇ ਹੀ ਪੈ ਸਕਦਾ ਸੀ। ਬੁੱਢੀ ਨੇ ਆਪਣੇ ਦੇਵਰ ਅਗੇ ਬੜੇ ਤਰਲੇ ਕੀਤੇ ਪਰ ਉਸ ਨੇ ਬੁਢੀ ਨੂੰ ਖੂਹ ਵਿਚੋਂ ਇਕ ਸਿੱਪੀ ਵੀ ਪਾਣੀ ਨਾ ਲੈਣ ਦਿਤਾ।

ਬੱਢੀ ਨੇ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਜਾ ਫਰਿਆਦ ਕੀਤੀ ਅਤੇ ਦਸਿਆ ਕਿ ਕਿਵੇਂ ਉਸ ਨੇ ਆਪਣਾ ਟੂੰਮ-ਟੱਲਾ ਵੇਚ ਕੇ, ਆਪਣੇ ਤੇ ਬੱਚਿਆਂ ਦੇ ਸੁਖ ਅਰਾਮ ਲਈ ਇਕ ਖੂਹ ਲਵਾਇਆ ਸੀ। ਪਰ ਉਹ ਖੂਹ 'ਚੋਂ ਅਜ ਘੁਟ ਭਰਨਾ ਵੀ ਉਹਨੂੰ ਨਸੀਬ ਨਹੀਂ ਹੋ ਰਿਹਾ।

ਮਹਾਰਾਜੇ ਨੇ ਪੁਛਿਆ, "ਤੇਰਾ ਕੋਈ ਗਵਾਹ ਹੈ ? ਜਿਸ ਸ਼ਖਸ ਨੇ ਖੂਹ ਖੋਦਿਆ ਸੀ ਕੀ ਉਹ ਤੇਰੇ ਹੱਕ ਵਿਚ ਗਵਾਹੀ ਦੇਵੇਗਾ ? ਕੀ ਪਿੰਡ ਦਾ ਕੋਈ ਚੌਧਰੀ ਕਹੇਗਾ ਕਿ ਇਹ ਖੂਹ ਨੂੰ ਖੁਦਵਾਇਆ ਸੀ ?"

ਬੁੱਢੀ ਤੀਵੀਂ ਰੋ ਪਈ ਤੇ ਕਹਿਣ ਲਗੀ, "ਮੇਰਾ ਗਵਾਹ ਤਾਂ ਅਲਾਹ ਹੀ ਏ। ਖੂਹ ਦੇ ਸਾਰੇ ਕੰਮ ਮੈਂ ਆਪਣੇ ਦੇਵਰ ਦੁਆਰਾ ਕਰਵਾਏ ਸਨ, ਪੈਸੇ ਮੇਰੇ ਖਰਚ ਹੁੰਦੇ ਰਹੇ। ਮੇਰੇ ਕੋਲੋਂ ਹੀ ਪੈਸੇ ਲੈ ਕੇ ਦੇਵਰ ਨੇ ਖੂਹ ਖੋਦਣ ਵਾਲੇ ਨੂੰ ਦਿਤੇ, ਸਭ ਚੀਜ਼ ਵਸਤ ਮੇਰੇ ਤੋਂ ਪੈਸੇ ਲੈ ਕੇ ਖਰੀਦੀ ਗਈ। ਹੁਣ ਦੇਵਰ ਨੇ ਉਹ ਸਾਰੇ ਲੋਕ ਆਪਣੇ ਹਕ ਵਿਚ ਕੀਤੇ ਹੋਏ ਨੇ, ਮੇਰੀ ਤੱਤੀ ਦੀ ਕੌਣ ਗਵਾਹੀ ਦੇਵੇਗਾ।"

ਮਹਾਰਾਜੇ ਨੂੰ ਬੁੱਢੀ ਦੀਆਂ ਅਖਾਂ ਵਿਚ ਹੰਝੂ ਵੇਖ ਕੇ ਤਰਸ ਆਇਆ ਤੇ ਕਹਿਣ ਲਗੇ, "ਜਾਹ ਮਾਈ, ਮੈਂ ਦੋ ਕੁ ਦਿਨਾਂ ਵਿਚ ਹੀ ਸਭ ਕੁਝ ਠੀਕ ਕਰ ਦੇਵਾਂਗਾ। ਤੂੰ ਆਪਣੇ ਇਥੇ ਆਉਣ ਦੀ ਗੱਲ ਕਿਸੇ ਹੋਰ ਕੋਲ ਨਾ ਕਰੀਂ।"

ਬੁੱਢੀ ਉਥੋਂ ਚਲੀ ਗਈ।

ਦੋ ਕੁ ਦਿਨ ਬੀਤੇ ਤਾਂ ਮਹਾਰਾਜਾ ਰਣਜੀਤ ਸਿੰਘ ਆਪਣੇ ਇਕ ਦਰਬਾਰੀ ਨੂੰ ਨਾਲ ਲੈ ਕੇ ਉਸ ਬੁੱਢੀ ਦੇ ਪਿੰਡ ਦੇ ਬਾਹਰ ਖੇਤਾਂ ਵਿਚ ਜਾ ਪੁਜਾ। ਲੰਘਦੇ ਜਾਂਦੇ ਲੋਕਾਂ ਤੋਂ ਮਹਾਰਾਜੇ ਨੇ ਖੂਹ ਦਾ ਪਤਾ ਕੀਤਾ। ਫਿਰ ਖੂਹ ਦੀ ਮੁੰਡੇਰ ਉਪਰ ਬੈਠ ਕੇ ਉਹ ਆਪਣੇ ਦਰਬਾਰੀ ਨਾਲ ਗੱਲਾਂ-ਬਾਤਾਂ ਵਿਚ ਰੁਝ ਗਏ। ਕੁਝ ਚਿਰ ਪਿਛੋਂ ਮਹਾਰਾਜੇ ਨੇ ਇਕ ਆਦਮੀ ਭੇਜ ਕੇ ਉਸ ਬੁੱਢੀ ਦੇ ਦੇਵਰ ਨੂੰ, ਜੋ ਕਿ ਖੂਹ ਦਾ ਮਾਲਕ ਬਣਿਆ ਫਿਰਦਾ ਸੀ, ਬੁਲਵਾਇਆ। ਬੁੱਢੀ ਦਾ ਦੇਵਰ ਮਹਾਰਾਜਾ ਸਾਹਿਬ ਨੂੰ ਖੂਹ ਦੀ ਮੁੰਡੇਰ ਉਤੇ ਬੈਠਿਆਂ ਵੇਖ ਕੇ ਪਹਿਲਾਂ ਤਾਂ ਘਬਰਾਇਆ। ਫਿਰ ਮਹਾਰਾਜੇ ਦੇ ਚਰਨਾਂ ਨੂੰ ਛੂਹ ਕੇ ਕਹਿਣ ਲੱਗਾ, "ਹੁਕਮ ਸਰਕਾਰ ?"

ਮਹਾਰਾਜਾ ਸਾਹਿਬ ਨੇ ਬੁੱਢੀ ਦੇ ਦੇਵਰ ਵਲ ਸਿਰ ਤੋਂ ਪੈਰਾਂ ਤਕ ਤਕਿਆ ਤੇ ਫਿਰ ਖੂਹ ਵਲ ਇਸ਼ਾਰਾ ਕਰਦੇ ਹੋਏ ਕਿਹਾ, "ਭਈ, ਤੇਰੇ ਖੂਹ ਵਿਚ ਮੇਰੀ ਮੋਹਰਾਂ ਦੀ ਥੈਲੀ ਡਿਗ ਪਈ ਏ, ਇਥੇ ਮੁੰਡੇਰ ਉਤੇ ਰੱਖੀ ਸੀ। ਸੁੱਤੇ ਸਿਧ ਹੇਠਾਂ ਤਿਲ੍ਹਕ

ਪਈ ਏ। ਉਸ ਵਿਚ ਪੰਜ ਸੌ ਮੁਹਰਾਂ ਨੇ, ਕਢਵਾ ਕੇ ਕਲ੍ਹ ਦਰਬਾਰ ਵਿਚ ਭੇਜ ਦੇਣੀਆਂ। ਮੈਂ ਚਲਿਆ ਹਾਂ। ਮੇਰੇ ਕੋਲ ਇਸ ਵੇਲੇ ਵਕਤ ਨਹੀਂ। ਚੋਰੀ ਹੋ ਗਈਆਂ ਤਾਂ ਤੇਰੀ ਜ਼ਿੰਮੇਵਾਰੀ ਏ।"

ਇਹ ਗੱਲ ਸੁਣਦੇ ਸਾਰ ਹੀ ਬੁੱਢੀ ਦੇ ਦੇਵਰ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਖੂਹ ਬੜਾ ਡੂੰਘਾ ਸੀ, ਉਤੋਂ ਰਾਤ ਪੈ ਰਹੀ ਸੀ। ਕੌਣ ਸਰਕਾਰੀ ਅਮਾਨਤ ਨੂੰ ਖੂਹ ਵਿਚੋਂ ਕਢੇਗਾ ? ਕੌਣ ਸਾਰੀ ਰਾਤ ਇਥੇ ਪਹਿਰਾ ਦੇਵੇਗਾ ? ਸੋ ਮਹਾਰਾਜੇ ਦੇ ਚਰਨਾਂ ਨੂੰ ਛੁਹ ਕੇ ਉਹ ਕਹਿਣ ਲਗਾ, "ਹਜ਼ੂਰ ! ਇਹ ਖੂਹ ਮੇਰਾ ਨਹੀਂ, ਇਹ ਮੇਰੀ ਵੱਡੀ ਭਰਜਾਈ ਦਾ ਏ। ਜੋ ਕੁਝ ਹੁਕਮ ਕਰਨਾ ਏ, ਉਸੇ ਨੂੰ ਕਰੋ। ਮੈਂ ਤਾਂ ਰਿਸ਼ਤੇਦਾਰ ਹੋਣ ਕਰਕੇ ਇਸ ਖੂਹ ਵਿਚੋਂ ਲੋੜ ਅਨੁਸਾਰ ਥੋੜਾ ਬਹੁਤ ਪਾਣੀ ਵਰਤ ਲੈਂਦਾ ਹਾਂ।" ਮਹਾਰਾਜੇ ਨੇ ਉਸੇ ਵੇਲੇ ਬੁੱਢੀ ਨੂੰ ਪਿੰਡੋਂ ਸਦਵਾਇਆ। ਬੁੱਢੀ ਦੇ ਸਾਹਮਣੇ ਮਹਾਰਾਜੇ ਨੇ ਦੇਵਰ ਤੋਂ ਦੁਬਾਰਾ ਪੁਛਿਆ, "ਦਸ ਭਈ, ਇਹ ਖੂਹ ਕਿਸ ਦਾ ਹੈ ?" ਬੁੱਢੀ ਦੇ ਦੇਵਰ ਨੇ ਝਟ ਉਤਰ ਦਿਤਾ, "ਮਹਾਰਾਜ, ਇਸੇ ਮੇਰੀ ਭਰਜਾਈ ਦਾ ਖੂਹ ਏ, ਮੇਰਾ ਇਸ ਖੂਹ ਨਾਲ ਕੋਈ ਵਾਸਤਾ ਨਹੀਂ।"

ਮਹਾਰਾਜਾ ਰਣਜੀਤ ਸਿੰਘ ਨੇ ਬੁੱਢੀ ਨੂੰ ਕਿਹਾ, "ਲੈ ਹੁਣ ਖੂਹ ਆਪਣੇ ਕਬਜ਼ੇ ਵਿਚ ਕਰ ਲੈ।" ਬੁੱਢੀ ਮਹਾਰਾਜਾ ਰਣਜੀਤ ਸਿੰਘ ਨੂੰ ਅਸੀਸਾਂ ਦੇਣ ਲਗੀ, ਪਰ ਮਹਾਰਾਜੇ ਨੇ ਕਿਹਾ, "ਮਾਈ, ਮੈਨੂੰ ਇਹੋ ਅਸੀਸ ਦਿਹ ਕਿ ਮੇਰੇ ਕੋਲੋਂ ਕਦੀ ਕਿਸੇ ਨਾਲ ਅਨਿਆਂ ਨਾ ਹੋਵੇ।"

ਖ਼ੁਦਾ ਦਾ ਸੱਦਾ

ਲੁਕਮਾਨ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਹਕੀਮ ਮੰਨਿਆ ਜਾਂਦਾ ਹੈ। ਕਹਿੰਦੇ ਨੇ ਉਹਦੇ ਕੋਲ ਅਜਿਹੀਆਂ ਦਵਾਈਆਂ ਸਨ, ਜੋ ਪਲਾਂ ਵਿਚ ਹੀ ਰੋਗ ਨੂੰ ਜੜ੍ਹੋਂ ਪੁਟ ਕੇ ਖ਼ਤਮ ਕਰ ਦੇਂਦੀਆਂ ਸਨ।

ਜਦੋਂ ਲੁਕਮਾਨ ਦਾ ਅੰਤ ਸਮਾਂ ਨੇੜੇ ਆਇਆ ਤਾਂ ਉਸ ਨੂੰ ਜੁਲਾਬ ਲੱਗ ਗਏ। ਉਸ ਨੇ ਕਈ ਦਵਾਈਆਂ ਖਾਧੀਆਂ ਪਰ ਉਸ ਨੂੰ ਕੋਈ ਅਰਾਮ ਨਾ ਆਇਆ। ਉਸ ਦੀ ਹਾਲਤ ਵਿਗੜਨ ਲਗੀ। ਉਸ ਦੇ ਕਈ ਸਜਨ-ਮਿੱਤਰ ਉਸ ਦੀ ਬੀਮਾਰ-ਪੁਰਸੀ ਲਈ ਆਏ। ਉਨ੍ਹਾਂ ਵਿਚੋਂ ਇਕ ਸੱਜਨ ਕਹਿਣ ਲਗਾ, "ਹਕੀਮ ਜੀ, ਅਸੀਂ ਤਾਂ ਤੁਹਾਨੂੰ ਸੰਸਾਰ ਦਾ ਸਭ ਤੋਂ ਵੱਡਾ ਹਕੀਮ ਸਮਝਦੇ ਹਾਂ, ਕੀ ਤੁਸੀਂ ਇਨ੍ਹਾਂ ਜੁਲਾਬਾਂ ਨੂੰ ਦਵਾਈ ਨਾਲ ਰੋਕ ਨਹੀਂ ਸਕਦੇ ? ਇਹਦੇ ਵਿਚ ਕੀ ਭੇਤ ਏ ? ਸਾਨੂੰ ਤਾਂ ਕੁਝ ਵੀ ਸਮਝ ਨਹੀਂ ਆ ਰਹੀ।"

ਹਕੀਮ ਲੁਕਮਾਨ ਨੇ ਆਪਣੇ ਇਕ ਨੌਕਰ ਨੂੰ ਅੰਦਰੋਂ ਇਕ ਖਾਸ ਪੁੜੀ

ਲਿਆਉਣ ਲਈ ਕਿਹਾ। ਫਿਰ ਉਸ ਸੱਜਨ ਨੂੰ ਉਹ ਪੁੜੀ ਦੇ ਕੇ ਲੁਕਮਾਨ ਕਹਿਣ ਲਗਾ, "ਵੇਖ, ਬਾਹਰ ਜਿਹੜਾ ਨਾਲਾ ਵਗ ਰਿਹੈ, ਉਸ ਵਿਚ ਇਸ ਪੁੜੀ ਨੂੰ ਘੋਲ ਕੇ ਪਾ ਦੇ। ਫਿਰ ਜੋ ਕੁਝ ਵੇਖੀਂ ਉਹ ਮੈਨੂੰ ਆ ਕੇ ਦਸੀਂ।"

ਸੱਜਨ ਪੁਰਸ਼ ਨੇ ਉਸੇ ਤਰ੍ਹਾਂ ਹੀ ਕੀਤਾ। ਜਿਵੇਂ ਹੀ ਉਹ ਪੁੜੀ ਉਸ ਨੇ ਨਾਲੇ ਵਿਚ ਸੁਟੀ, ਨਾਲੇ ਦਾ ਵਗਦਾ ਪਾਣੀ ਰੁਕ ਗਿਆ। ਇਹ ਵੇਖ ਕੇ ਉਹ ਸੱਜਨ ਪੁਰਸ਼ ਹਕੀਮ ਲੁਕਮਾਨ ਕੋਲ ਦੌੜਦਾ ਆਇਆ ਤੇ ਕਹਿਣ ਲਗਾ, "ਉਸ ਪੁੜੀ ਨੇ ਤਾਂ ਮੋਅਜਜ਼ਾ ਕਰ ਵਿਖਾਇਐ, ਨਾਲੇ ਦਾ ਪਾਣੀ ਵਗਣੋਂ ਰੁਕ ਗਿਐ।"

ਹਕੀਮ ਲੁਕਮਾਨ ਮੁਸਕਰਾ ਪਿਆ ਤੇ ਕਹਿਣ ਲਗਾ, "ਇਹੋ ਜਿਹੀਆਂ ਦੋ ਚਾਰ ਪੁੜੀਆਂ ਦਰਿਆ ਦੇ ਵੇਗ ਨੂੰ ਵੀ ਠਲ੍ਹ ਪਾ ਸਕਦੀਆਂ ਨੇ, ਪਰ ਮੇਰੇ ਜੁਲਾਬਾਂ ਨੂੰ ਇਹ ਰੋਕ ਨਹੀਂ ਸਕਦੀਆਂ। ਕਿਉਂ ਜੋ ਹੁਣ ਖ਼ੁਦਾ ਦਾ ਸੱਦਾ ਆ ਗਿਐ। ਉਸ ਦੇ ਹੁਕਮ ਅੱਗੇ ਕੋਈ ਦਵਾ ਨਹੀਂ ਠਹਿਰ ਸਕਦੀ।"

ਦੁਨੀਆਂ ਦਾ ਪਾਤਸ਼ਾਹ

ਮਹਾਨ ਸਕੰਦਰ ਜਦੋਂ ਕਈ ਦੇਸ਼ਾਂ ਨੂੰ ਫਤਿਹ ਕਰਦਾ ਹੋਇਆ ਸਤਲੁਜ ਦੇ ਕੰਢੇ ਪਹੁੰਚਿਆ ਤਾਂ ਉਥੇ ਉਸ ਨੇ ਇਕ ਭਗਵੇਂ ਕਪੜਿਆਂ ਵਾਲੇ ਸਾਧੂ ਨੂੰ ਆਪਣੇ ਰੰਗ ਵਿਚ ਮਸਤ ਬੈਠਾ ਵੇਖਿਆ। ਸਾਧੂ ਦੀ ਨਜ਼ਰ ਸਕੰਦਰ ਉਤੇ ਪਈ, ਪਰ ਉਹ ਭਜਨ ਬੰਦਗੀ ਵਿਚ ਹੀ ਮਗਨ ਰਿਹਾ।

ਸਾਧੂ ਨੂੰ ਅਲੌਕਿਕ ਜਿਹੀ ਮਸਤੀ ਵਿਚ ਵੇਖ ਕੇ ਮਹਾਨ ਸਕੰਦਰ ਘੋੜੇ ਤੋਂ ਹੇਠਾਂ ਉਤਰ ਆਇਆ ਤੇ ਉਸ ਦੇ ਕੋਲ ਪਹੁੰਚ ਕੇ ਪੁਛਣ ਲੱਗਾ, "ਬਾਬਾ, ਤੂੰ ਕੌਣ ਏਂ ?"

ਸਾਧੂ ਨੇ ਕਿਹਾ, "ਇਹ ਤਾਂ ਮੈਂ ਫਿਰ ਦਸਾਂਗਾ, ਪਰ ਪਹਿਲਾਂ ਤੂੰ ਦਸ ਕਿ ਤੂੰ ਕੌਣ ਹੁੰਦਾ ਏਂ, ਜਿਸ ਨੇ ਸਾਡੀ ਲਿਵ ਆਣ ਤੋੜੀ ਏ ?"

ਸਕੰਦਰ ਨੇ ਹੈਰਾਨੀ ਨਾਲ ਕਿਹਾ, "ਤੂੰ ਮੈਨੂੰ ਨਹੀਂ ਜਾਣਦਾ ? ਮੈਂ ਤਾਂ ਮਹਾਨ ਸਕੰਦਰ ਹਾਂ, ਸਾਰੀ ਦੁਨੀਆਂ ਮੇਰੇ ਅਗੇ ਸਿਰ ਝੁਕਾਉਂਦੀ ਏ।"

ਸਾਧੂ ਨੇ ਸਕੰਦਰ ਵਲ ਭਰਵੀਂ ਨਜ਼ਰ ਨਾਲ ਵੇਖਦੇ ਹੋਏ ਕਿਹਾ, "ਉਹਾ ਸਕੰਦਰ, ਜੋ ਦੁਨੀਆਂ ਦੀ ਬਾਦਸ਼ਾਹੀ ਪ੍ਰਾਪਤ ਕਰਨ ਲਈ ਦਰ ਦਰ ਭਟਕਦਾ ਫਿਰਦਾ ਏ।"

ਸਕੰਦਰ ਨੂੰ ਹੋਰ ਹੈਰਾਨੀ ਹੋਈ ਕਿ ਇਹ ਮੈਨੂੰ ਜਾਣਦਾ ਵੀ ਏ, ਫਿਰ ਵੀ ਅਗੋਂ ਆਦਰ ਨਹੀਂ ਕਰਦਾ। ਸਕੰਦਰ ਨੇ ਆਖਿਆ, "ਹਾਂ, ਉਹ ਸਕੰਦਰ ਮੈਂ ਹੀ ਹਾਂ, ਜੋ ਸਾਰੀ ਦੁਨੀਆਂ ਉਤੇ ਰਾਜ ਕਰਨ ਦੀ ਲਾਲਸਾ ਰਖਦਾ ਏ। ਪਰ ਤੂੰ ਕੌਣ ਏ ?"

ਸਾਧੂ ਨੇ ਮੁਸਕਰਾ ਕੇ ਆਖਿਆ, "ਮੈਂ ਉਹ ਕੁਝ ਹਾਂ, ਜੋ ਤੂੰ ਨਹੀਂ ਬਣ ਸਕਿਆ। ਮੈਂ ਸਾਰੀ ਦੁਨੀਆਂ ਦਾ ਪਾਤਸ਼ਾਹ ਹਾਂ।"

"ਉਹ ਕਿਵੇਂ ?" ਸਕੰਦਰ ਦੀ ਹੈਰਾਨੀ ਦੀ ਹੱਦ ਨਾ ਰਹੀ।

"ਮੈਂ ਆਪਣੇ ਮਨ ਨੂੰ ਜਿੱਤ ਲਿਐ, ਜਿਸ ਸ਼ਖਸ ਨੇ ਮਨ ਨੂੰ ਜਿਤਿਐ, ਉਸ ਨੇ ਸਾਰੀ ਸ੍ਰਿਸ਼ਟੀ ਜਿੱਤ ਲਈ ਏ।" ਸਾਧੂ ਨੇ ਮੌਜ ਵਿਚ ਆ ਕੇ ਕਿਹਾ ਤੇ ਫਿਰ ਆਪਣੀ ਲਿਵ ਵਿਚ ਜੁੜ ਗਿਆ।

ਸਕੰਦਰ ਕੁਝ ਚਿਰ ਖੜਾ ਸਾਧੂ ਵਲ ਵੇਖਦਾ ਰਿਹਾ। ਉਸ ਨੇ ਸਾਧੂ ਦੀ ਅਲੌਕਿਕ ਸ਼ਕਤੀ ਵਿਚ ਬਾਦਸ਼ਾਹ ਨਾਲੋਂ ਵੀ ਉਚੇਰ ਸੁਖ ਅਤੇ ਖੁਸ਼ੀ ਵੇਖੀ। ਸਕੰਦਰ ਨੇ ਆਪਣੇ ਅੰਦਰ ਝਾਤੀ ਮਾਰੀ। ਸਿਵਾਏ ਚਿੰਤਾ, ਦੁਖ ਤੇ ਕਲੇਸ਼ ਦੇ ਉਥੇ ਹੋਰ ਕੁਝ ਨਹੀਂ ਸੀ।

ਸਕੰਦਰ ਨੇ ਝੱਟ ਸਿਰ ਝੁਕਾ ਦਿਤਾ, "ਤੂੰ ਠੀਕ ਕਹਿੰਦਾ ਏਂ, ਤੂੰ ਹੀ ਦੁਨੀਆਂ ਦਾ ਬਾਦਸ਼ਾਹ ਏਂ।" ਸਕੰਦਰ ਰਸ਼ਕ ਨਾਲ ਉਸ ਵਲ ਵੇਖਦਾ ਹੋਇਆ ਅੱਗੇ ਤੁਰ ਪਿਆ।

ਕਲਿਜੁਗ ਦਾ ਰੰਗ

ਬ੍ਰਹਮਾ ਦੇ ਚਾਰ ਲੜਕੇ ਸਨ—ਸਤਿ, ਤ੍ਰੇਤਾ, ਦੁਆਪਰ ਤੇ ਕਲਿ। ਸ੍ਰਿਸ਼ਟੀ ਰਚ ਕੇ ਬ੍ਰਹਮਾ ਨੇ ਉਹਨਾਂ ਨੂੰ ਕਿਹਾ, "ਤੁਸਾਂ ਵਾਰੋ ਵਾਰੀ ਦੁਨੀਆਂ ਉਤੇ ਰਾਜ ਕਰਨਾ ਏ। ਇਕ ਦੂਜੇ ਦੇ ਰਾਜ ਵਿਚ ਤੁਸਾਂ ਦਖਲ ਨਹੀਂ ਦੇਣਾ। ਨਾ ਭਲੇ ਵਿਚ ਨਾ ਬੁਰੇ ਵਿਚ।" ਪੁਤਰਾਂ ਨੇ ਇਹ ਗੱਲ ਮੰਨ ਲਈ।

ਪਹਿਲਾਂ ਸਤਿ ਦਾ ਪਹਿਰਾ ਸੀ। ਸਭ ਲੋਕ ਨੇਕ ਅਤੇ ਧਰਮ ਕਰਮ ਵਾਲੇ ਸਨ। ਪ੍ਰਿਥਵੀ ਉਤੇ ਸੁਖ ਸ਼ਾਂਤੀ ਵਰਤੀ ਹੋਈ ਸੀ। ਫਿਰ ਤ੍ਰੇਤੇ ਦਾ ਰਾਜ ਆਇਆ। ਉਦੋਂ ਤਕ ਧਰਤੀ ਉਤੇ ਰਾਖਸ਼ ਪੈਦਾ ਹੋ ਚੁਕੇ ਸਨ, ਜੋ ਦੇਵਤਿਆਂ ਨੂੰ ਸਤਾਣ ਲਗੇ। ਦੇਵਤਿਆਂ ਨੇ ਸਤਿ ਦੇ ਆਸਰੇ ਉਹਨਾਂ ਦਾ ਨਾਸ ਕਰ ਦਿਤਾ। ਦਇਆ ਧਰਮ ਕਾਇਮ ਰਿਹਾ।

ਜਦੋਂ ਦੁਆਪਰ ਦਾ ਪਹਿਰਾ ਆਇਆ। ਰਾਖਸ਼ੀ ਤੇ ਆਸੁਰੀ ਸ਼ਕਤੀਆਂ ਦਾ ਜ਼ੋਰ ਵਧ ਗਿਆ। ਦੁਆਪਰ ਨੇ ਛਲ ਨਾਲ ਰਾਖਸ਼ਾਂ ਦਾ ਅੰਤ ਕਰ ਦਿਤਾ। ਛਲ ਦਾ ਸਹਾਰਾ ਲੈਣ ਕਰ ਕੇ ਧਰਮ ਹੋਰ ਕਮਜ਼ੋਰ ਪੈ ਗਿਆ।

ਫਿਰ ਕਲਿਜੁਗ ਦਾ ਪਹਿਰਾ ਆਇਆ। ਤਿੰਨਾਂ ਭਰਾਵਾਂ ਨੂੰ ਚਿੰਤਾ ਹੋਈ ਕਿ ਦਇਆ ਧਰਮ ਕਮਜ਼ੋਰ ਪੈ ਗਏ ਹਨ ਤੇ ਸਾਡਾ ਨਿਕਾ ਭਰਾ ਸੰਸਾਰ ਨੂੰ ਕਿਵੇਂ ਚਲਾਏਗਾ ? ਸੋ ਉਨ੍ਹਾਂ ਨੇ ਕਲਿ ਨੂੰ ਪੁਛਿਆ, "ਹੁਣ ਧਰਮ ਦਾ ਕੁਝ ਅੰਸ਼ ਹੀ ਬਾਕੀ ਰਹਿ ਗਿਐ। ਲੋਕ ਛਲ ਫਰੇਬ ਨਾਲ ਜੀਣਗੇ। ਤੇਰੇ ਤੋਂ ਰਾਜ ਚਲਣਾ ਨਹੀਂ, ਤੂੰ ਕਿਵੇਂ ਕਰੇਂਗਾ ?"

"ਮੈਂ ਭਾਵੇਂ ਸਭਨਾਂ ਨਾਲੋਂ ਛੋਟਾ ਹਾਂ, ਪਰ ਮੇਰਾ ਅਨੁਭਵ ਬੜਾ ਵਿਸ਼ਾਲ ਏ, ਮੈਂ ਤੁਸਾਂ ਸਭਨਾਂ ਦਾ ਰਾਜ ਵੇਖਿਆ ਹੋਇਐ। ਤੁਸੀਂ ਮੇਰੀ ਚਿੰਤਾ ਨਾ ਕਰੋ। ਬਸ ਮਾਇਆ ਨੂੰ ਮੇਰੇ ਨਾਲ ਤੋਰ ਦਿਓ। ਬਾਕੀ ਸਭ ਠੀਕ ਹੋ ਜਾਵੇਗਾ।"

"ਪਰ ਤੈਨੂੰ ਮਾਇਆ ਦਾ ਕਿਹੜਾ ਰੂਪ ਚਾਹੀਦਾ ਏ ?" ਕੋਲ ਹੀ ਬੈਠੇ ਬ੍ਰਹਮਾ ਨੇ ਪੁਛਿਆ, "ਸਤਿਜੁਗ ਵਿਚ ਮਾਇਆ ਮਾਂ ਸੀ, ਮਾਂ ਪੁਤਰ ਦਾ ਕਿਤਨਾ ਵੀ ਹਿਤ ਹੋਵੇ, ਦੋਵੇਂ ਇਕ ਦੂਜੇ ਤੋਂ ਨਿਰਲੇਪ ਰਹਿੰਦੇ ਹਨ। ਤ੍ਰੇਤਤੇ ਵਿਚ ਮਾਇਆ ਧੀ ਸੀ। ਧੀ ਬਿਗਾਨਾ ਧਨ ਹੁੰਦਾ ਏ, ਰਾਖਸ਼ਾਂ ਤੋਂ ਬਿਨਾਂ ਕਿਸੇ ਛੂਹੀ ਨਹੀਂ ਤੇ ਰਾਖਸ਼ਾਂ ਦੇ ਕੋਲ ਵੀ ਨਹੀਂ ਰਹੀ। ਦੁਆਪਰ ਵਿਚ ਮਾਇਆ ਭੈਣ ਸੀ। ਭੈਣ ਨਾਲ ਬੰਦਾ ਖੇਡ ਲੈਂਦਾ ਹੈ, ਪਰ ਉਹਨੂੰ ਘਰ ਨਹੀਂ ਰਖਦਾ। ਤੂੰ ਹੁਣ ਮਾਇਆ ਨੂੰ ਕਿਸ ਰੂਪ ਵਿਚ ਚਾਹੁੰਦਾ ਏਂ ?"

"ਮੈਂ ਪਤਨੀ ਦੇ ਰੂਪ ਵਿਚ ਚਾਹੁੰਦਾ ਹਾਂ, ਮੇਰਾ ਯੁਗ ਇਹਨੂੰ ਭੋਗਣ ਲਈ ਤਰਸੇਗਾ।" ਕਲਿਜੁਗ ਨੇ ਕਿਹਾ।

"ਪਰ ਸਾਡੀ ਕਿਵੇਂ ਤਸਲੀ ਹੋਵੇ।" ਭਰਾਵਾਂ ਨੇ ਕਿਹਾ, "ਤੂੰ ਜ਼ਰਾ ਆਪਣਾ ਰੰਗ ਤਾਂ ਵਿਖਾ। ਸਾਡੀ ਤਸਲੀ ਵੀ ਹੋ ਜਾਵੇ।"

ਕਲਿਜੁਗ ਨੇ ਇਕ ਵਡੀ ਸਾਰੀ ਝਾੜੀ ਵੇਖੀ। ਉਹਨੇ ਮਾਇਆ ਨੂੰ ਹੁਕਮ ਦਿਤਾ, "ਤੂੰ ਇਹ ਝਾੜੀ ਸੋਨੇ ਦੀ ਬਣਾ ਦੇਹ।" ਉਸੇ ਵੇਲੇ ਉਹ ਝਾੜੀ ਸੋਨੇ ਦੀ ਬਣ ਗਈ।

"ਹੁਣ ਤੁਸੀਂ ਸਾਰੇ ਅਦ੍ਰਿਸ਼ਟ ਹੋ ਕੇ ਮੇਰੇ ਯੁਗ ਦਾ ਕਮਾਲ ਵੇਖੋ।" ਕਲਿਜੁਗ ਨੇ ਭਰਾਵਾਂ ਨੂੰ ਕਿਹਾ।

ਫਿਰ ਉਹ ਸਾਰੇ ਅਦ੍ਰਿਸ਼ਟ ਹੋ ਕੇ ਇਕ ਪਾਸੇ ਖੜੇ ਹੋ ਗਏ।

ਉਹ ਝਾੜੀ ਪਹੇ ਉਤੇ ਉਗੀ ਹੋਈ ਸੀ। ਕਦੇ ਕਦਾਈਂ ਕੋਈ ਮੁਸਾਫਰ ਉਧਰੋਂ ਵਕਤ ਬੇਵਕਤੇ ਲੰਘਿਆ ਕਰਦਾ ਸੀ। ਥੋੜੀ ਦੇਰ ਬਾਅਦ ਉਧਰੋਂ ਚਾਰ ਸ਼ਖਸ ਲੰਘੇ। ਉਨ੍ਹਾਂ ਚੋਹਾਂ ਦੀ ਆਪੋ ਵਿਚ ਬੜੀ ਗਹਿਰੀ ਦੋਸਤੀ ਸੀ। ਹਮੇਸ਼ਾ ਇਕੱਠੇ ਰਹਿੰਦੇ। ਇਕੋ ਜਿਹਾ ਸੋਚਦੇ, ਇਕੋ ਜਿਹਾ ਕਰਦੇ, ਇਕੋ ਜਿਹਾ ਖਾਂਦੇ। ਉਨ੍ਹਾਂ ਨੂੰ ਆਪਣੀ ਦੋਸਤੀ ਤੇ ਬੜਾ ਮਾਣ ਸੀ।

ਅਚਾਨਕ ਉਨ੍ਹਾਂ ਦੀ ਨਜ਼ਰ ਸੋਨੇ ਦੀ ਝਾੜੀ ਤੇ ਪਈ ਤਾਂ ਇਕ ਦੋਸਤ ਕਹਿਣ ਲਗਾ, "ਦੋਸਤੋ ! ਇਹ ਤਾਂ ਸੋਨੇ ਦੀ ਝਾੜੀ ਲਗਦੀ ਏ।"

"ਹਾਂ, ਇਹ ਖਾਲਸ ਸੋਨਾ ਹੀ ਏ।" ਦੂਜੇ ਨੇ ਝਾੜੀ ਨੂੰ ਪਰਖ ਕੇ ਹੁੰਗਾਰਾ ਭਰਿਆ।

"ਜੇ ਇਹ ਬੂਟਾ ਪੁਟ ਕੇ ਲੈ ਜਾਈਏ ਤਾਂ ਸਾਰੀ ਉਮਰ ਖਾਂਦਿਆਂ ਲਾਂਦਿਆਂ ਨਹੀਂ ਮੁਕਣਾ।" ਤੀਜੇ ਨੇ ਕਿਹਾ।

"ਹੁਣੇ ਪੁਟ ਲਓ, ਮਤਾ ਕਿਸੇ ਹੋਰ ਦੀ ਨਜ਼ਰ ਪੈ ਜਾਏ।" ਚੌਥੇ ਨੇ ਜ਼ੋਰ ਦਿਤਾ।

ਫਿਰ ਉਹ ਚਾਰੇ ਝਾੜੀ ਦੀਆਂ ਜੜ੍ਹਾਂ ਵਿਚੋਂ ਮਿੱਟੀ ਕਢ ਕੇ ਬੂਟਾ ਪੁਟਣ ਲਗੇ। ਪਰ ਜੜ੍ਹ ਬਹੁਤ ਡੂੰਘੀ ਸੀ। ਦੁਪਹਿਰ ਤਕ ਉਹ ਸਾਰੇ ਥਕ ਗਏ ਅਤੇ ਭੁਖ

ਚਮਕਣ ਲਗੀ। ਦੋ ਦੋਸਤ ਪਿੰਡ ਵਿਚ ਰੋਟੀ ਲੈਣ ਚਲੇ ਗਏ ਤੇ ਦੋ ਉਥੇ ਹੀ ਬੈਠੇ ਝਾੜੀ ਦੀ ਰਾਖੀ ਕਰਨ ਲਗੇ। ਉਹਨਾਂ ਬੂਟੇ ਉਤੇ ਚਾਦਰ ਪਾ ਦਿਤੀ ਤਾਂ ਜੋ ਕਿਸੇ ਹੋਰ ਮੁਸਾਫਰ ਦੀ ਨਜ਼ਰ ਉਸ ਝਾੜੀ ਤੇ ਨਾ ਪੈ ਜਾਵੇ।

ਪਿੰਡ ਜਾ ਕੇ ਦੋਹਾਂ ਦੋਸਤਾਂ ਨੇ ਪਹਿਲਾਂ ਖੁਦ ਰੋਟੀ ਖਾਧੀ। ਫਿਰ ਉਹ ਦੋਸਤਾਂ ਲਈ ਪਕਵਾਣ ਲਗੇ। ਇਕਦਮ ਉਨ੍ਹਾਂ ਦੇ ਮਨ ਵਿਚ ਮਾਇਆ ਵਾਸਤੇ ਮੋਹ ਜਾਗ ਪਿਆ। ਦੋਹਾਂ ਨੇ ਸੋਚਿਆ ਕਿ ਜੇ ਖਾਣੇ ਵਿਚ ਜ਼ਹਿਰ ਮਿਲਾ ਦਿਤਾ ਜਾਏ ਤਾਂ ਝਾੜੀ ਦੀ ਰਾਖੀ ਕਰ ਰਹੇ ਦੋਵੇਂ ਦੋਸਤ ਰੋਟੀ ਖਾਂਦੇ ਸਾਰ ਮਰ ਜਾਣਗੇ ਤੇ ਅਸੀਂ ਦੋਵੇਂ ਉਹ ਸਾਰਾ ਸੋਨਾ ਅਧੋ ਅਧ ਵੰਡ ਲਵਾਂਗੇ।

"ਪਰ ਇਹ ਦੋਸਤੀ ਦੇ ਨਾਂ ਤੇ ਧੱਬਾ ਏ।" ਇਕ ਨੇ ਕਿਹਾ।

"ਪੈਸਾ ਕੋਲ ਹੋਵੇ ਤਾਂ ਦੋਸਤਾਂ ਦਾ ਘਾਟਾ ਨਹੀਂ।" ਦੂਜਾ ਬੋਲਿਆ, "ਨਵੇਂ ਦੋਸਤ ਪੈਦਾ ਹੋ ਜਾਣਗੇ।" ਕੁਝ ਚਿਰ ਸੋਚਣ ਮਗਰੋਂ ਉਹਨਾਂ ਨੇ ਆਟੇ ਵਿਚ ਜ਼ਹਿਰ ਪਾ ਦਿਤੀ ਤੇ ਰੋਟੀਆਂ ਪਕਵਾ ਕੇ ਲੈ ਆਏ।

ਦੂਜੇ ਪਾਸੇ ਸੋਨੇ ਦੀ ਝਾੜੀ ਦੀ ਰਾਖੀ ਕਰਨ ਵਾਲੇ ਦੋਹਾਂ ਦੋਸਤਾਂ ਦੇ ਅੰਦਰ ਵੀ ਲੋਭ ਜਾਗ ਪਿਆ। ਉਨ੍ਹਾਂ ਨੇ ਵੀ ਰੋਟੀਆਂ ਲਗਵਾਣ ਵਾਸਤੇ ਸ਼ਹਿਰ ਗਏ ਦੋਹਾਂ ਦੋਸਤਾਂ ਨੂੰ ਮਾਰ ਮੁਕਾਣ ਦੀ ਇਕ ਵਿਉਂਤ ਘੜੀ। ਉਨ੍ਹਾਂ ਇਕ ਵਡਾ ਸਾਰਾ ਡੂੰਘਾ ਟੋਆ ਖੋਦ ਲਿਆ। ਉਸ ਦੇ ਉਪਰ ਚਾਦਰ ਵਿਛਾ ਦਿਤੀ।

ਜਦੋਂ ਰੋਟੀ ਲੈਣ ਗਏ ਦੋਵੇਂ ਦੋਸਤ ਪਰਤੇ ਤਾਂ ਰਾਖੀ ਕਰਨ ਵਾਲੇ ਦੋਹਾਂ ਦੋਸਤਾਂ ਨੇ ਉਨ੍ਹਾਂ ਦਾ ਬੜਾ ਨਿੱਘਾ ਸਵਾਗਤ ਕਰਦੇ ਹੋਏ ਕਿਹਾ, "ਤੁਸੀਂ ਦੋਵੇਂ ਬੜੇ ਥਕੇ ਜਾਪਦੇ ਹੋ, ਇਥੇ ਚਾਦਰ ਉਤੇ ਲੰਮੇ ਪੈ ਕੇ ਆਰਾਮ ਕਰ ਲਓ। ਅਸੀਂ ਉਤਨੀ ਦੇਰ ਤਕ ਰੋਟੀ ਖਾ ਲੈਂਦੇ ਹਾਂ।"

ਜਿਵੇਂ ਹੀ ਸ਼ਹਿਰੋਂ ਪਰਤੇ ਦੋਹਾਂ ਦੋਸਤਾਂ ਨੇ ਚਾਦਰ ਉਤੇ ਕਦਮ ਰਖੇ, ਉਹ ਝਟ ਟੋਏ ਵਿਚ ਡਿਗ ਪਏ। ਕੋਲ ਹੀ ਮਿੱਟੀ ਦਾ ਅੰਬਾਰ ਲਗਿਆ ਹੋਇਆ ਸੀ। ਦੋਹਾਂ ਦੋਸਤਾਂ ਨੇ ਉਹਨਾਂ ਉਤੇ ਮਿੱਟੀ ਪਾਉਣੀ ਸ਼ੁਰੂ ਕਰ ਦਿਤੀ। ਸੋ ਉਨ੍ਹਾਂ ਦਾ ਮਿੱਟੀ ਦੇ ਅੰਦਰ ਹੀ ਦਮ ਘੁਟ ਗਿਆ।

ਫਿਰ ਰਾਖੀ ਕਰਨ ਵਾਲੇ ਦੋਵੇਂ ਦੋਸਤ ਹਸਦੇ ਮੁਸਕਰਾਂਦੇ ਹੋਏ ਰੋਟੀ ਖਾਣ ਲਈ ਬੈਠ ਗਏ, "ਪਹਿਲਾਂ ਰੋਟੀ ਤਾਂ ਖਾ ਲਈਏ, ਫਿਰ ਇਸ ਸੋਨੇ ਦੀ ਝਾੜੀ ਨੂੰ ਪੁਟਦੇ ਹਾਂ। ਹੁਣ ਇਹ ਅਸਾਂ ਦੋਹਾਂ ਦੀ ਹੀ ਤਾਂ ਹੈ।"

ਰੋਟੀ ਵਿਚ ਜ਼ਹਿਰ ਸੀ। ਜਿਵੇਂ ਜਿਵੇਂ ਰੋਟੀ ਖਾਂਦੇ ਗਏ, ਉਹਨਾਂ ਦੀਆਂ ਅੱਖਾਂ ਭਾਰੀਆਂ ਹੋਣ ਲਗੀਆਂ ਤੇ ਫਿਰ ਉਹ ਉਥੇ ਹੀ ਲੰਮੇ ਪੈ ਗਏ ਤੇ ਹਮੇਸ਼ਾ ਵਾਸਤੇ ਚਿਤ ਹੋ ਗਏ।

ਸੋਨੇ ਦੀ ਝਾੜੀ ਕਿਸੇ ਇਕ ਦੇ ਵੀ ਕੰਮ ਨਾ ਆਈ।

ਕਲਿਜੁਗ ਦਾ ਇਹ ਰੰਗ ਵੇਖ ਕੇ ਤਿੰਨਾਂ ਭਰਾਵਾਂ ਦੀ ਤਸਲੀ ਹੋ ਗਈ। ਉਹ ਕਲਿਜੁਗ ਨੂੰ ਮਾਇਆ ਕੋਲ ਛਡ ਕੇ ਖੁਦ ਆਪੋ ਆਪਣੇ ਲੋਕ ਵਿਚ ਜਾ ਬਿਰਾਜੇ।

ਕਲਿਜੁਗ ਦਾ ਪਹਿਰਾ

ਇਕ ਵਾਰ ਇਕ ਸਾਊ ਆਦਮੀ ਸ਼ਹਿਰ ਜਾ ਰਿਹਾ ਸੀ। ਰਾਹ ਵਿਚ ਉਹ ਅਧਵਾਣਿਆਂ ਦੇ ਇਕ ਖੇਤ ਕੋਲੋਂ ਦੀ ਲੰਘਿਆ। ਉਹਦਾ ਦਿਲ ਅਧਵਾਣੇ ਖਾਣ ਤੇ ਕੀਤਾ। ਉਸ ਨੇ ਇਧਰ ਉਧਰ ਨਜ਼ਰ ਮਾਰੀ, ਮਤਾਂ ਖੇਤ ਦਾ ਰਾਖਾ ਜਾਂ ਮਾਲਕ ਦਿਸ ਪਏ, ਪਰ ਉਹਨੂੰ ਕੋਈ ਸ਼ਖਸ ਵੀ ਕਿਧਰੇ ਵਿਖਾਈ ਨਾ ਦਿਤਾ।

ਸਾਊ ਮੁਸਾਫਰ ਨੇ ਦੋ ਅਧਵਾਣੇ ਤੋੜ ਕੇ ਉਸ ਥਾਂ ਇਕ ਚਵਾਨੀ ਰਖ ਦਿਤੀ ਤੇ ਤਸਲੀ ਨਾਲ ਅਗੇ ਤੁਰ ਪਿਆ। ਥੋਹੜੀ ਦੂਰ ਗਿਆ ਤਾਂ ਉਹਨੂੰ ਇਕ ਰਾਖਸ਼ੀ ਸ਼ਕਲ ਸੂਰਤ ਦਾ ਆਦਮੀ ਆਉਂਦਾ ਵਿਖਾਈ ਦਿਤਾ। ਕਾਲਾ ਸਿਆਹ ਚਿਹਰਾ, ਲਾਲ ਸੁਰਖ ਭੱਖਦੀਆਂ ਅੱਖਾਂ, ਵਡੇ ਲੰਮੇ ਦੰਦ, ਝਾਟਾ ਖਿਲਰਿਆ ਹੋਇਆ। ਉਹ ਰਾਖਸ਼ ਨੇ ਸਾਊ ਦਾ ਰਸਤਾ ਰੋਕਦੇ ਹੋਏ ਕਿਹਾ, "ਓਇ ਵਡੇ ਸਾਊਆ ! ਇਸ ਥੈਲੇ ਵਿਚ ਕੀ ਲਿਜਾ ਰਿਹਾ ਏਂ ?"

ਸਾਊ ਘਬਰਾ ਗਿਆ, ਪਰ ਉਹਨੇ ਹੌਂਸਲਾ ਕਰਦੇ ਹੋਏ ਕਿਹਾ, "ਜੀ, ਅਧਵਾਣੇ ਨੇ।"

"ਝੂਠ ਬਕਦਾ ਏਂ, ਮੈਨੂੰ ਤਾਂ ਇਹਦੇ 'ਚੋਂ ਮਾਨਸ ਗੰਧ ਆ ਰਹੀ ਏ। ਥੈਲਾ ਖੋਲ੍ਹ ਕੇ ਵਿਖਾ।" ਰਾਖਸ਼ ਨੇ ਘੂਰਦੇ ਹੋਏ ਕਿਹਾ।

ਸਾਊ ਨੇ ਡਰਦੇ ਡਰਦੇ ਚਾਦਰ ਖੋਲ੍ਹੀ ਤਾਂ ਕੀ ਵੇਖਦਾ ਏ ਕਿ ਚਾਦਰ ਵਿਚ ਅਧਵਾਣਿਆਂ ਦੀ ਥਾਂ ਦੋ ਮਨੁਖੀ ਖੋਪਰੀਆਂ ਸਨ।

"ਚਲ ਰਾਜੇ ਕੋਲ, ਤੂੰ ਕਾਤਲ ਏਂ।" ਰਾਖਸ਼ੀ ਸ਼ਕਲ ਵਾਲਾ ਬੰਦਾ ਗਰਜਿਆ, "ਮੈਂ ਰਾਜੇ ਦਾ ਦੂਤ ਹਾਂ ਤੇ ਪਾਪੀਆਂ ਤੇ ਜ਼ਾਲਮਾਂ ਨੂੰ ਫੜ ਕੇ ਦਰਬਾਰ ਵਿਚ ਪੇਸ਼ ਕਰਦਾ ਹਾਂ।"

"ਮੈਂ ਤਾਂ ਦੋ ਅਧਵਾਣੇ ਤੋੜੇ ਸਨ, ਪਤਾ ਨਹੀਂ ਇਹ ਖੋਪਰੀਆਂ ਕਿਵੇਂ ਬਣ ਗਈਆਂ ? ਮੈਂ ਖੁਦ ਹੈਰਾਨ ਹਾਂ।" ਸਾਊ ਨੇ ਤਰਲਾ ਕਰਦਿਆਂ ਕਿਹਾ, "ਤੁਸੀਂ ਮੇਰੇ ਨਾਲ ਚਲੋ, ਮੈਂ ਤੁਹਾਨੂੰ ਉਹ ਖੇਤ ਵਿਖਾਂਦਾ ਹਾਂ।"

ਫਿਰ ਸਾਊ ਰਾਖਸ਼ੀ ਸ਼ਕਲ ਦੇ ਆਦਮੀ ਨੂੰ ਉਸ ਖੇਤ ਵਲ ਲੈ ਗਿਆ ਅਤੇ ਉਹ ਥਾਂ ਵਿਖਾਈ ਜਿਥੋਂ ਉਹਨੇ ਦੋ ਅਧਵਾਣੇ ਤੋੜੇ ਸਨ। ਉਹ ਚਵਾਨੀ ਉਥੇ ਹੀ ਪਈ ਸੀ, ਜੋ ਸਾਊ ਨੇ ਅਧਵਾਣੇ ਤੋੜ ਕੇ ਕੀਮਤ ਵਜੋਂ ਉਥੇ ਰਖ ਦਿਤੀ ਸੀ, "ਇਹ ਚਵਾਨੀ ਮੈਂ ਹੀ ਰਖੀ ਏ।"

ਰਾਖਸ਼ੀ ਸੁਭਾ ਦਾ ਆਦਮੀ ਖਿੜ ਖਿੜ ਕਰ ਕੇ ਹਸਣ ਲਗਾ ਤੇ ਫਿਰ ਕਹਿਣ ਲਗਾ, "ਬਸ ਇਥੇ ਹੀ ਤੇਰੇ ਤੋਂ ਗਲਤੀ ਹੋਈ ਏ, ਤਾਹੀਉਂ ਅਧਵਾਣੇ ਖੋਪਰੀ ਵਿਚ ਬਦਲ ਗਏ ਨੇ।"

"ਉਹ ਕਿਵੇਂ ? ਮਹਾਰਾਜ, ਰਤਾ ਖੋਲ੍ਹ ਕੇ ਗੱਲ ਸਮਝਾਓ। ਮੇਰੇ ਪਲੇ ਕੁਝ ਨਹੀਂ ਪਿਆ", ਸਾਊ ਨੇ ਹੈਰਾਨ ਹੋ ਕੇ ਪੁਛਿਆ।

"ਮੈਂ ਕਲਿਜੁਗ ਹਾਂ, ਤੇ ਅਜ ਕਲ੍ਹ ਮੇਰਾ ਪਹਿਰਾ ਏ ?" ਰਾਖਸ਼ੀ ਸ਼ਕਲ

ਦੇ ਆਦਮੀ ਨੇ ਕਿਹਾ, "ਸਾਊਪੁਣੇ ਦਾ ਯੁਗ ਮੁਕ ਗਿਐ। ਜੇ ਤੂੰ ਸਜ਼ਾ ਤੋਂ ਬਚਣਾ ਚਾਹੁੰਦਾ ਏਂ ਤਾਂ ਸਾਊਪਣਾ ਤਿਆਗ ਦਿਹ। ਪਹਿਲਾਂ ਇਹ ਚਵਾਨੀ ਚੁਕ ਕੇ ਜੇਬੇ ਵਿਚ ਪਾ ਲੈ।"

ਸਾਊ ਨੇ ਉਸ ਵੇਲੇ ਚਵਾਨੀ ਚੁਕ ਕੇ ਜੇਬੇ ਵਿਚ ਪਾ ਲਈ ਅਤੇ ਉਥੋਂ ਤੁਰਨ ਲਗਾ। "ਨਹੀਂ, ਇਉਂ ਨਹੀਂ ਜਾਣ ਦਿਆਂਗਾ। ਕੁਝ ਅਧਵਾਣੇ ਹੋਰ ਤੋੜ ਕੇ ਪੈਰਾਂ ਹੇਠ ਮਸਲ ਤੇ ਖੇਤ ਵਿਚ ਸਾਰੇ ਪਾਸੇ ਖਿਲਾਰ ਦੇ।" ਕਲਿਜੁਗ ਨੇ ਕਿਹਾ।

ਸਾਊ ਪੁਰਸ਼ ਨੇ ਉਸੇ ਤਰ੍ਹਾਂ ਕੀਤਾ।

"ਹੁਣ ਥੈਲਾ ਖੋਲ੍ਹ ਕੇ ਵੇਖ ਇਹਦੇ ਵਿਚ ਕੀ ਏ ?" ਕਲਿਜੁਗ ਨੇ ਹੁਕਮ ਦਿਤਾ।

ਸਾਊ ਨੇ ਥੈਲਾ ਖੋਲ੍ਹ ਕੇ ਵੇਖਿਆ, ਉਹਦੇ ਵਿਚ ਖੋਪਰੀਆਂ ਦੀ ਥਾਂ ਅਧਵਾਣੇ ਪਏ ਸਨ।

ਮੁਸਾਫਰ ਦੰਗ ਰਹਿ ਗਿਆ ਤੇ ਮੁਸਕਰਾਂਦਾ ਹੋਇਆ ਉਥੋਂ ਚਲ ਪਿਆ।

ਪੰਜ ਮੁਖਾ ਦੈਂਤ

ਇਹ ਉਦੋਂ ਦੀ ਗੱਲ ਏ ਜਦੋਂ ਦੁਨੀਆਂ ਅਜੇ ਰਚੀ ਜਾ ਰਹੀ ਸੀ। ਬ੍ਰਹਮਾ ਦੇਵਤਾ ਸਾਰਾ ਦਿਨ ਕੰਮ ਕਰਕੇ ਥਕ ਜਾਂਦਾ। ਇਕ ਵਾਰ ਬ੍ਰਹਮਾ ਦੇ ਗਲ ਵਿਚ ਖਰਾਸ਼ ਜਿਹੀ ਹੋਈ ਤੇ ਉਹਨੇ ਗਲਾ ਸਾਫ ਕਰਕੇ ਥੁਕਿਆ। ਧਰਤੀ ਉਤੇ ਇਹ ਪਹਿਲੀ ਗੰਦਗੀ ਸੀ ਜੋ ਡਿਗੀ। ਸੋ ਧਰਤੀ ਨੂੰ ਥੁਕ ਤੋਂ ਗਿਲਾਨੀ ਹੋਈ ਤੇ ਧਰਤੀ ਨੇ ਉਹਨੂੰ ਚੁਕ ਕੇ ਉਪਰ ਅਸਮਾਨ ਵਲ ਸੁਟਿਆ। ਅਸਮਾਨ ਵੀ ਥੁਕ ਨੂੰ ਝੱਲਣ ਵਾਸਤੇ ਤਿਆਰ ਨਹੀਂ ਸੀ। ਸੋ ਉਹ ਮੁੜ ਧਰਤੀ ਵਲ ਡਿਗੀ। ਇਸੇ ਕਸ਼ਮਕਸ਼ ਵਿਚ ਉਸ ਥੁਕ ਵਿਚੋਂ ਇਕ ਪੰਜ ਮੁਖਾ ਦੈਂਤ ਪੈਦਾ ਹੋਇਆ, ਜਿਸ ਦੇ ਪੰਜ ਮੂੰਹ ਸਨ—ਪੰਜੇ ਵਿਸ਼ਾਲ ਤੇ ਪਾਟੇ ਹੋਏ। ਜਿਤਨਾ ਵੀ ਖਾ ਲੈਣ ਰਜਦੇ ਨਹੀਂ ਸਨ।

ਬ੍ਰਹਮਾ ਨੇ ਜਦੋਂ ਆਪਣੇ ਪਸੀਨੇ ਵਿਚੋਂ ਅੰਨ ਪੈਦਾ ਕੀਤਾ ਤਾਂ ਪੰਜ-ਮੁਖੀਏ ਦੈਂਤ ਦਾ ਲੋਭੀ ਮੂੰਹ ਸਾਰਾ ਅਨਾਜ ਹੜੁਪ ਕਰ ਗਿਆ। ਫਿਰ ਬ੍ਰਹਮਾ ਨੇ ਨਾਰੀ ਦੀ ਸਿਰਜਨਾ ਕੀਤੀ, ਪੰਜ-ਮੁਖੀਏ ਦੈਂਤ ਦਾ ਕਾਮੀ ਮੁਖ ਉਹਨੂੰ ਭੋਗਣ ਲਗਾ। ਉਹਦੇ ਕਰੋਧੀ ਮੁਖ ਵਿਚੋਂ ਅੱਗ ਦੇ ਸ਼ੋਅਲੇ ਨਿਕਲਦੇ ਰਹਿੰਦੇ ਤੇ ਜਿਹੜੀ ਚੀਜ਼ ਵਲ ਉਸ ਦੀ ਜੀਭ ਲਪਕਦੀ, ਉਹਨੂੰ ਉਹ ਸਾੜ ਕੇ ਸਵਾਹ ਕਰ ਦੇਂਦੀ। ਚੌਥਾ ਮੂੰਹ ਹੰਕਾਰ ਨਾਲ ਫੁਲਿਆ ਹੋਇਆ ਸੀ, ਜਦੋਂ ਉਹ ਗਰਜਦਾ ਸਾਰੀ ਧਰਤੀ ਕੰਬਣ ਲਗਦੀ। ਪੰਜਵੇਂ ਮੂੰਹ ਵਿਚ ਇਤਨਾ ਮੋਹ ਸੀ ਕਿ ਸਭ ਪ੍ਰਾਣੀ ਉਹਦੇ ਵਲ ਆਪ ਮੁਹਾਰੇ ਖਿਚੇ ਆਉਂਦੇ। ਬਸ ਜੋ ਕੁਝ ਬ੍ਰਹਮਾ ਰਚਦਾ, ਉਹ ਸਾਰਾ ਪੰਜ-ਮੁਖੇ ਦੈਂਤ ਦਾ ਬਣ

ਜਾਂਦਾ। ਸਭ ਕੁਝ ਉਹ ਹੜੁਪ ਕਰੀ ਜਾਂਦਾ ਜਾਂ ਫਿਰ ਦਬਾ ਕੇ ਬਹਿ ਜਾਂਦਾ।

ਬ੍ਰਹਮਾ ਬੜੇ ਪ੍ਰੇਸ਼ਾਨ ਸਨ। ਦੇਵਤੇ ਘਬਰਾਏ ਹੋਏ ਸਨ ਕਿ ਸੰਸਾਰ ਦਾ ਕੀ ਬਣੇਗਾ। ਸੋ ਉਹ ਸਭ ਬ੍ਰਹਮਾ ਜੀ ਨੂੰ ਨਾਲ ਲੈ ਕੇ ਪੰਜ ਮੁਖੇ ਦੈਂਤ ਕੋਲ ਗਏ।

ਪੰਜ ਮੁਖੇ ਦੈਂਤ ਨੇ ਬ੍ਰਹਮਾ ਦਾ ਆਦਰ ਕਰਦਿਆਂ ਕਿਹਾ, "ਮੈਂ ਤੁਹਾਡੀ ਹੀ ਅੰਸ਼ ਹਾਂ।" ਫਿਰ ਦੈਂਤ ਨੇ ਬ੍ਰਹਮਾ ਦੇ ਚਰਨ ਛੂਹ ਕੇ ਕਿਹਾ, "ਮਹਾਰਾਜ ! ਮੇਰੇ ਲਈ ਕੀ ਹੁਕਮ ਏ ? ਕੀੜੀ ਦੇ ਘਰ ਭਗਵਾਨ ਆਏ ਨੇ, ਕੋਈ ਸੇਵਾ ਬਖਸ਼ੋ।"

"ਜੋ ਮੰਗਾਂ ਗਾ ਦੇਵੇਂਗਾ ?" ਬ੍ਰਹਮਾ ਨੇ ਪੁਛਿਆ।

"ਜੀ, ਤੁਹਾਡੇ ਅਗੇ ਕੋਈ ਉਜ਼ਰ ਨਹੀਂ।" ਪੰਜ-ਮੁਖੇ ਦੈਂਤ ਨੇ ਕਿਹਾ।

"ਫਿਰ ਤੂੰ ਆਪਣੀ ਬਲੀ ਦਿਹ।" ਬ੍ਰਹਮਾ ਨੇ ਕਿਹਾ, "ਤੇਰੀ ਬਲੀ ਦਿਤੇ ਬਗੈਰ ਸੰਸਾਰ ਦੀ ਰਚਨਾ ਨਹੀਂ ਹੋ ਸਕਦੀ।"

ਪੰਜ-ਮੁਖਾ ਦੈਂਤ ਘਬਰਾਇਆ ਹੋਇਆ ਬ੍ਰਹਮਾ ਵਲ ਵੇਖਣ ਲਗਾ। ਉਹ ਬਚਨ ਦੇ ਚੁਕਾ ਸੀ, ਇਸ ਲਈ ਕੋਈ ਚਾਰਾ ਨਹੀਂ ਸੀ ਰਿਹਾ।

"ਮੈਨੂੰ ਬਲੀ ਦੇਣ ਵਿਚ ਕੋਈ ਉਜ਼ਰ ਨਹੀਂ।" ਪੰਜ-ਮੁਖੇ ਦੈਂਤ ਦੇ ਚਿਹਰੇ ਤੇ ਉਦਾਸੀ ਛਾਈ ਹੋਈ ਸੀ, "ਪਰ ਮੈਂ ਤੁਹਾਡੀ ਹੀ ਅੰਸ਼ ਹਾਂ। ਮੈਨੂੰ ਮਰਨ ਤੋਂ ਪਹਿਲਾਂ ਇਕ ਵਰ ਦਿਓ ਕਿ ਮੇਰੇ ਪੰਜੇ ਮੁਖ ਹਰੇਕ ਪ੍ਰਾਣੀ ਵਿਚ ਅੰਸ਼ ਮਾਤਰ ਸੁਰਜੀਤ ਰਹਿਣ, ਮੈਂ ਦੁਨੀਆਂ ਵਿਚ ਅਮਰ ਰਹਾਂ।"

ਬ੍ਰਹਮਾ ਹੈਰਾਨ ਹੋ ਗਿਆ, "ਇਹ ਕਿਵੇਂ ਹੋ ਸਕਦਾ ਏ। ਤੇਰਾ ਜ਼ਿੰਦਾ ਰਹਿਣਾ ਤਾਂ ਠੀਕ ਨਹੀਂ।"

ਫਿਰ ਬ੍ਰਹਮਾ ਨੇ ਦੇਵਤਿਆਂ ਨਾਲ ਵਿਚਾਰ ਕੀਤੀ, "ਇਹ ਤੁਹਾਡੀ ਹੀ ਅੰਸ਼ ਏ, ਇਹਨੂੰ ਨਸ਼ਟ ਕਰਨਾ ਵੀ ਤਾਂ ਠੀਕ ਨਹੀਂ", ਦੇਵਤਿਆਂ ਨੇ ਸਲਾਹ ਦਿਤੀ।

ਕਾਫੀ ਚਿਰ ਬ੍ਰਹਮਾ ਸੋਚਦਾ ਰਿਹਾ ਤੇ ਫਿਰ ਮੁਸਕਰਾ ਕੇ ਕਹਿਣ ਲਗਾ, "ਪੰਜ-ਮੁਖੇ ਦੈਂਤ ਦੀ ਗੱਲ ਮੰਨਣ ਵਿਚ ਕੋਈ ਨੁਕਸਾਨ ਨਹੀਂ। ਜੇ ਕਾਮ ਦਾ ਅੰਸ਼ ਜੀਆਂ ਜੰਤਾਂ ਵਿਚ ਰਹੇਗਾ ਤਾਂ ਉਹ ਔਲਾਦ ਪੈਦਾ ਕਰਨਗੇ, ਦੁਨੀਆਂ ਅਗੋਂ ਚਲੇਗੀ। ਮੋਹ ਉਨ੍ਹਾਂ ਨੂੰ ਇਕ ਦੂਜੇ ਨਾਲ ਬੰਨ੍ਹ ਕੇ ਰਖੇਗਾ। ਲੋਭ ਸਦਕਾ ਉਹ ਨਵੇਂ ਨਵੇਂ ਕੰਮ ਧੰਦੇ ਛੁਹਣਗੇ, ਨਿਰਮਾਣ ਹੁੰਦਾ ਰਹੇਗਾ। ਹੰਕਾਰ ਮਨੁਖ ਦੇ ਵੱਖਰੇ ਅਸਤਿਤਵ ਨੂੰ ਕਾਇਮ ਰਖੇਗਾ। ਹਰ ਪ੍ਰਾਣੀ ਵਖਰਾ ਪਛਾਣਿਆ ਜਾਵੇਗਾ।"

"ਤੇ ਕਰੋਧ ?" ਦੇਵਤਿਆਂ ਨੇ ਪੁਛਿਆ।

"ਜਦੋਂ ਦੁਨੀਆਂ ਉਤੇ ਕੋਈ ਹੰਕਾਰੀ ਅਨਿਆਂ ਕਰੇਗਾ ਤਾਂ ਕਰੋਧ ਹੀ ਲੋਕਾਂ ਦੀ ਰਖਿਆ ਕਰੇਗਾ, ਲੋਕਾਂ ਵਿਚੋਂ ਬੀਰ ਭਾਵਨਾ ਉਦੈ ਹੋਵੇਗੀ।"

ਤੇ ਬ੍ਰਹਮਾ ਨੇ ਪੰਜ-ਮੁਖੇ ਦੈਂਤ ਨੂੰ ਵਰ ਦਿਤਾ, "ਤੂੰ ਦੁਨੀਆਂ ਵਿਚ ਅਮਰ ਰਹੇਂਗਾ।"

ਫਿਰ ਬ੍ਰਹਮਾ ਨੇ ਪੰਜ-ਮੁਖੇ ਦੈਂਤ ਦੀ ਬਲੀ ਦਿਤੀ।

ਉਦੋਂ ਤੋਂ ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਪੰਜੇ ਬਿਰਤੀਆਂ ਮਨੁੱਖ ਜਾਤੀ ਵਿਚ ਵਿਦਮਾਨ ਹਨ।

ਮੁੱਢੀਆਂ

ਬੱਚੇ ਦਾ ਜਨਮ

ਪਹਿਲਾਂ ਬੱਚੇ ਦਰੱਖ਼ਤਾਂ ਨਾਲ ਫਲਾਂ ਵਾਂਗ ਹੀ ਲੱਗਿਆ ਕਰਦੇ ਸਨ। ਜਿਸ ਨੂੰ ਜਿਹੜਾ ਬੱਚਾ ਚੰਗਾ ਲੱਗਦਾ, ਦਰੱਖ਼ਤਾਂ ਨਾਲੋਂ ਤੋੜ ਕੇ ਲੈ ਆਉਂਦਾ। ਲੋਕਾਂ ਦਾ ਬੱਚਿਆਂ ਵਿਚ ਮੋਹ ਤੇ ਹਿਰਸ ਘਟ ਹੀ ਹੁੰਦੀ ਸੀ। ਜਦੋਂ ਕੋਈ ਬੱਚਾ ਜ਼ਿਆਦਾ ਬੀਮਾਰ ਪੈ ਜਾਂਦਾ ਤਾਂ ਲੋਕੀਂ ਉਸ ਨੂੰ ਦਰੱਖ਼ਤ ਹੇਠਾਂ ਸੁੱਟ ਆਉਂਦੇ ਅਤੇ ਉਥੋਂ ਕੋਈ ਨਵਾਂ ਬੱਚਾ ਤੋੜ ਲਿਆਂਦੇ। ਲੂਲ੍ਹੇ, ਲੰਗੜੇ, ਅੰਨ੍ਹੇ, ਕਾਣੇ ਤੇ ਕੋਝੇ ਬੱਚੇ ਦਰੱਖ਼ਤਾਂ ਨਾਲ ਹੀ ਲੱਗੇ ਲੱਗੇ ਗਲ ਸੜ ਕੇ ਡਿਗ ਪੈਂਦੇ। ਇਸ ਤਰ੍ਹਾਂ ਦਰੱਖ਼ਤਾਂ ਹੇਠ ਬੱਚੇ ਡਿਗ ਕੇ ਕੀੜਿਆਂ ਵਾਂਗ ਕੁਰਬਲ-ਕੁਰਬਲ ਕਰਦੇ ਰਹਿੰਦੇ।

ਇਕ ਵਾਰ ਕੋਈ ਭਿਆਨਕ ਬੀਮਾਰੀ ਫੈਲ ਗਈ। ਲੋਕੀਂ ਬੀਮਾਰ ਬੱਚਿਆਂ ਨੂੰ ਦਰੱਖ਼ਤਾਂ ਹੇਠ ਸੁਟਦੇ ਗਏ ਅਤੇ ਉਥੋਂ ਨਵੇਂ ਨਰੋਏ ਬੱਚੇ ਤੋੜ ਕੇ ਘਰ ਲਿਆਂਦੇ ਗਏ। ਇਸ ਤਰ੍ਹਾਂ ਦਰੱਖ਼ਤਾਂ ਹੇਠ ਬੀਮਾਰ ਬੱਚਿਆਂ ਦੇ ਅੰਬਾਰ ਲੱਗ ਗਏ। ਸਾਰੇ ਪਾਸੇ ਹਾਲ ਪਾਹਰਿਆ ਮਚ ਗਈ। ਇਕ ਬਜ਼ੁਰਗ ਤੋਂ ਬੱਚਿਆਂ ਦਾ ਰੋਣਾ ਕੁਰਲਾਣਾ ਤੇ ਪੀੜ ਨਾਲ ਤੜਪ ਤੜਪ ਕੇ ਪ੍ਰਾਣ ਤਿਆਗਣੇ ਵੇਖੇ ਨਾ ਗਏ। ਉਸ ਨੇ ਰੱਬ ਅੱਗੇ ਤਰਲਾ ਕੀਤਾ, "ਹੇ ਰੱਬਾ ! ਬੱਚਿਆਂ ਦੀ ਇਹ ਹਾਲਤ ਵੇਖੀ ਨਹੀਂ ਜਾਂਦੀ। ਮੇਰੀ ਮੰਨ ਤੇ ਬੱਚਿਆਂ ਨੂੰ ਦਰੱਖ਼ਤਾਂ ਦੀ ਥਾਂ ਮਾਂਵਾਂ ਦੀਆਂ ਆਂਦਰਾਂ ਨਾਲ ਲਗਾਇਆ ਕਰ, ਤਾਂ ਜੋ ਬੱਚਿਆਂ ਨੂੰ ਦੁਖੀ ਵੇਖ ਕੇ ਮਾਂਵਾਂ ਦੀਆਂ ਆਂਦਰਾਂ ਤੜਪ ਉਠਣ।" ਰੱਬ ਨੇ ਉਸ ਬਜ਼ੁਰਗ ਦੀ ਗੱਲ ਮੰਨ ਲਈ। ਉਦੋਂ ਤੋਂ ਬੱਚੇ ਦਰੱਖ਼ਤਾਂ ਨਾਲ ਲੱਗਣੇ ਬੰਦ ਹੋ ਗਏ।

ਮਨੁੱਖ ਦੀ ਉਮਰ

ਸੰਸਾਰ ਦੇ ਮੁੱਢ ਵਿਚ ਸਾਰੇ ਪ੍ਰਾਣੀ ਇਕੋ ਜਿਹੀ ਉਮਰ ਭੋਗਦੇ ਸਨ। ਮਨੁੱਖ, ਪਸ਼ੂ-ਪੰਛੀ ਤੇ ਕੀੜੇ-ਮਕੌੜੇ ਸਭਨਾਂ ਨੂੰ ਸੰਸਾਰ ਦੀ ਯਾਤ੍ਰਾ ਲਈ ਚਾਲ੍ਹੀ ਚਾਲ੍ਹੀ ਵਰ੍ਹੇ ਮਿਲੇ ਸਨ।

ਇਕ ਵਾਰ ਪ੍ਰਮਾਤਮਾ ਨੇ ਸਭ ਜੀਆਂ ਨੂੰ ਆਪਣੀ ਹਜ਼ੂਰੀ ਵਿਚ ਬੁਲਾਇਆ ਤੇ ਇਕ ਇਕ ਕਰਕੇ ਸਭਨਾਂ ਤੋਂ ਉਨ੍ਹਾਂ ਦੀਆਂ ਤਕਲੀਫ਼ਾਂ ਤੇ ਦੁਖ ਪੁਛੇ।

ਭਰੇ ਦਰਬਾਰ ਵਿਚ ਖੋਤਾ ਬੜੀ ਨਿਰਾਸਤਾ ਨਾਲ ਕਹਿਣ ਲੱਗਾ, "ਹਜ਼ੂਰ, ਮੇਰੇ ਉਤੇ ਜੰਮਦਿਆਂ ਸਾਰ ਬੋਝ ਲੱਦ ਦਿਤਾ ਜਾਂਦਾ ਏ। ਫਿਰ ਮੈਂ ਜਦ ਤਕ ਜਿਉਂਦਾ ਰਹਿੰਦਾ ਹਾਂ, ਲੋਕਾਂ ਦੇ ਬੋਝ ਢੋਂਦਾ ਰਹਿੰਦਾ ਹਾਂ, ਮੈਨੂੰ ਇਤਨੀ ਲੰਮੀ ਉਮਰ ਨਹੀਂ ਚਾਹੀਦੀ। ਮੈਨੂੰ ਤਾਂ ਵੀਹ ਕੁ ਸਾਲ ਹੀ ਬੜੇ ਨੇ।"

ਪ੍ਰਮਾਤਮਾ ਅਜੇ ਕੁਝ ਕਹਿਣ ਹੀ ਲੱਗਾ ਸੀ ਕਿ ਕੋਲ ਖਲੋਤਾ ਮਨੁੱਖ ਝਟ ਬੋਲ ਪਿਆ, "ਹਜ਼ੂਰ, ਖੋਤੇ ਦੇ ਇਹ ਵੀਹ ਸਾਲ ਮੈਨੂੰ ਦੇ ਦਿਓ, ਚਾਲ੍ਹੀ ਵਰ੍ਹੇ ਮੇਰੇ ਲਈ ਬਹੁਤ ਥੋੜੀ ਉਮਰ ਏ।"

ਪ੍ਰਮਾਤਮਾ ਮੁਸਕਰਾਇਆ ਤੇ ਧਰਮ ਰਾਜ ਨੂੰ ਕਹਿਣ ਲੱਗਾ, "ਖੋਤੇ ਦੇ ਇਹ ਵੀਹ ਸਾਲ ਮਨੁੱਖ ਦੇ ਲੇਖੇ ਵਿਚ ਪਾ ਦਿਓ।"

ਕੁਝ ਚਿਰ ਪਿਛੋਂ ਕੁੱਤਾ ਉਠਿਆ ਤੇ ਸ਼ਿਕਵਾ ਕਰਦਿਆਂ ਕਹਿਣ ਲੱਗਾ, "ਮੈਨੂੰ ਵੀ ਵੀਹਾਂ ਵਰ੍ਹਿਆਂ ਤੋਂ ਜ਼ਿਆਦਾ ਉਮਰ ਨਹੀਂ ਚਾਹੀਦੀ। ਸਾਰੀ ਉਮਰ ਮੈਂ ਮੰਗਤਿਆਂ ਵਾਂਗ ਦਰ ਦਰ ਦੀਆਂ ਠੋਕਰਾਂ ਖਾਂਦਾ ਫਿਰਦਾ ਹਾਂ ਤੇ ਦਿਨ-ਰਾਤ ਭੌਂਕਦਾ ਰਹਿੰਦਾ ਹਾਂ। ਕੋਈ ਮੇਰੇ ਵਲ ਕੰਨ ਨਹੀਂ ਧਰਦਾ। ਮੈਂ ਬਹੁਤਾ ਜੀਊਂਕੇ ਕੀ ਲੈਣਾ ਏ।"

ਮਨੁੱਖ ਕੁੱਤੇ ਦੀ ਗੱਲ ਸੁਣ ਕੇ ਝਟ ਬੋਲ ਪਿਆ, "ਹਜ਼ੂਰ, ਜੇ ਬੁਰਾ ਨਾ ਸਮਝੋ ਤਾਂ ਕੁੱਤੇ ਦੇ ਇਹ ਵੀਹ ਵਰ੍ਹੇ ਦੀ ਉਮਰ ਵੀ ਮੈਨੂੰ ਭੋਗਣ ਵਾਸਤੇ ਦੇ ਦਿੰਓ। ਮੇਰਾ ਥੋੜੀ ਉਮਰ ਨਾਲ ਕੁਝ ਨਹੀਂ ਬਣਦਾ, ਘਟੋ ਘਟ ਪੋਤਰੇ ਤਾਂ ਵੇਖ ਲਵਾਂ।" ਪ੍ਰਮਾਤਮਾ ਨੇ ਉਸ ਦੀ ਇਹ ਗੱਲ ਵੀ ਮੰਨ ਲਈ।

ਉਦੋਂ ਤੋਂ ਇਨਸਾਨ ਪਹਿਲੇ ਚਾਲ੍ਹੀ ਸਾਲ ਤਾਂ ਆਪਣੀ ਅਸਲੀ ਉਮਰ ਭੋਗਦਾ ਹੈ ਅਤੇ ਜੀਵਨ ਦਾ ਆਨੰਦ ਮਾਣਦਾ ਹੈ। ਫਿਰ ਚਾਲ੍ਹ ਤੋਂ ਸੱਠ ਸਾਲ ਤਕ ਖੋਤੇ ਦੀ ਉਮਰ ਨੂੰ ਭੋਗਦਾ ਹੈ ਤੇ ਖੋਤੇ ਵਾਂਗ ਘਰ ਦੇ ਕੰਮ ਧੰਦੇ ਦੇ ਬੋਝ ਹੇਠ ਦਬਿਆ ਰਹਿੰਦਾ ਹੈ। ਫਿਰ ਇਨਸਾਨ ਸੱਠ ਤੋਂ ਅੱਸੀ ਵਰ੍ਹੇ ਤਕ ਕੁੱਤੇ ਦੀ ਉਮਰ ਭੋਗਦਾ ਹੈ ਤੇ ਕੁੱਤੇ ਵਾਂਙ ਹੀ ਭੌਂਕਦਾ ਰਹਿੰਦਾ ਹੈ, ਪਰ ਉਸ ਦੀ ਖ਼ਬਰ ਸੁਰਤ ਕੋਈ ਨਹੀਂ ਲੈਂਦਾ।

ਪੇਟ ਦੀ ਧੁੰਨੀ

ਪੁਰਾਣੇ ਵੇਲਿਆਂ ਵਿਚ ਪੇਟ ਦੀ ਧੁੰਨੀ ਦੀ ਛੂਣੀ ਅੱਡ ਹੋ ਜਾਇਆ ਕਰਦੀ ਸੀ। ਜੋ ਕੁਝ ਕਿਸੇ ਸ਼ਖ਼ਸ ਨੇ ਖਾਧਾ ਪੀਤਾ ਹੋਵੇ, ਉਸ ਨੂੰ ਛੂਣੀ ਉਤਾਰ ਕੇ ਵੇਖਿਆ ਜਾ ਸਕਦਾ ਸੀ।

ਇਕ ਵਾਰ ਕਿਸੇ ਗ਼ਰੀਬ ਮਾਈ ਦੇ ਘਰ ਉਸ ਦੀ ਧੀ ਜਵਾਈ ਫੇਰਾ ਪਾਣ ਲਈ ਆਏ। ਮਾਈ ਨੇ ਕਿਸੇ ਘਰੋਂ ਦੁੱਧ ਤੇ ਕਿਸੇ ਘਰੋਂ ਚਾਵਲ ਮੰਗ ਕੇ ਜਵਾਈ ਵਾਸਤੇ ਖੀਰ ਰਿੰਨ੍ਹ ਲਈ ਤੇ ਕੁਝ ਹੋਰ ਚੀਜ਼ਾਂ ਤਿਆਰ ਕਰ ਲਈਆਂ। ਉਸ ਨੇ ਆਪਣੇ ਤੇ ਧੀ ਵਾਸਤੇ ਸਾਗ ਅਤੇ ਮੱਕੀ ਦਾ ਢੋਡਾ ਪਕਾਇਆ।

ਜਦੋਂ ਰਾਤ ਵੇਲੇ ਸਭ ਜਣੇ ਰੋਟੀ ਖਾ ਪੀ ਕੇ ਲੰਮੇ ਪੈ ਗਏ ਤਾਂ ਮਾਈ ਦੇ ਧੀ-ਜਵਾਈ ਕਾਫ਼ੀ ਦੇਰ ਤਕ ਗੱਲੀਂ-ਬਾਤੀਂ ਰੁਝੇ ਰਹੇ। ਮਾਈ ਦੀ ਧੀ ਨੇ ਭੁੱਸਾ ਡਕਾਰ ਮਾਰਿਆ ਤਾਂ ਜਵਾਈ ਨੇ ਪੁਛਿਆ, "ਭਲੀਏ ਲੋਕੇ, ਤੂੰ ਕੀ ਖਾਧਾ ਏ ? ਭੈੜੇ ਡਕਾਰ ਪਈ ਮਾਰਦੀ ਏਂ।"

ਧੀ ਨੇ ਆਪਣੀ ਮਾਂ ਦੀ ਪਤ-ਅਬਰੋ ਰਖਣ ਲਈ ਝੂਠ ਮਾਰਦਿਆਂ ਹੋਇਆਂ ਕਿਹਾ, "ਜੋ ਕੁਝ ਤੁਸਾਂ ਖਾਧਾ ਏ, ਉਹੋ ਖੀਰ ਤੇ ਪੂੜੇ, ਹੋਰ ਕੀ ਖਾਣਾ ਸੀ।"

ਖ਼ਾਵੰਦ ਨੂੰ ਆਪਣੀ ਪਤਨੀ ਦੀ ਗੱਲ ਉਤੇ ਵਿਸ਼ਵਾਸ ਨਾ ਆਇਆ। ਸੋ ਉਹ ਕਹਿਣ ਲੱਗਾ, "ਤੂੰ ਐਵੇਂ ਨਿੱਕੀ ਜਿਹੀ ਗੱਲ ਤੇ ਕਿਉਂ ਝੂਠ ਬੋਲ ਰਹੀ ਏਂ। ਲਿਆ, ਮੈਨੂੰ ਆਪਣੀ ਧੁੰਨੀ ਦੀ ਛੂਣੀ ਲਾਹ ਕੇ ਵਿਖਾ।"

ਪਤਨੀ ਇਹ ਗੱਲ ਸੁਣ ਕੇ ਬੜੀ ਘਬਰਾਈ। ਨਾਲੇ ਉਹ ਝੂਠੀ ਪਏਗੀ, ਨਾਲੇ ਉਸ ਦੀ ਮਾਂ ਦੀ ਪੱਤ ਮਿੱਟੀ ਵਿਚ ਮਿਲ ਜਾਵੇਗੀ। ਸੋ ਉਸ ਸੱਚੇ ਦਿਲੋਂ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹੋਏ ਕਿਹਾ, "ਹੇ ਪ੍ਰਭੂ, ਤੂੰ ਸਾਰਿਆਂ ਦੇ ਪਰਦੇ ਢਕਦਾ ਆਇਆ ਏਂ, ਅੱਜ ਨਿਮਾਣੀ ਦਾ ਪਰਦਾ ਵੀ ਢਕ।"

ਰੱਬ ਦੀ ਕਰਨੀ, ਜਦੋਂ ਪਤਨੀ ਦੀ ਧੁੰਨੀ ਦੀ ਛੂਣੀ ਪਤੀ ਉਤਾਰਨ ਲੱਗਾ ਤਾਂ ਉਹ ਪੇਟ ਨਾਲ ਪੱਕੀ ਤਰ੍ਹਾਂ ਜੁੜ ਚੁਕੀ ਸੀ। ਜ਼ੋਰ ਲਾ ਕੇ ਖਿੱਚੜ ਉਤੇ ਵੀ ਧੁੰਨੀ ਵੱਖ ਨਾ ਹੋਈ। ਇਹ ਵੇਖ ਕੇ ਪਤੀ ਬੜਾ ਸ਼ਰਮਿੰਦਾ ਪਿਆ। ਕਹਿੰਦੇ ਨੇ ਉਦੋਂ ਤੋਂ ਹੀ ਮਨੁਖਾਂ ਦੀ ਧੁੰਨੀ ਦਾ ਢੱਕਣ ਉਤਰਨਾ ਬੰਦ ਹੋ ਗਿਆ।

ਖੋਪਰੀ ਦੀ ਛੂਣੀ

ਪਹਿਲੇ ਵਕਤਾਂ ਵਿਚ ਤੀਵੀਆਂ ਦੇ ਸਿਰ ਦੀ ਖੋਪਰੀ ਬਾਕੀ ਸਰੀਰ ਨਾਲੋਂ ਅੱਡ ਹੋ ਜਾਇਆ ਕਰਦੀ ਸੀ ਅਤੇ ਤੀਵੀਆਂ ਆਪੋ ਆਪਣੀ ਖੋਪਰੀ ਛੂਣੀ ਵਾਂਗ ਸਿਰ ਤੋਂ ਉਤਾਰ ਕੇ ਝੋਲੀ ਵਿਚ ਰਖ ਲੈਂਦੀਆਂ ਸਨ ਅਤੇ ਕੰਘੀ ਪੱਟੀ ਕਰ ਕੇ ਮੁੜ ਸਿਰ ਉਤੇ ਟੋਪੀ ਵਾਂਙ ਟਿਕਾ ਦਿੰਦੀਆਂ ਸਨ। ਜੇ ਕਿਸੇ ਦੇ ਸਿਰ ਵਿਚ ਜੂੰਆਂ ਪੈ ਜਾਣ ਤਾਂ ਵੀ ਉਹ ਆਪਣੀ ਖੋਪ੍ਰਰੀ ਉਤਾਰ ਕੇ ਸਿਰ ਵਿਚੋਂ ਖ਼ੁਦ ਆਪ ਹੀ ਜੂੰਆਂ ਕੱਢ ਕੇ ਮੁੜ ਖੋਪਰੀ ਦੀ ਛੂਣੀ ਨੂੰ ਸਿਰ ਉਪਰ ਟਿਕਾ ਦੇਂਦੀ ਸੀ। ਇਸ ਤਰ੍ਹਾਂ ਕਈ ਜੁੱਗ ਬੀਤ ਗਏ।

ਪਰ ਕਲਜੁਗ ਜਦੋਂ ਆਇਆ ਤਾਂ ਸੱਸਾਂ ਨੂੰਹਾਂ ਵਿਚ ਕੀਨਾ ਸਾੜਾ ਵਧ ਗਿਆ ਅਤੇ ਉਨ੍ਹਾਂ ਵਿਚ ਨਿੱਤ ਝਗੜੇ ਹੋਣ ਲੱਗੇ। ਇਕ ਨੂੰਹ ਬੜੀ ਹੀ ਅਸੀਲ ਅਤੇ ਸਹਿਨਸ਼ੀਲ ਸੁਭਾਅ ਦੀ ਸੀ, ਪਰ ਉਸ ਦੀ ਸੱਸ ਉਸ ਨੂੰ ਹਮੇਸ਼ਾਂ ਦੁਖੀ ਕਰਦੀ ਰਹਿੰਦੀ। ਉਹ ਨਾ ਤਾਂ ਉਸ ਨੂੰ ਘਰੋਂ ਬਾਹਰ ਪੈਰ ਕੱਢਣ ਦੇਂਦੀ ਅਤੇ ਨਾ ਹੀ ਕਿਸੇ ਕੁੜੀ ਨਾਲ ਦੁਖ ਸੁਖ ਫੋਲਣ ਦੇਂਦੀ ਸੀ। ਉਸ ਦੀ ਨੂੰਹ ਇਕ ਤਰ੍ਹਾਂ ਕੈਦੀਆਂ ਵਾਲਾ ਜੀਵਨ ਭੋਗ ਰਹੀ ਸੀ।

ਇਕ ਦਿਨ ਨੂੰਹ ਆਪਣੀ ਖੋਪਰੀ ਦੀ ਛੂਣੀ ਉਤਾਰ ਕੇ ਆਪਣੇ ਸਿਰ ਵਿਚੋਂ ਜੂੰਆਂ ਕੱਢ ਰਹੀ ਸੀ ਤਾਂ ਉਸ ਦੇ ਮਨ ਵਿਚ ਫੁਰਨਾ ਫੁਰਿਆ, "ਰੱਬਾ, ਕਿਹਾ ਚੰਗਾ ਹੁੰਦਾ, ਜੇ ਇਹ ਖੋਪਰੀ ਦੀ ਛੂਣੀ ਸਿਰ ਨਾਲੋਂ ਵੱਖਰੀ ਨਾ ਹੁੰਦੀ।' ਫਿਰ ਤਾਂ ਉਹ

ਕਿਸੇ ਗੰਵਾਢਣ ਤੋਂ ਜੂੰਆਂ ਕਢਵਾਣ ਜਾਂ ਸਿਰ ਗੁੰਦਵਾਣ ਵੇਲੇ, ਘੜੀ ਦੀ ਘੜੀ ਆਪਣਾ ਭਰਿਆ ਦਿਲ ਹੌਲਾ ਕਰ ਲਿਆ ਕਰਦੀ। ਰੱਬਾ, ਕੁੜੀਆਂ-ਚਿੜੀਆਂ ਸਿਰ ਫੁਲਾਂਦਿਆਂ ਇਕ ਦੂਜੇ ਨਾਲ ਦਿਲ ਤਾਂ ਫੋਲ ਲੈਂਦੀਆਂ।"

ਉਹ ਨੂੰਹ ਬੜੀ ਨੇਕ, ਅਸੀਲ ਅਤੇ ਕਰਮੀ-ਧਰਮੀ ਸੀ। ਰੱਬ ਦੀ ਕਰਨੀ ਉਸ ਦੀ ਪ੍ਰਾਰਥਨਾ ਧੁਰ ਦਰਗਾਹੇ ਕਬੂਲ ਹੋ ਗਈ ਅਤੇ ਉਸੇ ਵੇਲੇ ਮਨੁਖ ਜਾਤੀ ਦੀ ਸਿਰ ਨਾਲ ਖੋਪਰੀ ਅਜਿਹੀ ਪੱਕੀ ਜੁੜੀ ਕਿ ਫਿਰ ਅੱਡ ਨਾ ਹੋ ਸਕੀ। ਉਦੋਂ ਤੋਂ ਕੁੜੀਆਂ-ਚਿੜੀਆਂ ਇਕ ਦੂਜੇ ਕੋਲੋਂ ਸਿਰ ਗੁੰਦਵਾਂਦਿਆਂ ਜਾਂ ਵਾਲ ਫੁਲਾਂਦਿਆਂ ਸੱਸਾਂ ਨਨਾਣਾਂ ਬਾਰੇ ਦਿਲ ਦੀ ਭੜਾਸ ਕੱਢਣ ਲੱਗੀਆਂ।

ਮੌਤ

ਰੱਬ ਨੇ ਥੋੜੀ ਜਿਹੀ ਮਿੱਟੀ ਗੁੰਨ੍ਹ ਕੇ ਮਨੁਖੀ ਸ਼ਕਲ ਦਾ ਇਕ਼ ਵਡਾ ਸਾਰਾ ਖਡੌਣਾ ਬਣਾਇਆ। ਫਿਰ ਉਸ ਨੂੰ ਧੁੱਪੇ ਪਾ ਕੇ ਕਈ ਦਿਨ ਸੁਕਾਇਆ। ਜਦੋਂ ਖਿਡੌਣਾ ਚੰਗੀ ਤਰ੍ਹਾਂ ਪੱਕ ਗਿਆ ਤਾਂ ਰੱਬ ਨੇ ਇਕ ਰੂਹ ਨੂੰ ਸੱਦਿਆ ਤੇ ਉਸ ਨੂੰ ਖਿਡੌਣੇ ਵਿਚ ਦਾਖ਼ਲ ਹੋਣ ਵਾਸਤੇ ਕਿਹਾ। ਰੂਹ ਬੁਤ ਵਿਚ ਦਾਖ਼ਲ ਹੋਣ ਤੋਂ ਘਬਰਾਈ ਤੇ ਟਾਲ-ਮਟੋਲੇ ਕਰਨ ਲੱਗੀ। ਰੱਬ ਦੇ ਹੁਕਮ ਨੂੰ ਉਹ ਟਾਲ ਤਾਂ ਨਹੀਂ ਸਕਦੀ ਸੀ। ਇਸ ਵਾਸਤੇ ਸਾਰੇ ਹੀਲੇ ਪਰਤਾ ਕੇ ਅਖ਼ੀਰ ਉਹ ਕਹਿਣ ਲੱਗੀ, "ਹਜ਼ੂਰ ! ਮੈਂ ਇਸ ਵਿਚ ਦਾਖ਼ਲ ਹੋਣ ਤੋਂ ਇਨਕਾਰ ਨਹੀਂ ਕਰ ਸਕਦੀ, ਪਰ ਇਕ ਮੇਰੀ ਵੀ ਅਰਜ਼ ਏ।"

"ਉਹ ਕੀ ਏ ?" ਰੱਬ ਨੇ ਕਿਹਾ।

"ਮੈਨੂੰ ਹਮੇਸ਼ਾ ਲਈ ਇਸ ਬੁਤ ਵਿਚ ਨਾ ਰਹਿਣ ਦੇਣਾ।" ਰੂਹ ਨੇ ਤਰਲੇ ਨਾਲ ਕਿਹਾ।

ਰੱਬ ਨੇ ਇਹ ਗੱਲ ਮੰਨ ਲਈ।

ਰੂਹ ਦੇ ਬੁਤ ਵਿਚ ਦਾਖ਼ਲ ਹੁੰਦਿਆਂ ਸਾਰ ਹੀ ਬੁਤ ਵਿਚ ਜਾਨ ਪੈ ਗਈ। ਉਹ ਬੁਤ ਮਨੁਖ ਬਣ ਕੇ ਇਧਰ ਉਧਰ ਨੱਚਣ ਟੱਪਣ ਲੱਗਾ ਤੇ ਰੂਹ ਜ਼ਿੰਦਗੀ ਦਾ ਆਨੰਦ ਮਾਣਨ ਲੱਗ ਪਈ। ਥੋੜੇ ਚਿਰ ਬਾਅਦ ਜਦੋਂ ਰੱਬ ਬੁਤ ਵਿਚੋਂ ਰੂਹ ਨੂੰ ਬਾਹਰ ਕੱਢਣ ਲੱਗਾ ਤਾਂ ਰੂਹ ਬੜੀ ਘਬਰਾਈ। ਉਹ ਬਾਹਰ ਨਿਕਲਣ ਲਈ ਬਿਲਕੁਲ ਤਿਆਰ ਨਹੀਂ ਸੀ। ਪਰ ਰੱਬ ਨੇ ਆਪਣਾ ਬਚਨ ਪਾਲਦੇ ਹੋਏ ਰੂਹ ਨੂੰ ਬੁਤ ਵਿਚੋਂ ਬਾਹਰ ਕੱਢਿਆ। ਇਉਂ ਉਸ ਮਨੁਖ ਦੀ ਮੌਤ ਹੋ ਗਈ। ਇਸ ਤਰ੍ਹਾਂ ਮੌਤ ਨੇ ਦੁਨੀਆਂ ਵਿਚ ਮਨੁਖ ਅਤੇ ਰੱਬ ਵਿਚਕਾਰ ਇਕ ਸਮਝੌਤੇ ਦੇ ਰੂਪ ਵਿਚ ਜਨਮ ਲਿਆ।

ਮੌਤ ਦਾ ਜਨਮ

ਜਦੋਂ ਰੱਬ ਦੁਨੀਆਂ ਦੀ ਰਚਨਾ ਕਰ ਚੁਕਿਆ ਤਾਂ ਉਸ ਨੇ ਮਿੱਟੀ ਦੀਆਂ ਦੋ ਬੁੱਕਾਂ ਭਰ ਕੇ ਇਕ ਪਾਸੇ ਰਖ ਦਿਤੀਆਂ। ਆਪ ਉਹ ਉਹਲੇ ਹੋ ਬੈਠਾ। ਕੁਝ ਚਿਰ ਬਾਅਦ ਉਸ ਮਿੱਟੀ ਵਿਚੋਂ ਜ਼ਿੰਦਗੀ ਧੜਕਣ ਲੱਗੀ ਤੇ ਇਕ ਢੇਰੀ ਵਿਚੋਂ ਮਰਦ ਅਤੇ ਦੂਜੀ ਵਿਚੋਂ ਤੀਵੀਂ ਪੈਦਾ ਹੋਈ।

ਰੱਬ ਨੇ ਮਰਦ ਨੂੰ ਆਵਾਜ਼ ਮਾਰੀ, "ਓ ਮਾਣੂਆਂ।"

ਆਦਮੀ ਬੋਲਿਆ, "ਹਾਂ।"

ਉਸ ਆਦਮੀ ਨੇ ਆਦਰ ਨਾਲ 'ਹਾਂ ਜੀ' ਨਹੀਂ ਸੀ ਆਖਿਆ। ਰੱਬ ਨੇ ਸੋਚਿਆ, ਜਿਹੜਾ ਆਦਮੀ ਦੂਜਿਆਂ ਵਾਸਤੇ 'ਜੀ' ਕਹਿਣ ਦੀ ਸ਼ੁਭ ਭਾਵਨਾ ਨਹੀਂ ਰਖਦਾ, ਉਸ ਨੂੰ ਅਮਰ ਜੀਵਨ ਨਹੀਂ ਦੇਣਾ ਚਾਹੀਦਾ। ਇਸ ਵਾਸਤੇ ਰੱਬ ਨੇ ਉਹਨਾਂ ਦੋਹਾਂ ਨੂੰ ਥੋੜੀ ਦੇਰ ਲਈ ਜ਼ਿੰਦਾ ਰਖਿਆ ਤੇ ਫਿਰ ਉਹ ਦੋਵੇਂ ਮਿੱਟੀ ਵਿਚ ਮਿੱਟੀ ਹੋ ਗਏ। ਇਸ ਤਰ੍ਹਾਂ ਪਹਿਲੇ ਮਨੁਖ ਦੇ 'ਜੀ' ਨਾ ਕਹਿਣ ਕਰਕੇ ਮੌਤ ਦਾ ਜਨਮ ਹੋਇਆ।

ਚੰਨ ਠੰਢਾ ਕਿਉਂ

ਸੂਰਜ ਤੇ ਚੰਨ ਦੋਵੇਂ ਸਕੇ ਭੈਣ ਭਰਾ ਸਨ। ਇਕ ਵਾਰ ਉਹ ਦੋਵੇਂ ਕਿਸੇ ਦੋਸਤ ਦੇ ਵਿਆਹ ਤੇ ਜੰਵੀਂ ਗਏ। ਉਨ੍ਹਾਂ ਦੀ ਮਾਂ ਨੇ ਜਾਣ ਵੇਲੇ ਕਿਹਾ, "ਬੱਚਿਓ, ਖਾਣ ਵਾਸਤੇ ਜੇ ਉਥੇ ਕੋਈ ਬਹੁਤੀ ਸਵਾਦੀ ਚੀਜ਼ ਹੋਈ ਤਾਂ ਥੋੜੀ ਜਿਹੀ ਮੇਰੇ ਵਾਸਤੇ ਵੀ ਲੈਂਦੇ ਆਉਣਾ।"

ਸੂਰਜ ਨੂੰ ਖਾਣ ਪੀਣ ਦਾ ਬੜਾ ਚਸਕਾ ਸੀ। ਇਸ ਲਈ ਉਥੋਂ ਜੋ ਕੁਝ ਮਿਲਿਆ, ਗੜੱਪੇ ਮਾਰ ਕੇ ਖਾ ਗਿਆ। ਮਾਂ ਲਈ ਉਸ ਨੇ ਕੋਈ ਚੀਜ਼ ਵੀ ਬਚਾ ਕੇ ਨਾ ਲਿਆਂਦੀ। ਪਰ ਚੰਨ ਦਾ ਆਪਣੀ ਮਾਂ ਨਾਲ ਬੜਾ ਪਿਆਰ ਸੀ। ਉਸ ਨੇ ਮਾਂ ਵਾਸਤੇ ਕਾਫ਼ੀ ਕੁਝ ਬਚਾ ਕੇ ਲੈ ਆਂਦਾ।

ਜਦੋਂ ਦੋਵੇਂ ਭੈਣ ਭਰਾ ਘਰ ਵਾਪਸ ਆਏ ਤਾਂ ਮਾਂ ਅੱਗੇ ਭੁੱਖੀ ਬੈਠੀ ਉਡੀਕ ਰਹੀ ਸੀ। ਮਾਂ ਨੇ ਵੇਖਿਆ ਕਿ ਸੂਰਜ ਉਸ ਦੇ ਵਾਸਤੇ ਕੁਝ ਵੀ ਨਹੀਂ ਲਿਆਇਆ। ਉਹ ਗੁੱਸੇ ਨਾਲ ਲਾਲ-ਪੀਲੀ ਹੋ ਗਈ। ਉਸ ਦੇ ਮੂੰਹੋਂ ਸੂਰਜ ਲਈ ਸੁਤੇ ਸਿਧ ਬਦ-ਅਸੀਸ ਨਿਕਲ ਗਈ, "ਨਿਰਮੋਹਿਆ, ਜਿਵੇਂ ਤੂੰ ਮੇਰਾ ਦਿਲ ਸਾੜਿਆ ਏ, ਤਿਵੇਂ ਹਮੇਸ਼ਾਂ ਖ਼ੁਦ ਸੜਦਾ ਬਲਦਾ ਰਹੇਂ।"

ਥੋੜੀ ਦੇਰ ਬਾਅਦ ਚੰਨ ਨੇ ਮਾਂ ਨੂੰ ਖਾਣ ਵਾਸਤੇ ਕੁਝ ਚੀਜ਼ਾਂ ਦਿਤੀਆਂ, ਤਾਂ ਮਾਂ ਚੰਨ ਨੂੰ ਝੋਲੀ ਵਿਚ ਲੈ ਕੇ ਕਹਿਣ ਲੱਗੀ, "ਮੇਰੀ ਰਾਣੀ ਧੀ, ਤੂੰ ਮੇਰਾ ਹਿਰਦਾ ਠੰਢਾ ਠਾਰ ਕੀਤਾ ਏ। ਰੱਬ ਕਰੇ, ਤੂੰ ਹਮੇਸ਼ਾਂ ਸੀਤਲਤਾ ਵੰਡਦੀ ਰਹੇਂ।" ਸਤਿਜੁਗ ਸੀ, ਮਾਂ ਦੇ ਬਚਨ ਪੂਰੇ ਹੋਏ।

ਉਦੋਂ ਤੋਂ ਸੂਰਜ ਅਗਨੀ ਅਤੇ ਚੰਨ ਠੰਢ ਵਰਤਾ ਰਿਹਾ ਹੈ।

ਸੂਰਜ ਕਾਣਾ

ਸੂਰਜ ਤੇ ਚੰਨ ਦੋਵੇਂ ਸਕੇ ਭਰਾ ਸਨ। ਇਕ ਵਾਰ ਜਦੋਂ ਉਨ੍ਹਾਂ ਦੀ ਮਾਂ ਨਹਾਵਣ ਲੱਗੀ ਤਾਂ ਉਸ ਨੇ ਆਪਣੇ ਪੁਤਰਾਂ ਨੂੰ ਕਿਹਾ, "ਬੱਚਿਓ, ਮੈਂ ਨਹਾਣ ਲੱਗੀ ਹਾਂ, ਤੁਸੀਂ ਰਤਾ ਕੁ ਦਰੱਖ਼ਤ ਦੇ ਉਹਲੇ ਹੋ ਜਾਓ, ਨਹੀਂ ਤਾਂ ਪਿੱਠ ਕਰ ਲਓ।" ਚੰਨ ਮਾਂ ਦੀ ਹਰ ਗੱਲ ਮੰਨ ਲੈਂਦਾ ਸੀ, ਉਹ ਝਟ ਦਰੱਖ਼ਤ ਦੇ ਉਹਲੇ ਹੋ ਗਿਆ, ਪਰ ਸੂਰਜ ਉਥੇ ਦਾ ਉਥੇ ਹੀ ਖੜਾ ਰਿਹਾ। ਜਦੋਂ ਮਾਂ ਨੇ ਝਿੜਕਿਆ ਤਾਂ ਉਹ ਵੀ ਦਰੱਖ਼ਤ ਦੇ ਉਹਲੇ ਜਾ ਖੜਾ ਹੋਇਆ। ਪਰ ਸੂਰਜ ਉਥੋਂ ਕਾਣੀ ਅੱਖ ਨਾਲ ਮਾਂ ਨੂੰ ਤਾੜਦਾ ਰਿਹਾ। ਮਾਂ ਨੇ ਸੂਰਜ ਨੂੰ ਵੇਖ ਲਿਆ ਤੇ ਉਸ ਨੂੰ ਇਤਨਾ ਗੁੱਸਾ ਚੜ੍ਹਿਆ ਕਿ ਉਸ ਨੇ ਝਟ ਸਰਾਪ ਦੇ ਦਿਤਾ, "ਬਦਨੀਤਾ ! ਜਾਹ ਤੂੰ ਸਦਾ ਕਾਣਾ ਹੀ ਰਹੇਂ।" ਉਦੋਂ ਤੋਂ ਸੂਰਜ ਕਾਣਾ ਹੋ ਗਿਆ।*

ਸੂਰਜ ਗਰਮ ਕਿਉਂ ?**

ਚੰਨ ਤੇ ਸੂਰਜ ਦੋਵੇਂ ਭੈਣ ਭਰਾ ਸਨ। ਇਕ ਵਾਰੀ ਉਨ੍ਹਾਂ ਦੀ ਮਾਂ ਸਖ਼ਤ ਬੀਮਾਰ ਪੈ ਗਈ। ਮਾਂ ਨੇ ਚੰਨ ਨੂੰ ਆਟਾ ਗੁੰਨਣ ਲਈ ਅਤੇ ਸੂਰਜ ਨੂੰ ਅੱਗ ਬਾਲਣ ਲਈ ਕਿਹਾ। ਸੂਰਜ ਨੇ ਪਹਿਲਾਂ ਨਾਂਹ ਕਰ ਦਿਤੀ, ਪਰ ਜਦੋਂ ਮਾਂ ਬਹੁਤ ਗੁੱਸੇ ਹੋਈ ਤਾਂ ਉਹ ਅੱਗ ਭਖਾਣ ਲੱਗਾ। ਜਦੋਂ ਅੱਗ ਚੰਗੀ ਤਰ੍ਹਾਂ ਭਖ ਗਈ ਤਾਂ ਸੂਰਜ ਨੇ ਸ਼ਰਾਰਤ ਨਾਲ ਇਕ ਦੋ ਅੰਗਿਆਰੇ ਮਾਂ ਵਲ ਸੁਟਦੇ ਹੋਏ ਕਿਹਾ, "ਇਹ ਲੈ, ਮਾਂ, ਅੱਗ ਭਖ ਗਈ ਆ।"

ਅਚਾਨਕ ਅੰਗਿਆਰੇ ਮਾਂ ਦੀ ਮੰਜੀ ਉਤੇ ਜਾ ਡਿਗੇ, ਜਿਸ ਨਾਲ ਮੰਜੀ ਨੂੰ ਅੱਗ ਲੱਗ ਗਈ। ਉਸੇ ਵੇਲੇ ਚੰਨ ਨੇ ਪਾਣੀ ਪਾ ਕੇ ਅੱਗ ਬੁਝਾਈ। ਮਾਂ ਨੇ ਕਰੋਧ ਵਿਚ ਆ ਕੇ ਸੂਰਜ ਨੂੰ ਸਰਾਪ ਦਿਤਾ, "ਜਾਹ, ਤੂੰ ਸਢਾ ਸੜਦਾ ਰਹੇਂ।"

---

* ਸੂਰਜ ਨੂੰ ਕਾਣਾ ਮੰਨਿਆ ਜਾਂਦਾ ਹੈ, ਕਿਉਂ ਜੋ ਮਨੁਖ ਹਮੇਸ਼ਾਂ ਇਕ ਅੱਖ ਮੀਟ ਕੇ ਸੂਰਜ ਵਲ ਵੇਖਦਾ ਹੈ। ਇਸੇ ਤੋਂ ਸੂਰਜ ਨਾਲ ਕਾਣੇ ਹੋਣ ਦਾ ਭਰਮ ਜੁੜ ਗਿਆ।

** ਖਬਰੇ "ਚੰਨ ਪਕਾਵੇ ਰੋਟੀਆਂ ਸੂਰਜ ਕਰੇ ਰਸੋਈ" ਦੀ ਪੰਗਤੀ ਵਿਚ ਇਸੇ ਲੋਕ-ਕਥਾ ਵਲ ਸੰਕੇਤ ਹੋਵੇ।

ਚੰਨ ਗ੍ਰਹਿਣ

ਚੰਨ ਨੂੰ ਇਕ ਵਾਰ ਰੁਪਏ ਪੈਸੇ ਦੀ ਸਖ਼ਤ ਲੋੜ ਪੈ ਗਈ। ਉਸ ਨੇ ਇਕ ਡੂੰਮ ਕੋਲੋਂ ਕੁਝ ਰੁਪਏ ਉਧਾਰੇ ਮੰਗ ਲਏ। ਪਰ ਚੰਨ ਕਿਸੇ ਕਾਰਨ, ਬਾਅਦ ਵਿਚ ਉਹ ਰਕਮ ਵਾਪਸ ਨਾ ਕਰ ਸਕਿਆ। ਉਦੋਂ ਤੋਂ ਜਦੋਂ ਵੀ ਡੂੰਮ ਚੰਨ ਕੋਲੋਂ ਰੁਪਏ ਮੰਗਣ ਜਾਂਦਾ ਹੈ, ਚੰਨ ਆਪਣਾ ਮੂੰਹ ਛੁਪਾ ਲੈਂਦਾ ਹੈ ਅਤੇ ਉਹ ਉਦੋਂ ਤਕ ਮੂੰਹ ਨਹੀਂ ਵਿਖਾਂਦਾ ਜਦੋਂ ਤਕ ਦੁਨੀਆਂ ਦੇ ਲੋਕ ਡੂੰਮਾਂ ਨੂੰ ਦਾਨ ਦੇ ਕੇ ਚੰਨ ਦੇ ਸੂਦ ਦਾ ਕੁਝ ਭਾਰ ਹੌਲਾ ਨਹੀਂ ਕਰ ਦਿੰਦੇ।

ਦਿਨ ਤੇ ਰਾਤ

ਚੰਨ ਵਿਚ ਇਕ ਬੁੱਢੀ ਮਾਈ ਬੈਠੀ ਹਮੇਸ਼ਾਂ ਚਰਖ਼ਾ ਕੱਤਦੀ ਰਹਿੰਦੀ ਹੈ। ਜਦੋਂ ਉਹ ਇਕ ਮੁੱਢਾ ਕੱਤ ਲੈਂਦੀ ਹੈ ਤਾਂ ਉਹ ਚਰਖ਼ੇ ਨਾਲੋਂ ਉਤਾਰ ਕੇ ਧਰਤੀ ਉਤੇ ਵਗਾਹ ਸੁੱਟਦੀ ਹੈ, ਜਿਸ ਨਾਲ ਧਰਤੀ ਉਪਰ ਦਿਨ ਚੜ੍ਹ ਆਉਂਦਾ ਹੈ। ਜਦੋਂ ਸਾਰਾ ਮੁੱਢਾ ਉਧੜ ਜਾਂਦਾ ਹੈ ਤਾਂ ਫਿਰ ਰਾਤ ਪੈ ਜਾਂਦੀ ਹੈ। ਬੁੱਢੀ ਮਾਈ ਫਿਰ ਸਾਰੀ ਰਾਤ ਬੈਠ ਕੇ ਇਕ ਹੋਰ ਮੁੱਢਾ ਕੱਤ ਕੇ ਧਰਤੀ ਨੂੰ ਦਿੰਦੀ ਹੈ। ਇਸੇ ਮੁੱਢੇ ਦੇ ਧਾਗੇ ਰਿਸ਼ਮਾਂ ਬਣ ਕੇ ਧਰਤੀ ਉਤੇ ਜਾਲ ਵਾਂਗ ਬਿਖਰ ਜਾਂਦੇ ਹਨ।

ਅਸਮਾਨੀ ਬਿਜਲੀ

ਅਸਮਾਨੀ ਬਿਜਲੀ ਨੂੰ ਯਸ਼ੋਧਰਾ ਦੀ ਧੀ ਦਾ ਵੀ ਦੈਵੀ ਰੂਪ ਮੰਨਿਆ ਜਾਂਦਾ ਹੈ। ਜਦੋਂ ਕ੍ਰਿਸ਼ਨ ਨੇ ਜਨਮ ਲਿਆ ਤਾਂ ਕੰਸ ਦੀਆਂ ਨਜ਼ਰਾਂ ਤੋਂ ਬਚਾ ਕੇ, ਰਾਤੋ ਰਾਤ ਉਸ ਨੂੰ, ਜਮਨਾ ਪਾਰ ਦੀ ਇਕ ਗਵਾਲਣ ਯਸ਼ੋਧਰਾ ਦੀ ਕੰਨਿਆਂ ਨਾਲ ਬਦਲ ਲਿਆ ਗਿਆ। ਕੰਸ ਨੇ ਉਸੇ ਬੱਚੀ ਨੂੰ ਦੇਵਕੀ ਦੀ ਸੰਤਾਨ ਸਮਝ ਕੇ ਜਾਨੋਂ ਮਾਰਨ ਲਈ, ਇਕ ਵੱਡੇ ਸਾਰੇ ਪੱਥਰ ਉਤੇ ਪਟਕਾ ਕੇ ਸੁਟਿਆ। ਉਹ ਕੰਨਿਆਂ ਉਸੇ ਵੇਲੇ ਬਿਜਲੀ ਦਾ ਰੂਪ ਧਾਰ ਕੇ ਅਕਾਸ਼ ਵਿਚ ਅਲੋਪ ਹੋ ਗਈ। ਉਦੋਂ ਤੋਂ ਹੀ ਉਹ ਕੰਨਿਆਂ ਅਸਮਾਨੀ ਬਿਜਲੀ ਦੇ ਰੂਪ ਵਿਚ ਬੱਦਲਾਂ ਵਿਚ ਚਮਕਦੀ ਤੇ ਗੜ੍ਹਕਦੀ ਰਹਿੰਦੀ ਹੈ। ਮਾਮੇ ਭਣੇਵੇਂ ਦੇ ਆਪਸੀ ਵੈਰ ਕਾਰਨ ਉਸ ਕੰਨਿਆਂ ਨੂੰ ਆਪਣੀ ਬਲੀ ਦੇਣੀ ਪਈ। ਇਸ ਲਈ ਬਿਜਲੀ ਦੇ ਰੂਪ ਵਿਚ ਉਹ ਮਾਮੇ ਭਣੇਵੇਂ ਦੇ ਰਿਸ਼ਤੇ ਦੀ ਵੈਰਨ ਮੰਨੀ ਜਾਂਦੀ ਹੈ। ਇਸੇ ਕਰਕੇ ਪੰਜਾਬ ਵਿਚ ਜਦੋਂ ਬਿਜਲੀ ਗੜ੍ਹਕਦੀ ਹੈ, ਤਾਂ ਮਾਮੇ ਭਣੇਵੇਂ ਦਾ ਇਕੋ ਥਾਂ ਇਕੱਠੇ ਬੈਠਣਾ ਵਰਜਿਤ ਹੈ।

ਬੱਦਲੀ

ਪੁਰਾਣੇ ਵੇਲਿਆਂ ਦੀ ਗੱਲ ਏ, ਕਿਸੇ ਜੰਗਲ ਵਿਚ ਕੋਈ ਫ਼ਕੀਰ ਤਪੱਸਿਆ ਕਰ ਰਿਹਾ ਸੀ। ਉਹਦੇ ਕੋਲ ਇਕੋ ਇਕ ਗੋਦੜੀ ਸੀ, ਜਿਸ ਨੂੰ ਰੰਗ-ਬਰੰਗੀਆਂ ਕਈ ਟਾਕੀਆਂ ਲੱਗੀਆਂ ਹੋਈਆਂ ਸਨ।

ਉਹ ਗੋਦੜੀ ਫ਼ਕੀਰ ਹਮੇਸ਼ਾਂ ਆਪਣੇ ਕੋਲ ਰਖਦਾ। ਸਖ਼ਤ ਸਰਦੀ ਵੇਲੇ, ਉਹ ਗੋਦੜੀ ਨੂੰ ਆਪਣੇ ਉਪਰ ਲੈ ਲੈਂਦਾ। ਇਕ ਦਿਨ ਕਹਿਰਾਂ ਦੀ ਗਰਮੀ ਪਈ, ਫ਼ਕੀਰ ਦਾ ਸਰੀਰ ਤਪਸ਼ ਨਾਲ ਝੁਲਸ ਗਿਆ। ਫ਼ਕੀਰ ਦੀ ਗੋਦੜੀ, ਜੋ ਉਸ ਦੇ ਦੁਖ ਸੁਖ ਦੀ ਸਾਥਣ ਸੀ, ਤੋਂ ਇਹ ਰੱਬੀ ਕਹਿਰ ਨਾ ਵੇਖਿਆ ਗਿਆ। ਉਹ ਫੌਰਨ ਉੱਡ ਕੇ ਧਰਤੀ ਅਤੇ ਅਸਮਾਨ ਵਿਚਕਾਰ ਜਾ ਖੜੀ ਹੋਈ ਅਤੇ ਬੱਦਲੀ ਦਾ ਰੂਪ ਧਾਰ ਕੇ ਸੂਰਜ ਦੀਆਂ ਕਿਰਨਾਂ ਨੂੰ ਰੋਕ ਲਿਆ। ਫ਼ਕੀਰ ਉਤੇ ਛਾਂ ਹੋ ਗਈ। ਉਦੋਂ ਤੋਂ ਉਹ ਗੋਦੜੀ ਅਸਮਾਨ ਵਿਚ ਬੱਦਲਾਂ ਦੇ ਰੂਪ ਵਿਚ ਗੇੜੇ ਕਟਦੀ ਰਹਿੰਦੀ ਹੈ।

ਗਾਲੜ੍ਹ

ਜਦੋਂ ਸ੍ਰੀ ਰਾਮ ਚੰਦਰ ਜੀ ਲੰਕਾ ਪਹੁੰਚਣ ਲਈ ਸਮੁੰਦਰ ਉਪ੍ਰਰ ਪੁਲ ਬੰਨ੍ਹ ਰਹੇ ਸਨ ਤਾਂ ਉਥੇ ਅਨੇਕਾਂ ਪਸ਼ੂ ਵੀ ਉਹਨਾਂ ਦੀ ਮਦਦ ਵਾਸਤੇ ਪੁਜੇ। ਉਦੋਂ ਗਾਲੜ੍ਹ ਨੇ ਵੀ ਬੇਨਤੀ ਕੀਤੀ ਕਿ ਉਸ ਨੂੰ ਵੀ ਸੇਵਾ ਦਾ ਮਾਣ ਬਖਸ਼ਿਆ ਜਾਵੇ। ਰਾਮ ਚੰਦਰ ਉਸ ਦੇ ਕੋਮਲ ਸਰੀਰ ਨੂੰ ਵੇਖ ਕੇ ਪਹਿਲਾਂ ਤਾਂ ਹੱਸੇ, ਪਰ ਫੇਰ ਗਾਲ੍ਹੜ ਦੀ ਸ਼ਰਧਾ ਵੇਖ ਕੇ ਉਸ ਨੂੰ ਵੀ ਪੱਥਰ ਢੋਣ ਉਤੇ ਲਗਾ ਦਿਤਾ। ਸ਼ਾਮ ਤਕ ਗਾਲ੍ਹੜ ਨੇ ਨਿੱਕੇ-ਨਿੱਕੇ ਗੀਟਿਆਂ ਦਾ ਢੇਰ ਲਗਾ ਦਿੱਤਾ। ਰਾਮ ਚੰਦਰ ਨੇ ਗਾਲ੍ਹੜ ਤੋਂ ਖੁਸ਼ ਹੋ ਕੇ ਉਸ ਦੀ ਪਿੱਠ ਉਤੇ ਹਥ ਫੇਰਿਆ ਤੇ ਉਹਦੀ ਪਿੱਠ ਉਤੇ ਪੰਜੇ ਦਾ ਪੂਰਾ ਨਿਸ਼ਾਨ ਬਣ ਗਿਆ, ਜੋ ਉਦੋਂ ਤੋਂ ਹਰ ਗਾਲ੍ਹੜ ਦੀ ਪਿੱਠ ਤੇ ਨਿਸ਼ਾਨੀ ਵਜੋਂ ਮੌਜੂਦ ਹੈ।

ਤੋਤਾ

ਇਕ ਵਾਰ ਕਿਸੇ ਤੀਵੀਂ ਨੇ ਹਰੀਆਂ ਤੇ ਲਾਲ ਮਿਰਚਾਂ ਆਪਣੇ ਕੋਠੇ ਤੇ ਸੁਕਣੇ ਪਾਈਆਂ। ਅਜੇ ਥੋੜੀ ਜਿਹੀ ਧੁਪ ਹੀ ਲਗੀ ਸੀ ਕਿ ਜ਼ੋਰ ਦੀ ਹਨੇਰੀ ਝੁਲ ਪਈ। ਮਿਰਚਾਂ ਹਵਾ ਵਿਚ ਤੈਰਦੀਆਂ ਹੋਈਆਂ ਤੋਤੇ ਬਣ ਗਈਆਂ। ਤੀਵੀਂ ਕੋਠੇ ਤੇ ਮਿਰਚਾਂ ਸੰਭਾਲਣ ਆਈ ਤਾਂ ਉਥੇ ਮਿਰਚਾਂ ਦਾ ਨਾਂ-ਨਿਸ਼ਾਨ ਵੀ ਨਹੀਂ, ਪਰ ਬਨੇਰਿਆਂ ਤੇ ਤੋਤੇ ਬੈਠੇ ਚਹਿਕ ਰਹੇ ਸਨ।

ਕਬੂਤਰ

ਇਕ ਤੀਵੀਂ ਨੂੰ ਡਾਢੀ ਭੁਖ ਲਗੀ। ਉਹ ਹਮੇਸ਼ਾ ਆਪਣੇ ਪਤੀ ਦੇ ਭੋਜਨ ਖਾਣ ਤੋਂ ਮਗਰੋਂ ਖਾਣਾ ਖਾਇਆ ਕਰਦੀ ਸੀ। ਇਕ ਦਿਨ ਉਹ ਕਾਫੀ ਚਿਰ ਤਕ ਪਤੀ ਨੂੰ ਉਡੀਕਦੀ ਰਹੀ। ਪਰ ਉਹਦਾ ਪਤੀ ਕਿਸੇ ਕੰਮ ਵਿਚ ਰੁਝਾ ਹੋਣ ਕਰਕੇ ਘਰ ਨਾ ਆਇਆ। ਅਖੀਰ ਜਦੋਂ ਤੀਵੀਂ ਤੋਂ ਭੁਖ ਸਹੀ ਨਾ ਗਈ ਤਾਂ ਉਹਨੇ ਕੁਝ ਕਚੇ ਚਾਵਲ ਮੂੰਹ ਵਿਚ ਪਾ ਲਏ। ਅਚਾਨਕ ਸਾਹਮਣਿਉਂ ਉਹਨੂੰ ਆਪਣਾ ਪਤੀ ਆਉਂਦਾ ਵਿਖਾਈ ਦਿਤਾ।

ਤੀਵੀਂ ਨੇ ਉਹ ਅਧ-ਚੱਬੇ ਚਾਵਲ ਭਿੱਤ ਦੇ ਉਹਲੇ ਫੜੂਕਦੇ ਹੋਏ ਰੱਬ ਅਗੇ ਤਰਲਾ ਕੀਤਾ, "ਪ੍ਰਭੂ ! ਮੇਰੀ ਲਾਜ ਰਖ। ਮੈਂ ਅਜ ਤਕ ਪਤੀ ਤੋਂ ਪਹਿਲਾਂ ਕਦੇ ਕੁਝ ਨਹੀਂ ਖਾਧਾ, ਅਜ ਮੇਰੀ ਭੁਲ ਬਖਸ਼ ਦਿਹ।"

ਉਸੇ ਵੇਲੇ ਉਹ ਚਾਵਲ ਚਿੱਟੇ ਕਬੂਤਰ ਬਣ ਕੇ ਉਡ ਗਏ।

ਕਾਂ

ਇਕ ਸ਼ਖਸ ਨੇ ਕਿਸੇ ਕੁੜੀ ਦੇ ਸੋਨੇ ਦੇ ਕੜੇ ਖੋਹ ਲਏ। ਲੋਕਾਂ ਉਹਨੂੰ ਫੜ ਲਿਆ ਤੇ ਉਹਦਾ ਸਿਰ ਮੂੰਹ ਕਾਲਾ ਕਰਕੇ ਖੋਤੇ ਉਤੇ ਬਿਠਾ ਕੇ ਸਾਰੇ ਸ਼ਹਿਰ ਵਿਚ ਫੇਰਿਆ। ਉਹ ਆਦਮੀ ਪਹਿਲਾਂ ਵੀ ਨਿਕੀਆਂ ਵਡੀਆਂ ਕਈ ਚੋਰੀਆਂ ਕਰ ਚੁਕਾ ਸੀ, ਇਸ ਲਈ ਲੋਕਾਂ ਨੂੰ ਉਹਦੇ ਉਤੇ ਗਜ਼ਬ ਦਾ ਗੁੱਸਾ ਸੀ। ਸੋ ਕਿਸੇ ਨੇ ਕਿਹਾ, "ਇਸ ਚੋਰ ਨੂੰ ਟੋਏ ਵਿਚ ਦਬ ਕੇ ਉਤੋਂ ਮਿੱਟੀ ਪਾ ਦਿਓ।"

ਟੋਆ ਪੁਟ ਕੇ ਜਦੋਂ ਚੋਰ ਨੂੰ ਉਹਦੇ ਵਿਚ ਦੱਬਣ ਲਗੇ ਤਾਂ ਇਕ ਬਜ਼ੁਰਗ ਨੇ ਕਿਹਾ, "ਇਉਂ ਸਾਹ ਘੁਟਣ ਨਾਲ ਤਾਂ ਇਹ ਮਰ ਜਾਵੇਗਾ। ਹਵਾ ਦੇ ਆਉਣ ਜਾਣ ਵਾਸਤੇ ਇਕ ਨਿਕਾ ਜਿਹਾ ਸੁਰਾਖ ਰਖ ਦਿਓ, ਵਿਚਾਰਾ ਸਾਹ ਲੈਂਦਾ ਰਹੇ।"

ਲੋਕਾਂ ਨੇ ਚੋਰ ਨੂੰ ਟੋਏ ਵਿਚ ਦਬ ਕੇ ਵਿਚ ਇਕ ਸੁਰਾਖ ਹਵਾ ਦੇ ਲਾਂਘੇ ਵਾਸਤੇ ਛਡ ਦਿਤਾ। ਫਿਰ ਮਿੱਟੀ ਪਾ ਕੇ ਉਪਰ ਢਿੰਗਰ ਰਖ ਦਿਤੇ।

ਅਗਲੇ ਦਿਨ, ਉਹ ਕਾਲਾ ਚੋਰ ਕਾਂ ਦਾ ਰੂਪ ਧਾਰ ਕੇ, ਉਸ ਸੁਰਾਖ ਵਿਚੋਂ ਬਾਹਰ ਨਿਕਲ ਆਇਆ ਅਤੇ ਲੋਕਾਂ ਦੇ ਬਨੇਰਿਆਂ ਉਪਰ ਬੈਠ ਕੇ ਸ਼ੋਰ ਮਚਾਣ ਲਗਾ, "ਮੈਂ ਕਾਲਾ ਚੋਰ ਹਾਂ, ਮੈਨੂੰ ਤੁਸਾਂ ਟੋਏ ਵਿਚ ਦਬ ਦਿਤਾ ਸੀ। ਵੇਖੋ, ਮੈਂ ਬਾਹਰ ਨਿਕਲ ਆਇਆਂ, ਹੁਣ ਫੜ ਕੇ ਤਾਂ ਵੇਖੋ।"

ਚਕੀਰਾਹਾ

ਇਕ ਸੌਦਾਗਰ ਦੀਆਂ ਦੋ ਪਤਨੀਆਂ ਸਨ। ਛੋਟੀ ਪਤਨੀ ਜ਼ਿਆਦਾ ਸੋਹਣੀ ਤੇ ਸੁਚਜੀ ਸੀ। ਸੌਦਾਗਰ ਦਾ ਉਹਦੇ ਨਾਲ ਬਹੁਤ ਪਿਆਰ ਸੀ। ਵਡੀ ਪਤਨੀ ਨੂੰ ਇਸ ਗੱਲ ਦਾ ਬੜਾ ਸਾੜ੍ਹਾ ਸੀ।

ਇਕ ਵਾਰ ਸੌਦਾਗਰ ਮਾਲ ਲਦ ਕੇ ਪ੍ਰਦੇਸ ਗਿਆ ਤਾਂ ਪਿਛੋਂ ਵਡੀ ਪਤਨੀ ਨੇ ਪਿੰਡ ਦੇ ਚੇਲੇ ਤੋਂ ਇਕ ਮੰਤ੍ਰਿਆ ਹੋਇਆ ਕਿਲ੍ਹ ਲਿਆਂਦਾ ਅਤੇ ਘਰ ਵਿਚ ਛੁਪਾ ਕੇ ਰਖ ਦਿਤਾ। ਇਕ ਦਿਨ ਸੌਦਾਗਰ ਦੀ ਛੋਟੀ ਪਤਨੀ ਨੇ ਵਡੀ ਨੂੰ ਸਿਰ ਫੋਲਣ ਵਾਸਤੇ ਕਿਹਾ। ਕੰਘੀ ਫੇਰਦਿਆਂ ਵਡੀ ਪਤਨੀ ਨੇ ਬਹਾਨੇ ਨਾਲ ਉਹ ਕਿਲ੍ਹ ਛੋਟੀ ਦੇ ਸਿਰ ਵਿਚ ਗਡ ਦਿਤਾ। ਉਸੇ ਵੇਲੇ ਛੋਟੀ ਪਤਨੀ ਚਿੜੀ ਬਣ ਗਈ, ਜੋ ਚਕੀਰਾਹਾ ਦੇ ਨਾਂ ਨਾਲ ਜਾਣੀ ਜਾਂਦੀ ਹੈ।

ਅੱਕ ਦਾ ਪੌਦਾ

ਇਕ ਵਾਰ ਇਕ ਰਿਸ਼ੀ ਕਰੜੀ ਤਪਸਿਆ ਕਰ ਰਿਹਾ ਸੀ। ਜਦੋਂ ਇੰਦਰ ਨੂੰ ਪਤਾ ਲਗਾ ਤਾਂ ਉਹਨੇ ਅਰਕ ਨਾਂ ਦੀ ਅਪਛਰਾ ਨੂੰ ਸਦਿਆ, ਜਿਸ ਦੇ ਬਦਨ ਵਿਚੋਂ ਚੰਦਨ ਦੀ ਮਹਿਕ ਆਉਂਦੀ ਸੀ, ਤੇ ਕਿਹਾ, "ਤੂੰ ਮਾਤ ਲੋਕ ਵਿਚ ਜਾ ਕੇ ਕਿਸੇ ਤਰ੍ਹਾਂ ਰਿਸ਼ੀ ਦਾ ਤਪ ਖੰਡਨ ਕਰ ਦਿਹ।" ਇੰਦਰ ਨੇ ਅਰਕ ਨੂੰ ਸਮਝਾਇਆ, "ਜਿਵੇਂ ਜਿਵੇਂ ਨਚਦਿਆਂ ਤੇਰੇ ਜਿਸਮ ਵਿਚੋਂ ਮਹਿਕ ਨਿਕਲ ਕੇ ਰਿਸ਼ੀ ਦੇ ਨਾਸਾਂ ਵਿਚ ਪੁਜੇਗੀ ਤਿਉਂ ਤਿਉਂ ਉਹ ਤੇਰੇ ਵਲ ਖਿਚਿਆ ਆਵੇਗਾ, ਤੂੰ ਆਪਣੇ ਰੂਪ ਨਾਲ ਉਹਨੂੰ ਮੋਹ ਲਈਂ।"

ਪਰ ਅਰਕ ਦਾ ਮਨ ਨਾ ਮੰਨਿਆ। ਉਹ ਚਲੀ ਤਾਂ ਗਈ, ਪਰ ਉਸਨੇ ਉਹ ਨਾਚ ਨਾ ਨਚਿਆ ਜਿਸ ਦੇ ਨਾਲ ਉਹਦੇ ਸ਼ਰੀਰ ਵਿਚੋਂ ਚੰਦਨ ਦੀ ਮਹਿਕ ਉਠਦੀ ਸੀ। ਨਿਰਮਹਿਕ ਹੋਣ ਕਰਕੇ ਉਹ ਰਿਸ਼ੀ ਦਾ ਧਿਆਨ ਨਾ ਖਿਚ ਸਕੀ। ਤਾਂ ਇੰਦਰ ਨੇ ਉਹਨੂੰ ਸਰਾਪ ਦਿਤਾ ਕਿ ਤੂੰ ਅੱਕ ਬਣ ਜਾਵੇਂ ਤੇ ਤੇਰੀਆਂ ਕਲੀਆਂ ਵਿਚ ਮਹਿਕ ਨਾ ਰਹੇ।

ਉਸੇ ਵੇਲੇ ਉਹ ਅਰਕ ਅੱਕ ਬਣ ਕੇ ਉਗ ਪਈ।

ਜਦੋਂ ਉਹ ਰਿਸ਼ੀ ਤਪ ਕਰ ਕੇ ਹਟਿਆ ਤਾਂ ਅਰਕ ਨੇ ਰਿਸ਼ੀ ਨੂੰ ਸਾਰੀ ਗੱਲ ਦਸੀ ਤਾਂ ਰਿਸ਼ੀ ਨੇ ਕਿਹਾ, "ਮੈਂ ਗਣੇਸ਼ ਦੀ ਪੂਜਾ ਕਰਦਾ ਹਾਂ। ਤੇਰੇ ਫੁਲ ਗਣੇਸ਼ ਸਵੀਕਾਰ ਕਰੇਗਾ।" ਸੋ ਗਣੇਸ਼ ਨੂੰ ਅੱਕ ਦੇ ਫੁਲ ਭੇਟ ਕੀਤੇ ਜਾਂਦੇ ਹਨ।

ਹੰਸ

ਇਕ ਰਿਸ਼ੀ ਮਾਨਸਰੋਵਰ ਦੇ ਕੰਢੇ ਤਪਸਿਆ ਕੀਤਾ ਕਰਦਾ ਸੀ। ਸਰਦੀਆਂ ਦੇ ਦਿਨੀਂ ਉਸ 'ਤੇ ਬਰਫ ਦੇ ਗੋਹੜੇ ਫਿਰਦੇ, ਪਰ ਉਹ ਅਡੋਲ ਬੈਠਾ ਧਿਆਨ ਵਿਚ ਮਗਨ ਰਹਿੰਦਾ। ਕਰੜੇ ਤਪ ਤੇ ਸਾਧਨਾ ਕਾਰਨ ਰਿਸ਼ੀ ਵਿਚ ਦੈਵੀ ਸ਼ਕਤੀ ਆ ਗਈ ਸੀ। ਜਦ ਉਹਨੂੰ ਭੁਖ ਤ੍ਰੇਹ ਸਤਾਂਦੀ ਤਾਂ ਉਹ ਚਿੱਟੇ ਪੰਛੀ ਦਾ ਰੂਪ ਧਾਰ ਕੇ ਦਾਣਾ ਚੁਗ ਆਉਂਦਾ। ਸਰੀਰ ਉਹਦਾ ਉਥੇ ਹੀ ਟਿਕਿਆ ਰਹਿੰਦਾ।

ਇਕ ਵਾਰ ਉਸ ਰਿਸ਼ੀ ਦੀ ਆਤਮਾ ਹੰਸ ਦੇ ਰੂਪ ਵਿਚ ਉਡਦੀ ਕਾਫੀ ਦੂਰ ਨਿਕਲ ਗਈ। ਮਗਰੋਂ ਇਕ ਹੋਰ ਰਿਸ਼ੀ ਮਾਨਸਰੋਵਰ ਪੁਜਿਆ ਅਤੇ ਉਹਨੇ ਰਿਸ਼ੀ ਦੀ ਆਤਮਾ ਰਹਿਤ ਦੇਹ ਨੂੰ ਮ੍ਰਿਤਕ ਸਰੀਰ ਸਮਝ ਕੇ ਦਾਹ ਦਿਤਾ। ਉਸ ਰਿਸ਼ੀ ਦੀ ਆਤਮਾ, ਸਰੀਰ ਦੇ ਦਾਹੇ ਜਾਣ ਮਗਰੋਂ, ਹਮੇਸ਼ਾ ਹੀ ਹੰਸ ਦੇ ਰੂਪ ਵਿਚ ਵਿਚਰਦੀ ਰਹੀ।

ਕੋਇਲ

ਇਕ ਤੀਵੀਂ ਦਾ ਭਰ ਜਵਾਨੀ ਵਿਚ ਪਤੀ ਗੁਜ਼ਰ ਗਿਆ, ਉਸ ਦੇ ਦੋ ਬੱਚੇ ਸਨ ਜਿਨ੍ਹਾਂ ਨਾਲ ਉਹਦਾ ਉਤਨਾ ਹੀ ਮੋਹ ਸੀ ਜਿਤਨਾ ਆਪਣੇ ਪਤੀ ਨਾਲ ਪ੍ਰੇਮ। ਉਦੋਂ ਕਈ ਤੀਵੀਆਂ ਆਪਣੇ ਪਤੀ ਦੇ ਨਾਲ ਹੀ ਸਤੀ ਹੋ ਜਾਂਦੀਆਂ ਸਨ। ਉਸ ਤੀਵੀਂ ਨੇ ਵੀ ਆਪਣੇ ਪਤੀ ਨਾਲ ਸਤੀ ਹੋ ਜਾਣ ਦਾ ਫੈਸਲਾ ਕੀਤਾ, ਪਰ ਉਹਦਾ ਧਿਆਨ ਆਪਣੇ ਬੱਚਿਆਂ ਵਿਚ ਸੀ, ਇਸ ਕਰਕੇ ਅਜੀਬ ਜਿਹੀ ਦੋਚਿਤੀ ਵਿਚ ਉਹ ਫਸ ਗਈ।

ਅਖੀਰ ਉਹ ਚਿਖਾ ਉਤੇ ਚੜ੍ਹ ਗਈ, ਜਦੋਂ ਅੱਗ ਦਾਗੀ ਗਈ ਤਾਂ ਤੀਵੀਂ ਵਿਚ ਬੱਚਿਆਂ ਲਈ ਮੋਹ ਜਾਗ ਗਿਆ। ਉਦੋਂ ਤਕ ਅੱਗ ਲਗ ਚੁਕੀ ਸੀ ਤੇ ਉਹਦਾ ਸਰੀਰ ਸੜਨ ਲਗਾ। ਪਰ ਉਹਦੀ ਭਟਕਣ ਨਾ ਮਿਟੀ ਤੇ ਉਹ ਕਾਲੇ ਜਲੇ ਹੋਏ ਪੰਛੀ ਦਾ ਰੂਪ ਧਾਰ ਦੇ ਚਿੱਖਾ ਵਿਚੋਂ ਨਿਕਲ ਆਈ ਅਤੇ 'ਕੁਹੂ ਕੁਹੂ' ਕਹਿ ਕੇ ਆਪਣੇ ਬੱਚਿਆਂ ਨੂੰ ਅਵਾਜ਼ਾਂ ਮਾਰਨ ਲਗੀ। ਇਹੋ ਪੰਛੀ ਕੋਇਲ ਹੈ।

ਮੋਰ ਦੇ ਪੰਖ

ਇਕ ਵਾਰ ਸ਼ਿਵਜੀ ਅਤੇ ਪਾਰਬਤੀ ਫਿਰਦੇ-ਫਿਰਦੇ ਕਿਸੇ ਜੰਗਲ ਵਿਚੋਂ ਲੰਘ ਰਹੇ ਸਨ। ਪਾਰਬਤੀ ਕਾਫੀ ਥੱਕੀ ਹੋਣ ਕਰਕੇ ਆਰਾਮ ਕਰਨਾ ਚਾਹੁੰਦੀ ਸੀ। ਸੋ, ਦੋਵੇਂ ਇਕ ਦਰਖਤ ਦੇ ਹੇਠਾਂ ਲੰਮੇ ਪੈ ਗਏ ਅਤੇ ਸੌਂ ਗਏ। ਰੁਤ ਗਰਮੀਆਂ ਦੀ ਸੀ। ਸੂਰਜ ਦੀਆਂ ਕਿਰਨਾਂ ਦਰਖਤਾਂ ਵਿਚੋਂ ਛਣ-ਛਣ ਕਰਕੇ ਪਾਰਬਤੀ ਦੇ ਮੂੰਹ ਉਤੇ ਪੈ ਰਹੀਆਂ ਸਨ ਤੇ ਉਹ ਪਸੀਨੋ-ਪਸੀਨੀ ਹੋਈ ਪਈ ਸੀ।

ਇਕ ਮੋਰ ਅਤੇ ਮੋਰਨੀ ਉਧਰੋਂ ਦੀ ਲੰਘੇ। ਮੋਰ ਨੂੰ ਪਾਰਬਤੀ ਉਤੇ ਤਰਸ ਆ ਗਿਆ ਤੇ ਉਸ ਨੇ ਝਾੜੀਆਂ ਦੀਆਂ ਕੁਝ ਟਹਿਣੀਆਂ ਤੇ ਦਰਖਤਾਂ ਦੇ ਕੁਝ ਪੱਤੇ ਇਕਠੇ ਕਰਕੇ ਪੱਖੇ ਵਾਂਗ ਜੋੜ ਲਏ ਅਤੇ ਪਾਰਬਤੀ ਨੂੰ ਝੱਲਣ ਲਗਾ। ਮੋਰਨੀ ਨੇ ਪਾਰਬਤੀ ਦੀ ਕੋਈ ਪ੍ਰਵਾਹ ਨਾ ਕੀਤੀ ਅਤੇ ਇਕ ਪਾਸੇ ਦਾਣੇ ਚੁਗਦੀ ਰਹੀ। ਅਚਾਨਕ ਸ਼ਿਵਜੀ ਮਹਾਰਾਜ ਦੀ ਅੱਖ ਖੁਲ੍ਹ ਗਈ ਅਤੇ ਉਹ ਮੋਰ ਨੂੰ ਟਹਿਣਾਂ ਦਾ ਪੱਖਾ ਬਣਾ ਕੇ ਪਾਰਬਤੀ ਨੂੰ ਝੱਲਦਿਆਂ ਵੇਖ ਕੇ ਬੜੇ ਹੀ ਪ੍ਰਸੰਨ ਹੋਏ। ਇਤਨੀ ਦੇਰ ਤਕ ਪਾਰਬਤੀ ਵੀ ਜਾਗ ਪਈ। ਸ਼ਿਵਜੀ ਮਹਾਰਾਜ ਪਾਰਬਤੀ ਨੂੰ ਕਹਿਣ ਲੱਗੇ, "ਵੇਖ ਲੈ, ਮੋਰ ਨੇ ਤੈਨੂੰ ਸੁੱਤੀ ਨੂੰ ਪੱਖਾ ਝੱਲ ਕੇ ਗਰਮੀ ਤੋਂ ਬਚਾਈ ਰਖਿਆ ਏ, ਇਸ ਨੂੰ ਕੀ ਵਰ ਦਿੱਤਾ ਜਾਏ ?" ਪਾਰਬਤੀ ਕਹਿਣ ਲਗੀ, "ਮੋਰ ਨੂੰ ਇਕ ਖੂਬਸੂਰਤ ਪੱਖਾ ਦਿਓ, ਜੋ ਹਮੇਸ਼ਾ ਇਸ ਦੇ ਕੋਲ ਹੀ ਰਹੇ।" ਉਸੇ ਵੇਲੇ ਸ਼ਿਵਜੀ ਨੇ ਜਲ ਦਾ ਇਕ ਛੱਟਾ ਉਸ ਪੱਖੇ ਉਤੇ ਤਰੌਂਕਿਆ। ਰੱਬ ਦੀ ਕਰਨੀ ਉਹ ਪੱਖਾ ਖੰਭਾਂ ਵਿਚ ਬਦਲ ਗਿਆ। ਸ਼ਿਵਜੀ ਨੇ ਮੋਰ ਦੀ ਪਿੱਠ ਨਾਲ ਉਹ ਖੰਭ ਬੰਨ੍ਹ ਦਿਤੇ। ਉਦੋਂ ਤੋਂ ਖੰਭ ਹਰੇਕ ਮੋਰ ਦਾ ਵਿਰਸਾ ਹਨ। ਪਾਰਬਤੀ ਪ੍ਰਤੀ ਲਾਪਰਵਾਹੀ ਵਿਖਾਣ ਕਾਰਨ ਮੋਰਨੀ ਨੂੰ ਖੰਭਾਂ ਦਾ ਪੱਖਾ ਨਹੀਂ ਮਿਲਿਆ।

ਮੋਰ ਪੈਰਾਂ ਨੂੰ ਵੇਖ ਕਿਉਂ ਝੂਰਦਾ ਹੈ ?

ਕਿਹਾ ਜਾਂਦਾ ਹੈ ਕਿ ਪੁਰਾਣੇ ਵਕਤਾਂ ਵਿਚ ਮੋਰ ਦੇ ਪੈਰ ਵੀ ਉਤਨੇ ਹੀ ਖੂਬਸੂਰਤ ਸਨ ਜਿਤਨੇ ਉਹਦੇ ਹੋਰ ਅੰਗ। ਉਦੋਂ ਇਕ ਵਾਰ, ਸਾਵਣ ਦੇ ਮਹੀਨੇ, ਕੁਝ ਮੋਰ ਜੰਗਲ ਵਿਚ ਪੈਲਾਂ ਪਾ ਰਹੇ ਸਨ ਕਿ ਕਬੂਤਰਾਂ ਦੀ ਇਕ ਡਾਰ ਉਹਨਾਂ ਕੋਲ ਆਈ ਤੇ ਤਰਲੇ ਨਾਲ ਕਹਿਣ ਲਗੀ, "ਦੋਸਤੋ, ਸਾਡੇ ਤੁਹਾਡੇ ਸੰਬੰਧ ਭਰਾਵਾਂ ਵਾਲੇ ਨੇ, ਅਸੀਂ ਤੁਹਾਡੇ ਉਤੇ ਦਾਈਆ ਰਖਦੇ ਹਾਂ। ਅਜ ਅਸਾਂ ਇਕ ਕਬੂਤਰ ਨੂੰ ਵਿਆਹੁਣ ਲਈ ਪ੍ਰਦੇਸ ਜਾਣਾ ਏ। ਸਾਡੀ ਸ਼ਾਨ ਵਿਚ ਕਿਸੇ ਗੱਲ ਦਾ ਘਾਟਾ ਨਹੀਂ ਪਰ ਸਾਡੇ ਪੈਰ ਬੜੇ ਕੋਝੇ ਨੇ। ਜੇ ਤੁਸੀਂ ਥੋੜੇ ਅਰਸੇ ਲਈ ਆਪਣੇ ਖੂਬਸੂਰਤ ਪੈਰ ਸਾਨੂੰ ਮਾਂਗਵੇ ਦੇ ਦਿਓ ਤਾਂ ਅਸੀਂ ਜੀਵਨ ਭਰ ਤੁਹਾਡੇ ਅਹਿਸਾਨਮੰਦ ਰਹਾਂਗੇ।"

ਮੋਰਾਂ ਨੇ ਕਬੂਤਰਾਂ ਨਾਲ ਦੋਸਤੀ ਪਾਲੀ ਅਤੇ ਉਨ੍ਹਾਂ ਨਾਲ ਆਪਣੇ ਪੈਰ ਵਟਾ ਲਏ। ਕਬੂਤਰਾਂ ਦੇ ਕੋਝੇ ਪੈਰ ਮੋਰਾਂ ਨੇ ਆਪ ਲੈ ਲਏ ਅਤੇ ਆਪਣੇ ਸੁੰਦਰ ਪੈਰ ਉਨ੍ਹਾਂ ਦੇ ਹਵਾਲੇ ਕਰ ਦਿਤੇ। ਪਰ ਕਬੂਤਰ ਅਜਿਹੇ ਮਿਤ੍ਰ-ਧ੍ਰੋਹੀ ਨਿਕਲੇ ਕਿ ਉਨ੍ਹਾਂ ਨੇ ਅੱਜ ਤਕ ਮੋਰਾਂ ਦੇ ਪੈਰ ਵਾਪਸ ਨਹੀਂ ਕੀਤੇ। ਇਸੇ ਲਈ ਮੋਰ ਆਪਣੇ ਪੈਰਾਂ ਨੂੰ ਵੇਖ ਕੇ ਝੂਰਦਾ ਰਹਿੰਦਾ ਹੈ।

ਵਲਜਾਰਾ ਬੇਰੀ

ਬਾਤਾਂ ਮੁੱਢ ਕਦੀਮ ਦੀਆਂ

ਸੰਪੂਰਨ

ਜੀਵਨ-ਵੇਰਵਾ

ਨਾਂ : ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ

ਜਨਮ ਤਾਰੀਖ਼ : 28.11.1924 ਤੋਂ 26.08.2001

ਜਨਮ ਸਥਾਨ : ਸਿਆਲਕੋਟ (ਪਾਕਿਸਤਾਨ)

ਅਕਾਦਮਿਕ ਯੋਗਤਾਵਾਂ : ਐਮ. ਏ., ਪੰਜਾਬ ਯੂਨੀਵਰਸਿਟੀ, 1959
ਪੀ-ਐਚ. ਡੀ., ਦਿੱਲੀ ਯੂਨੀਵਰਸਿਟੀ, 1964

ਸੇਵਾਵਾਂ : ਸੰਪਾਦਕ 'ਫ਼ਤਹਿ' ਸਪਤਾਹਿਕ ਅਤੇ 'ਪ੍ਰੀਤਮ' ਮਾਸਿਕ, 1949-1952
ਲੈਕਚਰਾਰ, ਦਿੱਲੀ ਪਬਲਿਕ ਕਾਲਜ, ਨਵੀਂ ਦਿੱਲੀ, 1954-1958
ਪੰਜਾਬ ਯੂਨੀਵਰਸਿਟੀ ਕੈਂਪ ਕਾਲਜ, ਨਵੀਂ ਦਿੱਲੀ, 1959-1960
ਦਿਆਲ ਸਿੰਘ ਕਾਲਜ, ਨਵੀਂ ਦਿੱਲੀ, 1960-1990
ਸੰਪਾਦਕ ਤ੍ਰੈਮਾਸਿਕ 'ਪਰੰਪਰਾ', 1979-1982

ਸਾਹਿਤਕ ਸਨਮਾਨ :
1. ਸਾਹਿਤ ਕਲਾ ਪਰੀਸ਼ਦ, ਦਿੱਲੀ, 1978
ਸਾਹਿਤਕ ਐਵਾਰਡ
2. ਹਰਿਆਣਾ ਸਾਹਿਤ ਅਕਾਦਮੀ, ਚੰਡੀਗੜ੍ਹ, 1978,
ਆਲ-ਇੰਡੀਆ ਭਾਈ ਸੰਤੋਖ ਸਿੰਘ ਐਵਾਰਡ
3. ਪੰਜਾਬੀ ਸਾਹਿਤ ਟ੍ਰਸਟ, ਢੁਡੀਕੇ, 1981,
ਵਿਸ਼ੇਸ਼ ਐਵਾਰਡ
4. ਭਾਸ਼ਾ ਵਿਭਾਗ, ਪੰਜਾਬ, 1979,
ਆਲੋਚਨਾ ਦੀ ਸਰਵੋਤਮ ਪੁਸਤਕ
5. ਭਾਸ਼ਾ ਵਿਭਾਗ, ਪੰਜਾਬ, 1980,
ਆਲੋਚਨਾ ਦੀ ਸਰਵੋਤਮ ਪੁਸਤਕ
6. ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ, 1980,
ਸਰਵੋਤਮ ਵਾਰਤਕ ਪੁਸਤਕ

7. ਪੰਜਾਬੀ ਅਕਾਦਮੀ, ਦਿੱਲੀ, 1983, ਸਰਵੋਤਮ ਵਾਰਤਕ ਪੁਸਤਕ
8. ਪੰਜਾਬੀ ਅਕਾਦਮੀ, ਦਿੱਲੀ 1986, ਸਾਹਿਤਕ ਐਵਾਰਡ
9. ਭਾਸ਼ਾ ਵਿਭਾਗ, ਪੰਜਾਬ, 1986, ਆਲੋਚਨਾ ਦੀ ਸਰਵੋਤਮ ਪੁਸਤਕ
10. ਭਾਰਤੀ ਸਾਹਿਤ ਅਕਾਦਮੀ, ਨਵੀਂ ਦਿੱਲੀ ਪੁਰਸਕਾਰ, 1989
11. ਭਾਸ਼ਾ ਵਿਭਾਗ, ਪੰਜਾਬ, 1991, ਸ਼੍ਰੋਮਣੀ ਸਾਹਿਤਕਾਰ

ਪੁਸਤਕ ਸੂਚੀ

ਵਿਸ਼ਵਕੋਸ਼ : ਪੰਜਾਬੀ ਲੋਕਧਾਰਾ ਵਿਸ਼ਵਕੋਸ਼ (ਜਿਲਦ 1-8—ਸੰਪੂਰਨ)

ਆਲੋਚਨਾ : ਗੁਰੂ ਨਾਨਕ ਤੇ ਲੋਕ-ਪਰਵਾਹ (1969), ਲੋਕਧਾਰਾ ਤੇ ਸਾਹਿਤ (1977), ਮਧਕਾਲੀ ਪੰਜਾਬੀ ਕਥਾ-ਰੂਪ ਤੇ ਪਰੰਪਰਾ (1977), ਗੁਰੂ ਅਰਜਨ ਬਾਣੀ ਵਿਚ ਲੋਕ-ਤੱਤ (1979), ਪੰਜਾਬੀ ਸਾਹਿਤ ਇਤਿਹਾਸ ਦੀਆਂ ਲੋਕ-ਰੂੜ੍ਹੀਆਂ (1982)

ਲੋਕਧਾਰਾ : ਪੰਜਾਬ ਦੀਆਂ ਲੋਕ-ਕਹਾਣੀਆਂ (1955), ਪੰਜਾਬ ਦੀਆਂ ਜਨੌਰ ਕਹਾਣੀਆਂ (1955), ਲੋਕ ਆਖਦੇ ਹਨ (1959), ਇਕ ਘੁੱਟ ਰਸ ਦਾ (1966), ਸੁਹਜ ਪ੍ਰਬੋਧ (1967), ਪੰਜਾਬ ਦਾ ਲੋਕ-ਸਾਹਿਤ (1968), ਪੰਜਾਬ ਦੀ ਲੋਕਧਾਰਾ (1971), ਬਾਤਾਂ ਮੁੱਢ ਕਦੀਮ ਦੀਆਂ (ਜਿਲਦ 1,2) (1979, 1982) (ਸੰਪੂਰਨ 2007), ਲੋਕ-ਬੀਰ—ਰਾਜਾ ਰਸਾਲੂ (1981), ਲੋਕ ਧਰਮ (2003)

ਆਤਮ-ਕਥਾ : ਅੱਧੀ ਮਿੱਟੀ ਅੱਧਾ ਸੋਨਾ (1979), ਮੇਰੇ ਰਾਹਾਂ ਦੇ ਰੰਗ (1982), ਮੇਰਾ ਨਾਨਕਾ ਪਿੰਡ (1984), ਗਲੀਏ ਚਿਕੜ ਦੂਰਿ ਘਰਿ (1986), ਮੇਰਾ ਦਾਦਕਾ ਪਿੰਡ (1992)

ਕਵਿਤਾ : ਖ਼ੁਸ਼ਬੂਆਂ (1944), ਕੰਵਲ ਪੱਤੀਆਂ (1956), ਪਾਣੀ ਅੰਦਰ ਲੀਕ (1964)

ਅੰਗ੍ਰੇਜ਼ੀ : Folklore of Punjab (1969)
Folklore of India (1984)

ਪਾਠ-ਪੁਸਤਕਾਂ : ਕਾਵਿ-ਲੋਕ (1973), ਮਧਕਾਲੀ ਪੰਜਾਬੀ ਕਾਵਿ (1979)

ਅਨੁਵਾਦ : ਅਸਾਮ ਦੀ ਲੋਕਧਾਰਾ (1984)

"I repeat : the beginning of the art of words is folklore. Collect your folklore, make a study of it, work it over. It will yield a great deal of material to you and to us, the poets and prose writers of the Soviet Union. The better we come to know the past, the more easily, the more deeply and joyfully we shall understand the great significance of the present which we are creating."

—A. M. Gorkey
On Literature
Articles & Speeches 1928-1936

ਲੋਕਧਾਰਾ (Folklore) ਲੋਕ-ਸੰਸਕ੍ਰਿਤੀ ਦਾ ਭਾਵੁਕ ਤੇ ਬੌਧਿਕ ਪਾਸਾਰ ਅਤੇ ਲੋਕ-ਮਨ ਦਾ ਸਹਿਜ ਪ੍ਰਗਟਾਵਾ ਹੋਣ ਦੇ ਨਾਤੇ ਕਿਸੇ ਜਾਤੀ ਦੇ ਜੀਵਨ ਚਰਿਤ੍ਰ, ਵਿਹਾਰ ਤੇ ਕਲਾ ਦਾ ਮੂਲ ਸੱਚ ਹੈ। ਇਸ ਸੱਚ ਨੂੰ ਪਰੋਖੇ ਰਖ ਕੇ ਜਾਤੀ ਦੇ ਸਮੁੱਚੇ ਜੀਵਨ, ਕਲਾ ਅਤੇ ਸਾਹਿਤ ਦੇ ਬੁਨਿਆਦੀ ਚਰਿਤ੍ਰ, ਸਰੂਪ ਅਤੇ ਪ੍ਰਵਿਰਤੀਆਂ ਦੀ ਪਛਾਣ ਸੌਖੀ ਨਹੀਂ ਹੋ ਸਕਦੀ। ਲੋਕਧਾਰਾ ਵਿਸ਼ਵਕੋਸ਼ ਅਤੇ ਇਸੇ ਮੂਲ ਸੱਚ ਦੇ ਸਾਂਸਕ੍ਰਿਤਕ ਪਛਾਣ ਦਾ ਦਰਪਣ ਹੈ, ਜਿਸ ਵਿਚ ਹੇਠ ਲਿਖੇ ਵਿਸ਼ਿਆਂ ਬਾਰੇ ਸਾਮਗ੍ਰੀ ਹੈ :-

(ੳ) ਪੌਰਾਣਿਕ ਵਿਅੱਕਤੀ ਅਤੇ ਅਸਥਾਨ; (ਅ) ਸਥਾਨਕ ਦੇਵੀ ਦੇਵਤੇ; (ੲ) ਕਬੀਲੇ, ਜਾਤ ਗੋਤ, ਸੰਪ੍ਰਦਾਵਾਂ; (ਸ) ਲੋਕ-ਸੰਸਕ੍ਰਿਤੀ ਤੇ ਜੀਵਨ; (ਹ) ਰੀਤਾਂ ਰਸਮਾਂ ਅਤੇ ਸੰਸਕਾਰ; (ਕ) ਲੋਕ-ਭਰਮ ਅਤੇ ਵਿਸ਼ਵਾਸ਼; (ਖ) ਉਤਸਵ, ਮੇਲੇ ਅਤੇ ਪੁਰਬ; (ਗ) ਲੋਕ-ਧਰਮ, ਉਪਾਸ਼ਨਾ ਵਿਧੀਆਂ; (ਘ) ਖੇਡਾਂ ਤੇ ਲੋਕ-ਮਨੋਰੰਜਨ; (ਙ) ਲੋਕ-ਨ੍ਰਿਤ ਅਤੇ ਨਾਟ; (ਚ) ਲੋਕ-ਕਲਾ ਅਤੇ ਧੰਦੇ; (ਛ) ਲੋਕ-ਪ੍ਰਤੀਕ; (ਜ) ਲੋਕ-ਸਾਹਿਤ ਰੂਪ; (ਝ) ਲੋਕ-ਕਥਾ ਰੂਪ; (ਞ) ਲੋਕ-ਕਾਵਿ ਰੂਪ; (ਟ) ਅਖਾਣ ਬੁਝਾਰਤਾਂ; (ਠ) ਜੰਤਰ ਮੰਤਰ, ਸਉਣ ਸ਼ਾਸਤ੍ਰ; (ਡ) ਲੋਕਧਾਰਾ-ਵਿਗਿਆਨ;

"In another country he would not only have been honoured several times and in different way for his unique contribution to unearthing and analysing the rich cultural stream of Punjab embedded in its folklore, he would have been treated as one of the most precious treasures of the country. But he is born here, in this country where we are in the habit of taking verbal pride in the dead old golden days of our culture and civilisation and only those who are dead are worshipped."

The Indian Express
(Chandigarh Ed.)
May 27, 1978

'डा. सोहिन्द्र सिंह बेदी, पंजाबी भाषा के लोकज्ञानी हैं। पिछले पैंतीस वर्षों से आप पंजाबी साहित्य और संस्कृति की अन्वरत् साधना में लगे रहे हैं। डा. बेदी का अत्यन्त प्रामाणिक हस्ताक्षर लोकविज्ञान के क्षेत्र में है। आपने अपनी आयु का अधिकांश समय लोकगीतों, लोक-कहानियों, लोकोक्तियों, लोक-कलाओं आदि के संकलन, सम्पादन एवं संचार में बिताया है। आपका चिरस्मरणीय कार्य लोक-सामग्री की लोक वैज्ञानिक व्याख्या एवं विवेचना से सम्बन्धित है। आपने विशाल एवं विविधरूपा भारतीय संस्कृति के उन मूल स्रोतों का अध्ययन किया है जो हमारे ऐक्य के प्रामाणिक साक्षी हैं।

पिछले एक दशक से लोकधर्मी, लोकवेदी सुपुत्र श्री सोहिन्द्र सिंह बेदी, पंजाबी लोक-महाकोष के व्सवस्थित संग्रहण सम्पादन एवं प्रकाशन का कार्य बिना किसी बाहरी सहायता के अपूर्व आस्था एवं एकाग्रता सहित सम्पन्न करने में संलग्न हैं।'

साहित्य कला परिषद्
मार्च, 1978

"ਮੈਨੂੰ ਇਉਂ ਜਾਪਦਾ ਹੈ ਕਿ ਮੈਂ ਪਿਛਲੇ ਕਈ ਜਨਮਾਂ ਤੋਂ ਲੋਕਾਂ ਵਿਚ ਰਲ ਕੇ ਲੋਕਧਾਰਾ ਦੀਆਂ ਰੂੜ੍ਹੀਆਂ ਨੂੰ ਸਿਰਜਦਾ ਅਤੇ ਵਾਰ-ਵਾਰ ਉਨ੍ਹਾਂ ਦੀ ਪੁਨਰ ਰਚਨਾ ਕਰਦਾ ਰਿਹਾ ਹਾਂ ਅਤੇ ਹੁਣ ਉਨ੍ਹਾਂ ਰੂੜ੍ਹੀਆਂ ਨੂੰ ਇਕਤ੍ਰ ਕਰਕੇ ਸਾਂਭਣ ਦਾ ਕੰਮ ਵੀ ਜਿਵੇਂ ਕੁਦਰਤ ਨੇ ਮੈਨੂੰ ਹੀ ਸੌਂਪਿਆ ਹੋਵੇ। ਮੈਂ ਹੀ ਇਨ੍ਹਾਂ ਰੂੜ੍ਹੀਆਂ ਦਾ ਸਿਰਜਕ ਹਾਂ। ਮੈਂ ਹੀ ਪਿਛਲੀ ਪੀੜ੍ਹੀ ਦੇ ਰੂਪ ਵਿਚ ਵਾਰ-ਵਾਰ ਅਗਲੀ ਪੀੜ੍ਹੀ ਨੂੰ, ਵਿਰਸੇ ਵਜੋਂ ਇਹ ਰੂੜ੍ਹੀਆਂ ਪ੍ਰਦਾਨ ਕਰਦਾ ਰਿਹਾ ਹਾਂ, ਤਾਂ ਜੋ ਇਨ੍ਹਾਂ ਦਾ ਪ੍ਰਵਾਹ ਨਿਰੰਤਰ ਚਲਦਾ ਰਹੇ ਅਤੇ ਹੁਣ ਵਿਗਿਆਨੀ ਯੁੱਗ ਵਿਚ, ਜਦੋਂ ਇਹ ਰੂੜ੍ਹੀਆਂ ਅਤੇ ਤੱਤ ਮੌਖਿਕ ਰੂਪ ਵਿਚ ਬਹੁਤੀ ਲੰਮੀ ਯਾਤਰਾ ਕਰਨ ਦੀ ਸ਼ਕਤੀ ਗੰਵਾ ਬੈਠੇ ਹਨ, ਮੈਂ ਇਨ੍ਹਾਂ ਨੂੰ ਇਕਤ੍ਰ ਕਰਨ ਲਈ ਯਤਨਸ਼ੀਲ ਹਾਂ। ਇਹੋ ਲੋਕਧਾਰਾ, ਲੋਕਾਂ ਤੋਂ ਅਨੇਕਾਂ ਰੂੜ੍ਹੀਆਂ ਦੇ ਰੂਪ ਵਿਚ ਇਕੱਠੀ ਕਰਕੇ, ਮੈਂ ਇਸ ਵਿਸ਼ਵਕੋਸ਼ ਦੇ ਰੂਪ ਵਿਚ ਲੋਕਾਂ ਦੇ ਹਵਾਲੇ ਕਰ ਰਿਹਾ ਹਾਂ: ਤੇਰਾ ਤੁਝ ਕੋ ਸੌਂਪਤੇ ਕਿਆ ਲਾਗੇ ਮੋਰਾ।"

-ਵਣਜਾਰਾ ਬੇਦੀ



ਆਮ ਕਰਕੇ ਕਿਹਾ ਜਾਂਦਾ ਹੈ ਕਿ ਇਹਨਾਂ ਨੇ ਇਕ ਸੰਸਥਾ ਜਿੰਨਾ ਕੰਮ ਕੀਤਾ ਹੈ। ਮੈਂ ਸਮਝਦਾ ਹਾਂ ਕਿ ਇਹ ਆਖਣਾ ਵੀ ਇਹਨਾਂ ਦੇ ਕੰਮ ਦਾ ਪੂਰਾ ਮੁੱਲ ਨਾ ਪਾਉਣ ਵਾਂਗ ਹੈ। ਇਹ ਗੱਲ ਇੰਹਨਾਂ ਅਰਥਾਂ ਵਿਚ ਤਾਂ ਠੀਕ ਹੈ ਕਿ ਜੋ ਖੋਜ-ਕਾਰਜ ਇਹਨਾਂ ਨੇ ਨੇਪਰੇ ਚਾੜ੍ਹਿਆ ਹੈ, ਉਹ ਕਿਸੇ ਇਕੱਲੇ-ਇਕਹਿਰੇ ਵਿਅਕਤੀ ਦੇ ਵਿਤ ਤੋਂ ਬਾਹਰ ਦੀ ਗੱਲ ਹੈ; ਏਨਾਂ ਕੰਮ ਕੋਈ ਸੰਸਥਾ ਹੀ ਨਿਭਾ ਸਕਦੀ ਹੈ, ਜਿਸ ਵਿਚ ਅਨੇਕ ਖੋਜਕਾਰਾਂ ਦਾ ਅਮਲਾ ਸਿਰ ਜੋੜ ਕੇ ਕੰਮ ਕਰ ਰਿਹਾ ਹੋਵੇ। ਪਰ ਇਹ ਗੱਲ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਪੰਜਾਬੀ ਲੋਕਧਾਰਾ ਦੀ ਖੋਜ ਦੇ ਖੇਤਰ ਵਿਚ ਇਸ ਇਕ ਇਕੱਲੇ-ਇਕਹਿਰੇ ਵਿਅਕਤੀ ਨੇ ਤਾਂ ਸੰਸਥਾ ਜਿੰਨਾ ਕੰਮ ਕਰ ਦਿਖਾਇਆ, ਪਰ ਆਪਣੀ ਪ੍ਰਾਪਤੀ ਦੇ ਪੱਖੋਂ ਇਸ ਇਕੱਲੇ-ਇਕਹਿਰੇ ਵਿਅਕਤੀ ਦੇ ਬਰਾਬਰ ਦੇ ਕੱਦ ਵਾਲੀ ਕੋਈ ਸੰਸਥਾ ਨਜ਼ਰ ਨਹੀਂ ਆਉਂਦੀ।

ਡਾ. ਵਣਜਾਰਾ ਬੇਦੀ ਦੀ ਘਾਲਣਾ ਦੇਖਦਿਆਂ, ਪੰਜਾਬੀ ਵਿਚ ਭਾਈ ਕਾਨ੍ਹ ਸਿੰਘ ਨਾਭਾ ਦਾ ਨਾਂ ਜ਼ਰੂਰ ਚੇਤੇ ਆਉਂਦਾ ਹੈ। ਉਹਨਾਂ ਵਲੋਂ ਆਪਣੇ ਸਮੇਂ ਵਿਚ ਤਿਆਰ ਕੀਤਾ ਗਿਆ 'ਮਹਾਨ ਕੋਸ਼' ਸਚਮੁੱਚ ਇਕ ਕਾਰਨਾਮਾ ਸੀ। ਪਰ ਭਾਈ ਸਾਹਿਬ ਦੀ ਪ੍ਰਾਪਤੀ ਵਿਚ ਲੱਗੀ ਘਾਲਣਾ ਨੂੰ ਰੱਤੀ-ਭਰ ਵੀ ਛੁਟਿਆਏ ਬਿਨਾਂ ਇੰਹ ਕਹਿਣਾ ਵਾਜਬ ਹੋਵੇਗਾ ਕਿ ਉਹਨਾਂ ਨੂੰ ਅਤੇ ਡਾ. ਵਣਜਾਰਾ ਬੇਦੀ ਨੂੰ ਪ੍ਰਾਪਤ ਸਹੂਲਤਾਂ ਅਤੇ ਵਸੀਲਿਆਂ ਵਿਚ ਧਰਤੀ-ਅਸਮਾਨ ਦਾ ਫ਼ਰਕ ਹੈ। ਭਾਈ ਸਾਹਿਬ ਨੂੰ ਖੋਜ-ਕਾਰਜ ਵਿਚ ਵੀ ਸਹਾਇਤਾ ਦੀ ਕੋਈ ਘਾਟ ਨਹੀਂ ਸੀ ਅਤੇ ਆਪਣੀ ਰਚਨਾ ਦੇ ਪ੍ਰਕਾਸ਼ਨ ਵਿਚ ਵੀ। 'ਮਹਾਨ ਕੋਸ਼' ਦੀ ਛਪਾਈ ਲਈ ਸਿੱਖ ਰਾਜੇ ਵੀ ਤਤਪਰ ਸਨ ਅਤੇ ਸਿੱਖ-ਭਾਈਚਾਰੇ ਦੇ ਆਗੂ ਵੀ। ਦੂਜੇ ਪਾਸੇ—ਡਾ. ਵਣਜਾਰਾ ਬੇਦੀ ਨੂੰ ਆਪਣਾ ਖੋਜ-ਕਾਰਜ ਵੀ ਇਕੱਲਿਆਂ ਪੂਰਾ ਕਰਨਾ ਪਿਆ ਅਤੇ ਉਹਨੂੰ ਪੁਸਤਕਾਂ ਦਾ ਰੂਪ ਦੇਣ ਲਈ, ਖ਼ਾਸ ਕਰਕੇ 'ਪੰਜਾਬੀ ਲੋਕਧਾਰਾ ਵਿਸ਼ਵਕੋਸ਼' ਦੇ ਸੰਬੰਧ ਵਿਚ, ਜਤਨ ਵੀ ਆਪ ਹੀ ਕਰਨੇ ਪਏ।

-ਗੁਰਬਚਨ ਸਿੰਘ ਭੁੱਲਰ

www.PunjabiLibrary.com